


Sri Satguru Jagjit Singh Ji eLibrary NamdhariElibrary@gmail.com

ਸਾਡਾ ਇਤਿਹਾਸ
(੨)

# ਪ੍ਰਿੰ. ਸਤਿਬੀਰ ਸਿੰਘ ਰਚਿਤ ਧਾਰਮਿਕ ਤੇ ਇਤਿਹਾਸਕ ਰਚਨਾਵਾਂ

| | |
|---|---|
| ਸਾਡਾ ਇਤਿਹਾਸ (ਭਾਗ ੧) | (ਦਸ ਪਾਤਸ਼ਾਹੀਆਂ) |
| ਸਾਡਾ ਇਤਿਹਾਸ (ਭਾਗ ੨) | (ਬਾਬਾ ਬੰਦਾ ਸਿੰਘ ਤੋਂ ਸਿੱਖ ਰਾਜ ਤਕ) |
| ਬਲਿਓ ਚਿਰਾਗ਼ | (ਜੀਵਨੀ ਗੁਰੂ ਨਾਨਕ ਦੇਵ ਜੀ) |
| ਕੁਦਰਤੀ ਨੂਰ | (ਜੀਵਨੀ ਗੁਰੂ ਅੰਗਦ ਦੇਵ ਜੀ) |
| ਪਰਬਤ ਮੇਰਾਣੁ | (ਜੀਵਨੀ ਗੁਰੂ ਅਮਰਦਾਸ ਜੀ) |
| ਪੂਰੀ ਹੋਈ ਕਰਾਮਾਤਿ | (ਜੀਵਨੀ ਗੁਰੂ ਰਾਮਦਾਸ ਜੀ) |
| ਪਰਤਖੁ ਹਰਿ | (ਜੀਵਨੀ ਗੁਰੂ ਅਰਜਨ ਦੇਵ ਜੀ) |
| ਗੁਰ ਭਾਰੀ | (ਜੀਵਨੀ ਗੁਰੂ ਹਰਿਗੋਬਿੰਦ ਜੀ) |
| ਨਿਰਭਉ ਨਿਰਵੈਰੁ | (ਜੀਵਨੀ ਗੁਰੂ ਹਰਿ ਰਾਇ ਜੀ) |
| ਅਸ਼ਟਮ ਬਲਬੀਰਾ | (ਜੀਵਨੀ ਗੁਰੂ ਹਰਿ ਕ੍ਰਿਸ਼ਨ ਜੀ) |
| ਇਤਿ ਜਿਨਿ ਕਰੀ | (ਜੀਵਨੀ ਗੁਰੂ ਤੇਗ਼ ਬਹਾਦਰ ਜੀ) |
| ਪੁਰਖ ਭਗਵੰਤ | (ਜੀਵਨੀ ਗੁਰੂ ਗੋਬਿੰਦ ਸਿੰਘ ਜੀ) |
| ਕਥਾ ਪੁਰਾਤਨ ਇਉਂ ਸੁਣੀ (ਭਾਗ ੧) | (ਪੁਰਾਤਨ ਦੁਰਲੱਭ ਗ੍ਰੰਥਾਂ ਦਾ ਭਾਵ-ਪ੍ਰਕਾਸ਼) |
| ਕਥਾ ਪੁਰਾਤਨ ਇਉਂ ਸੁਣੀ (ਭਾਗ ੨) | (ਪੁਰਾਤਨ ਦੁਰਲੱਭ ਗ੍ਰੰਥਾਂ ਦਾ ਭਾਵ-ਪ੍ਰਕਾਸ਼) |
| ਪੁਰਾਤਨ ਇਤਿਹਾਸਕ ਜੀਵਨੀਆਂ | (ਜਿਨ੍ਹਾਂ ਬਾਰੇ ਅਸੀਂ ਕੁਝ ਨਹੀਂ ਜਾਣਦੇ) |
| ਰਛਿਆ ਰਹਿਤ | (ਰਹਿਤ ਦੀ ਮਹੱਤਤਾ ਸਬੰਧੀ) |
| ਖ਼ਾਲਸੇ ਦੀ ਵਾਸੀ | (ਧਾਰਮਿਕ ਲੇਖ) |
| ਸੌ ਸਵਾਲ | (ਗੁਰਮਤਿ ਸਬੰਧੀ ਸਵਾਲ-ਜਵਾਬ) |
| ਆਦਿ ਸਿੱਖ ਤੇ ਆਦਿ ਸਾਖੀਆਂ | (ਸਿੱਖਾਂ ਪ੍ਰਤੀ ਗੁਰੂ ਸਾਹਿਬ ਦੇ ਬਚਨ) |
| ਅਨਾਦਿ ਅਨਾਹਤਿ | (ਜਪੁ ਤੇ ਉਹਦੇ ਪੱਖ) |
| ਰਬਾਬ ਤੋਂ ਨਗਾਰਾ | (ਇੱਕੜ-ਦੁੱਕੜ) |
| ਮਨਿ ਬਿਸ੍ਰਾਮ | (ਸੁਖਮਨੀ ਸਾਹਿਬ ਬਾਰੇ) |
| ਦਰਵੇਸ਼ੀ ਗਾਖੜੀ | (ਦਰਵੇਸ਼ਾਂ ਦੀਆਂ ਜੀਵਨੀਆਂ) |
| ਬਾਰਹ ਮਾਹਾ ਤਿੰਨੇ | (ਪਾਤਸ਼ਾਹੀ ੧,੫ ਤੇ ੧੦ ਵੱਲੋਂ ਉਚਾਰੇ ਬਾਰਾਮਾਹ) |
| ਪੂਰਨ ਸਚਿ ਭਰੇ | (ਮੰਨੋ ਭਾਵੇਂ ਨਾਂਹ) |
| ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਾਰ-ਵਿਸਥਾਰ | (ਸੈਂਚੀ ੧) (ਪ੍ਰਸਤਾਵਨਾ, ਜਪੁ, ਸੋਦਰ, ਸੋ ਪੁਰਖ ਤੇ ਸੋਹਿਲਾ) |
| ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਾਰ-ਵਿਸਥਾਰ<br>ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਾਰ ਵਿਸਥਾਰ | ਸੈਂਚੀ ਦੂਜੀ (ਤੀਜੀ ਸਿਰੀ ਰਾਗ ਮੁਕੰਮਲ)<br>ਸੈਂਚੀ ਚੌਥੀ (ਮਾਝ ਰਾਗ ਸੰਪੂਰਨ ਮੁਕੰਮਲ) |

# ਸਾਡਾ ਇਤਿਹਾਸ



ਭਾਗ-ਦੂਜਾ

[ਪੰਜਾਬ ਦਾ ਇਤਿਹਾਸ]

**(1708-1799)**

## ਬਾਬਾ ਬੰਦਾ ਸਿੰਘ, ਸ਼ਹੀਦੀਆਂ ਤੇ ਘੱਲੂਘਾਰੇ

ਸਤਿਬੀਰ ਸਿੰਘ

ਨਿਊ ਬੁੱਕ ਕੰਪਨੀ

ਮਾਈ ਹੀਰਾਂ ਗੇਟ, ਜਲੰਧਰ।

Sri Satguru Jagjit Singh Ji eLibrary NamdhariElibrary@gmail.com

SADA ITIHAS (Part-II)
[Panjab Da Itihas (1708-1799)]
*by* Principal Satbir Singh

© reserved with the author

ISBN 81-87476-52-4

ਪਹਿਲੀ ਵਾਰ : 1962; ਦਸਵੀਂ ਵਾਰ : 2010

ਮੁੱਲ : 200 ਰੁਪਏ

ਮਿਲਣ ਦਾ ਪਤਾ : ਨਿਊ ਬੁੱਕ ਕੰਪਨੀ, ਮਾਈ ਹੀਰਾਂ ਗੇਟ, ਜਲੰਧਰ।
ਫ਼ੋਨ : 0181-2280045, 2284325, 3293190
Fax : 0181-2234081
E-mail : newbookco@hotmail.com

ਛਾਪਕ : ਸਰਤਾਜ ਪ੍ਰੈਸ, ਜੋਸ਼ੀ ਅਸਟੇਟ, ਜਲੰਧਰ।

ਟਾਈਪ ਸੈਟਿੰਗ : ਸੁਰਜੀਤ ਕੰਪਿਊਟਰਜ਼, ਬਸਤੀ ਸ਼ੇਖ, ਜਲੰਧਰ।

Sri Satguru Jagjit Singh Ji eLibrary NamdhariElibrary@gmail.com

# ਮੁੱਖ-ਸ਼ਬਦ

"ਸਾਡਾ ਇਤਿਹਾਸ" ਦੀ ਪਹਿਲੀ ਜਿਲਦ ਦੇ ਮੁੱਖ ਸ਼ਬਦ ਵਿਚ ਮੈਂ ਆਸ ਪ੍ਰਗਟ ਕੀਤੀ ਸੀ ਕਿ "ਸਾਡਾ ਇਤਿਹਾਸ" ਦੂਜੀ ਜਿਲਦ ਜਲਦੀ ਹੀ ਛਪ ਕੇ ਪਾਠਕਾਂ ਦੇ ਹੱਥਾਂ ਵਿਚ ਪੁੱਜ ਜਾਏਗੀ ਪਰ ਅਜਿਹਾ ਨਾ ਹੋ ਸਕਿਆ, ਕਿਉਂ ਜੋ ਉਸੇ ਸਾਲ ੧੯੫੮ ਵਿਚ ਪੰਥਕ ਜਦੋ-ਜਹਿਦ ਦਾ ਘੋਲ ਆਰੰਭ ਹੋ ਗਿਆ। ਮੈਨੂੰ ਵੀ ਵਿੱਤ ਅਨੁਸਾਰ ਹਿੱਸਾ ਲੈਣ ਕਰ ਕੇ ਛਪਾਈ ਦਾ ਕੰਮ ਅਧੂਰਾ ਹੀ ਛੱਡਣਾ ਪਿਆ। "ਪੰਜਾਬੀ ਸੂਬੇ ਦੇ ਮੋਰਚੇ" ਤੋਂ ਬਾਅਦ ਜਦ ਕੁਝ ਵਿਹਲ ਮਿਲੀ ਤਾਂ ਉਸ ਕੰਮ ਨੂੰ ਫੇਰ ਆਰੰਭ ਕਰ ਕੇ ਗੁਰੂ ਦੀ ਮਿਹਰ ਨਾਲ ਸਿਰੇ ਚਾੜ੍ਹਨ ਵਿਚ ਸਫਲ ਹੋਇਆ ਹਾਂ। ਦੇਰ ਜ਼ਰੂਰ ਹੋਈ ਹੈ, ਪਰ ਮੈਨੂੰ ਖ਼ੁਸ਼ੀ ਹੈ ਕਿ 'ਸਹਜਿ ਪਕੈ ਸੋ ਮੀਠਾ ਹੋਇ' ਵਾਲੀ ਗੱਲ ਹੋਈ ਹੈ।

"ਸਾਡਾ ਇਤਿਹਾਸ" ਦੀ ਦੂਜੀ ਜਿਲਦ ਵਿਚ ਉਸ ਸਮੇਂ ਦਾ ਵਰਣਨ ਹੈ ਜਿਸ ਨੂੰ ਓਪਰੀ ਨਜ਼ਰ ਵਾਲੇ ਇਤਿਹਾਸਕਾਰ "ਅਤਿ ਬਿਖੜਾ ਸਮਾਂ", "ਅਨ੍ਹੇਰਾ ਯੁੱਗ" ਜਾਂ "ਕਾਲਾ ਕਾਲ" (Dark Age) ਕਹਿੰਦੇ ਹਨ, ਪਰ ਮੇਰੀ ਜਾਚੇ ਇਹ ਯੁੱਗ ਅਤਿ ਬਿਖੜਾ ਤਾਂ ਜ਼ਰੂਰ ਹੈ, ਪਰ ਨਾਲ ਹੀ ਚੜ੍ਹਦੀ ਕਲਾ ਤੇ ਸਿੱਖੀ ਆਚਰਣ ਦਾ ਟੀਸੀ ਨੂੰ ਛੂਹਣ ਦੀ ਰੋਮਾਂਟਿਕ ਦਾਸਤਾਨ ਵੀ ਹੈ। ਜੋ ਕਾਰਨਾਮੇ ਸਿੱਖਾਂ ਨੇ ਇਸ ਯੁੱਗ ਵਿਚ ਕੀਤੇ, ਉਨ੍ਹਾਂ ਦੀ ਯਾਦ ਸਦਕਾ ਹੀ ਅਸੀਂ ਸਿਰ ਉੱਚਾ ਕਰਨ ਯੋਗ ਹੋ ਸਕੇ। ਇਸੇ ਲਈ ਉਹ ਘਟਨਾਵਾਂ ਸਾਡੀ ਨਿੱਤ ਦੀ ਅਰਦਾਸ ਦਾ ਹਿੱਸਾ ਬਣ ਗਈਆਂ। ਇਹ ਸਮਾਂ ਅਰਦਾਸ ਦੇ ਉਨ੍ਹਾਂ ਅੱਖਰਾਂ "ਜਿਨ੍ਹਾਂ ਸਿੰਘਾਂ ਸਿੰਘਣੀਆਂ ਨੇ ਧਰਮ ਹੇਤ ਸੀਸ ਦਿੱਤੇ, ਬੰਦ-ਬੰਦ ਕਟਾਏ, ਖੋਪਰੀਆਂ ਲੁਹਾਈਆਂ, ਚਰਖੜੀਆਂ ਤੇ ਚੜ੍ਹੇ, ਆਰਿਆਂ ਨਾਲ ਚਿਰਾਏ ਗਏ, ਗੁਰਦੁਆਰਿਆਂ ਦੀ ਸੇਵਾ ਲਈ ਕੁਰਬਾਨੀਆਂ ਕੀਤੀਆਂ, ਧਰਮ ਨਹੀਂ ਹਾਰਿਆ, ਸਿੱਖੀ ਕੇਸਾਂ ਸੁਆਸਾਂ ਨਾਲ ਨਿਬਾਹੀ" ਦਾ ਹੀ ਇਕ ਸਜੀਵ ਚਿੱਤਰ ਹੈ। "ਜਹਾਂ-ਜਹਾਂ ਖ਼ਾਲਸਾ ਜੀ ਸਾਹਿਬ ਤਹਾਂ-ਤਹਾਂ ਰਛਿਆ ਰਿਆਇਤ" ਦੀ ਇਕ ਕਹਾਣੀ ਹੈ। "ਦੇਗ ਤੇਗ਼ ਫ਼ਤਹਿ" ਦੀ ਵਾਰਤਾ ਹੈ। "ਸ੍ਰੀ ਅੰਮ੍ਰਿਤਸਰ ਜੀ ਦੇ ਦਰਸ਼ਨ ਇਸ਼ਨਾਨ" ਦਾ ਅਸਲੀ ਰੂਪ ਹੈ। "ਚੌਂਕੀਆਂ, ਝੰਡੇ, ਬੁੰਗੇ, ਜੁਗੋ ਜੁਗ ਅਟੱਲ, ਧਰਮ ਕਾ ਜੈਕਾਰ" ਦਾ ਗੂੰਜਦਾ ਜੈਕਾਰਾ ਹੈ। ਇਸ ਸਮੇਂ ਨੂੰ ਉਲੀਕਦੇ ਜੋ ਅਲੌਕਿਕ ਅਨੰਦ ਮੈਨੂੰ ਆਇਆ ਹੈ, ਮੈਨੂੰ ਆਸ ਹੈ ਕਿ ਪਾਠਕਾਂ ਨੂੰ ਵੀ ਉਹ ਸਵਾਦ ਪ੍ਰਤੀਤ ਹੋਵੇਗਾ।

ਇਸ ਸਮੇਂ ਦੀਆਂ ਘਟਨਾਵਾਂ ਨੂੰ ਲਿਖਣ ਵਿਚ ਕਾਫ਼ੀ ਔਕੜਾਂ ਆਈਆਂ ਹਨ, ਪਰ ਡਾਕਟਰ ਗੰਡਾ ਸਿੰਘ ਤੇ ਡਾਕਟਰ ਐਨ. ਕੇ. ਸਿਨਹਾ ਦੀਆਂ ਲਿਖਤਾਂ ਨੇ ਗੁੰਝਲਾਂ ਨੂੰ ਖੋਲ੍ਹਣ ਵਿਚ ਕਾਫ਼ੀ ਸਹਾਇਤਾ ਦਿੱਤੀ ਹੈ। ਉਨ੍ਹਾਂ ਦਾ ਮੈਂ ਧੰਨਵਾਦੀ ਹਾਂ।

ਇਹ ਪੁਸਤਕ ਮੈਂ ਆਪਣੇ ਪੂਜ ਮਾਤਾ ਰਣਜੀਤ ਕੌਰ ਤੇ ਭਾਈ ਹਰਨਾਮ ਸਿੰਘ ਜੀ ਪੂਜ ਪਿਤਾ ਜੀ ਨੂੰ ਭੇਟ ਕਰ ਰਿਹਾ ਹਾਂ, ਕਿਉਂ ਜੋ ਉਨ੍ਹਾਂ ਦੀ ਦਿੱਤੀ ਜਾਗ ਹੀ ਹੈ ਜੋ ਮੈਨੂੰ ਗੁਰਬਾਣੀ

Sri Satguru Jagjit Singh Ji eLibrary NamdhariElibrary@gmail.com

ਦੇ ਅਧਿਐਨ ਤੇ ਇਤਿਹਾਸ ਦੀ ਭਾਲ ਵੱਲ ਪ੍ਰੇਰਦੀ ਰਹਿੰਦੀ ਹੈ। ਆਪਣੇ ਪਿਆਰੇ ਭਰਾ ਸਰਦਾਰ ਇੰਦਰਪਾਲ ਸਿੰਘ ਤੇ ਸਰਦਾਰ ਦਰਸ਼ਨ ਸਿੰਘ ਦਾ ਧੰਨਵਾਦੀ ਹਾਂ, ਜਿਨ੍ਹਾਂ ਕਦੇ ਵੀ ਕਿਸੇ ਕਿਸਮ ਦੀ ਮੁਸ਼ਕਲ ਮੇਰੇ ਨੇੜੇ ਨਹੀਂ ਆਉਣ ਦਿੱਤੀ। ਉਨ੍ਹਾਂ ਅਜਿਹੇ ਵਸੀਲੇ ਬਣਾਏ ਹਨ, ਜਿਨ੍ਹਾਂ ਕਾਰਨ ਮੈਂ ਪੂਰਾ ਧਿਆਨ ਸਿੱਖ ਇਤਿਹਾਸ ਦੇ ਲਿਖਣ ਵੱਲ ਦੇ ਸਕਿਆ ਹਾਂ ਅਤੇ ਅੱਗੋਂ ਵੀ ਦੇ ਸਕਾਂਗਾ। ਆਪਣੇ ਸੁਹਿਰਦ ਮਿੱਤਰ—ਵੀਰ ਸਰਦਾਰ ਸਰੂਪ ਸਿੰਘ ਦੀ ਉਸ ਪ੍ਰੇਰਨਾ ਦਾ ਵੀ ਰਿਣੀ ਹਾਂ ਜੋ ਮੇਰਾ ਉਤਸ਼ਾਹ ਕਦੇ ਵੀ ਮਰਨ ਨਹੀਂ ਦਿੰਦੀ। ਸਰਦਾਰ ਮੋਹਣ ਸਿੰਘ ਜੀ ਹਦੀਆਬਾਦੀ ਨੇ ਮੇਰੇ ਲਈ ਰਾਮਗੜ੍ਹੀਆ ਕਾਲਜ ਫਗਵਾੜਾ ਵਿਖੇ ਵੱਖ ਥਾਂ ਬਣਾ ਕੇ ਸਿੱਖ ਇਤਿਹਾਸ ਨੂੰ ਪੜ੍ਹਨ ਦਾ ਮੌਕਾ ਦੇ ਕੇ ਰਿਣੀ ਬਣਾਇਆ ਹੈ।


ਲਾਇਲਪੁਰ ਖ਼ਾਲਸਾ ਕਾਲਜ ਦੇ ਪ੍ਰਿੰਸੀਪਲ ਸਰਦਾਰ ਰਾਮ ਸਿੰਘ ਨੇ ਮੇਰੇ ਲਈ ਕਾਲਜ ਵਿਚ ਸੁਖਾਵਾਂ ਵਾਤਾਵਰਨ ਬਣਾ ਕੇ ਮੈਨੂੰ ਉਤਸ਼ਾਹੀ ਰੱਖਿਆ ਹੈ। ਲਾਇਲਪੁਰ ਖ਼ਾਲਸਾ ਕਾਲਜ ਦੇ ਲਾਇਬਰੇਰੀਅਨ ਸ. ਅਨੂਪ ਸਿੰਘ ਬੀ. ਏ., ਸਿੱਖ ਰੈਫ਼ਰੈਂਸ ਲਾਇਬਰੇਰੀ ਦੇ ਸ. ਸ਼ਮਸ਼ੇਰ ਸਿੰਘ ਅਤੇ ਗੁਰੂ ਰਾਮਦਾਸ ਲਾਇਬਰੇਰੀ ਅੰਮ੍ਰਿਤਸਰ ਦੇ ਸ. ਸ਼ਿੰਗਾਰਾ ਸਿੰਘ ਨੇ ਲੋੜੀਂਦੀਆਂ ਪੁਸਤਕਾਂ ਭਾਲ ਕੇ ਮੇਰੇ ਕੰਮ ਨੂੰ ਸੁਖਾਲਾ ਕੀਤਾ ਹੈ, ਇਸ ਲਈ ਉਨ੍ਹਾਂ ਦਾ ਧੰਨਵਾਦੀ ਹਾਂ।

ਸਰਦਾਰ ਕਿਰਪਾਲ ਸਿੰਘ ਆਰਟਿਸਟ ਸਿੱਖ ਅਜਾਇਬ ਘਰ ਨੇ ਪੁਸਤਕ ਦਾ ਟਾਈਟਲ, ਭਾਈ ਮਨੀ ਸਿੰਘ, ਬਾਬਾ ਬੰਦਾ ਸਿੰਘ, ਨਵਾਬ ਕਪੂਰ ਸਿੰਘ, ਘੱਲੂਘਾਰਾ ਵੱਡਾ ਆਦਿ ਦੇ ਚਿੱਤਰ ਬਣਾ ਕੇ ਕਿਤਾਬ ਦੀ ਦਿੱਖ ਨੂੰ ਚਮਕਾਇਆ ਹੈ। ਜਿਸ ਲਗਨ ਤੇ ਮਿਹਨਤ ਨਾਲ ਸਰਦਾਰ ਮਹਿਤਾਬ ਸਿੰਘ ਨੇ ਇਸ ਪੁਸਤਕ ਨੂੰ ਛਪਵਾਇਆ ਹੈ, ਉਸ ਦਾ ਵਰਣਨ ਕਰ ਕੇ ਮੈਨੂੰ ਖ਼ੁਸ਼ੀ ਹੈ। ਛੋਟੇ ਵੀਰ ਸਰਦਾਰ ਬਲਵਿੰਦਰ ਸਿੰਘ ਨੇ ਤਤਕਰਾ ਲਿਖ ਕੇ ਪੁਸਤਕ ਦੇ ਮੁੱਲ ਨੂੰ ਸਵਾਇਆ ਬਣਾਇਆ ਹੈ।

ਅਰੰਭ ਵਿਚ "ਸਾਡਾ ਇਤਿਹਾਸ" ਦੀਆਂ ਤਿੰਨ ਜਿਲਦਾਂ (Volumes) ਬਣਾਉਣ ਦਾ ਵਿਚਾਰ ਸੀ ਪਰ "ਰਣਜੀਤ ਸਿੰਘ ਤੇ ਪੰਜਾਬ ਉੱਤੇ ਅੰਗਰੇਜ਼ਾਂ ਦਾ ਕਬਜ਼ਾ" ਦੀ ਇਕ ਵੱਖਰੀ ਜਿਲਦ ਬਣ ਜਾਣ ਕਰ ਕੇ ਚੌਥੀ ਜਿਲਦ ੧੮੪੯ ਤੋਂ ੧੯੪੭ ਤਕ ਬਣਾਉਣ ਦਾ ਵਿਚਾਰ ਹੈ। ਵਾਹਿਗੁਰੂ ਅੱਗੇ ਅਰਦਾਸ ਹੈ ਕਿ ਉਹ ਆਪਣੀ ਕਿਰਪਾ ਦ੍ਰਿਸ਼ਟੀ ਰੱਖੀ ਰੱਖੇ।

—ਸਤਿਬੀਰ ਸਿੰਘ

**ਲਾਇਲਪੁਰ ਖ਼ਾਲਸਾ ਕਾਲਜ,**
**ਜਲੰਧਰ।**
**ਸਤੰਬਰ ੧੯੬੨.**



Sri Satguru Jagjit Singh Ji eLibrary NamdhariElibrary@gmail.com

## ਤੀਜਾ ਐਡੀਸ਼ਨ ਛਪਣ 'ਤੇ

"ਸਾਡਾ ਇਤਿਹਾਸ" ਦੇ ਦੂਜੇ ਹਿੱਸੇ ਦਾ ਦੂਜਾ ਐਡੀਸ਼ਨ ਭਾਵੇਂ ਛੇਤੀ ਮੁਕ ਗਿਆ ਅਤੇ ਪਾਠਕ ਲਿਖ ਵੀ ਰਹੇ ਸਨ ਕਿ ਉਸੇ ਤਰ੍ਹਾਂ ਹੀ ਛਾਪ ਦਿੱਤਾ ਜਾਏ ਪਰ ਮੈਂ ਚਾਹੁੰਦਾ ਸਾਂ ਕਿ ਪ੍ਰਾਚੀਨ ਪੰਥ ਪ੍ਰਕਾਸ਼ ਅਤੇ ਹੋਰ ਪੁਰਾਤਨ ਹਵਾਲਿਆਂ ਨਾਲ ਜੜਤ ਹੀ ਛਾਪਿਆ ਜਾਏ। ਉਧਰ ਦਸ ਗੁਰੂ ਪਾਤਸ਼ਾਹੀਆਂ ਦੀਆਂ ਜੀਵਨੀਆਂ ਦਾ ਕੰਮ ਹੱਥ ਲੈ ਬੈਠਾ ਸਾਂ ਜੋ ਗੁਰੂ ਮੇਹਰ ਸਦਕਾ ਸੰਪੂਰਨ ਹੋਇਆ ਤੇ ਇਸ ਹਿੱਸੇ ਨੂੰ ਸੋਧਣਾ ਆਰੰਭਿਆ। ਅੱਜ ਇਸ ਹਿੱਸੇ ਨੂੰ ਵਾਧਿਆਂ ਨਾਲ ਛਾਪ ਪੇਸ਼ ਕਰਕੇ ਫਿਰ ਖ਼ੁਸ਼ੀ ਲੈ ਰਿਹਾ ਹਾਂ।

ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਾਰ-ਵਿਸਥਾਰ ਦਾ ਪਹਿਲਾ ਹਿੱਸਾ ਵੀ ਪਾਤਸ਼ਾਹ ਮੇਹਰ ਕੀਤੀ ਤਾਂ ਇਸ ਸਾਲ ਜ਼ਰੂਰ ਛਪ ਕੇ ਆ ਜਾਏਗਾ। ਮੇਹਰਾਂ ਦਾ ਹੱਥ ਸਿਰ 'ਤੇ ਰੱਖੀ ਰੱਖੇ ਵਾਹਿਗੁਰੂ।

ਦਹੀ ਕਿਸ ਦੀ ਬਾਪੜੀ,
ਸਿਖੀ ਜੇ ਸਾਬਤ ਹੋਇ।
ਦੇਹ ਤੋ ਆਵਣ ਜਾਣ ਹੈ,
ਸਿਖ ਲਭੈ ਕਭ ਕੋਇ।

ਮਾਰਚ, ੧੯੮੩.
ਯਮੁਨਾ ਨਗਰ (ਅੰਬਾਲਾ)।

—ਸਤਿਬੀਰ ਸਿੰਘ (ਪ੍ਰਿੰਸੀਪਲ)



# ਪੰਜਵਾਂ ਐਡੀਸ਼ਨ ਛਪਣ ਵੇਲੇ

ਇਹ ਨਿਰੋਲ ਸੱਚ ਹੈ ਕਿ ਕੌਮਾਂ ਦੀ ਜੰਗ ਵੇਲੇ ਕਿਤਾਬਾਂ ਹਥਿਆਰਾਂ ਦਾ ਕੰਮ ਕਰਦੀਆਂ ਹਨ ਅਤੇ ਮੈਨੂੰ ਇਹ ਲਿਖ ਖ਼ੁਸ਼ੀ ਹੁੰਦੀ ਹੈ ਕਿ "ਸਾਡਾ ਇਤਿਹਾਸ" ਦੀ ਦੂਜੀ ਜਿਲਦ, ਜਿਸ ਵਿਚ ਕੌਮ ਦਾ ਉਹ ਸੁਨਹਿਰੀ ਇਤਿਹਾਸ ਲਿਖਿਆ ਹੈ ਜਿਸ ਬਾਰੇ ਪ੍ਰਾਚੀਨ ਪੰਥ ਪ੍ਰਕਾਸ਼ ਨੇ ਲਿਖਿਆ ਸੀ :

ਜਿਮ ਕਟੇ ਤੇ ਫਲੇ ਗੁਲਾਬ,
ਤਿਮ ਪੰਥ ਵਧੇ ਪਾਇ ਅਜ਼ਾਬ।

ਨੂੰ ਪਾਠਕ ਪੜ੍ਹ ਤੇ ਲਿਖਾਰੀ ਹਵਾਲੇ ਦੇ ਕੇ ਕੌਮ ਦੀ ਚੜ੍ਹਦੀ ਕਲਾ ਕਾਇਮ ਕਰਨ ਵਿਚ ਸੂਝ ਰਹੇ ਹਨ।

ਸੋ ਇਹ ਕੁਦਰਤੀ ਸੀ ਕਿ ਜਦ ਸਾਡਾ ਇਤਿਹਾਸ ਦਾ ਤੀਜਾ ਐਡੀਸ਼ਨ ਦੋ ਸਾਲਾਂ ਵਿਚ ਹੀ ਮੁੱਕ ਗਿਆ ਤਾਂ ਮੰਗ ਨੂੰ ਮੁੱਖ ਰੱਖ ਕੇ ਛਾਪਣਾ ਜ਼ਰੂਰੀ ਸੀ ਪਰ ਮੈਂ ਹੋਰ ਵਾਧਿਆਂ ਨਾਲ ਪਾਠਕਾਂ ਹੱਥੀਂ ਦੇਣਾ ਲੋੜਦਾ ਸਾਂ। ਕੁਝ ਦੇਰੀ ਹੋਈ ਹੈ ਪਰ ਇਹ ਤਸੱਲੀ ਹੈ ਕਿ ਜੋ ਰੂਪ ਇਸ ਚੌਥੇ ਐਡੀਸ਼ਨ ਨੇ ਧਾਰਿਆ ਹੈ, ਇਸ ਨੂੰ ਪੜ੍ਹ ਪਾਠਕ ਹੋਰ ਉਤਸ਼ਾਹਿਤ ਹੋਣਗੇ।

ਇਹ ਐਡੀਸ਼ਨ ਵਿਚ ਕਾਜ਼ੀ ਨੂਰ ਮੁਹੰਮਦ ਦੇ ਜੰਗਨਾਮਾ ਦਾ ਮੂਲ ਪਾਠ ਵੀ ਉਨ੍ਹਾਂ ਥਾਵਾਂ ਤੇ ਦੇ ਦਿੱਤਾ ਹੈ ਜਿਨ੍ਹਾਂ ਦਾ ਜਾਣਨਾ ਜ਼ਰੂਰੀ ਸੀ। ਜਿਵੇਂ, ਅਬਦਾਲੀ ਦੀ ਪੁੱਛ ਤੇ ਕਿ ਸਿੱਖ ਮਾਰਿਆਂ ਵੀ ਮਰਦੇ ਕਿਉਂ ਨਹੀਂ ਤਾਂ ਬਾਬਾ ਆਲਾ ਸਿੰਘ ਨੇ ਕਿਹਾ ਸੀ ਕਿ ਗੁਰੂ ਗੋਬਿੰਦ ਸਿੰਘ ਜੀ ਇਨ੍ਹਾਂ ਨੂੰ ਵਰ ਦੇ ਗਏ ਹਨ ਕਿ ਜਿਥੇ ਇਕ ਧਰਮ ਦੇ ਰਾਹ ਸ਼ਹੀਦ ਹੋਵੇਗਾ, ਉਥੇ ਹੀ ਦੋ ਹੋਰ, ਦੂਣੇ ਉਤਸ਼ਾਹ ਤੇ ਜਜ਼ਬੇ ਨਾਲ ਜਨਮ ਲੈ ਥਾਂ ਲੈਣਗੇ।

ਅਗਰ ਯਕ ਸਗੇ ਮੁਰਦ ਪਰ ਜਾਇ ਊ।
ਦੋ ਸਗ ਦੀਗਰ ਆਇਦ ਸ਼ਵਦ ਕੀਨਾ ਜੂ।
ਕਿ ਹਸਤ ਈਂ, ਦੁਆਇ ਗੁਰੂ-ਏ-ਸਗਾਂ।
ਕਿ ਯਕ ਸਗ ਰੂਦ, ਦੋ ਸਗ ਆਇਦ ਅਜ਼ਾਂ।

(ਬਿਆਨ ਪੈਂਤੀਆਂ ਜੰਗਨਾਮਾ)

ਐਸਾ ਹੀ ਇਕ ਹੋਰ ਬਿਆਨ ਜੰਗਨਾਮਾ ਵਿਚ ਆਇਆ ਹੈ ਕਿ ਕੌਮ ਦੇ ਆਗੂਆਂ ਵਿਚ ਆਪਸ ਦੀ ਕੋਈ ਤਲਖ਼ੀ ਨਹੀਂ ਹੈ, ਕੋਈ ਸ਼ਰੀਕਾ ਨਹੀਂ ਹੈ, ਸਭ ਦੁੱਖ ਜਰਦੇ ਤੇ ਨਸ਼ਰ ਨਹੀਂ ਕਰਦੇ।

ਕੋਈ ਨ ਕਰੇ ਕਿਸੀ ਸ਼ਰੀਕਾ।
ਕੋਈ ਨ ਸੁਣਾਵੈ ਦੁਖ ਨਿਜ ਜੀਅ ਕਾ।

Sri Satguru Jagjit Singh Ji eLibrary NamdhariElibrary@gmail.com

ਇਥੋਂ ਤਕ ਕਿ ਦੋਵੇਂ ਸਰਦਾਰ, ਜੱਸਾ ਸਿੰਘ ਰਾਮਗੜ੍ਹੀਆ ਤੇ ਆਹਲੂਵਾਲੀਆ, ਸੁਹਿਰਦ ਮਿੱਤਰ ਹਨ ਤੇ ਇਕੋ ਝੰਡੇ ਤੇ ਨਗਾਰੇ ਹੇਠ ਜੂਝਦੇ ਹਨ।

'ਕਿ ਆ ਹਰ ਦੋ ਜੱਸਾ ਬਹਮ ਗਸ਼ਤਾ ਯਾਰ'

ਕੌਮ ਦੀ ਵੱਡੀ ਵਡਿਆਈ ਜੰਗਨਾਮਾ ਨੇ ਇਹ ਦਸੀ ਹੈ ਕਿ ਸਿੱਖ ਕਦੇ ਬੁਜ਼ਦਿਲ ਤੇ ਭੱਜਦੇ ਨੂੰ ਨਹੀਂ ਮਾਰਦੇ। ਕਿਸੇ ਔਰਤ, ਭਾਵੇਂ ਉਹ ਬੇਗਮ ਹੈ ਜਾਂ ਕਨੀਜ਼, ਦਾ ਗਹਿਣਾ-ਲਤਾ ਨਹੀਂ ਛੂਹੰਦੇ। ਹੋਰ ਵਡੇਰੀ ਸਿਫਤ, ਨਾਂਹ ਤਾਂ ਇਨ੍ਹਾਂ ਵਿਚ ਚੋਰੀ ਦੀ ਭੈੜੀ ਵਾਦੀ ਹੈ ਤੇ ਨਾਂਹ ਹੀ ਕੋਈ ਲੁਟੇਰਾ। ਨਾਂਹ ਹੀ ਵਿਭਚਾਰੀ ਅਤੇ ਨਾਂਹ ਰਾਹ-ਜ਼ਨ ਨਾਲ ਕਦੇ ਦੋਸਤਾਨਾ ਪਾਉਂਦੇ ਹਨ।

ਕਿ ਜ਼ਾਨੀ ਵ ਸਾਰਕ ਨਦਾਰਤ ਦੋਸਤ।

ਭਾਈ ਕੇਸਰ ਸਿੰਘ ਛਿੱਬਰ (ਭਾਈ ਮਤੀ ਦਾਸ ਦੀ ਵੰਸ਼ ਦੇ) ਨੇ ਐਸੇ ਆਚਰਨ ਵਾਲੇ ਸ਼ਹੀਦਾਂ, ਸਿੰਘਾਂ, ਸਰਦਾਰਾਂ ਨੂੰ ਦੇਖ ਹੀ ਲਿਖਿਆ ਸੀ :

ਲਖ ਹਜ਼ਾਰ ਸਿੱਖ ਤੁਰਕਾਂ ਖਪਾਏ।
ਪਰ ਪੰਥ ਡਾਢੇ ਪੁਰਖ ਦਾ ਵਧਦਾ ਜਾਏ।

ਕੌਮ ਨੂੰ ਯਕੀਨ ਹੋਣਾ ਚਾਹੀਦਾ ਹੈ :

ਪੂਰਨ ਪੁਰਖ ਬਚਨ ਕੀਤਾ ਸੀ ਆਪ ਦਸਵੇਂ ਪਾਤਸ਼ਾਹ।
ਪੰਥ ਹੈ ਗੁਰੂ ਕਾ, ਮੈਂ ਆਪ ਰਹਾਂਗਾ ਪੰਥ ਵਿਚ ਸਿਪਾਹ।

ਟਾਈਟਲ ਵੀ ਉਚੇਚਾ ਸਰਦਾਰ ਅਮੋਲਕ ਸਿੰਘ ਜੀ ਕੋਲੋਂ ਬਣਵਾਇਆ ਹੈ ਤਾਂਕਿ ਇਹ ਪ੍ਰਗਟ ਰਹੇ ਕਿ ਛੁਟਦੇ ਤੀਰਾਂ, ਚਲਦੀਆਂ ਤਲਵਾਰਾਂ, ਵਰ੍ਹਦੀਆਂ ਗੋਲੀਆਂ ਤੇ ਗੋਲਿਆਂ ਵਿਚਕਾਰ ਵੀ ਕੌਮ ਦੀ ਸ਼ਕਤੀ ਉਸੇ ਤਰ੍ਹਾਂ ਪਲਾਂਘਾਂ ਪੁਟ ਰਹੀ ਹੈ।

ਤਿੰਨ ਹੋਰ ਪੁਸਤਕਾਂ, 'ਸ੍ਰੀ ਗੁਰੂ ਗਰੰਥ ਸਾਹਿਬ' ਦਾ 'ਸਾਰ ਵਿਸਥਾਰ' (ਸੈਂਚੀ ਦੂਜੀ ਤੇ ਤੀਜੀ) ਸਿਰੀ ਰਾਗ ਸੰਪੂਰਣ, 'ਅਨਾਦਿ ਅਨਾਹਤਿ' ਅਤੇ ਆਦਿ ਸਿੱਖ ਤੇ ਆਦਿ ਸਾਖੀਆਂ, ਵੀ ਛੱਪ ਕੇ ਤਿਆਰ ਹੋ ਗਈਆਂ ਹਨ। ਪਾਠਕਾਂ ਨੇ ਇਨ੍ਹਾਂ ਪੁਸਤਕਾਂ ਦੀ ਬੜੀ ਸ਼ਲਾਘਾ ਕੀਤੀ ਹੈ। ਸਰਦਾਰ ਮਹਿਤਾਬ ਸਿੰਘ ਜੀ ਨੇ ਬੜੀ ਲਗਨ ਨਾਲ ਛਾਪੀਆਂ ਹਨ।

ਅਰਦਾਸ ਇਹ ਹੀ ਹੈ :

ਬਾਪੁ ਹਮਾਰਾ ਸਦ ਚਰੰਜੀਵੀ।
ਭਾਈ ਹਮਾਰੇ ਸਦ ਹੀ ਜੀਵੀ।
ਮੀਤ ਹਮਾਰੇ ਸਦਾ ਅਬਿਨਾਸੀ।
ਕੁਟੰਬੁ ਹਮਾਰਾ ਨਿਜ ਘਰਿ ਵਾਸੀ।

(ਭੈਰਉ ਮਹਲਾ ਪੰਜਵਾਂ)

ਮਾਰਚ ਪਹਿਲੀ, ੧੯੮੭ —ਸਤਿਬੀਰ ਸਿੰਘ (ਪ੍ਰਿੰਸੀਪਲ)

ਯਮੁਨਾ ਨਗਰ (ਅੰਬਾਲਾ)।

## ਵਿਸ਼ਾ-ਸੂਚੀ

੧. ਬਾਬਾ ਬੰਦਾ ਸਿੰਘ ੧੭-੩੦

(੨੭ ਅਕਤੂਬਰ ੧੬੭੦ ਤੋਂ ੯ ਜੂਨ ੧੭੧੬)

ਜਨਮ ਤੇ ਬਚਪਨ ੧੮ ; ਉਪਰਾਮ ਹੋ ਜਾਣਾ ੧੮ ; ਦਰ-ਦਰ ਭਟਕਣਾ ੧੮ ; ਨਾਂਦੇੜ ਨੂੰ ਟਿਕਾਣਾ ਬਣਾਉਣਾ ੧੯ ; ਗੁਰੂ ਗੋਬਿੰਦ ਸਿੰਘ ਜੀ ਦਾ ਦੱਖਣ ਜਾਣਾ ੧੯ ; ਨਾਂਦੇੜ ਵਿਖੇ ਗੁਰੂ ਗੋਬਿੰਦ ਸਿੰਘ ਜੀ ੨੧ ; ਮਾਧੋ ਦਾਸ ਤੋਂ ਬੰਦਾ ਸਿੰਘ ੨੧ ; ਨਵਾਂ ਉਤਸ਼ਾਹ ੨੫ ; ਗੁਰੂ ਗੋਬਿੰਦ ਸਿੰਘ ਜੀ ਤੇ ਮਾਰੂ ਹਮਲਾ ੨੬ ; ਬੰਦਾ ਸਿੰਘ ਨੂੰ ਪੰਜਾਬ ਭੇਜਣਾ ੨੮।

੨. ਬੰਦਾ ਸਿੰਘ ਪੰਜਾਬ ਵਿਚ (ਤਲਵਾਰ ਹੈ ਓਹ ਹੀ, ਮਿਆਨ ਅਉਰ ਹੈ ਚੜ੍ਹਿਆ) ੩੧-੪੫

ਨਿਸ਼ਚੇ ਭਯੋ ਬੰਦੇ ਮਧ ਚੀਤ ੩੧ ; ਖੁੱਲ੍ਹਾ ਹੱਥ ਵਿਸ਼ਾਲ ਮਨ ੩੧ ; ਧਾੜਵੀਆਂ ਤੋਂ ਨਗਰ ਬਚਾਇਆ ੩੨ ; ਕੈਥਲ ਦੇ ਫ਼ੌਜਦਾਰ ਨੂੰ ਸਬਕ ਸਿਖਾਇਆ ੩੩ ; ਘਰ-ਘਰ ਤਿਆਰੀ ੩੩ ; ਪੱਲੂ ਫੇਰਿਆ ; ਹੁਕਮਨਾਮੇ ਭੇਜੇ ੩੪ ; ਸਮਾਣਾ ਉੱਤੇ ਹਮਲਾ ੩੪ ; ਧਾਵੇ ਤੇ ਜਿੱਤਾਂ ੩੫ ; ਕਪੂਰੀ ਦੇ ਹੁਕਮਰਾਨ ਨੂੰ ਦੰਡ ੩੫ ; ਸਾਢੌਰੇ ਦੀ ਮਾਰ ੩੬ ; ਵਜ਼ੀਰ ਖ਼ਾਨ ਦਾ ਖ਼ਤਰਾ ਅਨੁਭਵ ਕਰਨਾ ੩੭ ; ਸਿੰਘਾਂ ਦਾ ਅਤੇ ਬਾਬਾ ਬੰਦਾ ਸਿੰਘ ਦਾ ਮਿਲਣਾ ੩੮ ; ਸਰਹੰਦ ਨੂੰ ਫ਼ਤਹਿ ਕਰਨਾ ੩੯ ; ਚਪੜ ਚੇੜੀ ਦਾ ਜੰਗ ੩੯ ; ਸਰਹੰਦ ਨੂੰ ਉਜਾੜਨਾ ੪੦ ; ਰਾਜ-ਪ੍ਰਬੰਧ ੪੧ ; ਰਾਮ ਰਾਈਆਂ ਨੂੰ ਸੋਧਣਾ ੪੧ ; ਮਲੇਰਕੋਟਲਾ ਉੱਤੇ ਹਮਲਾ ੪੨ ; ਸਰਹੰਦ ਵਿਚ ਕੁਝ ਸਮਾਂ ੪੩ ; ਦੇਉਬੰਦ ਦੇ ਫ਼ੌਜਦਾਰ ਦੀ ਸੋਧ ਲਈ ਜਾਣਾ ੪੪ ; ਪੰਜਾਬ ਮੁੜਨਾ ੪੫।

੩. ਮਾਝੇ ਅਤੇ ਦੁਆਬੇ ਵਿਚ ਹਲਚਲ ੪੬-੫੯

ਹਰ ਪਾਸੇ ਭੈ ਛਾਇਆ ੪੬ ; ਜਹਾਦੀ ਝੰਡਾ ੪੬ ; ਜਹਾਦੀਆਂ ਨਾਲ ਟਾਕਰਾ ੪੭ ; ਦੁਆਬੇ ਵਿਚ ੪੭ ; ਬਹਾਦਰ ਸ਼ਾਹ ਦਾ ਪੰਜਾਬ ਆਉਣਾ

੪੮ ; ਲੋਹਗੜ੍ਹ ਦੀ ਲੜਾਈ ੫੦ ; ਬਾਜ਼ ਉੱਡ ਗਿਆ ੫੧ ; ਪਹਾੜੀਆਂ ਨਾਲ ਝੜਪਾਂ ੫੨ ; ਭਾਈ ਬਾਘੜ ਸਿੰਘ ਦੀ ਦਲੇਰੀ ੫੨ ; ਮੰਡੀ ਦੇ ਰਾਜੇ ਦੀ ਈਨ ੫੨ ; ਚੰਬੇ ਦੇ ਰਾਜੇ ਦੀ ਲੜਕੀ ਨਾਲ ਸ਼ਾਦੀ ੫੩ ; ਸ਼ੱਮਸ ਖ਼ਾਨ ਤੇ ਬਜੀਦ ਖ਼ਾਂ ਦੀ ਮੌਤ ੫੪ ; ਬਹਾਦਰ ਸ਼ਾਹ ਦੇ ਨਵੇਂ ਹੁਕਮ ੫੫ ; ਭਾਈ ਅਢਨ ਸ਼ਾਹ ਦਾ ਜੁਅਰਤ ਭਰਿਆ ਉੱਤਰ ੫੫ ; ਬਹਾਦਰ ਸ਼ਾਹ ਦੀ ਬੀਮਾਰੀ ਤੇ ਮੌਤ ੫੬ ; ਫ਼ਰੱਖ਼ਸੀਅਰ ਦਾ ਜਹਾਨਦਾਰ ਸ਼ਾਹ ਨੂੰ ਹਰਾਉਣਾਂ ੫੬ ; ਬਾਬਾ ਬੰਦਾ ਸਿੰਘ ਦਾ ਸਾਢੌਰੇ ਅਤੇ ਲੋਹਗੜ੍ਹ 'ਤੇ ਕਬਜ਼ਾ ੫੭ ; ਫ਼ਰੱਖ਼ਸੀਅਰ ਦੇ ਹਮਲੇ ਤੇ ਹੁਕਮ ੫੮ ; ਤਖ਼ਤ ਹਥਿਆਣਾ ੫੮ ; ਦਾਤਰੀਆਂ ਨਾਲ ਹੀ ਮਾਰ ਭਜਾਉਣਾ ੫੯।

**੪. ਬਾਬਾ ਬੰਦਾ ਸਿੰਘ ਦੀ ਸ਼ਹਾਦਤ** **੬੦-੭੫**

ਬਾਬਾ ਬੰਦਾ ਸਿੰਘ ਜੰਮੂ ਵਿਚ ੬੦ ; ਫ਼ਰੱਖ਼ਸੀਅਰ ਨੇ ਦੋ-ਅਮਲੀ ਵਰਤੀ ੬੦ ; ਪੰਜਾਬ ਮੁੜਨਾ ਤੇ ਹਮਲੇ ਕਰਨੇ ੬੧ ; ਗੁਰਦਾਸ ਨੰਗਲ ਵੱਲ ੬੧ ; ਪਹਿਲੀ ਟੱਕਰ ੬੧ ; ਗੁਰਦਾਸ ਨੰਗਲ ਦਾ ਘੇਰਾ ੬੨ ; ਘੇਰਾ ਹੋਰ ਸਖ਼ਤ ੬੨ ; ਬਾਬਾ ਬਿਨੋਧ ਸਿੰਘ ਦੇ ਦਲੇਰੀ ਭਰੇ ਹਮਲੇ ੬੨ ; ਬਾਬਾ ਬਿਨੋਧ ਸਿੰਘ ਜੀ ਦਾ ਗੜ੍ਹੀ ਨੂੰ ਛੱਡਣਾ ੬੩ ; ਗੜ੍ਹੀ ਉੱਤੇ ਕਬਜ਼ਾ ੬੪ ; ਲਾਹੌਰ ਵੱਲ ੬੫ ; ਅਨੋਖਾ ਜਲੂਸ ੬੫ ; ਦਿੱਲੀ ਵਿਚ ਸਿੱਖਾਂ ਦੀ ਸੂਰਮਗਤੀ ਦੀਆਂ ਅਦਭੁੱਤ ਸਾਖੀਆਂ ੬੮ ; ਉੱਚੇ ਆਚਰਣ ਤੇ ਦ੍ਰਿੜ੍ਹਤਾ ਦੀ ਇਕ ਹੋਰ ਝਾਕੀ ੭੦ ; ਬਾਬਾ ਬੰਦਾ ਸਿੰਘ : ਸੀਸ ਦਿੱਤਾ—ਧਰਮ ਰੱਖ ਲੀਤਾ ੭੨ ; ਭਾਈ ਬਾਜ਼ ਸਿੰਘ ਦੀ ਚੜ੍ਹਦੀ ਕਲਾ ੭੪।

**੫. ਬਾਬਾ ਬੰਦਾ ਸਿੰਘ ਜੀ ਸਮੇਂ ਸਿੱਖੀ ਲਹਿਰ ਦੀ ਨੋਈਅਤ ਅਤੇ ਪਸਾਰ** **੭੬-੮੬**

ਪਸਾਰ ੮੪ ; ਬੰਦਾ ਸਿੰਘ ਅਸਫਲ ਕਿਉਂ ਹੋਏ ੮੬।

**੬. ਬਾਬਾ ਬੰਦਾ ਸਿੰਘ ਤੇ ਉਨ੍ਹਾਂ ਦੇ ਕਾਰਨਾਮੇ** **੮੭-੯੩**

ਇਕ ਸੁਘੜ ਜਰਨੈਲ ੮੯ ; ਇਕ ਸਿੱਖ ੯੦ ; ਪ੍ਰਬੰਧਕ ਦੇ ਤੌਰ ਤੇ ੯੧।

**੭. ਬਿਖੜਾ ਅਤੇ ਬਿਪਤਾ ਭਰਿਆ ਸਮਾਂ** **੯੪-੧੨੧**

ਬਿਖੜਾ ਸਮਾਂ ਕਿਉਂ ੯੪ ; ਪਹਿਲਾ, ਆਗੂ ਰਹਿਤ ਹੋ ਜਾਣਾ ੯੪ ; ਦੂਸਰੇ, ਧੜੇ ਬਣ ਗਏ ੯੫ ; ਤੀਸਰੇ, ਦਿੱਲੀ ਦੀ ਹਕੂਮਤ ਸਖ਼ਤ ਹੱਥਾਂ ਵਿਚ ੯੫ ; ਚੌਥੇ, ਪੰਜਾਬ ਅਬਦੁੱਸਸਮਦ ਖ਼ਾਨ ਤੇ ਜ਼ਕਰੀਆ

Sri Satguru Jagjit Singh Ji eLibrary NamdhariElibrary@gmail.com

ਖ਼ਾਨ ਦੇ ਹਵਾਲੇ ਕਰਨਾ ੯੬ ; ਪੰਜਵੇਂ, ਸਿੱਖਾਂ ਦੇ ਸਿਰਾਂ ਦੇ ਮੁੱਲ ੯੬ ; ਛੇਵੇਂ, ਸਿਰਕੱਢ ਹਿੰਦੂਆਂ ਦਾ ਖ਼ੁਦਗਰਜ਼ ਹੋ ਕੇ ਵਿਰੋਧੀ ਦਲਾਂ ਨਾਲ ਮਿਲਣਾ ੯੮ ; ਸੱਤਵੇਂ, ਅੰਮ੍ਰਿਤਸਰ ਇਕੱਠ ਕਰਨ ਦੀ ਮਨਾਹੀ ੯੯ ; ਅੱਠਵੇਂ, ਕਈ ਦਾਅਵੇਦਾਰ, ਗੁਰੂ ਤੇ ਜਾਨਸ਼ੀਨ ਬਣ ਬੈਠੇ ੯੯ ; ਨੌਵੇਂ, ਪ੍ਰਚਾਰ ਦਾ ਕੰਮ ਰੁਕ ਗਿਆ ੧੦੦ ; ਬਿਖੜੇ ਸਮੇਂ ਨਾ ਮਿਟਣ ਦੇ ਕਾਰਨ ੧੦੧ ; ਗੁਰੂ-ਵਿਸ਼ਵਾਸ ੧੦੧ ; ਚੜ੍ਹਦੀ ਕਲਾ ੧੦੩ ; ਗੁਰੂ ਗੋਬਿੰਦ ਸਿੰਘ ਜੀ ਦੇ ਸਕੂਲ ਵਿਚ ਪੜ੍ਹੇ ਹੋਏ ਆਗੂ ੧੦੫ ; ਸਿੱਖ-ਸਿੱਖ ਦਾ ਪਿਆਰ ੧੦੬ ; ਘਰ ਘੋੜਿਆਂ ਦੀ ਕਾਠੀ ਉੱਤੇ ੧੦੬ ; ਧਰਤੀ ਦੇ ਜਾਣੂੰ ਪੁੱਤਰ ੧੦੮ ; ਸ਼ਹਿਨਸ਼ਾਹ ਖੁਦੀ ਕੋ ਭਾਖਤ ੧੦੮ ; ਤਿਕੋਣੀ ਜੰਗ ੧੦੮ ; ਜੰਗੀ ਨੁਕਤਾ ਨਿਗਾਹ, ਸਿੱਖ ਦੁਸ਼ਮਣ ਦਾ ਬਹੁਤਾ ਤੇ ਆਪਣਾ ਘੱਟ ਨੁਕਸਾਨ ਕਰਨਾ ਜਾਣਦੇ ਹਨ ੧੧੦ ; ਸਿੱਖ ਸ਼ਹੀਦ ੧੧੧ ; ਮੁਗ਼ਲਾਂ ਦਾ ਰਾਜ ਢਹਿੰਦੀ ਕਲਾ ਵਿਚ ੧੧੨ ; ਸਿੱਖਾਂ ਦੇ ਟਿਕਾਣਿਆਂ ਤੱਕ ਪੁੱਜਣ ਲਈ ਸੜਕ ਜਾਂ ਪੱਧਰੇ ਰਸਤੇ ਨਹੀਂ ਸਨ ੧੧੩ ; ਅਸੂਲਾਂ ਤੇ ਖੜੀ ਜਥੇਬੰਦੀ ਪੰਥ ੧੧੩ ; ਨਾਦਰ ਦਾ ਹਮਲਾ ੧੧੫ ; ਨਿਰਮਲੇ ਸਾਧੂਆਂ ਤੇ ਸੇਵਾ ਪੰਥੀ ਸੰਤਾਂ ਦੇ ਪ੍ਰਚਾਰ ਕਾਰਨ ਸਿੱਖੀ ਪ੍ਰਚਾਰ ਹੁੰਦਾ ਰਿਹਾ ੧੧੫ ; ਸਿੱਖੀ ਆਚਰਣ ਸਿਖਰ ਉੱਤੇ ਸੀ ੧੧੭ ; ਸਿੰਘਣੀਆਂ ਦੇ ਕਰਤੱਵ ੧੧੯ ; ਹਿੰਦੂ ਜਨਤਾ ਅਤੇ ਕਈ ਮੁਸਲਮਾਨਾਂ ਦੀ ਸੰਮਤੀ ੧੨੦।

੮. ਸ਼ਹਾਦਤਾਂ ਦਾ ਦੌਰ ਦੌਰਾ—ਨਾਦਰ ਸ਼ਾਹ ਦੇ ਹਮਲੇ ਤੱਕ (੧੭੧੬ ਤੋਂ ੧੭੩੮ ਤੱਕ) ੧੨੨-੧੫੭

ਫ਼ਰੱਖ਼ਸੀਅਰ ਦਾ ਅਬਦੁੱਸਸਮੰਦ ਖ਼ਾਨ ਨੂੰ ਗਵਰਨਰ ਥਾਪਣਾ ੧੨੨ ; ਸਿੱਖਾਂ ਦੇ ਨਵੇਂ ਟਿਕਾਣੇ ੧੨੩

੯. ਅਤਿਆਚਾਰਾਂ ਦਾ ਫਿਰ ਚੱਕਰ ਤੇ ਸ਼ਹੀਦੀਆਂ ੧੫੮-੧੮੫

ਨਾਦਰ ਦਾ ਵਾਪਸ ਮੁੜਨਾ ਅਤੇ ਸਿੱਖਾਂ ਨੇ ਹੱਥ ਦਿਖਾਣੇ ੧੬੫ ; ਅੰਮ੍ਰਿਤਸਰ ਸਰੋਵਰ ਦਾ ਪੂਰਨਾ ਅਤੇ ਸਿੱਖਾਂ ਦੇ ਸਿਰਾਂ ਦਾ ਮੁੱਲ ੧੬੭ ; ਭਾਈ ਮਹਿਤਾਬ ਸਿੰਘ ਅਤੇ ਸੁੱਖਾ ਸਿੰਘ ਜੀ ਦਾ ਮੱਸੇ ਰੰਘੜ ਦਾ ਸਿਰ ਵੱਢਣਾ ੧੬੮ ; ਭਾਈ ਮਹਿਤਾਬ ਸਿੰਘ ਜੀ ਮੀਰਾਂ ਕੋਟੀਆ ੧੭੨ ; ਭਾਈ ਸੁੱਖਾ ਸਿੰਘ ਜੀ ਮਾੜੀ ਕੰਬੋ ੧੭੩ ; ਅੱਤਿਆਚਾਰਾਂ ਦਾ ਜ਼ੋਰ ਤੇ ਸ਼ਹੀਦੀਆਂ ਦਾ ਲੰਮਾ ਚੱਕਰ ੧੭੫ ; ਬਾਬਾ ਬੋਤਾ ਸਿੰਘ ਦੀ ਸ਼ਹਾਦਤ ੧੭੫ ; ਭਾਈ ਤਾਰੂ ਸਿੰਘ ਜੀ ਦੀ ਸ਼ਹਾਦਤ ੧੭੭ ; ਭਾਈ ਸੁਬੇਗ ਸਿੰਘ ਸ਼ਹਿਬਾਜ਼ ਸਿੰਘ ਦੀ ਸ਼ਹਾਦਤ ੧੮੦ ; ਹੋਰ ਸ਼ਹੀਦੀਆਂ ੧੮੩ ; ਭਾਈ ਹਕੀਕਤ ਰਾਇ ਦੀ ਸ਼ਹਾਦਤ ੧੮੩ ; ਭਾਈ ਭਲੇ ਰਾਮ ਦੀ

Sri Satguru Jagjit Singh Ji eLibrary NamdhariElibrary@gmail.com

ਬੀਰਤਾ ੧੮੪ ; ਜ਼ਲੰਧਰ ਦੁਆਬ ਦੇ ਸਿੰਘਾਂ ਦੀ ਹਾਲਤ ੧੮੫ ; ਮਾਲਵੇ ਵਿਚ ਸਿੱਖਾਂ ਦੀ ਤਾਕਤ ੧੮੫।

**੧੦. ਛੋਟਾ ਘੱਲੂਘਾਰਾ** **੧੮੬-੧੯੬**

ਜ਼ਕਰੀਆ ਖ਼ਾਨ ਦੀ ਮੌਤ ਅਤੇ ਪੰਜਾਬ ਵਿਚ ਨਵਾਬੀ ਦਾ ਝਗੜਾ ੧੮੬ ; ਸਿੱਖਾਂ ਦਾ ਯਾਹੀਆ-ਸ਼ਾਹ ਨਵਾਜ਼ ਦੇ ਝਗੜੇ ਤੋਂ ਲਾਭ ਉਠਾਉਣਾ ੧੮੭ ; ੨੫ ਜਥੇ ਤੇ ਜਥੇਦਾਰ ਨੀਯਤ ਕਰਨੇ ੧੮੭ ; ਜਸਪਤ ਰਾਇ ਦਾ ਕਤਲ ੧੮੮ ; ਲੱਖਪਤ ਰਾਇ ਦੀ ਕਸਮ ੧੮੮ ; ਯਾਹੀਆ ਖ਼ਾਨ ਦੇ ਹੋਰ ਕਰੜੇ ਹੁਕਮ ੧੮੯ ; ਛੋਟਾ ਘੱਲੂਘਾਰਾ ੧੯੦ ; ਯਾਹੀਆ ਖ਼ਾਨ ਦੀ ਹਾਰ ਤੇ ਸ਼ਾਹ ਨਵਾਜ਼ ਖ਼ਾਂ ਦੀ ਜਿੱਤ ੧੯੪ ; ਸਿੱਖਾਂ ਦਾ ਦੀਵਾਲੀ ਨੂੰ ਜੁੜਨਾ ੧੯੫ ; ਰਾਮ ਰੌਣੀ ਬਣਾਉਣੀ ੧੯੬।

**੧੨. ਅਬਦਾਲੀ ਦੇ ਹਮਲੇ (੧੭੪੮ ਤੋਂ ੧੭੬੧ ਤਕ)** **੧੯੭-੨੩੮**

ਨਾਦਰ ਸ਼ਾਹ ਦਾ ਕਤਲ ਤੇ ਅਹਿਮਦ ਸ਼ਾਹ ਦਾ ਰਾਜ ਸੰਭਾਲਣਾ ੧੯੭ ; ਸ਼ਾਹ ਨਵਾਜ਼ ਖ਼ਾਨ ਦਾ ਅਬਦਾਲੀ ਨੂੰ ਹਿੰਦੁਸਤਾਨ ਉੱਤੇ ਹਮਲੇ ਦਾ ਸੱਦਾ ੧੯੭ ; ਸ਼ਾਹ ਨਵਾਜ਼ ਖ਼ਾਨ ਦੀ ਅਹਿਮਦ ਸ਼ਾਹ ਨਾਲ ਸੰਧੀ ੧੯੮ ; ਕਮਰ ਦੀਨ ਦਾ ਦਖ਼ਲ ਦੇਣਾ ਤੇ ਸੰਧੀ ਟੁੱਟਣੀ ੧੯੮ ; ਸ਼ਾਹੀ ਫ਼ੌਜਾਂ ਨਾਲ ਟਾਕਰਾ ਅਤੇ ਅਬਦਾਲੀ ਦਾ ਵਾਪਸ ਮੁੜਨਾ ੧੯੯ ; ਸਿੱਖਾਂ ਦਾ ਵੈਸਾਖੀ ਨੂੰ ਜੁੜਨਾ ੨੦੦ ; ਅਬਦਾਲੀ ਨੂੰ ਭਾਜੜਾਂ ੨੦੦ ; ਦਲ ਖਾਲਸਾ ਬਣਾਉਣਾ ੨੦੦ ; ਮੀਰ ਮੰਨੂੰ ਦਾ ਗਵਰਨਰ ਬਣਨਾ ਤੇ ਲੱਖਪਤ ਰਾਇ ਦੀ ਮੌਤ ੨੦੨ ; ਅਦੀਨਾ ਬੇਗ ਦਾ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੂੰ ਸੱਦਾ ੨੦੩ ; ਰਾਮ ਰੌਣੀ ਨੂੰ ਘੇਰਨਾ ੨੦੪ ; ਸ਼ਾਹ ਨਵਾਜ਼ ਖ਼ਾਨ ਦੀ ਹਾਰ ਤੇ ਮੁਲਤਾਨ ਦੀ ਜਿੱਤ ੨੦੫ ; ਅਬਦਾਲੀ ਦਾ ਦੂਜਾ ਹਮਲਾ ੨੦੬ ; ਹਮਲੇ ਦਾ ਅਸਰ ੨੦੭ ; ਅਬਦਾਲੀ ਦਾ ਤੀਸਰਾ ਹਮਲਾ ੨੦੭ ; ਸਫ਼ਦਰ ਜੰਗ ਦੀ ਮਰਹੱਟਿਆਂ ਨਾਲ ਗੱਲਬਾਤ ੨੦੯ ; ਮੀਰ ਮੰਨੂੰ ਦੇ ਅੱਤਿਆਚਾਰ ੨੧੦ ; ਮੀਰ ਮੰਨੂੰ ਦਾ ਅੰਤ ੨੧੧ ; ਮੀਰ ਮੰਨੂੰ ੨੧੨ ; ਮੀਰ ਮੰਨੂੰ ਉਪਰੰਤ ੨੧੩ ; ਲਾਹੌਰ ਦਰਬਾਰ ਵਿਚ ਪਾਟੋਧਾੜ ੨੧੫ ; ਅਬਦਾਲੀ ਦਾ ਚੌਥਾ ਹਮਲਾ ੨੧੬ ; ਸਿੱਖਾਂ ਦਾ ਇਸ ਪਾਟੋਧਾੜ ਵਿਚ ਲਾਭ ਉਠਾਉਣਾ ੨੧੭ ; ਕਰਤਾਰਪੁਰ ਗੁਰਦੁਆਰਾ ਥੰਮ੍ਹ ਸਾਹਿਬ ਉੱਤੇ ਹਮਲਾ ੨੧੮ ; ਤੈਮੂਰ ਤੇ ਜਹਾਨ ਖ਼ਾਨ ਦੇ ਸਿੱਖਾਂ ਉੱਤੇ ਹਮਲੇ ੨੧੮ ; ਬਾਬਾ ਦੀਪ ਸਿੰਘ ਜੀ ਦੀ ਸ਼ਹਾਦਤ ੨੧੮ ; ਜਲੰਧਰ ਦੀ ਨਵਾਬੀ ਅਦੀਨਾ ਬੇਗ ਨੂੰ ੨੨੧ ; ਅਦੀਨਾ ਬੇਗ ਦੀ ਬਗ਼ਾਵਤ ੨੨੨ ; ਅਦੀਨਾ ਬੇਗ ਦੀ

Sri Satguru Jagjit Singh Ji eLibrary NamdhariElibrary@gmail.com

ਸਿੱਖਾਂ ਨਾਲ ਸੰਧੀ ੨੨੨ ; ਸਰਫ਼ਰਾਜ਼ ਖ਼ਾਨ ਨਾਲ ਜੰਗ ੨੨੨ ; ਸਿੱਖਾਂ ਦਾ ਹੱਥ ਉੱਪਰ ੨੨੩ ; ਅਦੀਨਾ ਬੇਗ ਦੀ ਮਰਹੱਟਿਆਂ ਨਾਲ ਗੱਲਬਾਤ ੨੨੩ ; ਸਰਹੰਦ ਤੇ ਹਮਲਾ ੨੨੪ ; ਅਦੀਨਾ ਬੇਗ ਦਾ ਜਹਾਨ ਖ਼ਾਨ ਨੂੰ ਲਿਖਣਾ ੨੨੫ ; ਲਾਹੌਰ ਤੇ ਕਬਜ਼ਾ ੨੨੫ ; ਲਾਹੌਰ ਦਾ ਗਵਰਨਰ ਅਦੀਨਾ ਬੇਗ ੨੨੫ ; ਅਦੀਨਾ ਬੇਗ ਦਾ ਰਾਜ ਪ੍ਰਬੰਧ ਸੰਭਾਲਣਾ ਅਤੇ ਅੱਤਿਆਚਾਰ ੨੨੫ ; ਅਦੀਨਾ ਬੇਗ ੨੨੬ ; ਅਦੀਨਾ ਬੇਗ ਦੀ ਸ਼ਖ਼ਸੀਅਤ ੨੩੦ ; ਸਿੱਖਾਂ ਦੀ ਤਾਕਤ ਵਧਣੀ ੨੩੧ ; ਅਹਿਮਦ ਸ਼ਾਹ ਅਬਦਾਲੀ ਦਾ ਪੰਜਵਾਂ ਹਮਲਾ ੨੩੧ ; ਪਾਨੀਪਤ ਦੀ ਤੀਜੀ ਲੜਾਈ ੨੩੨ ; ਸਿੱਖਾਂ ਦਾ ਲਾਹੌਰ ਉੱਤੇ ਕਬਜ਼ਾ ੨੩੩ ; ਅਬਦਾਲੀ ਦਾ ਪਾਨੀਪਤ ਦੀ ਜਿੱਤ ਬਾਅਦ ਵਾਪਸ ਮੁੜਨਾ ੨੩੪ ; ਸਿੱਖਾਂ ਦਾ ਅਬਦਾਲੀ ਨੂੰ ਤੰਗ ਕਰਨਾ ੨੩੪ ; ੨੨੦੦ ਲੜਕੀਆਂ ਨੂੰ ਛੁਡਾਉਣਾ ੨੩੫ ; ਅਬਦਾਲੀ ਦਾ ਗੁੱਸਾ ੨੩੫ ; ਸਿੱਖਾਂ ਦਾ ਸਭ ਪਾਸੇ ਦਬ-ਦਬਾ ੨੩੬ ; ਗੁਜਰਾਂਵਾਲੇ ਤੇ ਕਬਜ਼ਾ ੨੩੭ ; ਸੁਲਤਾਨ-ਉਲ-ਕੌਮ ਸਰਦਾਰ ਜੱਸਾ ਸਿੰਘ ਆਹਲੂਵਾਲੀਆ ੨੩੭ ; ਦੀਵਾਲੀ ਤੇ ਗੁਰਮਤਾ ੨੩੮ ; ਆਕਲ ਦਾਸ ਦਾ ਅਬਦਾਲੀ ਨੂੰ ਲਿਖਣਾ ੨੩੮।

੧੩. ਵੱਡਾ ਘੱਲੂਘਾਰਾ (੫ ਫ਼ਰਵਰੀ ੧੭੬੨) ੨੩੯-੨੬੫

ਪੰਜਾਬ ਦੇ ਕਬਜ਼ੇ ਲਈ ਹੁਣ ਦੋ ਤਾਕਤਾਂ ੨੩੯ ; ਸ੍ਰੀ ਅੰਮ੍ਰਿਤਸਰ ਨੂੰ ਪੂਰਨਾ ੨੪੬ ; ਘੱਲੂਘਾਰੇ ਨੇ ਜੀ-ਆਤਮਾ (ਸਪਿਰਿਟ) ਨਾ ਮਰਨ ਦਿੱਤੀ ੨੪੬ ; ਸਰਹੰਦ ਤੇ ਹਮਲਾ ੨੪੭ ; ਦੀਵਾਲੀ ਸ੍ਰੀ ਅੰਮ੍ਰਿਤਸਰ ੨੪੭ ; ਬਾਬਾ ਆਲਾ ਸਿੰਘ ਦਾ ਕਿਰਦਾਰ ੨੪੮ ; ੧੭੬੩ ਦੀ ਵੈਸਾਖੀ ਅਤੇ ਕਸੂਰ ਤੇ ਹਮਲਾ ੨੫੦ ; ਜਲੰਧਰ ਦੇ ਨਵਾਬ ਦਾ ਭੱਜਣਾ ੨੫੨ ; ਜਹਾਨ ਖ਼ਾਨ ਨੂੰ ਹਰਾਉਣਾ ੨੫੨ ; ਦੋਖੀਆਂ ਨੂੰ ਸਜ਼ਾਵਾਂ, ਮਲੇਰਕੋਟਲੇ ਤੇ ਹਮਲਾ ੨੫੨ ; ਸਰਹੰਦ ਤੇ ਹਮਲਾ ੨੫੩ ; ਗੰਗ ਜਮਨ ਦੁਆਬ ੨੫੪ ; ਲਾਹੌਰ ਕਬਜ਼ੇ ਵਿਚ ੨੫੫ ; ਅਬਦਾਲੀ ਦਾ ਸੱਤਵਾਂ ਹਮਲਾ ੨੫੫ ; ਅਬਦਾਲੀ ਦਾ ਸਰਹੰਦ ਵੱਲ ਵਧਣਾ ੨੫੮ ; ਅਬਦਾਲੀ ਦਾ ਵਾਪਸ ਮੁੜਨਾ ੨੫੮ ; ਪੰਜਾਬ ਦੇ ਮਾਲਕ ੨੫੯ ; ਅਬਦਾਲੀ ਦਾ ਅੱਠਵਾਂ ਤੇ ਆਖ਼ਰੀ ਹਮਲਾ ੨੫੯ ; ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੂੰ ਸੱਦਾ-ਪੱਤਰ ੨੬੦ ; ਅੰਮ੍ਰਿਤਸਰ 'ਤੇ ਹਮਲਾ ੨੬੦ ; ਸਰਦਾਰ ਗੁੱਜਰ ਸਿੰਘ ਭੰਗੀ ਦਾ ਉੱਤਰ ੨੬੦ ; ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦਾ ਜ਼ਖ਼ਮੀ ਹੋਣਾ ੨੬੧ ; ਅਬਦਾਲੀ ਦਾ ਮੁੜਨਾ ੨੬੧ ; ਅਬਦਾਲੀ ਸਰਹੰਦ ਵਿਚ ੨੬੧ ; ਅਬਦਾਲੀ

Sri Satguru Jagjit Singh Ji eLibrary NamdhariElibrary@gmail.com

ਦਾ ਕਾਬਲ ਮੁੜਨਾ ੨੬੧ ; ਸਿੱਖਾਂ ਦਾ ਸਾਰੇ ਪੰਜਾਬ ਤੇ ਕਬਜ਼ਾ ੨੬੩।

੧੪. ਸਿੱਖਾਂ ਦੀ ਜਿੱਤ ਦੇ ਕਾਰਨ ੨੬੬-੨੭੮

੧. ਸਿੱਖਾਂ ਦੀ ਲੜਾਈ ਢੰਗ ੨੬੬ ; ੨. ਕਿਲ੍ਹੇ ਕਮਜ਼ੋਰ ਹੋ ਗਏ ੨੬੯ ; ੩. ਅਬਦਾਲੀ ਦਾ ਕਮਜ਼ੋਰ ਨਾਇਕ ੨੭੦ ; ੪. ਸਿੱਖਾਂ ਦੇ ਸਿਆਣੇ ਤੇ ਸੁਘੜ ਆਗੂ ੨੭੧ ; ੫. ਅਬਦਾਲੀ ਦੀ ਖ਼ੁਸ਼ ਫ਼ਹਿਮੀ ੨੭੨ ; ੬. ਦੁਖ-ਦਾਰੂ ੨੭੨ ; ੭. ਕੌਮੀ ਲੜਾਈ ੨੭੩ ; ੮. ਕੌਮੀ ਗੁਣ ੨੭੪ ; ੯. ਜ਼ਿਮੀਂਦਾਰ ਤੇ ਆਮ ਲੋਕੀਂ ਸਿੱਖਾਂ ਦੀ ਮੱਦਦ ਤੇ ੨੭੭ ; ੧੦. ਅਬਦਾਲੀ ਦੇ ਘਰ ਦੇ ਝਗੜੇ ੨੭੮।

੧੫. ਅਹਿਮਦ ਸ਼ਾਹ ਅਬਦਾਲੀ ਦੇ ਕੀਤੇ ਹਮਲਿਆਂ ਦੇ ਪ੍ਰਭਾਵ ੨੭੯-੨੮੨

੧. ਪੰਜਾਬ ਦਾ ਮੁਗ਼ਲ ਸਾਮਰਾਜ ਨਾਲੋਂ ਟੁੱਟ ਜਾਣਾ ੨੭੯ ; ੨. ਮਰਹੱਟਿਆਂ ਦੀ ਤਾਕਤ ਦਾ ਖ਼ਤਮ ਹੋਣਾ ੨੮੦ ; ੩. ਹਰ ਹਮਲੇ, ਸਿੱਖਾਂ ਦਾ ਪ੍ਰਭਾਵ-ਖੇਤਰ ਵਧਾਇਆ ੨੮੦ ; ੪. ਖਾਧਾ ਪੀਤਾ ਲਾਹੇ ਦਾ ੨੮੧ ; ੫. ਸਿੱਖ ਫ਼ੌਜ ਵਿਚ ਵਾਧੇ ੨੮1 ; ੬. ਮਿਸਲਾਂ ਦਾ ਵਿਕਾਸ ੨੮੨ ; ੭. ਫੂਲਕੀਆਂ ਦਾ ਪੰਜਾਬ ਨਾਲੋਂ ਟੁੱਟਣਾ ੨੮੨।

੧੬. ਮਿਸਲਾਂ ਦੀ ਉਤਪਤੀ ਤੇ ਵਿਕਾਸ ੨੮੩-੨੯੮

ਮਿਸਲਾਂ ਦੀ ਉਤਪਤੀ ੨੮੩ ; ਮਿਸਲ ਸ਼ਬਦ ਦਾ ਨਾਮ ਜੱਥਿਆਂ ਨਾਲ ਜੁੜਨਾ ੨੮੮ ; ਮਿਸਲਾਂ ਦਾ ਕੰਮ ੨੮੯ ; ਮਿਸਲਾਂ ਦਾ ਵਿਕਾਸ ੨੯੧ ; ਮਿਸਲ ਜਥੇਬੰਦੀ ਦੇ ਲਾਭ ੨੯੪ ; ਮਿਸਲ ਜਥੇਬੰਦੀ ਦੇ ਹਾਣ ੨੯੫ ; ੧. ਆਪਸ ਵਿਚ ਵਿਰੋਧ ਦੀ ਭਾਵਨਾ ੨੯੬ ; ੨. ਗੁਰਮਤਾ ਦਾ ਅਲੋਪ ਹੋਣਾ ਤੇ ਜਥੇਬੰਦੀ ਦਾ ਖੇਰੂੰ-ਖੇਰੂੰ ਹੋਣਾ ੨੯੬ ; ੩. ਲੋਕ-ਰਾਜ ਦੇ ਅਸੂਲਾਂ ਨੂੰ ਸੱਟ ੨੯੭ ; ੪. ਸਾਂਝਾਂ ਟੁੱਟਣ ਨਾਲ ਮਾਰਾਂ ਖਾਣ ਲੱਗ ਪਏ ੨੯੭ ; ੫. ਸਿੱਖ ਹਿੰਦੁਸਤਾਨ ਵਿਚ ਵੱਡੀ ਸ਼ਕਤੀ ਨਾ ਬਣ ਸਕੇ ੨੯੭।

੧੭. ਮਿਸਲਾਂ ਦਾ ਸੰਖੇਪ ਇਤਿਹਾਸ ੨੯੯-੩੩੬

੧. ਫ਼ੈਜ਼ਲਪੁਰੀਆ ਮਿਸਲ ੩੦੦ ; ੨. ਆਹਲੂਵਾਲੀਆ ਮਿਸਲ ੩੦੧ ; ੩. ਰਾਮਗੜ੍ਹੀਆ ਮਿਸਲ ੩੦੪ ; ੪. ਭੰਗੀ ਮਿਸਲ ੩੦੭ ; ੫. ਕਨ੍ਹਈਆ ਮਿਸਲ ੩੧੫ ; ੬. ਸ਼ੁਕਰਚੱਕੀਆ ਮਿਸਲ ੩੧੭ ; ੭. ਨਕਈ ਮਿਸਲ ੩੨੧ ; ੮. ਡੱਲੇਵਾਲੀਆ ਮਿਸਲ ੩੨੨ ; ੯. ਕਰੋੜਾ ਸਿੰਘ ਮਿਸਲ ੩੨੪, ਸੀਸ ਗੰਜ ੩੨੭ ; ੧੦. ਸ਼ਹੀਦ ਸਿੰਘੀ ਮਿਸਲ ੩੩੦ ; ੧੧. ਨਿਸ਼ਾਨ ਵਾਲੀਆ ਮਿਸਲ ੩੩੧ ; ੧੨. ਫੂਲਕੀਆ ਮਿਸਲ ੩੩੩।

Sri Satguru Jagjit Singh Ji eLibrary NamdhariElibrary@gmail.com

१੮. ਤੈਮੂਰ ਸ਼ਾਹ ਦੇ ਹਮਲੇ — ੩੩੭-੩੪੩

ਕਾਜ਼ੀ ਫ਼ੈਜ਼ੁਲਾ ਦਾ ਅਫ਼ਗਾਨਾਂ ਨੂੰ ਸਿੱਖਾਂ ਵਿਰੁੱਧ ਭੜਕਾਉਣਾ ੩੩੭ ; ਮੁਲਤਾਨ ਤੇ ਹਮਲਾ ੩੩੮ ; ਬਹਾਵਲਪੁਰ ਤੇ ਤੈਮੂਰ ਦਾ ਕਬਜ਼ਾ ੩੩੯ ; ਸਿੰਧ ਦੇ ਅਮੀਰਾਂ ਨੂੰ ਹਰਾਉਣਾ ੩੪੦ ; ਕਸ਼ਮੀਰ ਤੇ ਹਮਲਾ ੩੪੦ ; ਖ਼ੈਬਰ ਪਾਸ ਦੇ ਇਲਾਕਿਆਂ ਤੇ ਕਬਜ਼ਾ ੩੪੧ ; ਤੈਮੂਰ ਦੀ ਮ੍ਰਿਤੂ ੩੪੧ ; ਤੈਮੂਰ ਦੇ ਹਮਲਿਆਂ ਦੀ ਮਹੱਤਤਾ ਤੇ ਪ੍ਰਭਾਵ ੩੪੧।

੧੯. ਜ਼ਮਾਨ ਸ਼ਾਹ ਦੇ ਹਮਲੇ — ੩੪੪-੩੫੨

ਜ਼ਮਾਨ ਸ਼ਾਹ ਦੀਆਂ ਪੰਜਾਬ ਨੂੰ ਕਬਜ਼ੇ ਕਰਨ ਦੀਆਂ ਕੋਸ਼ਿਸ਼ਾਂ ੩੪੪ ; ਹਮਲਾ-ਕਰੂ ਨੀਤੀ ਅਪਨਾਉਣ ਦੇ ਕਾਰਨ ੩੪੪ ; ਜ਼ਮਾਨ ਸ਼ਾਹ ਦਾ ਪਿਸ਼ਾਵਰ ਵਾਪਸ ਮੁੜਨਾ ੩੪੫ ; ਪੰਜਾਬ ਤੇ ਪਹਿਲਾ ਹਮਲਾ ੩੪੫ ; ਸਿੱਖਾਂ ਨਾਲ ਸਿੱਧੀ ਟੱਕਰ ੩੪੬ ; ਜ਼ਮਾਨ ਸ਼ਾਹ ਦੀ ਵਾਪਸੀ ੩੪੬ ; ਦੂਜਾ ਹਮਲਾ ੩੪੬ ; ਜ਼ਮਾਨ ਸ਼ਾਹ ਲਾਹੌਰ ਵਿਚ ੩੪੭ ; ਜ਼ਮਾਨ ਸ਼ਾਹ ਦਾ ਵਾਪਸ ਮੁੜਨਾ ੩੪੮ ; ਜ਼ਮਾਨ ਸ਼ਾਹ ਦੇ ਪਿੱਛੋਂ ੩੪੯ ; ਜ਼ਮਾਨ ਸ਼ਾਹ ਦਾ ਤੀਜਾ ਹਮਲਾ ੩੪੯ ; (ਮਹਾਰਾਜਾ) ਰਣਜੀਤ ਸਿੰਘ ਦੀ ਲਲਕਾਰ ੩੫੦ ; ਕਸੂਰ ਦੇ ਫ਼ੌਜਦਾਰ ਦੀ ਪੇਸ਼ਕਸ਼ ੩੫੧ ; ਜ਼ਮਾਨ ਸ਼ਾਹ ਦਾ ਵਾਪਸ ਮੁੜਨਾ ਤੇ ਮਹਿਮੂਦ ਹੱਥੋਂ ਹਾਰ ੩੫੧।

ਅੰਤਿਕਾ — ੩੯੨


Sri Satguru Jagjit Singh Ji eLibrary NamdhariElibrary@gmail.com

# ਬਾਬਾ ਬੰਦਾ ਸਿੰਘ

(੨੭ ਅਕਤੂਬਰ ੧੬੭੦ ਤੋਂ ੯ ਜੂਨ ੧੭੧੬)

**੧**

*"ਮੈਂ ਹੋਂ ਉਸੀ ਪੁਰਖ ਕੋ ਦਾਸਾ।*
*ਕਰਯੋ ਖਾਲਸੈ ਜਿਸੈ ਪ੍ਰਕਾਸਾ।"*

ਸਿੱਖ ਇਤਿਹਾਸ ਦੇ ਬਹੁਤ ਘੱਟ ਐਸੇ ਵਿਅਕਤੀ ਹਨ, ਜਿਹਨਾਂ ਬਾਰੇ ਪੂਰਨ ਤੌਰ 'ਤੇ ਲੜੀਵਾਰ ਕੁਝ ਮਿਲਦਾ ਹੈ। ਟੋਲ-ਟੋਲ ਕੇ ਵਾਰਤਾ ਬੜੀ ਮੁਸ਼ਕਲ ਨਾਲ ਪੂਰੀ ਕਰਨੀ ਪੈਂਦੀ ਹੈ। ਕਈ ਵਾਰੀ ਤਾਂ ਐਸਾ ਵੀ ਹੋਇਆ ਹੈ ਕਿ ਕਈ ਸਾਲਾਂ ਦਾ ਇਤਿਹਾਸ ਹੀ ਲੋਪ ਹੋਇਆ ਦਿਸਦਾ ਹੈ। ਉਸ ਘਾਪੇ ਨੂੰ ਪੂਰਾ ਕਰਨਾ ਇਕ ਕਠਨ ਜਿਹੀ ਗੱਲ ਬਣ ਜਾਂਦੀ ਹੈ। ਬਾਬਾ ਬੰਦਾ ਸਿੰਘ ਜੀ ਵੀ ਇਕ ਐਸੇ ਵਿਅਕਤੀ ਹਨ, ਜਿਹਨਾਂ ਬਾਰੇ ਇਕ ਥਾਂ 'ਤੇ ਲੜੀਵਾਰ ਕੁਝ ਲੱਭ ਜਾਣਾ ਕਠਨ ਹੈ। ਹਰ ਇਤਿਹਾਸਕਾਰ, ਸਾਖੀਕਾਰ ਤੇ ਲੇਖਕ ਨੇ ਆਪਣੀ ਨਜ਼ਰ ਨਾਲ ਬਾਬਾ ਬੰਦਾ ਸਿੰਘ ਨੂੰ ਦੇਖਿਆ ਤੇ ਫੇਰ ਉਹਨਾਂ ਦੀ ਜ਼ਿੰਦਗੀ ਦਾ ਕੋਈ ਪਹਿਲੂ ਉਲੀਕ ਦਿੱਤਾ। ਕੁਝ ਲੇਖਕਾਂ ਨੇ ਪੁਰਾਣੀਆਂ ਲਿਖਤਾਂ ਦਾ ਸਹਾਰਾ ਲਏ ਬਿਨਾਂ ਹੀ ਬਾਬਾ ਬੰਦਾ ਸਿੰਘ ਜੀ ਦਾ ਜੀਵਨ ਲਿਖਿਆ। ਸਭ ਤੋਂ ਹੈਰਾਨੀ ਵਾਲੀ ਗੱਲ ਇਹ ਹੋਈ ਕਿ ਬਾਬਾ ਜੀ ਦੇ ਜੀਵਨ ਬਾਰੇ ਕਈ ਮਨਘੜਤ ਕਹਾਣੀਆਂ ਤੇ ਦੰਦ-ਕਥਾਵਾਂ ਵੀ ਚਲ ਪਈਆਂ। ਕਿਸੇ ਬਾਬਾ ਬੰਦਾ ਸਿੰਘ ਦਾ ਜੀਵਨ ਸ਼ਰਾਰਤ ਨਾਲ,[1] ਕਿਸੇ ਨਿਰੋਲ ਸ਼ਰਧਾ ਨਾਲ[2] ਤੇ ਕਿਸੇ ਪੁਰਾਣਾ ਮਸਾਲਾ ਨਾ ਮਿਲਣ ਉੱਤੇ ਵੀ ਇਤਿਹਾਸਕ[3] ਨੁਕਤਾ ਨਿਗਾਹ ਤੋਂ ਲਿਖਣ ਦੀ ਕੋਸ਼ਿਸ਼ ਕੀਤੀ। ਕੋਈ ਵਿਰਲਾ[4] ਹੀ ਹੈ ਜਿਸ ਨੇ ਪੁਣ-ਛਾਣ ਤੇ ਤੋਲਵੀਂ ਨਜ਼ਰ ਨਾਲ ਇਸ ਸੂਰਮੇ ਦੇ ਜੀਵਨ ਨੂੰ ਦੇਖਿਆ ਤੇ ਫੇਰ ਲਿਖਿਆ। ਬਾਬਾ ਬੰਦਾ ਸਿੰਘ ਹੀ ਇਕ ਐਸਾ ਵਿਅਕਤੀ ਹੈ ਜਿਸ ਨੂੰ ਉਸ ਦੇ ਧਰਮ-ਭਰਾਵਾਂ ਨੇ ਵੀ ਸਤਿਕਾਰ ਨਾ ਦਿਤਾ। ਪਰ ਇਹ ਗੱਲ ਨਿਰਸੰਦੇਹ ਆਖੀ ਜਾ ਸਕਦੀ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਦਾ ਅੱਠ ਸਾਲ ਦਾ ਸਮਾਂ ਬਾਬਾ ਬੰਦਾ ਸਿੰਘ ਜੀ ਦਾ ਹੀ ਇਤਿਹਾਸ ਹੈ। ਗੁਰੂ ਗੋਬਿੰਦ ਜੀ ਪਿੱਛੋਂ

---

1. ਬੰਦਾ ਬੈਰਾਗੀ (ਭਾਈ ਪਰਮਾਨੰਦ)
2. ਲਾਲਾ ਦੌਲਤ ਰਾਇ
3. ਸਰਦਾਰ ਕਰਮ ਸਿੰਘ ਹਿਸਟੋਰੀਅਨ
4. ਡਾਕਟਰ ਗੰਡਾ ਸਿੰਘ



Sri Satguru Jagjit Singh Ji eLibrary NamdhariElibrary@gmail.com

ਆਗੂ ਰਹਿਤ ਹੋਈ ਕੌਮ ਵਿਚ ਬੰਦਾ ਸਿੰਘ ਜੀ ਨੇ ਢਹਿੰਦੀ ਕਲਾ ਨਾ ਆਉਣ ਦਿਤੀ ਭਾਵੇਂ ਦਸਮੇਸ਼ ਪਿਤਾ ਖ਼ਾਲਸੇ ਨੂੰ ਜ਼ਿੰਮੇਵਾਰੀ ਸੌਂਪ ਗਏ ਸਨ ਪਰ ਪੱਕੇ ਨਿਰਦੇਸ਼ ਨਾ ਹੋਣ ਕਾਰਣ ਦੁਰਦਸ਼ਾ ਹੀ ਹੋ ਜਾਂਦੀ ਜੇ ਬਾਬਾ ਬੰਦਾ ਸਿੰਘ ਅਗਵਾਈ ਨਾ ਸੰਭਾਲਦੇ। ਗੁਰੂ ਜੀ ਦਾ ਪੰਜਾਬ ਤੋਂ ਦੂਰ ਅਚਾਨਕ ਜੋਤੀ-ਜੋਤ ਸਮਾ ਜਾਂਣਾ, ਸਿੱਖਾਂ ਨੂੰ ਉਹਨਾਂ ਦੇ ਕੀਤੇ ਹੁਕਮਾਂ ਦਾ ਪਤਾ ਵੀ ਨਾ ਹੋਵੇ, ਸਿੱਖ ਇਸ ਉਡੀਕ ਵਿਚ ਹੋਣ ਕਿ ਗੱਲਬਾਤ ਮੁਕਾ ਕੇ ਗੁਰੂ ਜੀ ਮੁੜ ਰਹੇ ਹਨ ਤੇ ਸਭ ਤੋਂ ਵੱਧ ਸਿੱਖਾਂ ਨੂੰ ਗਿਆਨ ਤੱਕ ਨਾ ਹੋਵੇ ਕਿ ਬਾਬਾ ਬੰਦਾ ਸਿੰਘ ਉਤੇ ਗੁਰੂ ਜੀ ਬਖ਼ਸ਼ਿਸ਼ ਕਰ ਗਏ ਹਨ, ਇਸ ਤੋਂ ਬਿਨਾਂ ਸਮੇਂ ਦੀ ਸਰਕਾਰ ਕਰੜੀ ਹੋ ਰਹੀ ਹੋਵੇ, ਸਰਹੰਦ ਦਾ ਨਵਾਬ ਵਜ਼ੀਰ ਖ਼ਾਨ ਨਵੇਂ ਮੌਕੇ ਦੀ ਤਲਾਸ਼ ਵਿਚ ਹੋਵੇ ਕਿ ਸਿੱਖਾਂ ਨੂੰ ਮਾਰ ਮੁਕਾਇਆ ਜਾਏ ਅਤੇ ਫਿਰ ਵੀ ਸਿੱਖ ਹੌਸਲਾ ਨਾ ਛੱਡਣ ; ਇਸ ਚੜ੍ਹਦੀ ਕਲਾ ਵਿਚ ਰਹਿਣ ਤੇ ਰੱਖਣ ਵਿਚ ਸਾਰਾ ਨਹੀਂ ਤੇ ਬਹੁਤ ਸਾਰਾ ਹਿੱਸਾ ਬਾਬਾ ਬੰਦਾ ਜੀ ਦਾ ਹੀ ਹੈ।

**ਜਨਮ ਤੇ ਬਚਪਨ** : ਬਾਬਾ ਬੰਦਾ ਸਿੰਘ ਜੀ ਦਾ ਜਨਮ ੨੭ ਅਕਤੂਬਰ, ਸੰਨ ੧੬੭੦ ਨੂੰ ਪੱਛਮੀ ਕਸ਼ਮੀਰ ਦੇ ਜ਼ਿਲ੍ਹਾ ਰਾਜੌਰੀ ਵਿਖੇ ਬਾਬਾ ਰਾਮਦੇਵ ਦੇ ਘਰ ਹੋਇਆ। ਘਰ ਵਾਲਿਆਂ ਨੇ ਲਛਮਣ ਦਾਸ ਨਾਮ ਰੱਖਿਆ। ਰਾਜਪੂਤੀ ਪਿਛਵਾੜਾ ਹੋਣ ਕਾਰਨ ਲਛਮਣ ਦਾਸ ਦੀਆਂ ਰਗਾਂ ਵਿਚ ਖੇਡਣ, ਕੁੱਦਣ ਤੇ ਸ਼ਿਕਾਰ ਤੇ ਚੜ੍ਹੇ ਰਹਿਣ ਦਾ ਚਾਅ ਰਹਿੰਦਾ ਸੀ। ਪੜ੍ਹਾਈ ਵਿਚ ਬਾਲਕ ਦਾ ਚਿੱਤ ਨਾ ਲੱਗਾ। ਠੀਕ ਗੱਲ ਤਾਂ ਇਹ ਹੈ ਕਿ ਕੋਈ ਖ਼ਾਸ ਇੰਤਜ਼ਾਮ ਵੀ ਨਹੀਂ ਸੀ। ਲਛਮਣ ਦਾਸ ਦਾ ਬਹੁਤਾ ਸਮਾਂ ਤੀਰ ਚਲਾਉਣ, ਘੋੜ-ਸਵਾਰੀ ਕਰਨ ਤੇ ਸ਼ਿਕਾਰ ਖੇਡਣ ਵਿਚ ਹੀ ਗੁਜ਼ਰਨ ਲੱਗਾ। ਜਵਾਨੀ ਵਿਚ ਪੈਰ ਰੱਖਦੇ ਸਾਰ ਹੀ ਉਹ ਇਕ ਤਗੜਾ ਸ਼ਿਕਾਰੀ ਬਣ ਗਿਆ।

**ਉਪਰਾਮ ਹੋ ਜਾਣਾ** : ਸ਼ਿਕਾਰ ਖੇਡਦਿਆਂ ਇਕ ਵਾਰੀ ਇਕ ਹਿਰਨੀ ਲਛਮਣ ਦਾਸ ਦੇ ਤੀਰ ਨਾਲ ਐਸੀ ਡਿੱਗੀ ਕਿ ਉਸ ਦੇ ਸਾਹਮਣੇ ਹੀ ਹਿਰਨੀ ਦੇ ਪੇਟ ਵਿਚੋਂ ਦੋ ਬੱਚੇ ਨਿਕਲ ਕੇ ਸਿਸਕ-ਸਿਸਕ ਕੇ ਮਰ ਗਏ। ਇਸ ਦੁਰਘਟਨਾ ਨੇ ਉਸ ਦੀ ਜੀਵਨ ਦ੍ਰਿਸ਼ਟੀ ਵਿਚ ਪਰਿਵਰਤਨ ਲੈ ਆਂਦਾ। ਸ਼ਿਕਾਰ ਵਲੋਂ ਉਹ ਉਪਰਾਮ ਹੋ ਗਿਆ। ਕਸ਼ਮੀਰ ਵੱਲ ਜਾਂਦੇ ਸਾਧੂਆਂ, ਸੰਨਿਆਸੀਆਂ ਲਈ ਰਾਜੌਰੀ ਇਕ ਪੜਾਅ ਸੀ। ਉਥੇ ਹੀ ਉਸ ਦਾ ਮੇਲ-ਜੋਲ ਸੰਨਿਆਸੀਆਂ ਨਾਲ ਵਧਿਆ। ਇਸ ਸਮੇਂ ਇਕ ਬੈਰਾਗੀ ਸਾਧੂ ਜਾਨਕੀ ਪ੍ਰਸ਼ਾਦ ਨੇ ਲਛਮਣ ਦਾਸ ਉਤੇ ਐਸਾ ਪ੍ਰਭਾਵ ਪਾਇਆ ਕਿ ਉਸ ਨੇ ਘਰ ਛੱਡਣ ਦਾ ਮਨ ਬਣਾ ਲਿਆ। ਲਛਮਣ ਦਾਸ ਤੋਂ ਹੁਣ ਉਸ ਦਾ ਨਾਮ ਮਾਧੋ ਦਾਸ ਹੋ ਗਿਆ।

**ਦਰ ਦਰ ਭਟਕਣਾ** : ੧੬੮੬ ਈ. ਤੱਕ ਮਾਧੋ ਦਾਸ ਅਨੰਤ ਦੀ ਭਾਲ ਲਈ ਭਟਕਦਾ ਰਿਹਾ, ਪਰ ਸ਼ਾਂਤੀ ਨਾ ਮਿਲੀ। ਉਸੇ ਸਾਲ ਇਕ ਹੋਰ ਬੈਰਾਗੀ ਰਾਮ ਦਾਸ ਦਾ ਚੇਲਾ ਬਣ ਕੇ ਸਦੀਵੀ ਸੁਖ ਦੀ ਭਾਲ ਵਿਚ ਫਿਰਨਾ ਅਰੰਭ ਕਰ ਦਿਤਾ। ਫਿਰਦੇ ਫਿਰਦੇ ਨਾਸਕ (ਮਹਾਰਾਸ਼ਟਰ) ਲਾਗੇ ਪੰਚਬਟੀ ਦੇ ਅਸਥਾਨ ਨੇ ਐਸੀ ਖਿੱਚ ਪਾਈ ਕਿ ਮਾਧੋ ਦਾਸ ਨੇ ਉਥੇ ਹੀ ਟਿਕਾਣਾ ਬਣਾ ਲਿਆ। ਪੰਚਬਟੀ ਵਿਚ ਇਕ ਹੋਰ ਪ੍ਰਸਿੱਧ ਜੋਗੀ ਔਘੜ ਨਾਥ ਨਾਲ ਇਸ ਦੀ ਭੇਟ ਹੋਈ। ਪ੍ਰਾਚੀਨ ਪੰਥ ਪ੍ਰਕਾਸ਼ ਦੇ ਲਿਖਾਰੀ ਦੇ ਲਿਖਣ ਅਨੁਸਾਰ ਮਾਧੋ ਦਾਸ ਨੇ ਤਨ ਜੋੜ ਕੇ ਸੇਵਾ ਕੀਤੀ। ਔਘੜ ਨਾਥ ਨੇ ਖ਼ੁਸ਼ ਹੋ ਕੇ ਇਕ ਪੁਸਤਕ ਦਿਤੀ

Sri Satguru Jagjit Singh Ji eLibrary NamdhariElibrary@gmail.com

ਜਿਸ ਵਿਚ ਜੰਤਰ-ਮੰਤਰ ਤੇ ਸਿੱਧੀਆਂ ਦੇ ਗੁੱਝੇ ਭੇਦ ਲਿਖੇ ਹੋਏ ਸਨ–

*ਉਸ ਕੀ ਸੇਵਾ ਬਹੁਤ ਇਨ ਕਰੀ।*
*ਵਿਦਯਾ ਦਈ ਇਨੈਂ ਉਸ ਭਲੀ।*
*ਦਈ ਪੰਥ ਔ ਭੇਦ ਦਯੋ ਕੁੱਲ।*
*ਸੋ ਕਰ ਦੀਨੋ ਅਪਨੈ ਤੁਲ। ੧੩।*[1]

ਨਾਲ ਔਘੜ ਨਾਥ ਨੇ ਚੇਤਾਵਨੀ ਵੀ ਦਿਤੀ ਕਿ ਇਸ ਪਾਈ ਵਸਤੂ ਦੀ ਦੁਰਵਰਤੋਂ ਨਾ ਕਰੀਂ। ਕਹਿੰਦੇ ਹਨ ਕਿ ਉਸ ਪੋਥੀ ਵਿਚ ਉਹ ਵਿੱਦਿਆ ਸੀ ਜੋ ਹੋਰ ਕਿਧਰੋਂ ਮਿਲਣੀ ਅਸੰਭਵ ਸੀ। ਮਿਸਾਲ ਵਜੋਂ ਉਸ ਵਿਚ ਰਸਾਇਣ ਬਣਾਉਣ ਦਾ ਵੱਲ ਸੀ, ਜਿਸ ਰਾਹੀਂ ਸੋਨਾ ਬਣਾਇਆ ਜਾ ਸਕਦਾ ਸੀ। ਸ਼ੇਰਾਂ, ਬਘਿਆੜਾਂ ਨੂੰ ਵੱਸ ਕਰਨ ਦੇ ਢੰਗ ਸਨ। ਪੌਣ ਵਗਾਉਣ, ਮੀਂਹ ਵਰਸਾਉਣ, ਗੜੇ ਵਰਸਾਉਣ ਤੇ ਬਿਜਲੀ ਸੁਟਣ ਦੇ ਤਰੀਕੇ ਵੀ ਦੱਸੇ ਸਨ। ਪੋਥੀ ਪਾ ਕੇ ਮਾਧੋ ਦਾਸ ਪਚਾ ਨਾ ਸਕਿਆ ਤੇ ਆਏ ਗਏ ਸਾਧ, ਸੰਤ, ਮਹਾਤਮਾ, ਉਦਾਸੀ, ਸੰਨਿਆਸੀ ਦੀ ਬੇਇਜ਼ਤੀ ਕਰਨ ਲੱਗਾ।

**ਨਾਦੇੜ ਨੂੰ ਟਿਕਾਣਾ ਬਣਾਉਣਾ :** ਰਿਧੀਆਂ ਸਿੱਧੀਆਂ ਨੂੰ ਪ੍ਰਾਪਤ ਕਰਕੇ ਮਾਧੋ ਦਾਸ ਨੇ ਹੁਣ ਆਪਣਾ ਪੱਕਾ ਟਿਕਾਣਾ ਬਣਾਉਣਾ ਚਾਹਿਆ। ਗੋਦਾਵਰੀ ਦੇ ਕੰਢੇ-ਕੰਢੇ ਟੁਰਦੇ ਨਾਦੇੜ ਪਸੰਦ ਆ ਗਿਆ। ਛੇਤੀ ਹੀ ਸਾਰੇ ਇਲਾਕੇ ਵਿਚ ਇਸਦਾ ਦਬਦਬਾ ਫ਼ੈਲ ਗਿਆ। ਬਹੁਤਿਆਂ ਨੂੰ ਵਰ ਸਰਾਪ ਦਾ ਲਾਲਚ ਤੇ ਭੈ ਦੇ ਕੇ ਜ਼ੇਰ ਕੀਤਾ। ਕਈਆਂ ਕੋਲੋਂ ਸਿੱਧੀਆਂ ਦਿਖਾ ਕੇ ਈਨ ਮੰਨਵਾਈ। ਇਸ ਤਰ੍ਹਾਂ ਉਹ ਇਲਾਕੇ ਵਿਚ ਪ੍ਰਸਿੱਧ ਹੋ ਕੇ ਸਮਾਂ ਟਪਾਉਣ ਲੱਗਾ।

**ਗੁਰੂ ਗੋਬਿੰਦ ਸਿੰਘ ਜੀ [2] ਦਾ ਦੱਖਣ ਜਾਣਾ :** ਗੁਰੂ ਗੋਬਿੰਦ ਸਿੰਘ ਜੀ ਅਜੇ ਪੰਜਾਬ ਵਿਚ ਹੀ ਸਨ ਕਿ ਉਹਨਾਂ ਨੂੰ ਖ਼ਬਰ ਮਿਲ ਗਈ ਕਿ ਔਰੰਗਾਬਾਦ ਵਿਖੇ ਔਰੰਗਜ਼ੇਬ ਦਾ ਦਿਹਾਂਤ ਹੋ ਗਿਆ।[3] ਉਹ ਮਿਲਣੀ ਜੋ ਗੁਰੂ ਗੋਬਿੰਦ ਸਿੰਘ ਜੀ ਤੇ ਔਰੰਗਜ਼ੇਬ ਦੇ ਵਿਚਕਾਰ ਹੋਣੀ ਸੀ, ਉਹ ਨਾ ਹੋ ਸਕੀ। ਦਮਦਮਾ ਸਾਹਿਬ ਹੀ ਔਰੰਗਜ਼ੇਬ ਦੀ ਇਕ ਹੋਰ ਚਿੱਠੀ ਮਿਲੀ, ਜਿਸ ਵਿਚ ਉਸ ਨੇ ਪਛਤਾਵਾ ਕੀਤਾ ਸੀ ਤੇ ਸੱਚੇ ਦਿਲੋਂ ਗੁਰੂ ਜੀ ਨੂੰ ਮਿਲਣ ਦਾ ਚਾਅ ਪ੍ਰਗਟ ਕੀਤਾ ਸੀ । ਦਮਦਮਾ ਸਾਹਿਬ ਹੀ ਗੁਰੂ ਜੀ ਨੂੰ ਉਸ ਦੀ ਬਿਮਾਰੀ ਦਾ ਪਤਾ ਲੱਗਾ। ਉਹ ਦੱਖਣ ਵੱਲ ਚੱਲ ਪਏ। ਬੈਰਾੜ ਦੀ ਸੰਗਤ ਵੱਲ ਲਿਖਿਆ ਹੋਇਆ ਹੁਕਮਨਾਮਾ ਇਸੇ ਗੱਲ ਦੀ ਪੁਸ਼ਟੀ ਕਰਦਾ ਹੈ। ਹੁਕਮਨਾਮੇ ਦੇ ਸ਼ਬਦ ਸਨ–

''*ਅਸਾਂ ਦੱਖਣ ਨੂੰ ਕੂਚ ਕੀਤਾ ਹੈ। ਜਿਨ ਸਿਖ ਸਾਡੇ ਨਾਲ ਚਲਣਾ ਹੋਇ ਤਿਨਿ ਹੁਕਮ ਦੇਖਦਿਆਂ ਹਜ਼ੂਰ ਆਵਣਾ।*'' ਇਤਿਹਾਸ ਵਿਚ ਇਹ ਵੀ ਆਉਂਦਾ ਹੈ ਕਿ ਜਦ ਗੁਰੂ ਜੀ ਨੇ ਦੱਖਣ ਵਲ ਜਾਣ ਦੀ ਗੱਲ ਕਹੀ ਤਾਂ ਸਿੰਘਾਂ ਨੇ 'ਭਠ ਪਈ ਦੱਖਣ ਵੱਲ

---

1. ਬਾਬੇ ਬੰਦੇ ਦਾ ਦੂਜਾ ਪ੍ਰਸੰਗ (ਪ੍ਰਾਚੀਨ ਪੰਥ ਪ੍ਰਕਾਸ਼)
2. ਸਵਿਸਥਾਰ ਜੀਵਨੀ ਪੜ੍ਹਨ ਲਈ ਮੇਰੀ ਹੀ ਰਚਿਤ ਪੁਸਤਕ 'ਪੁਰਖ ਭਗਵੰਤ' ਦੇਖੋ।
3. ਪ੍ਰਾਚੀਨ ਪੰਥ ਪ੍ਰਕਾਸ਼ ਦੇ ਹੀ ਕਥਨ ਅਨੁਸਾਰ ਦਮਦਮੇ ਹੀ ਸਨ ਕਿ ਸੋਅ ਮਿਲੀ ਕਿ 'ਪਯੋ ਨਰੰਗੇ ਦੋਜ਼ਕ ਮਾਹਿ'।

Sri Satguru Jagjit Singh Ji eLibrary NamdhariElibrary@gmail.com

ਕੀ ਕਰਨਾ ਹੈ ਜਾ ਕੇ', ਆਖਿਆ ਤਾਂ ਗੁਰੂ ਜੀ ਨੇ ਉਸ ਸਮੇਂ ਫ਼ਰਮਾਇਆ-''ਐਸਾ ਨ ਆਖੋ, ਦੱਖਣ ਵੀ ਮੈਨੂੰ ਪਿਆਰਾ ਹੈ, ਉਥੇ ਕਈ ਕੰਮ ਸੰਵਰਨਗੇ।'' ਅਜੇ ਟੁਰੇ ਹੀ ਸਨ ਕਿ ਦੂਜੀ ਖ਼ਬਰ ਵੀ ਆ ਪੁੱਜੀ ਕਿ ਔਰੰਗਜ਼ੇਬ ਦੀ ਮੌਤ ਹੋ ਗਈ ਹੈ। ੩ ਮਾਰਚ ੧੭੦੭ ਨੂੰ, ਔਰੰਗਜ਼ੇਬ ਦੀ ਮ੍ਰਿਤੂ ਹੋਈ ਸੀ।

ਬਹਾਦਰ ਸ਼ਾਹ ਉਸ ਸਮੇਂ ਜਮਰੌਦ ਵਿਚ ਸੀ। ਉਸ ਨੂੰ ਔਰੰਗਜ਼ੇਬ ਦੀ ਮੌਤ ਦੀ ਖ਼ਬਰ ਪੂਰੇ ਵੀਹ ਦਿਨਾਂ ਬਾਅਦ ਮਿਲੀ। ਉਸ ਨੇ ਭਾਵੇਂ ਕਿਤਨੀ ਛੇਤੀ ਕੀਤੀ, ਪਰ ਫਿਰ ਵੀ ਬੜੀ ਮੁਸ਼ਕਲ ਨਾਲ ਤਿੰਨ ਮਈ, ੧੭੦੭ ਨੂੰ ਰਾਵੀ ਪਾਰ ਕਰ ਸਕਿਆ। ਦੋ ਦਿਨ ਲਾਹੌਰ ਰਹਿ ਕੇ ਪੰਜ ਮਈ ਨੂੰ ਅੱਗੇ ਟੁਰਿਆ। ੧੧ ਮਈ ਨੂੰ ਸਤਲੁਜ ਪਾਰ ਕੀਤਾ। ਗੁਰੂ ਗੋਬਿੰਦ ਸਿੰਘ ਜੀ ਦਾ ਉਸ ਇਲਾਕੇ ਵਿਚ ਹੋਣਾ ਸੁਣ ਕੇ, ਉਸ ਮੁਲਾਕਾਤ ਦੀ ਇੱਛਾ ਪ੍ਰਗਟ ਕੀਤੀ। ਨਦੌਣ ਦੀ ਜੰਗ ਤੋਂ ਬਾਅਦ ਉਹ ਗੁਰੂ ਜੀ ਦੀ ਸ਼ਖ਼ਸੀਅਤ ਤੋਂ ਪ੍ਰਭਾਵਿਤ ਹੋਇਆ ਸੀ। ਉਸ ਦੇ ਮਨ ਵਿਚ ਗੁਰੂ ਜੀ ਦੀ ਸ਼ਖਸੀਅਤ ਤੋਂ ਲਾਭ ਉਠਾਉਣ ਦਾ ਖ਼ਿਆਲ ਵੀ ਆਇਆ। ਗੁਰੂ ਜੀ ਨੇ ਇਮਦਾਦ ਵੀ ਕੀਤੀ। ਅਰਦਾਸ ਵੀ ਕੀਤੀ ਤੇ ਕੁਝ ਚੋਣਵੇਂ ਜਵਾਨ ਵੀ ਦਿਤੇ। ਇਹ ਯਾਦ ਰਵੇ ਕਿ ਜੇਜੂ ਦੀ ਜੰਗ ਵਿਚ ਮੁਹੰਮਦ ਆਜ਼ਮ ਲੱਖੀ ਜੰਗਲ ਦੇ ਇਕ ਸਿਪਾਹੀ 'ਈਸਾਖ਼ਾਨ' ਦੇ ਤੀਰ ਨਾਲ ਹੀ ਮਰਿਆ ਸੀ ਤੇ ਜੰਗ ਵਾਲੇ ਦਿਨ ਹਵਾ ਦਾ ਰੁਖ਼ ਵੀ ਆਜ਼ਮ ਲਈ ਉਲਟਾ ਰਿਹਾ। ਜੋ ਤੀਰ ਆਜ਼ਮ ਦੀ ਫ਼ੌਜ ਦੇ ਸਿਪਾਹੀ ਛੱਡਦੇ, ਉਹ ਰਾਹ ਵਿਚ ਹੀ ਰਹਿ ਜਾਂਦੇ ਅਤੇ ਜੋ ਬਹਾਦਰ ਸ਼ਾਹ ਦੇ ਸਿਪਾਹੀ ਛੱਡਦੇ, ਉਹ ਤਿੱਖੇ ਹੋ ਕੇ ਵਿਰੋਧੀਆਂ ਨੂੰ ਜਾ ਫੁੰਡਦੇ। ਇਸ ਸਭ ਨੂੰ ਬਹਾਦਰ ਸ਼ਾਹ 'ਗੁਰੂ-ਪੀਰ' ਦੀ ਬਰਕਤ ਹੀ ਕਹਿੰਦਾ ਸੀ। ਜਿੱਤ ਪਿੱਛੋਂ ਆਗਰੇ ਵਿਖੇ ਗੁਰੂ ਗੋਬਿੰਦ ਸਿੰਘ ਜੀ ਦੀ ਅਤੇ ਬਹਾਦਰ ਸ਼ਾਹ ਦੀ ਮਿਲਣੀ ਵੀ ਹੋਈ। ਬਹਾਦਰ ਸ਼ਾਹ ਨੇ ਜੋ ਸਤਿਕਾਰ ਗੁਰੂ ਜੀ ਨੂੰ ਦਿਤਾ [1] ਉਸਨੇ ਪੰਜਾਬ ਦੇ ਨਵਾਬਾਂ, ਵਜ਼ੀਰ ਖ਼ਾਨ, ਅਸਲਮ ਖ਼ਾਨ, ਜ਼ਬਰਦਸਤ ਖ਼ਾਨ ਵਿਚ ਚਿੰਤਾ ਦੀ ਲਹਿਰ ਦੁੜਾ ਦਿਤੀ। ਇਕ ਹੋਰ ਕਥਨ ਅਨੁਸਾਰ [2] ਬਹਾਦਰ ਸ਼ਾਹ ਤੇ ਗੁਰੂ ਗੋਬਿੰਦ ਸਿੰਘ ਜੀ ਵਿਚਕਾਰ ਗੱਲ-ਬਾਤ ਸਿਰੇ ਵੀ ਚੜ੍ਹ ਗਈ, ਜਿਸ ਬਿਨਾ 'ਤੇ ਚਾਰ ਨੁਕਾਤੀ ਸਮਝੌਤਾ ਵੀ ਹੋਇਆ। ਸਮਝੌਤੇ ਦੀਆਂ ਸ਼ਰਤਾਂ ਇਹ ਸਨ–

*ਪਹਿਲੀ* : ਬਾਦਸ਼ਾਹ ਹਿੰਦੂ ਮੁਸਲਮਾਨਾਂ ਨੂੰ ਤੁਲ ਜਾਣੇਗਾ।

*ਦੂਜੀ* : ਇਨਸਾਫ਼ ਕਰੇਗਾ।

*ਤੀਜੀ* : ਧਰਮ ਵਿਚ ਦਖ਼ਲ ਨਹੀਂ ਦੇਵੇਗਾ, ਅਤੇ

*ਚੌਥੀ* : ਜੋ ਨਵਾਬ ਪੰਜਾਬ ਵਿਚ ਜ਼ੁਲਮ ਕਰ ਰਹੇ ਹਨ ਤੇ ਕਰ ਚੁੱਕੇ ਹਨ ਉਹਨਾਂ

---

1. ੨ ਅਗਸਤ, ੧੭੦੭ ਨੂੰ ਖ਼ਿਲਅਤ (ਹੀਰਿਆਂ ਜੜੀ ਪੁਸ਼ਾਕ, ਧੁਖਧੁਖੀ, ਪਗੜੀ ਅਤੇ ਸਰਾਇ ਪਰਦਾ) ਸਨਮਾਨ ਵਜੋਂ ਦਿੱਤੀ। ਸਰਦਾਰ ਕਰਮ ਸਿੰਘ ਹਿਸਟੋਰੀਅਨ ਦੇ ਕਥਨ ਅਨੁਸਾਰ ਇਹ ਖ਼ਿਲਅਤ ਗੁਰੂ ਜੀ ਨੇ ਪਹਿਨੀ ਨਹੀਂ ਸੀ, ਸਗੋਂ ਸੇਵਾਦਾਰ ਹੱਥੀਂ ਟਿਕਾਣੇ ਭਿਜਵਾ ਦਿੱਤੀ ਸੀ। ਰਿਵਾਜ ਅਨੁਸਾਰ ਖ਼ਿਲਅਤ ਬਾਦਸ਼ਾਹ ਸਾਹਮਣੇ ਪਹਿਨਣੀ ਪੈਂਦੀ ਸੀ, ਪਰ ਜਦ ਗੁਰੂ ਜੀ ਨੇ ਬਗ਼ੈਰ ਪਹਿਨੇ ਟਿਕਾਣੇ ਪੁਜਾ ਦਿੱਤੀ ਤਾਂ ਕਾਜ਼ੀਆਂ ਨੇ ਰੋਸ ਮਨਾਇਆ। ਪੁੱਛਣ ਉੱਤੇ ਬਹਾਦਰ ਸ਼ਾਹ ਨੇ ਕਿਹਾ ਕਿ ਗੁਰੂ ਗੋਬਿੰਦ ਸਿੰਘ ਮੇਰੀ ਪਰਜਾ ਨਹੀਂ, ਦੀਨੀ ਆਗੂ ਹਨ।
2. ਸਰਦਾਰ ਕਰਮ ਸਿੰਘ ਹਿਸਟੋਰੀਅਨ।

Sri Satguru Jagjit Singh Ji eLibrary NamdhariElibrary@gmail.com

ਨੂੰ ਸਜ਼ਾ ਦੇਵੇਗਾ। ਸਮਝੌਤੇ ਦੀ ਚੌਥੀ ਸ਼ਰਤ ਦਾ ਸਿੱਟਾ ਵਜ਼ੀਰ ਖ਼ਾਨ ਨੂੰ ਆਪਣਾ ਅੰਤ ਦਿਸਦਾ ਸੀ।

ਅਜੇ ਗੱਲ ਪੂਰਨ ਤੌਰ 'ਤੇ ਸਿਰੇ ਨਹੀਂ ਚੜ੍ਹੀ ਸੀ ਕਿ ਬਹਾਦਰ ਸ਼ਾਹ ਨੂੰ ੧੦ ਨਵੰਬਰ, ੧੭੦੭ ਨੂੰ ਜੋਧਪੁਰ ਤੋਂ ਖ਼ਬਰ ਪੁੱਜੀ ਕਿ ਅਜੀਤ ਸਿੰਘ ਨੇ ਮੁਗ਼ਲ ਨੁਮਾਇੰਦੇ ਮੁਕੱਰਮ ਦੀਨ ਨੂੰ ਨਠਾ ਦਿੱਤਾ ਹੈ ਅਤੇ ਰਾਜਪੁਤਾਨੇ ਵਿਚ ਵੱਡੇ ਪੈਮਾਨੇ ਤੇ ਬਗ਼ਾਵਤ ਹੋਣ ਦੀ ਸੰਭਾਵਨਾ ਹੈ। ਸੋ, ਗੱਲਬਾਤ ਵਿਚੇ ਛੱਡ ਕੇ ਬਹਾਦਰ ਸ਼ਾਹ ਰਾਜ ਪੂਤਾਨੇ ਵੱਲ ਚੱਲ ਪਇਆ। ਗੁਰੂ ਜੀ ਨੂੰ ਉਸ ਨੇ ਨਾਲ ਹੀ ਟੁਰਨ ਦੀ ਬੇਨਤੀ ਕੀਤੀ। ਗੁਰੂ ਜੀ ਇਕ ਤਾਂ ਗੱਲਬਾਤ ਮੁਕਾ ਕੇ ਵਾਪਸ ਮੁੜਨਾ ਚਾਹੁੰਦੇ ਸਨ ਅਤੇ ਦੂਜੇ ਰਾਜਪੂਤਾਂ ਨੂੰ ਵੀ ਤਗੜਾ ਕਰਨਾ ਲੋੜਦੇ ਸਨ। ਬਹਾਦਰ ਸ਼ਾਹ ਅਜੇ ਜੋਧਪੁਰ ਪੁੱਜਾ ਹੀ ਸੀ ਕਿ ਹੋਰ ਖ਼ਬਰ ਆਈ ਕਿ ਕਾਮ ਬਖ਼ਸ਼ ਨੇ ਹੈਦਰਾਬਾਦ ਵਿਚ ਬਗ਼ਾਵਤ ਦਾ ਝੰਡਾ ਖੜ੍ਹਾ ਕਰ ਦਿਤਾ ਹੈ। ਬਹਾਦਰ ਸ਼ਾਹ ਬਗ਼ਾਵਤ ਦਬਾਉਣ ਲਈ ਚੱਲ ਪਿਆ। ਪ੍ਰਤੀਤ ਹੁੰਦਾ ਹੈ ਕਿ ਬਹਾਦਰ ਸ਼ਾਹ ਨੂੰ ਛੇਤੀ ਮੁੜਨ ਦੀ ਆਸ ਨਹੀਂ ਸੀ ਜੋ ਉਹ ਗੱਲਬਾਤ ਨਜਿੱਠਣ ਲਈ ਗੁਰੂ ਜੀ ਨੂੰ ਉਥੇ ਪੁੱਜਣ ਦੀ ਬੇਨਤੀ ਕਰ ਗਿਆ। ਗੁਰੂ ਜੀ ਜਿਥੋਂ ਵੀ ਲੰਘੇ ਪ੍ਰਚਾਰ ਕਰਦੇ ਗਏ ਤੇ ਨਿਤਾਣਿਆਂ, ਦੁਖੀਆਂ ਤੇ ਨਿਆਸਰੇ ਲੋਕਾਂ ਨੂੰ ਧੀਰ ਬੰਨ੍ਹਾਂਦੇ ਗਏ। ਬਹਾਦਰ ਸ਼ਾਹ ਹੋਰ ਕੰਮਾਂ ਵਿਚ ਰੁਝ ਗਿਆ ਤੇ ਗੁਰੂ ਜੀ ਨੇ ਉਸ ਦਾ ਟਾਲ-ਮਟੋਲਾ ਜਾਣ ਲਿਆ ਤੇ ਗੱਲ-ਬਾਤ ਤਕਰੀਬਨ ਟੁੱਟ ਗਈ।

**ਨਾਦੇੜ ਵਿਖੇ ਗੁਰੂ ਗੋਬਿੰਦ ਸਿੰਘ ਜੀ :** ਗੁਰੂ ਜੀ ਨੇ ਦਾਦੂ ਦੁਆਰੇ ਬੈਰਾਗੀ ਮਹੰਤ ਜੈਤ ਰਾਮ ਕੋਲੋਂ ਨਾਦੇੜ ਵਿਖੇ ਵੱਸਦੇ ਮਾਧੋ ਦਾਸ ਬਾਰੇ ਸੁਣਿਆ ਸੀ। ਜੈਤ ਰਾਮ ਨੇ ਖ਼ਾਸ ਤਾਕੀਦ ਕੀਤੀ ਕਿ ਉਸ ਪਾਸੇ ਨਾ ਜਾਣਾ [1], ਕਿਉਂਕਿ ਮਾਧੋ ਦਾਸ ਸਿੱਧੀਆਂ ਦੇ ਜ਼ੋਰ ਨਾਲ ਕਈਆਂ ਦਾ ਮਖੌਲ ਉਡਾ ਚੁੱਕਾ ਹੈ। ਜੈਤ ਰਾਮ ਨੇ ਨਿੱਜੀ ਤਜਰਬੇ ਤੋਂ ਦਸਿਆ ਕਿ 'ਪਹਿਲਾਂ ਸਾਨੂੰ ਇਕ ਉਚੇ ਪਲੰਘ 'ਤੇ ਬਿਠਾਇਆ। ਇੰਜ ਲੱਗਦਾ ਸੀ ਕਿ ਆਦਰ ਦੇ ਰਿਹਾ ਹੈ, ਪਰ ਉਹ ਤਾਂ ਮਸ਼ਕਰੀ ਕਰਨਾ ਲੋੜਦਾ ਸੀ। ਜਿਸ ਪਲੰਘ 'ਤੇ ਬੈਠਾਇਆ ਉਹ ਉਲਟਾ ਦਿਤਾ।' ਅਮਰਨਾਮਾ ਦੇ ਕਹਿਣ ਅਨੁਸਾਰ 'ਉਹ ਬੜਾ ਗੁਸੈਲ (ਤੁੰਦ ਖ਼ੂੰ)' ਸੀ। ਭੂਤ ਪ੍ਰੇਤ ਵੱਸ ਕੀਤੇ ਹੋਏ ਸਨ। ਲੱਕੜੀ ਦੀਆਂ ਖੜਾਵਾਂ ਤੇ ਦੁੱਧ ਲਈ ਇਕ ਗੜਵੀ ਪਾਸ ਰੱਖਦਾ ਸੀ। ਆਪਣਾ ਆਸਨ ਸ਼ਾਹੀ ਤਖ਼ਤ ਵਾਂਗ ਸਜਾਇਆ ਹੋਇਆ ਸੀ। ਦਿਲ ਮੁਹੱਬਤੋਂ ਖ਼ਾਲੀ ਤੇ ਦਿਮਾਗ਼ ਹੰਕਾਰ ਨਾਲ ਭਰਿਆ ਹੋਇਆ ਸੀ। (ਸਰਸ਼ ਪੁਰ-ਗ਼ਰੂਰ)। '

ਗੁਰੂ ਜੀ ਨੇ ਇਹ ਸੁਣ ਕਿਹਾ ਕਿ ਤੂੰ ਸਾਨੂੰ ਸਿਰਫ਼ ਥਹੁ-ਪਤਾ-ਰਾਹ ਅਤੇ ਨਗਰ ਦਸ ਦੇਹ, ਜੋ ਸਤਿਗੁਰ ਕਰੇਗਾ ਹੋਏਗਾ ਉਹ ਹੀ।[2] ਪਰ ਇਹ ਮਨ ਉਪਜੀ ਹੈ ਕਿ ਉਸ ਨੂੰ ਰਾਹ ਪਾਇਆ ਜਾਵੇ ਅਤੇ ਗੁਰੂ ਨਾਨਕ ਦੇ ਦੱਸੇ ਪੰਥ ਦਾ ਦਾਸ ਬਣਾ ਕੇ ਸਿੱਖ ਸਜਾਇਆ ਜਾਵੇ।

---

1. ਮਹੰਤ ਕਹੀ : ਉਤ ਵਲ ਨਾ ਜਾਈਓ।
ਉਸ ਤੇ ਟਲ ਕੇ ਦੂਰ ਸਿਧਾਈਓ। (ਪ੍ਰਾਚੀਨ ਪੰਥ ਪ੍ਰਕਾਸ਼)
2. ਸਤਿਗੁਰ ਕਹੀ : ਸਤਿਗੁਰ ਕਰੇ।
ਬਨੈ ਨਹੀਂ ਅਬ ਹਮ ਕੋਂ ਟਰੈ। ੮। (ਪ੍ਰਾਚੀਨ ਪੰਥ ਪ੍ਰਕਾਸ਼)

Sri Satguru Jagjit Singh Ji eLibrary NamdhariElibrary@gmail.com

*"ਅੜੈ ਤੋ ਹਮ ਉਸ ਸਿਧੀ ਗੁਵਾਵੈਂ।*
*ਮਿਲੈ ਤਾਂ ਉਸ ਕੌ ਰਾਹਿ ਪਾਇ ਜਾਵੈਂ।*
*ਸਤ ਨਾਨਕ ਉਸ ਕਰਹੈਂ ਦਾਸ।*
*ਕਰੈਂ ਸਿਖ ਉਸ ਆਪਨੋ ਖਾਸ। ੧੦।"*

ਗੁਰੂ ਜੀ ਨੇ ਉਸ ਨੂੰ ਅੰਮ੍ਰਿਤ ਛਕਾ ਕੇ ਬੰਦਾ ਸਿੰਘ ਦਾ ਨਾਮ ਬਖ਼ਸ਼ਿਆ। ਹੁਣ ਕੋਈ ਦੋ ਰਾਵਾਂ ਨਹੀਂ ਰਹੀਆਂ ਕਿ ਬੰਦਾ ਸਿੰਘ ਨੇ ਅੰਮ੍ਰਿਤ ਨਹੀਂ ਛਕਿਆ। ਸਭ ਸਮਕਾਲੀ ਤੇ ਪਿੱਛੋਂ ਦੀਆਂ ਗਵਾਹੀਆਂ ਸਪੱਸ਼ਟ ਕਹਿੰਦੀਆਂ ਹਨ ਕਿ ਮਾਧੋ ਦਾਸ ਅੰਮ੍ਰਿਤ ਛਕ ਕੇ ਸਿੰਘ ਸਜਿਆ ਅਤੇ ਨਾਮ ਬੰਦਾ ਸਿੰਘ ਹੋਇਆ।

ਬੰਸਾਵਲੀ ਨਾਮਾ ਨੇ ਲਿਖਿਆ ਹੈ ਜਦ ਉਸ ਦੀ ਕੋਈ ਰਿਧੀ ਸਿੱਧੀ ਮੰਤਰ ਸਹਾਈ ਨਾ ਹੋਇਆ ਤਾਂ ਨੇੜੇ ਆਇਆ :

*ਪਕੜਾ ਹਾਥ ਤਿਸਦਾ ਸਾਹਿਬ,*
*ਆਪਨੇ ਪਾਸ ਬਠਾਇਆ।*
*ਸੋ ਪਾਸ ਨ ਬੈਠਾ,*
*ਤਿਸ ਆਸਨ ਤਲੇ ਲਾਇਆ। ੬੨੨।*
*ਸਾਹਿਬ ਪਾਸੋਂ ਆਦਮੀ ਕਰ ਦਿੱਤੇ ਦੂਰ।*
*ਦੂਹਾਂ ਗੱਲਾਂ ਕੀਤੀਆਂ ਆਪਸ ਵਿਚ ਬੈਠ ਕੇ ਮਸਕੂਰ।*
*ਆਖਰ ਸਾਧੂ ਉਠ ਕੇ ਚਰਨੀਂ ਢਹਿਆ।*
*ਪਾਹੁਲ ਗੁਰੂ ਕੀ ਛੱਕ ਕੇ ਬਣਿਆ ਸਿੰਘ ਹਠੀਆ।*

ਪ੍ਰਾਚੀਨ ਪੰਥ ਪ੍ਰਕਾਸ਼ ਨੇ ਤਾਂ ਇਥੋਂ ਤਕ ਲਿਖਿਆ ਹੈ ਕਿ ਜਦ ਮਾਧੋ ਦਾਸ ਨੇ ਖਿਮਾ ਮੰਗ ਕੇ ਸਿੱਖ ਬਣਨ ਦੀ ਇੱਛਾ ਪ੍ਰਗਟਾਈ ਤਾਂ ਗੁਰੂ ਗੋਬਿੰਦ ਸਿੰਘ ਜੀ ਨੇ ਕਿਹਾ : ਸਿੱਖ ਬਣਨਾ ਔਖਾ ਹੈ, ਕਿਉਂਕਿ ਸਿੱਖ ਬਣ ਕੇ ਮਨ, ਤਨ ਬਗ਼ੈਰ ਤੌਖ਼ਲੇ ਦੇ ਅਰਪਣ ਕਰਨਾ ਪੈਂਦਾ ਹੈ :

*ਮਨ ਤਨ ਧਨ ਰਖ ਹੋਇ ਨਾ ਤੋਖਾ।*

ਦਸਵੇਂ ਨਾਨਕ ਪਾਤਸ਼ਾਹ [1] ਨੇ ਮਾਧੋ ਦਾਸ ਵਿਚ ਇਕ ਅਥਾਹ ਸ਼ਕਤੀ ਦਾ ਹੜ੍ਹ ਵਗਦਾ ਦੇਖਿਆ। ਉਸ ਹੜ੍ਹ ਨੂੰ ਲੋਕ-ਭਲਾਈ ਲਈ ਵਰਤਣ ਵਾਸਤੇ ਬੈਰਾਗੀ ਕੋਲ ਜਾਣਾ ਜ਼ਰੂਰੀ ਸਮਝਿਆ।

**ਮਾਧੋ ਦਾਸ ਤੋਂ ਬੰਦਾ ਸਿੰਘ :** ਮਾਧੋ ਦਾਸ ਦੇ ਡੇਰੇ ਗੁਰੂ ਗੋਬਿੰਦ ਸਿੰਘ ਜੀ ਸੰਗਤਾਂ ਅਤੇ ਆਪਣੇ ਲਾਉ-ਲਸ਼ਕਰ ਸਮੇਤ ਪੁੱਜ ਗਏ। ਉਸ ਦਿਨ ਸੂਰਜ ਗ੍ਰਹਿਣ ਸੀ। ਅੱਸੂ ਦੀ ਤਿੰਨ ਤੇ ਸਤੰਬਰ ਦੀ ਵੀ ਤਿੰਨ (ਸੰਨ ੧੭੦੮) ਹੀ ਸੀ। ਸ਼ਿਕਾਰ ਕੀਤਾ ਹਿਰਨ ਵੀ ਰਿਝਣ ਰੱਖ ਦਿੱਤਾ। ਉਸ ਦੇ ਡੇਰੇ ਪੁੱਜ ਕੇ ਗੁਰੂ ਜੀ ਨੇ ਲਾ-ਪ੍ਰਵਾਹੀ ਦੱਸੀ, ਜਿਵੇਂ

1. ਗੁਰੂ ਨਾਨਕ ਜੀ ਵੀ ਆਪ ਟੁਰ ਕੇ ਨੂਰ ਉੱਨ-ਨਿਸਾ ਜਾਦੂਗਰਨੀ, ਕੌਡੇ ਰਾਖਸ਼, ਸੱਜਣ ਠੱਗ ਆਦਿ ਕੋਲ ਗਏ ਸਨ।

Sri Satguru Jagjit Singh Ji eLibrary NamdhariElibrary@gmail.com

ਮਾਧੋ ਦਾਸ ਬਾਰੇ ਸੁਣਿਆ ਹੀ ਨਹੀਂ ਹੁੰਦਾ। ਮਾਧੋਦਾਸ ਦੇ ਚੇਲਿਆਂ ਨੇ ਸ਼ਕਤੀ ਤੇ ਸਿੱਧੀਆਂ ਨਾਲ ਜ਼ੋਰ ਕਰਨਾ ਚਾਹਿਆ। ਬੀਰਾਂ ਨੇ ਸਗੋਂ ਨੱਠ ਕੇ ਜਾ ਮਾਧੋ ਨੂੰ ਕਿਹਾ ਕਿ ਸਾਡਾ ਅੰਗ-ਅੰਗ ਟੁੱਟ ਭੱਜ ਗਿਆ ਹੈ, ਬੜੀ ਮੁਸ਼ਕਲ ਨਾਲ ਜਾਨ ਬਚਾਈ ਹੈ।

"ਬ-ਦੂ ਗੁਫ਼ਤ ਬੀਰਾਂ ਕਿ ਅਫ਼ਸੁਰਦਾ ਏਮ।
ਜ਼ ਸਤਿਗੁਰ ਬ-ਦੁਸ਼ਵਾਰ ਜਾ ਬੁਰਦਾ ਏਮ॥ ੩੧॥ (ਅਮਰਨਾਮਾ)

ਸਫਲਤਾ ਨਾ ਹੁੰਦੀ ਵੇਖ ਕੇ ਸੇਵਕ ਬੈਰਾਗੀ ਮਾਧੋਦਾਸ ਵੱਲ ਭੱਜੇ ਅਤੇ ਜਾ ਕਿਹਾ 'ਏ ਪੂਰੇ ਹੈ ਸਤਿਗੁਰੂ, ਇਨ ਸਿਖਨ ਸਮ ਹਮ ਨਾਹੀ।' ਮਾਧੋ ਦਾਸ ਨੇ ਗੁੱਸੇ ਵਿਚ ਆ ਕੇ ਬੀਰਾਂ ਤੇ ਸਿੱਧੀਆਂ ਦੀ ਮਦਦ ਮੰਗੀ, ਪਰ ਗੁਰੂ ਜੀ ਦੀ ਸ਼ਕਤੀ ਅੱਗੇ ਸਭ ਤੁੱਛ ਸਨ। ਮਾਧੋ ਦਾਸ ਰਿਧੀਆਂ ਤੇ ਕਰਾਮਾਤਾਂ ਨੂੰ ਵਿਫਲ ਦੇਖ ਅੱਗੇ ਆਇਆ, ਚਰਨ ਛੂਹੇ ਅਤੇ 'ਰਹਿਮ! ਸੱਚੇ ਪਾਤਸ਼ਾਹ ਮੈਨੂੰ ਰੱਖ ਲਵੋ' ਦੇ ਸ਼ਬਦ ਆਖ [1] ਗੋਡੇ ਭਾਰ ਹੋ ਕੇ ਨਿਮਰਤਾ ਸਹਿਤ ਕਿਹਾ :

"ਤੁਸੀਂ ਕੌਣ ਹੋ ?"

ਗੁਰੂ ਜੀ : "ਉਹ ਹੀ ਜਿਸ ਨੂੰ ਤੂੰ ਜਾਣਦਾ ਹੈਂ।"

ਮਾਧੋ ਦਾਸ : "ਮੈਂ ਕੀ ਜਾਣਦਾ ਹਾਂ ?"

ਗੁਰੂ ਜੀ : "ਆਪਣੇ ਅੰਦਰ ਝਾਤ ਮਾਰ।"

ਮਾਧੋ ਦਾਸ : (ਕੁਝ ਚਿਰ ਰੁਕ ਕੇ) "ਸੋ ਤੁਸੀਂ ਗੁਰੂ ਗੋਬਿੰਦ ਸਿੰਘ ਜੀ ਹੋ।"

ਗੁਰੂ ਜੀ : "ਹਾਂ।"

ਮਾਧੋ ਦਾਸ : "ਤੁਹਾਡਾ ਇਧਰ ਕਿਸ ਤਰ੍ਹਾਂ ਆਉਣਾ ਹੋਇਆ।"

ਗੁਰੂ ਜੀ : "ਮੈਂ ਇਧਰ ਇਸ ਲਈ ਆਇਆ ਹਾਂ ਕਿ ਤੈਨੂੰ ਆਪਣਾ ਸਿੱਖ ਸਜਾਵਾਂ।"

ਮਾਧੋ ਦਾਸ : "ਮੈਨੂੰ ਪ੍ਰਵਾਨ ਹੈ, ਮਹਾਰਾਜ! ਮੈਂ ਤਾਂ ਤੁਹਾਡਾ ਬੰਦਾ ਹਾਂ। ਅਬ ਤੁਮ ਮਾਲਕ। ਹਮ ਤੁਮਾਰਾ ਬੰਦਾ ਕਰੋ ਨ ਆਲਕ।"[2] ਤਾਰੀਖ਼-ਇ-ਪੰਜਾਬ ਦਾ ਲਿਖਾਰੀ ਕਨ੍ਹਈਆ ਲਾਲ ਲਿਖਦਾ ਹੈ ਕਿ ਗੁਰੂ ਜੀ ਨੇ ਇਹ ਵੀ ਕਿਹਾ ਕਿ 'ਜੇ ਤੂੰ ਬੰਦਾ ਹੈਂ ਤਾਂ ਬੰਦਿਆਂ ਵਾਲੇ ਕੰਮ ਕਰ।'

ਫਿਰ ਦਸਮੇਸ਼ ਪਿਤਾ ਨੇ ਦਸਿਆ ਕਿ ਸਿੱਖ ਤਦ ਬਣਦਾ ਹੈ, ਭਰਮ ਗਵਾਵੇ, ਆਸਾ ਖੋਵੇ, ਕੁਲ ਦਾ ਹੰਕਾਰ ਗਵਾਵੇ, ਜਾਤਾਂ ਦੇ ਜਾਲ ਵਿਚ ਨਾ ਫਸੇ, ਸੇਵਾ ਕਰਦਿਆਂ ਜੇ ਸਿਰ ਵੀ ਲਗਾਉਣਾ ਪਵੇ ਤਾਂ ਸੰਕੋਚ ਨਾ ਕਰੇ, ਅੰਦਰ ਪ੍ਰਭੂ ਦਾ ਭੈ ਰਖੇ।'

---

1. ਕਦਮ ਬੋਸੀਏ ਮਨ ਦਰਾਂ ਦਮ ਸ਼ੁਦਾ।
ਤਲਬਗਾਰਿ ਲੁਤਫ਼ੋ ਤ੍ਰੂਹੁਮ ਸ਼ੁਦਾ। ੫੬। (ਅਮਰਨਾਮਾ ਕ੍ਰਿਤ ਨੱਥ ਮਲ ਢਾਡੀ)
2. ਅਹਿਮਦ ਸ਼ਾਹ ਬਟਾਲੀਏ,
"ਜ਼ਿਕਰਿ ਗੁਰੂਆਂ ਵਾ ਇਬਤਦਾਇ ਸਿੰਘਾਂ ਵਾ ਮਜ਼ਹਬ-ਇ ਏਸ਼ਾਂ।"

Sri Satguru Jagjit Singh Ji eLibrary NamdhariElibrary@gmail.com

*ਸਿੱਖ ਬਨੈ ਸਭ ਖੋਏ ਭਰਮ।*
*ਸਿੱਖ ਬਨਨ ਕੈ ਕਠਨ ਸੁ ਕਰਮ।੨।*
*ਸਿੱਖ ਹੋਇ ਜੋ ਆਪਾ ਖੋਵੈ।*
*ਮੇਟ ਕੁਲੈ ਨਿਜ, ਗੁਰ ਕੁਲ ਹੋਵੈ।*
*ਵਾਲੋਂ ਨਿਕੀ ਖੰਨਯੋ ਤਿੱਖੀ, ਹੈ ਸਿਖੀ ਕੀ ਰੀਤ।*
*ਸਿਰ ਤੇ ਪਰੇ ਸੇਵਾ ਕਰੇ,*
*ਤਉ ਤਰੇ ਮਧ ਚੀਤ।"*

ਉਸ ਸਿਰ ਨਿਵਾ ਸਭ ਕੁਝ ਸਵੀਕਾਰ ਕੀਤਾ। ਵਾਰ ਵਾਰ ਗੁਰੂ ਜੀ ਦੇ ਚਰਨ ਛੂਹੇ। ਬਖ਼ਸ਼ਿਸ਼ ਕਰਕੇ ਗੁਰੂ ਜੀ ਨੇ ਸਿੱਖੀ ਬਖ਼ਸ਼ੀ ਤੇ ਨਾਮ ਬੰਦਾ ਸਿੰਘ ਰੱਖਿਆ।

*ਜੋ ਆਖੀ ਸਤਿਗੁਰ ਉਸੈ,*
*ਸੋ ਉਨ ਲੀਨੀ ਮਾਨ।*
*ਧਰਯੋ ਸੁ 'ਬੰਦਾ' ਨਾਮ ਤਿਸ*
*ਤਿਨ ਕਰ ਲੀਯੋ ਪ੍ਰਮਾਨ।੫।*

ਅਹਿਮਦ ਸ਼ਾਹ ਬਟਾਲੀਏ ਦੀ ਗਵਾਹੀ ਹੈ ਕਿ ਉਥੇ ਹੀ ਗੁਰੂ ਜੀ ਨੇ ਉਸ ਨੂੰ ਪਾਹੁਲ ਦਿੱਤੀ, ਸਿੰਘ ਸਜਾਇਆ ਤੇ ਫਿਰ ਆਪਣੇ ਡੇਰੇ ਲਿਆਏ।

*"ਪਸ ਹਮਾਂ ਗਾ ਔਰ ਪਾਹੁਲ ਦਾਦਹ*
*ਸਿੰਘ ਕਰਦ ਵ ਬਾ ਖ਼ੁਦ ਬ ਡੇਰਾ ਆਵੁਰਦਾ।*

ਬਖ਼ਤ ਮੱਲ ਨੇ ਵੀ ਆਪਣੀ ਲਿਖੀ ਪੁਸਤਕ ਮੁਖ਼ਤਿਸਰ-ਇ-ਇਬਤਦਾਹ-ਇ-ਫ਼ਿਰਕਾ-ਇ ਸਿੱਖਾਂ ਵਿਚ ਵੀ ਇਹ ਲਿਖਿਆ ਹੈ ਕਿ ਉਸ ਦੇ ਪਿਛਲੇ ਕੀਤੇ ਕੁਕਰਮਾਂ ਨੂੰ ਖਿਮਾ ਕਰਕੇ ਗੁਰੂ ਜੀ ਨੇ ਉਸ ਨੂੰ ਪ੍ਰਚਲਤ ਢੰਗ ਨਾਲ ਆਪਣਾ ਸਿੰਘ ਸਜਾਇਆ। ਇਬਰਤਨਾਮਾ ਵਿਚ ਸਪੱਸ਼ਟ ਹੈ ਕਿ ਬੰਦਾ ਦਿਲੋ-ਜਾਨ ਨਾਲ ਸਿੱਖ ਸਜਿਆ ਤੇ ਪਾਹੁਲ ਛਕ ਜੂਝਨ ਲਈ ਤਿਆਰ ਹੋ ਗਿਆ।

ਸਿਯਰ-ਉਲ-ਮੁਤਾਖ਼ਰੀਨ ਦੇ ਕਰਤਾ ਗ਼ੁਲਾਮ ਹੁਸੈਨ ਨੇ ਵੀ ਇਹ ਲਿਖਿਆ ਹੈ ਕਿ ਬੰਦਾ ਸਿੰਘ ਹਰ ਕਰਮੋਂ ਸਿੱਖ ਸੀ, ਜਿਸ ਦਾ ਭਾਵ ਹੈ ਕਿ ਜੋ ਵੀ ਗੁਰੂ ਗੋਬਿੰਦ ਸਿੰਘ ਜੀ ਦਾ ਸਿੱਖ ਹੁੰਦਾ ਹੈ ਉਹ ਨੂੰ ਇਹ ਪ੍ਰਣ ਨਿਭਾਉਣਾ ਪੈਂਦਾ ਹੈ ਕਿ ਉਹ ਕਦੇ ਸਰੀਰ ਦੇ ਰੋਮ, ਦਾਹੜੀ, ਮੁੱਛਾਂ ਜਾਂ ਕੇਸ ਕਟਾਏਗਾ ਨਹੀਂ।

ਮੈਕਰੇਗਰ ਨੇ 'ਹਿਸਟਰੀ ਔਫ਼ ਸਿੱਖਸ' ਵਿਚ ਲਿਖਿਆ ਹੈ ਕਿ ਬੰਦਾ ਨੇ ਯਕ ਦਮ ਸਿਰ ਝੁਕਾਇਆ, ਪਾਹੁਲ ਲਈ ਤੇ ਸਿੱਖ ਸਜਿਆ।'[1]

ਲਤੀਫ਼ ਨੇ ਵੀ ਇਹ ਹੀ ਗਵਾਹੀ ਭਰੀ ਹੈ ਕਿ ਬੰਦਾ ਨੇ ਪਾਹੁਲ ਪ੍ਰਾਪਤ ਕੀਤੀ ਤੇ ਗੁਰੂ ਕਾ ਸਿੱਖ ਬਣਿਆ।[2]

---

1. Banda immediately consented, received the Pahul & became a Sikh. ਤਿੰਨ ਸਤੰਬਰ, ੧੭੦੮ ਨੂੰ ਅੰਮ੍ਰਿਤਪਾਨ ਕੀਤਾ ਸੀ।
2. He was initiated into the Pahul and became a disciple of the Guru. (ਪੰਨਾ ੨੭੪)

Sri Satguru Jagjit Singh Ji eLibrary NamdhariElibrary@gmail.com

ਕਨ੍ਹਈਆ ਲਾਲ ਨੇ ਤਾਰੀਖ਼-ਇ-ਪੰਜਾਬ ਵਿਚ ਲਿਖਿਆ ਹੈ ਕਿ ਬਾਵਜੂਦ ਕਿ ਬੈਰਾਗੀ ਕਾ ਚੇਲਾ ਥਾ ਇਸ ਸਿਲਸਿਲੇ ਸੇ ਅਲਹਿਦਾ ਹੋ ਕਰ ਗੁਰੂ ਗੋਬਿੰਦ ਸਿੰਘ ਕਾ ਚੇਲਾ ਬਣ ਗਿਆ ਔਰ ਪਾਹੁਲ ਲੇ ਕਰ ਗੁਰੂ ਕਾ ਸਿੱਖ ਹੂਆ।

ਗਿਆਨੀ ਗਿਆਨ ਸਿੰਘ ਜੀ ਨੇ ਸ਼ਮਸ਼ੇਰ ਖ਼ਾਲਸਾ ਵਿਚ ਇਸੇ ਪ੍ਰਕਾਰ ਲਿਖਿਆ ਹੈ : ਗੁਰੂ ਜੀ ਨੇ ਉਸ ਨੂੰ ਅਤਿ ਹੀ ਸੂਰਬੀਰ ਸਮਝ ਕੇ ਗੁਰੂ ਘਰ ਦਾ ਸਿੱਖ ਬਣਾ ਕਰ ਉਸ ਦਾ ਨਾਮ ਬੰਦਾ ਸਿੰਘ ਰੱਖ ਦਿਤਾ।

ਸਿੱਖਾਂ ਦੇ ਰਾਜ ਦੀ ਵਿੱਥਿਆ ਵਿਚ ਸ਼ਰਧਾ ਰਾਮ ਫ਼ਿਲੌਰੀ ਤੱਕ ਨੇ ਮੰਨਿਆ ਕਿ ਇਕ ਬੈਰਾਗੀ ਸਾਧ ਨੇ ਗੁਰੂ ਗੋਬਿੰਦ ਸਿੰਘ ਜੀ ਤੋਂ ਪਾਹੁਲ ਲਈ ਹੋਈ ਸੀ।

ਬੱਕਰੇ ਵੀ ਸਿੰਘਾਂ ਝਟਕਾ ਕੇ ਰਿੰਨ੍ਹਣੇ ਅਰੰਭ ਕਰ ਦਿਤੇ।[1] ਗੁਰੂ ਜੀ ਨੇ ਉਸਦੇ ਬਣਾਏ ਉਚੇ ਆਸਨ ਤੇ ਡੇਰਾ ਲਗਾ ਲਿਆ। ਉਹ ਪਲੰਘ ਇਸ ਤਰ੍ਹਾਂ ਡਾਹਿਆ ਹੋਇਆ ਸੀ ਕਿ ਉਤੇ ਬੈਠਣ ਵਾਲਾ ਹੇਠਾਂ ਡਿੱਗ ਪਵੇ।

ਪ੍ਰਾਚੀਨ ਪੰਥ ਪ੍ਰਕਾਸ਼ ਦਾ ਲਿਖਾਰੀ ਇਹ ਵੀ ਲਿਖਦਾ ਹੈ ਕਿ ਗੁਰੂ ਜੀ ਨੇ ਇਹ ਵੀ ਕਿਹਾ ਕਿ ਤੂੰ ਕਿਸ ਸੰਪ੍ਰਦਾਇ ਦਾ ਹੈਂ, ਕਿਸ ਦਾ ਤੂੰ ਚੇਲਾ ਹੈਂ, ਸੰਤਾਂ ਨਾਲ ਮਸ਼ਕਰੀ ਕਿਉਂ ਕਰਦਾ ਹੈਂ, ਇਹ ਕਿਉਂ ਸਮਝਦਾ ਹੈਂ ਕਿ ਤੇਰੇ ਤੁਲ ਹੋਰ ਕੋਈ ਨਹੀਂ। ਇਤਨਾ ਹੰਕਾਰ ਕਿਸ ਲਈ :

*ਕਰੇ ਮਸਕਰੀ ਸੰਤ ਜੋ, ਸੋਊ ਹੋਹਿ ਖਵਾਰ।*
*ਭਾਂਡ ਭਗਤੀਏ ਡੂਮ ਲੋਕ, ਇਨ ਕੀ ਯਹ ਕਾਰ।*
*ਤਬ ਉਨ ਕਹਯੋ ਮੈ ਬੰਦਾ ਤੋਰਾ।*
*ਮੈ ਤੋਹਿ ਸਿੰਘ, ਗੁਰੂ ਤੂੰ ਮੋਰਾ।*
*ਪਿਛਲੀ ਬਾਤ ਮਾਫ਼ ਹਮ ਕੀਜੈ।*
*ਅਬ ਹੋਇ ਫਿਰ, ਤੋ ਜੀ ਆਯੋ ਕੀਜੈ।*

ਅਰਜਨ ਨੂੰ ਹਥਿਆਰ ਸੁੱਟਦੇ ਦੇਖ ਸ੍ਰੀ ਕ੍ਰਿਸ਼ਨ ਜੀ ਨੇ ਗੀਤਾ ਰਾਹੀਂ ਉਪਦੇਸ਼ ਦਿੱਤਾ ਸੀ ਤੇ ਉਸਨੂੰ ਬਾਹਰੋਂ ਰੌਸ਼ਨੀ ਦੇ ਕੇ, ਵਿਰਾਟ ਰੂਪ ਦਿਖਾ ਕੇ ਪ੍ਰਗਟਾਇਆ ਸੀ ਕਿ ਸਾਰੇ ਦਿਸਦੇ ਰਿਸ਼ਤੇਦਾਰ ਮਿਥਿਆ ਹਨ। ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਅੰਦਰ ਝਾਤ ਮਰਵਾ ਕੇ ਦੱਸਿਆ ਕਿ ਉਹ ਆਪਣੇ ਆਸ਼ਰਮ ਵਿਖੇ ਤਾਂ ਸਿੱਧੀਆਂ ਦੇ ਬਲ ਨਾਲ ਸ਼ਾਇਦ ਪਵਿੱਤਰਤਾ ਕਾਇਮ ਰੱਖ ਲਵੇ, ਪਰ ਸਾਰੇ ਹਿੰਦੁਸਤਾਨ ਵਿਚ ਬੇਦੋਸ਼ਿਆਂ ਦੇ ਖ਼ੂਨ ਦੀਆਂ ਨਦੀਆਂ ਵਗ ਰਹੀਆਂ ਹਨ ਤੇ ਉਸ ਹਾਲਤ ਵਿਚ 'ਪੁੰਨ-ਭੂਮੀ' ਪਾਪਾਂ ਤੋਂ ਕਿਵੇਂ ਬਚ ਸਕਦੀ ਹੈ।

**ਨਵਾਂ ਉਤਸ਼ਾਹ :** ਸਿੰਘ ਸਜ ਕੇ ਬੰਦਾ ਸਿੰਘ ਵਿਚ ਨਵੇਂ ਉਤਸ਼ਾਹ ਨੇ ਜਨਮ ਲਿਆ। ਸਿੱਖ ਇਤਿਹਾਸ ਦੀਆਂ ਹਿਰਦੇ-ਵੇਦਕ ਘਟਨਾਵਾਂ ਨੇ ਤਾਂ ਉਸੇ ਨੂੰ ਹੋਰ ਦਾ ਹੋਰ ਬਣਾ ਦਿਤਾ। ਗੁਰੂ ਨਾਨਕ ਦੇਵ ਜੀ ਦਾ ਰੋੜਾਂ ਦੀ ਵਿਛਾਈ ਕਰਨਾ, ਗੁਰੂ ਅੰਗਦ ਦੀ ਘਾਲਣਾ, ਗੁਰੂ ਅਮਰਦਾਸ ਜੀ ਦੀ ਸੇਵਾ, ਗੁਰੂ ਰਾਮਦਾਸ ਜੀ ਦਾ ਕੇਂਦਰ ਬਣਾ ਕੇ ਡਟਣਾ, ਗੁਰੂ

1. ਤਿਸ ਕੇ ਬੱਕਰੈ ਸਿੰਘਨ ਖਾਏ। ਕਾਟ ਕੂਟ ਦੇਇ ਦੌਰਾਨ ਪਾਏ।

ਅਰਜਨ ਜੀ ਦੀ ਸ਼ਹਾਦਤ, ਤੱਤੀਆਂ ਤਵੀਆਂ 'ਤੇ ਬੈਠਣਾ, ਦੇਗਾਂ ਵਿਚ ਉਬਲਣਾ, ਤੱਤੇ ਰੇਤੇ ਪਵਾਣੇ, ਦਰਿਆ ਵਿਚ ਰੋੜ੍ਹੇ ਜਾਣਾ, ਗੁਰੂ ਹਰਿਗੋਬਿੰਦ ਜੀ ਦਾ ਮੁਗਲਾਂ ਨਾਲ ਅਣਖ ਲਈ ਲੋਹਾ ਲੈਣਾ, ਗੁਰੂ ਹਰਿਰਾਇ ਜੀ ਦੀ ਅਹਿੰਸਾ ਦੇ ਸਬਕ ਉਤੇ ਦ੍ਰਿੜ੍ਹਤਾ, ਗੁਰੂ ਹਰਿਕ੍ਰਿਸ਼ਨ ਜੀ ਦਾ ਕਿਸੇ ਅੱਗੇ ਨਾ ਝੁਕਣਾ ਅਤੇ ਦਿੱਲੀ ਜਾ ਕੇ ਸਰੀਰ ਤਿਆਗਣਾ, ਗੁਰੂ ਤੇਗ਼ ਬਹਾਦਰ ਜੀ ਦਾ ਪਰਉਪਕਾਰ ਲਈ ਔਰੰਗਜ਼ੇਬ ਹੱਥੋਂ ਸ਼ਹਾਦਤ ਪਾਉਣਾ, ਬਾਬਾ ਅਜੀਤ ਸਿੰਘ, ਜੁਝਾਰ ਸਿੰਘ ਜੀ ਦਾ ਚਮਕੌਰ ਵਿਚ ਜੂਝ ਕੇ ਸ਼ਹੀਦ ਹੋਣਾ, ਚਾਲੀ ਭੁੱਖੇ ਤਿਹਾਏ ਸਿੱਖਾਂ ਦਾ ਦਸ ਲੱਖ ਦੇ ਮੁਲੱਖੀਏ ਦਾ ਟਾਕਰਾ ਕਰਨਾ ਤੇ ਸਭ ਤੋਂ ਉਤੇ ਬਾਬਾ ਜ਼ੋਰਾਵਰ ਸਿੰਘ ਜੀ, ਬਾਬਾ ਫ਼ਤਿਹ ਸਿੰਘ ਜੀ ਦਾ ਦੀਵਾਰਾਂ ਵਿਚ ਚਿਣਿਆ ਜਾਣਾ ਤੇ ਫਿਰ ਮਾਤਾ ਗੁਜਰੀ ਦੇ ਪ੍ਰਾਣ ਤਿਆਗਣ ਦੀ ਕਥਾ ਸੁਣ ਕੇ ਤਾਂ ਬੰਦਾ ਸਿੰਘ ਦਾ ਬਲ ਤੇ ਜੋਸ਼ ਉਛਾਲੇ ਖਾਣ ਲੱਗਾ। ਦਿਲ ਹੀ ਦਿਲ ਉਸ ਪ੍ਰਣ ਕੀਤਾ ਕਿ ਐਸੇ ਅੱਤਿਆਚਾਰੀ ਰਾਜ ਨੂੰ ਜੜ੍ਹੋਂ ਉਖੇੜ ਕੇ ਹੀ ਦਮ ਲਵੇਗਾ।[1]

**ਗੁਰੂ ਗੋਬਿੰਦ ਸਿੰਘ ਜੀ ਤੇ ਮਾਰੂ ਹਮਲਾ :** ਗੁਰੂ ਜੀ ਨਾਦੇੜ ਬੰਦਾ ਸਿੰਘ ਦੇ ਡੇਰੇ ਹੀ ਟਿਕਾਣਾ ਕਰ ਰਹੇ ਸਨ ਕਿ ਉਨ੍ਹਾਂ ਦਿਨਾਂ ਵਿਚ ਹੀ ਇਕ ਹੋਰ ਦੁਰਘਟਨਾ ਹੋ ਗਈ ਜਿਸ ਨੇ ਬੰਦਾ ਸਿੰਘ ਨੂੰ ਮਜਬੂਰ ਕਰ ਦਿੱਤਾ ਕਿ ਉਹ ਪੰਜਾਬ ਪੁੱਜੇ ਤੇ ਜ਼ਾਲਮਾਂ ਨੂੰ ਸਜ਼ਾ ਦੇਵੇ।

ਵਜ਼ੀਰ ਖ਼ਾਨ ਨੂੰ ਆਗਰੇ ਵਿਖੇ ਬਹਾਦਰ ਸ਼ਾਹ ਅਤੇ ਗੁਰੂ ਗੋਬਿੰਦ ਸਿੰਘ ਜੀ ਵਿਚਕਾਰ ਹੋਈ ਮਿਲਣੀ ਦਾ ਪਤਾ ਲੱਗਾ। ਉਹ ਮਿਲਣੀ ਦੇ ਸਿੱਟਿਆਂ ਨੂੰ ਆਪਣੇ ਹਿੱਤਾਂ ਲਈ ਖ਼ਾਸ ਕਰਕੇ ਹਾਨੀਕਾਰਕ ਸਮਝਦਾ ਸੀ। ਉਹ ਉਸ ਸਮੇਂ ਤੋਂ ਹੀ ਮੌਕੇ ਦੀ ਭਾਲ ਕਰਨ ਲੱਗਾ ਕਿ ਕਿਸੇ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਨੂੰ ਸ਼ਹੀਦ ਕੀਤਾ ਜਾਏ। ਵਜ਼ੀਰ ਖ਼ਾਨ ਨੇ ਦੋ ਪਠਾਨਾਂ[2] ਨੂੰ ਭੜਕਾਇਆ ਕਿ ਗੁਰੂ ਜੀ ਨੂੰ ਮੁਕਾਇਆ ਜਾਏ। ਦਿੱਲੀ ਵਿਖੇ ਮਾਤਾ ਸੁੰਦਰੀ ਜੀ ਕੋਲੋਂ ਗੁਰੂ ਜੀ ਦਾ ਥਹੁ ਟਿਕਾਣਾ ਪੁੱਛ ਕੇ ਦੋਵੇਂ ਨਾਦੇੜ ਪੁੱਜੇ। ਅੰਮ੍ਰਿਤ ਗੁਟਕੇ[3] ਦੇ ਲਿਖਾਰੀ ਨੇ ਸਾਰੀ ਘਟਨਾ ਵਿਸਥਾਰ ਨਾਲ ਲਿਖੀ ਹੈ ''ਨਾਦੇੜ ਵਿਖੇ ਪੁੱਜ ਕੇ ਉਹ ਦੋਵੇਂ ਮੌਕੇ ਦੀ ਭਾਲ ਕਰਨ ਲੱਗੇ। ਇਕ ਦਿਨ ਪਠਾਣ ਇਸ ਤਰ੍ਹਾਂ ਮਨ ਵਿਚ ਗਿੱਟੀਆਂ ਗਿਣਦਾ ਹੋਇਆ ਜਿੱਥੇ ਸਤਿਗੁਰ ਜੀ ਬੈਠੇ ਸਨ ਤੇ ਰਹਿਰਾਸ ਵੇਲੇ ਦੀਵਾਨ ਲੱਗਾ ਹੋਇਆ ਸੀ, ਉਥੇ ਉਹ ਜਾਇ ਬੈਠਾ। ਸਤਿਗੁਰੂ ਜੀ ਨੇ ਆਦਰ ਕੀਤਾ। ਜਿਸ ਵੇਲੇ ਰਹਿਰਾਸ ਦਾ ਭੋਗ ਪਾਇਆ। ਸਰਬੱਤ ਖ਼ਾਲਸਾ ਹੁਕਮ ਮੰਨ ਕੇ ਆਪਣੇ ਆਪਣੇ ਡੇਰੇ ਗਿਆ। ਤਬ ਸਰਬ ਸਤਿਗੁਰੂ ਜੀ ਸਤਿ ਕਾਲ ਦਾ ਸਿਮਰਨ ਕਰਨੇ ਤੰਬੂ ਅੰਦਰ ਮਸਨਦ ਪਰ ਜਾਇ ਬੈਠੇ। ਇਕ ਸਿੱਖ ਹਜ਼ੂਰ ਵਿਚ ਰੁਮਾਲ ਹਿਲਾਵਣ ਵਾਲਾ ਉਸ ਵਕਤ ਹਾਜ਼ਰ ਸੀ। ਉਹ ਪਠਾਣ

---

1. ਮਹਾਰਾਜ ਨੇ ਵੀ ਇਹ ਹੁਕਮ ਕੀਤਾ ਸੀ : ਸ੍ਰਿਹੰਦ ਕੋ ਮਾਰ, ਫਿਰ ਮਾਗੀ 'ਪਹਾਰ'।
2. ਪਹਿਲਾਂ ਇਕ ਪਠਾਨ ਭੇਜਿਆ ਸੀ ਉਹ ਕਾਮਯਾਬ ਨਾ ਹੋਇਆ। ਇਹ ਦੋਵੇਂ ਉਸ ਦੇ ਪੁੱਤਰ ਸਨ। ਇਹ ਵੀ ਖ਼ਿਆਲ ਹੈ ਕਿ ਉਸ ਪਠਾਨ ਦੇ ਵਡੇਰੇ ਗੁਰੂ ਹਰਿ ਗੋਬਿੰਦ ਜੀ ਦੇ ਹੱਥੋਂ ਜੰਗ ਵਿਚ ਮਾਰੇ ਗਏ ਸਨ।
3. ਇਹ ਹੱਥ ਲਿਖਤ ਪੰਜਾਬ ਰਿਕਾਰਡ ਆਫ਼ਿਸ ਪਟਿਆਲਾ ਪਈ ਹੋਈ ਹੈ।

Sri Satguru Jagjit Singh Ji eLibrary NamdhariElibrary@gmail.com

ਜੋ ਪਿੱਛੇ ਬੈਠਾ ਰਿਹਾ ਉਹ ਵੀ ਅੰਦਰ ਜਾਇ ਬੈਠਾ। ਜਿਸ ਵੇਲੇ ਘੜੀ ਉਸ ਨੂੰ ਬੈਠਿਆਂ ਹੋਈ, ਉਸ ਸਮੇਂ ਸ੍ਰੀ ਸਤਿਗੁਰ ਕਰਨ ਕਾਰਨ ਜੀ ਨੇ ਉਸ ਸਿੱਖ ਨੂੰ ਕਿਸੇ ਕਾਰਜ ਭੇਜ ਦਿੱਤਾ ਪਰ ਨੇਤਰ ਜਾਣ ਕੇ ਮੀਟਣ ਲੱਗੇ। ਤਬ ਉਸ ਮਲੇਸ਼ ਨੇ ਜਾਣਾ ਜੋ ਹੁਣ ਵੇਲਾ ਹੱਛਾ ਹੈ.....ਤਬ ਉਸ ਦੁਸ਼ਟ ਨੇ ਉਠ ਕੇ ਸਾਹਿਬ ਦੇ ਉਦਰ ਵਿਚ ਕਟਾਰ ਮਾਰਿਆ। ਯਦੰਪ ਕਮਰ ਕੱਸੀ ਹੋਈ ਸੀ ਤਦਪਿ ਕਟਾਰ ਦਾ ਘਾਉ ਬਹੁਤ ਹੂਆ। ਜਬ ਲੋਹੂ ਚਲਿਆ ਤਬ ਪਰ ਮਰਣ ਧੀਰ ਸ੍ਰੀ ਸਤਿਗੁਰੂ ਜੀ ਸਾਵਧਾਨ ਭਏ ਅਰ ਉਸ ਪਠਾਣ ਕਉ ਜਾਤਾ ਦੇਖਿਆ ਤਬ ਖੱਬੇ ਹਾਥ ਸਾਥ ਉਸ ਕਾ ਜਾਮਾ ਪਕੜ ਲਿਆ ਅਰ ਹੁੱਜਕਾ ਮਾਰਿਆ ਉਹ ਦੁਸ਼ਟ ਗਿਰ ਪੜਾ। ਤਬ ਸ੍ਰੀ ਸਤਿਗੁਰੂ ਜੀ ਤਕੀਏ ਪਰ ਆਪਣਾ ਕਟਾਰ ਧਰਿਆ ਹੂਆ ਥਾ, ਸੋ ਦਾਹਨੇ ਹਾਥ ਸੇ ਪਕੜ ਲਿਆ। ਉਸ ਕਉ ਮਿਆਨ ਸੇ ਜੁਦਾ ਕਰਵਾਨੇ ਹਿਤ ਝਟਕਾਇਆ। ਤਬ ਉਸ ਕਾ ਮਿਆਨ ਨਾ ਗਿੜਾ। ਦੂਸਰੀ ਬੇਰ ਝਟਕਾਇਆ ਤਬ ਭੀ ਮਿਆਨ ਨਾ ਗਿੜਾ। ਤਬ ਬੜੇ ਜ਼ੋਰ ਸੇ ਤੀਸਰੀ ਬੇਰ ਮਿਆਨ ਗੜਾਇ ਦੀਆ। ਇਸ ਬੇਰ ਕਰਨ ਮੇ ਅੰਤਰਜਾਮੀ ਕਾ ਪ੍ਰਯੋਜਨ ਏਹਾ। ਇਤਨੇ ਸੁਆਸ ਉਸ ਨੇ ਲੈਣੇ ਥੇ। ਤਬ ਉਸ ਕਾ ਅੰਤ ਕਾਲ ਜਾਣ ਕਰ ਉਸ ਕੇ ਹਿਰਦੇ ਮੋ ਜਮਦਾਤ ਕਾ ਘਾਉ ਮਾਰਿਆ, ਉਸ ਨੇ ਕਹਿਆ, 'ਹਾਇ ਅੰਮਾ' ਪਤਤਿ ਉਧਾਰਨ ਸ੍ਰੀ ਸਤਿਗੁਰ ਜੀ ਬੋਲੇ 'ਅਰੇ ਅਲਹੁ ਕਹੁ' ਯਹਿ ਅੰਮਾ ਕੇ ਯਾਦ ਕਰਨ ਦਾ ਕੌਣ ਸਾ ਬਖਤ ਹੈ।[1] ਇਸ ਜ਼ੋਰ ਕਾ ਸ਼ਸਤ੍ਰ ਮਾਰਾ ਥਾ। ਤਬ ਉਸ ਕੇ ਪ੍ਰਾਣ ਨਿਕਲ ਗਏ। ਤਬ ਪ੍ਰਯੰਤ ਔਰ ਸਿੱਖ ਭੀ ਹਜ਼ੂਰ ਆ ਪਹੁੰਚੇ। ਉਸ ਮਿਰਤਕ ਕੋ ਉਲਟਾਇ ਕਰ ਡਾਰ ਦੀਆ। ਅਰ ਹੁਕਮ ਹੂਆ ਜੋ ਇਸ ਕੇ ਨਫ਼ਰ ਟਹਿਲੀਏ ਹੈਂ। ਉਸ ਕੋ ਕੁਝ ਨਹੀਂ ਕਹਿਣਾ। ਤਬ ਬਹਾਦਰ ਸ਼ਾਹ ਕੋ ਇਹ ਖ਼ਬਰ ਭਈ ਤਬ ਉਸੀ ਬਖਤ (ਵਕਤ) ਫ਼ਿਰੰਗੀ ਜਿਰਾਹ ਹਕੀਮ ਭੇਜੇ। ਉਸ ਨੇ ਆਇ ਜ਼ਖ਼ਮ ਦੇਖਿਆ ਅਰ ਸੀਆ। ਉਨਹੁ ਨੇ ਕਹਾ ਹਮ ਥੋੜਿਆਹੁ ਦਿਨਹੁ ਮੈਂ ਇਸ਼ਨਾਨ ਕਰਵਾਇ ਦੇਵੈਂਗੇ। ਦਸ ਮੁਹਰਾਂ ਰੋਜ਼ ਸਾਹਿਬ ਉਨ ਕੋ ਦੇਤੇ ਰਹੇ। ਤਬ ਬਾਹਰਵੇਂ ਦਿਨ ਇਸ਼ਨਾਨ ਭਇਆ।''

**ਬੰਦਾ ਸਿੰਘ ਨੂੰ ਪੰਜਾਬ ਭੇਜਣਾ** : ਇਸ ਘਟਨਾ ਤੋਂ ਬਾਅਦ ਗੁਰੂ ਜੀ ਨੇ ਪੰਜਾਬ ਵੱਲ ਭੇਜਣ ਲਈ ਬੰਦਾ ਸਿੰਘ ਨੂੰ ਤਿਆਰ ਕੀਤਾ। ਉਹ ਅੱਗੇ ਹੀ ਹੁਕਮ ਦੀ ਉਡੀਕ ਵਿਚ ਸੀ। ਜੇ ਇਹ ਘਟਨਾ ਨਾ ਹੁੰਦੀ ਤਾਂ ਗੁਰੂ ਜੀ ਨੇ ਆਪ ਵੀ ਪੰਜਾਬ ਵੱਲ ਟੁਰ ਪੈਣਾ ਸੀ, ਪਰ ਫੱਟ ਡੂੰਘਾ ਤੇ ਵੱਡਾ ਹੋਣ ਕਾਰਨ ਉਥੇ ਟਿਕਣਾ ਹੀ ਮੁਨਾਸਬ ਸੀ। ਸਫ਼ਰ ਕਰਨਾ ਠੀਕ ਨਹੀਂ ਸੀ। ਬਾਬਾ ਬੰਦਾ ਸਿੰਘ ਨੂੰ ਕੌਮ ਦਾ ਜਥੇਦਾਰ ਬਣਾ ਕੇ ਭੇਜਿਆ ਗਿਆ। ਇਤਿਹਾਸਕਾਰ *ਸੀ. ਐਚ. ਪੇਨ* ਨੇ ਸਪੱਸ਼ਟ ਲਿਖਿਆ ਹੈ ਕਿ ਕੁਝ ਦਿਨਾਂ ਵਿਚ ਹੀ ਗੁਰੂ

---

1. ਬੰਸਾਵਲੀ ਨਾਮੇ ਵਿਚ ਵੀ ਜ਼ਿਕਰ ਹੈ :

    ਜਬ ਸਿਰੀ ਸਾਹਿਬ ਤਿਸ ਨੂੰ ਚਲਾਈ।

    ਤਬ ਉਹ ਢਠਾ, ਆਖਣ ਲੱਗਾ : ਹਾਇ ਮਾਈ।

   ਬਚਨ ਕੀਤਾ :

    ਮਰਨ ਲਗਾ ਹੈ ਕਲਮੇ ਨੂੰ ਕਹੀ।

   ਤਿਨ ਕਿਹਾ ਜੀ :

    ਤੇਰੀ ਤਲਵਾਰ ਹੀ ਕਲਮਾ ਹੋਇ ਰਹੀ।

Sri Satguru Jagjit Singh Ji eLibrary NamdhariElibrary@gmail.com

ਜੀ ਦੀ ਬੰਦਾ ਸਿੰਘ ਨਾਲ ਐਸੀ ਉਨਸ ਹੋ ਗਈ ਸੀ [1] ਕਿ ਉਸ ਨੂੰ ਆਪਣੀ ਥਾਵੇਂ ਜਾਨਸ਼ੀਨ ਨਿਯਤ ਕੀਤਾ। ਗੁਰੂ ਦੇ ਤੌਰ ਉੱਤੇ ਨਹੀਂ, ਸਗੋਂ ਫ਼ੌਜਾਂ ਦੇ ਕਮਾਂਡਰ ਦੇ ਤੌਰ 'ਤੇ।''

ਗੁਰੂ ਜੀ ਨੇ ਬੰਦਾ ਸਿੰਘ ਨੂੰ 'ਬਹਾਦਰ' ਦਾ ਖ਼ਿਤਾਬ ਦਿੱਤਾ। ਪੰਜ ਪਿਆਰੇ [2] ਨਾਲ ਕੀਤੇ ਤਾਕਿ ਸਿੱਖੀ ਸਮਝਾਂਦੇ ਰਹਿਣ। ਉਨ੍ਹਾਂ ਦੀ ਸਲਾਹ ਨਾਲ ਟੁਰਨ ਲਈ ਫ਼ਰਮਾਇਆ। ਦਸਮੇਸ਼ ਜੀ ਨੇ ਇਹ ਵੀ ਕਿਹਾ ਕਿ ਜਦ ਵੀ ਕਦੇ ਕੋਈ ਔਕੜ ਮਹਿਸੂਸ ਕਰੇ :

*"ਪੰਜ ਸਿੰਘ ਲੈ ਕੇ ਸਾਥ,*
*ਕਰ ਅਰਦਾਸ ਪੂਰੀ ਹੋਈ ਬਾਤ"*[3]

ਨਿਸ਼ਾਨ ਸਾਹਿਬ ਅਤੇ ਨਗਾਰਾ ਬਖ਼ਸ਼ਿਆ। ਪੰਜ ਤੀਰ ਵੀ ਗੁਰੂ ਜੀ ਨੇ ਦਿੱਤੇ ਅਤੇ ਹਦਾਇਤ ਕੀਤੀ ਕਿ ਬਿਖੜੇ ਸਮੇਂ ਚਲਾਉਣਾ। ਖੰਡਾ ਵੀ ਜਿਸ ਨਾਲ ਖ਼ਾਲਸਾ ਸਾਜਿਆ ਸੀ, ਦੇ ਦਿੱਤਾ ਪਰ ਖ਼ਾਲਸੇ ਉਸ ਦੇ ਗਲੋਂ ਉਤਾਰ ਲਿਆ। [4] ਬੰਦਾ ਸਿੰਘ ਨੇ ਜਦ ਗੁਰੂ ਜੀ ਪਾਸ ਇਸ ਤਰ੍ਹਾਂ ਖੰਡਾ ਵਾਪਸ ਲਏ ਜਾਣ ਦੀ ਸ਼ਿਕਾਇਤ ਕੀਤੀ ਤਾਂ ਗੁਰੂ ਜੀ ਸਗੋਂ ਬਹੁਤ ਖ਼ੁਸ਼ ਹੋਏ ਅਤੇ ਕਿਹਾ, ਭਈ, ਇਹ ਖ਼ਾਲਸੇ ਕੀ ਵਸਤੂ ਹੈ, ਇਕ ਪਾਸ ਨਹੀਂ ਜਾਣੀ ਚਾਹੀਦੀ। ਚੰਗਾ ਕੀਤਾ ਨੇ!

*ਚੀਜ਼ ਅਪਨੀ ਇਨ੍ਹੈਂ ਸੰਭਾਰੀ।*
*ਭਯੋ ਖਾਲਸੇ ਅਬ ਕਲ ਧਾਰੀ। ੧੨।*

ਕਿਉਂਕਿ ਹੁਣ ਇਨ੍ਹਾਂ ਨੂੰ ਆਪਣੀ ਵਸਤ ਸੰਭਾਲਣ ਦੀ ਜਾਚ ਆ ਗਈ ਹੈ। ਉਸੇ ਸਮੇਂ ਸਿੰਘਾਂ ਨੇ ਕਲਗੀਧਰ ਨੂੰ ਇਕ ਗੱਲ ਹੋਰ ਵੀ ਕਹੀ ਸੀ : ਸੱਚੇ ਪਾਤਸ਼ਾਹ! ਜੇ ਬੰਦੇ ਨੇ ਆਪਣਾ ਨਿੱਜੀ ਰਾਜ ਕਾਇਮ ਕਰਨ ਦੀ ਸੋਚੀ ਜਾਂ ਕੀਤੀ ਤਾਂ ਅਸਾਂ ਨਾਲ ਨਹੀਉਂ ਰਹਿਣਾ। ਪਾਤਸ਼ਾਹੀ ਤਾਂ ਖ਼ਾਲਸੇ ਕੀ ਹੈ ਕਿਉਂਕਿ ਤੁਸੀਂ ਆਪੂੰ ਕਈ ਵਾਰ ਫ਼ਰਮਾ ਚੁੱਕੇ ਹੋ :

---

1. And to whom he (Guru Gobind Singh) became so much attached that he nominated him successor, not as Guru but as Commander of the forces of the Khalsa. ਪੰਨਾ ੬੩, ਸ਼ਾਰਟ ਹਿਸਟਰੀ ਆਫ਼ ਦੀ ਸਿੱਖਸ।
2. ਭਾਈ ਬਿਨੋਦ ਸਿੰਘ, ਭਾਈ ਕਾਹਨ ਸਿੰਘ, ਭਾਈ ਬਾਜ ਸਿੰਘ, ਭਾਈ ਦਇਆ ਸਿੰਘ, ਭਾਈ ਰਨ ਸਿੰਘ। (ਪੰਥ ਪ੍ਰਕਾਸ਼)
   ਇਨ੍ਹਾਂ ਪੰਜਾਂ ਸਿੰਘਾਂ ਨੂੰ ਅਮਰਨਾਮਾ ਨੇ ਸੁਤੰਤਰ ਚਿੱਤ ਵਾਲੇ (ਆਜ਼ਾਦ ਮਰਦ) ਕਿਹਾ ਹੈ।
3. ਇਹ ਵੀ ਕਹਿਆ : ਸੁਨ ਬੰਦੇ! ਤੁਮ ਖਾਲਸ ਪੰਥ।
   ਮਿਲੋ ਖਾਲਸਾ ਪਹਲ ਸੰਥ।
   ਜੋ ਤੋ ਕੋ ਖਾਲਸਾ ਸਾਲਸ।
   ਤਬ ਹਮ ਖੁਸ਼ੀ ਬਖਸ਼ੀ ਸਭ ਲਾਲਸ।
4. ਬੰਦੈ ਗੁਰ ਖੰਡਾ ਦਯੋ।
   ਲਯੋ ਉਨੈ ਗਲ ਪਾਇ।
   ਖਾਲਸੋ ਦੇਖ ਸੁ ਵਿਟਰਯੋ।
   ਤਿੰਨ ਖੰਡੇ ਲਯੋ ਛਿਨਾਇ। ੧੧।

Sri Satguru Jagjit Singh Ji eLibrary NamdhariElibrary@gmail.com

*"ਜੋ ਬੰਦਾ ਪਾਤਸ਼ਾਹੀ ਚਾਹੈ,*
*ਤਬ ਹਮ ਇਨਕੈ ਨਾਲ ਨ ਰਾਹੈ।*
*ਸਤਿਗੁਰ ਸੁਨਿਓ ਖ਼ੁਸ਼ ਭਏ,*
*ਸੋਊ ਬੰਦੇ ਕਹਿ ਦੀਨ।*
*"ਤੂੰ ਨ ਮੰਨੈ ਜਬ ਖਾਲਸੈ*
*ਤਬ ਹੁਵੈਗੀ ਤੁਮਰੀ ਹੀਨ। ੩।*

ਬੰਦਾ ਸਿੰਘ ਜੀ ਨੇ ਹੱਥ ਜੋੜ ਸਵੀਕਾਰ ਕੀਤਾ ਅਤੇ ਕਿਹਾ :

*"ਹਮ ਮਾਨੈਗਾ ਸਿੰਘਨ ਬਾਤ"*
*ਅਤੇ ਜੇ ਕਦੇ ਧ੍ਰੋਹ ਕਰਾਂ*
*ਤੋ ਮੈ ਤੇ ਲਯੋ ਅਗਲੀ ਖੋਹ।*

ਦਸਮ ਪਿਤਾ ਨੇ ਫਿਰ ਦੁਹਰਾ ਕੇ ਕਿਹਾ ਤਾਕਿ ਕੋਈ ਭੁਲੇਖਾ ਕਿਸੇ ਨੂੰ ਨ ਰਹੇ, ਕਿ ਸਭ ਕੁਝ ਖ਼ਾਲਸੇ ਨੂੰ ਦਿੱਤਾ ਹੈ। ਤੈਨੂੰ ਵੀ ਖ਼ਾਲਸੇ ਵਿਚ ਰਲਾਇਆ ਹੈ। ਕੋਈ ਵੱਖ ਨਹੀਂ ਕੀਤਾ। ਹਿੱਸਾ ਤੂੰ ਇਥੋਂ ਹੀ ਲੈਣਾ ਹੈ। ਬੜੇ ਗਹੁ ਨਾਲ ਪੜ੍ਹਨ ਵਾਲੀਆਂ ਹਨ ਇਹ ਸਤਰਾਂ :

*ਤਿਸ ਕੋ ਸਤਿਗੁਰ ਯੋ ਪੁਨ ਕਹੀ।*
*ਸੌਂਪ ਸਭੀ ਹਮ ਖਾਲਸੈ ਦਈ।*
*ਹਮਨੈ ਖਾਲਸੇ ਤੂੰ ਭੀ ਰਲਾਯਾ।*
*ਤੈ ਭੀ ਖਾਲਸਯੋਂ ਵੰਡਾ ਪਾਯਾ।* (ਪ੍ਰਾਚੀਨ ਪੰਥ ਪ੍ਰਕਾਸ਼)

ਪਿੱਛੋਂ ਜਦ ਬੰਦਾ ਸਿੰਘ ਨੇ ਆਪਣਾ ਰਾਜ ਚਲਾਣਾ ਚਾਹਿਆ ਤਾਂ ਮਾਤਾ ਸੁੰਦਰੀ ਜੀ ਨੇ ਇਹ ਹੀ ਯਾਦਦਹਾਨੀ ਕਰਾਈ ਸੀ : ਬੰਦੇ ਕੋ ਖ਼ਿਦਮਤ ਦਈ, ਪਾਤਸ਼ਾਹੀ ਨਾਹੀਂ।

ਅਹਿਮਦ ਸ਼ਾਹ ਬਟਾਲਵੀ ਦਾ ਕਹਿਣਾ ਹੈ ਕਿ ਬਾਬਾ ਬੰਦਾ ਸਿੰਘ ਨੂੰ ਉਚੇਚੇ ਤੌਰ ਤੇ ਇਹ ਕਿਹਾ ਸੀ : *ਸੂਰਬੀਰਤਾ ਦਿਖਾਈਂ, ਮੌਤ ਤੋਂ ਨਾ ਡਰੀਂ, ਭੈ ਉੱਕਾ ਦਿਲੋਂ ਕੱਢ ਦਈਂ ਅਤੇ ਜੇ ਅਸੂਲਾਂ ਤੋਂ ਡਿੱਗਿਆ ਤਾਂ ਹਾਣ ਹੋਸੀ।*

ਕਨ੍ਹਈਆ ਲਾਲ ਦੇ ਕਹਿਣ ਅਨੁਸਾਰ ਇਹ ਆਗਿਆ ਵੀ ਕੀਤੀ ਕਿ ਪੰਜਾਬ ਜਾ ਕੇ, ਜਿਨ੍ਹਾਂ ਵੀ ਸਾਡੇ ਕਾਰਨ ਸਾਡੇ ਪਿਆਰੇ ਸੇਵਕ ਬੁੱਧੂ ਸ਼ਾਹ ਫ਼ਕੀਰ ਨੂੰ ਕਤਲ ਕੀਤਾ ਸੀ, ਉਨ੍ਹਾਂ ਨੂੰ ਸਜ਼ਾਵਾਂ ਦੇਵੇ।

*ਸਿਖਨ ਰੱਖ ਅਸਿਖ ਸੰਘਰੀਓ।*
*ਦਾਸ ਹੋਇ ਤਾਂ ਉਸੈ ਉਬਰੀਓ।*
*ਦਿਲੀਓ ਲਗ ਕਰ ਦੰਗਾ ਮਚਾਵੋ।*
*ਪੰਜਾਬ ਪਰਬਤ ਸਭ ਧੂੜ ਮਿਲਾਵੋ।*

ਇਹ ਹੁਕਮ ਪ੍ਰਗਟ ਕਰਦਾ ਹੈ ਕਿ ਬਾਬਾ ਬੰਦਾ ਸਿੰਘ ਜੀ ਦਾ ਉਦੇਸ਼ ਉਨ੍ਹਾਂ ਸਾਰਿਆਂ ਨੂੰ ਸਜ਼ਾਵਾਂ ਦੇਣਾ ਸੀ, ਜਿਨ੍ਹਾਂ ਨੇ ਬੇਦੋਸ਼ਿਆਂ, ਧਰਮੀਆਂ 'ਤੇ ਅਤਿਆਚਾਰ ਕੀਤੇ ਸਨ।

Sri Satguru Jagjit Singh Ji eLibrary NamdhariElibrary@gmail.com

ਬੰਦਾ ਸਿੰਘ ਨੂੰ ਆਚਰਨ ਵਿਚ ਪਰਪੱਕ ਤੇ ਸਵੱਛ ਰਹਿਣ ਦੀ ਗੱਲ ਪੱਕੀ ਕਰਵਾਈ। ਕਈ ਸਾਖੀਕਾਰਾਂ ਅਨੁਸਾਰ ਬੰਦਾ ਸਿੰਘ ਨੂੰ ਕਈ ਹੋਰ ਉਪਦੇਸ਼ ਵੀ ਦਿੱਤੇ।[1] ਬੰਦਾ ਸਿੰਘ ਨੇ ਸਿਰ ਨਿਵਾ ਕੇ ਸਭ ਕੁਝ ਮੰਨਿਆ ਤੇ ਕਹਿਆ–

*"ਤਬ ਕਹੀ ਬੰਦੇ ਬੰਦ ਕਰ ਹਾਥ।*
*ਹਮ ਮਾਨੈ ਗੋ ਸਿੰਘਨ ਬਾਤ।*
*ਭੀੜ ਪੜੋ ਜਹਿ ਹਮ ਪਰ ਆਇ।*
*ਤਹ ਤੁਮ ਕਰਨੀ ਬਨਮ ਸਹਾਇ।"*

*****

1. ਆਪ ਗੁਰੂ ਨਾ ਬਣੀਂ ਤੇ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਣਾ। ਜਤ ਪੂਰਾ ਰੱਖਣਾ, ਮੇਰੇ ਹਿਰਦੇ ਦੇ ਪ੍ਰੇਮ ਪਿਆਰੇ ਖ਼ਾਲਸਾ ਜੀ ਦੀ ਆਗਿਆ ਵਿਚ ਰਹਿਣਾ, ਵਾਹਿਗੁਰੂ ਦੇ ਹਜ਼ੂਰ ਪੰਜ ਸਿੰਘ ਇਕੱਤਰ ਕਰ ਕੇ ਕਾਰਜ ਕਰਨਾ, ਅਰਦਾਸ ਸੋਧ ਕਰ ਕਾਰਜ ਕਰਨਾ, ਗੁਰੂ ਗ੍ਰੰਥ ਸਾਹਿਬ ਦੇ ਹਜ਼ੂਰ ਨਿਮਰਤਾ ਨਾਲ ਨਿਰਮਾਣ ਹੋ ਕੇ ਬੈਠਣਾ, ਗੱਦੀ ਆਸਨ ਲਗਾ ਕੇ ਨਹੀਂ ਬੈਠਣਾ ਆਦਿ। ਇਕ ਹਦਾਇਤ ਇਹ ਵੀ ਸੀ ਕਿ ਮਾਝੇ ਦੇ ਸਿੰਘ ਇਨਕਲਾਬੀ ਹਨ। ਪ੍ਰਣ ਦੇ ਪੂਰੇ, ਸਦਾ ਅੱਗੇ ਹੋ ਸ਼ਹੀਦੀਆਂ ਪ੍ਰਾਪਤ ਕਰਨ ਵਾਲੇ ਸੂਰੇ ਹਨ, ਉਨ੍ਹਾਂ ਨੂੰ ਮੂਹਰੇ ਲਗ ਲੜੀਂ:

ਉਹ ਹੈਂ ਮਹਾਂ ਸੂਰ ਅਤਿ ਹਠੀ।
ਉਨ ਤੇ ਫੌਜ ਤੁਰਕ ਜਾਇ ਨਠੀ। ੧੬।

Sri Satguru Jagjit Singh Ji eLibrary NamdhariElibrary@gmail.com

## ਬੰਦਾ ਸਿੰਘ ਪੰਜਾਬ ਵਿਚ
### (ਤਲਵਾਰ ਹੈ ਓਹ ਹੀ, ਮਿਯਾਨ ਅਉਰ ਹੈ ਚੜ੍ਹਿਆ)

## ੨

**ਨਿਸ਼ਚੇ ਭਯੋ ਬੰਦੇ ਮਧ ਚੀਤ** : ਕੁਝ ਮਹੀਨਿਆਂ ਦੇ ਸਫ਼ਰ ਤੋਂ ਪਿੱਛੋਂ ਬੰਦਾ ਸਿੰਘ ਜੀ ਦਿੱਲੀ ਲਾਗੇ ਪੁੱਜ ਗਏ। ਰਾਹ ਵਿਚ ਹੀ ਉਹਨਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤ ਸਮਾ ਜਾਣ ਦੀ ਖ਼ਬਰ ਪੁੱਜੀ। ਔਕੜਾਂ ਦੇ ਬਾਵਜੂਦ ਉਹ ਨਿਸ਼ਾਨੇ ਵੱਲ ਵਧ ਰਹੇ ਸਨ। ਦਿੱਲੀ ਪੁੱਜ ਕੇ ਬੰਦਾ ਸਿੰਘ ਨੇ ਸਾਥੀ ਸਿੰਘਾਂ ਨੂੰ ਕਿਹਾ ਕਿ ਫ਼ੌਜਾਂ ਤਾਂ ਇਕੱਠੀਆਂ ਹੋ ਰਹੀਆਂ ਹਨ ਪਰ ਧਨ ਅੰਨ ਦੀ ਥੁੜ੍ਹ ਮਹਿਸੂਸ ਹੋ ਰਹੀ ਹੈ। ਇਹ ਹਾਲਤ ਰਹੀ ਤਾਂ ਖ਼ਰਚਾ ਚਲਾਉਣਾ ਮੁਸ਼ਕਲ ਹੋ ਜਾਏਗਾ। ਸਿੰਘਾਂ ਗੁਰੂ ਦਾ ਬਚਨ ਯਾਦ ਕਰਵਾਇਆ ਕਿ ਹਰ ਭੀੜਾ ਵੇਲੇ ਪੰਜਾਂ ਸਿੰਘਾਂ ਕੋਲੋਂ ਅਰਦਾਸ ਕਰਾਉਣੀ। ਪੰਜਾਂ ਸਿੰਘਾਂ ਨੇ ਇਕ ਮਨ ਚਿੱਤ ਅਰਦਾਸ ਕੀਤੀ ਤਾਂ ਉਸ ਵੇਲੇ ਟਾਂਡਾ ਲੈ ਜਾ ਰਹੇ ਲੁਬਾਣੇ ਸਿੱਖਾਂ ਨੇ ਸਿੰਘਾਂ ਦਾ ਇਕੱਠ ਦੇਖ ਕੇ ਦਸਵੰਧ ਦੀ ਰਕਮ ਲਿਆ ਹਾਜ਼ਰ ਕੀਤੀ, ਜੋ ਕਈ ਹਜ਼ਾਰ ਸੀ :

*"ਦਯੋ ਦਸਵੰਧ ਉਨ ਕਈ ਹਜ਼ਾਰ।"*

ਬੰਦਾ ਸਿੰਘ ਜੀ ਦਾ ਨਿਸ਼ਚਾ ਹੋਰ ਦ੍ਰਿੜ੍ਹ ਹੋਇਆ। ਬੰਦਾ ਸਿੰਘ ਸਭ ਨੂੰ ਅਕਾਲ ਅਕਾਲ ਜਪਾਂਦੇ। ਆਪ੍ਰੂ ਹਰ ਸਮੇਂ ਵਾਹਿਗੁਰੁ-ਵਾਹਿਗੁਰੂ ਮੁਖੋਂ ਬੋਲਦੇ ਰਹਿੰਦੇ। 'ਸੁਣ ਬਾਣੀ ਖ਼ੁਸ਼ੀਆਂ ਕਰੇ' ਅਤੇ ਸਿੰਘਾਂ ਨਾਲ ਬਹੁਤ ਪਿਆਰ ਕਰਦੇ।

**ਖੁੱਲ੍ਹਾ ਹੱਥ ਵਿਸ਼ਾਲ ਮਨ** : ਦਿੱਲੀ ਤੋਂ ਉਨ੍ਹਾਂ ਪੰਜਾਬ ਵੱਲ ਹੌਲੇ-ਹੌਲੇ ਵਧਣਾ ਸ਼ੁਰੂ ਕੀਤਾ। ਲੋਕਾਂ ਦਾ ਇਹ ਸੁਣਨਾ ਸੀ ਕਿ ਬਾਬਾ ਬੰਦਾ ਸਿੰਘ ਜੀ ਦਸਮੇਸ਼ ਪਿਤਾ ਕੋਲੋਂ ਅਸੀਸ ਲੈ ਪੰਜਾਬ ਆਏ ਹਨ ਤਾਂ ਲੋਕੀਂ ਦਰਸ਼ਨਾਂ ਨੂੰ ਧਾਏ।

ਜਿਥੇ ਬਾਬਾ ਬੰਦਾ ਸਿੰਘ ਦੀ ਉਪਮਾ ਪੁੱਜੀ, ਅਸੀਸਾਂ ਤੇ ਬਖ਼ਸ਼ਿਸ਼ਾਂ ਲੈਣ ਲਈ ਲੋਕੀਂ ਭੱਜੇ ਆਏ। ਕੋਈ ਨਿੰਦਾ ਕਰਦਾ ਵੀ ਆਏ, ਨੇੜੇ ਆ ਕੇ ਕਰਨੀ ਦੇਖੇ ਤਾਂ ਉਥੋਂ ਦਾ ਹੀ ਹੋ ਜਾਏ। ਪੰਥ ਪ੍ਰਕਾਸ਼[1] ਦੇ ਲਿਖਾਰੀ ਭਾਈ ਰਤਨ ਸਿੰਘ ਜੀ ਭੰਗੂ ਲਿਖਦੇ ਹਨ ਕਿ ਕੋਈ ਵੀ ਪੁਰਸ਼ ਬੰਦਾ ਸਿੰਘ ਜੀ ਪਾਸ ਆਏ ਉਹ ਉਸ ਨੂੰ ਥੋੜ੍ਹੀ ਜਿਹੀ ਸੇਵਾ ਪਿੱਛੋਂ ਸੋਨੇ ਦੀ ਮੋਹਰ ਦੇ ਦਿੰਦੇ। ਹਰ ਇਕ ਦੀ ਆਸ ਉਥੇ ਆ ਪੂਰੀ ਹੁੰਦੀ। ਕਰਦੇ ਅਰਦਾਸ ਹੀ ਸਨ :

---

1. ਪ੍ਰਾਚੀਨ ਪੰਥ ਪ੍ਰਕਾਸ਼ : ਅਧਿਆਇ ਬੰਦੇ ਦੇ ਪ੍ਰਤਾਪ।



Sri Satguru Jagjit Singh Ji eLibrary NamdhariElibrary@gmail.com

*"ਪੁੱਤ ਮੰਗੈ ਤਿਸ ਦ੍ਵਾਏ ਪੂਤ।*
*ਦੁੱਧ ਮੰਗਤ ਦੇ ਦੁੱਧ ਬਹੂਤ। ੮।*
*ਜੇਕਰ ਕੋਈ ਦੁਖੀਆ ਆਵੈ।*
*ਕਰ ਅਰਦਾਸ ਤਿਸ ਦੂਖ ਮਿਟਾਵੈ।*
*ਵਾਹਿਗੁਰੂ ਕਾ ਜਾਪ ਜਪਾਵੈ।*
*ਜੋ ਮਾਗੈ ਤਿਸ ਸੋਊ ਦਿਵਾਵੈ॥ ੯॥*
*ਦੀਵੈ ਪਾਵੈ ਤੇਲੀ ਤੇਲ।*
*ਇਕ ਮੋਹਰ ਤਿਹ ਦੇਵੈ ਮੇਲ॥ ੧੧॥*
*ਠੂਠੀ ਭਾਂਡਾ ਲਿਆਵੈ ਘੁਮਯਾਰ।*
*ਦੇਵੈ ਮੋਹਰ ਕੱਢ ਖੀਸਿਓ ਡਾਰ।*
*ਲਕੜੀ ਚਹੂੜੋ ਲਿਆਵੈ ਕੋਈ।*
*ਮੋਹਰ ਖੀਸਿ ਦੇਵੈ ਓਈ।*

ਦੋਹਰਾ : *ਖਾਲੀ ਕਿਸੇ ਸੁ ਨਹਿ ਛਡੇ,*
*ਮੋਹਰ ਸੁ ਦਏ ਫੜਾਇ।*
*ਜੋ ਆਵੈ ਔ ਸਜੂਦ ਹੁਇ,*
*ਤਿਹ ਸੰਗ ਲਏ ਚੜ੍ਹਾਇ॥ ੧੩॥*

ਇਹ ਮਨ ਧਾਰ ਲਿਆ ਸੀ ਕਿ ਕੋਈ ਲੋੜਵੰਦ ਨਹੀਂ ਰਹਿਣ ਦੇਣਾ। ਇਸ ਦਾ ਪ੍ਰਭਾਵ ਕੁਦਰਤੀ ਪਿਆ ਤੇ ਲੋਕ ਖਿੱਚੇ ਆਏ।

**ਧਾੜਵੀਆਂ ਤੋਂ ਨਗਰ ਬਚਾਇਆ** : ਦਿੱਲੀ ਲਾਗੇ ਹੀ ਬਾਂਗੜ ਦੇਸ਼ ਪੁੱਜ ਕੇ ਬੰਦਾ ਸਿੰਘ ਨੇ ਧਰਮ ਦਾ ਧ੍ਵਜ ਲਹਿਰਾਇਆ, ਨਗਾਰੇ ਵਜਾਏ ਅਤੇ ਪੱਲੂ ਫੇਰਿਆ ਕਿ ਕਿਸੇ ਨੂੰ ਕੋਈ ਦੁੱਖ ਜਾਂ ਤਕਲੀਫ਼ ਹੈ ਉਹ ਬੰਦਾ ਸਿੰਘ ਕੋਲ ਆਏ। ਦੁਖੀ ਤੇ ਸਤਾਏ ਹੋਏ ਲੋਕੀਂ ਕੇਸਰੀ ਝੰਡੇ ਥੱਲੇ ਆਉਣ ਲੱਗੇ। ਚੌਧਰੀਆਂ ਤੋਂ ਤੰਗ ਹੋਏ ਕਿਸਾਨਾਂ ਨੇ ਬੰਦਾ ਸਿੰਘ ਦੀ ਮਦਦ ਲੈਣੀ ਸ਼ੁਰੂ ਕੀਤੀ। ਬਾਂਗੜ ਦੇਸ਼ ਵਿਚ ਇਕ ਵੱਡਾ ਪਿੰਡ ਸੀ। ਪਿੰਡ ਵਾਲੇ ਘਾਬਰੇ ਹੋਏ ਸਨ ਕਿ ਰਾਤੀਂ ਧਾੜਵੀਆਂ ਨੇ ਹਮਲਾ ਕਰਨਾ ਹੈ। ਬਾਬਾ ਬੰਦਾ ਸਿੰਘ ਜੀ ਪਾਸ ਪਿੰਡ ਵਿਚੋਂ ਇਕ ਨੇ ਫ਼ਰਿਆਦ ਕੀਤੀ। ਬੰਦਾ ਸਿੰਘ ਜੀ ਸਾਥੀ ਸਿੰਘਾਂ ਸਮੇਤ ਪੁੱਜ ਗਏ, ਪਰ ਪਹਿਰਾਵਾ ਸਾਧੂਆਂ ਵਾਲਾ ਦੇਖ ਪਿੰਡ ਵਾਲਿਆਂ ਨੂੰ ਨਿਸ਼ਚਾ ਨਾ ਆਇਆ। ਆਪ ਜੀ ਨੇ ਨੀਤੀ ਵਰਤ ਕਮਜ਼ੋਰ ਮਨਾਂ ਵਾਲਿਆਂ ਨੂੰ ਪੰਚਾਂ ਸਮੇਤ ਇਕ ਹਵੇਲੀ 'ਚ ਬੰਦ ਕਰ ਦਿੱਤਾ ਤਾਂ ਕਿ ਆਪੂੰ ਢੱਠੇ ਮਨਾਂ ਵਾਲੇ ਕਿਸੇ ਹੋਰ ਦੇ ਹੌਸਲੇ ਨਾ ਢਾਹੁਣ। ਜਦ ਰਾਤ ਨੂੰ ਧਾੜਵੀ ਪਏ ਤਾਂ ਅੱਗੋਂ ਪੰਚਾਂ ਅਤੇ ਪਿੰਡ ਦੇ ਮੋਢੀਆਂ ਦੀ ਥਾਂ ਸਿੰਘਾਂ ਨੂੰ ਦੇਖ, ਚਕ੍ਰਿਤ ਹੀ ਹੋ ਗਏ। ਢੀਮਾਂ ਨਾਲ ਹੀ ਸਿੰਘਾਂ ਧਾੜਵੀ ਮਾਰ ਦਿੱਤੇ। ਹਰ ਪਿੰਡ ਵਾਸੀ ਵਿਚ ਉਤਸ਼ਾਹ ਭਰਿਆ ਜਾ ਚੁੱਕਾ ਸੀ। ਹਥਿਆਰ ਵੀ ਕਾਫ਼ੀ ਬੰਦਾ ਸਿੰਘ ਦੇ ਹੱਥ ਆਏ। ਇਤਨੀ ਧਾਂਕ ਬੈਠੀ ਸੀ ਕਿ ਸੋਨੀਪਤ ਦਾ ਫ਼ੌਜਦਾਰ ਕਿਲ੍ਹਾ ਹੀ ਛੱਡ ਗਿਆ।

**ਕੈਥਲ ਦੇ ਫ਼ੌਜਦਾਰ ਨੂੰ ਸਬਕ ਸਿਖਾਇਆ** : ਪਿੰਡਾਂ ਵਿਚ ਬਾਬਾ ਬੰਦਾ ਸਿੰਘ ਨੇ ਇਹ ਪ੍ਰਚਾਰ ਵੀ ਕਰ ਦਿੱਤਾ ਕਿ ਜ਼ਾਲਮ ਹਕੂਮਤ ਨੂੰ ਕੋਈ ਕਰ, ਮਾਲੀਆ ਜਾਂ ਦੰਡ ਨਹੀਂ ਦੇਣਾ। ਉਗਰਾਹੀ ਕਰਨ ਵਾਲਿਆਂ ਕੈਥਲ ਦੇ ਫ਼ੌਜਦਾਰ ਨੂੰ ਜਾ ਕੇ ਕਿਹਾ ਕਿ ਕੋਈ ਫ਼ਕੀਰ, ਜਿਸ ਦਾ ਨਾਮ ਬੰਦਾ ਸਿੰਘ ਹੈ, ਅੜਿੱਕਾ ਪਾਉਂਦਾ ਹੈ ਅਤੇ ਪਿੰਡ ਵਾਸੀਆਂ ਨੂੰ ਬਾਗ਼ੀ ਬਣਾ ਰਿਹਾ ਹੈ। ਚਾਰ ਸੌ ਸਵਾਰ ਉਸ ਚਾੜ੍ਹ ਆਂਦੇ, ਪਰ ਫ਼ੌਜਦਾਰ ਨੂੰ ਹਾਰ ਦਾ ਮੂੰਹ ਦੇਖਣਾ ਪਿਆ। ਇਸ ਨਾਲ ਬਾਬਾ ਜੀ ਦੀ ਖ਼ੂਬ ਧਾਂਕ ਵੱਜੀ। ਫ਼ੌਜਦਾਰੀ ਉਸੇ ਨੂੰ ਸੌਂਪੀ ਤੇ ਕਿਹਾ, ਧਰਮ ਨਿਆਂ ਕਰੀਂ। ਉਥੋਂ ਸ਼ਾਹੀ ਖ਼ਜ਼ਾਨਾ ਵੀ ਬਹੁਤ ਹੱਥ ਆਇਆ ਸੀ।

**ਘਰ-ਘਰ ਤਿਆਰੀ** : ਜਿਸ ਨੂੰ ਵੀ ਹੁਕਮਨਾਮਾ ਪੁੱਜਾ, ਉਸ ਨੇ ਆਪੂੰ ਦੂਜੇ ਪਿੰਡ ਜਾ ਕੇ ਸੁਣਾਇਆ। ਘਰ-ਘਰ ਤਿਆਰੀਆਂ ਹੋਈਆਂ। ਸੁੱਟੀਆਂ ਤਲਵਾਰਾਂ, ਟੰਗੇ ਹੋਏ ਬਰਛੇ ਅਤੇ ਜੋ ਕੁਛ ਕਿਸੇ ਦੇ ਹੱਥ ਆਇਆ, ਲੈ ਕੇ ਸਿੱਖ ਜਥੇ ਵਿਚ ਸ਼ਾਮਲ ਹੋਣ ਲਈ ਤੁਰ ਪਏ। ਸਭ ਤੋਂ ਪਹਿਲਾਂ ਵਣਜਾਰੇ ਆ ਰਲੇ। ਉਹ ਬੈਲ ਤੇ ਹੋਰ ਸਾਮਾਨ ਗੱਡੀਆਂ ਵਿਚ ਪਾ ਡੇਰੇ ਆਏ। ਮਾਲਵਾ ਤਾਂ ਸਾਰਾ ਹੀ ਉਠ ਖਲੋਤਾ। ਮਾਝੇ ਵਾਲੇ ਵੀ ਸੁਣ ਕੇ ਚਲ ਪਏ।[1] ਖ਼ਰਚਾ ਅੰਮ੍ਰਿਤਸਰ ਦੇ ਇਕ ਸਿੱਖ ਪਸ਼ੌਰਾ ਸਿੰਘ ਨੇ ਦਿੱਤਾ। ਭਾਈ ਭਗਤੂ ਜੀ ਦੇ ਖ਼ਾਨਦਾਨ, ਭਾਈ ਰੂਪੇ ਦੀ ਔਲਾਦ [2] ਬਾਂਗੜ ਦੇਸ਼ ਦੇ ਸਿੱਖ ਬਾਬਾ ਬੰਦਾ ਸਿੰਘ ਦੀ ਫ਼ੌਜ ਵਿਚ ਸ਼ਾਮਲ ਹੋ ਗਏ। ਫੂਲਕੀਆਂ ਦੇ ਰਾਮ ਸਿੰਘ, ਤਿਲੋਕਾ ਸਿੰਘ ਨੇ ਦਿਲ ਖੋਲ੍ਹ ਕੇ ਮਾਇਕ ਸਹਾਇਤਾ ਭੇਜੀ।[3] ਭਾਈ ਆਲੀ ਸਿੰਘ ਤੇ ਮਾਲੀ ਸਿੰਘ ਦੇ ਫ਼ੌਜਾਂ ਵਿਚ ਸ਼ਾਮਲ ਹੋਣ ਨਾਲ ਇਕ ਨਵਾਂ ਹੀ ਉਤਸ਼ਾਹ ਜਾਗਿਆ। ਇਹ ਦੋਵੇਂ ਭਰਾ ਸਲੌਦੀ ਦੇ ਰਹਿਣ ਵਾਲੇ ਸਨ ਤੇ ਸਰਹੰਦ ਦੇ ਨਵਾਬ ਪਾਸ ਨੌਕਰੀ ਕਰਦੇ ਹਨ। ਬੰਦਾ ਸਿੰਘ ਦਾ ਪੁੱਜਣਾ ਸੁਣ ਕੇ ਨਵਾਬ ਵਜ਼ੀਰ ਖ਼ਾਨ ਨੇ ਮਖੌਲ ਕਰਦੇ ਉਨ੍ਹਾਂ ਨੂੰ ਕਿਹਾ ਸੀ ਕਿ ''ਸੁਣਿਆ ਹੈ ਤੁਹਾਡਾ ਇਕ ਹੋਰ ਗੁਰੂ ਬੰਦਾ ਸਿੰਘ ਆਇਆ ਹੈ। ਤੁਸੀਂ ਉਸ ਨੂੰ ਮਿਲਣ ਨਹੀਂ ਗਏ। ਆਖੋ ਸੂ ਸਰਹੰਦ 'ਤੇ ਛੇਤੀ ਹਮਲਾ ਕਰੇ। ਪਹਿਲਾ ਗੁਰੂ ਤਾਂ ਭਜਾਇਆ ਨਾਂਦੇੜ ਜਾ ਮਾਰਿਆ ਤੇ ਇਸ ਦੀਆਂ ਹੱਡੀਆਂ ਸਰਹੰਦ ਦੇ ਬਾਜ਼ਾਰਾਂ ਵਿਚ ਹੀ ਰੋਲੀਆਂ ਜਾਣਗੀਆਂ।'' ਗੁਰੂ ਵਿਰੁੱਧ ਅਪਮਾਨ ਦੇ ਸ਼ਬਦ ਸੁਣ ਕੇ ਉਨ੍ਹਾਂ ਨਵਾਬ ਨੂੰ ਜ਼ਬਾਨ ਬੰਦ ਰੱਖਣ ਲਈ ਕਿਹਾ ਤਾਂ ਦੋਹਾਂ ਨੂੰ ਬੰਦੀ ਵਿਚ ਪਾ ਦਿੱਤਾ ਗਿਆ। ਉਹ ਦੋਵੇਂ ਹੀ ਜੇਲ੍ਹ ਤੋਂ ਨਿਕਲ ਨੱਠੇ ਤੇ ੨੩ ਸਿੰਘਾਂ ਨਾਲ ਬਾਬਾ ਬੰਦਾ ਸਿੰਘ ਪਾਸ ਪੁੱਜੇ ਤੇ ਸਰਹੰਦ ਦੀ ਸਾਰੀ ਵਾਕਫ਼ੀ ਦਿੱਤੀ। ਕੀਰਤਪੁਰ ਵੀ ਸਿੱਖਾਂ ਦਾ ਚੰਗਾ ਇਕੱਠ ਹੋ ਗਿਆ ਸੀ, ਪਰ

---

1. ਪਹਲੋ ਸਿੰਘ ਬਨਜਾਰੇ ਰਲੇ।
ਫੜ ਹੱਥ ਬਰਛੇ ਬੈਲ ਲਦ ਭਲੇ।
ਮਾਲਵੋ ਊਹਾ ਥਾ ਨੇੜੇ ਦੇਸ਼।
ਉਇ ਭੀ ਮਿਲੇ ਹੁਇ ਬੰਦੇ ਪੇਸ਼। ੧੩।
ਔਰ ਜੋ ਸਿੰਘ ਮਧ ਮਾਝੇ ਪੰਜਾਬੀ।

2. ਭਾਈ ਪਰਮ ਸਿੰਘ ਤੇ ਭਾਈ ਧਰਮ ਸਿੰਘ। ਭਾਈ ਰੂਪੇ ਬਾਰੇ ਗੁਰੂ ਹਰਿ ਗੋਬਿੰਦ ਜੀ ਨੇ ਬਿਧੀ ਚੰਦ ਨੂੰ ਕਿਹਾ ਸੀ : ਇਹ ਮੈਨੂੰ ਬੜਾ ਪਿਆਰਾ ਲਗਦਾ ਹੈ, ਉਸ ਨੂੰ ਉੱਚੀ ਥਾਂ ਆਪ ਗੁਰੂ ਹਰਿਗੋਬਿੰਦ ਜੀ ਨੇ ਬਾਂਹ ਪਕੜ ਬਿਠਾਇਆ ਸੀ ਜਦ ਉਹ ਝਿਜਕਦਾ ਸੀ।

3. ਰਾਮਾ ਤਲੋਕਾ ਆਪ ਨ ਆਏ। ਦੇ ਦੇ ਖ਼ਰਚ ਉਨ ਭਜੇ ਪਰਾਏ।

ਰਸਤਿਆਂ ਉੱਤੇ ਨਾਕਾਬੰਦੀ ਹੋਣ ਕਾਰਨ ਉਹ ਬਾਬਾ ਬੰਦਾ ਸਿੰਘ ਦੀਆਂ ਹਦਾਇਤਾਂ ਨੂੰ ਉਡੀਕਣ ਲੱਗੇ। ਬੰਦਾ ਸਿੰਘ ਨੇ ਇਹ ਸੁਨੇਹਾ ਭੇਜਿਆ ਸੀ ਕਿ ਉਸ ਦੀ ਸਲਾਹ, ਮਸ਼ਵਰੇ ਅਤੇ ਹਦਾਇਤ ਨੂੰ ਉਡੀਕਣ। ਗੱਲ ਕੀ ਸਾਰਾ ਪੰਜਾਬ ਜਾਗ ਉਠਿਆ। ਬੰਦਾ ਸਿੰਘ ਨੇ ਸਕੀਮ ਬਣਾਈ ਤੇ ਸਮਾਣੇ ਵੱਲ ਮੂੰਹ ਕੀਤਾ।

**ਪੱਲੂ ਫੇਰਿਆ, ਹੁਕਮਨਾਮੇ ਭੇਜੇ** : ਕੈਥਲ ਵਿਚ ਪਿੰਡ ਖੁੰਡੇਵਾਲ ਤੋਂ ਕਲਗੀ ਵਾਲੇ ਦੇ ਹੁਕਮਨਾਮੇ, ਜੋ ਉਸ ਨਾਲ ਲਿਆਂਦੇ ਸਨ, ਹਰ ਥਾਂ, ਕਾਬਲ, ਕੰਧਾਰ, ਠਠੇ, ਭੱਖਰ ਮਾਝੇ, ਮਾਲਵੇ ਤੇ ਪੂਰਬ ਦੱਖਣ ਤਕ ਪਹੁੰਚਾਏ। ਨਾਲ ਆਪਣੇ ਵਲੋਂ ਲਿਖਿਆ ਕਿ :

*ਮੈਂ ਹੋਂ ਉਸੀ ਪੁਰਖ ਕੋ ਦਾਸਾ।*
*ਕਰਯੋ ਖਾਲਸੈ ਜਿਸ ਪ੍ਰਕਾਸਾ।*

ਹੁਣ ਸਮਾਂ ਆ ਗਿਆ ਹੈ ਦੋਖੀਆਂ ਨੂੰ ਸਜ਼ਾ ਦੇਣ ਦਾ ਅਤੇ ਰਾਜ ਕਾਇਮ ਕਰਨ ਦਾ :

*"ਜੋ ਖਾਲਸੈ ਮੈ ਆ ਰਲੇ,*
*ਪਤਸ਼ਾਹੀਓਂ ਵੱਡਾ ਹੋਇ।*
*ਜੋ ਖਾਲਸੈ ਸੌਂ ਨਹਿ ਮਿਲੈ,*
*ਰਹਿ ਪਛਤਾਵਤ ਓਇ।"*

ਜਿੱਥੇ-ਜਿਥੇ ਵੀ ਹੁਕਮਨਾਮਾ ਪੁੱਜਾ ਸਿੱਖਾਂ ਨੇ ਤੁਰੰਤ ਹੀ ਸ਼ਾਮਲ ਹੋਣ ਦੀ ਤਿਆਰੀ ਕਰ ਲਈ।

ਇਹ ਵੀ ਸਿੱਖਾਂ ਤੇ ਹੁਣ ਜ਼ਾਹਿਰ ਹੋ ਗਿਆ ਸੀ ਕਿ ਗੁਰੂ ਗੋਬਿੰਦ ਸਿੰਘ ਜੀ 'ਤੇ ਮਾਰੂ ਹੱਲਾ ਕਰਨ ਵਾਲੇ ਪਠਾਣ ਨਵਾਬ ਸਰਹੰਦ ਦੇ ਹੀ ਜ਼ਰ-ਖ਼ਰੀਦ ਸਨ। ਰੋਹ ਦਾ ਹੋਰ ਚੜ੍ਹਨਾ ਸੁਭਾਵਕ ਸੀ। ਉਸੇ ਨੇ ਹੀ ਪਹਿਲਾਂ ਸ਼ੀਰਖੋਰ ਸਾਹਿਬਜ਼ਾਦਿਆਂ ਨੂੰ ਨੀਹਾਂ ਵਿਚ ਚਿਣ ਸ਼ਹੀਦ ਕੀਤਾ ਸੀ। ਇਹ ਗੱਲ ਹਰ ਪਿੰਡ ਚਲ ਪਈ ਸੀ :

*"ਜੋ-ਜੋ ਸਿੱਖ ਹੈ ਗੁਰ ਕੋ ਪੂਰੋ,*
*ਸਜ਼ਾਦਨ[1] ਬੈਰ ਲੈਨ ਅਯੋ ਜ਼ਰੂਰੋ।"*

**ਸਮਾਣਾ ਉੱਤੇ ਹਮਲਾ** : ਬੰਦਾ ਸਿੰਘ ਦੀ ਸੂਚੀ ਵਿਚ ਸਮਾਣਾ ਪਹਿਲਾ ਸ਼ਹਿਰ ਸੀ ਜਿਸ ਨੂੰ ਸਜ਼ਾ ਦੇਣੀ ਉਹ ਲੋੜਦਾ ਸੀ। ਉਸੇ ਸ਼ਹਿਰ ਵਿਚ ਜੱਲਾਦਾਂ ਦੇ ਖ਼ਾਨਦਾਨ ਸਨ। ਗੁਰੂ ਤੇਗ ਬਹਾਦਰ ਜੀ ਨੂੰ ਸ਼ਹੀਦ ਕਰਨ ਵਾਲਾ ਜੱਲਾਦ ਜਲਾਲ ਦੀਨ ਇਸੇ ਸ਼ਹਿਰ ਦਾ ਹੀ ਸੀ ਤੇ ਵਿਸ਼ਾਲ ਬੇਗ ਤੇ ਸ਼ਿਸ਼ਾਲ ਬੇਗ, ਜਿਨ੍ਹਾਂ ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫ਼ਤਿਹ ਸਿੰਘ ਨੂੰ ਸ਼ਹੀਦ ਕੀਤਾ, ਉਹ ਇਸੇ ਸ਼ਹਿਰ ਦੇ ਵਾਸੀ ਸਨ। ਅਲੀ ਹੁਸੈਨ, ਜਿਸ ਝੂਠੀਆਂ ਕਸਮਾਂ ਚੁਕ, ਕੁਰਾਨ ਭੇਜ ਕਲਗੀਧਰ ਨੂੰ ਅਨੰਦਪੁਰ ਛੱਡਣ ਤੇ ਬੇਰੋਕ ਟੋਕ ਮਾਲਵਾ ਜਾਣ ਦਾ ਅਹਿਦ ਕੀਤਾ ਸੀ, ਇਸੇ ਸਮਾਣੇ ਦਾ ਸੀ। ਬਾਬਾ ਬੰਦਾ ਸਿੰਘ ਜੀ ਨੇ ਸਮਾਣੇ ਵੱਲ ਵਧਣਾ ਸ਼ੁਰੂ ਕੀਤਾ। ੨੬ ਨਵੰਬਰ, ੧੭੦੯ ਨੂੰ ਸਵੇਰ-ਸਾਰ ਸਮਾਣਾ

1. ਸ਼ਜ਼ਾਦਨ ਭਾਵ ਸਾਹਿਬਜ਼ਾਦਿਆਂ

Sri Satguru Jagjit Singh Ji eLibrary NamdhariElibrary@gmail.com

ਉੱਤੇ ਹਮਲਾ ਕਰ ਦਿੱਤਾ। ਸਮਾਣਾ ਦੇ ਫ਼ੌਜਦਾਰ ਦਾ ਖ਼ਿਆਲ ਸੀ ਕਿ ਇਤਨੀ ਤਾਕਤ ਬਾਬਾ ਬੰਦਾ ਸਿੰਘ ਦੀ ਨਹੀਂ ਕਿ ਉਹ ਸਿੱਧਾ ਜਾਂ ਪੁੱਠਾ ਹਮਲਾ ਕਰ ਸਕੇ। ਉਹ ਇਸੇ ਖ਼ਾਮ ਖ਼ਿਆਲੀ ਵਿਚ ਮਸਤ ਸੀ ਕਿ ਫ਼ੌਜਾਂ ਸਮਾਣਾ ਵੀ ਜਾ ਪੁੱਜੀਆਂ। ਕੁਝ ਘੰਟਿਆਂ ਦੀ ਖ਼ੂਨੀ ਜੰਗ ਉਪਰੰਤ ਬੰਦਾ ਸਿੰਘ ਅਤੇ ਉਸ ਦੇ ਸਾਥੀ ਜੇਤੂ ਦੇ ਤੌਰ ਉੱਤੇ ਸ਼ਹਿਰ ਵਿਚ ਦਾਖ਼ਲ ਹੋਏ। ਜਲਾਲ ਦੀਨ, ਸ਼ਿਸ਼ਾਲ ਬੇਗ ਤੇ ਵਿਸ਼ਾਲ ਬੇਗ ਨੂੰ ਮੌਤ ਦੇ ਘਾਟ ਉਤਾਰਿਆ। ਸਮਾਣਾ ਰਾਤੋ-ਰਾਤ ਉਜੜਿਆ ਹੋਇਆ ਸ਼ਹਿਰ ਬਣ ਗਿਆ।[1] ਸਮਾਣਾ ਦਾ ਫ਼ੌਜਦਾਰ ਭਾਈ ਫ਼ਤਿਹ ਸਿੰਘ ਨੂੰ ਥਾਪਿਆ ਗਿਆ। ਵਜ਼ੀਰ ਖ਼ਾਨ ਨੂੰ ਜਦ ਸਮਾਣੇ ਦੇ ਉੱਜੜਨ ਦੀ ਖ਼ਬਰ ਪੁੱਜੀ ਤਾਂ ਸੂਹੀਏ ਭੇਜੇ ਕਿ ਸਿੱਖਾਂ ਦੀ ਤਾਕਤ ਦਾ ਅੰਦਾਜ਼ਾ ਲਗਾ ਕੇ ਦੱਸਣ। ਸੂਹੀਆਂ ਵਿਚ ਇਕ ਕਾਣਾ ਤੇ ਦੂਜਾ ਟੁੰਡਾ ਸੀ। ਦੋਵੇਂ ਪਕੜੇ ਗਏ ਤੇ ਸਿੰਘਾਂ ਛਿੱਤਰਾਂ ਦੀ ਮਾਰ ਦਿੱਤੀ। ਉਨ੍ਹਾਂ ਦੋਹਾਂ ਰਾਹੀਂ ਬਾਬਾ ਜੀ ਨੇ ਲਿਖਤੀ ਸੁਨੇਹਾ ਭਿਜਵਾ ਦਿੱਤਾ ਕਿ ਸਰਹੰਦ ਦੇ ਨਵਾਬ ਨੂੰ ਕਹਿ ਦੇਣਾ ਕਿ ਉਸ ਦੇ ਦਿਨ ਥੋੜ੍ਹੇ ਰਹਿ ਗਏ ਹਨ, ਅਸੀਂ ਆਏ ਕਿ ਆਏ। ਸ਼ਹਿਰ ਸਰਹੰਦ ਇਹ ਸੁਣ ਤਰਥੱਲੀ ਮੱਚ ਗਈ।[2]

**ਧਾਵੇ ਤੇ ਜਿੱਤਾਂ** : ਬੰਦਾ ਸਿੰਘ ਜੀ ਦੀ ਹੁਣ ਇਕ ਇੱਛਾ ਸੀ ਕਿ ਕੀਰਤਪੁਰ ਰੁਕੀ ਉਡੀਕਦੀ ਸਿੱਖ ਸ਼ਕਤੀ ਨੂੰ ਨਾਲ ਮਿਲਾ ਕੇ ਅਗਲਾ ਹਮਲਾ ਕੀਤਾ ਜਾਵੇ। ਸਰਹੰਦ ਵਿਚਕਾਰ ਪੈਂਦੀ ਸੀ, ਸੋ ਦੋਹਾਂ ਧਿਰਾਂ ਦਾ ਮਿਲਣਾ ਇਤਨਾ ਸਹਿਲਾ ਨਹੀਂ ਸੀ। ਬੰਦਾ ਸਿੰਘ ਨੇ ਵਿਉਂਤ ਬਣਾਈ ਕਿ ਚੱਕਰ ਕੱਟ ਕੇ ਕੀਰਤਪੁਰ ਪੁੱਜਿਆ ਜਾਏ। ਸ਼ਾਹਬਾਦ ਦੇ ਮੁਗਲਾਂ, ਸਯਦਾਂ ਤੇ ਸ਼ੇਖਾਂ ਨੂੰ ਈਨ ਮੰਨਵਾ ਕੇ ਬੰਦਾ ਸਿੰਘ ਮੁਸਤਫ਼ਾਬਾਦ (ਜਗਾਧਰੀ ਨੇੜੇ) ਕੋਲ ਪੁੱਜ ਗਿਆ। ਨਿੱਤ ਦੀਆਂ ਜਿੱਤਾਂ ਬਾਰੇ ਸੁਣ ਕੇ ਬੰਦਾ ਸਿੰਘ ਦੀ ਫ਼ੌਜ ਦੀ ਗਿਣਤੀ ਦਿਨੋਂ ਦਿਨ ਵਧ ਰਹੀ ਸੀ। ਭਾਵੇਂ ਤਨਖ਼ਾਹਦਾਰ ਸਿਪਾਹੀ ਰੱਖਣ ਲਈ ਬਾਬਾ ਬੰਦਾ ਸਿੰਘ ਕੋਲ ਅਜੇ ਪੱਕਾ ਪ੍ਰਬੰਧ ਨਹੀਂ ਸੀ, ਪਰ ਜੋ ਕੁਝ ਹੱਥ ਆਉਂਦਾ ਸੀ, ਆਪਣੇ ਸਾਥੀਆਂ ਫ਼ੌਜੀਆਂ ਵਿਚ ਵੰਡ ਦਿੰਦੇ ਸਨ। ਮੁਸਤਫਾਬਾਦ ਦੇ ਫ਼ੌਜਦਾਰ ਨੇ ਬੰਦਾ ਸਿੰਘ ਨੂੰ ਉਥੇ ਹੀ ਰੋਕਣਾ ਚਾਹਿਆ। ਕਰਾਰੀ ਮੁੱਠ ਭੇੜ ਹੋਈ। ਸਿੰਘਾਂ ਨੇ ਤਗੜੇ ਹੱਥ ਦਿਖਾਏ।

**ਕਪੂਰੀ ਦੇ ਹੁਕਮਰਾਨ ਨੂੰ ਦੰਡ** : ਉਥੇ ਹੀ ਬਾਬਾ ਜੀ ਨੂੰ ਫ਼ਰਿਆਦਾਂ ਪੁੱਜੀਆਂ ਕਿ ਕਪੂਰੀ ਦੇ ਹੁਕਮਰਾਨ ਕਦਮ-ਉਦ-ਦੀਨ ਨੇ ਜ਼ੁਲਮਾਂ ਦੀ ਅਤਿ ਕਰ ਦਿੱਤੀ ਹੈ। ਨਿਹੱਥਿਆਂ ਹਿੰਦੂਆਂ ਉੱਤੇ ਹਰ ਤਰ੍ਹਾਂ ਦੇ ਜ਼ੁਲਮ ਢਾਹ ਰਿਹਾ ਹੈ। ਕਿਸੇ ਦੀ ਧੀ, ਭੈਣ ਦੀ ਇਜ਼ਤ ਮਹਿਫ਼ੂਜ਼ ਨਹੀਂ। ਪਰਉਪਕਾਰੀ ਬਾਬੇ ਕੋਲੋਂ ਇਹ ਸਭ ਕੁਝ ਸਹਾਰਿਆ ਨਾ ਗਿਆ ਤੇ ਸਾਢੌਰੇ[3] ਵਲੋਂ ਧਿਆਨ ਹਟਾ ਕੇ ਕਪੂਰੀ ਉੱਤੇ ਹਮਲਾ ਕੀਤਾ। ਬਾਬਾ ਬੰਦਾ ਸਿੰਘ ਦਾ

---

1. ਲਯੋ ਮਾਰ ਜਬ ਸ਼ਹਿਰ ਸਮਾਣੋ।
   ਤਬ ਤੁਰਕਨ ਸਿਰ ਕਹਿਰ ਬਿਹਾਣੋ।
2. ਸ਼ਹਿਰ ਮਾਂਹਿ ਪੈ ਗਯੋ ਥਰਥੱਲਾ।
   ਘਰ ਘਰ ਚਲੀ ਬੰਦੇ ਕੀ ਗੱਲਾਂ। ੨੭। (ਪ੍ਰਾਚੀਨ ਪੰਥ ਪ੍ਰਕਾਸ਼)
   ਅਤੇ
   ਫੂਲਕੀਆ ਸਟੇਟਸ ਗਜ਼ਟੀਅਰ।
3. ਸਾਢੌਰਾ 'ਸਾਧੂਵਾੜਾ' ਦਾ ਵਿਗੜਿਆ ਹੋਇਆ ਨਾਮ ਹੈ। ਬੁੱਧ ਧਰਮ ਦੇ ਸਮੇਂ ਤੋਂ ਇਹ ਧਾਰਮਕ ਕੇਂਦਰ ਹੈ।

Sri Satguru Jagjit Singh Ji eLibrary NamdhariElibrary@gmail.com

ਆਉਣਾ ਸੁਣਦੇ ਹੀ ਕਦਮ-ਉਦ-ਦੀਨ ਤਾਂ ਭੱਜ ਗਿਆ, ਪਰ ਉਸ ਦੇ ਮਹੱਲਾਂ ਤੇ ਸਿੰਘਾਂ ਕਬਜ਼ਾ ਕਰ ਲਿਆ ਤੇ ਲੋਕਾਂ ਦਾ ਲੁੱਟਿਆ ਮਾਲ ਵਾਪਸ ਮੋੜਿਆ। ਪਰਜਾ ਨੇ ਸੁਖ ਦਾ ਸਾਹ ਲਿਆ।

**ਸਾਢੌਰੇ ਦੀ ਮਾਰ** : ਕਪੂਰੀ ਤੋਂ ਵਿਹਲਿਆਂ ਹੋ ਕੇ ਸਾਢੌਰੇ[1] 'ਤੇ ਚੜ੍ਹਾਈ ਕੀਤੀ। ਸੱਯਦ ਬਦੁਰਉਦੀਨ, ਜਿਸ ਨੂੰ ਸੱਯਦ ਬੁੱਧੂ ਸ਼ਾਹ ਦੇ ਪਾਵਨ ਨਾਮ ਨਾਲ ਯਾਦ ਕੀਤਾ ਜਾਂਦਾ ਹੈ, ਸਾਢੌਰੇ ਦਾ ਹੀ ਰਹਿਣ ਵਾਲਾ ਸੀ। ਉਥੋਂ ਦੇ ਹੁਕਮਰਾਨਾਂ ਨੇ ਸੱਯਦ ਬੁੱਧੂ ਸ਼ਾਹ ਨੂੰ ਤਸੀਹੇ ਦੇ-ਦੇ ਕੇ ਸ਼ਹੀਦ ਕੀਤਾ ਸੀ। ਬੁੱਧੂ ਸ਼ਾਹ ਜੀ ਦਾ ਇਹ ਹੀ ਕਸੂਰ ਸੀ ਕਿ ਉਹਨਾਂ ਸੱਚ ਦੀ ਉਠਾਈ ਜਾ ਰਹੀ ਆਵਾਜ਼ ਦੀ ਮਦਦ ਕੀਤੀ ਸੀ। ਭੰਗਾਣੀ ਦੇ ਯੁੱਧ ਵਿਚ ਮਦਦ ਕਰਨ ਦਾ ਦੋਸ਼ ਸਭ ਤੋਂ ਵੱਡਾ ਸੀ। ਸਾਢੌਰੇ ਦਾ ਉਸਮਾਨ ਖ਼ਾਨ ਹਿੰਦੂਆਂ ਉੱਤੇ ਅਕਹਿ ਤੇ ਅਸਹਿ ਜ਼ੁਲਮ ਕਰ ਰਿਹਾ ਸੀ। ਗਊਆਂ ਨੂੰ ਵੱਢ ਕੱਟ ਹਿੰਦੂਆਂ ਦੇ ਦਰਵਾਜ਼ੇ ਅੱਗੇ ਸੁਟਵਾ ਦਿੰਦਾ ਸੀ। ਇਹਨਾਂ ਜ਼ੁਲਮਾਂ ਦੀ ਦਾਸਤਾਨ ਬਾਬਾ ਬੰਦਾ ਸਿੰਘ ਜੀ ਮੁਸਤਫ਼ਾਬਾਦ ਸੁਣ ਚੁੱਕੇ ਸਨ। ਬੁੱਧੂ ਸ਼ਾਹ ਦੀ ਸ਼ਹਾਦਤ ਬੰਦਾ ਸਿੰਘ ਨੇ ਜਦ ਸੁਣੀ ਤਾਂ ਭੜਕ ਉੱਠੇ। ਗੁਰੂ ਨਾਲ ਦਰਦ ਰੱਖਣ ਵਾਲੇ ਮੁਸਲਮਾਨ ਫ਼ਕੀਰ ਦਾ ਇਹ ਹਸ਼ਰ ! ਗੁਰੂ ਜੀ ਦੀ ਆਗਿਆ ਉਸ ਨੂੰ ਯਾਦ ਆਈ ਕਿ ਸਾਡੇ ਕਾਰਨ ਸਾਡੇ ਪਿਆਰੇ ਸੇਵਕ ਬੁੱਧੂ ਸ਼ਾਹ ਫ਼ਕੀਰ ਨੂੰ ਜਿਨ੍ਹਾਂ ਕਤਲ ਕੀਤਾ ਸੀ, ਉਨ੍ਹਾਂ ਨੂੰ ਸਜ਼ਾਵਾਂ ਦੇਵੋ।

ਬੰਦਾ ਸਿੰਘ ਦੀਆਂ ਫ਼ੌਜਾਂ ਸਾਢੌਰੇ ਉੱਤੇ ਟੁੱਟ ਪਈਆਂ। ਕੁਤਬ-ਉਲ-ਅਕਤਾਬ ਦੇ ਮਕਬਰੇ ਨੂੰ ਲੋਕਾਂ ਅੱਗ ਲਗਾ ਦਿੱਤੀ। ਬੰਦਾ ਸਿੰਘ ਨੇ ਇਹ ਸੁਣ ਕੇ ਬੁਰਾ ਮਨਾਇਆ ਤੇ ਨਿਰੋਲ ਦੋਸ਼ੀਆਂ ਨੂੰ ਸਜ਼ਾਵਾਂ ਦੇਣ ਅਤੇ ਧਾਰਮਕ ਅਕੀਦਿਆਂ ਉਤੇ ਕਿਸੀ ਕਿਸਮ ਦੀ ਸੱਟ ਨਾ ਮਾਰਨ ਦਾ ਹੁਕਮ ਦਿੱਤਾ।[2] ਇਥੋਂ ਤਕ ਕਿ ਜੋ ਹਿੰਦੂਆਂ ਦੇ ਘਰ ਜਾ ਛਿਪੇ ਉਨ੍ਹਾਂ ਨੂੰ ਵੀ ਕੁਝ ਨ ਕਿਹਾ ਗਿਆ।

ਇਹ ਹੁਕਮ ਵੀ ਦੇ ਰੱਖਿਆ ਸੀ ਕਿ :

*ਇਸਤਰੀ ਤਨ ਜੋ ਗਾਹਣਾ ਹੋਈ।*
*ਤਾ ਕੇ ਹਾਥ ਨਾ ਲਾਓ ਕੋਈ।*

ਹੋਰ :
*ਪੁਰਸ਼ ਪੌਸ਼ਾਕ ਔਰ ਸਿਰ ਕੀ ਪਾਗ।*
*ਇਨ ਭੀ ਕੋਈ ਹੱਥ ਨਾ ਲਾਗ। ੩੩।*

ਬੰਸਾਵਲੀ ਨਾਮੇ ਦੇ ਸ਼ਬਦਾਂ ਵਿਚ ਸਖ਼ਤ ਹਦਾਇਤ ਕੀਤੀ ਹੋਈ ਸੀ ਕਿ ਆਕੀ ਨੂੰ ਬੇ-ਸ਼ੱਕ ਸਜ਼ਾ ਦਿਓ, ਪਰ ਗ਼ਰੀਬ ਨਿਤਾਣੇ ਨੂੰ ਕੁਝ ਨਹੀਂ ਕਹਿਣਾ। ਧਰਮ ਪ੍ਰਚਾਰਨ ਲਈ

---

1. ਇੰਜ ਬੁੱਧੂ ਸ਼ਾਹ ਨੇ ਭੰਗਾਣੀ ਦੇ ਯੁੱਧ ਵਿਚ ਆਪਣੇ ਚਾਰ ਬੇਟੇ ਤੇ ੫੦੦ ਮੁਰੀਦ ਗੁਰੂ ਗੋਬਿੰਦ ਸਿੰਘ ਜੀ ਦੀ ਜੰਗ ਵਿਚ ਮਦਦ ਲਈ ਭੇਜੇ ਸਨ ਤੇ ਦੋ ਬੇਟੇ ਕੁਰਬਾਨ ਵੀ ਹੋ ਗਏ ਸਨ, ਪੀਰ ਬੁੱਧੂ ਸ਼ਾਹ ਦਾ ਜੀਵਨ ਪੜ੍ਹਨ ਲਈ ਮੇਰੀ ਪੁਸਤਕ 'ਪੁਰਾਤਨ ਇਤਿਹਾਸਕ ਜੀਵਨੀਆਂ ਦੇਖੋ।
2. ਅਜੇ ਤਕ ਉਹ ਮਕਬਰਾ ਉਸੇ ਤਰ੍ਹਾਂ ਖੜ੍ਹਾ ਹੈ।
ਲੋਕੀਂ ਇਸ ਕਾਰਨ ਭੜਕੇ ਹੋਏ ਸਨ ਕਿ ਜਦ ਉਨ੍ਹਾਂ ਪੀਰ ਬੁੱਧੂ ਸ਼ਾਹ ਦੇ ਮਕਬਰੇ ਪਨਾਹ ਲਈ ਹੋਈ ਸੀ ਤਾਂ ਉਨ੍ਹਾਂ ਮਕਬਰੇ ਸਮੇਤ ਪਨਾਹ ਲਏ ਵਸਨੀਕਾਂ ਨੂੰ ਸਾੜ ਫੂਕ ਦਿੱਤਾ ਸੀ। 'ਕਤਲ ਗੜ੍ਹੀ' ਕਰਕੇ ਉਹ ਥਾਂ ਹੁਣ ਤਕ ਜਾਣੀ ਜਾਂਦੀ ਹੈ।

Sri Satguru Jagjit Singh Ji eLibrary NamdhariElibrary@gmail.com

ਧਰਮ ਦਾ ਰਾਜ ਕਾਇਮ ਕਰਨ ਵਿਚ ਹੀ ਪੰਥ ਦੀ ਵਡਿਆਈ ਹੈ, ਬੰਦਾ ਇਹ ਕਹੇ :

*ਗਰੀਬ ਦੀ ਰਖਿਆ ਕਰੋ।*
*ਗਭਰੂ ਨ ਕੋਈ ਰਹੇ।*
*ਪਾਪ ਤਜੋ।*
*ਧਰਮ ਚਾਲ ਰਾਜ ਕਰੋ।*

ਇਥੋਂ ਤਕ ਲਿਖਿਆ ਹੈ ਕਿ ਜੇ ਕਿਸੇ ਨੇ ਬੇ-ਦੋਸ਼ੇ ਨੂੰ ਮਾਰਿਆ ਤਾਂ ਉਸ ਨੂੰ ਸਖ਼ਤ ਸਜ਼ਾ ਦਿੱਤੀ। ਇਹ ਤੁਕ ਵੀ ਪੜ੍ਹਿਆ ਕਰਦੇ ਸਨ :

*ਰਾਜੇ ਚੁਲੀ ਨਿਆਵ ਕੀ।*

ਇਹ ਵੀ ਚੇਤਾਵਨੀ ਦੇਂਦੇ ਕਿ :

*ਜੇ ਤੁਸੀਂ ਉਸ ਪੁਰਖ ਕੇ ਸਿੱਖ ਅਖਾਓ।*
*ਤਾ ਪਾਪ ਅਧਰਮ ਅਨਿਆਉ ਨ ਕਮਾਉ।*
*ਸਿੱਖ ਉਬਾਰ, ਅਸਿੱਖ ਸੰਘਾਰੋ।*
*ਪੁਰਖ ਦਾ ਕਿਹਾ ਹਿਰਦੇ ਧਾਰੋ।*

ਬੜੀ ਉੱਚੀ ਗੱਲ ਕਹੀ ਬਾਬਾ ਜੀ ਨੇ ਕਿ :

*ਰਾਜ ਪਾਇ ਜੋ ਕਰੇ ਬੁਰਿਆਈ।*
*ਤਿਸ ਭੜੂਏ ਆਪਨੀ ਅਕਲ ਗਵਾਈ।*

ਭਾਈ ਚੌਪਾ ਸਿੰਘ ਜੀ ਨੂੰ ਵੀ ਗੁਰੂ ਗੋਬਿੰਦ ਸਿੰਘ ਜੀ ਨੇ ਕਿਹਾ ਸੀ : "ਜੇ ਸਿੱਖੀ ਰਹੇਗੀ ਰਾਜ ਵਿਚ ਤਾਂ ਮਿਹਰ, ਅਤੇ ਸਿੱਖੀ ਜਾਇ ਤਾਂ ਕਹਿਰ ਹੈ।' ਦੇਖਦੇ ਹੀ ਦੇਖਦੇ ਸ਼ਹਿਰ ਸਾਢੌਰਾ ਤਬਾਹ ਬਰਬਾਦ ਹੋ ਗਿਆ। ਨੇੜੇ ਦੇ ਕਿਲ੍ਹੇ ਮੁਖ਼ਲਿਸਗੜ੍ਹ 'ਤੇ ਸਿੰਘਾਂ ਕਬਜ਼ਾ ਕਰ ਲਿਆ।[1]

**ਵਜ਼ੀਰ ਖ਼ਾਨ ਦਾ ਖ਼ਤਰਾ ਅਨੁਭਵ ਕਰਨਾ** : ਸਾਢੌਰੇ ਨੂੰ ਮਾਰ ਕੇ ਬੰਦਾ ਸਿੰਘ ਨੇ ਆਪਣਾ ਧਿਆਨ ਤੇ ਸ਼ਕਤੀ ਕੀਰਤਪੁਰ ਪੁੱਜਣ ਉੱਤੇ ਲਗਾ ਦਿੱਤੀ। ਕੀਰਤਪੁਰ ਤੋਂ ਮਦਦ ਪੁੱਜੇ ਬਗ਼ੈਰ ਸਰਹੰਦ ਨੂੰ ਜ਼ੇਰ ਕਰਨਾ ਕਠਨ ਸੀ। ਕੀਰਤਪੁਰ ਵਿਚ ਘਿਰੇ ਸਿੱਖ ਵੀ ਸਰਹੰਦ ਵੱਲ ਵਧ ਰਹੇ ਸਨ। ਵਜ਼ੀਰ ਖ਼ਾਨ ਖ਼ਤਰੇ ਨੂੰ ਅਨੁਭਵ ਕਰ ਰਿਹਾ ਸੀ ਕਿ ਜੇ ਥੋੜ੍ਹੀ ਜਿਹੀ ਸ਼ਕਤੀ ਨਾਲ ਬੰਦਾ ਸਿੰਘ ਸਮਾਣਾ, ਸਾਢੌਰਾ ਤੇ ਹੋਰ ਕਈ ਸ਼ਹਿਰ ਜਿੱਤ ਸਕਦਾ ਹੈ ਤਾਂ ਦੁਆਬੇ, ਮਾਝੇ ਦੇ ਸਿੰਘਾਂ ਨਾਲ ਮਿਲ ਜਾਣ ਉੱਤੇ ਤਾਂ ਸਰਹੰਦ ਦਾ ਬਚਣਾ ਮੁਸ਼ਕਲ ਹੈ।

ਉਧਰ ਇਹ ਖ਼ਬਰਾਂ ਵੀ ਉੱਡ ਰਹੀਆਂ ਸਨ ਕਿ ਬੰਦਾ ਸਿੰਘ ਨੇ ਕਈ ਵੀਰ ਵੱਸ ਕੀਤੇ ਹੋਏ ਹਨ। ਕੋਈ ਇਹ ਆਖਦਾ ਕਿ ਬੰਦਾ ਸਿੰਘ ਰਸਾਇਣਗਰ ਹੈ, ਜਿਤਨੀ ਮਾਇਆ ਚਾਹੁੰਦਾ ਹੈ, ਤਿਆਰ ਕਰ ਲੈਂਦਾ ਹੈ ਤਾਂ ਹੀ ਤਾਂ ਖੁਲ੍ਹੀ ਵੰਡ ਰਿਹਾ ਹੈ। ਕੋਈ ਕਹੇ ਕਿ ਉਸ ਦੇ ਪੈਰ ਧਰਤੀ 'ਤੇ ਹੀ ਨਹੀਂ ਟਿਕਦੇ। ਉਹ ਤਾਂ ਪਹਿਲਾਂ ਹੀ ਕਾਲਾ ਨਾਗ ਸੀ,

1. ਇਸੇ ਨੂੰ ਪਿੱਛੋਂ ਬਾਬਾ ਬੰਦਾ ਸਿੰਘ ਨੇ ਆਪਣੀ ਪਹਿਲੀ ਰਾਜਧਾਨੀ ਬਣਾਇਆ ਸੀ।

Sri Satguru Jagjit Singh Ji eLibrary NamdhariElibrary@gmail.com

ਹੁਣ ਤਾਂ ਗੁਰੂ ਜੀ ਨੇ ਤੀਰ ਦਿੱਤੇ ਹਨ ਤੇ 'ਫਨੀਅਰ' ਬਣ ਗਿਆ ਹੈ। ਵਜ਼ੀਰ ਖ਼ਾਨ ਨੇ ਜਾਣ ਲਿਆ ਕਿ ਇਹ ਹੋਣੀ ਸਿਰ ਆਈ ਕਿ ਆਈ।

ਉਹ ਬਚਾਉ ਸਿਰਫ਼ ਇਕ ਸੂਰਤ ਵਿਚ ਸਮਝਦਾ ਸੀ ਕਿ ਬੰਦਾ ਸਿੰਘ ਦੀਆਂ ਫ਼ੌਜਾਂ ਕੀਰਤਪੁਰ ਦੇ ਸਿੰਘਾਂ ਨਾਲ ਨਾ ਮਿਲਣ। ਉਸ ਸੰਗਮ ਨੂੰ ਰੋਕਣ ਲਈ ਵਜ਼ੀਰ ਖ਼ਾਨ ਸਿਰ ਤੋੜ ਕੋਸ਼ਿਸ਼ ਕਰ ਰਿਹਾ ਸੀ। ਵਜ਼ੀਰ ਖ਼ਾਨ ਦੀ ਇਸ ਸੋਚਣੀ ਨੂੰ ਫਲ ਲੱਗਦਾ ਨਹੀਂ ਸੀ ਦਿੱਸਦਾ।

ਵਜ਼ੀਰ ਖ਼ਾਨ ਨੇ ਮਲੇਰਕੋਟਲੇ ਦੇ ਸ਼ੇਰ ਮੁਹੰਮਦ ਖ਼ਾਨ ਦੀ ਨਿਯੁਕਤੀ ਕੀਤੀ ਕਿ ਉਹ ਕੀਰਤਪੁਰ ਦੇ ਵਧਦੇ ਹੜ੍ਹ ਨੂੰ ਥੰਮ੍ਹੇ। ਸ਼ੇਰ ਮੁਹੰਮਦ ਖ਼ਾਨ ਨੇ ਆਪਣੇ ਮਸੇਰੇ ਭਰਾ ਖ਼ਿਜ਼ਰ ਖ਼ਾਨ ਅਤੇ ਭਤੀਜਿਆਂ ਨਸ਼ਤਰ ਖ਼ਾਨ, ਮੁਹੰਮਦ ਖ਼ਾਨ ਨਾਲ ਰਲ ਕੇ ਰੋਪੜ ਵਲ ਵਧ ਕੇ ਸਿੰਘਾਂ ਨੂੰ ਠਲ੍ਹ ਪਾਉਣੀ ਚਾਹੀ। ਕੁਝ ਸਮੇਂ ਲਈ ਮਲੇਰ ਕੋਟਲੀਆਂ ਤੇ ਰੰਘੜਾਂ ਨੇ ਰਲਕੇ ਠਲ੍ਹ ਪਾ ਵੀ ਦਿੱਤੀ ਅਤੇ ਇੰਜ ਪ੍ਰਤੀਤ ਹੋਣ ਲੱਗਾ ਕਿ ਸਿੰਘ ਪਿੱਛੇ ਹਟ ਜਾਣਗੇ, ਪਰ ਉਸੇ ਰਾਤ ਇਕ ਤਗੜਾ ਜਥਾ ਬਾਹਰੋਂ ਪੁੱਜ ਗਿਆ। ਸ਼ੇਰ ਮੁਹੰਮਦ ਖ਼ਾਨ ਨੇ ਜਿੱਤ ਦੀ ਖ਼ੁਸ਼ੀ ਮਨਾ ਵੀ ਲਈ ਅਤੇ ਉਸੇ ਖ਼ੁਸ਼ੀ ਵਿਚ ਦੂਜੇ ਦਿਨ ਸਵੇਰੇ ਖ਼ਿਜ਼ਰ ਖ਼ਾਨ ਨੇ ਕੀਰਤਪੁਰ ਤੇ ਹਮਲਾ ਕੀਤਾ ਤੇ ਸਿੰਘਾਂ ਨੂੰ ਹਥਿਆਰ ਸੁੱਟਣ ਲਈ ਲਲਕਾਰਿਆ, ਪਰ ਸਿੰਘ ਜਥੇ ਦੇ ਪਹੁੰਚਣ ਬਾਅਦ ਉਤਸ਼ਾਹ ਵਿਚ ਹੋ ਗਏ ਸਨ। ਦੇਖਦੇ ਹੀ ਦੇਖਦੇ ਇਕ ਸਿੱਖ ਨੇ ਖ਼ਿਜ਼ਰ ਖ਼ਾਨ ਨੂੰ ਗੋਲੀ ਨਾਲ ਵਿੰਨ੍ਹ ਦਿੱਤਾ। ਉਸ ਦੀ ਲਾਸ਼ ਨੂੰ ਖੋਹਣ ਲਈ ਨਸ਼ਤਰ ਖ਼ਾਨ ਤੇ ਮੁਹੰਮਦ ਖ਼ਾਨ ਅੱਗੇ ਵਧੇ, ਪਰ ਉਹ ਵੀ ਢੇਰੀ ਹੋ ਗਏ। ਉਸ ਦਾ ਡਿੱਗਣਾ ਸੀ ਕਿ ਮਲੇਰਕੋਟਲੇ ਦੀਆਂ ਫ਼ੌਜਾਂ ਦਾ ਹੌਸਲਾ ਡਿੱਗ ਪਿਆ। ਸ਼ੇਰ ਮੁਹੰਮਦ ਖ਼ਾਨ ਆਪ ਵੀ ਸਖ਼ਤ ਜ਼ਖਮੀ ਹੋਇਆ, ਪਰ ਬਚ ਗਿਆ।

*"ਬਚਿਓ ਏਕ ਮੁਹੰਮਦੋ ਸ਼ੇਰ ਉਹੀ,*
*ਜਿਸੈ ਹਾਹ ਦਾ ਨਾਅਰਾ ਮਾਰਿਆ ਸਾ।'*

ਉਸ ਸਮੇਂ ਸ਼ੇਰ ਖ਼ਾਨ ਨੇ ਆਹ ਦਾ ਨਾਅਰਾ ਮਾਰਿਆ ਸੀ ਜਦ ਸਾਹਿਬਜ਼ਾਦੇ ਨੀਹਾਂ ਵਿਚ ਚਿਣਵਾਨ ਲਗੇ ਸਨ।

**ਸਿੰਘਾਂ ਦਾ ਅਤੇ ਬਾਬਾ ਬੰਦਾ ਸਿੰਘ ਦਾ ਮਿਲਣਾ** : ਸਿੰਘਾਂ ਨੇ ਵੀ ਉਥੇ ਰੁਕਣਾ ਉਚਿਤ ਨਾ ਸਮਝਿਆ ਤੇ ਵਧ ਕੇ ਬਾਬਾ ਬੰਦਾ ਸਿੰਘ ਜੀ ਨੂੰ ਮਿਲਣ ਵਿਚ ਹੀ ਕਲਿਆਣ ਦੇਖੀ। ਬਾਬਾ ਬੰਦਾ ਸਿੰਘ ਵੀ ਬਨੂੜ ਨੂੰ ਜਿੱਤਣ ਉਪਰੰਤ ਸਿੰਘਾਂ ਦੀ ਉਡੀਕ ਕਰ ਰਹੇ ਸਨ ਅਤੇ ਸੁਨੇਹਾ ਭੇਜਿਆ ਕਿ ਪਹਾੜੋਂ ਦਾਹਿਨੇ ਹੋ ਕੇ ਆ ਜਾਓ। ਦੋਵੇਂ ਫ਼ੌਜਾਂ ਬਨੂੜ ਤੇ ਖਰੜ ਦੇ ਵਿਚਕਾਰ ਮਿਲੀਆਂ। ਬਾਬਾ ਬੰਦਾ ਸਿੰਘ ਦਾ ਸੁਪਨਾ ਸਾਕਾਰ ਹੋ ਗਿਆ। ਅਗਲੀਆਂ ਜਿੱਤਾਂ ਯਕੀਨੀ ਸਨ। ਉਸ ਮਿਲਣੀ ਨੇ ਸਿੱਖਾਂ ਨੂੰ ਇਤਨਾ ਉਤਸ਼ਾਹਤ ਕੀਤਾ ਕਿ "ਜੈਕਾਰੇ ਉੱਤੇ ਜੈਕਾਰਾ ਗਜਾਈ ਜਾਣ।" ਕੜਾਹ ਪ੍ਰਸ਼ਾਦ ਦੇ ਖੁਲ੍ਹੇ ਗੱਫ਼ੇ ਵਰਤਾਏ ਗਏ।[1] ਸਿੰਘਾਂ ਨੂੰ ਬੰਦਾ ਸਿੰਘ ਨੇ ਕਹਿਆ ਕਿ ਉਹ ਸਮਾਂ ਆ ਗਿਆ ਪ੍ਰਤੀਤ ਹੁੰਦਾ ਹੈ ਜਦ ਪਹਿਲਾਂ

---

1. ਪੰਥ ਪ੍ਰਕਾਸ਼--"ਬੰਦੈ ਕੇ ਦਿਲ ਭਯੋ ਉਛਾਹਿ।
ਕਹਯੋ ਬੰਦੈ ਕਰੋ ਸਤਿਗੁਰ ਕੜਾਹੁ।"

Sri Satguru Jagjit Singh Ji eLibrary NamdhariElibrary@gmail.com

ਸਰਹੰਦ ਮਾਰਨੀ ਹੈ ਤੇ ਪਹਾੜਾਂ ਨੂੰ ਜਿੱਤਣਾ ਹੈ।[1]

**ਸਰਹੰਦ ਨੂੰ ਫ਼ਤਹਿ ਕਰਨਾ** : ਵਜ਼ੀਰ ਖ਼ਾਨ ਨੇ ਇਸ ਹੋਏ ਇਕੱਠ ਵਿਚ ਆਪਣਾ ਅੰਤ ਲੁਕਿਆ ਹੋਇਆ ਦੇਖਿਆ।[2] ਉਹ ਹੱਥ ਪੈਰ ਮਾਰਨ ਲੱਗਾ ਕਿ ਕਿਸੇ ਤਰ੍ਹਾਂ ਇਸ ਬਲਾ ਨੂੰ ਟਾਲਿਆ ਜਾ ਸਕੇ। ਵਜ਼ੀਰ ਖ਼ਾਨ ਨੇ ਸਭ ਤੋਂ ਪਹਿਲਾਂ ਸਾਜ਼ਿਸ਼ਾਂ ਦਾ ਸਹਾਰਾ ਲਿਆ। ਉਸ ਸਾਜ਼ਿਸ਼ ਘੜੀ ਕਿ ਕੁਝ ਸਿਪਾਹੀ ਬਾਬਾ ਬੰਦਾ ਸਿੰਘ ਦੀਆਂ ਫ਼ੌਜਾਂ ਨਾਲ ਜਾ ਮਿਲਣ ਤੇ ਮਘਦੀ ਜੰਗ ਵੇਲੇ ਉਸ ਨੂੰ ਛੱਡ ਜਾਣ। ਇਸ ਤਰ੍ਹਾਂ ਯਕਦਮ ਫ਼ੌਜਾਂ ਵਿਚ ਬੇਦਿਲੀ ਛਾ ਜਾਏਗੀ ਤੇ ਜਿੱਤ ਪ੍ਰਾਪਤ ਕਰਨੀ ਆਸਾਨ ਹੋ ਜਾਏਗੀ। ਇਸ ਵਿਉਂਤ ਨੂੰ ਸਿਰੇ ਚਾੜ੍ਹਨ ਲਈ ਵਜ਼ੀਰ ਖ਼ਾਨ ਨੇ ਸੁੱਚਾ ਨੰਦ ਦੇ ਭਤੀਜੇ ਨੂੰ ਇਕ ਹਜ਼ਾਰ ਸਿਪਾਹੀ ਨਾਲ ਲੈ ਜਾਣ ਤੇ ਬਣਾਈ ਵਿਉਂਤ 'ਤੇ ਅਮਲ ਕਰਨ ਲਈ ਕਿਹਾ। ਬੰਦਾ ਸਿੰਘ ਜੀ ਛਲ ਜਾਣਦੇ ਸਨ ਤੇ ਆਉਂਦਿਆਂ ਹੀ ਰੰਘੜਾਂ ਨੂੰ ਕਹਿ ਦਿੱਤਾ ਕਿ ਤੁਹਾਡੇ ਦਿਲ ਸਾਬਤ ਨਹੀਂ। *ਨੌਕਰ ਤਾਂ ਰੱਖ ਲੈਂਦੇ ਹਾਂ, ਮੈਨੂੰ ਦਿਸ ਰਹਿਆ ਹੈ ਕਿ ਤੁਹਾਡੇ ਦਿਲ ਸਾਬਤ ਨਹੀਂ। ਫਿਰ ਮੋਹਰਾਂ ਹੱਥ ਪਕੜਾ ਕੇ ਕਿਹਾ ਕਿ ਯਾਦ ਰੱਖਣਾ :*

***"ਲੂਣ ਖਾਇ ਜੋ ਕਰੇ ਬੁਰਾਈ।***
***ਮਰੈ ਤੁਰਤ ਸੋ ਬਿਨ ਹੀ ਆਈ।"***

ਇਹ ਇਕ ਪਾਸੇ ਤਾਂ ਦੱਸਦਾ ਹੈ ਕਿ ਆਗੂ ਦੇ ਤੌਰ 'ਤੇ ਕਿਤਨੇ ਸੁਚੇਤ ਸਨ ਤੇ ਦੂਜੇ ਪਾਸੇ ਸਰਹੰਦ ਨੂੰ ਮਿਟਾਉਣ ਦਾ ਚਾਅ ਸਿੱਖਾਂ ਵਿਚ ਉਛਾਲੇ ਮਾਰ ਰਿਹਾ ਸੀ। ਸਰਹੰਦ ਦਾ ਨਾਮ ਸੁਣ ਕੇ ਹੀ ਸਿੰਘ ਜੋਸ਼ ਵਿਚ ਆ ਜਾਂਦੇ ਸਨ।[3] ਵਜ਼ੀਰ ਖ਼ਾਨ ਵੀ ਇਹ ਜਾਣਦਾ ਸੀ, ਸੋ ਉਸ ਨੇ ਇਸ ਲੜਾਈ ਨੂੰ ਧਾਰਮਕ ਰੰਗਤ ਦੇਣ ਲਈ ਜਹਾਦ ਦਾ ਨਾਅਰਾ ਲਗਾਇਆ। ਹਾਥੀ, ਤੋਪਾਂ, ਫ਼ੌਜਾਂ ਨੂੰ ਤਿਆਰ ਹੋਣ ਦਾ ਹੁਕਮ ਭੇਜਿਆ। ਦੂਜੇ ਪਾਸੇ ਬੰਦਾ ਸਿੰਘ ਕੋਲ ਤੋਪਾਂ, ਹਾਥੀ ਤਾਂ ਇਕ ਪਾਸੇ ਘੋੜੇ ਵੀ ਗਿਣਤੀ ਦੇ ਸਨ, ਪਰ ਸਿੰਘਾਂ ਦਾ ਜਜ਼ਬਾ ਹਾਥੀਆਂ ਤੇ ਤੋਪਾਂ ਦੇ ਟਾਕਰੇ ਦਾ ਸੀ। ਵਜ਼ੀਰ ਖ਼ਾਨ ਨੇ ਆਪ ਫ਼ੌਜਾਂ ਦੀ ਕਮਾਨ ਸੰਭਾਲ ਲਈ ਅਤੇ ਉਧਰ ਬਾਬਾ ਬੰਦਾ ਸਿੰਘ ਨੇ ਵੀ ਬਾਜ ਸਿੰਘ ਫ਼ਤਿਹ ਸਿੰਘ ਨੂੰ ਖ਼ਾਸ ਹਦਾਇਤ ਦੇ ਕੇ ਟਾਕਰੇ ਲਈ ਭੇਜਿਆ। ਦੋਵਾਂ ਫ਼ੌਜਾਂ ਦਾ ਟਾਕਰਾ ਚਿਪੜ ਚਿੜੀ ਦੇ ਅਸਥਾਨ ਉੱਤੇ ੨੨ ਮਈ ੧੭੧੦ ਨੂੰ ਹੋਇਆ।

**ਚਪੜ ਚਿੜੀ ਦਾ ਜੰਗ** : ਬਾਬਾ ਬੰਦਾ ਸਿੰਘ ਨੇ ਭਾਈ ਫ਼ਤਿਹ ਸਿੰਘ ਅਤੇ ਕਰਮ ਸਿੰਘ ਨੂੰ ਕਮਾਨ ਦੇ ਕੇ, ਆਪੂੰ ਇਕ ਟਿੱਬੇ ਤੇ ਉੱਚੀ ਥਾਂ ਮੱਲ ਲਈ ਤਾਂਕਿ ਸਾਰੀ ਲੜਾਈ ਦਾ ਪੂਰੀ ਤਰ੍ਹਾਂ ਜਾਇਜ਼ਾ ਲੈ ਸਕਣ ਤੇ ਲੋੜ ਵੇਲੇ ਇਮਦਾਦ ਵੀ ਭੇਜੀ ਜਾ ਸਕੇ। ਲੜਾਈ

---

1. ਅਬ ਤੋਂ ਲਈਐ ਬਜੀਰੈ ਮਾਰ।
   ਫੇਰ ਕਰੈਂਗੇ ਪਰਬਤ ਕਾਰ। (ਪ੍ਰਾਚੀਨ ਪੰਥ ਪ੍ਰਕਾਸ਼)
2. ਬਜੀਰੈ ਮਨ ਅਤਿ ਚਿੰਤਾ ਧਾਰੀ।
   ਨਜ਼ੀਕ ਆਈ ਹਮ ਮਰਨੇ ਵਾਰੀ।
3. ਸਰਹੰਦ ਵਿਚ ਹੀ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਜੀ ਤੇ ਬਾਬਾ ਫ਼ਤਹਿ ਸਿੰਘ ਜੀ ਦੀਵਾਰਾਂ ਵਿਚ ਚਿਣਵਾਏ ਗਏ ਸਨ। ਇਹ ਸ਼ਹਾਦਤ ਲਹੂ ਗਰਮਾਉਣ ਲਈ ਕਾਫ਼ੀ ਸੀ। ਸਾਰੀ ਘਟਨਾ ਲਈ ਦੇਖੋ "ਸਾਡਾ ਇਤਿਹਾਸ" ਭਾਗ ਪਹਿਲਾ, ਪੰਨਾ ੩੭੫-੩੭੭

Sri Satguru Jagjit Singh Ji eLibrary NamdhariElibrary@gmail.com

ਅਰੰਭ ਵੇਲੇ ਹੀ ਗਹਿਗੱਚ ਹੋ ਗਈ। 'ਗੋਲੀ ਬਰਸੇ ਜੈਸੇ ਮੇਹ।' ਸੁੱਚਾ ਨੰਦ ਦੇ ਭਤੀਜੇ ਅਤੇ ਇਕ ਹਜ਼ਾਰ ਰੰਘੜਾਂ ਨੇ ਨੱਸਣਾ ਸ਼ੁਰੂ ਕਰ ਦਿੱਤਾ। ਬੰਦਾ ਸਿੰਘ ਨੇ ਸਮਾਂ ਸਾਂਭਣ ਲਈ ਆਪ ਕਮਾਨ ਸੰਭਾਲ ਲਈ। ਬਾਬਾ ਬੰਦਾ ਸਿੰਘ ਦੇ ਟਿੱਬੀ ਤੋਂ ਉਤਰਨ ਕਰ ਕੇ ਸਿੰਘਾਂ ਵਿਚ ਘਬਰਾਹਟ ਨਾ ਪਈ, ਪਰ ਫਿਰ ਵੀ ਉਹ ਲੋਕੀਂ ਜੋ ਲੁੱਟ ਮਾਰ ਦੇ ਖ਼ਿਆਲ ਨਾਲ ਬੰਦਾ ਸਿੰਘ ਦੀਆਂ ਫ਼ੌਜਾਂ ਵਿਚ ਸ਼ਾਮਲ ਹੋਏ ਸਨ, ਭੱਜ ਗਏ। ਸਿੱਖ ਕਾਫ਼ੀ ਗਿਣਤੀ ਵਿਚ ਮੈਦਾਨ ਵਿਚ ਸ਼ਹੀਦ ਹੋਣ ਲੱਗੇ। ਬਾਬਾ ਜੀ ਜਿਥੇ ਵੀ ਕਿਸੇ ਦਾ ਪੈਰ ਖਿਸਕਦਾ ਦੇਖਦੇ, ਪੁੱਜਦੇ ਅਤੇ ਕਿਸੇ ਨੂੰ ਕਹਿੰਦੇ, 'ਇਕ ਪਹਿਰ ਤੁਮ ਤਕੜੇ ਰਹਯੋਂ, ਜਿੱਤ ਪੈਰ ਚੁੰਮੇਗੀ' ਅਤੇ ਕਿਸੇ ਦਾ ਹੌਂਸਲਾ ਵਧਾ ਕੇ ਆਖਦੇ : 'ਤੁਮ ਘੜੀਆਂ ਚਾਰ ਲੜਾਓ ; ਜਿੱਤ ਸਾਹਮਣੇ ਖੜ੍ਹੀ ਹੈ।'

ਵਜ਼ੀਰ ਖ਼ਾਨ ਨੇ ਬਾਜ ਸਿੰਘ ਨੂੰ ਲਲਕਾਰਦੇ ਹੋਏ ਕਿਹਾ : ''ਉਹ ਸਗਾ [1], ਤਿਆਰ ਹੋ।'' ਬਾਜ ਸਿੰਘ ਨੇ ਕਰਾਰੇ ਹੱਥ ਦਿਖਾਏ, ਪਰ ਵਜ਼ੀਰ ਖ਼ਾਨ ਨੇ ਉਹਨਾਂ 'ਤੇ ਨੇਜ਼ੇ ਦਾ ਇਕ ਭਰਵਾਂ ਸਿੱਧਾ ਵਾਰ ਕੀਤਾ। ਬਾਜ ਸਿੰਘ ਨੇ ਉਸੇ ਹੀ ਨੇਜ਼ੇ ਨੂੰ ਪਕੜ ਮੋੜਵਾਂ ਐਸਾ ਵਾਰ ਕੀਤਾ ਕਿ ਵਜ਼ੀਰ ਖ਼ਾਂ ਦੇ ਘੋੜੇ ਦੇ ਮੱਥੇ ਤੇ ਲੱਗਾ। ਵਜ਼ੀਰ ਖ਼ਾਨ ਨੇ ਤੀਰ ਚਲਾਇਆ ਜੋ ਬਾਜ ਸਿੰਘ ਦੇ ਬਾਜ਼ੂ ਨੂੰ ਚੀਰ ਗਿਆ। ਨੇੜੇ ਹੀ ਸੀ ਕਿ ਬਾਜ ਸਿੰਘ ਸ਼ਹੀਦ ਹੋ ਜਾਂਦਾ ਕਿ ਫ਼ਤਿਹ ਸਿੰਘ ਨੇ ਇਕ ਝਟਕੇ ਨਾਲ ਹੀ ਵਜ਼ੀਰ ਖ਼ਾਨ ਨੂੰ ਥਾਂ ਹੀ ਮਾਰ ਦਿੱਤਾ। ਵਜ਼ੀਰ ਖ਼ਾਨ ਦਾ ਮਰਨਾ ਸੀ ਕਿ ਉਸ ਦੀਆਂ ਫ਼ੌਜਾਂ ਵਿਚ ਭਾਜੜ ਪੈ ਗਈ ਤੇ ਫ਼ੌਜਾਂ ਦੇ ਨੱਸਦਿਆਂ ਵਾਰੀ ਵੀ ਨਾ ਆਈ।

*ਦੇਖੋ ਕਲਾ ਪ੍ਰਭੂ ਕੀ ਨਯਾਰੀ।*
*ਜਿਤੈ ਫਕੀਰ, ਸ਼ਾਹਿ ਜਾਇ ਹਾਰੀ।*

ਜੈਕਾਰਿਆਂ ਦੀ ਆਵਾਜ਼ ਨਾਲ ਮੈਦਾਨ ਗੂੰਜ ਉੱਠਿਆ ਤੇ ਸਿੱਖਾਂ ਸਰਹੰਦ ਵੱਲ ਧਾਵਾ ਬੋਲ ਦਿੱਤਾ। ਸਰਹੰਦ ਵਿਚ ਟਿਕੀ ਫ਼ੌਜ ਵੀ ਬਹੁਤ ਦੇਰ ਟਾਕਰਾ ਨਾ ਕਰ ਸਕੀ ਤੇ ਸਿੱਖ ਜੇਤੂ ਦੀ ਸ਼ਕਲ ਵਿਚ ੨੪ ਮਈ, ੧੭੧੦ ਨੂੰ ਸ਼ਹਿਰ ਵਿਚ ਜਾ ਦਾਖ਼ਲ ਹੋਏ।

**ਸਰਹੰਦ ਨੂੰ ਉਜਾੜਨਾ :** ਜੋ ਸਰਹੰਦ ਨਾਲ ਬੀਤੀ ਉਹ ਇਕ ਵੱਖਰਾ ਕਾਂਡ ਹੈ। ਸਰਹੰਦ ਵਿਚ ਇਕ ਵੀ ਜੀਵ ਐਸਾ ਨਹੀਂ ਸੀ ਜਿਸ ਨੂੰ ਮਾਰਿਆ, ਲੁੱਟਿਆ ਜਾਂ ਘਾਇਲ ਨਾ ਕੀਤਾ ਗਿਆ ਹੋਵੇ। ਸਰਹੰਦ ਨੇ ਆਪਣੇ ਕੀਤੇ ਦੀ ਸਜ਼ਾ ਪਾਈ। ਸਰਹੰਦ ਦੀ ਸੱਚ ਮੁੱਚ ਹੀ ਇੱਟ ਨਾਲ ਇੱਟ ਵਜਾ ਦਿੱਤੀ ਗਈ। ਵਜ਼ੀਰ ਖ਼ਾਨ ਦਾ ਵੱਡਾ ਪੁੱਤਰ ਦਿੱਲੀ ਉਠ ਭੱਜਿਆ। ਸੁੱਚਾ ਨੰਦ ਦਾ ਘਰ ਢਹਿ ਢੇਰੀ ਕਰ ਦਿੱਤਾ ਗਿਆ। ਇਸ ਸਬੰਧੀ ਮੁਹੰਮਦ ਕਾਸਮ ਨੇ ਢੁਕਵਾਂ ਲਿਖਿਆ ਹੈ :

''ਸੁੱਚਾ ਨੰਦ ਦੀ ਹਵੇਲੀ ਜੋ ਕੁਝ ਪਿਆ ਸੀ, ਸਭ ਕੁਝ ਲੁੱਟਿਆ ਗਿਆ। ਇੰਜ ਪ੍ਰਤੀਤ ਹੁੰਦਾ ਸੀ ਕਿ ਸਭ ਕੁਝ ਉਸ ਦਿਨ ਲਈ ਹੀ ਇਕੱਠਾ ਕੀਤਾ ਗਿਆ ਸੀ। ਮੈਨੂੰ ਨਜ਼ਦੀਕੀ ਹਲਕਿਆਂ ਤੋਂ ਪਤਾ ਲੱਗਾ ਹੈ ਕਿ ਵਜ਼ੀਰ ਖਾਨ ਦੇ ਵੇਲੇ ਕੋਈ ਐਸਾ ਜ਼ੁਲਮ ਨਹੀਂ ਸੀ ਜੋ ਇਸ ਨੇ ਗ਼ਰੀਬ ਪਰਜਾ ਉੱਤੇ ਨਾ ਢਾਹਿਆ ਹੋਵੇ ਅਤੇ ਹੁਣ ਕੋਈ ਐਸਾ

1. ਕੁੱਤੇ।

ਬੀਜ (ਜ਼ੁਲਮ ਕਰਨ ਦਾ) ਨਹੀਂ ਸੀ ਜਿਸ ਨੂੰ ਫਲ ਨਾ ਲੱਗਾ ਹੋਵੇ। ਜਿਹਾ ਬੀਜਿਆ ਗਿਆ ਉਹ ਹੀ ਵੱਢਣਾ ਅੱਗੇ ਆਇਆ।''

ਸਰਹੰਦ ਦਾ ਖੁਰਾ ਖੋਜ[1] ਉਸ ਦਿਨ ਹੀ ਮਿਟ ਜਾਂਦਾ ਜੇ ਹਿੰਦੂ ਵਸਨੀਕ 'ਤਰਸ ਕਰੋ' ਦੀ ਫ਼ਰਿਆਦ ਲੈ ਕੇ ਬਾਬਾ ਬੰਦਾ ਸਿੰਘ ਕੋਲ ਨਾ ਪੁੱਜਦੇ। ਬਾਬਾ ਬੰਦਾ ਸਿੰਘ ਨੇ ਸਖ਼ਤੀ ਨਾਲ ਹੁਕਮ ਭੇਜੇ ਕਿ ਲੁੱਟ ਤੇ ਕਤਲੇਆਮ ਬੰਦ ਕੀਤੀ ਜਾਏ।[1]

**ਰਾਜ-ਪ੍ਰਬੰਧ :** ਬਾਬਾ ਬੰਦਾ ਸਿੰਘ ਨੇ ਭਾਈ ਬਾਜ ਸਿੰਘ ਨੂੰ ਸਰਹੰਦ ਦਾ ਸੂਬੇਦਾਰ ਨਿਯਤ ਕੀਤਾ। ਭਾਈ ਆਲੀ ਸਿੰਘ [2] ਨੂੰ ਨਾਇਬ ਥਾਪਿਆ ਗਿਆ। ਭਾਈ ਫ਼ਤਿਹ ਸਿੰਘ ਨੂੰ ਸਮਾਣਾ ਦਾ ਹੀ ਗਵਰਨਰ ਰਹਿਣ ਦਿੱਤਾ ਗਿਆ। ਥਾਨੇਸਰ ਦੀ ਸੂਬੇਦਾਰੀ ਰਾਮ ਸਿੰਘ ਨੂੰ ਸੌਂਪੀ ਗਈ। ਸਰਹੰਦ ਇਕ ਐਸਾ ਕੇਂਦਰ ਸੀ ਜਿਥੋਂ ਚਾਰੇ ਪਾਸੇ ਮਾਰ ਤੇ ਦੇਖ ਭਾਲ ਹੋ ਸਕਦੀ ਸੀ। ਸਰਹੰਦ ਦੀ ਜਿੱਤ ਨੇ ਸਿੱਖਾਂ ਦਾ ਰੁਹਬ ਅਤੇ ਦਬਦਬਾ ਸਾਰੇ ਪੰਜਾਬ ਵਿਚ ਬਿਠਾ ਦਿੱਤਾ। ਛੋਟੇ-ਛੋਟੇ ਜ਼ਿਮੀਂਦਾਰਾਂ, ਫ਼ੌਜਦਾਰਾਂ, ਚੌਧਰੀਆਂ ਤੇ ਨਾਜ਼ਮਾਂ ਨੇ ਈਨ ਮੰਨਣ ਵਿਚ ਹੀ ਨਜਾਤ ਸਮਝੀ। ਕਈਆਂ ਨੇ ਸਿੱਖ ਧਰਮ ਧਾਰਨ ਕਰ ਲਿਆ, ਜਿਨ੍ਹਾਂ ਵਿਚ ਦੀਨਦਾਰ ਖ਼ਾਨ[3] ਤੇ ਮੀਰ ਨਾਸਰ ਖ਼ਾਨ[4] ਦੇ ਨਾਮ ਵਰਨਣਯੋਗ ਹਨ।

**ਰਾਮਰਾਈਆਂ ਨੂੰ ਸੋਧਣਾ :** ਸਾਰੇ ਪਾਸੇ ਇਹ ਹੀ ਦੋਹੀ ਫਿਰ ਗਈ ਕਿ ਸਦੀਆਂ ਤੋਂ ਹੋ ਰਹੇ ਜ਼ੁਲਮਾਂ ਤੋਂ ਨਜਾਤ ਦਿਵਾਉਣ ਲਈ ਬਾਬਾ ਬੰਦਾ ਸਿੰਘ ਆ ਪੁੱਜਾ ਹੈ। ਜਦ ਬੰਦਾ ਸਿੰਘ ਜੀ ਨੂੰ ਪਾਇਲ ਦੇ ਨੇੜੇ ਘੁੜਾਣੀ ਦੇ ਰਾਮਰਾਈਆਂ[5] ਦੀਆਂ ਕਰਤੂਤਾਂ ਦਾ ਪਤਾ ਲੱਗਾ ਕਿ ਉਹ ਸਿੱਖਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਸਿੱਖ ਹੋਣ ਦੇ ਨਾਤੇ ਤੰਗ ਕਰ ਰਹੇ ਹਨ। ''ਕਰੈ ਮਸ਼ਕਰੀ ਖਾਲਸੈ ਖਿਝਾਵੈਂ।'' ਇਥੋਂ ਤਕ ਕਿ ਅਰਦਾਸ ਕਰਦੇ ਭਾਈ ਬੁਲਾਕਾ ਸਿੰਘ ਦੀ ਬੇ-ਇੱਜ਼ਤੀ ਕੀਤੀ ਹੈ ਤੇ ਦੁਤਾਰਾ ਵੀ ਭੰਨ ਦਿੱਤਾ ਹੈ ਤੇ ਕਹਿੰਦੇ ਹਨ

---

1. ਸਰਹੰਦ ਦਾ ਖੁਰਾ ਖੋਜ ਮੁਕਾਉਣ ਦਾ ਪ੍ਰਣ ਸਿੰਘਾਂ ਅਕਾਲ ਤਖ਼ਤ ਉੱਤੇ ਅਰਦਾਸ ਕਰਕੇ ਕੀਤਾ ਸੀ। ਜਦ ਬਾਬਾ ਬੰਦਾ ਸਿੰਘ ਨੇ ਹੁਕਮਨ ਤਬਾਹੀ ਕਰਨ ਤੋਂ ਰੋਕ ਦਿੱਤਾ ਤਾਂ ਕੁਝ ਸਿੰਘਾਂ ਨੇ ਰੋਸ ਵੀ ਮਨਾਇਆ। ਪਿੱਛੋਂ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਦੇ ਹਿੱਸੇ ਆਇਆ ਹੈ ਕਿ ਉਹ ਸਰਹੰਦ ਨੂੰ ੧੭੬੩ ਵਿਚ ਮਿੱਟੀ ਨਾਲ ਮਿਲਾਉਣ।
2. ਜੋ ਸਰਹੰਦ ਸੂਬੇ ਦੀ ਕੈਦ ਤੋਂ ਭੱਜ ਕੇ ਬਾਬਾ ਬੰਦਾ ਸਿੰਘ ਨੂੰ ਮਾਲੀ ਸਿੰਘ ਨਾਲ ਜਾ ਰਲੇ ਸਨ। ਆਲੀ ਸਿੰਘ ਦੇ ਦੋ ਬੇਟੇ ਸ਼ਹੀਦ ਹੋ ਗਏ ਸਨ ਤਾਂ ਕਿਹਾ ਸੀ :

   ਹਮਰੇ ਸੁਤ ਕਹਿ ਕਿਨੈ ਮਰਾਏ।
   ਮਰੇ ਸੁ ਆਪਨੀ ਉਮਰ ਬਿਤਾਏ।

   ਹੌਸਲਾ ਦੇਖ ਕੇ ਬਾਬਾ ਜੀ ਨੇ ਪੰਜਾਂ ਸਿੰਘਾਂ ਕੋਲੋਂ ਅਰਦਾਸ ਕਰਵਾਈ ਸੀ ਅਤੇ ਦੋ ਪੁੱਤਰਾਂ ਦੀ ਦਾਤ ਫਿਰ ਮਿਲੀ ਸੀ।
3. ਸਰਹੰਦ ਲਾਗੇ ਪਿੰਡ ਦਾ ਫ਼ੌਜਦਾਰ ਸੀ।
4. ਵਜ਼ੀਰ ਖ਼ਾਨ ਦਾ ਰਿਕਾਰਡ ਕੀਪਰ ਸੀ।
5. ਗੁਰੂ ਹਰਿ ਰਾਇ ਜੀ ਦੇ ਵੱਡੇ ਪੁੱਤਰ ਬਾਬਾ ਰਾਮਰਾਇ ਨੂੰ ਆਗੂ ਮੰਨਣ ਵਾਲੇ। ਬਾਬਾ ਰਾਮਰਾਇ ਜੀ ਔਰੰਗਜ਼ੇਬ ਦੀ ਖ਼ੁਸ਼ਾਮਦ ਕਰਨ ਲੱਗ ਪਏ ਸਨ ਤੇ ਗੁਰੂ ਜੀ ਨੇ ਬੁਰਾ ਮਨਾਇਆ ਸੀ। ਜਦ ਰਾਮ ਰਾਇ ਨੇ ਗੁਰਬਾਣੀ ਦੀ ਤੁਕ 'ਮਿੱਟੀ ਮੁਸਲਮਾਨ ਕੀ' ਨੂੰ ਖ਼ੁਸ਼ਾਮਦ ਵਿਚ ਆ ਕੇ ਬਦਲਾ ਦਿੱਤਾ ਤਾਂ ਗੁਰੂ ਜੀ ਨੇ ਹੁਕਮ ਦਿੱਤਾ ਕਿ 'ਰਾਮਰਾਇ ਮਥੇ ਨਾ ਲਗੋ'। ਉਸ ਸਮੇਂ ਤੋਂ ਹੀ ਰਾਮ ਰਾਇ ਜੀ ਦਾ ਪੱਖ ਕਰਨ ਵਾਲੇ ਗੁਰੂ ਘਰ ਨਾਲ ਵਿਰੋਧ ਕਰਦੇ ਆ ਰਹੇ ਸਨ।

Sri Satguru Jagjit Singh Ji eLibrary NamdhariElibrary@gmail.com

ਕਿ ਹੁਣ ਤਾਂ 'ਬੋਲ ਵਾਹਿਗੁਰੂ' ਕਹਿਣਾ ਬੰਦ ਕਰੇ ਜਦ ਕੋਲ ਕੁਝ ਨਹੀਂ ਰਹਿਆ। ''ਪੁਤ੍ਰ ਮੁਏ, ਆਪੈ ਮੁਯੋ, ਅਬ ਮੁਯੋ ਨ ਵਾਹਿਗੁਰੂ ਬੋਲ।'' ਤਾਂ ਬੰਦਾ ਸਿੰਘ ਪਾਇਲ ਦੇ ਰਾਮਰਾਈਆਂ ਨੂੰ ਸੋਧਣ ਲਈ ਟੁਰ ਪਏ। ਰਾਮਰਾਈਏ ਅਤੇ ਮਸੰਦਾਂ ਨੂੰ ਸਜ਼ਾ ਦੇ ਕੇ ਉਥੇ ਆਪਣੀ ਚੌਂਕੀ ਵੀ ਨੀਯਤ ਕਰ ਦਿੱਤੀ ਤਾਂਕਿ ਬਾਅਦ ਵਿਚ ਕੋਈ ਸ਼ਰਾਰਤ ਨਾ ਕਰ ਸਕੇ। ਉਥੇ ਹੀ ਧਰਮਕੋਟ ਤੇ ਹੋਰ ਥਾਵਾਂ ਤੇ ਚੌਧਰੀਆਂ ਨੇ ਨਜ਼ਰਾਨੇ ਭੇਟ ਕੀਤੇ। ਬੰਦਾ ਸਿੰਘ ਦਾ ਅਗਲਾ ਨਿਸ਼ਾਨਾ ਮਲੇਰ ਕੋਟਲਾ ਸੀ।

**ਮਲੇਰ ਕੋਟਲੇ ਉੱਤੇ ਹਮਲਾ** : ਪਾਇਲ ਹੀ ਬਾਬਾ ਬੰਦਾ ਸਿੰਘ ਬਹਾਦਰ ਨੂੰ ਇਹ ਖ਼ਬਰ ਮਿਲੀ ਕਿ ਮਲੇਰ ਕੋਟਲੇ ਦੇ ਪਿਛਲੇ ਨਵਾਬ ਸ਼ੇਰ ਮੁਹੰਮਦ ਖ਼ਾਨ ਨੇ ਬੀਬੀ ਅਨੂਪ ਕੌਰ [1] ਨੂੰ ਸਿੱਖ ਰਹੁ-ਰੀਤੀ ਦੇ ਉਲਟ ਦਫ਼ਨ ਕਰ ਦਿੱਤਾ ਸੀ। ਉਹ ਬਹਾਦਰ ਬੀਬੀ ਸਰਸਾ ਦੀ ਜੰਗ ਸਮੇਂ ਸ਼ੇਰ ਮੁਹੰਮਦ ਖ਼ਾਨ ਦੇ ਹੱਥ ਆ ਗਈ ਸੀ।

ਸ਼ੇਰ ਮੁਹੰਮਦ ਖ਼ਾਨ ਚਮਕੌਰ ਤੋਂ ਅਨੂਪ ਕੌਰ ਨੂੰ ਮਲੇਰ ਕੋਟਲੇ ਮਹੱਲਾਂ ਵਿਚ ਲੈ ਗਿਆ ਤੇ ਸਤਿ ਭੰਗ ਕਰਨਾ ਚਾਹਿਆ, ਪਰ ਸਤਵੰਤੀ ਬੀਬੀ ਅਨੂਪ ਕੌਰ ਜੀ ਆਪਣੀ ਜਾਨ 'ਤੇ ਖੇਡ ਗਈ ਤੇ ਇੱਜ਼ਤ ਬਚਾ ਲਈ। ਇਹ ਜਾਣ ਕੇ ਕਿ ਬਦਨਾਮੀ ਨਾ ਹੋਵੇ, ਚੁੱਪ ਚੁਪੀਤੇ ਹੀ ਬੀਬੀ ਨੂੰ ਮਹੱਲਾਂ ਲਾਗੇ ਹੀ ਸ਼ੇਰ ਮੁਹੰਮਦ ਨੇ ਦਫ਼ਨਾ ਦਿੱਤਾ। ਜਦ ਬਾਬਾ ਬੰਦਾ ਸਿੰਘ ਨੂੰ ਸਾਰੀ ਘਟਨਾ ਦਾ ਪਤਾ ਲੱਗਾ ਤਾਂ ਉਨ੍ਹਾਂ ਬੀਬੀ ਅਨੂਪ ਕੌਰ ਦਾ ਸਿੱਖ ਰਹੁ-ਰੀਤੀ ਨਾਲ ਸਸਕਾਰ ਕਰਨਾ ਯੋਗ ਸਮਝਿਆ। ਦੂਜੇ ਪਾਸੇ ਇਸੇ ਸ਼ੇਰ ਮੁਹੰਮਦ ਖ਼ਾਨ ਨੇ ਭਰੀ ਕਚਹਿਰੀ ਵਿਚ ਸਾਹਿਬਜ਼ਾਦਿਆਂ ਨੂੰ ਦੀਵਾਰਾਂ ਵਿਚ ਚਿਣਾਏ ਜਾਣ ਵੇਲੇ ਆਹ ਦਾ ਨਾਅਰਾ ਮਾਰਿਆ ਸੀ, ਜਿਸ ਦੀ ਯਾਦ ਅਜੇ ਸਿੰਘਾਂ ਦੇ ਮਨਾਂ ਵਿਚ ਤਾਜ਼ਾ ਸੀ।[2] ਇਕ ਪੁਰਾਣੇ ਸੇਵਕ ਭਾਈ ਕਿਸ਼ਨ ਦਾਸ ਜੀ ਨੇ ਇਹ ਵਰ ਵੀ ਮੰਗ ਲਿਆ ਸੀ ਕਿ 'ਦੁਖ ਦੇਹ ਨ ਲੋਗਾ।' ਮਲੇਰ ਕੋਟਲੇ ਨੂੰ ਨੁਕਸਾਨ ਵੀ ਨਾ ਪੁੱਜੇ ਤੇ ਬੀਬੀ ਅਨੂਪ ਕੌਰ ਦਾ ਸਸਕਾਰ ਵੀ ਹੋ ਜਾਏ। ਇਸ ਇੱਛਾ ਨਾਲ ਬਾਬਾ ਬੰਦਾ ਸਿੰਘ ਨੇ ਧਾਵਾ ਬੋਲ ਦਿੱਤਾ। ਮਲੇਰ ਕੋਟਲੇ ਨੂੰ ਜਿੱਤਣ ਉਪਰੰਤ ਕਰੜੇ ਹੁਕਮ ਰਾਹੀਂ ਸ਼ਹਿਰ ਨੂੰ ਲੁੱਟਣ ਜਾਂ ਸ਼ਹਿਰ ਨਿਵਾਸੀਆਂ ਉੱਤੇ ਹੱਥ ਉਠਾਉਣ ਦੀ ਮਨਾਹੀ ਕਰ ਦਿੱਤੀ। ਕਾਫ਼ੀ ਕਬਰਾਂ ਫਰੋਲਣ ਪਿੱਛੋਂ ਅਨੂਪ ਕੌਰ ਦੀ ਕਬਰ ਮਿਲ ਸਕੀ ਅਤੇ ਬਾਬਾ ਬੰਦਾ ਸਿੰਘ ਨੇ ਸਿੱਖ ਰਹੁ-ਰੀਤੀ ਨਾਲ ਸਸਕਾਰ ਕਰਾ ਕੇ ਰਾਇਕੋਟ ਵਲ ਚਾਲੇ ਪਾ ਦਿੱਤੇ।

ਇਨ੍ਹਾਂ ਕਬਰਾਂ ਦੇ ਫਰੋਲਣ ਦੇ ਮੁਆਮਲੇ ਨੂੰ ਲੈ ਕੇ ਹੀ ਮੁਸਲਮਾਨ ਇਤਿਹਾਸਕਾਰਾਂ ਨੇ ਬਾਬਾ ਬੰਦਾ ਸਿੰਘ ਦੇ ਜ਼ੁਲਮਾਂ ਦੀ ਭਿਆਨਕ ਤਸਵੀਰ ਖਿੱਚੀ ਹੈ। ਖਾਫ਼ੀ ਖ਼ਾਨ ਨੇ ਤਾਂ ਬੰਦਾ ਸਿੰਘ ਨੂੰ ਇਕ ਦਰਿੰਦੇ ਦੇ ਤੌਰ ਉੱਤੇ ਪੇਸ਼ ਕੀਤਾ ਹੈ। ਗੱਲ ਇਹ ਹੈ ਕਿ ਸਾਰੇ

---

1. ਗੁਰੂ ਗੋਬਿੰਦ ਸਿੰਘ ਜੀ ਦੇ ਮਹਿਲਾਂ ਦੀ ਟਹਿਲਣ ਸੀ।
2. ਸਿੱਖਾਂ ਦਾ ਸੁਭਾਅ ਹੈ ਕਿ ਮਜ਼ਲੂਮ ਲਈ ਭਰੀ ਗਈ ਆਹ ਦਾ ਵੀ ਸਤਿਕਾਰ ਕਰਦਾ ਹੈ। ੧੯੪੭ ਦੇ ਬਟਵਾਰੇ ਸਮੇਂ ਵੀ ਜਦ ਕੋਈ ਮੁਸਲਮਾਨ ਮਲੇਰ ਕੋਟਲੇ ਦਾ ਰਹਿਣ ਵਾਲਾ ਸਾਬਤ ਕਰ ਦਿੰਦਾ ਸੀ ਤਾਂ ਸਿੱਖ ਉਸ ਨੂੰ ਕੁਝ ਨਹੀਂ ਸਨ ਕਹਿੰਦੇ। ਗਾਂਧੀ ਜੀ ਨੇ ਵੀ ਅੱਜ ਦੇ ਨਵਾਬ ਮਲੇਰ ਕੋਟਲੇ ਨਾਲ ਗੱਲ ਬਾਤ ਕਰਦੇ ਹੋਏ ਕਿਹਾ ਸੀ, "ਮੇਰੇ ਹਿੰਦੁਸਤਾਨ ਦਾ ਸੁਪਨਾ ਮਲੇਰ ਕੋਟਲੇ ਵਿਚ ਮੂਰਤੀਮਾਨ ਹੁੰਦਾ ਦਿਖਾਈ ਦਿੰਦਾ ਹੈ।" Last Phase By Pyare Lal.

Sri Satguru Jagjit Singh Ji eLibrary NamdhariElibrary@gmail.com

ਹੀ ਇਤਿਹਾਸਕਾਰ ਬੀਬੀ ਅਨੂਪ ਕੌਰ ਦੇ ਸਾਕੇ ਨੂੰ ਛੁਪਾਂਦੇ ਰਹੇ ਹਨ। ਬੰਦਾ ਸਿੰਘ ਜੀ ਨੇ ਕਿਸੇ ਹੋਰ ਥਾਂਵੇਂ ਦੀਆਂ ਹੋਰਾਂ ਕਬਰਾਂ ਜਾਂ ਮਸਜਿਦਾਂ ਨੂੰ ਕੁਝ ਨਹੀਂ ਕਿਹਾ। ਬੀਬੀ ਅਨੂਪ ਕੌਰ ਦੀ 'ਕਬਰ' ਲੱਭਣੀ ਜ਼ਰੂਰੀ ਸੀ। ਬਾਬਾ ਬੰਦਾ ਸਿੰਘ ਇਕ ਜਜ਼ਬਾਤੀ ਇਨਸਾਨ ਸਨ ਜਿਨ੍ਹਾਂ ਦਾ ਜਜ਼ਬਾ ਓੜਕਾਂ ਦਾ ਸੀ।

ਰਾਇਕੋਟ ਨੂੰ ਜਿੱਤ ਕੇ ਬੰਦਾ ਸਿੰਘ ਵਾਪਸ ਸਰਹੰਦ ਮੁੜੇ।

**ਸਰਹੰਦ ਵਿਚ ਕੁਝ ਸਮਾਂ :** ਸਰਹੰਦ ਨੂੰ ਟਿਕਾਣਾ ਬਣਾ ਕੇ ਬੰਦਾ ਸਿੰਘ ਅਗਲੀ ਵਿਉਂਤ ਬਣਾਉਣ ਲੱਗੇ। ਹਿਸਾਰ, ਕੈਥਲ, ਜੀਂਦ, ਮੂਣਕ, ਕਰਨਾਲ ਤਕ ਜ਼ੋਰ ਕੀਤਾ ਅਤੇ ਖ਼ਾਸ ਕਰ ਪਾਨੀਪਤ ਛਾਉਣੀ ਪਾਈ ਤੇ ਝੰਡੇ ਗੱਡੇ ਤਾਕਿ 'ਤੁਰਕ ਫ਼ੌਜ ਕੋਊ ਲੰਘ ਨ ਪਾਏ।' ਪਹਿਲਾ ਕੰਮ ਬੰਦਾ ਸਿੰਘ ਨੇ ਇਹ ਕੀਤਾ ਕਿ ਪਾਤਸ਼ਾਹੀ ਉਗਰਾਹੀ ਹਟਾ ਦਿੱਤੀ। ਜੋ ਆਕੀ ਸਨ, ਉਨ੍ਹਾਂ ਨੂੰ ਪਕੜ ਮੰਗਵਾਇਆ ਤੇ ਜਿੱਥੇ ਵੀ ਲੋੜ ਭਾਸਦੀ, ਪੁੱਜ ਜਾਂਦੇ।

ਪੁਰਾਣੇ ਕਿਲ੍ਹਿਆਂ ਦੀ ਰਾਖੀ ਦੇ ਪ੍ਰਬੰਧ ਕੀਤੇ, ਕਈ ਵਾਰੀ ਇਕੱਲੇ ਹੀ ਟੁਰ ਜਾਂਦੇ। ਸਭ ਦੇ ਦੁਖੜੇ ਸੁਣਦੇ ਤੇ ਦਰਦ ਵੰਡਾਂਦੇ। ਸਭ ਨਾਲ ਪਿਆਰ ਤੇ ਸਭ ਦਾ ਖ਼ਿਆਲ ਰੱਖਦੇ। ਕਈ ਕਈ ਰਾਤਾਂ ਸੌਂਦੇ ਨਹੀਂ ਸਨ। ਦੂਰਦਰਸ਼ੀ ਸਨ। ਕਾਬਲ ਤੱਕ ਭੈ ਪਿਆ ਤੇ ਅਸਲਮ ਖ਼ਾਨ ਲਾਹੌਰ ਦਾ ਨਵਾਬ ਤਾਂ ਸ਼ਹਿਰੋਂ ਬਾਹਰ ਹੀ ਨਹੀਂ ਸੀ ਜਾਂਦਾ। ਫ਼ੈਲ ਇਹ ਗਈ ਸੀ ਗੱਲ ਕਿ 'ਬੰਦਾ ਸਿੰਘ ਬੁਰੀ ਬਲਾਇ।'

ਗੁਰੂ ਗੋਬਿੰਦ ਸਿੰਘ ਜੀ ਦੇ ਕਹੇ ਹੋਏ ਬਚਨ ਬਾਬਾ ਜੀ ਨੂੰ ਯਾਦ ਸਨ ਕਿ ਸੰਗਤ ਦਾ ਸਤਿਕਾਰ ਤੇ ਆਪਣੇ ਆਪ ਨੂੰ ਸੇਵਾਦਾਰ ਸਮਝਣਾ। ਉਸ ਹੁਕਮ ਨੂੰ ਮੁੱਖ ਰੱਖਦਿਆਂ ਹੋਇਆਂ ਬੰਦਾ ਸਿੰਘ ਨੇ ਗੁਰੂ ਨਾਨਕ–ਗੋਬਿੰਦ ਸਿੰਘ ਜੀ ਦੇ ਨਾਮ ਦੇ ਸਿੱਕੇ ਜਾਰੀ ਕੀਤੇ। ਸਿੱਕਿਆਂ ਉੱਤੇ ਅੱਖਰ ਵੀ ਐਸੇ ਉਕਰਾਏ ਜਿਨ੍ਹਾਂ ਦਾ ਭਾਵ ਸੀ, ''ਸੱਚੇ ਪਾਤਸ਼ਾਹ ਦੀ ਮਿਹਰ ਸਦਕਾ ਇਹ ਸਿੱਕਾ ਦੋ ਜਹਾਨਾਂ ਵਿਚ ਚਲਾਇਆ। ਇਹ ਸਭ ਦਾਤਾਂ ਦੀ ਦਾਤੀ ਗੁਰੂ ਨਾਨਕ ਦੀ ਕ੍ਰਿਪਾਨ ਹੈ ਤੇ ਫ਼ਤਿਹ ਸ਼ਹਿਨਸ਼ਾਹ ਗੁਰੂ ਗੋਬਿੰਦ ਸਿੰਘ ਦੀ।''

*'ਸਿੱਕਾ ਜ਼ਦ ਬਰ ਹਰ ਦੋ ਆਲਮ ਤੇਗ਼ੇ ਨਾਨਕ ਵਾਹਿਬ ਅਸਤ*[1]
*ਫ਼ਤਹਿ ਗੋਬਿੰਦ ਸਿੰਘ ਸ਼ਾਹਿ ਸ਼ਹਾਨਿ ਫ਼ਜ਼ਲਿ ਸਚਾ ਸਾਹਿਬ ਅਸਤ)*

ਸਿੱਕੇ ਦੇ ਦੂਸਰੇ ਪਾਸੇ ਇਸ ਭਾਵ ਦੇ ਅੱਖਰ ਉਕਰੇ ਗਏ :–

''ਸੰਸਾਰ ਦੇ ਰੱਖਿਅਕ, ਨਮੂਨੇ ਦੇ ਸ਼ਹਿਰ[2] ਅਤੇ ਭਾਗਾਂ ਵਾਲੇ ਸ਼ਹਿਰ ਵਿਚ (ਇਹ ਸਿੱਕੇ) ਘੜੇ ਗਏ।'' ਆਪਣੀਆਂ ਮੁਹਰਾਂ ਉੱਤੇ ਵੀ ਗੁਰੂ ਦੀ ਉਸਤਤੀ ਤੇ ਸਿੱਖੀ ਅਸੂਲਾਂ ਨੂੰ ਉਕਰਿਆ–

---

1. سکہ زد بر ہر دو عالم - تیغ نانک واہب است
فتح گوبند سنگھ شاہ شاہان فضل سچا صاحب است

2. ਬਾਬਾ ਬੰਦਾ ਸਿੰਘ ਨੇ ਸਰਹੰਦ ਤੋਂ ਕੁਝ ਦੂਰ ਆਪਣੀ ਰਾਜਧਾਨੀ ਮੁਖ਼ਲਿਸਪੁਰ ਨੂੰ ਬਣਾਇਆ। ਸਰਹੰਦ ਵੱਡੀ ਸੜਕ ਉੱਤੇ ਹੋਣ ਕਰਕੇ ਫ਼ੌਜੀ ਨੁਕਤਾ–ਨਿਗਾਹ ਤੋਂ ਠੀਕ ਨਹੀਂ ਸੀ।

Sri Satguru Jagjit Singh Ji eLibrary NamdhariElibrary@gmail.com

*'ਦੇਗ, ਤੇਗ਼, ਫ਼ਤਹਿ ਨੁਸਰਤ ਬੇਦਰੰਗ,*[1]
*ਯਾਫ਼ਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ।'*

ਭਾਵ ਸੀ ਕਿ ਦੇਗ (ਖੁਲ੍ਹੇ ਦਿਲ ਤੇ ਖਿਮਾ), ਤੇਗ਼ (ਅਦੁੱਤੀ ਜੁਰਅਤਿ), ਫ਼ਤਹਿ ਅਤੇ ਬਿਨਾ ਰੋਕ ਬਰਕਤਾਂ ਗੁਰੂ ਨਾਨਕ ਗੁਰੂ ਗੋਬਿੰਦ ਸਿੰਘ ਕੋਲੋਂ ਪਾਈਆਂ।

ਇਹ ਦੇਗ਼-ਤੇਗ਼ ਇਕੱਠੀ ਦੇਖਕੇ ਹੀ ਅਸਰਾਰਿ ਸਮਦੀ ਦੇ ਲਿਖਣ ਵਾਲੇ ਨੇ ਕਿਹਾ ਸੀ ਕਿ ਸਿੰਘਾਂ ਨੂੰ ਕੋਈ ਨਹੀਂ ਹਰਾ ਸਕਦਾ ਕਿਉਂਕਿ ਉਨ੍ਹਾਂ ਪਾਸ ਦੇਗ ਵੀ ਹੈ ਤੇ ਤੇਗ਼ ਵੀ।

ਸਰਹੰਦ ਦੀ ਜਿੱਤ ਦੀ ਯਾਦ ਵਿਚ ਨਵਾਂ ਸੰਨ ਵੀ ਜਾਰੀ ਕੀਤਾ।[2] ਬੰਦਾ ਸਿੰਘ ਨੇ ਆਪਣੇ ਨਾਮ ਦਾ ਕੋਈ ਸਿੱਕਾ ਨਾ ਚਲਾਇਆ ਤੇ ਸਹੀ ਅਰਥਾਂ ਵਿਚ ਗੁਰੂ ਪੰਥ ਦਾ ਬੰਦਾ ਬਣਨ ਵਿਚ ਹੀ ਅਨੰਦ ਸਮਝਿਆ। ਬਾਬਾ ਜੀ ਨੇ ਜ਼ਿਮੀਂਦਾਰੀ ਦੀ ਲਾਅਨਤ ਨੂੰ ਵੀ ਖ਼ਤਮ ਕਰਨ ਦਾ ਐਲਾਨ ਕੀਤਾ।[3] ਬੰਦਾ ਸਿੰਘ ਤੇ ਸਿੱਖਾਂ ਦੀ ਇਤਨੀ ਸ਼ੋਭਾ ਫੈਲ ਗਈ ਕਿ ਇਰਵਨ ਲਿਖਦਾ ਹੈ ਕਿ ''ਕੋਈ ਨੀਵੀਂ ਜ਼ਾਤ ਦਾ ਕਹਿਲਾਣ ਵਾਲਾ ਜੇ ਸਿੱਖੀ ਧਾਰਨ ਕਰ ਲੈਂਦਾ ਸੀ ਤੇ ਫਿਰ ਆਪਣੇ ਉਸੇ ਹੀ ਇਲਾਕੇ ਵਿਚ ਜਾਂਦਾ ਸੀ ਜਿਥੇ ਉਹ ਨੀਵੀਂ ਜਾਤ ਕਰਕੇ ਦੁਰਕਾਰਿਆ ਜਾਂਦਾ ਸੀ, ਤਾਂ ਉਸ ਦੇ ਆਦਰ ਲਈ ਅੱਗੋਂ ਲੈਣ ਲਈ ਪਿੰਡ ਦੇ ਚੌਧਰੀ ਆਉਂਦੇ ਸਨ।''

**ਦਿਉਬੰਦ ਦੇ ਫ਼ੌਜਦਾਰ ਦੀ ਸੋਧ ਲਈ ਜਾਣਾ** : ਇਨ੍ਹਾਂ ਪ੍ਰਬੰਧਕੀ ਕੰਮਾਂ ਵਲੋਂ ਜਦ ਥੋੜ੍ਹੀ ਜਿਹੀ ਵਿਹਲ ਮਿਲੀ ਤਾਂ ਬਾਬਾ ਬੰਦਾ ਸਿੰਘ ਨੇ ਫੇਰ ਅਤਿਆਚਾਰਾਂ ਤੇ ਜ਼ੁਲਮਾਂ ਨੂੰ ਰੋਕਣ ਲਈ ਪ੍ਰੋਗਰਾਮ ਬਣਾਇਆ। ਬਾਬਾ ਜੀ ਦਾ ਨਾਅਰਾ ਸੀ : 'ਮਿਤ੍ਰਣ ਸੁਖ ਅਰ ਦੁਸ਼ਮਣ ਦੁੱਖ'। ਸਰਹੰਦ ਵਿਚ ਇਹ ਖ਼ਬਰ ਪੁੱਜੀ ਕਿ ਦਿਉਬੰਦ ਦੇ ਫ਼ੌਜਦਾਰ ਨੇ ਨਵੇਂ ਸਜੇ ਸਿੰਘਾਂ ਤੇ ਜ਼ੁਲਮ ਢਾਹੇ ਹਨ। ਬੰਦਾ ਸਿੰਘ ਇਹ ਸਹਾਰ ਨ ਸਕਿਆ, ਉਸ ਧਾਵਾ ਬੋਲ ਦਿੱਤਾ। ਬੰਦਾ ਸਿੰਘ ਦਾ ਸਹਾਰਨਪੁਰ ਪੁਜਣਾ ਹੀ ਸੀ ਕਿ ਉਥੋਂ ਦਾ ਫ਼ੌਜਦਾਰ ਅਲੀ ਹਮੀਦ ਖਾਨ ਸ਼ਹਿਰ ਨੂੰ ਛੱਡ ਕੇ ਦਿੱਲੀ ਵੱਲ ਭੱਜ ਗਿਆ। ਸਹਾਰਨਪੁਰ ਦੇ ਵਸਨੀਕਾਂ ਨੇ ਫ਼ੌਜਦਾਰ ਨੂੰ ਮੁਕਾਬਲਾ ਕਰਨ ਲਈ ਪਰੇਰਿਆ, ਤਰਲੇ ਕੀਤੇ, ਪਰ ਉਹ ਸਿੱਖਾਂ ਅਤੇ ਖ਼ਾਸ ਕਰ ਬਾਬਾ ਬੰਦਾ ਸਿੰਘ ਦੇ ਨਾਮ ਤੋਂ ਇਤਨਾ ਡਰ ਗਿਆ ਸੀ ਕਿ ਉਸ ਨੱਸ ਜਾਣ ਵਿਚ ਹੀ ਭਲਾ ਜਾਣਿਆ। ਸਿੱਖਾਂ ਦਾ ਸ਼ਹਿਰ ਉੱਤੇ ਕਬਜ਼ਾ ਸਹਿਲੇ ਹੀ ਹੋ ਗਿਆ। ਬਹੁਤ ਸਾਰਾ ਮਾਲ, ਖ਼ਜ਼ਾਨਾ ਸਹਾਰਨਪੁਰ ਤੋਂ ਹੱਥ ਲੱਗਾ। ਅੱਧੇ ਤੋਂ ਵੱਧ ਸਹਾਰਨਪੁਰ ਦੀ ਸਰਕਾਰ ਸਿੱਖ ਕਬਜ਼ੇ ਵਿਚ ਚਲੀ ਗਈ। ਇਹ ਬਹੁਤ ਵੱਡੀ ਜਿੱਤ ਸੀ ਤੇ ਲੋਕਾਂ ਵਿਚ ਸਨਮਾਨ ਵਧਾਉਣ ਲਈ

---

1. دیگ و تیغ و فتح و نصرت بیدرنگ
یافت از نانک گرو گوبند سنگھ

2. ਮੁਸਲਮਾਨ ਬਾਦਸ਼ਾਹ ਸੰਨ ਅਰੰਭ ਕਰਦੇ ਸਨ, ਜਦ ਉਹ ਤਖ਼ਤ ਸੰਭਾਲਦੇ ਸਨ।
3. ਵਿਸਥਾਰ ਸਹਿਤ 'ਬੰਦਾ ਸਿੰਘ ਤੇ ਉਸ ਦੇ ਕੰਮ' ਅਗਲੇ ਕਾਂਡ ਵਿਚ ਦੇਖੋ।

Sri Satguru Jagjit Singh Ji eLibrary NamdhariElibrary@gmail.com

ਚੰਗੀ ਕੰਮ ਆਈ।

ਉਥੇ ਹੀ ਪਤਾ ਲੱਗਾ ਕਿ ਬੇਟ ਦੇ ਪੀਰਜ਼ਾਦੇ ਸਿੱਖਾਂ ਵਿਰੁੱਧ ਮਜ਼੍ਹਬੀ ਜਜ਼ਬਾ ਭੜਕਾਉਣ ਵਿਚ ਹਮੇਸ਼ਾ ਅੱਗੇ-ਅੱਗੇ ਰਹਿੰਦੇ ਸਨ। ਬਾਬਾ ਬੰਦਾ ਸਿੰਘ ਨੇ ਪੀਰਜ਼ਾਦਿਆਂ ਨੂੰ ਸੋਧਣਾ ਤੇ ਸਿੱਧੇ ਰਸਤੇ ਪਾਉਣਾ ਜ਼ਰੂਰੀ ਸਮਝਿਆ। ਉਨ੍ਹਾਂ ਨੂੰ ਸੋਧ ਕੇ ਅਗਲਾ ਨਿਸ਼ਾਨਾ ਜਲਾਲਾਬਾਦ ਮਿਥਿਆ। ਬੰਦਾ ਸਿੰਘ ਨੇ ਜਲਾਲਾਬਾਦ ਦੇ ਫ਼ੌਜਦਾਰ ਜਲਾਲ ਖ਼ਾਨ ਨੂੰ ਉਨ੍ਹਾਂ ਸਿੱਖਾਂ ਨੂੰ ਛੱਡਣ ਲਈ ਆਖਿਆ, ਜਿਨ੍ਹਾਂ ਨੂੰ ਬੰਦੀ ਵਿਚ ਪਾ ਕੇ ਤਸੀਹੇ ਦਿੱਤੇ ਜਾ ਰਹੇ ਸਨ। ਜਲਾਲ ਖ਼ਾਨ ਨੇ ਸੁਣੀ ਅਣਸੁਣੀ ਕਰ ਦਿੱਤੀ ਤੇ ਮੁਕਾਬਲੇ ਦੀ ਤਿਆਰੀ ਵਿਚ ਜੁੱਟ ਪਿਆ। ਬੰਦਾ ਸਿੰਘ ਦੇ ਭੇਜੇ ਏਲਚੀਆਂ ਨੂੰ ਬੁਰਾ ਭਲਾ ਤਕ ਕਹਿ ਕੇ ਸ਼ਹਿਰ ਤੋਂ ਬਾਹਰ ਕੱਢ ਦਿੱਤਾ। ਸੋ ਜਦ ਬਾਬਾ ਬੰਦਾ ਸਿੰਘ ਨੇ ਸੁਲਾਹ ਸਫ਼ਾਈ ਨਾਲ ਕੰਮ ਚਲਦਾ ਨਾ ਡਿੱਠਾ ਤਾਂ ਧਾਵਾ ਬੋਲ ਦਿੱਤਾ। ਜਲਾਲਾਬਾਦ ਜਾਂਦੇ ਰਸਤੇ ਵਿਚ ਨਕੋਹਾ ਨਾਂ ਦਾ ਕਸਬਾ ਪੈਂਦਾ ਸੀ। ਉਹ ਕਸਬਾ ਅਮੀਰੀ ਕਰਕੇ ਪ੍ਰਸਿੱਧ ਸੀ। ਉਸ ਹੱਥ ਲੱਗੀ ਗ਼ਨੀਮਤ ਨੂੰ ਹੱਥੋਂ ਗਵਾਉਣਾ ਠੀਕ ਨ ਜਾਣ ਉਥੋਂ ਦੇ ਪਠਾਨਾਂ ਨੂੰ ਲੁੱਟ ਕੇ ਖ਼ਜ਼ਾਨਾ ਭਰਿਆ। ਉਥੋਂ ਦੇ ਗੁੱਜਰਾਂ ਨੇ ਸਿੱਖੀ ਦਾਇਰੇ ਵਿਚ ਆਉਣਾ ਸਵੀਕਾਰ ਵੀ ਕੀਤਾ। ਗੁੱਜਰ ਬਾਅਦ ਵਿਚ 'ਨਾਨਕ ਪਰੱਸਤ' ਕਰਕੇ ਪ੍ਰਸਿੱਧ ਹੋਏ। ਨਕੋਹਾ ਨੂੰ 'ਫੂਟਾ ਸ਼ਹਿਰ' ਬਣਾ ਕੇ ਸਿੱਖ ਅੱਗੇ ਵਧੇ।

ਜਲਾਲ ਖ਼ਾਨ ਨੇ ਰਾਹ ਵਿਚ ਹੀ ਸਿੱਖਾਂ ਨੂੰ ਰੋਕ ਪਾਉਣੀ ਚਾਹੀ। ਉਸ ਨੇ ਆਪਣੇ ਪੋਤਰੇ ਗ਼ੁਲਾਮ ਮੁਹੰਮਦ ਦੀ ਕਮਾਨ ਹੇਠਾਂ ਫ਼ੌਜ ਵੀ ਭੇਜੀ ਪਰ ਉਹ ਬੰਦਾ ਸਿੰਘ ਨੂੰ ਰੋਕ ਨਾ ਸਕਿਆ, ਭਾਵੇਂ ਬੰਦਾ ਸਿੰਘ ਦੀ ਫ਼ੌਜ ਦਾ ਵੀ ਕਾਫ਼ੀ ਜਾਨੀ ਨੁਕਸਾਨ ਹੋਇਆ। ਟਾਕਰਾ ਆਸ ਨਾਲੋਂ ਕਿਤੇ ਵੱਧ ਕਠਨ ਸਾਬਤ ਹੋਇਆ। ਇਸ ਵਧਦੀ ਤਾਕਤ ਨੂੰ ਦੇਖ ਕੇ ਜਲਾਲ ਖ਼ਾਨ ਨੇ ਬਹਾਦਰ ਸ਼ਾਹ ਨੂੰ ਵੀ ਲਿਖਿਆ ਤੇ ਖ਼ਾਸ ਕਰ ਇਸ ਗੱਲ ਵੱਲ ਇਸ਼ਾਰਾ ਕੀਤਾ ਕਿ ਇਸ ਵੱਧ ਰਹੀ ਸ਼ਕਤੀ ਨੂੰ ਰੋਕ ਪਾਉਣੀ ਜ਼ਰੂਰੀ ਹੈ। ਜਲਾਲਾਬਾਦ ਨੂੰ ਸਿੱਖ ਫ਼ੌਜਾਂ ਨੇ ਘੇਰ ਲਿਆ।

**ਪੰਜਾਬ ਮੁੜਨਾ :** ਜਲਾਲ ਖ਼ਾਨ ਵੀ ਡਟ ਕੇ ਮੁਕਾਬਲਾ ਕਰ ਰਿਹਾ ਸੀ। ਅਜੇ ਘੇਰਾ ਜਾਰੀ ਹੀ ਸੀ ਕਿ ਪੰਜਾਬ ਵਿਚੋਂ ਵਾਪਸ ਮੁੜਨ ਦੇ ਸੁਨੇਹੇ ਆਉਣ ਲੱਗੇ। ਸੱਦੇ ਇਤਨੇ ਜ਼ਰੂਰੀ ਸਨ ਕਿ ਬੰਦਾ ਸਿੰਘ ਜਲਾਲਾਬਾਦ ਦੇ ਕੰਮ ਨੂੰ ਵਿਚ ਹੀ ਛੱਡ ਕੇ ਪੰਜਾਬ ਮੁੜ ਆਏ। ਭਾਵੇਂ ਜਲਾਲਾਬਾਦ ਕਬਜ਼ੇ ਵਿਚ ਨਾ ਆਇਆ, ਪਰ ਗੰਗ-ਜਮਨ-ਦੁਆਬ ਵਿਚ ਸਿੱਖਾਂ ਦਾ ਰੁਹਬ ਅਤੇ ਦਬਦਬਾ ਬੈਠ ਗਿਆ, ਜਿਸ ਦਾ ਅਸਲੀ ਲਾਭ ਅਠਾਰ੍ਹਵੀਂ ਸਦੀ ਦੇ ਆਖ਼ਰੀ ਦਹਾਕਿਆਂ ਵਿਚ ਰੋਹੇਲੇ ਸਰਦਾਰਾਂ ਤੇ ਕਰੋੜਾ ਸਿੰਘ ਮਿਸਲ ਦੇ ਸਰਦਾਰ ਬਘੇਲ ਸਿੰਘ ਨੇ ਉਠਾਇਆ।

*****

Sri Satguru Jagjit Singh Ji eLibrary NamdhariElibrary@gmail.com

# ਮਾਝੇ ਅਤੇ ਦੁਆਬੇ ਵਿਚ ਹਲਚਲ

## ੩

**ਬੰਦੈ ਤੇ ਆਵੈ ਸ਼ੀਹ ਆਣ,[1] ਬੈਠੇ ਡਰੈ ਘਰ ਮੁਸਲਮਾਨ।**

**ਹਰ ਪਾਸੇ ਭੈ ਛਾਇਆ** : ਬਾਬਾ ਬੰਦਾ ਸਿੰਘ ਦੀ ਹੋਂਦ ਅਤੇ ਉਨ੍ਹਾਂ ਦੀਆਂ ਕੀਤੀਆਂ ਜਿੱਤਾਂ ਦਾ ਪ੍ਰਭਾਵ ਇਤਨਾ ਸੀ ਕਿ ਜਹਾਂ ਜਹਾਂ ਗੁਰ ਖ਼ਾਲਸਾ ਜੀ ਸੀ ਉਸ ਆਪਣੀ ਹੀ ਕਾਮਯਾਬੀ ਸਮਝੀ। ਖਾਫ਼ੀ ਖ਼ਾਨ ਕਹਿੰਦਾ ਹੈ ਕਿ ਮੁਗ਼ਲਾਂ ਵਿਚ *ਤਰਸ-ਓ-ਹਰਾਸ* ਛਾ ਗਿਆ ਸੀ। ਇਰਵਨ ਕਹਿੰਦਾ ਹੈ ਕਿ ਇਹ ਗੱਲ ਚਾਰੇ ਪਾਸੇ ਫੈਲ ਗਈ ਸੀ ਕਿ ਬੰਦਾ ਸਿੰਘ ਪਾਸ ਕਰਾਮਾਤੀ ਸ਼ਕਤੀਆਂ ਹਨ, ਉਸ ਗਿਆਨੇਸ਼ਰ ਨਾਲੋਂ ਵੀ ਵੱਧ ਜਿਸ ਬਛੜੇ ਮੂੰਹੋਂ ਗੀਤਾ ਸੁਣਾ ਦਿੱਤੀ ਸੀ। ਚਲਾਈ ਗਈ ਗੋਲੀ ਨੂੰ ਉਹ ਮੰਤਰ ਪੜ੍ਹ ਹੀ ਦੂਜੇ ਪਾਸੇ ਮੋੜ ਸਕਦਾ ਹੈ। ਐਸੀ ਕਲਾ ਉਸ ਪਾਸ ਹੈ ਕਿ ਨੇਜ਼ਾ ਤੇ ਤਲਵਾਰ ਉਸ ਦੀ ਫ਼ੌਜ 'ਤੇ ਵਾਰ ਹੀ ਨਹੀਂ ਕਰ ਸਕਦੇ। ਇਸ ਕਾਰਨ ਬਾਦਸ਼ਾਹ ਤੋਂ ਲੈ ਕੇ ਫ਼ੌਜੀ ਤਕ ਘਬਰਾਹਟ ਵਿਚ ਸਨ।[2] ਖ਼ਾਸ ਕਰ ਮਾਝੇ ਤੇ ਦੁਆਬੇ ਦੇ ਸਿੰਘਾਂ ਵਿਚ ਨਵਾਂ ਹੀ ਉਤਸ਼ਾਹ ਜਾਗ ਪਿਆ। ਹੌਸਲੇ ਦੀ ਲਹਿਰ ਇਤਨੀ ਵਧੀ ਕਿ ਸਿੱਖ ਆਪਣੇ ਆਪ ਨੂੰ ਰੱਛਿਆ ਤੇ ਸਭਨਾਂ ਨੂੰ ਰਿਆਇਤ ਤਕ ਦੇਣ ਵਾਲਿਆਂ ਵਿਚ ਸਮਝਣ ਲਗ ਪਏ। ਸ੍ਰੀ ਅੰਮ੍ਰਿਤਸਰ ਵਿਖੇ ਸਿੱਖਾਂ ਨੇ ਇਕੱਠ ਕੀਤਾ ਤੇ ਗੁਰਮਤੇ ਪਾਸ ਕੀਤੇ। ਗੁਰਮਤਿਆਂ ਦੀ ਰੌਸ਼ਨੀ ਵਿਚ ਬਟਾਲਾ ਤੇ ਕਲਾਨੌਰ ਉੱਤੇ ਹਮਲੇ ਕੀਤੇ। ਉਨ੍ਹਾਂ ਪਰਗਨਿਆਂ ਨੂੰ ਜਿੱਤ ਲਿਆ ਗਿਆ। ਸਿੱਖਾਂ ਨੇ ਪਠਾਣਕੋਟ ਤਕ ਮਾਰਾਂ ਮਾਰ ਲਈਆਂ।

**ਜਹਾਦੀ ਝੰਡਾ** : ਲਾਹੌਰ ਦਾ ਨਵਾਬ ਅਸਲਮ ਖ਼ਾਨ ਵੀ ਦੁਬਕ ਕੇ ਲਾਹੌਰ ਹੀ ਬੈਠਾ ਸੀ। ਦਿੱਲੀ ਤੋਂ ਕਿਸੇ ਇਮਦਾਦ ਦੀ ਉਡੀਕ ਕਰਦਾ ਜਾਪਦਾ ਸੀ, ਪਰ ਮੌਲਾਣਿਆਂ ਨੇ ਸਿੱਖਾਂ ਦੀ ਵਧਦੀ ਤਾਕਤ ਵਿਚ ਆਪਣੀ ਹਾਨੀ ਤੇ ਇਸਲਾਮ ਦੀ ਨਿਖੇਧੀ ਦੇਖੀ। ਈਦਗਾਹ ਉੱਤੇ ਮੌਲਾਣਿਆਂ ਨੇ ਹੈਦਰੀ ਝੰਡਾ ਝੁਲਾ ਦਿੱਤਾ। ਮੀਰ ਤਕੀ ਤੇ ਬੁੱਢੇ ਹੋਏ ਪੀਰ ਮੁਹੰਮਦ ਨੇ ਅਸਲਮ ਖ਼ਾਨ ਨੂੰ ਬੁਰੀਆਂ ਭਲੀਆਂ ਕਹੀਆਂ ਤੇ ਮੁਸਲਮਾਨਾਂ ਨੂੰ ਜਹਾਦ ਕਰਨ ਲਈ ਤਿਆਰ ਕੀਤਾ। ਖੋਜਿਆਂ ਨੇ ਦਿਲ ਖੋਲ੍ਹ ਕੇ ਮਾਇਕ ਸਹਾਇਤਾ ਦਿੱਤੀ। ਅਸਲਮ ਖ਼ਾਨ ਨੂੰ ਵੀ ਮਜਬੂਰ ਕਰ ਦਿੱਤਾ ਗਿਆ ਕਿ ਉਹ ਜਹਾਦ ਵਿਚ ਹਿੱਸਾ ਲਵੇ। ਅਸਲਮ ਖ਼ਾਨ ਨੇ ਪੀਰ ਅਤਾਉੱਲਾ ਸ਼ਾਹ ਦੀ ਇਮਦਾਦ ਲਈ ੧੦੦ ਸਿਪਾਹੀਆਂ ਦਾ ਦਸਤਾ ਦੇ ਦਿੱਤਾ।

---

1. ਸ਼ੇਰ ਜਿਤਨਾ ਡਰ।
2. ਲੇਟਰ ਮੁਗ਼ਲਜ਼, ਜਿਲਦ ਪਹਿਲੀ, ਪੰਨਾ ੧੧੧.



Sri Satguru Jagjit Singh Ji eLibrary NamdhariElibrary@gmail.com

**ਜਹਾਦੀਆਂ ਨਾਲ ਟਾਕਰਾ** : ਜਦ ਅੰਮ੍ਰਿਤਸਰ ਤੇ ਹੋਰ ਥਾਵਾਂ ਦੇ ਸਿੱਖਾਂ ਨੂੰ ਲਾਹੌਰ ਦੇ ਜਹਾਦ ਅਤੇ ਹੋਰ ਤਿਆਰੀਆਂ ਦਾ ਪਤਾ ਲੱਗਾ ਤਾਂ ਉਨ੍ਹਾਂ ਨੇ ਆਪਣੇ ਜਥਿਆਂ ਨੂੰ ਚਾਰ ਹਿੱਸਿਆਂ ਵਿਚ ਵੰਡ ਕੇ ਮੁਕਾਬਲਾ ਕਰਨ ਦੀ ਵਿਉਂਤ ਬਣਾਈ। ਰਾਵੀ ਦੇ ਕਿਨਾਰੇ ਭਗਵੰਤ ਰਾਇ ਦੀ ਹਵੇਲੀ ਸੀ। ਉਸ ਉੱਤੇ ਕਬਜ਼ਾ ਕਰਕੇ ਸਿੱਖਾਂ ਨੇ ਉਸ ਦੀ ਕਿਲ੍ਹਾ-ਨੁਮਾ ਸ਼ਕਲ ਬਣਾ ਲਈ। ਸਿੱਖਾਂ ਨੇ ਗੜ੍ਹੀ ਦਾ ਘੇਰਾ ਜਦ ਮਜ਼ਬੂਤ ਅਤੇ ਨੇੜੇ ਹੋਈ ਜਾਂਦਾ ਤਕਿਆ ਤਾਂ ਸਮਝਿਆ ਕਿ ਬਹੁਤ ਦੇਰ ਗੜ੍ਹੀ ਵਿਚ ਟਿਕਣਾ ਖ਼ਤਰੇ ਨੂੰ ਮੁੱਲ ਲੈਣਾ ਹੈ, ਸੋ ਦੁਸ਼ਮਨਾਂ ਦੀਆਂ ਕਤਾਰਾਂ ਨੂੰ ਚੀਰ ਕੇ ਨਿਕਲ ਜਾਣ ਦਾ ਫ਼ੈਸਲਾ ਕੀਤਾ। ਸਿੱਖ ਦੁਸ਼ਮਨਾਂ ਦੀਆਂ ਕਤਾਰਾਂ ਨੂੰ ਚੀਰ ਕੇ ਨਿਕਲ ਗਏ। ਇਹ ਇਕ ਐਸੀ ਸੱਟ ਸੀ ਜਿਸ ਨੇ ਜਹਾਦੀਆਂ ਦੇ ਹੌਸਲੇ ਹੀ ਡੇਗ ਦਿੱਤੇ। ਹਾਰੇ ਹੋਏ, ਨਿੰਮੋਝੂਣੇ ਜਹਾਦੀ ਲਾਹੌਰ ਵਾਪਸ ਮੁੜੇ ਤੇ ਲਾਹੌਰ ਦੇ ਹਿੰਦੂ ਵਸਨੀਕਾਂ ਉੱਤੇ ਜ਼ੁਲਮ ਢਾਹ ਕੇ ਦਿਲ ਦੀ ਭੜਾਸ ਕੱਢਣ ਲੱਗੇ। ਉਧਰ ਜਹਾਦੀ ਲਾਹੌਰ ਪੁੱਜੇ ਹੀ ਸਨ ਕਿ ਸਿੱਖਾਂ ਨੇ ਕੋਟਲਾ ਬੇਗਮ[1] ਨੂੰ ਕੇਂਦਰ ਬਣਾ ਕੇ ਲਾਹੌਰ 'ਤੇ ਇੱਕੇ-ਦੁੱਕੇ ਹਮਲੇ ਅਰੰਭ ਕਰ ਦਿੱਤੇ। ਜਹਾਦੀਆਂ ਨੇ ਫੇਰ ਕੋਟਲਾ ਬੇਗਮ ਵੱਲ ਮੂੰਹ ਕੀਤਾ। ਸਿੱਖਾਂ ਨੇ ਵਧਦੀਆਂ ਫ਼ੌਜਾਂ ਨੂੰ ਕਰਾਰੇ ਹੱਥ ਦਿਖਾਏ ਅਤੇ ਹੋਰ ਮਦਦ ਲੈਣ ਦਾ ਬਹਾਨਾ ਬਣਾ ਕੇ ਕੁਝ ਚਿਰ ਪਿੱਛੋਂ ਜਹਾਦੀਆਂ ਦੇ ਆਗੂ ਲਾਹੌਰ ਵੱਲ ਭੱਜ ਉੱਠੇ। ਲਾਹੌਰ ਵੱਲ ਭੱਜਦਿਆਂ ਉਨ੍ਹਾਂ ਨੂੰ ਭੀਲਵਾਲ ਰਾਤ ਆ ਗਈ। ਸਿੱਖਾਂ ਨੂੰ ਜਦ ਜਹਾਦੀਆਂ ਦੇ ਟਿਕਾਣੇ ਦਾ ਪਤਾ ਲੱਗਾ ਤਾਂ ਦਿਨ ਚੜ੍ਹਦਿਆਂ ਹੀ ਉਨ੍ਹਾਂ ਭੀਲਵਾਲ ਨੂੰ ਜਾ ਲਿਆ। ਇਸ ਅਚਾਨਕ ਆਫ਼ਤ ਨੂੰ ਦੇਖ ਕੇ ਜਹਾਦੀਆਂ ਨੂੰ ਨੱਸਦੇ ਵਾਰੀ ਵੀ ਨਾ ਆਈ। ਇਸ ਅਚਨਚੇਤ ਹਮਲੇ ਨੇ ਤਾਂ ਜਹਾਦੀਆਂ ਦਾ ਲੱਕ ਤੋੜ ਦਿੱਤਾ। ਸਿੱਖਾਂ ਦੇ ਹੌਸਲੇ ਹੋਰ ਵਧੇ। ਉਨ੍ਹਾਂ ਆਪਣੇ ਨਿੱਤ ਦੇ ਹੱਲੇ ਤੇਜ਼ ਕਰ ਦਿੱਤੇ। ਲਾਹੌਰ ਦੇ ਸੂਬੇ ਵਿਚ ਸਿੱਖਾਂ ਦਾ ਹੀ ਰਾਜ ਬਣ ਗਿਆ ਲੱਗਦਾ ਸੀ।

**ਦੁਆਬੇ ਵਿਚ** : ਮਾਝੇ ਵਿਚ ਸਿੱਖਾਂ ਦਾ ਹੱਥ ਉੱਪਰ ਹੁੰਦਾ ਦੇਖ ਕੇ ਦੁਆਬੇ ਦੇ ਸਿੰਘ ਵੀ ਪਿੱਛੇ ਨਾ ਰਹੇ। ਦੁਆਬੇ ਦੇ ਸਿੱਖਾਂ ਨੇ ਸ਼ਮਸ ਖ਼ਾਨ[2] ਦੀ ਨੀਂਦ ਹਰਾਮ ਕਰ ਦਿੱਤੀ। ਸਿੰਘਾਂ ਨੇ ਸ਼ਮਸ ਖ਼ਾਨ ਨੂੰ ਲਲਕਾਰਨ ਲਈ ਇਕ ਪਰਵਾਨਾ ਲਿਖ ਭੇਜਿਆ ਜਿਸ ਵਿਚ ਉਸ ਨੂੰ ਈਨ ਮੰਨਣ, ਸੁਧਾਰ ਕਰਨ ਅਤੇ ਜ਼ੁਲਮਾਂ ਨੂੰ ਫੇਰ ਕਦੇ ਨਾ ਕਰਨ ਦਾ ਪ੍ਰਣ ਲੈਣ ਲਈ ਲਿਖਿਆ। ਸ਼ਮਸ ਖ਼ਾਨ ਨੇ ਅਰੰਭ ਵਿਚ ਹੀ ਮੌਲਾਣਿਆਂ ਤੇ ਚੌਧਰੀਆਂ ਨੂੰ ਸੱਦ ਕੇ ਇਸ ਉਠ ਰਹੇ ਖ਼ਤਰੇ ਤੋਂ ਜਾਣੂ ਕਰਾਇਆ ਹੋਇਆ ਸੀ। ਸਾਰਿਆਂ ਕੁਰਾਨ ਦੀਆਂ ਕਸਮਾਂ ਚੁੱਕੀਆਂ ਤੇ ਡਟ ਕੇ ਮੁਕਾਬਲਾ ਕਰਨ ਦਾ ਪ੍ਰਣ ਕੀਤਾ। ਪਰਵਾਨੇ ਦੇ ਉੱਤਰ ਵਿਚ ਸ਼ਮਸ ਖ਼ਾਨ ਨੇ 'ਬਾਰੂਦ' ਦੀ ਇਕ ਪੁੜੀ ਤੇ ਕੁਝ 'ਗੋਲੀਆਂ' ਭੇਜੀਆਂ ਜਿਸ ਦਾ ਭਾਵ ਸੀ ਕਿ ਉਹ ਹਮਲਾ ਕਰਨ ਤਾਂ ਸਹੀ, ਉਨ੍ਹਾਂ ਦਾ ਸਵਾਗਤ ਗੋਲੀ ਬਰੂਦ ਨਾਲ ਕੀਤਾ ਜਾਵੇਗਾ। ਸ਼ਮਸ ਖ਼ਾਨ ਨੇ ਹੈਦਰੀ ਝੰਡਾ ਵੀ ਝੁਲਾ ਦਿੱਤਾ। ਸਿੱਖਾਂ ਨੇ ਮੌਕੇ ਦੀ ਨਜ਼ਾਕਤ ਨੂੰ ਸਮਝਿਆ। ਸਿੱਖਾਂ ਵੀ ਬਾਬਾ ਬੰਦਾ ਸਿੰਘ ਦੀ ਲੋੜ ਨੂੰ ਮਹਿਸੂਸ ਕੀਤਾ ਅਤੇ ਮਦਦ 'ਤੇ ਆਉਣ, ਪਹੁੰਚਣ ਲਈ ਲਿਖਿਆ। ਟਾਕਰੇ ਲਈ ਤਿਆਰੀ ਕਰ ਲਈ। ਸੁਲਤਾਨਪੁਰ ਦੇ ਲਾਗੇ ਰਾਹੋਂ ਵਿਚ ਇਕ ਪੁਰਾਣਾ ਭੱਠਾ ਦੇਖ ਕੇ ਉਸ ਦੀ ਗੜ੍ਹੀ ਬਣਾ ਲਈ। ਰਾਹੋਂ ਵਿਚ ਗੜ੍ਹੀ ਜਾਣ

1. ਲਾਹੌਰ ਤੋਂ ਕੁਝ ਮੀਲ ਦੂਰ।
2. ਮੀਰ ਖ਼ਾਨ ਦਾ ਉਹ ਇਕੋ ਇਕ ਪੁੱਤਰ ਸੀ।

Sri Satguru Jagjit Singh Ji eLibrary NamdhariElibrary@gmail.com

ਬੁੱਝ ਕੇ ਬਣਾਈ ਤਾਂਕਿ ਦੁਸ਼ਮਣ ਦੀਆਂ ਫ਼ੌਜਾਂ ਦਾ ਟਾਕਰਾ ਰਸਤੇ ਵਿਚ ਹੀ ਕੀਤਾ ਜਾਵੇ। ''ਅਲਾਹ-ਹੂ-ਅਕਬਰ'' ਤੇ ''ਸਤਿ ਸ੍ਰੀ ਅਕਾਲ'' ਦੇ ਜੈਕਾਰਿਆਂ ਨਾਲ ਧਰਤੀ ਗੂੰਜ ਉਠੀ। ਸ਼ਮਸ ਖ਼ਾਨ ਦੀਆਂ ਫੌਜਾਂ ਦੀ ਗਿਣਤੀ ਇਤਨੀ ਜ਼ਿਆਦਾ ਸੀ ਕਿ ਸਿੱਖਾਂ ਨੇ ਰਾਹੋਂ ਛੱਡਣਾ ਹੀ ਮੁਨਾਸਬ ਸਮਝਿਆ। ਬਾਹਰ ਆਉਣ ਲਈ ਇਕ ਜਥਾ ਰਾਤ ਦੇ ਹਨੇਰੇ ਵਿਚ ਨਿਕਲਦਾ ਤੇ ਵਿਰੋਧੀਆਂ ਨੂੰ ਲਿਤਾੜਦਾ ਦੁਸ਼ਮਨ ਦੀ ਨਜ਼ਰ ਤੋਂ ਦੂਰ ਨਿਕਲ ਜਾਂਦਾ। ਸ਼ਮਸ ਖ਼ਾਨ ਜਥਿਆਂ ਦਾ ਪਿੱਛਾ ਕਰਦਾ ਸੀ, ਪਰ ਸਭ ਵਿਅਰਥ। ਉਸ ਸਿੰਘਾਂ ਦੇ ਗੜ੍ਹੀ ਛੱਡ ਜਾਣ ਵਿਚ ਹੀ ਆਪਣੀ ਨਜਾਤ ਸਮਝੀ। ਸ਼ਮਸ ਖ਼ਾਨ ਨੂੰ ਵੀ ਇਹ ਖ਼ਬਰ ਪੁੱਜ ਚੁੱਕੀ ਸੀ ਕਿ ਘੇਰੇ ਹੋਏ ਸਿੱਖਾਂ ਦੀ ਮਦਦ ਲਈ ਬੰਦਾ ਸਿੰਘ ਆ ਰਿਹਾ ਹੈ। ਬੰਦਾ ਸਿੰਘ ਜੀ ਦਾ ਨਾਮ ਭੈਭੀਤ ਕਰਨ ਲਈ ਕਾਫ਼ੀ ਸੀ। ਭਾਵੇਂ ਸਿੱਖਾਂ 'ਰਾਹੋਂ' ਛੱਡ ਦਿੱਤਾ, ਪਰ ਝਾੜੀਆਂ ਵਿਚ ਛੁਪ ਕੇ ਮੌਕੇ ਤੇ ਹਾਲਾਤ ਨੂੰ ਵਾਚਦੇ ਰਹੇ। "ਰਾਹੋ' ਉੱਤੇ ਸ਼ੱਮਸ ਖ਼ਾਨ ਦੀਆਂ ਫ਼ੌਜਾਂ ਨੇ ਕਬਜ਼ਾ ਕੀਤਾ ਹੀ ਸੀ ਕਿ ਸਿੱਖਾਂ ਨੇ ਟਿਕਾਂਣਿਆਂ ਤੋਂ ਨਿਕਲ ਕੇ ਫ਼ੌਜਾਂ ਨੂੰ ਭਾਜੜ ਪਾ ਦਿੱਤੀ ਤੇ ਰਾਹੋਂ 'ਤੇ ਫਿਰ ਕਬਜ਼ਾ ਕਰ ਲਿਆ। ਇਸ ਤਰ੍ਹਾਂ ਜੰਗ ਲੜਦੇ ਦੇਖ ਕੇ ਹੀ ਕਾਜ਼ੀ ਨੂਰ ਮੁਹੰਮਦ ਨੇ ਬਾਅਦ ਵਿਚ ਲਿਖਿਆ ਸੀ ਕਿ ''ਜੰਗ ਦਾ ਤਰੀਕਾ ਕੋਈ ਇਨ੍ਹਾਂ ਕੋਲੋਂ ਸਿੱਖੇ।''

ਸ਼ਮਸ ਖ਼ਾਨ ਐਸਾ ਘਬਰਾਇਆ ਕਿ ਉਸ ਬਹਾਦਰ ਸ਼ਾਹ ਨੂੰ ਮਦਦ ਲਈ ਲਿਖਿਆ। ਸਾਰੀ ਰਿਪੋਰਟ ੨੫ ਅਕਤੂਬਰ, ੧੭੧੦ ਨੂੰ ਭੇਜੀ ਕਿ ''ਸਿੱਖਾਂ ਨੂੰ ਵਕਤ ਸਿਰ ਦਬਾਉਣ ਦਾ ਕੋਈ ਪ੍ਰਬੰਧ ਕਰਨਾ ਚਾਹੀਦਾ ਹੈ। ਲਾਹੌਰ ਦਾ ਨਵਾਬ ਤੇ ਉਹ ਕਾਮਯਾਬ ਨਹੀਂ ਹੋ ਰਹੇ।'' ਸਿੱਖ ਅਮਲੀ ਤੌਰ ਉੱਤੇ ਦੁਆਬੇ ਦੇ ਮਾਲਕ ਸਨ। ਮਾਝਾ, ਦੁਆਬਾ, ਸਰਹੰਦ, ਗੰਗ ਜਮਨ ਤਕ ਸਿੱਖਾਂ ਦਾ ਕਬਜ਼ਾ ਜਾਂ ਦਬਦਬਾ ਸੀ। *ਮੈਲਕਮ* ਦਾ ਕਥਨ ਹੈ : ''ਬਹਾਦਰ ਸ਼ਾਹ ਦੱਖਣ ਛੱਡ ਕੇ ਜੇ ਪੰਜਾਬ ਨਾ ਆਉਂਦਾ ਤਾਂ ਇਸ ਵਿਚ ਕੋਈ ਸੰਦੇਹ ਨਹੀਂ ਕਿ ਸਿੱਖ ਸਾਰੇ ਹਿੰਦੁਸਤਾਨ ਨੂੰ ਜ਼ੇਰ ਕਰ ਲੈਂਦੇ। ਸੋ ਬਹਾਦਰ ਸ਼ਾਹ ਦੇ ਆਉਣ ਨਾਲ ਪਾਸਾ ਪਲਟਿਆ ਅਤੇ ਉਸ ਨੇ ਮੁਸਲਮਾਨ ਅਤੇ ਜਹਾਦੀ ਤਾਕਤਾਂ ਨੂੰ ਇਕੱਠਾ ਕਰ ਕੇ ਟਾਕਰਾ ਕੀਤਾ।''

**ਬਹਾਦਰ ਸ਼ਾਹ ਦਾ ਪੰਜਾਬ ਆਉਣਾ** : ਪੰਜਾਬ ਵਿਚ ਵਾਪਰ ਰਹੀਆਂ ਘਟਨਾਵਾਂ ਦੀਆਂ ਖ਼ਬਰਾਂ ਬਹਾਦਰ ਸ਼ਾਹ ਨੂੰ ਅਜਮੇਰ ਵਿਚ ਪਹੁੰਚਾਈਆਂ ਗਈਆਂ। ਵਜ਼ੀਰ ਖ਼ਾਨ ਦਾ ਪੁੱਤਰ ਉਚੇਰੇ ਤੌਰ 'ਤੇ ਗਿਆ। ਲਾਹੌਰ, ਜਲੰਧਰ ਦੇ ਮੌਲਾਣਿਆਂ ਨੇ ਇਸਲਾਮ ਦੇ ਵਾਸਤੇ ਪਾਏ ਅਤੇ ਇਹ ਵੀ ਕਿਹਾ ਕਿ ਦੀਨ ਮੁਕ ਰਹਿਆ ਹੈ ਅਤੇ ਹਜ਼ਰਤ ਮੁਹੰਮਦ ਨੂੰ ਹਰ ਥਾਂ ਗਾਲੀ ਮਿਲ ਰਹੀ ਹੈ :

*"ਮੁਲਕ ਪਾਤਸ਼ਾਹੀ ਸਭ ਲੁਟ ਲਯੋ।*
*ਪਿਕੰਬਰ ਕੋ ਉਨ ਦੀਨ ਗਵਯੋ"। ੪।*[1]

ਜੇ ਢਿੱਲ ਕੀਤੀ ਤਾਂ ਨ ਪੰਜਾਬ ਰਹਿਣਾ ਹੈ ਅਤੇ ਨਾ ਦਿੱਲੀ।

*'ਦਿੱਲੀ ਲਾਹੌਰ ਭੀ ਨਹਿ ਰਹਿਗੁ ਜੌ ਤੁਮ ਉਹਾਂ ਨ ਜਾਹਿ।'*

ਸਭ ਪਾਸੇ ਰੌਲਾ ਪੈ ਗਿਆ ਹੈ।

---

1. ਪ੍ਰਾਚੀਨ ਪੰਥ ਪ੍ਰਕਾਸ਼, ਪੰਨਾ ੧੧੮, ਐਡੀਸ਼ਨ ਚੌਥਾ।

Sri Satguru Jagjit Singh Ji eLibrary NamdhariElibrary@gmail.com

*'ਮਾਰ ਕੂਟ ਦਈ ਧੂਮ ਮਚਾਇ।'*

ਬਹਾਦਰ ਸ਼ਾਹ ਸੋਚਾਂ ਵਿਚ ਇਸ ਲਈ ਪਿਆ ਲੱਗਦਾ ਸੀ ਕਿਉਂਕਿ ਉਹ ਸਮਝਦਾ ਸੀ ਕਿ—

*ਬੰਦਾ ਉਸ ਗੁਰ ਕੋ ਹੈ ਦਾਸ।*
*ਮੁਹਿ ਪਾਤਸ਼ਾਹੀ ਦੀਨੀ ਜਾਸ।*

ਪਰ ਜਦ ਅਤਿ ਹੁੰਦੀ ਸੁਣੀ ਤਾਂ ਉਸ ਨਿਰਣਾ ਕਰ ਲਿਆ ਕਿ ਇਸ ਵਧ ਰਹੀ ਸ਼ਕਤੀ ਨੂੰ ਰੋਕਿਆ ਜਾਵੇ। ਰਾਜਪੂਤਾਂ ਨਾਲੋਂ ਵੀ ਇਹ ਖ਼ਤਰਨਾਕ ਹਨ ਕਿਉਂਕਿ ਇਹ ਰਾਹ ਦੀ ਰੋਕ ਦਾ ਕੰਮ ਕਰਕੇ ਸਦਾ ਲਈ ਮੁਗ਼ਲਾਂ ਦੀ ਤਾਕਤ ਮੁਕਾ ਦੇਣਗੇ। ਰਾਜਪੂਤਾਂ ਨਾਲ ਪਿੱਛੋਂ ਵੀ ਨਜਿੱਠਿਆ ਜਾ ਸਕਦਾ ਹੈ। ਵਜ਼ੀਰ ਮੁਨੀਮ ਖ਼ਾਨ ਨੇ ਬਾਦਸ਼ਾਹ ਦੇ ਇਸ ਵਿਚਾਰ ਦਾ ਵਿਰੋਧ ਵੀ ਕੀਤਾ, ਪਰ ਬਹਾਦਰ ਸ਼ਾਹ ਆਪਣੇ ਫ਼ੈਸਲੇ ਉੱਤੇ ਹੁਣ ਅਟੱਲ ਸੀ। ਅਜਮੇਰ ਤੋਂ ਵੱਖ ਸੁਨੇਹੇ ਵਿਚ ਦਿੱਲੀ ਦੇ ਗਵਰਨਰ, ਆਸਫ਼-ਉੱਦ-ਦਉਲਾ ਨੂੰ ਫ਼ੌਜਾਂ ਇਕੱਠੀਆਂ ਕਰਨ ਲਈ ਲਿਖਿਆ। ਇਹ ਕੰਮ ਜਲਦੀ ਕਰਨ ਦੀ ਲੋੜ ਸੀ ਤਾਂਕਿ ਪੁਜਦੇ ਸਾਰ ਹੀ ਸਿੱਖਾਂ ਦੇ ਹੱਲਾ ਬੋਲਿਆ ਜਾ ਸਕੇ। ਅਵਧ, ਮੁਰਾਦਾਬਾਦ, ਅਲਾਹਾਬਾਦ ਦੇ ਨਵਾਬਾਂ ਨੂੰ ਵੀ ਉਸ ਲਿਖਿਆ ਕਿ ਉਹ ਇਸ ਜਹਾਦੀ ਜੰਗ ਤੇ ਕਾਰੇ-ਸਵਾਬ (ਨੇਕ ਕੰਮ) ਵਿਚ ਹਿੱਸਾ ਪਾਉਣ। ਉਨ੍ਹਾਂ ਵੀ ਸਵਾਬ ਜਾਣ ਫ਼ੌਜਾਂ ਭੇਜ ਦਿੱਤੀਆਂ। ਦਿੱਲੀ ਹੀ ਸਾਰੀਆਂ ਫ਼ੌਜਾਂ ਇਕੱਠੀਆਂ ਹੋਣੀਆਂ ਸ਼ੁਰੂ ਹੋਈਆਂ। ਅਮੀਰ ਖ਼ਾਨ ਮੁਰਾਦਾਬਾਦ ਤੋਂ ਅਤੇ ਫ਼ਿਰੋਜ਼ਖ਼ਾਨ ਮੇਵਾਤ ਤੋਂ ਹਿੱਸਾ ਲੈਣ ਲਈ ਪੁੱਜ ਗਏ। ਇਹ ਡਰ ਮਹਿਸੂਸ ਕਰਦੇ ਹੋਏ ਕਿ ਮਤੇ ਹਿੰਦੂਆਂ ਵਿਚ ਕੋਈ ਸਿੱਖ ਸੂਹੀਆ ਨਾ ਹੋਵੇ, ਫ਼ਰਮਾਨ ਜਾਰੀ ਕੀਤਾ ਗਿਆ ਕਿ ਸਾਰੇ ਹਿੰਦੂ ਦਾੜ੍ਹੀਆਂ ਮੁਨਵਾ ਦੇਣ। ਇਸ ਤਰ੍ਹਾਂ ਪੂਰੀ ਇਹਤਿਆਤ ਵਰਤਦੇ ਹੋਏ ਫ਼ੌਜਾਂ ਪੰਜਾਬ ਵਲ ਵਧਣੀਆਂ ਅਰੰਭ ਹੋਈਆਂ। 'ਰਾਹੋਂ' ਦੀ ਹਾਰ ਦੀ ਖ਼ਬਰ ਬਹਾਦਰ ਸ਼ਾਹ ਨੂੰ ਸੋਨੀਪਤ ਮਿਲੀ ਸੀ।

ਫ਼ਿਰੋਜ਼ਖ਼ਾਨ ਮੇਵਾਤੀ ਨੂੰ ਸ਼ਾਹਬਾਦ, ਮੁਸਤਫ਼ਾਬਾਦ, ਸਾਢੌਰਾ ਤੇ ਹਮਲਾ ਕਰਨ ਲਈ ਕਿਹਾ ਗਿਆ। ਇਹ ਗੱਲ ਚੇਤੇ ਰੱਖਣ ਵਾਲੀ ਹੈ ਕਿ ਸਿੱਖਾਂ ਦੀ ਸ਼ਕਤੀ ਉਸ ਸਮੇਂ ਸਾਰੇ ਪੰਜਾਬ ਵਿਚ ਖਿੰਡੀ-ਪੁੰਡੀ ਹੋਈ ਸੀ। ਬੰਦਾ ਸਿੰਘ ਬਹਾਦਰ ਦਿਉਬੰਦ ਤੋਂ ਅਜੇ ਵਾਪਸ ਹੀ ਮੁੜੇ ਸਨ ਅਤੇ ਬਾਕੀ ਸਿੰਘ ਮਾਝੇ ਦੁਆਬੇ ਵਿਚ ਰੁਝੇ ਹੋਏ ਸਨ। ਇਤਨੀ ਛੇਤੀ ਸਿੱਖਾਂ ਨੂੰ ਇਕੱਠਾ ਕਰਨਾ ਮੁਸ਼ਕਲ ਸੀ। ਸਰਹੰਦ, ਸਮਾਨਾ, ਥਾਨੇਸਰ ਤੇ ਸਢੌਰਾ ਨਿਰੋਲ ਪ੍ਰਬੰਧਕੀ ਫ਼ੌਜ ਸੀ, ਟਾਕਰੇ ਲਈ ਨਹੀਂ। ਟਾਕਰੇ ਦਾ ਸਾਰਾ ਬੋਝ ਬਾਬਾ ਬਿਨੋਦ ਸਿੰਘ ਤੇ ਰਾਮ ਸਿੰਘ ਦੇ ਮੋਢਿਆਂ ਉੱਤੇ ਆ ਪਿਆ। ਤਰਾਵੜੀ[1] ਦੇ ਲਾਗੇ ਅਮੀਨ ਗੜ੍ਹੇ ਦੇ ਮੈਦਾਨ ਵਿਚ ਟਾਕਰਾ ਹੋ ਗਿਆ। ਮਹਾਬਤਖ਼ਾਨ[2] ਨੇ ਪਹਿਲ ਕਰਦੇ ਹੋਏ ਹਮਲਾ ਕੀਤਾ ਹੀ ਸੀ ਕਿ ਸਿੱਖ ਫ਼ੌਜਾਂ ਨੇ ਭਾਜ ਦੇ ਦਿੱਤੀ ਅਤੇ ਉਹ ਭੱਜ ਉਠਿਆ। ਫ਼ਿਰੋਜ਼ ਖ਼ਾਨ ਨੇ ਜਦ ਮਹਾਬਤ ਖ਼ਾਨ ਨੂੰ ਹਾਰ ਖਾ ਕੇ ਮੁੜਦਿਆਂ ਦੇਖਿਆ ਤਾਂ ਗੁੱਸੇ ਵਿਚ ਸਿਰ ਫਿਰਿਆਂ ਵਾਂਗੂੰ ਸਿੱਖ ਫ਼ੌਜਾਂ ਤੇ ਟੁੱਟ ਪਿਆ। ਇਲਾਕੇ ਦੇ ਸੱਯਦਾਂ ਨੇ ਆਸ ਦੇ ਉਲਟ ਮੁਗ਼ਲ ਫ਼ੌਜਾਂ ਦੀ ਮਦਦ ਕੀਤੀ ਤੇ ਸਿੱਖਾਂ ਨੂੰ ਮੈਦਾਨ ਛੱਡਣਾ ਪਿਆ। ੩੦੦ ਸ਼ਹੀਦ ਸਿੱਖਾਂ ਦੇ ਸਿਰ ਉਸ ਨੇ ਬਹਾਦਰ

1. ਕਰਨਾਲ ਦੇ ਲਾਗੇ ਜਿਥੇ ਮੁਹੰਮਦ ਗੌਰੀ ਤੇ ਪ੍ਰਿਥੀ ਚੰਦ ਦੀਆਂ ਫ਼ੌਜਾਂ ਦੇ ਟਾਕਰੇ ਹੋਏ ਸਨ।
2. ਮੁਨੀਮ ਖ਼ਾਨ ਦੇ ਪੁੱਤਰ।

Sri Satguru Jagjit Singh Ji eLibrary NamdhariElibrary@gmail.com

ਸ਼ਾਹ ਵੱਲ ਇਸ ਜਿੱਤ ਦੀ ਟ੍ਰਾਫੀ ਵਜੋਂ ਭੇਜੇ।

ਇਹ ਖ਼ਬਰਾਂ ਸੁਣ ਕੇ ਸ਼ਮਸ ਖ਼ਾਨ ਦਾ ਵੀ ਉਤਸ਼ਾਹ ਜਾਗਿਆ ਤੇ ਉਹ ਵੀ ਸਰਹੰਦ 'ਤੇ ਹਮਲਾ ਕਰਨ ਲਈ ਟੁਰ ਪਿਆ। ਬਜ਼ੀਦਖ਼ਾਨ ਤੇ ਉਮਰਾਖ਼ਾਨ ਵੀ ਮਦਦ ਲਈ ਪੁੱਜ ਗਏ। ਸਰਹੰਦ ਦੇ ਗਵਰਨਰ ਸਰਦਾਰ ਬਾਜ ਸਿੰਘ ਉਥੇ ਨਹੀਂ ਸਨ। ਸਰਦਾਰ ਸ਼ਾਮ ਸਿੰਘ ਤੇ ਸੁੱਖਾ ਸਿੰਘ ਨੇ ਅੱਗੇ ਵਧ ਕੇ ਟਾਕਰਾ ਕੀਤਾ, ਪਰ ਫ਼ੌਜ ਦੀ ਘੱਟ ਗਿਣਤੀ ਤੇ ਅਸਲੇ ਦੀ ਥੁੜ੍ਹ ਕਾਰਨ ਸਰਹੰਦ ਦੇ ਕਿਲ੍ਹੇ ਵਿਚ ਹੀ ਪਨਾਹ ਲਈ। ਸ਼ਮਸ ਖ਼ਾਨ ਨੇ ਹਮਲਾ ਕਰ ਕੇ ਸਰਹੰਦ ਦੇ ਕਿਲ੍ਹੇ 'ਤੇ ਕਬਜ਼ਾ ਕਰ ਲਿਆ। ਅਮੀਰ ਖ਼ਾਨ ਵੀ ਸਰਹੰਦ ਪੁੱਜਾ ਹੋਇਆ ਸੀ ਅਤੇ ਸ਼ੱਮਸ ਖ਼ਾਨ ਦੀ ਜਿੱਤ ਸੁਣ ਕੇ ਜਲ ਭੁੱਜ ਉੱਠਿਆ। ਬਹਾਦਰ ਸ਼ਾਹ ਦੇ ਉਸ ਐਸੇ ਕੰਨ ਭਰੇ ਕਿ ਇਨਾਮ ਮਿਲਣ ਦੀ ਥਾਂ ਸ਼ਮਸ ਖ਼ਾਨ ਨੂੰ ਜਲੰਧਰ ਦੀ ਨਵਾਬੀ ਵੀ ਹੱਥੋਂ ਗਵਾਣੀ ਪਈ।

ਸਰਹੰਦ ਦੇ ਕਿਲ੍ਹੇ ਦੇ ਖੁੱਸ ਜਾਣ ਉਪਰੰਤ ਸਿੱਖਾਂ ਨੇ ਲੋਹਗੜ੍ਹ ਦੇ ਕਿਲ੍ਹੇ ਵਿਚ ਪਨਾਹ ਲਈ। ਬਾਬਾ ਬੰਦਾ ਸਿੰਘ ਵੀ ਪੁੱਜ ਗਏ। ਮੁਗ਼ਲ ਫ਼ੌਜਾਂ ਵਿਚ ਇਸ ਭਾਵ ਦੀਆਂ ਖ਼ਬਰਾਂ ਫੈਲੀਆਂ ਹੋਈਆਂ ਸਨ ਕਿ ਬਾਬਾ ਬੰਦਾ ਸਿੰਘ ਕਈ ਸ਼ਕਤੀਆਂ ਦਾ ਮਾਲਕ ਹੈ। ਉਸ ਨੂੰ ਤੀਰ, ਤਲਵਾਰ, ਗੋਲੀ ਛੋਹ ਨਹੀਂ ਸਕਦੀ। ਬਹਾਦਰ ਸ਼ਾਹ ਤਕ ਵੀ ਐਸੀਆਂ ਖ਼ਬਰਾਂ ਪੁੱਜੀਆਂ ਸਨ। ਬਹਾਦਰ ਸ਼ਾਹ ਨੇ ਰੁਸਤਮਦਿਲ ਖ਼ਾਨ ਤੇ ਫ਼ਿਰੋਜ਼ ਖ਼ਾਨ ਨੂੰ ਅੱਗੇ ਭੇਜਿਆ, ਪਰ ਅਜੇ ਦੋ ਕੋਹ ਹੀ ਤੁਰੇ ਸਨ ਕਿ ਸਿੱਖਾਂ ਨੇ ਧਾਹ ਕੇ ਹਮਲਾ ਕਰ ਦਿੱਤਾ। ਮੁਗ਼ਲ ਫ਼ੌਜਾਂ ਇਹ ਅਚਾਨਕ ਧਾਵਾ ਸਹਾਰ ਨਾ ਸਕੀਆਂ ਤੇ ਖਿੰਡ-ਪੁੰਡ ਗਈਆਂ। ਬਹਾਦਰ ਸ਼ਾਹ ਨੇ ਹੋਰ ਫ਼ੌਜੀ ਮਦਦ ਭੇਜੀ ਤੇ ਸਿੱਖਾਂ ਵੀ ਲੋਹਗੜ੍ਹ ਹਟਣਾ ਹੀ ਠੀਕ ਸਮਝਿਆ। ਬਹਾਦਰ ਸ਼ਾਹ ਨੇ ਆਪਣੇ ਜਰਨੈਲਾਂ ਨੂੰ ਵੱਡੇ ਵੱਡੇ ਇਨਾਮਾਂ ਦਾ ਲਾਲਚ ਦਿੱਤਾ ਤੇ ਕਈ ਇਨਾਮ ਵੰਡੇ ਵੀ। ਸੱਠ ਹਜ਼ਾਰ ਦੇ ਕਰੀਬ ਮੁਗ਼ਲ ਫ਼ੌਜ ਨੇ ਲੋਹਗੜ੍ਹ ਘੇਰ ਲਿਆ। ਫ਼ੌਜ ਦੀ ਕਮਾਨ ਸ਼ਹਿਜ਼ਾਦੇ ਰਫ਼ੀ-ਉਲ-ਖ਼ਾਨ ਦੇ ਹਵਾਲੇ ਕੀਤੀ ਗਈ। ਲੋਹਗੜ੍ਹ ਦਾ ਕਿਲ੍ਹਾ ਇਤਨਾ ਮਜ਼ਬੂਤ ਸੀ ਕਿ ਬਹਾਦਰ ਸ਼ਾਹ ਦੀ ਜੁਰੱਅਤ ਨਾ ਪੈ ਸਕੀ ਕਿ ਯਕਦਮ ਹਮਲਾ ਕਰ ਦੇਵੇ। ਬਹਾਦਰ ਸ਼ਾਹ ਨੇ ਮੁਨੀਮ ਖ਼ਾਨ ਨੂੰ ਹਦਾਇਤ ਭੇਜੀ ਕਿ ਹਮਲਾ ਨਾ ਕੀਤਾ ਜਾਏ ਅਤੇ ਜਾਇਜ਼ਾ ਹੀ ਲਾਇਆ ਜਾਏ।

**ਲੋਹਗੜ੍ਹ ਦੀ ਲੜਾਈ** : ਮੁਨੀਮ ਖ਼ਾਨ ਜਾਇਜ਼ਾ ਲੈਣ ਲਈ ਕਿਲ੍ਹੇ ਦੇ ਨੇੜੇ ਪੁੱਜਾ ਹੀ ਸੀ ਕਿ ਸਿੱਖਾਂ ਨੇ ਤੋਪਾਂ ਦੇ ਗੋਲੇ ਵਰਸਾ ਉਸ ਦਾ ਸਵਾਗਤ ਕੀਤਾ। ਮੁਨੀਮ ਖ਼ਾਨ ਬਹਾਦਰ ਸ਼ਾਹ ਦੀ ਹਦਾਇਤ (ਹਮਲਾ ਨਾ ਕਰੋ) ਭੁੱਲ ਗਿਆ ਤੇ ਹਮਲਾ ਕਰ ਦਿੱਤਾ। ਸ਼ਹਿਜ਼ਾਦੇ ਰਫ਼ੀ ਤੇ ਰੁਸਤਮਦਿਲ ਖ਼ਾਨ ਵੀ ਇਮਦਾਦ ਲਈ ਪੁੱਜ ਗਏ। ਮੁਗ਼ਲਾਂ ਦੇ ਨਾ ਚਾਹੁੰਦਿਆਂ ਵੀ ਜੰਗ ਸ਼ੁਰੂ ਹੋ ਗਈ। ਦੁਪਹਿਰ ਦੀ ਨਮਾਜ਼ ਤੋਂ ਪਹਿਲਾਂ ਹੀ ਜੰਗ ਅਰੰਭ ਹੋਣ ਦੀ ਖ਼ਬਰ ਚਾਰੇ ਪਾਸੇ ਫੈਲ ਗਈ ਅਤੇ ਦੁਪਹਿਰ ਨੂੰ ਜੰਗ ਜ਼ੋਰਾਂ ਉੱਤੇ ਹੋ ਗਈ। ਦੋਵੇਂ ਪਾਸੇ ਖ਼ੂਬ ਕਟਾ ਵੱਢੀ ਹੋ ਰਹੀ ਸੀ। ਰੁਸਤਮਦਿਲ ਖ਼ਾਨ ਹਿੰਮਤ ਕਰਕੇ ਕਿਲ੍ਹੇ ਤਕ ਪੁੱਜ ਗਿਆ, ਪਰ ਕਿਲ੍ਹੇ ਅੰਦਰ ਜਾਣਾ ਇਕ ਔਖੀ ਘਾਟੀ ਨੂੰ ਪਾਰ ਕਰਨ ਵਾਲੀ ਗੱਲ ਸੀ। ਸਿੱਖ ਵੀ ਥੋੜ੍ਹੀ-ਥੋੜ੍ਹੀ ਗਿਣਤੀ ਵਿਚ ਕਿਲ੍ਹੇ ਵਿਚੋਂ ਬਾਹਰ ਨਿਕਲਦੇ, ਹਮਲਾ ਕਰਦੇ ਤੇ ਦੁਸ਼ਮਨ ਦੀਆਂ ਸਫ਼ਾਂ ਨੂੰ ਵੰਗਾਰਦੇ, ਮਾਰਦੇ ਤੇ ਲਿਤਾੜਦੇ ਸ਼ਹੀਦ ਹੋ ਜਾਂਦੇ। ਰਾਤ

Sri Satguru Jagjit Singh Ji eLibrary NamdhariElibrary@gmail.com

ਤਕ ਦੋਹਾਂ ਧਿਰਾਂ ਦਾ ਬਹੁਤ ਨੁਕਸਾਨ ਹੋਇਆ। ਮੁਗਲ ਫ਼ੌਜਾਂ ਦੇ ਕਈ ਜਰਨੈਲ ਤੇ ਸੁੱਚਾ ਨੰਦ ਦਾ ਪੁੱਤਰ ਮਾਰੇ ਗਏ।

ਦੂਜੇ ਦਿਨ ਨੂੰ ਤਗੜਾ ਹਮਲਾ ਕਰਨ ਦੀ ਵਿਉਂਤ ਬਣਾ ਕੇ ਮੁਨੀਮ ਖ਼ਾਨ ਨੇ ਰਾਤ ਹੋਣ ਤੋਂ ਪਹਿਲਾਂ ਜੰਗ ਬੰਦ ਕਰ ਦਿੱਤੀ। ਉਸ ਦਾ ਵਿਚਾਰ ਸੀ ਕਿ ਦੂਜੀ ਸਵੇਰ ੧੧ ਦਸੰਬਰ, ੧੭੧੦ ਨੂੰ ਤਗੜਾ ਹਮਲਾ ਕਰਕੇ ਬਾਬਾ ਬੰਦਾ ਸਿੰਘ ਨੂੰ ਪਕੜ ਲਵੇਗਾ। ਰਾਤੋ ਰਾਤ ਉਹ ਬਹਾਦਰ ਸ਼ਾਹ ਕੋਲ ਪੁੱਜਾ ਤੇ ਖੁਸ਼ਖ਼ਬਰੀ ਸੁਣਾ ਕੇ ਠੰਢਾ ਕੀਤਾ, ਕਿਉਂਕਿ ਬਹਾਦਰ ਸ਼ਾਹ ਅਜੇ ਇਸ ਤੋਂ ਅੱਗੇ ਹਮਲੇ ਦੇ ਹੱਕ ਵਿਚ ਨਹੀਂ ਸੀ। ਮੁਨੀਮ ਖ਼ਾਨ ਭੁੱਲ ਹੀ ਗਿਆ ਕਿ ਸਿੱਖ ਤੇ ਬੰਦਾ ਸਿੰਘ ਕਿਸੇ ਹੋਰ ਹੀ ਮਿੱਟੀ ਦੇ ਬਣੇ ਹੋਏ ਹਨ। ਕਿਲ੍ਹੇ ਵਿਚ ਖਾਣ ਲਈ ਰਸਦ ਵੀ ਮੁੱਕ ਗਈ ਸੀ ਅਤੇ ਭੁੱਖ ਨੇ ਨਿਢਾਲ ਕਰਨਾ ਸ਼ੁਰੂ ਕਰ ਦਿੱਤਾ ਸੀ, ਪਰ ਜੋ ਕੁਝ ਮਿਲਦਾ ਉਸ ਨਾਲ ਸਿੱਖ ਪੇਟ ਦੀ ਅਗਨ ਬੁਝਾ ਰਹੇ ਸਨ। ਇਕ ਕਥਨ ਅਨੁਸਾਰ[1] ''ਘੋੜਿਆਂ ਦਾ ਮਾਸ ਤਕ ਉਹ ਖਾ ਗਏ।'' ਸਿੱਖਾਂ ਇਹ ਵਿਉਂਤ ਬਣਾਈ ਕਿ ਰਾਤ ਦੇ ਹਨੇਰੇ ਵਿਚ ਬਾਬਾ ਬੰਦਾ ਸਿੰਘ ਕਿਲ੍ਹਾ ਛੱਡ ਜਾਣ ਤੇ ਉਹਨਾਂ ਦੀ ਥਾਵੇਂ ਮਿਲਦੇ ਮੁਹਾਂਦਰੇ ਵਾਲਾ ਸਰਦਾਰ ਗੁਲਾਬ ਸਿੰਘ ਕਮਾਨ ਸੰਭਾਲ ਲਵੇ। ਗੁਲਾਬ ਸਿੰਘ ਨਵਾਂ ਸਜਿਆ ਸਿੰਘ ਸੀ।

**ਬਾਜ਼ ਉਡ ਗਿਆ** : ਅੱਧੀ ਰਾਤ ਨੂੰ ਤੋਪ ਦਾਗ ਦਿੱਤੀ ਗਈ ਤੇ ਬਾਬਾ ਬੰਦਾ ਸਿੰਘ ਕੁਝ ਸਾਥੀਆਂ ਸਮੇਤ ਪੈਂਡਾ ਕਰਦੇ ਰਿਆਸਤ ਨਾਹਨ ਵਿਚ ਜਾ ਪਹੁੰਚੇ। ਜਦ ਦੂਜੇ ਦਿਨ ਮੁਨੀਮ ਖ਼ਾਨ ਲੋਹਗੜ੍ਹ 'ਤੇ ਕਬਜ਼ਾ ਕਰਨ ਵਿਚ ਸਫਲ ਹੋਇਆ ਤਾਂ ਬਾਬਾ ਬੰਦਾ ਸਿੰਘ ਨੂੰ ਨਾ ਪਾ ਕੇ ਨਿਰਾਸਤਾ ਦੇਖਣੀ ਪਈ, ਕਿਉਂਕਿ ''ਬਾਜ਼ ਉੱਡ ਗਿਆ ਸੀ ਸਿਰਫ਼ ਉਲੂ ਹੱਥ ਆਇਆ।''[2] ਸਰਦਾਰ ਗੁਲਾਬ ਸਿੰਘ ਨੂੰ ਪਕੜ ਲਿਆ ਗਿਆ, ਪਰ ਬੰਦਾ ਸਿੰਘ ਜੀ ਦਾ ਨਾ ਮਿਲਣਾ ਹਾਰ ਦੇ ਹੀ ਤੁਲ ਸੀ। ਉਹ ਬਹਾਦਰ ਸ਼ਾਹ ਨੂੰ ਮੂੰਹ ਦਿਖਾਉਣ ਜੋਗਾ ਨਹੀਂ ਸੀ। ਜਦੋਂ ਬਹਾਦਰ ਸ਼ਾਹ ਦਾ ਕੁਝ ਗੁੱਸਾ ਮੱਠਾ ਹੋਇਆ ਤਾਂ ਮੁਨੀਮ ਖ਼ਾਨ ਗੁਲਾਬ ਸਿੰਘ ਨੂੰ ਹੀ ਲੈ ਕੇ ਪੁੱਜਾ। ਬਹਾਦਰ ਸ਼ਾਹ ਨੇ ਮੁਨੀਮ ਖ਼ਾਨ ਦੀ ਨਾ-ਅਹਿਲੀਅਤ ਕਾਰਨ ਉਸਨੂੰ ਬਹੁਤ ਬੁਰਾ ਭਲਾ ਕਿਹਾ। ਬੇਇੱਜ਼ਤੀ ਨਾ ਸਹਾਰਦੇ ਮੁਨੀਮ ਖ਼ਾਨ ਦੀ ਛੇਤੀ ਹੀ ਮੌਤ ਹੋ ਗਈ। ਕੁਝ ਨਾ ਬਣਦਾ ਦੇਖ ਕੇ ਫ਼ੁਰਮਾਨ ਜਾਰੀ ਕੀਤਾ ਕਿ ਨਾਹਨ ਦੇ ਰਾਜਾ ਭੂਪ ਪ੍ਰਕਾਸ਼ ਨੂੰ ਪਕੜ ਲਿਆਂਦਾ ਜਾਏ, ਕਿਉਂ ਜੋ ਬਾਬਾ ਬੰਦਾ ਸਿੰਘ ਉਸਦੇ ਇਲਾਕੇ ਵਿਚ ਛੁਪਿਆ ਹੈ। ਨਾਹਨ ਦੇ ਰਾਜਾ ਭੂਪ ਪ੍ਰਕਾਸ਼ ਨੂੰ ਤਸੀਹੇ ਦਿੱਤੇ ਗਏ। ਉਸ ਨੂੰ ਗੁਲਾਬ ਸਿੰਘ ਨਾਲ ਇਕੋ ਪਿੰਜਰੇ ਵਿਚ ਪਾ ਕੇ ਅਤੇ ਕਈ ਦਿਨ ਭੁੱਖਾ-ਭਾਣਾ ਰੱਖ ਕੇ ਲਾਲ ਕਿਲ੍ਹੇ ਕੈਦ ਰੱਖਣ ਪਿੱਛੋਂ ਮਾਰ ਦਿੱਤਾ ਗਿਆ। ਸ੍ਰੀ ਨਗਰ ਦੇ ਪਹਾੜੀ ਰਾਜੇ ਨੇ ਡਰਦਿਆਂ ਪਹਿਲਾਂ ਹੀ ਤੁਹਫ਼ੇ ਭੇਜ ਦਿੱਤੇ ਤਾਂਕਿ ਬਹਾਦਰ ਸ਼ਾਹ ਦਾ ਗੁੱਸਾ ਉਸ ਤਕ ਨਾ ਪੁੱਜੇ। ਜਰਨੈਲ ਹਮੀਦ ਖ਼ਾਨ ਨੂੰ ਬਾਬਾ ਬੰਦਾ ਸਿੰਘ ਦੇ ਪਕੜਨ ਲਈ ਪਹਾੜੀ ਰਾਜਾਂ ਵਿਚ ਭੇਜਿਆ ਗਿਆ। ਇਹ ਇੰਤਜ਼ਾਮ ਕਰਨ ਉਪਰੰਤ ਬਹਾਦਰ ਸ਼ਾਹ ਆਪੂੰ ਸਰਦਪੁਰ, ਰਸੂਲਪੁਰ, ਭੜੋਲੀ, ਹੁਸ਼ਿਆਰਪੁਰ, ਕਾਹਨੂੰਵਾਨ, ਕਲਾਨੌਰ, ਪੰਜਗਿਰਾਈਂ ਤੋਂ ਹੁੰਦਾ ਹੋਇਆ ੧੧ ਅਗਸਤ, ੧੭੧੧ ਨੂੰ ਲਾਹੌਰ ਪੁੱਜਾ।

---

1. ਖ਼ਾਫ਼ੀ ਖ਼ਾਨ।
2. ਇਲੀਅਟ ਐਂਡ ਡਾਉਸਨ, ਜਿਲਦ ਸਤਵੀਂ, ਪੰਨਾ ੪੨੪ ਵਿਚ ਖ਼ਾਫ਼ੀ ਖ਼ਾਨ ਦਾ ਦਰਜ ਕਥਨ।

Sri Satguru Jagjit Singh Ji eLibrary NamdhariElibrary@gmail.com

**ਪਹਾੜੀਆਂ ਨਾਲ ਝੜਪਾਂ** : ਬਾਬਾ ਬੰਦਾ ਸਿੰਘ ਦੇ ਲੋਹਗੜ੍ਹ ਤੋਂ ਬਚ ਕੇ ਨਿਕਲ ਜਾਣ ਨੂੰ ਮੁਗ਼ਲ ਆਪਣੀ ਹਾਰ ਹੀ ਸਮਝਦੇ ਸਨ। ਬਾਬਾ ਬੰਦਾ ਸਿੰਘ ਦੀ ਸ਼ਖ਼ਸੀਅਤ ਇਤਨੀ ਪ੍ਰਭਾਵਸ਼ਾਲੀ ਸੀ ਕਿ ਹੋਏ ਨੁਕਸਾਨ ਨੂੰ ਪੂਰਾ ਕਰਨ ਲਈ ਉਹ ਕਾਫ਼ੀ ਸੀ। ਬੰਦਾ ਸਿੰਘ ਨੇ ਆਉਣ ਵਾਲੇ ਖ਼ਤਰਿਆਂ ਨੂੰ ਅਨੁਭਵ ਕੀਤਾ। ਸਿੱਖਾਂ ਵਿਚ ਬੇ-ਦਿਲੀ ਨਾ ਆ ਜਾਏ, ਇਸ ਦੇ ਬਾਨ੍ਹਣੂ ਉਨ੍ਹਾਂ ਬੰਨ੍ਹ ਦਿੱਤੇ। ਉਨ੍ਹਾਂ ਹੁਕਮਨਾਮੇ ਘੱਲੇ ਕਿ ਗੁਰੂ ਗੋਬਿੰਦ ਸਿੰਘ ਦੀ ਰਹਿਤ ਉੱਤੇ ਤੁਰੋ ਅਤੇ ਹਰ ਕਿਸਮ ਦੀ ਮਦਦ ਭੇਜੋ। ਸਾਰਿਆਂ ਪਾਸਿਆਂ ਤੋਂ ਇਮਦਾਦ ਪੁੱਜਣ ਲੱਗ ਪਈ ਤੇ ਸਿੱਖ ਕੀਰਤਪੁਰ ਪੁੱਜਣ ਲੱਗੇ। ਬਾਬਾ ਬੰਦਾ ਸਿੰਘ ਨੇ ਪਹਿਲਾਂ ਪਹਾੜੀ ਰਾਜਿਆਂ ਵੱਲ ਧਿਆਨ ਦੇਣਾ ਠੀਕ ਸਮਝਿਆ :

*ਜਿਨ-ਜਿਨ ਸਤਿਗੁਰ ਕੋ ਦੁਖ ਦਯੋ।*
*ਸੋ ਉਨ ਚਾਹੀਯਤ ਉਧਾਰ ਉਤਰਯੋ।*

ਕਹਿਲੂਰ ਦਾ ਰਾਜਾ ਭੀਮ ਚੰਦ ਗੁਰੂ ਗੋਬਿੰਦ ਜੀ ਦੇ ਸਮੇਂ ਤੋਂ ਹੀ ਵਿਰੋਧ ਕਰ ਰਿਹਾ ਸੀ। ਭੀਮ ਚੰਦ ਦੇ ਪੁੱਤਰ ਅਜਮੇਰ ਚੰਦ ਨੂੰ ਪਹਿਲਾਂ ਲਿਖਿਆ ਕਿ 'ਮਾਰੂੰ ਤੁਮ ਕੋ ਢੋਲ ਬਜਾਈ।' ਸੋ ਭਲਾ ਇਸੇ ਵਿਚ ਹੈ ਕਿ ਈਨ ਮੰਨ ਲੈ। ਅਜਮੇਰ ਚੰਦ ਨੇ ਅੱਗੋਂ ਲਿਖਿਆ ਕਿ ਜਦੋਂ ਤੇਗ ਚੱਲੀ, ਤਾਂ ਤੇਰੀ ਰਾਹ ਜਾਂਦੀ ਇਕੱਠੀ ਕੀਤੀ ਫ਼ੌਜ ਅੱਗੇ ਟਿਕਣ ਨਹੀਂ ਲੱਗੀ।

*"ਜੱਟ ਬੂਟ ਕਰ ਲਯਾਯੋ ਸਿਪਾਹੀ।*
*ਹਮ ਤੇਗ ਅਗੈ ਕਹੁ ਕਬ ਟਿਕੈ ਵਾਹੀ।"*

ਪਰ ਅੰਦਰੋਂ ਰਾਜਾ ਕਹਿਲੂਰ ਡਰਦਾ ਵੀ ਸੀ। ਮਦਦ ਲਈ ਉਸ ਹੋਰ ਰਾਜੇ ਬੁਲਾਏ। ਵਕੀਲਾਂ ਨੇ ਵੀ ਸਲਾਹ ਦਿੱਤੀ ਕਿ ਸਿੱਧਾ ਟਕਰਾਉਣ ਨਾਲੋਂ ਛਲ ਨਾਲ ਹੀ ਮਾਰਿਆ ਜਾਏ। ਇਹ ਤੈਅ ਹੋਇਆ ਕਿ ਪੰਜ ਚੋਣਵੇਂ ਮੱਲ ਪਹਾੜੀਏ ਭੇਜਣ ਤੇ ਪੰਜ ਹੀ ਇਧਰ ਆਉਣਗੇ ਪਰ ਬੰਦਾ ਸਿੰਘ ਜੀ ਵਲੋਂ ਇਕੱਲਾ ਬਾਘੜ ਸਿੰਘ ਲੜੇਗਾ। ਇਹ ਵੀ ਤੈਅ ਹੋਇਆ ਕਿ ਜੇ ਬੰਦਾ ਸਿੰਘ ਦੇ ਭੇਜੇ ਮੱਲ ਹਾਰ ਗਏ ਤਾਂ ਮੂੰਹ ਮੰਗੀ ਰਕਮ ਬਾਬਾ ਜੀ ਦੇਣਗੇ ਤੇ ਜੇ ਕਹਿਲੂਰ ਪਤੀ ਹਾਰ ਗਿਆ ਤਾਂ ਉਹ ਰਈਅਤ ਬਣਨਾ ਸਵੀਕਾਰ ਕਰ ਲੈਣਗੇ।

**ਭਾਈ ਬਾਘੜ ਸਿੰਘ ਦੀ ਦਲੇਰੀ** : ਟਾਕਰੇ ਲਈ ਰਾਜਾ ਕਹਿਲੂਰ ਨੇ ਪੰਜ ਚੋਣਵੇਂ ਸਿੱਖੇ-ਸਿਖਾਏ ਤੇ ਸਾਰੇ ਦਾਅ ਪੇਚਾਂ ਦੇ ਜਾਣੂ ਜਵਾਨ ਭੇਜੇ। ਇਧਰੋਂ ਵੀ ਭਾਈ ਬਾਘੜ ਸਿੰਘ ਨਾਲ ਚਾਰ ਹੋਰ ਭੇਜੇ ਤਾਂ ਭਾਈ ਜੀ ਨੇ ਕਿਹਾ, ਇਹਨਾਂ ਚਾਰਾਂ ਦੀ ਕੀ ਲੋੜ ਹੈ। ਗੁਰੂ ਜੀ ਦਾ ਫ਼ੁਰਮਾਨ ਸੀ ਕਿ "ਸਵਾ ਲਾਖ ਸੇ ਏਕ ਲੜਾਊਂ ਇਕ ਪਯਾਰਾ।"

ਭਾਈ ਬਾਘੜ ਜੀ ਵਾਹਿਗੁਰੂ ਜੀ ਕੀ ਫ਼ਤਿਹ ਬੁਲਾ ਕੇ ਪੰਜਾਂ ਵਿਚ ਹੀ ਜਾ ਵੜੇ। ਪਹਿਲਾਂ ਕਦਮ ਅੱਗੇ ਕੀਤਾ ਪਰ ਉਹਨਾਂ ਵਿਚੋਂ ਇਕ ਨੇ ਕਿਹਾ ਕਿ ਦਸਤੂਰ ਮੁਤਾਬਕ ਪਹਿਲਾਂ ਦਸਤ ਪੰਜਾ ਹੁੰਦਾ ਹੈ। ਇਕ ਨੇ ਹੱਥ ਅੱਗੇ ਕੀਤਾ, ਬਾਘੜ ਸਿੰਘ ਜੀ ਨੇ ਪਕੜਿਆ ਤੇ ਕੜ-ਕੜ ਹੱਡੀਆਂ ਟੁੱਟਣ ਦੀ ਆਵਾਜ਼ ਆਈ। ਚੂਰ-ਚੂਰ ਹੋ ਗਈਆਂ। ਹਾਇ-ਹਾਇ ਪੁਕਾਰ ਇਹ ਕਹਿ ਕੇ :

*ਛਡੋ ਖਾਲਸਾ ਜੀ, ਸ਼ਰਣਿ ਤੁਹਾਰੀ,*

ਜਾਨ ਬਚਾਈ। ਹੁਣ ਚਾਰੇ ਉਸ ਦੇ ਪੈਰਾਂ ਨੂੰ ਪਏ। ਪਰ ਇਕੋ ਲੱਤ ਖਾ ਕੇ ਐਸੇ ਭੱਜੇ ਕਿ

Sri Satguru Jagjit Singh Ji eLibrary NamdhariElibrary@gmail.com

ਨਜ਼ਰੀਂ ਹੀ ਨਾ ਆਏ।

ਭਾਈ ਜੀ ਨੇ ਨਿਸ਼ਾਨ ਸਾਹਿਬ ਗੱਡ ਦਿਤਾ ਤੇ ਕਿਹਾ ਕਿ ਕਿਸੇ ਇਕ ਪਹਾੜੀਏ ਦੀ ਜੁਰਅੱਤ ਹੈ ਤਾਂ ਅੱਗੇ ਆਵੇ। ਸਭ ਇਹ ਕਹਿ ਕੇ ਦੌੜ ਗਏ ਕਿ ''ਪੁਟੈ ਹਮ ਕਲ ਕੋ ਆਣ।'' ਰਾਤ ਨੂੰ ਝੰਡਾ ਉਖਾੜਨਾ ਚਾਹਿਆ, ਪਰ ਸਿੰਘ ਸੁਚੇਤ ਸਨ, ਦਾਅ ਨਾ ਚੱਲਿਆ।

ਪਹਾੜੀ ਫੌਜ ਕਹਿਲੂਰ ਦੇ ਕਿਲ੍ਹੇ ਅੰਦਰ ਜਾ ਲੁਕੀ। ਮਸਤ ਹਾਥੀ ਪਹਿਰੇ 'ਤੇ ਸੀ ਅਤੇ ਸਾਰੇ ਦਰਵਾਜ਼ੇ ਬੰਦ ਸਨ, ਇਕ ਤੀਰ ਨਾਲ ਹਾਥੀ ਦਾ ਮੱਥਾ ਵੀ ਵਿੰਨ੍ਹ ਸੁਟਿਆ ਤੇ ਦਰਵਾਜ਼ੇ ਵੀ ਤੋੜ ਦਿਤੇ। ਪ੍ਰਾਚੀਨ ਪੰਥ ਪ੍ਰਕਾਸ਼ ਦੇ ਸ਼ਬਦਾਂ ਵਿਚ :

*ਹਾਥੀ ਖੜਾਯੋ ਕੰਮ ਜਿਮ,*
*ਤਖ਼ਤੇ ਖ਼ੂਬ ਅੜਾਇ।*
*ਬਾਘੜ ਸਿੰਘ ਇਕ ਤੀਰ ਸੋ,*
*ਦੋਵੇਂ ਸਭਨ ਗਿਰਾਇ।*

**ਮੰਡੀ ਰਾਜੇ ਦੀ ਈਨ :** ਕਹਿਲੂਰ ਜਿੱਤਣ ਉਪਰੰਤ ਬਾਬਾ ਬੰਦਾ ਸਿੰਘ ਜੀ ਦੀ ਅਗਵਾਈ ਹੇਠਾਂ ਸਿੰਘ ਮੰਡੀ ਵੱਲ ਵਧੇ। ਸ਼ਹਿਰ ਵਾਸੀਆਂ ਨੂੰ ਪੂਰਾ ਯਕੀਨ ਦਿਵਾ ਦਿਤਾ ਕਿ ਸਿੰਘਾਂ ਨਾਲ ਉਹਨਾਂ ਦੀ ਕੋਈ ਲੜਾਈ ਨਹੀਂ। ਰਾਜੇ ਵਿਰੁੱਧ ਆਏ ਹਾਂ :

*ਗਰੀਬਨ ਕੈ ਘਰ ਲਗੈ ਨਾ ਆਗ।*
*ਤੋ ਰਾਜੇ ਘਰ ਸਭ ਜਲ ਜਾਗ।*

ਪਹਾੜੀ ਰਾਜਿਆਂ ਨੇ ਇਕ ਥਾਵੇਂ ਇਕੱਠੇ ਹੋ ਕੇ ਹਾਰ ਦੇਣ ਦੀ ਠਾਣੀ, ਪਰ ਜੁਰਅੱਤ ਇਤਨੀ ਸੀ ਸਿੰਘਾਂ ਵਿਚ ਕਿ ਉਹਨਾਂ ਲਿਖਿਆ ਕਿ ਸਾਡੇ ਵਲੋਂ ਪੰਜ ਹੀ ਆਉਣਗੇ। ਉਨ੍ਹਾਂ ਪੰਜਾਂ ਸੂਰਮਿਆਂ ਦੇ ਨਾਮ ਸਿੱਖ ਇਤਿਹਾਸ ਨੇ *ਭਾਈ ਬਾਘੜ ਸਿੰਘ, ਭਾਈ ਕਿਹਰ ਸਿੰਘ, ਭਾਈ ਰਣਜੀਤ ਸਿੰਘ, ਭਾਈ ਰਣਜੋਰ ਸਿੰਘ ਅਤੇ ਭਾਈ ਬਜਰ ਸਿੰਘ* ਕਰ ਕੇ ਲਿਖੇ ਹਨ।

ਤਰੇਲੂ, ਮਝੈਲੂ, ਨਾਗਲੂ, ਜੰਡੇ, ਸੂਹਲ, ਝੰਡਵਾਲ, ਕਨੇਤਿ, ਤਿਛੰਨ, ਚਿਲਾਹਿਲ, ਬਲਾੜ, ਪੰਮੇ, ਡਢਵਾਲ, ਰਿਆਸਤਾਂ ਦੇ ਤੇਰਾਂ ਸੌ ਚੋਣਵੇਂ ਜਵਾਨ ਤੇ ਸੱਤ ਹਾਥੀ ਤਵੇ ਬੰਨ੍ਹ, ਸ਼ਰਾਬ ਪਿਲਾ ਕੇ ਮੰਡੀ ਦੇ ਰਾਹ ਤੇ ਖੜ੍ਹੇ ਕਰ ਦਿਤੇ। ਮਹਾਵਤਾਂ ਨੂੰ ਹਦਾਇਤ ਸੀ ਕਿ ਸਿੰਘ ਆਉਂਦੇ ਦੇਖੋ ਤਾਂ ਮਾਰ ਸੁੱਟੋ। ਬਾਘੜ ਸਿੰਘ ਨੇ ਆਉਂਦੇ ਹਾਥੀ ਤੇ 'ਅਮੋਘ ਬਾਣ' ਮਾਰਿਆ, ਉਹ ਪਿੱਛੇ ਹੋ ਨੱਸਿਆ। ਦੂਜੇ ਭਾਈ ਕਿਹਰ ਸਿੰਘ ਜੀ ਨੇ 'ਦਵੈਹਸਤੀ' ਸ਼ਸਤਰ ਨਾਲ ਹਾਥੀ ਨੂੰ ਭਜਾ ਦਿਤਾ ਤੇ ਬਾਕੀ ਤਿੰਨਾਂ ਨੇ ਪੰਜਾਂ ਹਾਥੀਆਂ ਨੂੰ ਤੀਰਾਂ ਨਾਲ ਵਿੰਨ੍ਹ ਦਿਤਾ। ਕਿਲ੍ਹੇ ਤੱਕ ਪੁੱਜ ਗਏ ਤੇ ਦਰਵਾਜ਼ੇ ਚੂਲਾਂ ਤੋਂ ਹੀ ਪੁੱਟ ਉਖੇੜ ਦਿਤੇ।

ਇਨ੍ਹਾਂ ਦੋ ਹਾਰਾਂ ਉਪਰੰਤ ਬਾਕੀ ਰਾਜਿਆਂ ਨੂੰ ਕੰਨ ਹੋ ਗਏ। ਬਾਈਧਾਰ ਦੇ ਬਾਕੀ ਰਾਜੇ ਨਜ਼ਰਾਨੇ ਲੈ ਕੇ ਬਾਬਾ ਬੰਦਾ ਸਿੰਘ ਜੀ ਪਾਸ ਪੇਸ਼ ਹੋਏ। ਇਨ੍ਹਾਂ ਜਿੱਤਾਂ ਨੇ ਸਨਮਾਨ ਕਾਇਮ ਕਰ ਦਿਤਾ ਤੇ ਕੌਮ ਪੈਰਾਂ 'ਤੇ ਖੜ੍ਹੀ ਹੋ ਗਈ।

**ਚੰਬੇ ਦੇ ਰਾਜੇ ਦੀ ਲੜਕੀ ਨਾਲ ਸ਼ਾਦੀ :** ਮੰਡੀ ਤੋਂ ਬਾਬਾ ਬੰਦਾ ਸਿੰਘ ਕੁੱਲੂ ਪੁੱਜੇ ਹੀ ਸਨ ਕਿ ਕੁੱਲੂ ਦੇ ਰਾਜੇ ਨੇ ਪਕੜ ਲਿਆ ਤੇ ਪਿੰਜਰੇ ਪਾ ਦਿਤੇ। ਆਪ ਜੀ ਪਿੰਜਰੇ ਵਿਚੋਂ

Sri Satguru Jagjit Singh Ji eLibrary NamdhariElibrary@gmail.com

ਨਿਕਲ ਕੇ ਚੰਬੇ ਜਾ ਪੁਜੇ। ਇਸੇ ਕਾਰਨ ਇਹ ਮਨੌਤ ਚਾਰੇ ਪਾਸੇ ਫੈਲ ਗਈ ਕਿ ਬੰਦਾ ਸਿੰਘ ਨੂੰ ਕੈਦ ਨਹੀਂ ਰੱਖਿਆ ਜਾ ਸਕਦਾ। ਕੂੱਲੂ ਦੇ ਰਾਜੇ ਨੂੰ ਇਹ ਲਿਖਵਾਇਆ ਕਿ ਕਿਤਨੀ ਦੇਰ ਬਚੇਂਗਾ :

*'ਕੁੱਲੂ ਕੋਇਲੇ ਕਰੇਗਾ,*
*ਆਦਿ ਖਾਲਸਾ ਆਪ।'*

ਸੱਚਮੁੱਚ ਅਜਿਹਾ ਹੀ ਹੋਇਆ ਜਦ ਖ਼ਾਲਸਾ ਜੀ ਦੀਆਂ ਫ਼ੌਜਾਂ ਨੇ ਪਹਾੜੀ ਇਲਾਕੇ ਨੂੰ ਆਪਣੀ ਸਲਤਨਤ ਦਾਂ ਹਿੱਸਾ ਬਣਾਇਆ।

ਚੰਬੇ ਦੇ ਰਾਜੇ ਉਦੈ ਸਿੰਘ ਨੇ ਸਵਾਗਤ ਕੀਤਾ ਤੇ ਆਪਣੇ ਹੀ ਖ਼ਾਨਦਾਨ ਦੀ ਲੜਕੀ ਬਾਬਾ ਬੰਦਾ ਸਿੰਘ ਜੀ ਨੂੰ ਪੇਸ਼ ਕੀਤੀ। ਮੈਕਾਲਫ਼ ਦਾ ਕਹਿਣਾ ਹੈ ਕਿ ਉਹ ਇਤਨੀ ਖ਼ੂਬਸੂਰਤ ਸੀ ਕਿ ਲੋਕ ਉਸ ਨੂੰ ਕਾਮ ਦੀ ਇਸਤ੍ਰੀ, ਰਤੀ ਹੀ ਕਹਿੰਦੇ ਸਨ।[1] ਬੰਦਾ ਸਿੰਘ ਜੀ ਨੇ ਉਸ ਨਾਲ ਸ਼ਾਦੀ ਕਰਨਾ ਪਰਵਾਨ ਕਰ ਲਿਆ। ਉਸ ਦੀ ਕੁੱਖੋਂ ਹੀ ਅਜੈ ਸਿੰਘ ਪੈਦਾ ਹੋਇਆ ਸੀ।

**ਬਹਾਦਰ ਸ਼ਾਹ ਦੀ ਬੇਬਸੀ** : ਬਹਾਦਰ ਸ਼ਾਹ ਨੂੰ ਬੰਦਾ ਸਿੰਘ ਦੀਆਂ ਕਾਰਵਾਈਆਂ ਅਤੇ ਜਿੱਤਾਂ ਦੀਆਂ ਖ਼ਬਰਾਂ ਪੁੱਜ ਰਹੀਆਂ ਸਨ ਪਰ ਉਹ ਬੇ-ਬਸ ਸੀ। ਪੰਥ ਪ੍ਰਕਾਸ਼ ਦੇ ਲਿਖਾਰੀ ਭਾਈ ਰਤਨ ਸਿੰਘ ਜੀ ਦਾ ਕਥਨ ਹੈ ਕਿ ਬਹਾਦਰ ਸ਼ਾਹ ਨੇ ਇਕ ਚਿੱਠੀ ਵੀ ਭਿਜਵਾਈ ਕਿ ਤੂੰ ਚੰਗਾ ਕੀਤਾ ਜੋ ਬਜੀਦਾ ਮਾਰਿਆ, ਭਲਾ ਕੀਤਾ ਕਿ ਜੋ ਪਹਾੜੀ ਜ਼ੇਰ ਕੀਤੇ, ਹੁਣ ਪਰਬਤ ਪਾਸ ਰੱਖ ਤੇ ਪੰਜਾਬ ਛੱਡ ਦੇਹ। ਇਹ ਸਮਝੌਤਾ ਸਿਰੇ ਚੜ੍ਹਦਾ ਦਿਖਾਈ ਨਹੀਂ ਦੇਂਦਾ, ਕਿਉਂਕਿ ਬਹਾਦਰ ਸ਼ਾਹ ਨੇ ਸਿੰਘਾਂ ਵਿਰੁੱਧ ਕਈ ਕਰੜੇ ਹੁਕਮ ਕੱਢੇ, ਪਰ ਇਹ ਸਮਝੌਤੇ ਦੀਆਂ ਗੱਲਾਂ ਬਹਾਦਰ ਸ਼ਾਹ ਦੀ ਬੇਵਸੀ ਜ਼ਰੂਰ ਪ੍ਰਗਟਾਅ ਰਹੀਆਂ ਸਨ।

ਭਾਵੇਂ ਅਮੀਨ ਖ਼ਾਨ ਤੇ ਰੁਸਤਮ ਦਿਲ ਖ਼ਾਨ ਨੱਸ ਭੱਜ ਕਰ ਰਹੇ ਸਨ, ਸ਼ਮਸ ਖ਼ਾਨ ਸਰਹੰਦ ਤੋਂ ਮੁੜਨ ਉਪਰੰਤ ਆਪਣੇ ਗੁਆਚੇ ਸਨਮਾਨ ਨੂੰ ਮੁੜ ਬਹਾਲ ਕਰਨ ਵਿਚ ਤੱਤਪਰ ਸੀ, ਬਾਬਾ ਬੰਦਾ ਸਿੰਘ ਪਹਾੜੀ ਇਲਾਕਿਆਂ ਤੇ ਹੇਠਾਂ ਮੈਦਾਨ ਵਿਚ ਸਿੱਖੀ ਪਰਚਾਰ ਕਰ ਰਹੇ ਸਨ ਤੇ ਸਿੱਖ ਫ਼ੌਜਾਂ ਨੂੰ ਤਗੜੇ ਕਰ ਰਹੇ ਸਨ।

**ਸ਼ਮਸ ਖ਼ਾਨ ਤੇ ਬਜੀਦ ਖ਼ਾਨ ਦੀ ਮੌਤ** : ਜਦ ਸ਼ਮਸ ਤੇ ਬਜੀਦ ਖ਼ਾਨ ਨੂੰ ਇਹ ਪਤਾ ਲੱਗਾ ਕਿ ਬਾਬਾ ਬੰਦਾ ਸਿੰਘ ਰਾਏਪੁਰ ਜਾਂ ਨੇੜੇ ਬ੍ਰਹਮਪੁਰ ਹਨ ਤਾਂ ਇਨ੍ਹਾਂ ਦੋਹਾਂ ਨੇ ਹਮਲਾ ਕਰਨ ਦੀ ਪੱਕੀ ਪਕਾਈ। ਬਾਜ ਸਿੰਘ ਤੇ ਫ਼ਤਿਹ ਸਿੰਘ ਦੂਜੇ ਪਾਸੇ ਟਾਕਰੇ ਲਈ ਖੜ੍ਹੇ ਹੋ ਗਏ। ਬਾਜ਼ ਸਿੰਘ ਨੇ ਅਗੇ ਵਧ ਕੇ ਸ਼ੱਮਸ ਖ਼ਾਨ ਦਾ ਨੇਜ਼ਾ ਖੋਹ ਲਿਆ ਤੇ ਇਕੋ ਵਾਰ ਨਾਲ ਸ਼ਮਸ ਖ਼ਾਨ ਦੇ ਟੋਟੇ ਕਰ ਦਿਤੇ। ਬਜ਼ੀਦ ਖ਼ਾਨ ਫ਼ਤਹਿ ਸਿੰਘ ਹੱਥੋਂ ਸਖ਼ਤ ਜ਼ਖ਼ਮੀ ਹੋਇਆ। ਜੰਗ ਵਿਚੋਂ ਤਾਂ ਭਾਵੇਂ ਬੱਚ ਨਿਕਲਿਆ, ਪਰ ਤਿੰਨਾਂ ਦਿਨਾਂ ਬਾਅਦ ਕਾਰੀ ਸੱਟ ਕਾਰਨ ਉਸ ਦੀ ਮੌਤ ਹੋ ਗਈ। ਬਹਾਦਰ ਸ਼ਾਹ ਨੇ ਇਸ ਹਾਰ ਦੀ ਖ਼ਬਰ ੧੪ ਜੂਨ, ੧੭੧੧ ਨੂੰ ਸੁਣੀ। ਇਲਾਕੇ ਦੇ ਸਿੱਖ ਤੇ ਆਮ ਲੋਕੀਂ ਇਸ ਤੇ ਬਹੁਤ ਖ਼ੁਸ਼ ਹੋਏ, ਕਿਉਂਕਿ ਦੋ ਜਰਨੈਲ ਇਕੋ ਹੀ ਵਾਰੀ ਮਾਰੇ ਗਏ ਸਨ। ਮੁਸਲਮਾਨ ਘਬਰਾ ਗਏ। ਬਟਾਲੇ ਦਾ ਸ਼ੇਰ

---

1. ਮੈਕਾਲਫ਼, ਜਿਲਦ ਪੰਜਵੀਂ, ਪੰਨਾ ੨੪੮-੨੪੯

Sri Satguru Jagjit Singh Ji eLibrary NamdhariElibrary@gmail.com

ਅਹਿਮਦ ਟਾਕਰਾ ਕਰਨ ਲਈ ਅੱਗੇ ਵਧਿਆ, ਪਰ ਉਸ ਵੀ ਹਾਰ ਖਾਧੀ। ਅਮੀਨ ਖ਼ਾਨ ਤੇ ਰੁਸਤਮ ਦਿਲ ਖ਼ਾਨ ਇਕੱਠੇ ਅੱਗੇ ਵਧੇ ਤਾਂ ਕਿ ਸਿੱਖ ਫ਼ੌਜਾਂ ਤੇ ਬਾਬਾ ਬੰਦਾ ਸਿੰਘ ਨੂੰ ਪਕੜਿਆ ਜਾਏ, ਪਰ ਉਸ ਸਮੇਂ ਤੱਕ ਬਾਬਾ ਬੰਦਾ ਸਿੰਘ ਰਾਵੀ ਪਾਰ ਕਰ ਕੇ ਕਠੂਆ ਜਾ ਪੁੱਜੇ ਸਨ। ਰੁਸਤਮ ਨੇ ਪਿੱਛਾ ਕੀਤਾ, ਪਰ ਸਿੱਖ ਐਸਾ ਚਕਮਾ ਦੇ ਗਏ ਕਿ ਉਹ ਦੇਖਦਾ ਹੀ ਰਹਿ ਗਿਆ। ਰੁਸਤਮ ਖ਼ਾਨ ਨੇ ਇਸ ਹਾਰ ਦਾ ਬਦਲਾ ਕਠੂਆ ਦੇ ਵਸਨੀਕਾਂ ਕੋਲੋਂ ਲਿਆ। ਇਸ ਕਾਰਨ ਰੁਸਤਮ ਦਿਲ ਖ਼ਾਨ ਤੇ ਅਮੀਨ ਖ਼ਾਨ ਵਿਚਕਾਰ ਝਗੜਾ ਹੋਇਆ। ਅਮੀਨ ਖ਼ਾਨ ਤਾਂ ਵਾਪਸ ਲਾਹੌਰ ਆ ਗਿਆ, ਪਰ ਰੁਸਤਮ ਉਥੇ ਹੀ ਸਿੱਖਾਂ ਦਾ ਪਿੱਛਾ ਕਰਦਾ ਰਿਹਾ।

**ਬਹਾਦਰ ਸ਼ਾਹ ਦੇ ਨਵੇਂ ਹੁਕਮ** : ਅਮੀਨ ਖ਼ਾਨ ਨੇ ਆ ਕੇ ਪੂਰੀ ਰਿਪੋਰਟ ਬਹਾਦਰ ਸ਼ਾਹ ਨੂੰ ਦਿਤੀ। ਬਹਾਦਰ ਸ਼ਾਹ ਨੂੰ ਇਹ ਵੀ ਦੱਸਿਆ ਗਿਆ ਕਿ ਹਰ ਹਿੰਦੂ ਹੀ ਸਿੱਖਾਂ ਦਾ ਮਦਦਗਾਰ ਹੈ। ਬਹਾਦਰ ਸ਼ਾਹ ਨੇ ਸਖ਼ਤ ਫ਼ਰਮਾਨ ਜਾਰੀ ਕੀਤਾ, ਜਿਸ ਦਾ ਭਾਵ ਸੀ ਕਿ ਜਿਥੇ ਵੀ ਕੋਈ ਨਾਨਕ ਨਾਮ ਲੇਵਾ[1] ਮਿਲੇ ਉਸ ਨੂੰ ਪਕੜ ਕੇ ਕਤਲ ਕਰ ਦਿਤਾ ਜਾਏ।[2] ਸਿੱਖਾਂ ਦੇ ਨਾਲ-ਨਾਲ ਜੋ ਹਿੰਦੂਆਂ 'ਤੇ ਜ਼ੁਲਮ ਢਾਹੇ ਗਏ ਉਹ ਕਥਨੀ ਤੋਂ ਬਾਹਰ ਹਨ। ਸੰਨਿਆਸੀਆਂ ਤੱਕ ਨੂੰ ਨਾ ਛੱਡਿਆ ਗਿਆ। ਅੰਮ੍ਰਿਤਸਰ ਦੇ ਵਸਨੀਕ ਹਿੰਦੂਆਂ ਨੂੰ ਜ਼ੁਲਮਾਂ ਦਾ ਖ਼ਾਸ ਨਿਸ਼ਾਨਾ ਬਣਾਇਆ ਗਿਆ। ਬਹਾਦਰ ਸ਼ਾਹ ਨੇ ਇਕ ਹੋਰ ਫ਼ਰਮਾਨ ਵੀ ਕੱਢਿਆ, ''ਕੋਈ ਹਿੰਦੂ ਦਾਹੜੀ ਵਾਲਾ ਨਾ ਰਹੇ।'' ਸੋ ਦਿਨਾਂ ਵਿਚ ਸਾਰੇ ਹਿੰਦੂਆਂ ਨੂੰ ਦਾਹੜੀਆਂ ਮੁਨਾਉਣੀਆਂ ਪਈਆਂ। ਕਈਆਂ ਦੀਆਂ ਜ਼ਬਰਦਸਤੀ ਮੁੰਨੀਆਂ ਗਈਆਂ।[3]

**ਭਾਈ ਅਡਣ ਸ਼ਾਹ ਦਾ ਜੁਅਰਤ ਭਰਿਆ ਉੱਤਰ** : ਭਾਈ ਕਨ੍ਹਈਆ ਜੀ ਨੇ ਪੰਥ ਵਿਚ ਸਮਦ੍ਰਿਸ਼ਟੀ ਦੀ ਸੇਵਾ ਦੀ ਪਰਪਾਟੀ ਚਲਾਈ ਸੀ। ਉਨ੍ਹਾਂ ਕੋਲੋਂ ਸੇਵਾ ਲਈ ਭਾਈ ਸੇਵਾ ਰਾਮ ਜੀ ਨੇ ਤੇ ਫਿਰ ਸਹਿਜ ਆਇਆ ਭਾਈ ਸਹਿਮ ਰਾਮ ਜੀ ਕੋਲੋਂ। ਅਣ ਖਲੋਣ ਦੀ ਸ਼ਕਤੀ ਲਈ ਭਾਈ ਅਢਣ ਸ਼ਾਹ ਨੇ।

ਭਾਈ ਅਡਣ ਸ਼ਾਹ ਨਿਰਭਉ ਮੂਰਤ ਸਨ। ਸਿੱਖੀ ਕੇਸਾਂ ਨਾਲ ਨਿਭਾਉ ਦੇ ਪ੍ਰਣ ਇਨ੍ਹਾਂ ਤੋੜ ਨਿਭਾਏ। ਜਦ ਬਹਾਦਰ ਸ਼ਾਹ ਨੇ ਕਰੜੇ ਫ਼ਰਮਾਨ ਜਾਰੀ ਕੀਤੇ ਤਾਂ ਭਾਈ ਜੀ ਉਸ ਸਮੇਂ ਲਾਹੌਰ ਹੀ ਸਨ। ਬਹਾਦਰ ਸ਼ਾਹ ਆਪਣੇ ਪੀਰ ਨੂੰ ਮਿਲਣ ਆਇਆ ਤਾਂ ਉਸ ਪਾਸ ਭਾਈ ਅਡਣ ਸ਼ਾਹ ਬੈਠੇ ਹੋਏ ਸਨ। ਉਸ ਆਉਂਦਿਆਂ ਹੀ ਪੁੱਛਿਆ ਕਿ ਕੀ ਇਹ ਮਰ੍ਹੇਲੇ[4] (ਗੁਰੂ ਗੋਬਿੰਦ ਸਿੰਘ) ਦਾ ਸਿੱਖ ਹੈ? ਪੀਰ ਨੇ ਡਰਦੇ-ਡਰਦੇ ਕਹਿਆ 'ਨਹੀਂ ਇਹ ਬਾਬੇ ਨਾਨਕ ਫਕੀਰ ਦਾ ਸਿੱਖ ਹੈ।' ਭਾਈ ਅਡਣ ਸ਼ਾਹ ਉਸ ਸਮੇਂ ਹੀ ਗੱਜ ਕੇ ਬੋਲੇ—ਨਹੀਂ ! ਮੈਂ ਮਰ੍ਹੇਲੇ ਗੁਰੂ ਦਾ ਹੀ ਸਿੱਖ ਹਾਂ।'

---

1. ਨਾਨਕ ਦੇ ਨਾਮ ਲੇਵਾਂ ਵਿਚ ਹਿੰਦੂ ਵੀ ਸਨ।
2. ਨਾਨਕ ਪਰਸਤਾਂ ਹਰ ਜਾ ਕਿ ਵਾ ਬੰਦ ਵਾ ਕਤਲ ਰਸਾਨਦ।

نانک پرستان هر جا که بگیرند و بقتل رسانند

3. ਰੁਕਾਤ ਅਮੀਨ-ਉਲ-ਦਉਲਾ।
4. ਮੁਗ਼ਲ ਗੁਰੂ ਗੋਬਿੰਦ ਸਿੰਘ ਜੀ ਨੂੰ ਮਰ੍ਹੇਲਾ, (ਲੜਾਕਾ) ਹੀ ਕਹਿੰਦੇ ਸਨ।



Sri Satguru Jagjit Singh Ji eLibrary NamdhariElibrary@gmail.com

ਭਾਈ ਜੀ ਜਾਣਦੇ ਸਨ ਕਿ ਮਰ੍ਹੇਲੇ ਦਾ ਸਿੱਖ ਕਹਿਣ ਦਾ ਸਿੱਟਾ ਸ਼ਹਾਦਤ ਹੈ, ਪਰ ਜਿਨ੍ਹਾਂ ਦੀਆਂ ਹੱਡੀਆਂ ਵਿਚ ਨਿਰਭਉ ਦਾ ਵਾਸ ਹੋਵੇ, ਉਹ ਕਦ ਪਰਵਾਹ ਕਰਦੇ ਹਨ ਸ਼ਾਹਾਂ ਦੀ ਤੇ ਸ਼ਹੀਦੀਆਂ ਪਾਉਣ ਦੀ।

ਬਹਾਦਰ ਸ਼ਾਹ 'ਤੇ ਐਸਾ ਪ੍ਰਭਾਵ ਪਿਆ ਕਿ ਉਸ ਚੁੱਪ ਹੀ ਸਾਧੀ ਰੱਖੀ। ਬਾਦਸ਼ਾਹ ਦੇ ਚਲੇ ਜਾਣ ਉਪਰੰਤ ਪੀਰ ਨੇ ਕਹਿਆ ਕਿ ਉਸ ਨੇ ਤਾਂ ਜਾਣ ਬੁੱਝ ਕੇ ਉਨ੍ਹਾਂ ਨੂੰ ਨਾਨਕ ਦਾ ਸਿੱਖ ਕਿਹਾ ਸੀ, ਨੀਤੀ ਇਹ ਹੀ ਮੰਗ ਕਰਦੀ ਸੀ। ਫਿਰ ਬਾਬਾ ਨਾਨਕ ਤੇ ਗੁਰੂ ਗੋਬਿੰਦ ਸਿੰਘ ਇਕ ਹੀ ਹਨ। ਤੁਸਾਂ ਅੰਤਰ ਕਿਉਂ ਕੀਤਾ ? ਭਾਈ ਅਡਣ ਜੀ ਨੇ ਕਹਿਆ ਕਿ ਭੇਦ ਤਾਂ ਅਸੀਂ ਵੀ ਨਹੀਂ ਜਾਣਦੇ, ਪਰ ਐਸਾ ਜੋ ਉਸ ਸਮੇਂ ਕਹਿਣਾ ਸੀ ਕਿ 'ਬਾਬੇ ਨਾਨਕ ਦੇ ਸਿੱਖ ਹਾਂ', ਇਹ ਸਰੀਰ ਬਚਾਉਣ ਲਈ ਸੀ। ਸਰੀਰ ਬਚਾਉਣ ਲਈ ਇਹ ਬਚਨ ਕਹਿਣੇ ਕਿਥੋਂ ਤਕ ਫੱਬਦੇ ਹਨ। *ਖਿਨ ਪਲ ਤੁਛ ਸਰੀਰ ਲਈ ਐਸੇ ਸਮਰਥ ਗੁਰੂ ਤੋਂ ਮੁਖ ਮੋੜ ਲੈਣਾ ਮਹਾਨ ਨੀਚਤਾਈ ਹੈ। ਗੁਰੂ ਗੋਬਿੰਦ ਸਿੰਘ ਸੰਘਰਸ਼ ਕਰਦੇ ਵੀ ਨਿਰਲੇਪ ਰਹੇ, ਹਰਖ ਸੋਗ ਤੋਂ ਉੱਤੇ, ਐਸੇ ਗੁਰੂ ਨੂੰ ਡਰ ਰਹਿਤ ਲੋਪ ਕਰਨਾ ਕਾਇਰਤਾ ਹੈ।'*

ਬਹਾਦਰ ਸ਼ਾਹ ਨੂੰ ਲਾਹੌਰ ਹੀ ਇਹ ਖ਼ਬਰ ਮਿਲੀ ਕਿ ਰੁਸਤਮ ਦਿਲ ਖ਼ਾਨ ਜੰਮੂ ਤੋਂ ਵਾਪਸ ਮੁੜ ਆਇਆ ਹੈ। ਕੰਮ ਅਧੂਰਾ ਹੀ ਛੱਡ ਆਇਆ ਸੁਣ ਕੇ ਤਾਂ ਬਹਾਦਰ ਸ਼ਾਹ ਨੂੰ ਐਸਾ ਗੁੱਸਾ ਚੜ੍ਹਿਆ ਕਿ ਰੁਸਤਮ ਦੀ ਗ੍ਰਿਫ਼ਤਾਰੀ ਦਾ ਹੁਕਮ ਵੀ ਜਾਰੀ ਕਰ ਦਿੱਤਾ। ਰੁਸਤਮ ਰਤਾ ਨਾ ਘਬਰਾਇਆ, ਕਿਉਂਕਿ ਉਸ ਨੂੰ ਆਪਣੀ ਕਾਰਵਾਈ 'ਤੇ ਮਾਣ ਸੀ। ਪਿੱਛੋਂ ਬਹਾਦਰ ਸ਼ਾਹ ਨੇ ਜਦ ਸਾਰੀ ਵਾਰਤਾ ਸੁਣੀ ਤਾਂ ਪਛਤਾਇਆ ਅਤੇ ਰੁਸਤਮ ਖ਼ਾਨ ਨੂੰ ਖਿਲਅਤ ਤਕ ਦਿੱਤੀ।

ਬਹਾਦਰ ਸ਼ਾਹ ਲਾਹੌਰ ਵਿਚ ਹੀ ਸੀ ਕਿ ਮੁਸਲਮਾਨਾਂ ਦੇ ਦੋਹਾਂ ਫਿਰਕਿਆਂ ਸੁੰਨੀ ਤੇ ਸ਼ੀਆ ਦੇ ਆਪੋ ਵਿਚ ਝਗੜੇ ਹੋ ਗਏ। ਕਈ ਥਾਈਂ ਇਹ ਝਗੜੇ ਭਿਆਨਕ ਸੂਰਤ ਇਖ਼ਤਿਆਰ ਕਰ ਗਏ। ਬਹਾਦਰ ਸ਼ਾਹ ਆਪ ਸ਼ੀਆ ਸੀ, ਸੋ ਸੁੰਨੀਆਂ ਨੂੰ ਸਜ਼ਾਵਾਂ ਦੇਣ ਲਈ ਉਸ ਤੋਪਾਂ ਬੀੜ ਦਿੱਤੀਆਂ। ਨੇੜੇ ਹੀ ਸੀ ਕਿ ਸੁੰਨੀ ਤੋਪਾਂ ਨਾਲ ਭੁੰਨੇ ਜਾਂਦੇ, ਪਰ ਸਿੱਖਾਂ ਦੀ ਤਾਕਤ ਨੂੰ ਵਧਦਾ ਸੁਣ ਕੇ ਤੋਪਾਂ ਵਾਪਸ ਮੰਗਵਾਂ ਲਈਆਂ ਗਈਆਂ। ਲਾਹੌਰ ਵਿਚ ਬਹਾਦਰ ਸ਼ਾਹ ਨੇ ਅਤਿ ਬੇਚੈਨੀ ਦਾ ਸਮਾਂ ਗੁਜ਼ਾਰਿਆ।

**ਬਹਾਦਰ ਸ਼ਾਹ ਦੀ ਬਿਮਾਰੀ ਤੇ ਮੌਤ** : ਨਿੱਤ ਦੀ ਬੇਚੈਨੀ, ਆਪਸ ਵਿਚ ਦੇ ਝਗੜੇ ਤੇ ਬਹਾਦਰ ਸ਼ਾਹ ਦੀ ਆਪਣੀ ਕੋਈ ਠੋਸ ਨੀਤੀ ਨਾ ਹੋਣ ਕਾਰਨ, ਸਿਹਤ ਢਿੱਲੀ ਹੋ ਗਈ। ਜਨਵਰੀ, ੧੭੧੨ ਵਿਚ ਉਸ ਦੀ ਸਿਹਤ ਬਹੁਤ ਵਿਗੜ ਗਈ। ਊਲ ਜਲੂਲ ਬੇ-ਅਰਥ ਹੁਕਮ ਫ਼ਰਮਾਨ ਜਾਰੀ ਕਰਨ ਲੱਗ ਪਿਆ। ਜਿਵੇਂ ਸ਼ਹਿਰ ਦੇ ਕੁੱਤਿਆਂ ਨੂੰ ਮਾਰ ਦਿਓ, ਫ਼ਕੀਰਾਂ ਦੀ ਅਲਖ ਮੁਕਾ ਦਿਓ ਆਦਿ। ਇਸੇ ਕਾਰਨ ਬਹਾਦਰ ਸ਼ਾਹ ਦਾ ਨਾਮ 'ਸ਼ਾਹਿ-ਬੇ-ਖ਼ਬਰ' ਪੈ ਗਿਆ। ਇਸੇ ਮਾੜੀ ਹਾਲਤ ਵਿਚ ਹੀ ਕਈ ਦਿਨ ਕੱਟੇ ਤੇ ੨੭-੨੮ ਫ਼ਰਵਰੀ, ੧੭੧੨ ਦੀ ਰਾਤ ਨੂੰ ਉਸ ਦਾ ਦਿਹਾਂਤ ਹੋ ਗਿਆ।

**ਫਰਖ਼ਸੀਅਰ ਦਾ ਜਹਾਨਦਾਰ ਸ਼ਾਹ ਨੂੰ ਹਰਾ, ਤਖ਼ਤ ਹਥਿਆਉਣਾ** : ਬਹਾਦਰ ਸ਼ਾਹ ਦੀ ਮੌਤ ਤੋਂ ਬਾਅਦ ਤਖ਼ਤ ਲਈ ਝਗੜਾ ਉੱਠਣਾ ਅਵੱਸ਼ਕ ਸੀ। ਇਕ ਪੁਰਾਣੀ ਰਹੁ-ਰੀਤੀ ਕਰ ਕੇ, ਦੂਜੇ ਨਿਯਮ-ਬੱਧ ਕਾਨੂੰਨ ਨਾ ਹੋਣ ਕਾਰਨ, ਤੀਜੇ ਬਾਦਸ਼ਾਹ ਦਾ ਕੋਈ

ਅੰਤਮ ਨਿਰਣਾ ਨਾ ਹੋਣ ਕਰ ਕੇ ਤਖ਼ਤ-ਨਸ਼ੀਨੀ ਦੀ ਜੰਗ ਸਦਾ ਹੁੰਦੀ ਰਹਿੰਦੀ ਸੀ। ਜਹਾਨਦਾਰ ਸ਼ਾਹ ਨੇ ਆਪਣੇ ਭਰਾ ਅਜ਼ੀਮ, ਰਫ਼ੀ ਨੂੰ ਹਰਾ ਕੇ, ਮੁਕਾ ਤੇ ਕਤਲ ਕਰ ਕੇ ਤਖ਼ਤ ਉੱਤੇ ਕਬਜ਼ਾ ਕਰ ਲਿਆ। ਜਹਾਨਦਾਰ ਸ਼ਾਹ ਵੀ ਬਹੁਤੀ ਦੇਰ ਤਖ਼ਤ ਉੱਤੇ ਨਾ ਬੈਠ ਸਕਿਆ।[1] ਅਜ਼ੀਮ ਦੇ ਪੁੱਤਰ ਫ਼ਰੱਖ਼ਸੀਅਰ ਨੇ ਸੱਯਦ ਭਰਾਵਾਂ ਨਾਲ ਗਠਜੋੜ ਕਰਕੇ ਜਹਾਨਦਾਰ ਸ਼ਾਹ ਨੂੰ ੧੧ ਫ਼ਰਵਰੀ ੧੭੧੩ ਨੂੰ ਹਰਾਇਆ ਅਤੇ ਤਖ਼ਤ 'ਤੇ ਬੈਠ ਗਿਆ।

**ਬਾਬਾ ਬੰਦਾ ਸਿੰਘ ਦਾ ਸਾਢੌਰੇ ਅਤੇ ਲੋਹਗੜ੍ਹ 'ਤੇ ਫਿਰ ਕਬਜ਼ਾ** : ਉਧਰ ਦਿੱਲੀ ਵਿਚ ਤਖ਼ਤ ਨਸ਼ੀਨੀ ਦੀ ਜੰਗ ਹੋ ਰਹੀ ਸੀ, ਇਧਰ ਲਾਹੌਰ ਵਿਖੇ ਬਹਾਦਰ ਸ਼ਾਹ ਸੱਚਮੁੱਚ ਹੀ ਬੇ-ਖ਼ਬਰ ਪਿਆ ਸੀ ਤਾਂ ਸਿੱਖਾਂ ਨੇ ਹੱਥ ਦਿਖਾਣੇ ਸ਼ੁਰੂ ਕਰ ਦਿੱਤੇ। ਕਲਾਨੌਰ ਤੇ ਬਟਾਲਾ ਸਿੱਖਾਂ ਦਾ ਪਹਿਲਾ ਨਿਸ਼ਾਨਾ ਸੀ। ਅਮੀਰ ਖ਼ਾਨ ਨੇ ਵੀ ਟਾਕਰਾ ਠੀਕ ਨਾ ਸਮਝਿਆ। ਜਦ ਪਿੱਛੋਂ ਮਦਦ ਮਿਲਣੀ ਬੰਦ ਹੋ ਗਈ ਤਾਂ ਉਹ ਵੀ ਵਾਪਸ ਲਾਹੌਰ ਮੁੜ ਗਿਆ। ਬਾਬਾ ਬੰਦਾ ਸਿੰਘ ਦਾ ਮੁੱਖ ਨਿਸ਼ਾਨਾ ਲੋਹਗੜ੍ਹ ਤੇ ਸਾਢੌਰਾ ਸੀ। ਉਹ ਇਕੋ ਹੱਲੇ ਵਿਚ ਹੀ ਉਨ੍ਹਾਂ 'ਤੇ ਕਾਬਜ਼ ਹੋ ਗਏ। ਲੋਹਗੜ੍ਹ ਤੇ ਸਾਢੌਰੇ ਤੋਂ ਦੂਰ ਕੁਝ ਵਾਟ 'ਤੇ ਇਕ ਹੋਰ ਕਿਲ੍ਹਾ ਵੀ ਬਣਾ ਲਿਆ ਤਾਂਕਿ ਦੁਸ਼ਮਣ ਦਾ ਮੁਕਾਬਲਾ ਕਿਲ੍ਹੇ ਤੋਂ ਦੂਰ ਹੀ ਕੀਤਾ ਜਾਵੇ। ਗਿਆਰਾਂ ਮਹੀਨੇ ਵਿਚ ਸਿੱਖਾਂ ਆਪਣੀ ਤਾਕਤ ਫਿਰ ਸੰਗਠਿਤ ਕਰ ਲਈ। ਫ਼ਰਖ਼ਸੀਅਰ ਦੇ ਤਖ਼ਤ ਬੈਠਣ ਵੇਲੇ ਸਿੱਖ ਇਕ ਠੋਸ ਤਾਕਤ ਬਣ ਗਏ ਸਨ, ਪਰ ਫ਼ਰਖ਼ਸੀਅਰ ਨੇ ਵੀ ਤਖ਼ਤ ਬੈਠਦੇ ਸਾਰ ਸਾਰਾ ਧਿਆਨ ਪੰਜਾਬ ਵੱਲ ਦੇਣਾ ਆਰੰਭ ਕਰ ਦਿੱਤਾ। ਸਾਰੇ ਨਵਾਬ-ਫ਼ੌਜਦਾਰ ਤੇ ਮੁੱਲਾਂ ਇਹ ਹੀ ਕੰਨ ਭਰ ਰਹੇ ਸਨ ਕਿ :

*ਗੁਰੂ ਬੰਦੈ ਕਰ ਰਖੀ ਖ਼ੁਆਰੀ।*
*ਔਰ ਪਤਿਸ਼ਹੀ ਸੁਖ ਹੈ ਸਾਰੀ।*

ਉਹ ਨਵਾਂ ਨਵਾਂ ਤਖ਼ਤ 'ਤੇ ਬੈਠਾ ਸੀ, ਸੋ ਝਿਜਕਦਾ ਸੀ। ਫ਼ਰੱਖ਼ਸੀਅਰ ਇਹ ਵੀ ਕਹਿੰਦਾ ਸੀ ਕਿ ਦਾਦਾ ਜਾਨ (ਬਹਾਦਰ ਸ਼ਾਹ) ਕਹਿੰਦੇ ਹੁੰਦੇ ਸਨ ਕਿ ਗੁਰੂ ਨਾਨਕ ਦੇ ਘਰ ਨਾਲ ਵਿਗਾੜਨੀ ਨਹੀਂ :

*"ਗੁਰੂ ਨਾਨਕ ਕੋ ਘਰ ਜੋਊ,*
*ਤਿਨ ਸੋ ਤੂੰ ਨ ਬਿਗਰਾਇ।" ੪।* (ਪ੍ਰਾਚੀਨ ਪੰਥ ਪ੍ਰਕਾਸ਼)

ਪਰ ਜਦ ਇਹ ਚੁਕਣਾ ਦਿੱਤੀ ਗਈ ਕਿ ਬੰਦਾ ਸਿੰਘ ਤਾਂ ਸਾਰੇ ਹਿੰਦੁਸਤਾਨ ਤੋਂ ਮੁਸਲਮਾਨਾਂ ਦਾ ਖੁਰਾ ਖੋਜ ਮਿਟਾਉਣਾ ਚਾਹੁੰਦਾ ਹੈ [2] ਤਾਂ ਤਿਆਰ ਹੋਇਆ ਅਤੇ ਹੁਕਮ ਦਿੱਤੇ : 'ਜਿਥੇ ਸਿੰਘ ਨਜ਼ਰ ਆਏ ਮਾਰ ਮੁਕਾਓ।' ਇਹ ਸਲਾਹ ਵੀ ਬਣੀ ਸੀ ਕਿ ਮਾਤਾ ਸੁੰਦਰੀ ਜੀ ਨੂੰ ਵੀ ਕੈਦ ਕਰ ਲਵੋ, ਜੇ ਬੰਦਾ ਸਿੰਘ ਨੂੰ ਹੁਕਮਨ ਨ ਹਟਾਵੇ।

*'ਜੇ ਮਾਤਾ ਉਨੈ ਹਟਾਵੈ ਨਾਹੀ।*
*ਕੈਦ ਕਰਾਵੋ ਹਮਰੇ ਪਾਹੀ।'*

ਪਰ ਰੋਕ ਦਿੱਤਾ ਸਿਆਣਿਆਂ ਨੇ। ਇਹ ਵੀ ਕਹਿੰਦੇ ਹਨ ਕਿ ਮਾਤਾ ਜੀ ਦੀ ਮਦਦ

1. ਤਕਰੀਬਨ ਦਸ ਮਹੀਨੇ ਰਾਜ ਕੀਤਾ।
2. ਦੀਨ ਉਠਾਇਓ ਸੋ ਰਹੈ, ਸਾਰੀ ਹਿੰਦ ਜ਼ਮੀਨ।

Sri Satguru Jagjit Singh Ji eLibrary NamdhariElibrary@gmail.com

ਚਾਹੀ, ਪਰ ਉਨ੍ਹਾਂ ਸਾਫ਼ ਇਨਕਾਰ ਕਰ ਦਿੱਤਾ ਇਹ ਆਖ ਕੇ ਕਿ

*'ਵਹਿ ਹਮਰੀ ਕਬ ਮਾਨੈ ਬਾਤ।*
*ਬਹੁਤ ਫ਼ੌਜ ਵਹਿ ਰਖਤਾ ਜਾਤ।'*

**ਫ਼ਰਖ਼ਸੀਅਰ ਦੇ ਹਮਲੇ ਤੇ ਹੁਕਮ** : ਫ਼ਰਖ਼ਸੀਅਰ ਨੇ ਜ਼ੈਨ ਖ਼ਾਨ ਨੂੰ ਭੇਜਿਆ ਕਿ ਸਾਢੌਰੇ 'ਤੇ ਕਬਜ਼ਾ ਕੀਤਾ ਜਾਏ। ਉਸ ਨੇ ਸਾਢੌਰੇ ਦਾ ਘੇਰਾ ਪਾ ਲਿਆ, ਪਰ ਸਿੱਖਾਂ ਘੇਰਾ ਨਿਸਫਲ ਬਣਾ ਦਿੱਤਾ। ਜ਼ੈਨ ਖ਼ਾਨ ਦੀ ਹੈਰਾਨੀ ਵਿਚ ਵਾਧਾ ਕਰਨ ਲਈ ਸਿੱਖਾਂ ਸਕੀਮ ਬਣਾਈ ਕਿ ਕਿਲ੍ਹੇ ਦੇ ਅੰਦਰੋਂ ਸੁਰੰਗ ਕੱਢੀ ਜਾਏ ਜੋ ਜ਼ੈਨ ਖ਼ਾਨ ਦੀ ਵੱਡੀ ਤੋਪ ਲਾਗੇ ਜਾ ਕੇ ਨਿਕਲੇ ਅਤੇ ਰਾਤ ਨੂੰ ਰੱਸਿਆਂ ਨਾਲ ਤੋਪ ਕਿਲ੍ਹੇ ਵਿਚ ਖਿੱਚ ਲੈ ਆਂਦੀ ਜਾਏ। ਸੁਰੰਗ ਮੁਕੰਮਲ ਹੋ ਗਈ ਤੇ ਰੱਸਿਆਂ ਨਾਲ ਤੋਪ ਖਿੱਚੀ ਜਾ ਰਹੀ ਸੀ ਕਿ ਵਿਚੋਂ ਹੀ ਰੱਸੇ ਟੁੱਟ ਗਏ, ਪਰ ਤੋਪ ਕੁਝ ਫੁੱਟ ਸੁਰੰਗ ਅੰਦਰ ਜਾ ਚੁੱਕੀ ਸੀ। ਰਾਤ ਨੂੰ ਜਦ ਖੜਾਕ ਸੁਣਿਆ ਤਾਂ ਤੋਪ ਮੈਦਾਨ ਵਿਚ ਨਾ ਦੇਖ ਕੇ ਜ਼ੈਨ ਖ਼ਾਨ ਘਬਰਾਇਆ। ਉਸ ਦੀ ਘਬਰਾਹਟ ਵਿਚ ਜੋ ਦੁਰਦਸ਼ਾ ਹੋਈ ਉਸ ਦਾ ਇਤਿਹਾਸਕਾਰਾਂ ਵਰਨਣ ਕੀਤਾ ਹੈ। ਅੰਧੇਰਾ ਚਾਰੇ ਪਾਸੇ ਹੋਣ ਕਾਰਨ ਕੁਝ ਦਿਖਾਈ ਵੀ ਨਹੀਂ ਸੀ ਦੇ ਰਿਹਾ। ਬੜੀ ਭਾਲ ਪਿੱਛੋਂ ਇਹ ਪਤਾ ਲੱਗਾ ਕਿ ਤੋਪ ਸਿੰਘ ਕਿਲ੍ਹੇ ਅੰਦਰ ਖਿੱਚੇ ਕੇ ਲੈ ਜਾ ਰਹੇ ਸਨ। ਬੜੀ ਔਖਿਆਈ ਨਾਲ ਉਸਨੇ ਤੋਪ ਸੁਰੰਗ ਵਿਚੋਂ ਕਢਵਾਈ।

ਸਿੰਘਾਂ ਦੇ ਹੌਸਲੇ ਇਤਨੇ ਵਧੇ ਹੋਏ ਸਨ ਕਿ ਉਹ ਪ੍ਰਸ਼ਾਦ ਛਕਦੇ ਵੀ ਗੋਲੀਆਂ ਚਲਾਈ ਜਾਂਦੇ। ਦੁਸ਼ਮਣ ਦੀ ਕੋਈ ਗੋਲੀ ਉਨ੍ਹਾਂ ਤਕ ਪੁੱਜ ਨਹੀਂ ਸੀ ਸਕਦੀ।

**ਅਬਦੁਸ ਸਮੱਦ ਖ਼ਾਨ ਨੂੰ ਪੰਜਾਬ ਦਾ ਨਵਾਬ ਥਾਪਣਾ**—ਫ਼ਰਖ਼ਸੀਅਰ ਨੇ ਜ਼ੈਨ ਖ਼ਾਨ ਦੀ ਨਾਕਾਮੀ ਸੁਣੀ ਤਾਂ ਉਸਨੇ ਅਬਦੁਸ ਸਮੱਦ ਖ਼ਾਨ[1] ਨੂੰ 'ਦਿਲੇਰ-ਜੰਗ' ਦਾ ਖ਼ਿਤਾਬ ਦੇ ਕੇ ਲਾਹੌਰ ਦਾ ਗਵਰਨਰ ਥਾਪਿਆ ਤੇ ਖ਼ਾਸ ਹਦਾਇਤਾਂ ਦਿੱਤੀਆਂ ਕਿ ਸਿੱਖਾਂ ਦੀ ਵਧ ਰਹੀ ਤਾਕਤ ਖ਼ਤਮ ਕੀਤੀ ਜਾਵੇ।

ਅਬਦੁਸ ਸਮੱਦ ਖ਼ਾਨ ਸਿੱਧਾ ਸਾਢੌਰਾ ਪੁੱਜਾ। ਜ਼ੈਨ ਖ਼ਾਨ ਘਬਰਾਈ ਬੈਠਾ ਸੀ। ਦੋਹਾਂ ਨੇ ਰਲ ਕੇ ਘੇਰਾ ਸਖ਼ਤ ਕੀਤਾ ਤੇ ਆਵਾਜਾਈ ਉੱਤੇ ਸਖ਼ਤ ਨਿਗਾਹ ਰੱਖੀ। ਸਿੱਖਾਂ ਨੂੰ ਇਹ ਚਿਤ-ਚੇਤਾ ਨਹੀਂ ਸੀ ਕਿ ਘੇਰਾ ਕਰੜਾ ਤੇ ਲੰਮੇਰਾ ਹੋ ਜਾਏਗਾ, ਰਸਦ ਪਾਣੀ ਦੀ ਇਤਨੀ ਘਾਟ ਪੈ ਜਾਏਗੀ। ਕਰੜੇ ਘੇਰੇ ਨੇ ਉਨ੍ਹਾਂ ਨੂੰ ਸੰਕਟ ਵਿਚ ਪਾ ਦਿੱਤਾ ਸੋ ਅਕਤੂਬਰ ੧੭੧੩ ਨੂੰ ਘੇਰੇ ਨੂੰ ਤੋੜਦੇ ਹੋਏ ਸਿੱਖ ਆਪਣੇ ਦੂਜੇ ਪੜਾਅ ਲੋਹਗੜ੍ਹ ਪੁੱਜ ਗਏ। ਜਦ ਸਾਢੌਰਾ ਖ਼ਾਲੀ ਹੋਇਆ ਅਤੇ ਸਿੱਖ ਲੋਹਗੜ੍ਹ ਪੁੱਜੇ ਤਾਂ ਬਾਬਾ ਬੰਦਾ ਸਿੰਘ ਫਿਰ ਮਿਥੀ ਨੀਤੀ ਅਨੁਸਾਰ ਪਹਾੜੀਆਂ ਵਿਚ ਚਲੇ ਗਏ। ਲੋਹਗੜ੍ਹ ਦੀ ਰੱਖਿਆ ਲਈ ੫੨ ਕਿਲ੍ਹੇ ਬਾਬਾ ਬੰਦਾ ਸਿੰਘ ਨੇ ਬਣਾਏ ਸਨ। ਬਾਬਾ ਬੰਦਾ ਸਿੰਘ ਦੇ ਨਿਕਲ ਕੇ ਜਾਣ ਉੱਤੇ ਮੁਗਲਾਂ

1. ਅਬਦੁਸ ਸਮੱਦ ਖ਼ਾਨ ਤੁਰਾਨ ਦੇ ਖ਼ਵਾਜਾ ਉਬੈਦ-ਉਲਾ-ਅਹਿਰਾਰ ਦੀ ਸੰਤਾਨ ਵਿਚੋਂ ਸੀ। ਇਸ ਦੇ ਵਡਿੱਕੇ ਸਮਰਕੰਦ ਰਹਿੰਦੇ ਸਨ, ਪਰ ਇਸ ਦਾ ਜਨਮ ਆਗਰੇ ਹੋਇਆ। ਪਿਤਾ ਨਾਲ ਸਮਰਕੰਦ ਗਿਆ ਜਿਥੇ ਪੜ੍ਹਾਈ ਮੁਕੰਮਲ ਕੀਤੀ। ਇਹ ਖ਼ਾਨਦਾਨ ਔਰੰਗਜ਼ੇਬ ਸਮੇਂ ਹਿੰਦੁਸਤਾਨ ਮੁੜ ਆਇਆ। ਤੱਖ਼ਤ ਨਸ਼ੀਨੀ ਦੀ ਜੰਗ ਵਿਚ ਇਸ ਨੇ ਫ਼ਰਖ਼ਸੀਅਰ ਦੀ ਮਦਦ ਕੀਤੀ ਸੀ। ਕਮਰ-ਉਦ-ਦੀਨ ਦੀ ਮਾਂ ਤੇ ਅਬਦੁਸ-ਸਮਦ ਖ਼ਾਨ ਦੀ ਬੀਵੀ ਸਕੀਆਂ ਭੈਣਾਂ ਸਨ। ਹੋਰ, ਕਮਰ-ਉਦਦੀਨ ਦੀ ਭੈਣ ਦੀ ਸ਼ਾਦੀ ਜ਼ਕਰੀਆ ਖ਼ਾਨ ਨਾਲ ਹੋਈ ਸੀ।

Sri Satguru Jagjit Singh Ji eLibrary NamdhariElibrary@gmail.com

ਨੇ ਫਿਰ ਆਪਣੀ ਹਾਰ ਜਾਣੀ ਤੇ ਜੋਸ਼ ਟੁੱਟ ਗਿਆ। ਫ਼ਰਖ਼ਸੀਅਰ ਨੂੰ ਖ਼ਬਰ ਦੇਣ ਸਮੱਦ ਖ਼ਾਨ ਨੇ ਆਪਣੇ ਬੇਟੇ ਜ਼ਕਰੀਆ ਖ਼ਾਨ ਨੂੰ ਭੇਜਿਆ।

ਜ਼ੈਨ ਖ਼ਾਨ ਦੇ ਸਪੁਰਦ ਕਮਾਨ ਕਰ ਕੇ ਅਬਦੁਸ ਸਮੱਦ ਖ਼ਾਨ ਆਪੂੰ ਵੀ ਦਿੱਲੀ ਚਲਾ ਗਿਆ। ਉਥੋਂ ਹੋਰ ਹਦਾਇਤਾਂ ਤੇ ਮਦਦ ਲੈ ਕੇ ਲਾਹੌਰ ਪੁੱਜਾ। ਅਬਦੁਸ ਸਮੱਦ ਖ਼ਾਨ ਨੇ ਪੁੱਜਦੇ ਸਾਰ ਹੀ ਜ਼ੁਲਮਾਂ ਦੀ ਅਤਿ ਕਰ ਦਿੱਤੀ। ਕਈ ਥਾਵਾਂ ਉੱਤੇ ਸਿੱਖਾਂ ਨੇ ਮੁਕਾਬਲੇ ਕੀਤੇ। ਸਰਦਾਰ ਜਗਤ ਸਿੰਘ ਕਾਹਨੂੰਵਾਨ ਦੀ ਸਰਦਾਰੀ ਹੇਠਾਂ ਸਿੰਘਾਂ ਨੇ ੧੭ ਮਾਰਚ ੧੭੧੪ ਨੂੰ ਕਿੜ੍ਹੀ ਪਠਾਨਾਂ 'ਤੇ ਹੱਲਾ ਬੋਲ ਦਿੱਤਾ। ਪਠਾਨ ਤਾਂ ਇਹ ਸਮਝੀ ਬੈਠੇ ਸਨ ਕਿ ਸਿੱਖਾਂ ਦਾ ਸਾਹਸ ਮੁਕਾ ਦਿੱਤਾ ਗਿਆ ਹੈ, ਪਰ ਅਚਾਨਕ ਹਮਲਾ ਦੇਖ ਕੇ ਉਹ ਘਬਰਾ ਹੀ ਗਏ। ਸਿੱਖਾਂ ਦੇ ਹੱਥ ਮਾਲ ਵੀ ਕਾਫ਼ੀ ਆਇਆ। ਪਿੰਡ ਦੇ ਬਹੁਤੇ ਲੋਕੀਂ ਘਰ-ਘਾਟ ਛੱਡ ਕੇ ਭੱਜ ਗਏ।

**ਦਾਤਰੀਆਂ ਨਾਲ ਹੀ ਮਾਰ ਭਜਾਉਣਾ** : ਸਿੱਖਾਂ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਐਸੀ ਜੁਰਅਤ ਭਰ ਦਿੱਤੀ ਸੀ ਕਿ ਨਾ ਤਾਂ ਉਹ ਸਮੇਂ ਦੀ ਸਰਕਾਰ ਤੋਂ ਭੈ-ਭੀਤ ਹੁੰਦੇ ਸਨ ਤੇ ਨ ਹੀ ਕੋਈ ਤਸੀਹਾ ਉਨ੍ਹਾਂ ਨੂੰ ਡਰਾ ਸਕਦਾ ਸੀ। ਵਿਸਾਖੀ ਦੀਆਂ ਵਾਢੀਆਂ ਉਸੇ ਤਰ੍ਹਾਂ ਹੀ ਆ ਕੇ ਕਰਦੇ ਤੇ ਰਿਸ਼ਤੇਦਾਰਾਂ ਦੀ ਮਦਦ ਵੀ। ਸਰਹੰਦ ਦੀਆਂ ਫ਼ੌਜਾਂ ਨੇ ਜਦ ਸਿੱਖਾਂ ਦਾ ਪੰਜਾਬ ਦੇ ਮੈਦਾਨਾਂ ਵਿਚ ਆਉਣਾ ਸੁਣਿਆ ਤਾਂ ਸ਼ਰਫ਼ਦੀਨ ਦੀ ਕਮਾਨ ਹੇਠ ਉਨ੍ਹਾਂ ਤੇ ਹਮਲਾ ਕਰ ਦਿੱਤਾ। ਸਿੱਖਾਂ ਨੇ ਦਾਤਰੀਆਂ ਨਾਲ ਹੀ ਸਰਹੰਦ ਤੋਂ ਆਈ ਫ਼ੌਜ ਨੂੰ ਮਾਰ ਭਜਾਇਆ। ਅਠਾਰਾਂ ਘੋੜੇ ਤੇ ਕਈ ਸਵਾਰ ਥਾਂ ਹੀ ਮਾਰ ਦਿੱਤੇ। ਫ਼ਰਖ਼ਸੀਅਰ ਨੂੰ ਜਦ ਇਸ ਹੋਈ ਦੁਰਦਸ਼ਾ ਦਾ ਪਤਾ ਲੱਗਾ ਤਾਂ ਉਸ ਬੜੀ ਝਾੜ ਝੰਬ ਕੀਤੀ। ਫਿਰ ਸਰਹੰਦ ਦੇ ਫ਼ੌਜਦਾਰ ਜ਼ੈਨ ਖ਼ਾਨ ਨੇ ਆਪਣੇ ਭਤੀਜੇ ਮੀਰ ਅਬੁਲ ਮੁਕੱਰਮ ਦੀ ਕਮਾਨ ਹੇਠਾਂ ਦੋ ਹਜ਼ਾਰ ਸਵਾਰ ਭੇਜੇ, ਪਰ ਸਿੰਘਾਂ ਰੋਪੜ ਦੇ ਅਸਥਾਨ ਤੇ ਉਨ੍ਹਾਂ ਦੀ ਗੱਤ ਬਣਾਈ। ਭਾਵੇਂ ੩੦੦ ਦੇ ਕਰੀਬ ਸਿੰਘ ਸ਼ਹੀਦ ਹੋ ਗਏ, ਪਰ ਮੁਗ਼ਲ ਫ਼ੌਜਾਂ ਨੂੰ ਸਮਝਣ ਵਿਚ ਦੇਰੀ ਨ ਲੱਗੀ ਕਿ ਲੋਹੇ ਦੇ ਚਣੇ ਚਬਾਉਣੇ ਕੋਈ ਸਹਿਲਾ ਕੰਮ ਨਹੀਂ।

ਬਾਜ ਸਿੰਘ ਵੀ ਵਾਪਸ ਅਨੰਦਪੁਰ ਆ ਗਏ ਸਨ ਤੇ ਉਨ੍ਹਾਂ ਦੀ ਹੋਂਦ ਸਿੱਖਾਂ ਵਿਚ ਉਤਸ਼ਾਹ ਭਰਨ ਲਈ ਕਾਫ਼ੀ ਸੀ। ਫ਼ਰਖ਼ਸੀਅਰ ਇਹ ਸੁਣ ਕੇ ਹੋਰ ਦੁਖੀ ਹੋਇਆ।

*****

Sri Satguru Jagjit Singh Ji eLibrary NamdhariElibrary@gmail.com

# ਬਾਬਾ ਬੰਦਾ ਸਿੰਘ ਦੀ ਸ਼ਹਾਦਤ

# ੪

**ਬਾਬਾ ਬੰਦਾ ਸਿੰਘ ਜੰਮੂ ਵਿਚ :** ਬਾਬਾ ਬੰਦਾ ਸਿੰਘ ਲੋਹਗੜ੍ਹ ਤੋਂ ਨਿਕਲ ਕੇ ਪਹਾੜੀਆਂ ਵਿਚੋਂ ਹੁੰਦੇ ਹੋਏ ਜੰਮੂ ਜਾ ਪਹੁੰਚੇ। ਜੰਮੂ ਲਾਗੇ, ਚਨਾਬ ਦੇ ਕਿਨਾਰੇ, ੨੮ ਮੀਲ ਦੂਰ ਭਬੌਰ ਤੋਂ ਦੋ ਕੁ ਮੀਲ ਦੱਖਣ ਪੂਰਬ ਤੇ ਜਾ ਟਿਕਾਣਾ ਕੀਤਾ। ਆਪ ਨੇ ਪਹਾੜੀਆਂ ਵਿਚ ਡੇਰਾ ਬਣਾ ਲਿਆ। ਇਹ ਇਕ ਲੁਕਵੀਂ ਥਾਂ ਸੀ। ਉਥੇ ਹੀ ਅਕਤੂਬਰ ੧੭੧੩ ਤੋਂ ਲੈ ਕੇ ਫ਼ਰਵਰੀ ੧੭੧੫ ਤੱਕ, ਤਕਰੀਬਨ ਪੰਦਰਾਂ ਮਹੀਨੇ ਇਕਾਂਤ ਵਣ ਵਿਚ ਕੱਟੇ। ਪੰਜਾਬ ਦੀ ਪ੍ਰਸਥਿਤੀ ਬਾਰੇ ਪੂਰੀ ਖ਼ਬਰ ਰੱਖ ਰਹੇ ਸਨ। ਸਿੱਖਾਂ ਤੇ ਹੁੰਦੇ ਜ਼ੁਲਮਾਂ ਦੀ ਖ਼ਬਰ ਵੀ ਪੁੱਜ ਰਹੀ ਸੀ। ਫਰਖ਼ਸੀਅਰ ਅਜੇ ਜਵਾਨੀ ਦੀ ਮਸਤੀ ਅਤੇ ਅਬਦੁਸ ਸਮੱਦ ਖ਼ਾਨ ਨਵੇਂ ਬਣੇ ਗਵਰਨਰ ਹੋਣ ਕਾਰਨ ਰੱਜ ਕੇ ਜ਼ੁਲਮ ਕਰ ਰਿਹਾ ਸੀ। ਭਲਾ ਮੌਕਾ ਟਾਲਣ ਤੇ ਨਵਾਂ ਲੱਭਣ ਵਿਚ ਸੀ। ਉਥੇ ਹੀ ਬਾਬਾ ਬੰਦਾ ਸਿੰਘ ਜੀ ਨੇ ਦੂਸਰੀ ਸ਼ਾਦੀ ਬੀਬੀ ਸਾਹਿਬ ਕੌਰ ਨਾਲ ਕੀਤੀ। ਉਸ ਦੀ ਕੁੱਖ ਵਿਚੋਂ ਰਣਜੀਤ ਸਿੰਘ ਪੈਦਾ ਹੋਇਆ।

**ਫ਼ਰਖ਼ਸੀਅਰ ਨੇ ਦੋ ਅਮਲੀ ਵਰਤੀ :** ਪ੍ਰਾਚੀਨ ਪੰਥ ਪ੍ਰਕਾਸ਼ ਦਾ ਕਹਿਣਾ ਹੈ ਕਿ ਕਸੂਰ ਤੋਂ ਹਿੰਮਤ ਖ਼ਾਨ ਸਦਵਾ ਕੇ ਮਾਝੇ ਦੇ ਸਿੰਘਾਂ ਵਿਚ ਇਹ ਪ੍ਰਚਾਰ ਕਰਵਾਇਆ ਕਿ ਸਾਡੇ ਕੋਲੋਂ ਬੰਧੇਜ ਲੈ ਲਵੋ ਤੇ ਆਰਾਮ ਨਾਲ ਅੰਮ੍ਰਿਤਸਰ ਟਿਕੋ। ਆਪ ਵੀ ਦੁਖੀ ਨਾ ਹੋਵੋ ਤੇ ਸਾਨੂੰ ਵੀ ਨਾ ਕਰੋ। ਖੁਲ੍ਹੇ ਖੇਤੀ ਕਰੋ, ਤੁਹਾਡੇ 'ਤੇ ਕਿਸੇ ਵੀ ਪ੍ਰਕਾਰ ਦਾ ਕੋਈ ਵੀ ਕਰ ਨਹੀਂ।

*ਤੁਮ ਹਮ ਤੇ ਅਬ ਰੋਜ਼ ਬੰਧਾਯੋ।*
*ਬੈਠ ਅੰਮ੍ਰਿਤਸਰ ਸੁਖ ਸੌਂ ਖਾਯੋ।੧੧।*
*ਖੇਤੀ ਕਰੋ ਸੁ ਮਾਫ ਲਿਖਾਯੋ।*
*ਬਣਜ ਕਰੈ ਤਿਸ ਜ਼ਕਾਤ ਮਾਫ਼ ਕਰਾਯੋ। ੧੨।*[1]

ਪਰ ਸਿੰਘਾਂ ਨੇ ਉੱਤਰ ਦਿਤਾ ਕਿ ਸਾਨੂੰ ਕਿਸੇ ਦੀ ਰਿਆਇਤ ਜਾਂ ਸਿਫ਼ਾਰਸ਼ ਦੀ ਲੋੜ ਨਹੀਂ :

*'ਅਸੀਂ ਬਲ ਆਪੇ ਸ਼ੇਰ।*
*ਤੁਕਰਨ ਲਗ ਲਗ ਹੋਹਿੰ ਨ ਘੇਰ।*

ਉਧਰ ਬਾਬਾ ਬੰਦਾ ਸਿੰਘ ਨੂੰ ਚੁੱਕਿਆ ਕਿ ਖ਼ਾਲਸਾ ਤੇਰੀ ਬਖ਼ੀਲੀ ਕਰਦਾ ਹੈ। ਇਹਨਾਂ

1. ਪ੍ਰਾਚੀਨ ਪੰਥ ਪ੍ਰਕਾਸ਼।



Sri Satguru Jagjit Singh Ji eLibrary NamdhariElibrary@gmail.com

ਨੂੰ ਵਾਰ-ਵਾਰ ਕਿਉਂ ਇਕੱਠਿਆਂ ਹੋਣ ਲਈ ਲਿਖਦੇ ਹੋ। ਇੰਜ ਲੱਗਦਾ ਹੈ ਕਿ ਕੁਝ ਚਿਰ ਲਈ ਉਹ ਭਰਮ ਗਏ ਸਨ, ਪਰ ਛੇਤੀ ਹੀ ਇਹ ਗੱਲ ਸਮਝ ਆ ਗਈ ਕਿ 'ਸਤਿਗੁਰ ਖਾਲਸੇ ਮਧੇ ਹੈ' ਤੇ ਅੰਮ੍ਰਿਤਸਰ ਲਿਖਿਆ—

*ਤੁਮ ਬਿਨ ਅਸੀ।*
*ਅਸਾਂ ਬਿਨ ਤੁਸੀ।*
*ਬਚੇ ਨਹੀਂ, ਜੋ ਹਮ ਦਿਲ ਬਸੀ।*

**ਪੰਜਾਬ ਮੁੜਨਾ ਤੇ ਹਮਲੇ ਕਰਨੇ** : ਬਾਬਾ ਬੰਦਾ ਸਿੰਘ ਮੌਕੇ ਦੀ ਭਾਲ ਵਿਚ ਸਨ ਤੇ ਉਹ ਮੌਕਾ ਉਨ੍ਹਾਂ ਫ਼ਰਵਰੀ ੧੭੧੫ ਨੂੰ ਆਇਆ ਵੇਖਿਆ । ਬਾਬਾ ਬੰਦਾ ਸਿੰਘ ਜੀ ਨੇ ਅਚਾਨਕ ਕਲਾਨੌਰ ਉਤੇ ਹਮਲਾ ਕੀਤਾ। ਸੁਹਰਾਬ ਖ਼ਾਨ ਨੂੰ ਹਰਾ ਕੇ ਕਲਾਨੌਰ 'ਤੇ ਕਬਜ਼ਾ ਕਰ ਲਿਆ। ਅਚਲ ਤੋਂ ਹੁੰਦੇ ਹੋਏ ਬਟਾਲਾ ਪੁੱਜੇ। ਬਟਾਲੇ ਵੀ ਕੋਈ ਮੁਕਾਬਲੇ ਉਤੇ ਟਿਕ ਨਾ ਸਕਿਆ। ਕਈਆਂ ਨੇ ਛੁਪ ਕੇ ਜਾਨ ਬਚਾਈ। ਬਾਬਾ ਬੰਦਾ ਸਿੰਘ ਜੀ ਦੇ ਇਸ ਤਰ੍ਹਾਂ ਪ੍ਰਗਟ ਹੋਣ 'ਤੇ ਫ਼ਰਖ਼ਸੀਅਰ ਨੇ ਅਮੀਨ ਖ਼ਾਨ ਦੇ ਪੁਤਰ ਕਮਰਦੀਨ ਨੂੰ ਪੰਜਾਬ ਵੱਲ ਭੇਜਿਆ। ਕਮਰਦੀਨ ਦੇ ਆਉਣ ਨਾਲ ਪੰਜਾਬ ਦੀ ਹਕੂਮਤ ਨੇ ਤਿਆਰੀ ਅਰੰਭ ਕਰ ਦਿੱਤੀ। ਇਲਾਕੇ ਦੇ ਚੌਧਰੀਆਂ ਨੇ ਵੀ ਸਹਾਇਤਾ ਦਾ ਯਕੀਨ ਦਿਲਵਾਇਆ। ਗੁਜਰਾਤ, ਪਸਰੂਰ, ਕਲਾਨੌਰ ਬਟਾਲਾ ਦੇ ਫ਼ੌਜਦਾਰਾਂ ਨੇ ਖ਼ਾਸ ਤੌਰ ਉਤੇ ਲਾਹੌਰ ਇਕੱਠ ਕੀਤਾ। ਰਾਜਾ ਹਰਦੇਵ ਰਾਇ ਵੀ ਮਦਦ ਲਈ ਪੁੱਜਾ। ਅਬਦੁਸ ਸਮੱਦ ਖ਼ਾਨ ਲੱਖੀ ਜੰਗਲ ਗਿਆ ਹੋਇਆ ਸੀ। ਉਸ ਮੁੜਦੇ ਸਾਰ ਧਾਵਾ ਬੋਲ ਦਿਤਾ।

**ਗੁਰਦਾਸ ਨੰਗਲ ਵੱਲ** : ਤਿੰਨ ਪਾਸਿਆਂ ਤੋਂ ਫ਼ੌਜਾਂ ਬਟਾਲੇ ਵੱਲ ਚੱਲ ਪਈਆਂ। ਕਮਰਦੀਨ ਨੇ ਤਾਂ ਵੱਧ ਕੇ ਧਾਵਾ ਵੀ ਬੋਲ ਦਿਤਾ। ਬਖ਼ਸ਼ੀ ਆਫ਼ਿਰ ਖ਼ਾਨ, ਮੁਜ਼ੱਫਰ ਖ਼ਾਨ ਤੇ ਉਦੈ ਸਿੰਘ ਬੁੰਦੇਲਾ, ਗੋਪਾਲ ਸਿੰਘ ਭਦਵਾੜੀਏ ਤੇ ਪ੍ਰਿਥੀ ਚੰਦ ਵੀ ਉਧਰ ਹੀ ਚੱਲ ਪਏ। ਬਾਬਾ ਬੰਦਾ ਸਿੰਘ ਨੂੰ ਇਹਨਾਂ ਕਾਰਵਾਈਆਂ ਦੀ ਸੂਹ ਮਿਲ ਰਹੀ ਸੀ, ਪਰ ਉਹਨਾਂ ਦਾ ਖ਼ਿਆਲ ਸੀ ਕਿ ਅਬਦੁਸ ਸਮੱਦ ਦੇ ਲੱਖੀ ਜੰਗਲ ਤੋਂ ਮੁੜਨ ਬਾਅਦ ਹੀ ਧਾਵਾ ਬੋਲਿਆ ਜਾਵੇਗਾ। ਉਨ੍ਹਾਂ ਨੇ ਕਲਾਨੌਰ ਤੇ ਬਟਾਲੇ ਦੇ ਇਰਦ-ਗਿਰਦ ਦੀ ਦੀਵਾਰ ਬਣਾਉਣੀ ਅਰੰਭ ਕਰ ਦਿਤੀ ਤਾਂਕਿ ਪਨਾਹ ਲਈ ਚੰਗੀ ਥਾਂ ਬਣ ਜਾਏ। ਇਕ ਕੱਚੀ ਗੜ੍ਹੀ ਵੀ ਬਣਾਉਣੀ ਸ਼ੁਰੂ ਕਰ ਦਿਤੀ। ਅਜੇ ਗੜ੍ਹੀ ਦੀਆਂ ਬਾਹੀਆਂ ਤੇ ਰੋਕਾਂ ਵੀ ਮੁਕੰਮਲ ਨਹੀਂ ਹੋਈਆਂ ਸਨ ਕਿ ਸਾਂਝੀਆਂ ਫ਼ੌਜਾਂ ਨੇ ਹਮਲਾ ਕਰ ਦਿਤਾ।

**ਪਹਿਲੀ ਟੱਕਰ** : ਅਬਦੁਸ ਸਮੱਦ ਖ਼ਾਨ ਤੇ ਆਰਿਫ਼ ਖ਼ਾਨ ਦੀਆਂ ਫ਼ੌਜਾਂ ਟਾਕਰੇ 'ਤੇ ਆ ਗਈਆਂ ਪਰ ਬਾਬਾ ਬੰਦਾ ਸਿੰਘ ਇਵੇਂ ਡੱਟ ਕੇ ਮੁਕਾਬਲਾ ਕਰ ਰਹੇ ਸਨ, ਜਿਵੇਂ ਉਹਨਾਂ ਪਾਸ ਲੜਨ ਲਈ ਅਥਾਹ ਸਾਮਾਨ ਹੁੰਦਾ ਹੈ। ਸੀਅਰਉਲ ਮੁਤਾਖ਼ਰੀਨ ਦਾ ਲਿਖਾਰੀ ਗ਼ੁਲਾਮ ਹੁਸੈਨ ਲਿਖਦਾ ਹੈ ਕਿ ਇਸ ਤਰ੍ਹਾਂ ਬਾਬਾ ਬੰਦਾ ਸਿੰਘ ਨੂੰ ਡਟਿਆਂ ਦੇਖ ਕੇ ਇਕ ਵਾਰੀ ਸਾਰੇ ਹੀ ਹੈਰਾਨ ਹੋ ਗਏ। ਪਹਿਲੀ ਟੱਕਰ ਵਿਚ ਹੀ ਬਾਦਸ਼ਾਹੀ ਜਰਨੈਲ ਨੂੰ ਹਾਰ ਹੁੰਦੀ ਪ੍ਰਤੀਤ ਹੋਈ। ਸ਼ਾਹੀ ਲਸ਼ਕਰ ਨੇ ਇਕ ਦਮ ਜ਼ੋਰ ਦਾ ਹਮਲਾ ਕਰ ਦਿਤਾ, ਪਰ ਬਾਬਾ ਬੰਦਾ ਸਿੰਘ ਠਰ੍ਹੰਮੇ ਨਾਲ ਆਪਣੀ ਫ਼ੌਜ ਦੇ ਸਿੰਘਾਂ ਨੂੰ ਦੁਸ਼ਮਣ ਦੀ ਅੱਗ ਵਿਚ ਝੋਂਕ ਰਹੇ ਸਨ ਅਤੇ ਇਸ ਤਰ੍ਹਾਂ ਪਿਛੇ ਹਟ ਰਹੇ ਸਨ ਜਿਵੇਂ ਜੰਗਲੀ ਜਾਨਵਰ ਇਕ ਝਾੜ ਤੋਂ ਦੂਜੇ

Sri Satguru Jagjit Singh Ji eLibrary NamdhariElibrary@gmail.com

ਝਾੜ ਵੱਲ ਹਟਦਾ ਹੈ। ਖਾਫ਼ੀ ਖ਼ਾਨ ਵੀ ਲਿਖਦਾ ਹੈ ਕਿ ਸਿੱਖ ਇਤਨਾ ਸਿਰ ਤੋੜ ਕੇ ਲੜੇ ਕਿ ਉਨ੍ਹਾਂ ਨੇ ਇਸਲਾਮੀ ਲਸ਼ਕਰ 'ਤੇ ਕਾਬੂ ਹੀ ਪਾ ਲਿਆ ਸੀ। ਹਟਦੇ-ਹਟਦੇ ਉਹ ਗੁਰਦਾਸ ਨੰਗਲ ਪੁਜ ਗਏ।

**ਗੁਰਦਾਸ ਨੰਗਲ ਦਾ ਘੇਰਾ** : ਗੁਰਦਾਸ ਨੰਗਲ ਬਾਰੇ ਇਕ ਗੱਲ ਚੰਗੀ ਤਰ੍ਹਾਂ ਸਮਝ ਲੈਣੀ ਚਾਹੀਦੀ ਹੈ ਕਿ ਨ ਤਾਂ ਉਹ ਕੋਈ ਗੜ੍ਹੀ ਸੀ ਤੇ ਨਾ ਹੀ ਕੋਈ ਕਿਲ੍ਹਾ। ਉਹ ਇਕ ਥੇਹ ਸੀ। ਉਹ ਥੇਹ ਦੁਨੀ ਚੰਦ ਦੀ ਹਵੇਲੀ ਕਰਕੇ ਵੱਜਦਾ ਸੀ। ਆਲੇ-ਦੁਆਲੇ ਉੱਚੀ ਕੰਧ ਜ਼ਰੂਰ ਸੀ। ਅੰਦਰ ਕੁਝ ਖ਼ਾਲੀ ਥਾਂ ਵੀ ਜ਼ਰੂਰ ਸੀ। ਦਿਨ ਰਾਤ ਇਕ ਕਰਕੇ ਬੰਦਾ ਸਿੰਘ ਨੇ ਦੀਵਾਰਾਂ ਕੁਝ ਹੋਰ ਉਚੀਆਂ ਕੀਤੀਆਂ। ਇਰਦ-ਗਿਰਦ ਖਾਈ ਵੀ ਪੁੱਟ ਦਿਤੀ ਗਈ। ਸਭ ਤੋਂ ਵੱਡੀ ਸਿਆਣਪ ਇਹ ਵਰਤੀ ਗਈ ਕਿ ਵੱਡੀ ਨਹਿਰ ਜੋ ਨੇੜੇ ਹੀ ਵਹਿੰਦੀ ਸੀ, ਸਿੰਘਾਂ ਕੱਟ ਦਿਤੀ ਤੇ ਪਾਣੀ ਹਵੇਲੀ ਦੁਆਲੇ ਫਿਰ ਗਿਆ ਤੇ ਚਾਰੇ ਪਾਸੇ ਹੀ ਦਲਦਲ ਹੋ ਗਈ। ਘੋੜਿਆਂ ਦਾ ਫਿਰਨਾ ਮੁਸ਼ਕਿਲ ਹੋ ਗਿਆ ਤੇ ਫ਼ੌਜਾਂ ਦਾ ਟੁਰਨਾ ਅਸੰਭਵ। ਜ਼ਿਆਦਾ ਜ਼ੋਰ ਕਿਲ੍ਹੇ ਵਿਚ ਅਨਾਜ ਭਰਨ 'ਤੇ ਲਗਾਇਆ ਜਾ ਰਿਹਾ ਸੀ, ਪਰ ਸ਼ਾਹੀ ਫ਼ੌਜਾਂ ਨੇ ਪੁੱਜਦੇ ਸਾਰ ਹੀ ਘੇਰਾ ਘਤਿ ਦਿੱਤਾ।

ਘੇਰਾ ਪਾਉਣ ਵਾਲੀਆਂ ਫ਼ੌਜਾਂ ਦੀ ਗਿਣਤੀ ੨੪ ਹਜ਼ਾਰ ਸੀ। ਘੋੜ-ਸਵਾਰ ਤਕਰੀਬਨ ਉਸ ਵਿਚ ਅੱਧੇ ਸਨ। ਤੋਪਖਾਨਾ ਵੀ ਖ਼ਾਸ ਤੌਰ 'ਤੇ ਲਿਆਂਦਾ ਗਿਆ ਸੀ।

**ਘੇਰਾ ਹੋਰ ਸਖ਼ਤ** : ਗੁਰਦਾਸ ਨੰਗਲ ਅੰਦਰ ਗਿਣਤੀ ਦੇ ਹੀ ਸਿੱਖ ਸਨ, ਪਰ ਜਿਸ ਦਲੇਰੀ ਦੇ ਨਾਲ ਉਹ ਲੜ ਰਹੇ ਸਨ, ਉਸ ਨੇ ਦੁਸ਼ਮਣਾਂ ਨੂੰ ਹੈਰਾਨ ਹੀ ਕਰ ਦਿੱਤਾ। ਪਹਿਲਾ ਹੱਲਾ ਕਰਨ ਵਾਲਿਆਂ ਨੂੰ ਪਿੱਛੇ ਮੁੜਨਾ ਪਿਆ। ਇਬਰਤਨਾਮੇ ਦਾ ਲਿਖਾਰੀ, ਜੋ ਉਥੇ ਆਪੂੰ ਮੌਜੂਦ ਸੀ, ਲਿਖਦਾ ਹੈ ਕਿ 'ਲਾਅਣਤੀ' ਸਿੱਖਾਂ ਦੇ ਬਹਾਦਰੀ ਤੇ ਦਲੇਰੀ ਦੇ ਕਾਰਨਾਮੇ ਹੈਰਾਨ ਕਰ ਦੇਣ ਵਾਲੇ ਸਨ। ਹਰ ਦਿਹਾੜੀ ਦੋ ਜਾਂ ਤਿੰਨ ਵਾਰੀ ਉਹ ਚਾਲੀ ਜਾਂ ਪੰਜਾਹ ਕਾਲੇ ਮੂੰਹਾਂ ਵਾਲੇ ਸਿੱਖ ਆਪਣੇ ਡੰਗਰਾਂ ਦੇ ਘਾਹ ਪੱਠੇ ਲਈ ਗੜ੍ਹੀ ਵਿਚੋਂ ਬਾਹਰ ਨਿਕਲਦੇ ਤੇ ਜਦ ਫ਼ੌਜਾਂ ਉਨ੍ਹਾਂ ਨੂੰ ਰੋਕਣ ਜਾਂਦੀਆਂ ਤਾਂ ਇਹ ਆਪਣੇ ਤੀਰਾਂ, ਰਾਮ ਜੰਗਿਆਂ (ਬੰਦੂਕਾਂ) ਤੇ ਛੋਟੀਆਂ ਤਲਵਾਰਾਂ ਨਾਲ ਮੁਗ਼ਲਾਂ ਦਾ ਘਾਣ ਕਰ ਦਿੰਦੇ ਅਤੇ ਦੇਖਦੇ ਹੀ ਦੇਖਦੇ ਅਲੋਪ ਹੋ ਜਾਂਦੇ। ਸਿੰਘਾਂ ਦਾ ਇਤਨਾ ਭੈ ਤੇ ਸਿੱਖ ਆਗੂਆਂ ਦੀਆਂ ਜਾਦੂਗਰੀਆਂ ਦਾ ਇਤਨਾ ਡਰ ਬੈਠ ਚੁਕਾ ਸੀ ਕਿ ਬਾਦਸ਼ਾਹੀ ਫ਼ੌਜ ਦੇ ਕਮਾਂਡਰ ਰੱਬ ਪਾਸੋਂ ਦੁਆਵਾਂ ਮੰਗਦੇ ਸਨ ਕਿ ਉਹ ਕੁਝ ਐਸਾ ਭਾਣਾ ਵਰਤਾਵੇ ਕਿ ਬੰਦਾ ਸਿੰਘ ਗੜ੍ਹੀ ਵਿਚੋਂ ਨਿਕਲ ਕੇ ਦੌੜ ਜਾਏ। ਅਬਦੁੱਸ ਸਮਦ ਖ਼ਾਨ ਇਹ ਸਮਝ ਗਿਆ ਕਿ ਘੇਰਾ ਸਖ਼ਤ ਕਰਨ ਤੋਂ ਬਿਨਾਂ 'ਗੜ੍ਹੀ' 'ਤੇ ਕਬਜ਼ਾ ਜਾਂ ਬੰਦਾ ਸਿੰਘ ਨੂੰ ਪਕੜਨਾ ਮੁਸ਼ਕਿਲ ਹੈ। ਕਮਰਦੀਨ ਦੀਆਂ ਫ਼ੌਜਾਂ ਵੀ ਪੁੱਜ ਗਈਆਂ ਸਨ। ਸੋ ਇਕ ਪਾਸਾ ਹੀ ਉਸ ਦੇ ਹਵਾਲੇ ਕਰ ਦਿਤਾ ਗਿਆ ਤੇ ਦੂਜੇ ਨੂੰ ਉਸ ਆਪ ਮਲ ਲਿਆ। ਤੋਪਾਂ ਵੀ ਉਸ ਉੱਚੀਆਂ ਕਰ ਦਿਤੀਆਂ ਤਾਂਕਿ ਮਾਰ ਸਿੱਧੀ ਕਿਲ੍ਹੇ 'ਤੇ ਪੈ ਸਕੇ, ਪਰ ਸਿੰਘ ਫਿਰ ਵੀ ਬਾਹਰ ਨਿਕਲ ਕੇ ਹਮਲਾ ਕਰਦੇ ਤੇ ਕਈਆਂ ਨੂੰ ਮਾਰ ਮੁਕਾਉਂਦੇ।

**ਬਾਬਾ ਬਿਨੋਦ ਸਿੰਘ ਦੇ ਦਲੇਰੀ ਭਰੇ ਹਮਲੇ** : ਸ਼ਾਹੀ ਫ਼ੌਜਾਂ ਆਪਣੇ ਹਰ ਤੰਬੂ ਨੂੰ ਹੀ ਕਿਲ੍ਹਾ ਬਣਾਈ ਤੁਰੀ ਜਾ ਰਹੀਆਂ ਸਨ ਤੇ ਉਧਰ ਸਿੰਘਾਂ ਦੇ ਹਮਲੇ ਹੋਰ ਵਧ ਜਾਂਦੇ

Sri Satguru Jagjit Singh Ji eLibrary NamdhariElibrary@gmail.com

ਸਨ। ਜਦ ਵੀ ਸਿੰਘਾਂ ਦਾ ਮਿਠਾਈ ਆਦਿ ਖਾਣ ਤੇ ਜੀਅ ਕਰਦਾ ਉਹ ਅੰਦਰੋਂ ਨਿਕਲਦੇ ਤੇ ਮੁਗ਼ਲਾਂ ਦੇ ਬਾਜ਼ਾਰ ਵਿਚ ਆ ਕੇ ਬਾਬਾ ਬਿਨੋਦ ਸਿੰਘ ਜੀ ਦੀ ਅਗਵਾਈ ਹੇਠਾਂ ਖਾ ਪੀ ਕੇ ਪਲਟ ਕੇ ਵਾਪਸ ਮੁੜ ਜਾਂਦੇ। ਉਸ ਵਡੇਰੀ ਉਮਰ ਦੇ ਬਾਬੇ ਨੂੰ ਐਸਾ ਰੋਜ਼ ਕਰਦਾ ਦੇਖ ਮੁਗ਼ਲ ਬਹੁਤ ਹੀ ਹੈਰਾਨ ਹੁੰਦੇ ਤੇ ਕਈ ਪਕੜਨ ਲਈ ਦੌੜਦੇ, ਪਰ ਬਾਬਾ ਜੀ ਕਿਸੇ ਦੇ ਹੱਥ ਨਾ ਆਉਂਦੇ। "ਓਹ ਗਏ ! ਓਹ ਗਏ !!" ਹੀ ਚਾਰੇ ਪਾਸੇ ਕੰਨੀਂ ਪੈਂਦਾ। ਜੇ ਪਹਿਰਾ ਸਵੇਰੇ ਦਾ ਪੱਕਾ ਹੁੰਦਾ ਤਾਂ ਬਿਨੋਦ ਸਿੰਘ ਦੁਪਹਿਰੀਂ ਆ ਜਾਂਦੇ ਤੇ ਜੇ ਦੁਪਹਿਰ ਨੂੰ ਸਾਰੇ ਮੋਰਚੇ ਲਗਾਂਦੇ ਤਾਂ ਉਹ ਸ਼ਾਮ ਨੂੰ ਆ ਜਾਂਦੇ।

ਇਕ ਡਰ ਹੋਰ ਮੁਗ਼ਲ ਫ਼ੌਜਾਂ ਨੂੰ ਖਾਈ ਜਾ ਰਿਹਾ ਸੀ ਕਿ ਬਾਬਾ ਬੰਦਾ ਸਿੰਘ ਕੋਲ ਕਰਾਮਾਤਾਂ ਹਨ। ਉਹ ਜਿਸ ਸ਼ਕਲ ਵਿਚ ਚਾਹੇ ਰਿਧੀਆਂ-ਸਿਧੀਆਂ ਦੇ ਜ਼ੋਰ ਨਾਲ ਰੂਪ ਧਾਰ ਸਕਦਾ ਸੀ। ਇਸ ਲਈ ਕੋਈ ਬਿੱਲੀ, ਕੁੱਤਾ ਵੀ ਗੜ੍ਹੀ ਵਲੋਂ ਆਂਦਾ ਦਿਸਦਾ ਤਾਂ ਉਸ ਪਿੱਛੇ ਵੀ ਸ਼ਾਹੀ ਲਸ਼ਕਰ ਟੁੱਟ ਪੈਂਦਾ। ਜਦ ਤੱਕ ਜਾਨਵਰ ਵਿਚਾਰੇ ਨੂੰ ਮੂਲੋਂ ਹੀ ਨਾ ਮੁਕਾ ਲੈਂਦੇ, ਮੁਗ਼ਲ ਖਹਿੜਾ ਨਾ ਛੱਡਦੇ।

ਅਬਦੁਸ ਸਮੱਦ ਖ਼ਾਨ ਨੂੰ ਇਕੋ ਆਸ ਸੀ ਕਿ ਜੇ ਘੇਰਾ ਸਖ਼ਤ ਤੇ ਪੀਡਾ ਹੋ ਜਾਏ ਤਾਂ ਅੰਦਰੋਂ ਰਸਦ ਖ਼ਤਮ ਹੋ ਜਾਏਗੀ ਤੇ ਹਮਲਾ ਕਰਕੇ ਪਕੜਨਾ ਆਸਾਨ ਹੋ ਜਾਵੇਗਾ। ਸੋ ਉਸ ਨੇ ਸੁਰੰਗ ਲਾ ਕੇ 'ਗੜ੍ਹੀ' ਦੇ ਦਰਵਾਜ਼ੇ ਤੱਕ ਪੁੱਜਣ ਦੀ ਵਿਉਂਤ ਬਣਾਈ। ਇਸ ਵਿਚ ਅਬਦੁਸਸਮੱਦ ਖ਼ਾਨ ਨੂੰ ਛੇਤੀ ਹੀ ਕਾਮਯਾਬੀ ਹੋ ਗਈ ਅਤੇ ਕਮਰ-ਉਦ-ਦੀਨ ਵੀ ਖਾਈ ਟੱਪ ਕੇ ਉਥੇ ਤੱਕ ਪੁੱਜ ਗਿਆ ਜਿਥੋਂ ਸਿੱਖ ਬਾਹਰ ਨਿਕਲ ਕੇ ਹਮਲਾ ਕਰਦੇ ਸਨ।

ਅੱਠਾਂ ਮਹੀਨਿਆਂ ਦੇ ਲੰਬੇ ਘੇਰੇ ਨੇ ਸਿੱਖਾਂ ਦਾ ਸਾਰਾ ਜ਼ਖੀਰਾ ਮੁਕਾ ਦਿੱਤਾ ਸੀ। ਹੁਣ ਖਾਣ ਲਈ ਕੁਝ ਵੀ ਨਹੀਂ ਸੀ। ਜਿਹਨਾਂ ਨੂੰ ਵੈਰੀ ਤੇ ਉਹਨਾਂ ਦੀਆਂ ਤੋਪਾਂ ਹਿਲਾ ਤੱਕ ਨਾ ਸਕੀਆਂ, ਭੁੱਖ ਨੇ ਲੱਕ ਤੋੜ ਦਿਤਾ! ਪੰਥ ਪ੍ਰਕਾਸ਼ ਦਾ ਲਿਖਾਰੀ ਲਿਖਦਾ ਹੈ–

*ਕਰਯੋ ਨਹੀਂ ਥਾ ਅਧਕ ਜ਼ਖੀਰਾ, ਬੰਦੇ ਗੜ੍ਹੀ ਮਝਾਰੀ।*
*ਸੇਰ ਪਾਓ ਕੀ ਕਹਾ ਕਹਾਨੀ, ਮਾਸਾ ਅੰਨ ਨ ਮਿਲਹੀ।*
*ਖਾਣ ਚੀਜ਼ ਕਿਛ ਨਜ਼ਰ ਨਾ ਆਵੈ, ਮਿਟੀ ਕੋ ਸਿੰਘ ਮਿਲਹੀ।*
*ਕਈ ਦਿਵਸ ਭੁੱਖ ਦੇਖੇ ਸਿੰਘਨ, ਪਤੇ ਬ੍ਰਿਛਨ ਖਾਏ।*
*ਬਾਹਰ ਦਲ ਤੁਰਕੀ ਬਹੁ ਉਤਰਯੋ, ਪੇਸ਼ ਕਛੂ ਨਹਿ ਜਾਏ।*

**ਬਾਬਾ ਬਿਨੋਦ ਸਿੰਘ ਜੀ ਦਾ ਗੜ੍ਹੀ ਨੂੰ ਛੱਡਣਾ** : ਇਸ ਉਤੇ ਇਕ ਹੋਰ ਘਟਨਾ ਹੋ ਗਈ। ਬਾਬਾ ਬਿਨੋਦ ਸਿੰਘ ਜੀ ਨੇ ਇਹ ਰਾਇ ਦਿਤੀ ਕਿ ਕਾਮਯਾਬੀ ਇਸੇ ਵਿਚ ਹੈ ਕਿ ਗੜ੍ਹੀ ਛੱਡ ਕੇ ਪਿੱਛੇ ਹਟ ਜਾਇਆ ਜਾਏ, ਪਰ ਬਾਬਾ ਬੰਦਾ ਸਿੰਘ ਨੇ ਇਸ ਰਾਇ ਨੂੰ ਕਮਜ਼ੋਰੀ ਸਮਝ ਕੇ ਠੁਕਰਾ ਦਿਤਾ। ਬਾਬਾ ਬਿਨੋਦ ਸਿੰਘ ਦੀਆਂ ਦਲੀਲਾਂ ਵਿਚ ਵਜ਼ਨ ਸੀ, ਪਰ ਬੰਦਾ ਸਿੰਘ ਸੁਣਨ ਲਈ ਤਿਆਰ ਨਹੀਂ ਸਨ। ਦੋਹਾਂ ਵਿਚ ਤੂੰ-ਤੂੰ, ਮੈਂ-ਮੈਂ ਤੋਂ ਗੱਲ ਵਧਦੀ ਮੁੱਕਿਆਂ, ਘਸੁੰਨਾਂ ਤਕ ਪੁੱਜ ਗਈ। ਬਾਬਾ ਬਿਨੋਦ ਸਿੰਘ ਦੇ ਲੜਕੇ ਭਾਈ ਕਾਹਨ ਸਿੰਘ ਨੇ ਰਾਇ ਦਿਤੀ ਕਿ ਦੋਹਾਂ ਵਿਚੋਂ ਇਕ ਅੜੀ ਛੱਡੇ। ਬਾਬਾ ਬਿਨੋਦ ਸਿੰਘ ਜੀ ਘੇਰੇ ਨੂੰ ਚੀਰਦੇ ਹੋਏ ਆਪਣੇ ਸਾਥੀਆਂ ਸਮੇਤ ਦੂਰ ਨਿਕਲ ਗਏ।

Sri Satguru Jagjit Singh Ji eLibrary NamdhariElibrary@gmail.com

ਪ੍ਰਾਚੀਨ ਪੰਥ ਪ੍ਰਕਾਸ਼ ਨੇ ਬੜੀ ਦਿਲ-ਚੀਰਵੀਂ ਟੂਕ ਦਿਤੀ ਹੈ ਕਿ *'ਲਾਹੌਰ ਬਚਾਈ ਫੁੱਟ ਸਿੰਘਨ।'* ਇਹ ਸੁਣ ਕੇ 'ਦਿਲ ਸ਼ਾਹ ਸ਼ਾਦੀ ਆਈ ਅਤੇ ਬੰਦੇ ਖ਼ੌਫ਼ ਸੁ ਗਯੋ ਪਰਾਈ।' ਅਬਦੁਸਸਮੱਦ ਖ਼ਾਨ ਵੀ ਬਹੁਤ ਪ੍ਰਸੰਨ ਹੋਇਆ ਕਿ ਤੱਤ ਖ਼ਾਲਸੇ ਦੇ ਜਥੇ ਦੇ ਬਹੁਤੇ ਸਿੰਘ ਛੱਡ ਗਏ ਹਨ।

**ਗੜ੍ਹੀ ਉੱਤੇ ਕਬਜ਼ਾ** : ਇਸ ਫੁੱਟ ਨੇ ਬੜੀ ਹਾਨੀ ਪਹੁੰਚਾਈ। ਉਧਰ ਭੁੱਖ ਦਾ ਕੋਈ ਇਲਾਜ ਨੇੜੇ ਨਹੀਂ ਸੀ ਦਿੱਸਦਾ। ਭਾਵੇਂ ਬਾਬਾ ਬੰਦਾ ਸਿੰਘ ਵੀ ਇਸ ਦਸ਼ਾ ਤੋਂ ਜਾਣੂ ਸਨ, ਪਰ ਉਹ ਹੱਠੀ ਹੋਣ ਕਾਰਨ ਡਟ ਕੇ ਮਰਨਾ ਹੀ ਠੀਕ ਸਮਝਦੇ ਸਨ। ਜਦ ਖਾਣ ਲਈ ਜਾਨਵਰ ਵੀ ਨਾ ਰਹੇ ਤਾਂ ਹੱਡੀਆਂ ਪੀਸ ਪੀਸ ਕੇ ਅੰਨ ਦੀ ਥਾਂ ਖਾਂਦੇ ਰਹੇ। ਅੰਦਰ ਰਸਦ ਖ਼ਤਮ ਸੀ। ਬਾਹਰੋਂ ਆ ਨਹੀਂ ਸੀ ਸਕਦੀ। ਜਲ ਵੀ ਮੁਕ ਗਿਆ।

*'ਅਨਾਜ ਬਿਨਾਂ ਲੋਕ ਔਖੇ ਹ੍ਵੈ ਹੈਂ।*
*ਨੀਰ ਬਿਨਾਂ ਘੋੜੇ ਮਰ ਜੈ ਹੈਂ।*

... ... ...

*ਪਤ ਛਿਲ ਜੜ, ਨਹਿ ਲਭੈ।*
*ਘਾਸ ਭੀ ਨਦਰ ਨ ਪਾਇ।*

ਖਾਫ਼ੀ ਖ਼ਾਨ ਦਾ ਤਾਂ ਇਹ ਵੀ ਕਹਿਣਾ ਹੈ ਕਿ ਸਿੱਖਾਂ ਨੇ ਆਪਣੇ ਪੱਟਾਂ ਦੇ ਮਾਸ ਚੀਰ-ਚੀਰ ਕੇ ਇਕ ਦੂਜੇ ਨੂੰ ਖਵਾਏ। ਪੇਚਸ਼ ਅਤੇ ਹੋਰ ਬਿਮਾਰੀਆਂ ਨਾਲ ਕਈ ਸਿੱਖ ਚੜ੍ਹਾਈ ਕਰ ਗਏ। ਦਰੱਖ਼ਤਾਂ ਦੀਆਂ ਛਿੱਲੜਾਂ, ਪੱਤੇ ਤੇ ਸੱਕ ਵੀ ਜਦ ਸਿੱਖ ਖਾ ਚੁੱਕੇ ਤਾਂ ਹੋਰ ਟਾਕਰੇ ਤੇ ਰਹਿਣਾ ਅਸੰਭਵ ਹੀ ਸੀ। ਭਾਵੇਂ ਕਾਮਵਰ ਖ਼ਾਨ ਲਿਖਦਾ ਹੈ ਕਿ ਫਿਰ ਵੀ ਉਸ ਕਾਫ਼ਰ ਆਗੂ ਨੇ ਅੱਠ ਮਹੀਨੇ ਮੁਕਾਬਲਾ ਕਰਕੇ ਨਵਾਂ ਹੀ ਇਤਿਹਾਸ ਲਿਖਿਆ। ਸਿੰਘ ਬਿਮਾਰੀ, ਭੁੱਖ ਤੇ ਕਮਜ਼ੋਰੀ ਨਾਲ ਨਿਢਾਲ ਹੋ ਚੁੱਕੇ ਸਨ, ਪਰ ਸਿੰਘਾਂ ਦਾ ਇਤਨਾ ਭੈ ਸੀ ਕਿ ਕੋਈ 'ਗੜ੍ਹੀ' ਦੇ ਨੇੜੇ ਨਹੀਂ ਸੀ ਆਉਂਦਾ।[1] ਅਬਦੁਸਸਮੱਦ ਖ਼ਾਨ ਨੇ ਦਰਵਾਜ਼ਾ ਖੋਲ੍ਹਣ ਲਈ ਕਿਹਾ ਤੇ ਐਸਾ ਕਰਨ ਦੀ ਸੂਰਤ ਵਿਚ ਕਿਸੇ ਤੇ ਹੱਥ ਨ ਚੁੱਕਣ ਦਾ ਯਕੀਨ ਦਿਲਵਾਇਆ। ਮੁਗ਼ਲ ਫ਼ੌਜੀ ਅੰਦਰੋਂ ਫਿਰ ਵੀ ਡਰ ਰਹੇ ਸਨ । ਬੰਦਾ ਸਿੰਘ ਜੀ ਨੇ ਸਾਫ਼ ਸਪੱਸ਼ਟ ਸ਼ਬਦਾਂ ਵਿਚ ਸਾਥੀ ਸਿੰਘਾਂ ਨੂੰ ਕਹਿ ਦਿੱਤਾ ਸੀ :

*'ਅਬ ਹਮ ਤੁਰਕਨ ਸਿਰ ਦੇਵੈਂ,*
*ਸੁਟ ਦੇਵੋ ਹਥਿਆਰ।'*

ਪਰ ਜਦ ਦਰਵਾਜ਼ਾ ਖੁਲ੍ਹਿਆ ਤਾਂ ਨਿਰਬਲ ਹੋ ਚੁੱਕੇ ਸਿੰਘਾਂ ਤੇ ਫ਼ੌਜਾਂ ਟੁੱਟ ਪਈਆਂ। ਧਨ ਹਨ ਸਿੱਖ : *'ਸ਼ਸਤਰ ਛੁਟੈ, ਨ ਬਲ ਛੁਟਿਯੋ।'* ੭ ਦਸੰਬਰ ੧੭੧੫ ਨੂੰ ਗੜ੍ਹੀ ਉੱਤੇ ਸ਼ਾਹੀ ਫ਼ੌਜਾਂ ਨੇ ਕਬਜ਼ਾ ਕਰ ਲਿਆ। ਤਿੰਨ ਸੌ ਦੇ ਕਰੀਬ ਸਿੰਘਾਂ ਨੂੰ ਥਾਂ ਉੱਤੇ ਹੀ ਸ਼ਹੀਦ ਕਰ ਦਿੱਤਾ ਗਿਆ। ਥਾਂ ਇਸ ਤਰ੍ਹਾਂ ਨਾਲ ਭਰ ਗਈ ਜਿਵੇਂ ਕਿ ਉਹ ਖ਼ੂਨ ਦੀ ਛੱਪੜੀ ਹੋਵੇ। ਸਿੱਖਾਂ ਦੀਆਂ ਲਾਸ਼ਾਂ ਨੂੰ ਇਸ ਖ਼ਿਆਲ ਨਾਲ ਚੀਰ ਕੇ ਦੋ ਫਾੜ ਕੀਤਾ ਗਿਆ ਤਾਂ ਜੋ ਉਨ੍ਹਾਂ ਕੋਲੋਂ ਉਹ ਸੋਨਾ ਤੇ ਕੀਮਤੀ ਚੀਜ਼ਾਂ ਕੱਢੀਆਂ ਜਾਣ ਜੋ ਉਨ੍ਹਾਂ ਨਿਗਲ ਲਈਆਂ

1. ਸੋ ਭੀ ਬੰਦੈ ਤੇ ਸੰਗੈਂ, ਅੰਦਰ ਦੇਹਿ ਨ ਪੈਰ। (ਪ੍ਰਾਚੀਨ ਪੰਥ ਪ੍ਰਕਾਸ਼)

Sri Satguru Jagjit Singh Ji eLibrary NamdhariElibrary@gmail.com

ਹਨ। ਇਹ ਅਫ਼ਵਾਹ ਫੈਲਾਈ ਗਈ ਸੀ ਕਿ ਸਿੱਖਾਂ ਨੇ ਕੀਮਤੀ ਵਸਤੂਆਂ ਨਿਗਲ ਲਈਆਂ ਹਨ। ਬਾਕੀ ਸਿੰਘਾਂ ਨੂੰ ਫੜ ਕੇ ਲਾਹੌਰ ਲੈ ਜਾਇਆ ਗਿਆ। ਅੰਦਰੋਂ ਵੱਡੀਆਂ ਕਿਰਪਾਨਾਂ ਇਕ ਹਜ਼ਾਰ, ਢਾਲਾਂ ੨੭੮, ਛੋਟੀਆਂ ਕਿਰਪਾਨਾਂ ੨੧੭, ਤਮੰਚੇ ੧੮੦, ਤੀਰ ਕਮਾਨ ਤੇ ਭੱਥੇ ੧੭੩, ਖੰਜਰ ੧੧੪, ਰੁਪਏ ਕੁਲ ੬੦੦ ਤੇ ਸੋਨੇ ਦੀਆਂ ਮੁਹਰਾਂ ੨੩। ਇਸ ਅਸਲੇ ਤੇ ਖ਼ਜ਼ਾਨੇ ਨਾਲ ੮ ਮਹੀਨੇ ਫੌਜਾਂ ਦਾ ਟਾਕਰਾ ਕਰਨਾ ਇਕ ਅਦੁੱਤੀ ਕਾਰਨਾਮਾ ਹੀ ਹੈ, ਜਿਸ ਦੀ ਮਿਸਾਲ ਕਿਧਰੋਂ ਨਹੀਂ ਮਿਲਦੀ।

**ਲਾਹੌਰ ਵੱਲ** : ਬਾਬਾ ਬੰਦਾ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਸੀ, ਪਰ ਉਸ ਕੋਲੋਂ ਡਰੀ ਹੀ ਜਾਣ।

*"ਸੋ ਭੀ ਸਭ ਬੰਦੇ ਤੈ ਡਰੈ।*
*ਮਰੇ ਸ਼ੇਰ ਸੈ ਜਯੋਂ ਗਜ ਟਰੈ।"*

ਸਭ ਤੋਂ ਵੱਡੀ ਅਸਚਰਜ ਵਾਲੀ ਗੱਲ ਸੀ ਕਿ ਬੰਦਾ ਸਿੰਘ ਜੀ ਦੇ ਚਿਹਰੇ 'ਤੇ ਉਹ ਹੀ ਨੂਰ ਸੀ। ਲੋਕੀਂ ਕਹਿੰਦੇ ਕਿ ਕੋਈ ਬੂਟੀ ਖਾਧੀ ਹੋਈ ਹੈ।

ਤੁਰਕ ਸਿੰਘਾਂ ਨਾਲ ਲਾਹੌਰ ਲਿਜਾਂਦਿਆਂ ਰਸਤੇ ਵਿਚ ਮਜ਼ਾਕ ਕਰਨ ਤੇ ਛੇੜਨ, ਪਰ ਸਿੱਖ ਬੰਦੀ ਵਿਚ ਪਏ ਹੋਏ ਵੀ ਕੁਝ ਸੁਣਾ ਦਿੰਦੇ।

*"ਤਿਨ ਜੋ ਤੁਰਕ ਜਿ ਇਕ ਗਲ ਆਖੈਂ।*
*ਵਹਿ ਆਗੈ ਤੇ ਬੀਸਕ ਭਾਖੈਂ।*
*ਰੱਸੀ ਜਲੀ ਨ ਵਟ ਜਲਯੋ।*
*ਬਲ ਗਯੋ ਨ ਗਯੋ ਗੁਮਾਨ।"*

ਬਾਬਾ ਬੰਦਾ ਸਿੰਘ ਦੇ ਦੋ ਕੁ ਸੌ ਸਾਥੀਆਂ ਨੂੰ ਬੇੜੀਆਂ ਪਾਈਆਂ ਹੋਈਆਂ ਸਨ। ਬੰਦਾ ਸਿੰਘ ਨੂੰ ਤਾਂ ਚਾਰ ਥਾਵਾਂ ਤੋਂ ਜਕੜਿਆ ਹੋਇਆ ਸੀ। ਉਹ ਡਰਦੇ ਸਨ ਮਤੇ ਬਾਬਾ ਬੰਦਾ ਸਿੰਘ ਆਪਣੀਆਂ ਗੁਪਤ ਸ਼ਕਤੀਆਂ ਦੁਆਰਾ ਉੱਡ ਹੀ ਨਾ ਜਾਏ। ਪੈਰਾਂ ਵਿਚ ਬੇੜੀਆਂ, ਗਲੇ ਵਿਚ ਫੰਦਾ, ਹੱਥਾਂ ਵਿਚ ਹੱਥਕੜੀਆਂ ਤੇ ਲੱਕ ਦੁਆਲੇ ਜ਼ੰਜੀਰ ਬੰਨ੍ਹੀ ਗਈ ਸੀ।[1] ਇੰਨੀਆਂ ਬੰਦੀਆਂ ਨੂੰ ਵੀ ਨਾਕਾਫ਼ੀ ਸਮਝਿਆ ਗਿਆ ਸੀ, ਇਸ ਲਈ ਪਿੰਜਰੇ ਵਿਚ ਪਾਇਆ ਗਿਆ। ਪਿੰਜਰੇ ਉੱਪਰ ਕੁਝ ਚੋਣਵੇਂ ਸਿਪਾਹੀਆਂ ਨੂੰ ਨੰਗੀ ਤਲਵਾਰ ਦੇ ਕੇ ਪਹਿਰੇ ਲਈ ਬਿਠਾਇਆ ਗਿਆ। ਇਕ ਸੈਨਕ ਨੇ ਇਹ ਵੀ ਦੱਸਿਆ ਕਿ ਬੰਦਾ ਸਿੰਘ ਕਰਾਮਾਤੀ ਸ਼ਕਤੀਆਂ ਦਾ ਮਾਲਕ ਹੈ, ਸੋ ਐਸਾ ਨ ਹੋਵੇ ਕਿ ਉਹ ਪਿੰਜਰੇ ਸਮੇਤ ਹੀ ਉਡ ਜਾਏ, ਸੋ ਉਸ ਨੇ ਤਜਵੀਜ਼ ਦਿੱਤੀ ਕਿ ਉਸ ਨੂੰ ਵੀ ਬੰਦਾ ਸਿੰਘ ਨਾਲ ਹੀ ਬੰਨ੍ਹ ਦਿੱਤਾ ਜਾਏ ਤਾਂ ਜੋ ਜੇ ਪਿੰਜਰਾ ਉੱਡੇ ਵੀ ਤਾਂ ਉਥੇ ਹੀ ਛੁਰਾ ਘੋਪ ਦਿੱਤਾ ਜਾਏ, ਐਸਾ ਹੀ ਕੀਤਾ ਗਿਆ। ਬਾਕੀ ਸਿੱਖਾਂ ਨੂੰ ਵੀ ਚੰਗੀ ਤਰ੍ਹਾਂ ਜਕੜ ਕੇ ਗੱਡਿਆਂ ਉੱਤੇ ਬਿਠਾ ਕੇ ਸਾਰੇ ਲਾਹੌਰ ਵਿਚ ਫਿਰਾਇਆ ਗਿਆ।

**ਅਨੋਖਾ ਜਲੂਸ** : ਲਾਹੌਰ ਵਿਚ ਦਿਖਾਵੇ ਤੋਂ ਬਾਅਦ ਜ਼ਕਰੀਆ ਖ਼ਾਨ ਦੇ ਜ਼ਿੰਮੇ

---

1. "ਫੜ ਲੋਹ ਪਿੰਜਰੇ ਪਾਯੋ, ਪਗ ਬੇੜੀ ਗਲ ਤਬਕ ਚੜ੍ਹਾਯੋ।
ਹੱਥ ਹਥੌੜੀ ਲਕ ਜ਼ੰਜੀਰ। ਬੰਦਾ ਬੰਧਯੋ ਇਤ ਤਤਬੀਰ।
ਫੜ ਲਾਹੌਰ ਗਾਡੀ ਪੁਨ ਲਿਆਏ। ਸਿੱਖ ਗਧਿਓਂ ਪਰ ਔਰ ਚੜ੍ਹਾਏ।"

Sri Satguru Jagjit Singh Ji eLibrary NamdhariElibrary@gmail.com

ਲਗਾਇਆ ਕਿ ਉਹ ਸਿੱਖਾਂ ਦਾ ਇਹ ਜਥਾ ਦਿੱਲੀ ਵਿਚ ਲਿਜਾ ਕੇ ਫ਼ਰਖ਼ਸੀਅਰ ਨੂੰ ਪੇਸ਼ ਕਰੇ। ਜ਼ੱਕਰੀਆ ਖ਼ਾਨ ਨੇ ਇਹ ਮਹਿਸੂਸ ਕੀਤਾ ਕਿ ਫਰਖ਼ਸੀਅਰ ਵਰਗੇ ਸ਼ਾਹ ਨੂੰ ਭੇਟ ਕਰਨ ਲਈ ਸਿੱਖ ਥੋੜ੍ਹੇ ਹਨ। ਕੁਝ ਦਿਨਾਂ ਵਿਚ ਹੀ ਜ਼ੱਕਰੀਆ ਖ਼ਾਨ ਨੇ ੫੦੦ ਹੋਰ ਸਿੰਘ ਘੇਰ ਲਏ ਤੇ ਬੰਦੀ ਵਿਚ ਪਾ ਲਏ। ੨੦੦੦ ਦੇ ਕਰੀਬ ਸਿੰਘਾਂ ਦੇ ਸੀਸ ਉਸ ਨੇਜ਼ਿਆਂ ਉੱਤੇ ਟੰਗ ਲਏ। ਸੱਤ ਸੌ ਗੱਡੇ ਸਿਰਾਂ ਦੇ ਭਰ ਲਏ। ਇਹ ਸਾਰਾ ਕਾਫ਼ਲਾ ਤਿਆਰ ਕਰ ਕੇ ਜ਼ਕਰੀਆ ਖ਼ਾਨ ਦਿੱਲੀ ਵੱਲ ਟੁਰ ਪਿਆ। ਰਸਤੇ ਵਿਚ ਸਿੱਖਾਂ ਨੂੰ ਹਰ ਪ੍ਰਕਾਰ ਦੇ ਤਸੀਹੇ ਦਿੱਤੇ ਗਏ। ਜਦ ਇਹ ਕਾਫ਼ਲਾ ਸਰਹੰਦ ਪੁੱਜਾ ਤਾਂ ਸਰਹੰਦ ਦੇ ਵਸਨੀਕਾਂ ਤੇ ਲਾਗਲੇ ਪਿੰਡਾਂ ਵਾਲਿਆਂ ਨੇ ਆਪਣਾ ਪੁਰਾਣਾ ਗੁੱਸਾ ਕੱਢਣ ਲਈ ਪੱਥਰ ਮਾਰੇ, ਪਰ ਸਿੱਖ ਅਡੋਲ ਰਹੇ। ਕਿਸੇ ਦੇ ਚਿਹਰੇ 'ਤੇ ਮਾਯੂਸੀ ਨਾ ਦੇਖੀ ਗਈ। ਸਿੱਖ ਉੱਚੀ-ਉੱਚੀ ਆਵਾਜ਼ ਨਾਲ ਬਾਣੀ ਪੜ੍ਹਦੇ ਜਾ ਰਹੇ ਸਨ ਤੇ ਇਕ ਹੀ ਅਰਦਾਸ ਕਰ ਰਹੇ ਸਨ : ਸੱਚੇ ਪਾਤਸ਼ਾਹ, ਸਿਦਕ ਨ ਡੁਲਾਈਂ, ਮਲੇਛਾਂ ਦਾ ਨਾਸ ਕਰੀਂ ਤੇ ਸਿੱਖੀ ਕੇਸਾਂ ਸੁਆਸਾਂ ਨਾਲ ਨਿਬਹਾਈਂ।''[1]

*ਜਹਿ ਜਹਿਂ ਖਾਲਸੇ ਹੁਇ ਪਰਗਾਸ।*
*ਖਾਲਸੈ ਨਿਬਾਹੁ ਹੂੈਂ ਕੇਸੀਂ ਸਾਸ। ੧੯।*

ਜਦੋਂ ਕੋਈ ਕਹਿੰਦਾ ਹੈ ਕਿ ਸਾਡੇ ਘਰ ਤੁਸੀਂ ਲੁੱਟੇ, ਹੁਣ ਭੁਗਤੋ ਤਾਂ ਸਿੰਘ ਕਹਿੰਦੇ :

*"ਹਮ ਅਬ ਕਬ ਟਲੈਂ।"*

ਪਿੰਡੋਂ-ਪਿੰਡ, ਨਗਰ ਨਗਰ ਫੇਰਦੇ ਮੰਜ਼ਲਾਂ ਕਰਦੇ ਹੋਏ ਕਾਫ਼ਲਾ ੨੯ ਫਰਵਰੀ

---

1. ਜਿਸ ਜਿਸ ਨਗਰ ਸ਼ਹਿਰ ਸਿੰਘ ਜਾਵੈਂ।
ਊਚੋ ਸੁਰ ਗੁਰਬਾਣੀ ਗਾਵੈਂ।
'ਸਾਧੋ ਰਚਨਾ ਰਾਮ ਬਨਾਈ।
ਇਕ ਬਿਨਸੈ ਇਕ ਅਸਥਿਰ ਮਾਨੈ,
ਅਚਰਜ ਲਖਯੋ ਨ ਜਾਈ।
ਇਹ ਵੀ ਕਹਿ ਰਹੇ ਸਨ :
ਸਾਧੋ ਯਹ ਮੁਰਦਨ ਕੋ ਗਾਊਂ।
ਯਾ ਜਗ ਮੈਂ ਕੋਊ ਰਹਿਨ ਨ ਪਾਊਂ। ੧੭।
ਸਿਦਕ ਸਬੂਰੀ ਜਿਸ ਪੈ ਰਹੀ।
ਸਚ ਮਜੂਰੀ ਤਿਸੈ ਕਮਈ।
... .... ...
ਇਤਿਆਦਿਕ ਓਹੁ ਸ਼ਬਦ ਅਲਾਵੈ।
ਕਹੈਂ ਸਿਦਕ ਰਹਿ, ਤਨ ਚਹਿ ਜਾਵੈ।
ਯੋਂ ਕਹਿ ਕੈ ਕਰਹੇ ਅਰਦਾਸ।
ਗੁਰੂ ਕਰੇ ਤੁਰਕਨ ਕਾ ਨਾਸ।
ਗੁਰੂ ਖਾਲਸਾ ਬਹੁੰ ਪ੍ਰਕਾਸੈਂ।
ਸਿਦਕ ਨਿਭੈ ਸੰਗ ਕੇਸਨ ਸਵਾਸੈਂ।
ਯਹ ਸੁਨ ਤੁਰਕ ਗਾਰ (ਗਾਲੀ) ਜੋ ਦੇਹੈਂ,
ਅਗ਼ਯੋਂ ਸਿੰਘ ਪਚਾਸ ਸੁਨੈਹੈਂ। (ਪ੍ਰਾਚੀਨ ਪੰਥ ਪ੍ਰਕਾਸ਼)

Sri Satguru Jagjit Singh Ji eLibrary NamdhariElibrary@gmail.com

੧੭੧੬ ਨੂੰ ਦਿੱਲੀ ਪੁੱਜਾ। ਜਲੂਸ ਦੇ ਪਹੁੰਚਣ ਦਾ ਐਲਾਨ ਦਿੱਲੀ ਪਹਿਲਾਂ ਹੀ ਕੀਤਾ ਹੋਇਆ ਸੀ। ਢੰਡੋਰਾ ਵੀ ਦਿੱਤਾ ਗਿਆ ਸੀ। ਸਾਰਾ ਸ਼ਹਿਰ ਆਉਣ ਵਾਲੇ ਜਲੂਸ ਦੀ ਉਡੀਕ ਕਰ ਰਿਹਾ ਸੀ। ਆਗਰਾਬਾਦ ਤੋਂ ਲੈ ਕੇ ਲਾਹੌਰੀ ਗੇਟ ਤਕ ਮੀਲਾਂ ਦੀ ਵਾਟ ਲੋਕਾਂ ਨਾਲ ਭਰੀ ਹੋਈ ਸੀ। ਇਤਨੀ ਭੀੜ ਸ਼ਾਇਦ ਹੀ ਦਿੱਲੀ ਦੀ ਤਵਾਰੀਖ਼ ਵਿਚ ਉਸ ਤੋਂ ਪਹਿਲਾਂ ਦੇਖੀ ਗਈ ਹੋਵੇ। ਜ਼ਕਰੀਆ ਖ਼ਾਨ ਨੇ ਦਰਸ਼ਕਾਂ ਉੱਤੇ ਹੋਰ ਪ੍ਰਭਾਵ ਪਾਉਣ ਤੇ ਭੈਭੀਤ ਕਰਨ ਲਈ ਜਲੂਸ ਨੂੰ ਐਸੀ ਤਰਤੀਬ ਦਿੱਤੀ, ਜਿਸ ਨਾਲ ਹੋਰਨਾਂ ਨੂੰ ਸਬਕ ਮਿਲੇ। ਜਲੂਸ ਵਿਚ ਸ਼ਾਮਲ ਸਿੰਘਾਂ ਨੂੰ ਮਜ਼ਾਕ ਦਾ ਮਜ਼ਮੂਨ ਬਣਾਉਣ ਲਈ ਸ਼ਿੰਗਾਰਿਆ।

ਸਭ ਤੋਂ ਅੱਗੇ ੨੦੦੦ ਸਿੰਘਾਂ ਦੇ ਸੀਸ ਨੇਜ਼ਿਆਂ ਤੇ ਟੰਗੇ ਹੋਏ ਸਨ। ਹਰ ਇਕ ਨੇਜ਼ੇ ਨੂੰ ਇਕ-ਇਕ ਸਿਪਾਹੀ ਨੇ ਚੁੱਕਿਆ ਹੋਇਆ ਸੀ। ਇਨ੍ਹਾਂ ਸੀਸਾਂ ਦੇ ਪਿੱਛੇ ਇਕ ਮੋਈ ਹੋਈ ਬਿੱਲੀ ਵੀ ਬਾਂਸ ਉੱਤੇ ਟੰਗੀ ਹੋਈ ਸੀ ਜੋ ਇਸ ਗੱਲ ਦਾ ਪ੍ਰਗਟਾਵਾ ਸੀ ਕਿ ਸਿੱਖਾਂ ਦੀ ਗੜ੍ਹੀ ਵਿਚ ਬਿੱਲੀ ਤਕ ਖ਼ਤਮ ਕਰ ਦਿੱਤੀ ਗਈ ਹੈ। ਉਸ ਪਿੱਛੇ ਸਿੰਘਾਂ ਦੇ ਸਿਰਾਂ ਦੇ ਭਰੇ ਹੋਏ ਗੱਡੇ ਸਨ, ਜਿਨ੍ਹਾਂ ਦੀ ਗਿਣਤੀ ਸਤ ਸੌ ਦੇ ਕਰੀਬ ਸੀ। ਉਸ ਉਪਰੰਤ ਇਕ ਹਾਥੀ ਝੂਮਦਾ ਆ ਰਿਹਾ ਸੀ। ਹਾਥੀ ਦੀ ਪਿੱਠ ਉੱਤੇ ਹੁੱਦੇ ਦੀ ਥਾਂ ਪਿੰਜਰਾ ਤੇ ਪਿੰਜਰੇ ਵਿਚ ਬਾਬਾ ਬੰਦਾ ਸਿੰਘ ਬਹਾਦਰ।

ਬਾਬਾ ਜੀ ਨੂੰ ਚਾਰੇ ਪਾਸਿਆਂ ਤੋਂ ਜਕੜਿਆ ਹੋਇਆ ਸੀ। ਬੰਦਾ ਸਿੰਘ ਦੀ ਸ਼ਕਲ ਵਿਗਾੜੀ ਹੋਈ ਸੀ। ਨੋਕਦਾਰ ਟੋਪੀ-ਨੁਮਾ ਤਿੱਲੇ ਕੱਢੀ ਲਾਲ ਪਗੜੀ ਸਿਰ ਉੱਤੇ ਰੱਖੀ ਹੋਈ ਸੀ। ਉਸ ਪਗੜੀ ਨੂੰ ਕਈ ਢੰਗਾਂ ਤੇ ਰੰਗਾਂ ਨਾਲ ਸਜਾਇਆ ਹੋਇਆ ਸੀ। ਅਨਾਰਾਂ ਦੇ ਫੁੱਲਾਂ ਨਾਲ ਭਰੀ ਗੂੜ੍ਹੀ ਲਾਲ ਖੱਦਰ ਦੀ ਪੋਸ਼ਾਕ ਪੁਆਈ ਹੋਈ ਸੀ ਤਾਂ ਕਿ ਦੇਖਣ ਵਾਲਾ ਚੰਗੀ ਤਰ੍ਹਾਂ ਬਾਬਾ ਬੰਦਾ ਸਿੰਘ ਦੀ ਬੇਬਸੀ ਉੱਤੇ ਹੱਸ ਤੇ ਮਜ਼ਾਕ ਉਡਾ ਸਕੇ। ਪਿੰਜਰੇ ਪਿੱਛੇ ਹਿਫ਼ਾਜਤ ਲਈ ਇਕ ਤੂਰਾਨੀ ਅਫ਼ਸਰ ਮੁਹੰਮਦ ਅਮੀਨ ਖ਼ਾਨ ਨੰਗੀ ਤਲਵਾਰ ਲਈ ਖੜ੍ਹਾ ਸੀ। ਉਸ ਝਾਕੀ ਬਾਅਦ ਬਾਕੀ ਸੱਤ ਸੌ ਚਾਲੀ ਸਿੰਘ ਊਠਾਂ ਉੱਤੇ ਬੱਧੇ ਆ ਰਹੇ ਸਨ। ਉਨ੍ਹਾਂ ਸਿੰਘਾਂ ਦਾ ਇਕ-ਇਕ ਹੱਥ ਜਕੜਿਆ ਹੋਇਆ ਸੀ। ਸਿੱਖਾਂ ਦੇ ਸਿਰਾਂ ਉੱਤੇ ਕਾਗ਼ਜ਼ਾਂ ਦੀਆਂ ਭੇਡਾਂ ਦੀ ਖੱਲ ਦੀਆਂ ਬਣੀਆਂ ਨੋਕਦਾਰ ਟੋਪੀਆਂ ਪਾਈਆਂ ਹੋਈਆਂ ਸਨ ਅਤੇ ਮੂੰਹ ਕਾਲੇ ਕੀਤੇ ਹੋਏ ਸਨ। ਇਸ ਤਰਤੀਬ ਨਾਲ ਇਹ ਜਲੂਸ ਚਲ ਰਿਹਾ ਸੀ। ਉਸ ਅਨੋਖੇ ਜਲੂਸ ਨੂੰ ਦਿੱਲੀ ਸ਼ਹਿਰ ਦੀਆਂ ਸਾਰੀਆਂ ਵੱਡੀਆਂ ਗਲੀਆਂ ਤੇ ਬਾਜ਼ਾਰਾਂ ਵਿਚ ਫਿਰਾਇਆ ਗਿਆ, ਤਾਂ ਕਿ ਕੁਝ ਲੋਕੀਂ ਇਬਰਤ ਲੈ ਸਕਣ ਤੇ ਬਾਕੀ ਮਜ਼ਾਕ ਉਡਾ ਸਕਣ[1]।

ਸਾਰਾ ਸ਼ਹਿਰ ਫਿਰਾ ਕੇ ਉਹ ਜਲੂਸ ਲਾਲ ਕਿਲ੍ਹੇ ਕੋਲ ਲਿਆ ਕੇ ਖ਼ਤਮ ਕੀਤਾ ਗਿਆ।

---

1. ਗਿਆਨੀ ਗਿਆਨ ਸਿੰਘ ਲਿਖਦੇ ਹਨ :
"ਔਰ ਸਿੰਘਨ ਕੋ ਕੈਦ ਰਖਾਯੋ।
ਫਿਰ ਮੁਖ ਕਾਲੇ ਤਿਨੈ ਕਰੈ ਕੈ।
ਟੋਪ ਕਾਗਜ਼ੌਂ ਕੇ ਸਿਰ ਦੈ ਕੈ।
ਊਠ ਉਲਾਨਿਓਂ ਉਪਰ ਚਾੜ੍ਹੈ ਕੈ।
ਸਾਰੇ ਦਿੱਲੀ ਸ਼ਹਿਰ ਫਿਰੈ ਕੈ।"

Sri Satguru Jagjit Singh Ji eLibrary NamdhariElibrary@gmail.com

ਮਿਰਜ਼ਾ ਮੁਹੰਮਦ ਹਰੀਸੀ, ਅੱਖੀਂ ਡਿੱਠੇ ਹਾਲਾਤ 'ਇਬਰਤ ਨਾਮਾ' ਪੁਸਤਕ ਵਿਚ ਲਿਖਦਾ ਹੈ, ਉਹ ਕਹਿੰਦਾ ਹੈ, ''ਜਲੂਸ (ਲੋਕਾਂ ਲਈ) ਇਕ ਅਜਬ ਤਮਾਸ਼ਾ ਸੀ। ਬਾਜ਼ਾਰਾਂ ਤੇ ਗਲੀਆਂ ਵਿਚ ਉਸ ਜਲੂਸ ਨੂੰ ਦੇਖਣ ਲਈ ਭੀੜ ਟੁੱਟ ਪਈ। ਮੁਸਲਮਾਨ ਸਿੱਖਾਂ ਦੀ ਇਸ ਦੁਰਦਸ਼ਾ ਨੂੰ ਦੇਖ ਖਿੱਲੀਆਂ ਮਚਾ ਰਹੇ ਸਨ, ਪਰ ਉਹਨਾਂ ਬਦਨਸੀਬ ਸਿੱਖਾਂ ਨੂੰ ਹਰ ਕੋਈ ਸਬਰ ਤੇ ਸੰਤੋਖ ਵਿਚ ਦੇਖ ਸਕਦਾ ਸੀ। ਉਹ ਪ੍ਰਸੰਨ ਚਿੱਤ ਸਨ। ਉਨ੍ਹਾਂ ਦੇ ਚਿਹਰਿਆਂ ਉੱਤੇ ਰੰਚਕ ਮਾਤਰ ਵੀ ਘਬਰਾਹਟ ਜਾਂ ਢਹਿੰਦੀ ਕਲਾ ਨਹੀਂ ਦਿੱਸਦੀ ਸੀ। ਸੱਚੀ ਗੱਲ ਤਾਂ ਇਹ ਹੈ ਕਿ ਜਦ ਊਠਾਂ ਨਾਲ ਜਕੜੇ ਸਿੰਘ ਗੁਜ਼ਰ ਰਹੇ ਸਨ ਤਾਂ ਉਹ ਹਰ ਇਕ ਨੂੰ ਖ਼ੁਸ਼ ਤੇ ਚੜ੍ਹਦੀ ਕਲਾ ਵਿਚ ਦਿੱਸਦੇ ਸਨ ਅਤੇ ਝੂਮ-ਝੂਮ ਕੇ ਸ਼ਬਦ ਪੜ੍ਹ ਰਹੇ ਸਨ। ਜੇ ਕੋਈ ਕਹਿੰਦਾ ਕਿ ਇਹ ਸਜ਼ਾ ਉਨ੍ਹਾਂ ਨੂੰ ਆਪਣੀਆਂ ਕਰਤੂਤਾਂ ਕਾਰਨ ਮਿਲ ਰਹੀ ਹੈ ਤਾਂ ਉਹ ਝੱਟ ਜੁਆਬ ਦਿੰਦੇ : ''ਨਹੀਂ ਇਹ ਮਾਲਕ ਦਾ ਹੁਕਮ ਹੈ ਅਤੇ ਇਹ ਸਭ ਕੁਝ ਉਸ ਦੇ ਭਾਣੇ ਵਿਚ ਹੋ ਰਿਹਾ ਹੈ, ਕਿਸੇ ਦੀ ਕੀ ਮਜਾਲ ਹੈ ?'' ਜੇ ਕੋਈ ਇਹ ਆਖਦਾ ਕਿ ਤੁਸੀਂ ਕਤਲ ਕੀਤੇ ਜਾਉਗੇ ਤਾਂ ਸਾਰੇ ਯਕ ਜ਼ਬਾਨ ਬੋਲ ਉੱਠਦੇ : ''ਕਰੋ ਕਤਲ, ਮੌਤ ਤੋਂ ਕੌਣ ਡਰਦਾ ਹੈ। ਜੇ ਡਰਦੇ ਹੁੰਦੇ ਤਾਂ ਤੁਹਾਡੇ ਨਾਲ ਆ ਕੇ ਕਿਉਂ ਲੜਦੇ। ਸਾਨੂੰ ਤਾਂ ਕੇਵਲ ਭੁੱਖ ਤੇ ਖਾਣੇ ਦਾਣੇ ਦੀ ਥੁੜ੍ਹ ਨੇ ਤੁਹਾਡੇ ਹੱਥ ਫਸਾ ਦਿੱਤਾ ਹੈ, ਨਹੀਂ ਤਾਂ ਸਾਡੀ ਬਹਾਦਰੀ ਦੇ ਕਾਰਨਾਮੇ ਤੁਹਾਨੂੰ ਪਤਾ ਹੀ ਹਨ।'' ਇਸੇ ਤਰ੍ਹਾਂ ਜਦ ਸੱਯਦ ਮੁਹੰਮਦ ਨੇ ਇਕ ਸਿੱਖ ਵੱਲ ਇਸ਼ਾਰਾ ਕਰ ਕੇ ਪੁੱਛਿਆ ਕਿ ਕਿਸ ਗੁਸਤਾਖ਼ੀ ਤੇ ਸ਼ੋਖ਼ੀ ਕਾਰਨ ਇਹ ਸਜ਼ਾ ਮਿਲ ਰਹੀ ਹੈ ? ਤਾਂ ਉਸ ਨੇ ਪਹਿਲਾਂ ਅਧਜੱਕੜੇ ਹੱਥ ਦੀ ਉਂਗਲ ਨੂੰ ਮੱਥੇ 'ਤੇ ਲਗਾਇਆ ਅਤੇ ਫਿਰ ਉਸ ਉਂਗਲ ਨੂੰ ਅਸਮਾਨ ਵੱਲ ਕਰਕੇ ਨਸੀਬ ਤੇ ਕਿਸਮਤ ਦੀ ਗੱਲ ਦੁਹਰਾਈ। ਉਸ ਦਾ ਅੰਦਾਜ਼ ਵੇਖਣ ਵਾਲਾ ਸੀ। ਕਾਮਵਰ ਖ਼ਾਨ ਵੀ ਇਹ ਕਹਿੰਦਾ ਹੈ ਕਿ ਸ਼ਾਂਤ ਚਿੱਤ, ਖਿੜੇ ਮੱਥੇ, ਬਗ਼ੈਰ ਉਦਾਸੀ ਜਾਂ ਹੀਣੇ-ਪਣ ਦੇ ਉਹ ਤੁਰੀ ਜਾ ਰਹੇ ਸਨ ਤੇ ਇੰਜ ਪਿਆ ਲੱਗਦਾ ਸੀ ਕਿ ਉਹ ਸ਼ਹੀਦਾਂ ਦੀ ਮੌਤ ਮਰਨ ਲਈ ਇੱਛਾਵਾਨ ਹਨ। ਉਸ ਜਲੂਸ ਵਿਚ ਸ਼ਾਮਲ ਹੋਣ ਵਾਲਿਆਂ ਦੀ ਚੜ੍ਹਦੀ ਕਲਾ ਆਪਣੀ ਮਿਸਾਲ ਆਪ ਹੀ ਸੀ।

ਲਾਲ ਕਿਲ੍ਹੇ ਪੁੱਜਣ ਉਪਰੰਤ ਬਾਬਾ ਬੰਦਾ ਸਿੰਘ, ਬਾਬਾ ਬਾਜ ਸਿੰਘ, ਭਾਈ ਫ਼ਤਿਹ ਸਿੰਘ ਤੇ ਦੂਜੇ ਆਗੂ ਸਰਦਾਰਾਂ ਨੂੰ ਮੀਰ ਆਤਸ਼ ਇਬਰਾਹੀਮ-ਉਦ-ਦੀਨ ਖ਼ਾਨ ਦੀ ਨਿਗਰਾਨੀ ਵਿਚ ਤ੍ਰਿਪੋਲੀਆਂ ਭੇਜ ਦਿੱਤਾ ਗਿਆ ਅਤੇ ਬਾਕੀ ਸਿੰਘਾਂ ਨੂੰ ਸ਼ਹਿਰ ਦੇ ਕੋਤਵਾਲ ਸਰਬਰਾਹ ਖ਼ਾਨ ਦੇ ਹਵਾਲੇ ਕਰ ਦਿੱਤਾ ਗਿਆ।

**ਦਿੱਲੀ ਵਿਚ ਸਿੱਖਾਂ ਦੀ ਸੂਰਮਗਤੀ ਦੀਆਂ ਅਦਭੁੱਤ ਸਾਖੀਆਂ** : ਚਾਰ ਦਿਨਾਂ ਪਿੱਛੋਂ, ੫ ਮਾਰਚ, ੧੭੧੬ ਨੂੰ ਸਿੱਖਾਂ ਨੂੰ ਸ਼ਹੀਦ ਕਰਨਾ ਅਰੰਭ ਕੀਤਾ ਗਿਆ। ਸਰਬਰਾਹ ਖ਼ਾਨ ਕੋਤਵਾਲ ਨੂੰ ਸਾਰਾ ਕੰਮ ਸੌਂਪਿਆ ਗਿਆ। ਕੋਤਵਾਲੀ ਦੇ ਚਬੂਤਰੇ ਦੇ ਸਾਹਮਣੇ ਸ਼ਹੀਦ ਕਰਨ ਲਈ ਮੈਦਾਨ ਬਣਾਇਆ ਗਿਆ। ਸਰਬਰਾਹ ਖ਼ਾਨ ਆਪ ਨਿਗਰਾਨੀ ਕਰ ਰਿਹਾ ਸੀ। ਸ਼ਹਾਦਤਾਂ ਦਾ ਸਿਲਸਿਲਾ ਸ਼ੁਰੂ ਹੋ ਗਿਆ। ਮਨਸੂਬਾ ਇਹ ਸੀ ਕਿ ਰੋਜ਼ ੧੦੦ ਸਿੱਖ ਸ਼ਹੀਦ ਕੀਤੇ ਜਾਣ ਤਾਂਕਿ ਬਾਕੀਆਂ ਨੂੰ ਇਬਰਤ ਹੋ ਸਕੇ। ਕੈਦੀ ਸਿੱਖਾਂ ਵਿਚੋਂ ਇਕ ਸੌ ਸਿੱਖਾਂ ਨੂੰ ਕੋਤਵਾਲੀ ਵਿਚੋਂ ਕੱਢ ਕੇ ਮੈਦਾਨ ਵਿਚ ਲਿਆਂਦਾ ਗਿਆ। ਜੋ ਅਨੰਦ, ਚਾਅ,

Sri Satguru Jagjit Singh Ji eLibrary NamdhariElibrary@gmail.com

ਖੇੜਾ, ਜਵਾਂ-ਮਰਦੀ, ਹੌਸਲਾ, ਹਿੰਮਤ ਤੇ ਚੜ੍ਹਦੀ ਕਲਾ ਸਿੱਖਾਂ ਵਿਚ ਸੀ, ਉਸ ਦੀ ਗਵਾਹੀ ਕਈ ਇਤਿਹਾਸਕਾਰਾਂ ਭਰੀ ਹੈ। ਇਰਵਨ, ਖਾਫ਼ੀ ਖ਼ਾਨ ਖ਼ਾਸ ਤੌਰ 'ਤੇ ਵਰਨਣ ਕਰਦੇ ਹਨ। ਸਿੱਖ ਜਿਸ ਤਰ੍ਹਾਂ ਮੌਤ ਨਾਲ ਮਜ਼ਾਕ ਕਰ ਰਹੇ ਸਨ, ਉਹ ਸਮਕਾਲੀ ਇਤਿਹਾਸਕਾਰਾਂ ਲਈ ਹੈਰਾਨੀ ਪ੍ਰਗਟਾਉਣ ਲਈ ਕਾਫ਼ੀ ਹੈ। ਖਿੜੇ ਮੱਥੇ, ਵਾਹਿਗੁਰੂ, ਵਾਹਿਗੁਰੂ ਦੇ ਨਾਮ ਦਾ ਜਾਪ ਕਰਦੇ ਹਜ਼ਾਰਾਂ ਦੇ ਇਕੱਠ ਸਾਹਮਣੇ ਸਿੱਖ ਕੁਰਬਾਨੀ ਲਈ ਆਪਣੇ ਆਪ ਨੂੰ ਭੇਟ ਕਰ ਰਹੇ ਸਨ। ਉਸ ਵਕਤ ਦੇ ਬੋਲੇ ਸਿੱਖਾਂ ਦੇ ਬਚਨ ਇਤਿਹਾਸ ਵਿਚ ਨਾ ਮਿਟਣ ਵਾਲੀਆਂ ਸਾਖੀਆਂ ਬਣ ਗਈਆਂ ਹਨ। ਸ਼ਹੀਦ ਹੋਣ ਸਮੇਂ ਇਕ ਦੂਜੇ ਨਾਲੋਂ ਪਹਿਲ ਲੈਣ ਲਈ ਜੋ ਉਤਸ਼ਾਹ ਦਿਖਾਂਦੇ ਸਿੱਖ ਲੜ ਰਹੇ ਸਨ, ਉਸ ਦਾ ਵਰਨਣ ਇਰਵਨ ਤੇ ਖਾਫ਼ੀ ਖ਼ਾਨ ਨੇ ਕੀਤਾ ਹੈ। ਸਿਆਰਉਲ ਮੁਤਾਖਰੀਨ ਦਾ ਲਿਖਾਰੀ ਗ਼ੁਲਾਮ ਹੁਸੈਨ ਲਿਖਦਾ ਹੈ, "ਪਰ ਸਾਰਿਆਂ ਤੋਂ ਵੱਧ ਵਰਨਣ ਵਾਲੀ ਗੱਲ ਹੈ ਸਿੱਖਾਂ ਦੀ ਸ਼ਹਾਦਤ ਸਮੇਂ ਅਟਲਤਾ ਤੇ ਅਡੋਲਤਾ। ਪਰ ਇਸ ਤੋਂ ਵੀ ਵੱਧ ਗੱਲ ਇਹ ਕਿ ਸਿੱਖ ਸ਼ਹਾਦਤ ਲੈਣ ਲਈ ਇਕ ਦੂਜੇ ਨਾਲ ਲੜਦੇ ਸਨ ਤੇ ਜੱਲਾਦ ਨਾਲ ਮਜ਼ਾਕਾਂ ਕਰਦੇ ਸਨ। *ਉਹ ਤਰਲੇ ਜ਼ਰੂਰ ਕਰਦੇ ਸਨ, ਪਰ ਦੂਜੇ ਨਾਲੋਂ ਪਹਿਲਾਂ ਸ਼ਹਾਦਤ ਲੈਣ ਲਈ।" ਕਹਿੰਦੇ ਇਹ ਸਨ ਕਿ ਕੌਣ ਮੰਗਦਾ ਹੈ 'ਜਿਊਣਾ ਤੇ ਜ਼ਿੰਦਗੀ?' ਅੰਮ੍ਰਿਤ ਛਕਣ ਵੇਲੇ ਮੌਤ ਹੀ ਤਾਂ ਪ੍ਰਵਾਨ ਕੀਤੀ ਸੀ।*

ਸਰਮਨ ਤੇ ਸਟੀਫ਼ਨਸਨ ਲਿਖਦੇ ਹਨ ਕਿ ਅਖ਼ੀਰ ਦਮ ਤਕ ਇਹ ਕੋਈ ਨਹੀਂ ਕਹਿ ਸਕਦਾ ਕਿ ਕਿਸੇ ਇਕ ਨੇ ਵੀ ਆਪਣਾ ਇਹ ਨਵਾਂ ਧਾਰਨ ਕੀਤਾ ਧਰਮ ਤਿਆਗਿਆ ਹੋਵੇ। ਜੋ ਰਿਪੋਰਟ ਈਸਟ ਇੰਡੀਆ ਕੰਪਨੀ ਦੇ ਨੁਮਾਇੰਦਿਆਂ, ੧੦ ਮਾਰਚ, ੧੭੧੬ ਨੂੰ ਕਲਕੱਤਾ ਭੇਜੀ, ਉਸ ਵਿਚ ਵੀ ਲਿਖਿਆ ਕਿ ਸ਼ਹੀਦ ਹੋਣ ਵਾਲਿਆਂ ਦਾ ਸਬਰ ਸੰਤੋਖ ਦੇਖਣ ਵਾਲਾ ਸੀ। ਸਿੱਖ ਮੌਤ ਨਾਲ ਜਿਵੇਂ ਮਖ਼ੌਲ ਕਰਦੇ ਸਨ ਤੇ ਹੱਸਦਿਆਂ, ਅੱਠ-ਖੇਲੀਆਂ ਕਰਦੇ ਜੱਲਾਦਾਂ ਦੇ ਸਾਹਮਣੇ ਸਿਰ ਪੇਸ਼ ਕਰਦੇ ਸਨ ਤੇ ਉੱਚੀ-ਉੱਚੀ ਵਾਹਿਗੁਰੂ ਜੀ ਕੀ ਫ਼ਤਹਿ ਗਜਾਂਦੇ,ਉਸਨੂੰ ਦੇਖ ਕੇ ਸਾਰੇ ਦਰਸ਼ਕ ਵਾਹ-ਵਾਹ ਕਰ ਉੱਠਦੇ, ਉਥੇ ਇਹ ਕੋਈ ਨਹੀਂ ਸੀ ਕਹਿੰਦਾ ਕਿ ਮੈਨੂੰ ਛੱਡ ਦਿਓ, ਸਗੋਂ ਇਹ ਹੀ ਆਵਾਜ਼ ਸੁਣਾਈ ਦਿੰਦੀ ਸੀ ਕਿ 'ਉਹ ਨਿਜਾਤ ਦਹਿੰਦਾ (ਮੁਕਤੀ ਦਾਤਾ-ਡਿਲਿਵਰਰ) ਮੈਨੂੰ ਪਹਿਲਾਂ ਕਤਲ ਕਰੋ।' ਇਰਵਨ ਲਿਖਦਾ ਹੈ : "ਸਾਰੇ ਹੀ ਦਰਸ਼ਕ, ਕੀ ਮੁਸਲਮਾਨ, ਕੀ ਯੂਰਪੀਅਨ, ਸਿੱਖਾਂ ਦੇ ਉਸ ਅਦਭੁਤ ਧੀਰਜ ਤੇ ਦ੍ਰਿੜ੍ਹਤਾ ਦੀ ਪ੍ਰਸੰਸਾ ਕਰਨ ਵਿਚ ਇਕ ਜ਼ਬਾਨ ਹਨ, ਜਿਵੇਂ ਉਨ੍ਹਾਂ ਭਾਣੇ ਵਿਚ ਰਹਿ ਕੇ ਹੋਣੀ ਨੂੰ ਸਵੀਕਾਰ ਕੀਤਾ। ਦੇਖਣ ਵਾਲਾ ਉਨ੍ਹਾਂ ਦਾ ਆਪਣੇ ਆਗੂ ਪ੍ਰਤੀ ਸਨੇਹ ਦੇਖ ਹੈਰਾਨ ਹੀ ਹੋ ਜਾਂਦਾ ਸੀ।" ਉਨ੍ਹਾਂ ਨੂੰ ਮੌਤ ਦਾ ਰਤਾ ਭਰ ਵੀ ਭੈ ਨਹੀਂ ਸੀ। ਜੱਲਾਦ ਨੂੰ ਉਹ ਮੁਕਤੀ ਦਾਤਾ (ਨਿਜਾਤ ਦਹਿੰਦਾ) ਕਰ ਕੇ ਬੁਲਾਂਦੇ ਸਨ। ਅੱਠ ਦਿਨ[1] ਜਲਾਦਾਂ ਦੀ ਤਲਵਾਰ ਚਲਦੀ ਰਹੀ। ਸ਼ਹੀਦ ਹੋਏ ਸਿੱਖਾਂ ਦੀਆਂ ਲਾਸ਼ਾਂ ਤੇ ਸੀਸਾਂ ਦੇ ਢੇਰ ਸਾਰਾ ਦਿਨ ਪਏ ਰਹਿੰਦੇ। ਰਾਤ ਪਈ ਕਿਧਰੇ ਜਾ ਕੇ ਗੱਡੇ ਭਰ ਕੇ ਸ਼ਹਿਰੋਂ ਬਾਹਰ ਪਹੁੰਚਾਏ ਜਾਂਦੇ। ਮਿਰਜ਼ਾ ਮੁਹੰਮਦ ਹਰੀਸੀ ਜਦ ਤਮਾਸ਼ਾ-ਏ-ਕਤਲ ਦੇਖਣ ਲਈ ਕਤਲ ਦੇ ਦੂਜੇ ਦਿਨ ੬ ਮਾਰਚ, ੧੭੧੬ ਨੂੰ ਪੁੱਜਾ ਤਾਂ ਉਸ ਦਿਨ ਸੌ ਸਿੱਖ ਸ਼ਹਾਦਤ

1. ਜੁਮੇ ਵਾਲੇ ਦਿਨ ਸ਼ਹੀਦ ਨਾ ਕੀਤੇ ਗਏ। ਉਸ ਦਿਨ ਛੁੱਟੀ ਕੀਤੀ ਗਈ।

Sri Satguru Jagjit Singh Ji eLibrary NamdhariElibrary@gmail.com

ਦਾ ਜਾਮ ਪੀ ਚੁੱਕੇ ਸਨ ਤੇ ਉਨ੍ਹਾਂ ਦੀਆਂ ਲੋਥਾਂ ਖ਼ੂਨੋ-ਖ਼ੂਨ ਮਿੱਟੀ ਵਿਚ ਲੱਥ-ਪੱਥ ਪਈਆਂ ਸਨ। ਖਾਫ਼ੀ ਖ਼ਾਨ ਲਿਖਦਾ ਹੈ ਕਿ ਕਈਆਂ ਨੂੰ ਹੱਸ-ਹੱਸ ਸ਼ਹੀਦ ਹੋਣਾ ਤੇ ਖਿੜੇ ਮੱਥੇ ਕੁਰਬਾਨੀ ਦੇਣਾ ਅਤਿ ਕਥਨੀ ਲੱਗੇਗਾ, ਪਰ ਜਿਨ੍ਹਾਂ ਆਪਣੀ ਅੱਖੀਂ ਸਿੱਖਾਂ ਨੂੰ ਕੁਰਬਾਨ ਹੁੰਦੇ ਦੇਖਿਆ ਹੈ ਉਨ੍ਹਾਂ ਲਈ ਇਹ ਅਫ਼ਸਾਨਾ ਨਹੀਂ ਹਕੀਕਤ ਹੈ। ਆਪਣੇ ਪੱਖ ਨੂੰ ਪਰਗਟਾਉਣ ਲਈ ਖਾਫ਼ੀ ਖ਼ਾਨ ਨੇ ਇਕ ਘਟਨਾ ਲਿਖੀ ਹੈ ਜੋ ਸਿੱਖਾਂ ਦੀ ਦ੍ਰਿੜ੍ਹਤਾ ਦਰਸਾਉਣ ਲਈ ਇਕ ਅਖਾਣ ਬਣ ਗਈ ਹੈ। ਉਸ ਦਾ ਕਥਨ ਹੈ : ਸ਼ਹੀਦ ਹੋਣ ਵਾਲਿਆਂ ਵਿਚ ਇਕ ਚੜ੍ਹਦੀ ਜੁਆਨੀ ਦਾ ਨੌਜਵਾਨ ਸਿੱਖ ਸੀ। ਉਹ ਆਪਣੀ ਵਿਧਵਾ ਮਾਂ ਦਾ ਇਕੋ ਇਕ ਪੁੱਤਰ ਸੀ ਤੇ ਉਸ ਦਾ ਵਿਆਹ ਵੀ ਹੁਣੇ ਹੀ ਹੋਇਆ ਸੀ। ਉਸ ਦੀ ਕਲਾਈ ਉੱਤੇ ਗਾਨਾ (ਕੰਗਨੇ ਅਰੂਸੀ) ਉਸ ਸਮੇਂ ਵੀ ਦਿਖਾਈ ਦੇ ਰਿਹਾ ਸੀ, ਜੋ ਇਸ ਗੱਲ ਦਾ ਪ੍ਰਗਟਾਵਾ ਸੀ ਕਿ ਸ਼ਾਦੀ ਹੋਇਆਂ ਅਜੇ ਕੁਝ ਸਮਾਂ ਹੀ ਹੋਇਆ ਹੈ। ਉਹ ਮੁਗ਼ਲਾਂ ਦੀ ਫ਼ੌਜ ਦੇ ਹੱਥ ਆ ਗਿਆ। ਪੁੱਤਰ ਦੇ ਪਕੜੇ ਜਾਣ ਅਤੇ ਮੌਤ ਦੀ ਖ਼ਬਰ ਸੁਣ ਕੇ ਮਾਂ ਦਿੱਲੀ ਪੁੱਜੀ। ਵਜ਼ੀਰ ਦੇ ਦੀਵਾਨ ਰਤਨ ਚੰਦ ਦੀ ਸਿਫ਼ਾਰਸ਼ ਨਾਲ ਸੱਯਦ ਅਬਦੁੱਲਾ ਨੇ ਫ਼ਰੱਖ਼ਸੀਅਰ ਕੋਲੋਂ ਆਪਣੇ ਪੁੱਤਰ ਨੂੰ ਛੁਡਾਉਣ ਦਾ ਪਰਵਾਨਾ ਲੈ ਆਂਦਾ। ਜਿਵੇਂ ਦੀਵਾਨ ਰਤਨ ਚੰਦ ਨੇ ਪੜ੍ਹਾਇਆ, ਉਸ ਫ਼ਰਖਸੀਅਰ ਨੂੰ ਜਾ ਕੇ ਆਖਿਆ ਕਿ ਉਸ ਦਾ ਪੁੱਤਰ ਸਿੱਖਾਂ ਨੇ ਵਰਗਲਾ ਕੇ ਨਾਲ ਮਿਲਾ ਲਿਆ ਹੈ। ਮੇਰਾ ਪੁੱਤਰ ਸਿੱਖਾਂ ਦੇ ਹੱਥ ਚੜ੍ਹਿਆ ਹੋਇਆ ਹੈ। ਮਾਂ ਸੱਯਦ ਉਬਦੁੱਲਾ, ਵਜ਼ੀਰ-ਆਜ਼ਿਮ ਕੋਲੋਂ ਰਤਨ ਚੰਦ ਦੀਵਾਨ ਰਾਹੀਂ ਫ਼ਰਖ਼ਸੀਅਰ ਦਾ ਪਰਵਾਨਾ ਲੈ ਕੇ ਐਨ ਉਸ ਸਮੇਂ ਹੀ ਪੁੱਜੀ ਜਦ ਜਲਾਦ ਇਬਰਾਹੀਮ ਨੰਗੀ ਖ਼ੂਨ ਭਰੀ ਤਲਵਾਰ ਨਾਲ ਉਸ ਨੌਜਵਾਨ ਦਾ ਸਿਰ ਵੱਢਣ ਵਾਲਾ ਸੀ। ਮਾਂ ਨੇ ਕੋਤਵਾਲ ਨੂੰ ਪਰਵਾਨਾ ਦਿੱਤਾ ਤੇ ਕੋਤਵਾਲ ਨੇ ਪਰਵਾਨਾ ਪੜ੍ਹ ਕੇ ਉਸ ਨੌਜਵਾਨ ਨੂੰ ਛੱਡ ਦੇਣ ਦਾ ਹੁਕਮ ਦਿੱਤਾ। ਛੱਡੇ ਜਾਣਾ ਦੇਖ ਕੇ ਨੌਜਵਾਨ ਨੇ ਰੋਸ ਪ੍ਰਗਟ ਕੀਤਾ ਤੇ ਉੱਚੀ ਆਵਾਜ਼ ਨਾਲ ਚੀਕ ਕੇ ਕਿਹਾ : '*'ਮੇਰੀ ਮਾਂ ਝੂਠ ਬੋਲਦੀ ਹੈ, ਮੈਂ ਦਿਲੋਂ ਜਾਨ ਨਾਲ ਗੁਰੂ ਦਾ ਨਿਮਾਣਾ ਸੇਵਕ ਹਾਂ। ਮੈਨੂੰ ਜਲਦੀ ਹੀ ਆਪਣੇ ਸਾਥੀਆਂ ਕੋਲ ਪਹੁੰਚਾਓ।*[1] ਢਿੱਲ ਨਾ ਕਰੋ।'' ਉਹ ਮੁੜ-ਮੁੜ ਪੁਕਾਰੀ ਹੀ ਗਿਆ। ਮਾਂ ਦੇ ਰੋਣ ਤੇ ਤਰਲਿਆਂ ਦਾ ਉਸ ਉੱਤੇ ਰਤੀ ਭਰ ਵੀ ਅਸਰ ਨ ਹੋਇਆ। ਉਸ ਨੌਜਵਾਨ ਨੇ ਫ਼ੌਜਦਾਰ ਦੇ ਅਫ਼ਸਰਾਂ ਦੇ ਵੀ ਤਰਲੇ ਕੀਤੇ ਕਿ ਮੈਨੂੰ ਆਪਣੇ ਸਾਥੀਆਂ ਨਾਲੋਂ ਨਾ ਵਿਛੋੜਿਆ ਜਾਏ। ਸਾਰਿਆਂ ਨੇ ਉਸ ਸਮੇਂ ਦੰਦਾਂ ਥੱਲੇ ਉਂਗਲਾਂ ਦਬਾ ਲਈਆਂ ਜਦ ਭੱਜ ਕੇ ਉਹ ਨੌਜਵਾਨ ਆਪਣੇ ਸਾਥੀਆਂ ਵਿਚ ਜਾ ਮਿਲਿਆ ਤੇ ਜਲਾਦ ਅੱਗੇ ਜਾ ਕੇ ਅਡੋਲ ਹੀ ਸਿਰ ਝੁਕਾ ਦਿੱਤਾ। ਜਲਾਦ ਦੀ ਤਲਵਾਰ ਨੇ ਜਦ ਤਕ ਉਸ ਨੌਜਵਾਨ ਦਾ ਸਿਰ ਧੜ ਨਾਲੋਂ ਵੱਖ ਨਾ ਕੀਤਾ ਉਹ ਡਟਿਆ ਹੀ ਰਹਿਆ। ਜਲਾਦ ਨੇ ਦੋ ਟੁਕੜੇ ਕੀਤੇ ਤੇ ਉਸ ਦੀ ਪਵਿੱਤਰ ਲੋਥ ਵੀ ਬਾਕੀ ਸ਼ਹੀਦਾਂ ਦੀਆਂ ਲੋਥਾਂ ਵਿਚ ਜਾ ਡਿੱਗੀ। ∆

**ਉੱਚੇ ਆਚਰਣ ਤੇ ਦ੍ਰਿੜ੍ਹਤਾ ਦੀ ਇਕ ਹੋਰ ਝਾਕੀ :** ਫ਼ਰਖ਼ਸੀਅਰ ਨੇ ਜਦ ਇਹ ਅਤੇ ਹੋਰ ਘਟਨਾਵਾਂ ਬਾਰੇ ਸੁਣਿਆ ਤਾਂ ਆਪਣੇ ਵਜ਼ੀਰ ਅਮੀਨ ਨੂੰ ਬੁਲਾ ਕੇ ਪੁੱਛਿਆ ਕਿ

---

1. مادر دروغ میگوید من بصدق دل از معتقدان و فدایان
جان نثار مرشد خودم - مرا زود به رفیقان من برسانید

ਇਸ ਅਡੋਲਤਾ ਦਾ ਰਾਜ਼ ਕੀ ਹੈ ? ਵਜ਼ੀਰ ਨੇ ਅਮਲੀ ਤੌਰ ਤੇ ਜੁਆਬ ਦੇਣ ਲਈ ਇਕੱਠੇ ਸਿੰਘਾਂ ਵਿਚੋਂ ਚਾਰ ਸਿੱਖ ਗ੍ਰਿਫ਼ਤਾਰ ਕਰ ਕੇ ਬਾਕੀ ਕੈਦੀ ਸਿੱਖਾਂ ਨਾਲੋਂ ਵੱਖ ਕਰ ਦਿੱਤੇ। ਉਨ੍ਹਾਂ ਚਾਰਾਂ ਦੀ ਉਮਰ ਵੀ ਵੱਖ-ਵੱਖ ਸੀ। ਇਕ ਦੀ ਤਕਰੀਬਨ ੧੦ ਸਾਲ, ਦੂਜੇ ਦੀ ੧੭ ਸਾਲ, ਤੀਜੇ ਦੀ ਭਰ ਜੁਆਨੀ ਤੇ ਚੌਥੇ ਦੀ ਵਡੇਰੀ, ਕੋਈ ਸੱਠਾਂ ਦੇ ਕਰੀਬ। ਚਾਰੇ ਸਿੱਖ ਇਕ ਥਾਂ ਦੇ ਵੀ ਰਹਿਣ ਵਾਲੇ ਨਹੀਂ ਸਨ। ਦੋ ਦਿਨ ਚਾਰਾਂ ਨੂੰ ਭੁੱਖਿਆਂ ਰੱਖਿਆ ਗਿਆ ਤੇ ਦੋ ਦਿਨਾਂ ਬਾਅਦ ਦੋ ਰੋਟੀਆਂ ਚਾਰਾਂ ਅੱਗੇ ਸੁੱਟੀਆਂ ਗਈਆਂ। ਜੋ ਚਾਰਾਂ ਵਿਚ ਉਸ ਸਮੇਂ ਗੱਲ ਬਾਤ ਹੋਈ, ਅਮੀਨ ਤੇ ਫ਼ਰੱਖ਼ਸੀਅਰ ਨੇ ਸੁਣੀ। ਜਦ ਦੋ ਰੋਟੀਆਂ ਬਾਲਗ ਅੱਗੇ ਰੱਖੀਆਂ ਗਈਆਂ ਤਾਂ ਉਸ ਦੋਵੇਂ ਰੋਟੀਆਂ ਚੁੱਕ ਕੇ ਆਪਣੇ ੧੭ ਸਾਲ ਦੇ ਭਰਾ ਅੱਗੇ ਰੱਖ ਕੇ ਆਖਿਆ : ''ਭਰਾ ਜੀ ਤੁਸੀਂ ਖਾਓ, ਮੈਂ ਬੱਚਾ ਹਾਂ, ਟਾਕਰੇ ਜੋਗ ਨਹੀਂ।'' ਸਤਾਰਾਂ ਸਾਲ ਦੇ ਭਰਾ ਨੇ ਜਵਾਨ ਭਰਾ ਅੱਗੇ ਰੱਖ ਕੇ ਆਖਿਆ : ''ਵੀਰ ਜੀ, ਤੁਸੀਂ ਖਾਓ, ਮੈਂ ਦੁਨੀਆ ਦੇ ਵਲ ਛਲ ਨਹੀਂ ਜਾਣਦਾ, ਘੋੜ ਸਵਾਰ ਵੀ ਨਹੀਂ। ਤੁਹਾਡੀ ਪੰਥ ਨੂੰ ਬਹੁਤੀ ਲੋੜ ਹੈ।'' ਜਵਾਨ ਭਰਾ ਨੇ ਬਜ਼ੁਰਗ ਅੱਗੇ ਦੋ ਰੋਟੀਆਂ ਰੱਖਦੇ ਹੋਏ ਫ਼ਰਮਾਇਆ : ''ਪਿਤਾ ਜੀ, ਤੁਸੀਂ ਖਾਓ, ਮੈਂ ਜੁਆਨ ਹਾਂ, ਦੋ ਦਿਨ ਹੋਰ ਭੁੱਖਾ ਰਹਿ ਸਕਦਾ ਹਾਂ।'' ਬਜ਼ੁਰਗ ਨੇ ਰੋਟੀਆਂ ਫੇਰ ਬੱਚੇ ਅੱਗੇ ਰੱਖ ਕੇ ਫ਼ਰਮਾਇਆ : ''ਬੱਚਾ ਤੂੰ ਖਾ, ਮੈਂ ਆਪਣੀ ਜ਼ਿੰਦਗੀ ਭੋਗ ਚੁੱਕਾ ਹਾਂ, ਤੂੰ ਹੀ ਭਵਿੱਖ ਦੀ ਆਸ ਹੈਂ, ਤੂੰ ਖਾ।'' ਇਹ ਕੁਰਬਾਨੀ ਦਾ ਜਜ਼ਬਾ ਦੇਖ ਕੇ ਫ਼ਰਖ਼ਸੀਅਰ ਤੇ ਅਮੀਨ ਨੂੰ ਯਕੀਨ ਹੋ ਗਿਆ ਕਿ ਇਹ ਕੋਈ ਅਦੁੱਤੀ ਗੁਣਾਂ ਵਾਲੀ ਕੌਮ ਹੈ। ਇਸ ਤਰ੍ਹਾਂ ਕਈ ਹੋਰ ਵੀ ਸੂਰਮਗਤੀ ਦੀਆਂ ਵਾਰਦਾਤਾਂ ਹੋਈਆਂ, ਜੋ ਸਿੱਖ ਇਤਿਹਾਸਕਾਰਾਂ ਤੇ ਸਾਖੀਕਾਰਾਂ ਨੇ ਲਿਖੀਆਂ ਹਨ।

**ਬਾਬਾ ਬੰਦਾ ਸਿੰਘ : ਸੀਸ ਦਿੱਤਾ—ਧਰਮ ਰੱਖ ਲੀਤਾ :** ਬਾਬਾ ਬੰਦਾ ਸਿੰਘ ਜੀ ਨੂੰ ਆਪਣੇ ਸਤਾਰਾਂ ਸਾਥੀਆਂ ਸਮੇਤ ਜਥੇ ਨਾਲੋਂ ਵੱਖ ਕਰ ਕੇ ਲਾਲ ਕਿਲ੍ਹੇ ਦੇ ਕੈਦਖ਼ਾਨੇ ਵਿਚ ਬੰਦ ਕਰ ਦਿੱਤਾ ਗਿਆ। ਬਾਬਾ ਬੰਦਾ ਸਿੰਘ ਨੂੰ ਬਾਕੀ ਜਥੇ ਨਾਲੋਂ ਵੱਖ ਕਰਨ ਦੇ ਕਾਰਨ ਸਮਕਾਲੀ ਇਤਿਹਾਸਕਾਰ ਜਾਹਨ ਸੁਰਮੈਨ ਤੇ ਐਡਵਰਡ ਸਟੀਫ਼ਨਸਨ[1] ਲਿਖਦੇ ਹਨ। ਉਨ੍ਹਾਂ ਦਾ ਕਥਨ ਹੈ, ''ਕੁਝ ਸਮੇਂ ਲਈ ਉਸ (ਬੰਦਾ ਸਿੰਘ) ਅਤੇ ਉਸ ਦੇ ਸਾਥੀਆਂ (ਜੋ ਗਿਣਤੀ ਵਿਚ ਸਤਾਰਾਂ ਸਨ) ਦੀ ਮੌਤ ਅਗੇਰੇ ਪਾ ਦਿੱਤੀ ਗਈ ਹੈ। ਇਹ ਖ਼ਿਆਲ ਕੀਤਾ ਜਾਂਦਾ ਹੈ ਕਿ ਉਸ ਦੇ ਰਾਜ ਵਿਚ ਥਾਂ-ਥਾਂ ਖ਼ਜ਼ਾਨਾ ਦੱਬਿਆ ਹੋਇਆ ਹੈ। ਉਸ ਖ਼ਜ਼ਾਨੇ ਨੂੰ ਲੱਭਣ ਉਪਰੰਤ ਤੁਰੰਤ ਹੀ ਉਨ੍ਹਾਂ ਨੂੰ ਕਤਲ ਕੀਤਾ ਜਾਏਗਾ।'' ਸੋ ਹਰ ਪ੍ਰਕਾਰ ਦੀ ਕੋਸ਼ਿਸ਼ ਕੀਤੀ ਗਈ ਕਿ ਬਾਬਾ ਬੰਦਾ ਸਿੰਘ ਕੋਲੋਂ ਉਨ੍ਹਾਂ ਦੇ ਦੱਬੇ ਖ਼ਜ਼ਾਨੇ ਦਾ ਪਤਾ ਕੱਢਿਆ ਜਾਏ, ਪਰ ਕੋਈ ਸਫਲਤਾ ਨਾ ਹੁੰਦੀ ਦੇਖ ਆਖ਼ਿਰ ੯ ਜੂਨ ੧੭੧੬ ਨੂੰ ਐਤਵਾਰ ਵਾਲੇ ਦਿਹਾੜੇ ਬਾਬਾ ਬੰਦਾ ਸਿੰਘ, ਉਨ੍ਹਾਂ ਦੇ ਸਪੁੱਤਰ ਅਜੈ ਸਿੰਘ, ਉਨ੍ਹਾਂ ਦੇ ਸਾਥੀ ਜਥੇਦਾਰ ਬਾਜ ਸਿੰਘ, ਸਰਦਾਰ ਰਾਮ ਸਿੰਘ, ਫ਼ਤਿਹ ਸਿੰਘ, ਆਲੀ ਸਿੰਘ, ਗੁਲਾਬ ਸਿੰਘ ਬਖ਼ਸ਼ੀ ਤੇ ਬਾਕੀ ਸਾਥੀਆਂ ਸਮੇਤ, ਸਰਬਰਾਹ ਖ਼ਾਨ ਦੀ ਨਿਗਰਾਨੀ ਹੇਠਾਂ, ਕੈਦ ਵਿਚੋਂ ਕੱਢ ਕੇ ਫਿਰ ਇਕ ਵਾਰੀ ਬਾਜ਼ਾਰਾਂ ਵਿਚ ਫਿਰਾਇਆ। ''ਅਨੋਖੇ ਜਲੂਸ'' ਵਾਂਗੂੰ ਬਾਬਾ ਬੰਦਾ ਸਿੰਘ ਨੂੰ ਨੋਕਦਾਰ ਲਾਲ ਪਗੜੀ ਬੰਨ੍ਹ ਕੇ ਹਾਸੋਹੀਣੀ ਸ਼ਕਲ ਬਣਾ ਕੇ, ਹਾਥੀ ਉੱਤੇ ਬਿਠਾਇਆ ਗਿਆ।

1. Letter from Messers John Surman and Edward Stephenson.

Sri Satguru Jagjit Singh Ji eLibrary NamdhariElibrary@gmail.com

ਸਾਰੇ ਸ਼ਹਿਰ ਦਾ ਚੱਕਰ ਲੁਆ ਕੇ ਕੁਤਬ ਮੀਨਾਰ ਲਾਗੇ ਖ਼ਵਾਜਾ ਕੁਤਬਉੱਦੀਨ ਬਖ਼ਤਿਆਰ ਕਾਕੀ ਦੀ ਮਸਜਿਦ ਵਿਚ ਲਿਆ ਕੇ ਬਿਠਾਇਆ ਗਿਆ। ਉਥੇ ਬਹਾਦਰ ਸ਼ਾਹ ਦੀ ਕਬਰ ਦੁਆਲੇ ਇਸ 'ਜਲੂਸ' ਨੂੰ ਫਿਰਾਇਆ ਗਿਆ।

ਇਥੇ ਇਹ ਲਿਖ ਦੇਣਾ ਕੁਥਾਂ ਨਹੀਂ ਹੋਵੇਗਾ ਕਿ ਇਹ ਕਿਸੇ ਅਣਜਾਣ ਲਿਖਾਰੀ ਨੇ ਲਿਖਿਆ ਹੈ ਕਿ ਬਾਬਾ ਬੰਦਾ ਸਿੰਘ ਜੀ ਨੂੰ ਕੋਤਵਾਲੀ ਚਾਂਦਨੀ ਚੌਕ ਦੇ ਲਾਗੇ ਚਬੂਤਰੇ 'ਤੇ ਸ਼ਹੀਦ ਕੀਤਾ ਗਿਆ। ਸਭ ਪੁਰਾਤਨ ਗਵਾਹੀਆਂ ਇਹ ਹੀ ਕਹਿੰਦੀਆਂ ਹਨ ਕਿ ਸ਼ਹਾਦਤ ਖ਼ਵਾਜਾ ਕੁਤਬ ਦੀਨ ਬਖ਼ਤਿਆਰ ਕਾਕੀ ਦੀ ਦਰਗਾਹ, ਕੁਤਬ ਮੀਨਾਰ ਲਾਗੇ ਹੋਈ। ਕੁਝ ਕੁ ਅੱਖੀਂ ਡਿੱਠੀਆਂ ਸਾਖਾਂ :

ਅਖ਼ਬਾਰਾਤਿ ਦਰਬਾਰਿ ਮੁਅਲਾ ਵਿਚ ਦਰਜ ਹੈ : ਲਾਲ ਕਿਲ੍ਹੇ ਤੋਂ ਦਰਗਾਹ ਖ਼ਵਾਜਾ ਬਖ਼ਤਿਆਰ ਕਾਕੀ ਨੇੜੇ ਬਹਾਦਰ ਸ਼ਾਹ ਦੇ ਮਕਬਰੇ, ਜਿਸ ਨੂੰ ਖੁਲਦ-ਮੰਜ਼ਲ ਕਹਿੰਦੇ ਸਨ, ਲਿਆਂਦਾ ਅਤੇ ਉਥੇ ਉਸਦੀ ਜ਼ਬਾਨ, ਅੱਖਾਂ ਕੱਢਣ, ਖਲੜੀ ਨਾਲੋਂ ਹੱਡੀਆਂ ਦਾ ਮਾਸ ਉਤਾਰਨ ਅਤੇ ਉਸ ਦੇ ਬੇਟੇ ਨੂੰ ਕਤਲ ਕਰਨ ਦਾ ਹੁਕਮ ਦਿੱਤਾ ਗਿਆ ਹੈ।

بدرگاه خواجه قطب الدین متصل مقبره حضرت خلد منزل برده
زبان و چشمان او برآرند و پوست از گوشت برآرند و
استخوان جدا نمایند و پسرش را قتل نمایند.

ਅਗਲੇ ਦਿਨ ਦੀ ਡਾਇਰੀ ਲਿਖਦਿਆਂ ਫਿਰ ਉਸ ਨੇ ਲਿਖਿਆ ਕਿ ਇਹ ਕਾਰਾ ਕਰ ਦਿੱਤਾ ਗਿਆ ਹੈ ਅਤੇ ਇਹ ਕਾਰਾ :

*'ਦਰਗਾਹ ਖਵਾਜਾ ਕੁਤਬ ਮੁਤਸਿਲ,*
*ਆਬਿ ਸਬੀਲ ਖੋਜਾ ਫਤੂ ਨੇੜੇ ਹੋਆ।'*

ਇਬਰਤ ਨਾਮਾ ਦੇ ਲਿਖਾਰੀ ਮਿਰਜ਼ਾ ਮੁਹੰਮਦ ਹਰੀਸੀ ਦੇ ਵੀ ਇਹ ਹੀ ਸ਼ਬਦ ਹਨ :

*ਬ ਮਜ਼ਾਰ ਹਜ਼ਰਤਿ ਖ਼੍ਵਾਜਾ ਕੁਤਬ-ਉਦੀਨ,*
*ਬਖ਼ਤਿਆਰ ਕਾਕੀ ਕੁਦੱਸ ਅਲਾਹ ਸਰਾਅ-ਉਲਜ਼ੀਜ਼,*
*ਬੁਰਦੰਦ ਵ ਬਰ ਦੌਰ-ਇ-ਮਰਕਦਿ ਸ਼ਾਹ*
*ਆਲਮ ਬਹਾਦਰ ਸ਼ਾਹ ਮਰਹੂਮ ਗਰਦਾਂਦ।*

ਸ਼ਾਹਨਾਮਾ ਮੁਨਵਰ-ਉਲ-ਕਲਾਮ ਰਚਿਤ ਸ਼ਿਵ ਦਾਸ ਲਖਨਵੀ ਨੇ ਵੀ ਇਹ ਹੀ ਲਿਖਿਆ ਹੈ ਕਿ 'ਅੰਦਰੂਨ-ਇ-ਕਿਲ੍ਹਾ ਤੋਂ ਬਾਬਾ ਬੰਦਾ ਸਿੰਘ ਜੀ ਨੂੰ 'ਬੈਰੂਨ-ਇ-ਸ਼ਹਰ' ਲਿਆਂਦਾ ਗਿਆ। ਮੁਹੰਮਦ ਕਾਸਮ ਨੇ ਆਪਣੇ ਇਬਰਤਨਾਮਾ ਵਿਚ ਲਿਖਿਆ ਕਿ ਉਸ ਨੂੰ ਅਤੇ ਉਸਦੇ ਬੇਟੇ ਤੇ ਹੋਰ ਨੀਚ ਸਾਥੀਆਂ ਨੂੰ ਬਾਗ਼ੀਆਨਾ ਅਤੇ ਜੰਗੀ ਹਰਕਤਾਂ ਬਦਲੇ, ਜਿਨ੍ਹਾਂ ਕਾਰਨ ਜਗਤ ਨੂੰ ਦੁਖੀ ਕੀਤਾ ਸੀ, ਕਤਲ ਕਰਨ ਦਾ ਹੁਕਮ ਕਹਿ ਸੁਣਾਇਆ ਤੇ ਉਸ ਮੁਤਾਬਿਕ ਹੀ ਉਹ ਤੇ ਉਸ ਦੇ ਪੰਜ-ਸਾਲਾ ਬੇਟੇ ਨੂੰ 'ਨਜ਼ਦੀਕਿ ਦਰਗਾਹਿ ਆਸਮਾਨਿ

ਜਾਅ ਹਜ਼ਰਤ ਖ਼੍ਵਾਜਾ ਕੁਤਬ ਉਦੀਨ ਬਖਤਿਆਰ ਕਾਕੀ' ਸ਼ਹੀਦ ਕੀਤਾ ਗਿਆ।

ਮਿਰਾਤਿ ਵਾਰਦਾਤ ਦੇ ਲਿਖਾਰੀ ਮੁਹੰਮਦ ਸ਼ਫ਼ੀਅ ਨੇ ਵੀ ਇਹ ਹੀ ਲਿਖਿਆ ਕਿ ਯਕਦਮ ਇਕ ਦਿਨ ਹੁਕਮ ਸੁਲਤਾਨੀ ਮੁਤਾਬਿਕ ਮਰਦੂਦ ਸਿੱਖ ਆਗੂ ਨੂੰ ਕਿਲ੍ਹੇ ਤੋਂ ਬਾਹਰ ਲਿਆ ਕੇ, ਹਾਥੀ ਸਵਾਰ ਕਰ, ਸ਼ਹਿਰ ਦੇ ਗਲੀ ਕੂਚਿਆਂ ਵਿਚ ਫਿਰਾ ਕੇ, ਦਰਗਾਹਿ ਹਜ਼ਰਤ ਕੁਤਬ ਉਦੀਨ ਬਖ਼ਤਿਆਰ ਕਾਕੀ ਕੁਦੱਸ ਸ਼ਰਾਅ ਉਲ-ਅਜ਼ੀਜ਼ ਦਰ ਪਾਇ ਮੀਨਾਰ ਸ਼ਮਸੀ ਲਿਆਂਦਾ ਗਿਆ ਅਤੇ ਉਥੇ ਹੀ ਉਸਦੇ ਸਾਹਮਣੇ ਉਸ ਦੇ ਸਾਥੀ ਅਤੇ ਬੇਟਾ ਸ਼ਹੀਦ ਕੀਤੇ ਗਏ। ਬੇਟੇ ਨੂੰ ਕਤਲ ਕਰਨ ਪਿੱਛੋਂ ਬਾਬਾ ਜੀ ਦੀ ਜ਼ਬਾਨ ਵੀ ਖਿੱਚੀ ਗਈ ਤੇ ਬੰਦ-ਬੰਦ ਕੱਟ ਕੇ ਸ਼ਹੀਦ ਕੀਤਾ ਗਿਆ।

ਰਿਵਾਜ ਅਨੁਸਾਰ ''ਮੌਤ ਜਾਂ ਇਸਲਾਮ'' ਦੀ ਚੋਣ ਪੇਸ਼ ਕੀਤੀ। ਬਾਬਾ ਜੀ ਅਤੇ ਸਾਥੀਆਂ ਨੇ ਮੌਤ ਨੂੰ ਚੁਣਿਆ।

ਪ੍ਰਾਚੀਨ ਪੰਥ ਪ੍ਰਕਾਸ਼ ਤੇ ਬੰਸਾਵਲੀਨਾਮਾ ਨੇ ਲਿਖਿਆ ਹੈ ਕਿ 'ਬੰਦੇ ਨਾਲ ਜਵਾਬ ਸਵਾਲ, ਫ਼ਰਕਸੇਅਰ ਹੈ ਸੀ ਕੀਤਾ।'

ਸਵਾਲ ਇਹ ਸੀ ਕਿ ਤੈਨੂੰ ਕਿਸ ਮੌਤ ਮਾਰੀਏ ਤਾਂ ਬਾਬਾ ਜੀ ਦਾ ਉੱਤਰ ਸੀ ਕਿ 'ਜੇਹੀ ਤੂੰ ਆਪਣੇ ਲਈ ਲੋਚਦਾ ਹੈਂ; ਤੈਸੀ ਹੀ ਮੈਨੂੰ ਦੇਹਿ।'

*'ਜਿਮ ਤੈਂ ਮਰਨੋਂ ਉਮ ਮੋਇ ਮਰਵਾਯੋ।' ੪।*

ਇਸ ਦਾ ਇਕ ਹੋਰ ਵੀ ਸਿੱਟਾ ਨਿਕਲਦਾ ਹੈ, ਜਿਹੋ ਜਿਹੀ ਬਾਦਸ਼ਾਹਾਂ ਨੂੰ ਦਿੱਤੀ ਜਾਂਦੀ ਹੈ ਉਹੋ ਜਿਹੀ ਮੈਨੂੰ ਦੇਹ। ਕਿਤਨਾ ਸਾਹਸ ਸੀ ਮੌਤ ਸਾਹਮਣੇ ਦੇਖਕੇ ਵੀ। ਕੀ ਇਹ ਪੋਰਸ ਨਾਲੋਂ ਕਿਧਰੇ ਵੱਧ ਜੁਰਅੱਤ ਭਰੇ ਸ਼ਬਦ ਨਹੀਂ ਸਨ ਜੋ ਉਸ ਨੇ ਸਕੰਦਰ ਨੂੰ ਕਹੇ ਸਨ। ਉਸ ਦਾ ਪ੍ਰਚਾਰ ਤਾਂ ਹੋ ਗਿਆ, ਪਰ ਇਸ ਜੋਧੇ ਦੇ ਕਹੇ ਅਤੇ ਪੂਰੇ ਕੀਤੇ ਕਿਸੇ ਨੇ ਨਾ ਸੁਣਾਏ। ਇਹ ਵੀ ਯਾਦ ਰਹੇ ਕਿ ਫ਼ਰਖ਼ਸੀਅਰ ਨੂੰ ਵੀ ਅੰਨ੍ਹਾ ਕਰ ਤਸੀਹੇ ਦੇਹ ਕਤਲ ਕੀਤਾ ਗਿਆ ਸੀ।[1]

ਮੌਤ ਦੀ ਚੋਣ ਸੁਣ ਕੇ ਸਰਬਰਾਹ ਖ਼ਾਨ ਨੇ ਅਜੈ ਸਿੰਘ ਨੂੰ ਸਾਹਮਣੇ ਲਿਆਉਣ ਦਾ ਹੁਕਮ ਦਿੱਤਾ। ਬੰਦਾ ਸਿੰਘ ਨੂੰ ਹੁਕਮਨ ਕਿਹਾ ਗਿਆ ਕਿ ਉਹ ਆਪਣੀ ਤਲਵਾਰ ਨਾਲ ਆਪਣੇ ਹੀ ਚਾਰ ਸਾਲ ਦੇ ਪੁੱਤਰ ਅਜੈ ਸਿੰਘ ਦਾ ਸਿਰ ਉਤਾਰੇ। ਬੰਦਾ ਸਿੰਘ ਜੀ ਅਡੋਲ ਰਹੇ ਤੇ ਕੋਈ ਉੱਤਰ ਨਾ ਦਿੱਤਾ। ਗੁੱਸੇ ਵਿਚ ਭਰੇ ਪੀਤੇ ਜਲਾਦ ਨੇ ਬਾਬਾ ਜੀ ਦੇ ਸਾਹਮਣੇ ਹੀ ਅਜੈ ਸਿੰਘ ਦੇ ਦੋ ਟੁਕੜੇ ਕਰ ਦਿੱਤੇ। ਖੱਲੜੀ ਉਤਾਰ ਕੇ, ਛੁਰਾ ਘੋਪ ਕੇ, ਤੜਫਦਾ ਦਿਲ ਕੱਢਿਆ ਗਿਆ ਤੇ ਜ਼ਬਰਦਸਤੀ ਬੰਦੀ ਵਿਚ ਪਏ ਬਾਬਾ ਬੰਦਾ ਸਿੰਘ ਦਾ ਮੂੰਹ ਅੱਡ ਕੇ ਠੋਸਿਆ ਗਿਆ। ਬਾਬਾ ਬੰਦਾ ਸਿੰਘ ਪਹਾੜਾਂ ਵਾਂਗੂੰ ਅਹਿਲ, ਸਾਗਰਾਂ ਵਾਂਗੂੰ ਸ਼ਾਂਤ ਅਤੇ ਅਡੋਲ ਬੈਠੇ ਹੋਏ ਸਨ। ਇਹ ਦ੍ਰਿੜ੍ਹਤਾ, ਅਡੋਲਤਾ ਦੇਖ ਕੇ ਮੁਹੰਮਦ ਅਮੀਨ ਖ਼ਾਨ ਕੋਲੋਂ ਰਿਹਾ ਨਾ ਗਿਆ, ਉਸ ਨੇ ਹੀਆ ਕਰ ਕੇ ਪੁੱਛ ਹੀ ਲਿਆ ਕਿ ਜਦ ਤੁਸੀਂ ਇਤਨੀਆਂ ਸ਼ਕਤੀਆਂ ਦੇ ਮਾਲਕ ਤੇ ਗੰਭੀਰ ਹੋ, ਤੁਹਾਡੇ ਚਿਹਰੇ ਤੇ ਮੁਹਰੇ ਤੋਂ ਤੁਸੀਂ ਗਿਆਨਵਾਨ

---

1. ਬੰਦੇ ਬਚਨ ਸੁ ਬਿਧ ਬਣਿ ਆਈ। ਦੋਇਨ ਮੌਤ ਸੁ ਇਕ ਸਮ ਪਾਈ।
ਰਤਨ ਸਿੰਘ ਥੀ ਜਿਮ ਕੰਨ ਪਰੀ। ਲਿਖ ਕਾਗਤ ਮੈਂ ਤਿਮ ਗਲ ਧਰੀ। 10।

Sri Satguru Jagjit Singh Ji eLibrary NamdhariElibrary@gmail.com

ਪ੍ਰਤੀਤ ਹੁੰਦੇ ਹੋ ਅਤੇ ਜਿਸ ਦੇ ਆਚਰਨ ਵਿਚ ਉੱਚਤਾ ਹੈ, ਤਾਂ ਇਤਨੇ ਤਸੀਹੇ ਕਿਉਂ ਮਿਲ ਰਹੇ ਹਨ ? ਬਾਬਾ ਬੰਦਾ ਸਿੰਘ ਨੇ ਕਿਹਾ ਕਿ "ਕਿਸੀ ਕਾ ਕਿਆ ਮਕਦੂਰ ਥਾ ਜੋ ਮੁਝ ਕੋ ਮਾਰਤਾ। ਮੈਂ ਤੈਨੂੰ ਦੱਸਦਾ ਹਾਂ ਕਿ ਇਹ ਸਭ ਕਿਉਂ ਹੋ ਰਹਿਆ ਹੈ। ਜਦ ਮਨੁੱਖ ਅਜਿਹਾ ਪਾਪੀ ਤੇ ਦੁਸ਼ਟ ਹੋ ਜਾਏ ਕਿ ਉਹ ਇਨਸਾਫ ਦਾ ਰਾਹ ਹੀ ਛੱਡ ਬੈਠੇ ਤੇ ਅਤਿਆਚਾਰਾਂ ਦੀ ਅਤਿ ਕਰ ਦੇਵੇ ਤਾਂ ਉਹ ਰੱਬ ਸੱਚਾ ਮੇਰੇ ਜੇਹੇ ਬੰਦੇ ਪੈਦਾ ਕਰਕੇ ਭੇਜਦਾ ਹੈ ਕਿ ਦੁਸ਼ਟਾਂ ਦਾ ਨਾਸ਼ ਕਰੇ। ਅਸੀਂ ਮਨੁੱਖ ਹਾਂ, ਇਹ ਨਹੀਂ ਜਾਣਦੇ ਕਿ ਕਿਤਨੀ ਸਜ਼ਾ ਦੇਣੀ ਹੈ। ਕਿਧਰੇ ਵੱਧ ਵੀ ਦਿੱਤੀ ਜਾਂਦੀ ਹੈ ਤਾਂ ਉਹ ਹੀ ਰੱਬ ਤੇਰੇ ਵਰਗੇ ਬੰਦੇ ਭੇਜ ਦਿੰਦਾ ਹੈ ਤਾਕਿ ਹਿਸਾਬ ਕਿਤਾਬ ਇਥੇ ਹੀ ਮੁੱਕ ਜਾਏ।" ਬਾਬਾ ਜੀ ਨੂੰ ਤਸੀਹੇ ਦੇਣ ਦੀ ਅਤਿ ਕੀਤੀ ਗਈ। ਇਤਨੇ ਤਸੀਹੇ ਦਿੱਤੇ ਗਏ ਕਿ ਉਹ ਸ਼ਹਾਦਤਾਂ ਵਿਚ ਇਕ ਵੱਖਰਾ ਤੇ ਨਿਰਾਲਾ ਕਾਂਡ ਬਣ ਗਿਆ। ਜਲਾਦ ਅੱਗੇ ਵਧਿਆ। ਇਕ ਨਸ਼ਤਰ ਉਸ ਨੇ ਬਾਬਾ ਬੰਦਾ ਸਿੰਘ ਜੀ ਦੀ ਅੱਖ ਵਿਚ ਮਾਰਿਆ। ਅੱਖ ਨੂੰ ਬਾਹਰ ਕੱਢ ਦਿੱਤਾ। ਫਿਰ ਦੂਜੀ ਵਿਚ ਨਸ਼ਤਰ ਮਾਰ ਕੇ ਉਹ ਵੀ ਬਾਹਰ ਕੱਢ ਦਿੱਤੀ। ਫੇਰ ਤੇਜ਼ ਹਥਿਆਰ ਨਾਲ ਖੱਬੀ ਲੱਤ ਕੱਟ ਦਿੱਤੀ। ਇਸੇ ਤਰ੍ਹਾਂ ਵਾਰੀ-ਵਾਰੀ ਦੋਵੇਂ ਬਾਹਾਂ ਕੱਟੀਆਂ, ਪਰ ਬਾਬਾ ਬੰਦਾ ਸਿੰਘ ਉਸੇ ਤਰ੍ਹਾਂ ਅਹਿਲ ਅਤੇ ਅਡੋਲ ਸਨ। ਸੱਜੀ ਲੱਤ ਵੀ ਸਰੀਰ ਨਾਲੋਂ ਉਤਾਰ ਦਿੱਤੀ। ਤੱਪਦੀਆਂ, ਲਾਲ, ਗਰਮ ਸੰਨ੍ਹੀਆਂ ਨਾਲ ਸਰੀਰ ਦਾ ਮਾਸ ਥਾਂ-ਥਾਂ ਤੋਂ ਨੋਚਿਆ ਗਿਆ ਤੇ ਪੂਰਨ ਤੌਰ ਉੱਤੇ ਸਰੀਰ ਦੇ ਟੋਟੇ-ਟੋਟੇ ਕੀਤੇ ਗਏ। ਭਾਣਾ ਮੰਨਦੇ ਹੋਏ, ਤਸੀਹੇ ਸਹਿੰਦੇ ਹੋਏ ਸ਼ਹਾਦਤ ਦਾ ਜਾਮ ਪੀ ਗਏ। ਸਿੱਖ ਇਤਿਹਾਸ ਵਿਚ ਬਾਬਾ ਬੰਦਾ ਸਿੰਘ ਦੀ ਸ਼ਹਾਦਤ ਇਕ ਅਹਿਮ ਕਾਰਨਾਮਾ ਬਣ ਗਿਆ, ਜਿਸ ਦਾ ਬਦਲ ਲੱਭਣਾ ਕਠਿਨ ਹੈ। ਇਸ ਲਈ ਤਾਂ ਭਾਈ ਕੇਸਰ ਸਿੰਘ ਛਿੱਬਰ ਨੇ ਲਿਖਿਆ ਸੀ :

*ਬੰਦੇ ਸਾਹਿਬ ਰਲਿ ਸਿਖਾਂ ਨਾਲ ਸੀਸ ਕਟਾਇਆ।*
*ਪਰ ਧਰਮ ਨੂੰ ਦਾਗ ਜ਼ਰਾ ਨਹੀਂ ਲਾਇਆ।*

**ਭਾਈ ਬਾਜ ਸਿੰਘ ਦੀ ਚੜ੍ਹਦੀ ਕਲਾ** : ਬਾਕੀ ਸਾਥੀਆਂ ਨੂੰ ਤਲਵਾਰ ਨਾਲ ਮੌਤ ਦੇ ਘਾਟ ਉਤਾਰਿਆ ਗਿਆ। ਮਹਿਮਾ ਪ੍ਰਕਾਸ਼ ਦਾ ਲਿਖਾਰੀ ਲਿਖਦਾ ਹੈ ਕਿ ਜਦ ਭਾਈ ਬਾਜ ਸਿੰਘ[1] ਦੀ ਵਾਰੀ ਆਈ ਤਾਂ ਫ਼ਰਖ਼ਸੀਅਰ ਨੇ ਮਜ਼ਾਕ ਵਜੋਂ ਕਿਹਾ : "ਮੈਂ ਸੁਣਿਆ ਹੈ ਕਿ ਬਾਜ ਸਿੰਘ ਨਾਮ ਦੇ ਸਿੱਖ ਦੇ ਟਾਕਰੇ ਦਾ ਕੋਈ ਬਹਾਦਰ ਸੰਸਾਰ ਵਿਚ ਨਹੀਂ, ਉਹ ਕਿੱਥੇ ਹੈ ?" ਭਾਈ ਬਾਜ ਸਿੰਘ ਨੇ ਕਿਹਾ, "ਉਹ ਬਾਜ ਸਿੰਘ ਮੈਂ ਹੀ ਗੁਰੂ ਦਾ ਨਿਮਾਣਾ ਸੇਵਕ ਹਾਂ।" ਤਾਂ ਫ਼ਰੱਖ਼ਸੀਅਰ ਨੇ ਕਿਹਾ ਕਿ ਹੁਣ ਤੇਰੀ ਬਹਾਦਰੀ ਕਿੱਥੇ ਹੈ? ਬਾਜ ਸਿੰਘ ਨੇ ਜੁਆਬ ਦਿੱਤਾ : "ਬੇੜੀਆਂ ਤਾਂ ਹਟਾ, ਫੇਰ ਤਮਾਸ਼ਾ ਦੇਖ।" ਬਾਦਸ਼ਾਹ ਦੇ ਕਹਿਣ ਉੱਤੇ ਬੇੜੀਆਂ ਹਟਾਈਆਂ ਗਈਆਂ ਤਾਂ ਬਾਜ ਸਿੰਘ ਨੇ ਸੱਚਮੁੱਚ ਬਾਜ ਵਾਂਗੂੰ ਝਪਟ ਕੇ ਬਾਦਸ਼ਾਹ ਦੇ ਅਹਿਲਕਾਰਾਂ ਨੂੰ ਜਾ ਲਿਆ ਤੇ ਦੇਖਦੇ-ਦੇਖਦੇ ਤਿੰਨਾਂ ਨੂੰ ਮਾਰ ਮੁਕਾਇਆ। ਅਜੇ ਇਕੋ ਹੱਥਕੜੀ ਖੁੱਲ੍ਹੀ ਸੀ, ਬਾਕੀ ਹੱਥਕੜੀਆਂ ਬਾਜ ਸਿੰਘ ਨੂੰ ਪਈਆਂ ਹੋਈਆਂ ਸਨ। ਜੇ ਉਸ ਸਮੇਂ ਸਾਰੇ ਸਿਪਾਹੀ ਨੱਠ ਕੇ ਬਾਜ ਸਿੰਘ ਨੂੰ ਨਾ ਪਕੜਦੇ ਤਾਂ ਅਮੀਨ ਖ਼ਾਨ ਦੀ

1. ਭਾਈ ਬਾਜ ਸਿੰਘ ਪਰਗਨਾ ਪੱਟੀ (ਅੰਮ੍ਰਿਤਸਰ) ਦੇ ਪਿੰਡ ਮੀਰਪੁਰ ਦੇ ਜਮਪਲ ਸਨ। ਉਨ੍ਹਾਂ ਅੰਮ੍ਰਿਤ ਗੁਰੂ ਗੋਬਿੰਦ ਸਿੰਘ ਜੀ ਹੱਥੋਂ ਪਾਣ ਕੀਤਾ ਸੀ।

Sri Satguru Jagjit Singh Ji eLibrary NamdhariElibrary@gmail.com

ਵੀ ਅਲਖ ਮੁੱਕ ਜਾਣੀ ਸੀ। ਫ਼ਰਖ਼ਸੀਅਰ ਜਜ਼ਬਾ ਦੇਖ ਕੇ ਹੈਰਾਨ ਹੋਇਆ ਤੇ ਉਸ ਸਵੀਕਾਰ ਕੀਤਾ ਕਿ ਨਿਰਾਲੇ ਤੇ ਵੱਖ ਜਜ਼ਬੇ ਵਾਲੀ ਇਹ ਕੌਮ ਹੈ।

ਸੁਹਣਾ ਲਿਖਿਆ ਹੈ ਪੰਥ ਪ੍ਰਕਾਸ਼ ਨੇ ਕਿ :

*ਬਾਜ ਸਿੰਘ ਨੇ ਭਲੀ ਨਿਬਾਹੀ*
*ਮੁਏ ਬੰਦੇ ਸੰਗ ਚਾਰਉਂ ਭਾਈ।*[1]
*ਆਲੀ ਸਿੰਘ ਔ ਸਲੌਦੀ ਵਾਲੇ,*
*ਉਹ ਭੀ ਮੋਏ ਬੰਦੈ ਕੇ ਨਾਲੇ। ੧੬।*

ਉਸੇ ਦਿਨ ੯ ਜੂਨ, ੧੭੧੬ ਨੂੰ ਸਾਰੇ ਸ਼ਹੀਦ ਕਰ ਦਿੱਤੇ ਗਏ। ਇਸ ਤਰ੍ਹਾਂ ਬਾਬਾ ਬੰਦਾ ਸਿੰਘ ਜੀ ਦੀ ਸ਼ਹਾਦਤ ਨਾਲ ਸਿੱਖ ਇਤਿਹਾਸ ਦਾ ਇਕ ਕਾਂਡ ਸਮਾਪਤ ਹੋਇਆ। ਇਹ ਕਾਂਡ ਜਿੱਤਾਂ, ਜਜ਼ਬਿਆਂ, ਕੁਰਬਾਨੀਆਂ ਦਾ ਸੁਮੇਲ ਸੀ ਤੇ ਉਸ ਉਪਰੰਤ ਸਾਰੀ ਕੌਮ ਉੱਤੇ ਤਸੀਹਿਆਂ ਅਤੇ ਜ਼ੁਲਮਾਂ ਦੇ ਚੱਕਰ ਦਾ ਕਾਂਡ ਸ਼ੁਰੂ ਹੋਇਆ। ਆਗੂ-ਰਹਿਤ ਕੌਮ ਜਿਵੇਂ ਲੜੀ, ਉਹ ਹੀ ਇਸ ਸਮੇਂ ਦੀ ਵਿਸ਼ੇਸ਼ਤਾ ਹੈ।

*****

੧. ਪ੍ਰਾਚੀਨ ਪੰਥ ਪ੍ਰਕਾਸ਼--ਬੰਦੇ ਕੋ ਮਰਨੋ ਕੋ ਪ੍ਰਸੰਗ।

Sri Satguru Jagjit Singh Ji eLibrary NamdhariElibrary@gmail.com

# ਬਾਬਾ ਬੰਦਾ ਸਿੰਘ ਜੀ ਸਮੇਂ ਸਿੱਖੀ ਲਹਿਰ ਦੀ ਨੌਈਅਤ ਅਤੇ ਪਸਾਰ

ੳ

(Nature and Extent of the Sikh Opposition under Baba Banda Singh)

ਸਿੱਖੀ ਲਹਿਰ ਨੇ ਬਾਬਾ ਬੰਦਾ ਸਿੰਘ ਬਹਾਦਰ ਵੇਲੇ ਜੋ ਸ਼ਕਲ ਅਖ਼ਤਿਆਰ ਕੀਤੀ, ਉਸ ਬਾਰੇ ਇਤਿਹਾਸਕਾਰਾਂ ਵੱਖ-ਵੱਖ ਰਾਵਾਂ ਦੇ ਕੇ ਸਵਾਰਨ ਦੀ ਥਾਂ ਵਿਗਾੜਨ ਦਾ ਹੀ ਕੰਮ ਕੀਤਾ ਹੈ। ਕਿਸੇ ਇਤਿਹਾਸ ਲਿਖਿਆ : ''ਗੁਰੂ ਗੋਬਿੰਦ ਸਿੰਘ ਜੀ ਨੇ ਇਕ ਵੈਰਾਗੀ ਨੂੰ ਆਪਣੇ ਪੁੱਤਰਾਂ ਦੀ ਸ਼ਹਾਦਤ ਦਾ ਬਦਲਾ ਲੈਣ ਲਈ ਉਚੇਚਾ ਭੇਜਿਆ।''[1] ਦੂਜੇ ਲਿਖਿਆ : ''ਗੁਰੂ (ਗੋਬਿੰਦ ਸਿੰਘ) ਆਪ ਨਿਰਾਸ਼ ਹੋ ਗਏ ਸਨ। ਇਸ ਲਈ ਨਵੀਂ ਕਿਸਮ ਦੀ ਲਹਿਰ ਚਲਾਉਣ ਲਈ ਬਾਬਾ ਬੰਦਾ ਸਿੰਘ ਨੂੰ ਭੇਜਿਆ।''[2] ਤੀਜੇ ਲਿਖਿਆ, ''(ਬਾਬਾ) ਬੰਦਾ ਸਿੰਘ ਦੀ ਅਗਵਾਈ ਹੇਠਾਂ ਲੜੀ ਸਿੱਖਾਂ ਦੀ ਜੰਗ ਇਕ ਬਦਲੇ ਦੀ ਨੌਈਅਤ ਵਾਲੀ ਸੀ।''[3] ਇਕ ਹੋਰ ਨੇ ਲਿਖਿਆ ਕਿ ਬੰਦਾ ਸਿੰਘ ਇਕ ਲੁਟੇਰੇ ਤੋਂ ਵੱਧ ਕੁਝ ਨਹੀਂ ਸੀ। ਸੋ ਇਹ ਜ਼ਰੂਰੀ ਹੈ ਕਿ ਬਾਬਾ ਬੰਦਾ ਸਿੰਘ ਦੀ ਲੜੀ ਜੰਗ ਦੀ ਨੌਈਅਤ ਤੇ ਪਸਾਰ ਦੇਖਿਆ ਜਾਏ। ਇਤਨੇ ਭੁਲੇਖਿਆਂ ਵਿਚ ਉੱਤਮ ਸ਼ਖ਼ਸੀਅਤ ਦੇ ਕੰਮ ਵੀ ਧੁੰਦਲੇ ਹੋ ਜਾਣ ਦੀ ਸੰਭਾਵਨਾ ਹੈ।

ਮੁੱਢ ਤੋਂ ਹੀ ਲਿਖ ਦੇਣਾ ਯੋਗ ਹੋਵੇਗਾ ਕਿ ਸਿੱਖ ਲਹਿਰ ਦੇ ਲੱਛਣ ਬਾਬਾ ਬੰਦਾ ਸਿੰਘ ਜੀ ਵੇਲੇ ਵੀ ਉਹ ਹੀ ਸਨ ਜੋ ਅਰੰਭ ਤੋਂ ਗੁਰੂ ਨਾਨਕ–ਗੁਰੂ ਗੋਬਿੰਦ ਸਿੰਘ ਜੀ ਵੇਲੇ ਸਨ। ਗੁਰੂ ਨਾਨਕ ਜੀ ਨੇ ਸਿੱਖ ਲਹਿਰ ਦਾ ਮੁੱਖ ਮੰਤਵ ਹੀ ਇਹ ਦਰਸਾਇਆ ਸੀ, ਜਿਥੇ ਨਿਆਂ ਹੋਵੇ ਤੇ ਧਰਮ ਚਲੇ। 'ਰਾਜੇ ਚੁਲੀ ਨਿਆਵ ਕੀ', ਉਨ੍ਹਾਂ ਦਾ ਫ਼ਰਮਾਨ ਸੀ, 'ਅਦਲ ਕਰੇ ਵੀਚਾਰੇ' ਉਨ੍ਹਾਂ ਦਾ ਸਿਧਾਂਤ। ਬਾਬਾ ਬੰਦਾ ਸਿੰਘ ਕਈ ਵਾਰੀ ਇਹ ਤੁਕਾਂ ਦੁਹਰਾਇਆ ਵੀ ਕਰਦੇ ਸਨ। ਬਾਬਰ ਨੇ ਜਦ ਗੁਰੂ ਨਾਨਕ ਦੇਵ ਜੀ ਦੇ ਦਰਸ਼ਨਾਂ ਉਪਰੰਤ ਉਸ ਦੇ ਹਕ ਵਿਚ ਦੁਆ ਕਰਨ ਲਈ ਕਿਹਾ ਤਾਂ ਗੁਰੂ ਜੀ ਨੇ ਕਿਹਾ ਸੀ ਇਹ ਕਦੇ ਨਹੀਂ ਹੋ ਸਕਦਾ, ਜਦ ਤੱਕ ਉਹ ਅਤਿਆਚਾਰ ਦਾ ਰਾਹ ਨਹੀਂ ਛੱਡਦਾ। ਰਾਜ ਕਿਵੇਂ ਖ਼ਤਮ ਹੁੰਦੇ ਸਨ, ਉਸ ਬਾਰੇ ਗੁਰੂ ਨਾਨਕ ਦੇਵ ਜੀ ਨੇ ਕਿਹਾ ਸੀ :

*ਜਬ ਛੁਟੇ ਅਦਾਲਤ ਹੋਇ ਬਿ ਅਦਲ।*
*ਛੁਟੇ ਨਿਆਉ ਰਾਜ ਹੋਇ ਬਦਲ।*

---

1. ਮੈਲਕਮ
2. ਕਨਿੰਘਮ
3. ਲਤੀਫ਼



Sri Satguru Jagjit Singh Ji eLibrary NamdhariElibrary@gmail.com

ਗੁਰੂ ਅੰਗਦ ਦੇਵ ਜੀ ਨੇ ਇਕ ਵਾਰ ਫ਼ਰਮਾਇਆ ਸੀ :

*'ਸਿੱਖ ਗਊ ਮੁੱਖ ਹੋਇ ਰਹੈ।*
*ਪਰ ਜਦ ਆਇ ਬਨੈ*
*ਹਥਿਆਰ ਚੁਕੇ। ਅੰਤ ਅੰਤ ਕੋ ਲਾਚਾਰੀ।'*

ਗੁਰੂ ਅਮਰਦਾਸ ਜੀ ਨੇ ਤਾਂ ਹੁਕਮ ਦੇ ਰੱਖਿਆ ਸੀ ਕਿ ਜੇਕਰ ਗੋਇੰਦਵਾਲ ਵਿਖੇ ਕਿਸੇ ਨੂੰ ਕਿਸੇ ਕਿਸਮ ਦਾ ਦੁੱਖ ਹੋਵੇ ਉਸੇ ਸਮੇਂ ਉਨ੍ਹਾਂ ਨੂੰ ਖ਼ਬਰ ਕੀਤੀ ਜਾਏ, ਬਗ਼ੈਰ ਇਹ ਪਰਵਾਹ ਕੀਤੇ ਕਿ ਉਸ ਸਮੇਂ ਉਹ ਕਿੱਥੇ ਹਨ ਤੇ ਕੀ ਕਰ ਰਹੇ ਹਨ।

ਗੁਰੂ ਰਾਮਦਾਸ ਜੀ ਨੇ ਸਾਰੀ ਜ਼ਿੰਦਗੀ ਅਜਾਰਾਦਾਰੀ ਦੇ ਟਾਕਰੇ ਸਾਧਾਰਨ ਲੋਕਾਂ ਦਾ ਸਾਥ ਦਿੱਤਾ। ਅਕਬਰ ਨੂੰ ਨਿੱਜ ਲਈ ਨਹੀਂ, ਲੋਕਾਂ ਦੀ ਭਲਾਈ ਲਈ ਮਾਲੀਆ ਹਟਾਉਣ ਲਈ ਕਿਹਾ। ਅਕਬਰ ਨੇ ਉਹਨਾਂ ਦੀ ਉਪਮਾ ਕਰਦੇ ਕਿਹਾ ਵੀ 'ਹਿਤ ਚਿੰਤਕ' ਸੀ। ਜਿਹੜੀ ਅੰਮ੍ਰਿਤਸਰ ਦੀ ਨਗਰੀ ਉਨ੍ਹਾਂ ਵਸਾਈ ਉਥੇ ਸਾਚ ਧਰਮ ਦੀ ਵਾੜ ਹੀ ਲਗਾਈ ਸੀ। ਗੁਰੂ ਅਰਜਨ ਦੇਵ ਜੀ ਨੇ ਇਕ ਸ਼ਬਦ ਵਿਚ ਉਚਾਰਿਆ ਕਿ ਇਸ ਸ਼ਹਿਰ ਵਿਚ ਇਤਨੀ ਸੁਤੰਤਰਤਾ ਹੈ ਕਿ ਇਥੇ ਕੋਈ ਜਜ਼ੀਆ ਨਹੀਂ, ਕੋਈ ਜੁਰਮਾਨਾ ਨਹੀਂ, ਕੋਈ ਜਬਰੀ ਕਰ ਨਹੀਂ, ਕੋਈ ਜ਼ਕਾਤ ਨਹੀਂ। ਨਿਰੋਲ ਧਰਮ ਕਮਾਉਣਾ ਹੀ ਕਾਰ ਹੈ। ਕਿਰਤ ਵੀ ਧਰਮ ਦੀ ਹੈ। ਕਾਰੋਬਾਰ ਬੜੇ ਆਰਾਮ ਨਾਲ ਟੁਰ ਰਹੇ ਹਨ। ਕੋਈ ਲੁੱਟ ਨਹੀਂ, ਕੋਈ ਖਸੁੱਟ ਨਹੀਂ, ਵਪਾਰੀ ਤੇ ਸ਼ਾਹ ਇਕ ਦੂਜੇ ਦਾ ਗਲਾ ਨਹੀਂ ਕੱਟਦੇ। ਕੋਈ ਜ਼ਹਿਰ ਨਹੀਂ, ਕੋਈ ਕਹਿਰ ਨਹੀਂ।

*ਸਾਂਤ ਸਹਜ ਸੁਖ ਕੇ ਸਭ ਹਾਟ*
*ਸਾਹ ਵਾਪਾਰੀ ਏਕੈ ਥਾਟ। ੪।*
*ਜਜ਼ੀਆ ਡੰਨੁ ਕੋ ਲਏ ਨ ਜਗਾਤਿ।*
*ਸਤਿਗੁਰਿ ਕਰ ਦੀਨੀ ਧੁਰ ਕੀ ਛਾਪਿ। ੫।*

(ਆਸਾ ਮਹਲਾ ੫, ਅਸਟਪਦੀਆਂ)

ਗੁਰੂ ਗ੍ਰੰਥ ਸਾਹਿਬ ਵਿਚ ਜਿਸ ਬੇਗਮਪੁਰਾ ਦਾ ਜ਼ਿਕਰ ਆਇਆ ਹੈ, ਉਹ ਹੀ ਸਿੱਖ ਲਹਿਰ ਦਾ ਮਕਸਦ ਹੈ। ਜਿਥੇ ਨ ਅੰਦੋਹ, ਨ ਚਿੰਤਾ, ਨ ਤਸ਼ਵੀਸ਼, ਨ ਘਬਰਾਹਟ, ਨ ਕੋਈ ਕਿਸੇ ਕੋਲੋਂ ਖ਼ਿਰਾਜ ਲੈਂਦਾ ਹੈ, ਨਾ ਕੋਈ ਦੇਂਦਾ, ਨ ਮਾਲੀਆ, ਨ ਕਿਸੇ ਦੇ ਹਮਲੇ ਦਾ ਡਰ, ਨ ਕੋਈ ਉਕਾਈ, ਨ ਕਿਸੇ ਤੇ ਤਰਸ ਖਾਣ ਵਾਲੀ ਦਸ਼ਾ, ਸਭ ਸੌਖੇ, ਹਰ ਕੋਈ ਕਿਰਤੀ। ਕੋਈ ਪਹਿਲਾ, ਦੂਜਾ ਜਾਂ ਘਟੀਆ ਸ਼ਹਿਰੀ ਨਹੀਂ।

*ਕਾਇਮ ਦਾਇਮ ਸਦਾ ਪਾਤਿਸਾਹੀ।*
*ਦੋਮ ਨ ਸੇਮ ਏਕ ਸੋ ਆਹੀ।*

ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਦਾ ਮੁੱਖ ਕਾਰਨ, ਜਹਾਂਗੀਰ ਨੂੰ ਇਹ ਨਹੀਂ ਸੀ ਭਾਇਆ ਕਿ ਹਰ ਧਰਮ ਦੇ ਲੋਕੀਂ ਗੁਰੂ ਘਰ ਦਾ ਇਤਨਾ ਸਨਮਾਨ ਕਿਉਂ ਕਰਦੇ ਹਨ।

ਗੁਰੂ ਹਰਿਗੋਬਿੰਦ ਜੀ ਨੇ ਅਕਾਲ ਤਖ਼ਤ ਸਾਜ ਕੇ ਸਰਕਾਰੀ ਅਦਾਲਤਾਂ ਤੋਂ ਬਾਹਰ

Sri Satguru Jagjit Singh Ji eLibrary NamdhariElibrary@gmail.com

ਝਗੜੇ ਨਜਿੱਠਣ ਦੀ ਜਾਚ ਸਿਖਲਾ ਦਿੱਤੀ ਸੀ। ਅਣਖ ਲਈ ਜੂਝ ਮਰਨ ਲਈ ਉਨ੍ਹਾਂ ਸਿੱਖਾਂ ਨੂੰ ਤਿਆਰ ਕਰ ਦਿੱਤਾ ਸੀ।

ਗੁਰੂ ਹਰਿ ਰਾਇ ਜੀ ਦੇ ਇਹ ਬਚਨ ਸਿੱਖ ਲਹਿਰ ਦਾ ਉਚੇਰਾ ਆਦਰਸ਼ ਦਰਸਾਂਦੇ ਹਨ ਕਿ ਕੌਣ ਹੈ ਰਾਮ ਰਾਇ ਜੋ ਗੁਰੂ ਨਾਨਕ ਦੇ ਵਾਕ ਨੂੰ ਪਲਟਾ ਸਕੇ। ਗੁਰੂ ਨਾਨਕ ਪਾਤਸ਼ਾਹ ਹੈ।'[1]

ਗੁਰੂ ਹਰਿ ਕ੍ਰਿਸ਼ਨ ਜੀ ਨੇ ਵੀ ਪੂਰਨੇ ਪਾ ਦਿੱਤੇ ਸਨ, ਜਦ ਉਨ੍ਹਾਂ ਨੇ ਔਰੰਗਜ਼ੇਬ ਨੂੰ ਕਦਾਚਿਤ ਦਰਸ਼ਨ ਨ ਦਿੱਤੇ, ਕਿਉਂਕਿ ਉਹ ਅੱਤਿਆਚਾਰਾਂ ਦੀ ਅੱਤ ਕਰ ਰਿਹਾ ਸੀ। ਬੰਗਲਾ ਸਾਹਿਬ ਬਾਹਰ ਦਰਸ਼ਨਾਂ ਲਈ ਔਰੰਗਜ਼ੇਬ ਅੱਧੀ ਘੜੀ ਖੜ੍ਹਾ ਰਿਹਾ ਸੀ, ਪਰ ਮਹਾਰਾਜ ਨੇ ਦਰਵਾਜ਼ੇ ਹੀ ਬੰਦ ਕਰ ਦਿੱਤੇ ਅਤੇ ਦੀਦਾਰ ਨ ਦਿੱਤੇ।

ਗੁਰੂ ਤੇਗ਼ ਬਹਾਦਰ ਜੀ ਦੀ ਸ਼ਹੀਦੀ ਦਾ ਪ੍ਰਭਾਵ ਪ੍ਰਾਚੀਨ ਪੰਥ ਪ੍ਰਕਾਸ਼ ਨੇ ਲਿਖਿਆ ਹੀ ਇਹ ਹੈ :

*ਤਬ ਤੇ ਘਟੀ ਪਾਤਸ਼ਾਹੀ ਦਿੱਲੀ।*
*ਤਬ ਤੇ ਤੁਰਕ ਕਲਾ ਭਈ ਢਿੱਲੀ।*

ਕਲਗੀਧਰ ਨੇ ਖ਼ਾਲਸਾ ਸਾਜਣ ਦਾ ਕਾਰਨ ਹੀ 'ਖ਼ਾਲਸਾ ਹੋਵੈ ਖ਼ੁਦ ਖ਼ੁਦਾ : ਖ਼ੂਬੀ ਖ਼ੂਬ ਖ਼ੁਦਾਇ' ਕਿਹਾ ਸੀ।

ਕਿਸੇ ਪ੍ਰਕਾਰ ਦੀ ਤਬਦੀਲੀ ਮੁੱਢਲੇ ਆਦਰਸ਼ਾਂ ਵਿਚ ਬਾਬਾ ਬੰਦਾ ਸਿੰਘ ਨੇ ਨਾ ਕੀਤੀ। ਗੁਰੂ ਗੋਬਿੰਦ ਸਿੰਘ ਜੀ ਨੇ ਆਪਣਾ ਆਦਰਸ਼ ਆਪ ਬਚਿੱਤਰ ਨਾਟਕ ਵਿਚ ਦ੍ਰਿੜ੍ਹਾਇਆ ਹੈ, ਜਦ ਉਹ ਲਿਖਦੇ ਹਨ :

*"ਯਹੀ ਕਾਜ ਧਰਾ ਹਮ ਜਨਮੰ।*
*ਸਮਝ ਲੇਹ ਸਾਧੂ ਸਭ ਮਨਮੰ।*
*ਧਰਮ ਚਲਾਵਨ, ਸੰਤ ਉਬਾਰਨ।*
*ਦੁਸ਼ਟ ਸਭਨ ਕੋ ਮੂਲ ਉਪਾਰਨਿ।"*

ਇਸੇ ਆਦਰਸ਼ ਦੀ ਪੂਰਤੀ ਲਈ ਗੁਰੂ ਗੋਬਿੰਦ ਸਿੰਘ ਜੀ ਸਾਰੀ ਉਮਰ ਜੂਝਦੇ ਰਹੇ। 'ਦੁਸ਼ਟਾਂ ਤੇ ਦੋਖੀਆਂ' ਦਾ ਮੁਕੰਮਲ ਖ਼ਾਤਮਾ ਗੁਰੂ ਦਾ ਆਦਰਸ਼ ਸੀ। ਬਹਾਦਰ ਸ਼ਾਹ ਨਾਲ ਮਿਲਣੀ ਤੇ ਫਿਰ ਦੋਸਤੀ ਸਮੇਂ ਵੀ ਦੋਸ਼ੀਆਂ ਨੂੰ ਮਾਰਨ ਤੇ ਦੁਸ਼ਟਾਂ ਨੂੰ ਸਜ਼ਾ ਦੇਣ ਵਾਲਾ ਆਦਰਸ਼ ਸਾਹਮਣੇ ਸੀ। 'ਹਲੇਮੀ ਰਾਜ' ਹੋਵੇ ਇਹ ਗੁਰੂ ਜੀ ਦੀ ਮੁੱਖ ਇੱਛਾ ਸੀ। 'ਸਾਧ ਸਮੂਹ ਪ੍ਰਸੰਨ ਫਿਰੈ ਜਗ' ਗੁਰੂ ਜੀ ਦਾ ਨਿੱਤ ਨਾ ਨਾਅਰਾ ਸੀ। ਇਹ ਕਦੇ ਨ ਭੁਲਣਾ ਕਿ ਗੁਰੂ ਜੀ ਦਾ ਨਿਸ਼ਾਨਾ ਗਰੀਬ ਸਿਖਨ ਨੂੰ ਪਾਤਸ਼ਾਹੀ ਦੇਣਾ ਸੀ। ਇਕ ਵਾਰੀ ਪਹਾੜੀ ਰਾਜਿਆਂ ਨੂੰ ਨਾਲ ਰਲਾ ਕੇ ਖ਼ੁਦ ਮੁਖ਼ਤਿਆਰ ਕਰਨ ਦਾ ਖ਼ਿਆਲ ਆਇਆ ਸੀ, ਪਰ ਉਸੇ ਵੇਲੇ ਹੀ ਪਾਤਸ਼ਾਹ ਨੇ ਕਹਿ ਦਿੱਤਾ ਕਿ ਇਹ ਆਦਿ ਆਕ੍ਰਿਤਘਣੀਏ ਹਨ ਤੇ ਕਦ ਇਹ ਜਾਣਨ ਮੰਨਣਗੇ ਕਿ ਸਾਨੂੰ ਪਾਤਸ਼ਾਹੀ ਦਿਲਵਾਈ ਹੈ।

*"ਰਾਜਪੂਤ ਸਦਾਵੈਂ ਆਪ ਸਿਪਾਹੀ।*
*ਉਇ ਕਹੈਂ ਕਦੋਂ ਗੁਰ ਦਈ ਪਾਤਸ਼ਾਹੀ।*

---

1. Guru Nanak is Sovereign. (ਮੈਕਾਲਫ)

Sri Satguru Jagjit Singh Ji eLibrary NamdhariElibrary@gmail.com

*ਅਬ ਦਯੈ ਪਾਤਸ਼ਾਹੀ ਗਰੀਬਨ ਉਠਾਇ।*
*ਵੈ ਜਾਨੈ ਗੁਰ ਦਈ ਹੈ ਮਾਹਿ। ੧੮।*

ਭਾਈ ਕੋਇਰ ਸਿੰਘ ਨੇ ਵੀ ਗੁਰਬਿਲਾਸ ਪਾਤਸ਼ਾਹੀ ਦਸਵੀਂ ਵਿਚ ਕੁਝ ਇਸੇ ਤਰ੍ਹਾਂ ਦਾ ਲਿਖਿਆ ਹੈ ਕਿ ਜਦ ਪਹਾੜੀ ਰਾਜਿਆਂ ਕਿਹਾ ਕਿ ਉਨ੍ਹਾਂ ਉੱਚਿਆਂ ਦਾ ਨੀਵਿਆਂ ਨਾਲ ਮੇਲ ਕਿਵੇਂ ਹੋਵੇਗਾ? ਇਹ ਚਿੜੀਆਂ, ਬਾਜ਼ਾਂ ਨੂੰ ਕਿਵੇਂ ਮਾਰ ਸਕਣਗੀਆਂ? ਤਾਂ ਗੁਰੂ ਗੋਬਿੰਦ ਸਿੰਘ ਜੀ ਨੇ ਇਹ ਹੀ ਬਚਨ ਕੀਤੇ ਸਨ।

*"ਚਿੜੀਅਨ ਪਰ ਅਬ ਖੁਸ਼ੀ ਹਮਾਰੀ।*
*ਮਾਰੇ ਬਾਜ ਸੁ ਅਪਰ ਮੰਝਾਰੀ। ੧੨੦।*
*ਮੈਂ ਅਸਿਪਾਨਜ (ਖੜਗ ਧਾਰੀ) ਤਦ ਸੁ ਕਹਾਊਂ।*
*ਚਿੜੀਅਨ ਪੈ ਜੋ ਬਾਜ ਤੁੜਾਊਂ।*
*ਕਿਰਸਾਨੀ ਜਗ ਮੈ ਭਏ ਰਾਜਾ।*
*ਗਿਰ ਤਬ ਬਚੈਂ, ਜੇ ਹੋਇ ਹੈ ਨਾਜਾ।*
*ਤੁਮ ਕੋ ਦੇਹਿ ਡੰਡ ਅਧਿਕਾਈ।*
*ਨਿਜਦ ਸੁ ਪਹਲੇ ਤੁਮ ਪਰ ਆਈ। ੧੨੨।*

ਅੰਮ੍ਰਿਤ ਛਕਾਉਣ ਉਪਰੰਤ ਜਦ ਆਪ ਅੰਮ੍ਰਿਤ ਛਕਿਆ ਤਾਂ ਆਪਣੇ ਲਈ ਕੋਈ ਖ਼ਾਸ ਰਾਖਵੇਂ ਹੱਕ ਨਹੀਂ ਸਨ ਮੰਗੇ। ਇਹ ਹੀ ਹਦਾਇਤਾਂ ਆਪਣੇ 'ਤੇ ਲਾਗੂ ਕੀਤੀਆਂ। ਇਹ ਜ਼ਰੂਰ ਕਿਹਾ ਸੀ ਕਿ ਤੁਰਕਾਂ ਦੀ ਸਫ਼ ਹੁਣ ਲਪੇਟ ਦਿਓ ਅਤੇ 'ਬਾਜ਼ ਉਡਾਇ ਸਦਾ ਕਰ ਰਾਜ'। ਜੜ੍ਹ ਨੌਵੇਂ ਪਾਤਸ਼ਾਹ ਨੇ ਹਿਲਾ ਦਿੱਤੀ ਹੈ, ਰਾਜ ਖੋਖਲਾ ਹੈ, ਹੁਣ ਖੰਡੇ ਦੀ ਪਉਨ ਚਲਾ ਕੇ ਮੁਕਾ ਦਿਓ। ਇਹ ਵੀ ਕਿਹਾ ਸੀ : ਜਿਥੇ ਧਰਮ ਦੇ ਵਾਸਤੇ, ਸਿੱਖੀ ਦੇ ਜਾਂ ਪਰਉਪਕਾਰ ਵਾਸਤੇ ਤੁਰਕਾਂ ਨਾਲ ਸਿੱਖ ਯੁੱਧ ਕਰਨਗੇ, ਉਥੇ ਸਿੱਖਾਂ ਵਿਚ ਹੀ ਮੇਰਾ ਦੀਦਾਰ ਹੋਸੀ। ਵੱਡੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਵੇਲੇ ਹੀ ਇਹ ਕਿਹਾ ਸੀ : ਬੇਟਾ ਜੇ ਤੁਹਾਡੇ ਸਿਰ ਰਣ ਵਿਚ ਲੱਗ ਜਾਣ ਤਾਂ 'ਕਰ ਨਾਸ ਮਲੇਛ ਸੁ ਭਾਗੋ।' ਆਪਣੇ ਬੇਟਿਆਂ ਦੀ ਸ਼ਹਾਦਤ ਵੇਲੇ ਕਿਹਾ ਸੀ :

*'ਆਜ ਖਾਸ ਭਯੋ ਖਾਲਸਾ,*
*ਸਤਿਗੁਰ ਕੇ ਦਰਬਾਰ।'*

ਇਹ ਸਭ ਕੁਰਬਾਨੀਆਂ ਆਦਰਸ਼ ਦੀ ਲਾਟ ਨੂੰ ਜਗਮਗਾਉਣ ਲਈ ਸਨ :

ਅਸਰਾਰਿ ਸਮਦੀ ਦਾ ਲਿਖਾਰੀ ਲਿਖਦਾ ਹੈ ਕਿ ਕੋਈ ਅਮੀਰ ਨਹੀਂ ਸੀ, ਜਿਸ ਨੂੰ ਬੰਦੇ ਨੇ ਛੱਡਿਆ ਹੋਵੇ। ਇਹ ਹੀ ਤਾਂ ਭਾਈ ਗੁਰਦਾਸ (ਦੂਜੇ) ਨੇ ਵਾਰ ਵਿਚ ਲਿਖਿਆ ਸੀ :

*ਤਿਨ (ਖਾਲਸੇ) ਆਗੈ ਕੋਇ ਨ ਠਹਿਰਿਓ ਭਾਗੇ ਸਿਰਦਾਰਾ।*
*ਜਹੇ ਰਾਜੇ ਸ਼ਾਹ ਅਮੀਰੜੇ ਹੋਇ ਸਭ ਛਾਰਾ।*
*ਫਿਰ ਸੁਨ ਕਹਿ ਐਸੀ ਧਮਕ ਕੋ, ਕਾਂਪੈ ਗਿਰਿ ਭਾਰਾ।*
*ਤਬ ਸਭ ਧਰਤੀ ਹਲਚਲ ਭਈ ਛਾਡੇ ਘਰ ਬਾਰਾ। ੧੫।*

ਬਾਬਾ ਬੰਦਾ ਸਿੰਘ ਜੀ ਵੀ ਇਹ ਕਹਿੰਦੇ ਕਿ ਉਹ ਉਸੇ ਪੁਰਖ ਦੇ ਦਾਸ ਹਨ ਜਿਸ

Sri Satguru Jagjit Singh Ji eLibrary NamdhariElibrary@gmail.com

ਨੇ ਖਾਲਸਾ ਪ੍ਰਕਾਸਿਆ ਹੈ। ਤਲਵਾਰ ਉਹ ਹੀ ਹੈ, ਸਿਰਫ ਮਿਆਨ ਹੋਰ ਚੜ੍ਹਿਆ ਹੈ।

ਉਸਦੀ ਆਗਿਆ ਪਾਇ ਹੀ ਲੜਿਆ ਹਾਂ। ਹਰ ਵੇਲੇ ਬਾਬਾ ਜੀ ਇਹ ਹੀ ਕਹਿੰਦੇ : ਕਰਾਮਾਤ ਸਾਰੀ ਗੁਰੂ ਸੱਚੇ ਵਿਚ ਹੈ। ਲਾਜ ਵੀ ਉਸੇ ਨੇ ਰੱਖਣੀ ਹੈ।

*ਕਰਾਮਾਤ ਉਸ ਸਤਿਗੁਰ ਮਾਹੀ।*
*ਭੇਜਣ ਵਾਰੋ ਲਾਜ ਰਖਾਹੀ।*

ਹੁਕਮਾਂ ਨੂੰ ਉਹ ਸਿਰੇ ਚਾੜ੍ਹਣ ਆਏ ਹਨ। ਉਹ ਵੀ ਜਾਣਦੇ ਸਨ ਕਿ ਉਸ ਨੂੰ ਖ਼ਿਦਮਤ ਦਿੱਤੀ ਹੈ, ਪਾਤਸ਼ਾਹੀ ਨਹੀਂ।

*"ਬੰਦੇ ਕੋ ਖਿਦਮਤ ਦਈ, ਦਈ ਪਾਤਸ਼ਾਹੀ ਨਾਹਿ।*
*ਦਈ ਪਾਤਸ਼ਾਹੀ ਪੰਥ ਨਿਜ, ਆਪ ਸਚੇ ਪਾਤਸ਼ਾਹਿ। ੧੫।*

ਜਦ ਬਾਬਾ ਬੰਦਾ ਸਿੰਘ ਇਕ ਹੁਕਮਨਾਮੇ ਵਿਚ 'ਸਤਜੁਗੀ ਰਾਜ ਵਰਤਾਇਆ ਹੈ' ਲਿਖ ਰਹੇ ਸਨ ਤਾਂ ਉਹ ਇਸੇ ਆਦਰਸ਼ ਤੇ ਵਿਆਖਿਆ ਕਰ ਰਹੇ ਸਨ।

ਜਦ ਬਹਾਦਰ ਸ਼ਾਹ ਵਲੋਂ ਕਲਗੀ ਵਾਲੇ ਨੇ ਆਦਰਸ਼ ਦੀ ਪੂਰਤੀ ਹੁੰਦੀ ਨਾ ਦੇਖੀ ਸਗੋਂ ਰੁਕਾਵਟ ਪੈਂਦੀ ਦੇਖੀ ਤਾਂ ਉਨ੍ਹਾਂ ਨੇ ਅਕਤੂਬਰ ੧੭੦੭ ਨੂੰ ਪੰਜਾਬ ਦੇ ਸਿੱਖਾਂ ਦੇ ਨਾਮ ਹੁਕਮਨਾਮੇ ਵਿਚ ਗੱਲਬਾਤ ਦੀ ਨਾਕਾਮਯਾਬੀ ਬਾਰੇ ਲਿਖਿਆ ਅਤੇ ਸੰਗਤਾਂ ਨੂੰ ਉਸੇ ਤਰ੍ਹਾਂ ਤਤਪਰ ਤੇ ਤਿਆਰ ਰਹਿਣ ਲਈ ਵੀ ਪ੍ਰੇਰਿਆ।[1] ਬੰਦਾ ਸਿੰਘ ਦੀ ਮਿਲਣੀ ਆਦਰਸ਼ ਵਿਚ ਤਬਦੀਲੀ ਲਿਆਉਣ ਦਾ ਕਾਰਨ ਬਣੇ, ਇਹ ਠੀਕ ਨਹੀਂ ਲੱਗਦਾ। ਜਦੋ-ਜਹਿਦ ਜਾਰੀ ਰੱਖਣ ਦੀ ਗੱਲ ਤਾਂ ਉਹ ਪਹਿਲਾਂ ਹੀ ਲਿਖ ਚੁੱਕੇ ਸਨ। ਬੰਦਾ ਸਿੰਘ ਦੇ ਮਿਲਨ ਨਾਲ ਇਕ ਹੋਰ ਸੁੱਘੜ ਹੱਥ ਦਾ ਵਾਧਾ ਹੋਇਆ। ਦੂਸਰੇ ਬਾਬਾ ਬੰਦਾ ਸਿੰਘ ਦੇ ਨੰਦੇੜ ਹੁੰਦਿਆਂ ਹੀ ਵਜ਼ੀਰ ਖ਼ਾਨ (ਸਰਹੰਦ ਦਾ ਨਵਾਬ) ਦੇ ਜੋ ਜ਼ਰ ਖ਼ਰੀਦ ਪਠਾਣਾਂ ਨੇ ਗੁਰੂ ਗੋਬਿੰਦ ਸਿੰਘ ਜੀ ਉੱਤੇ ਮਾਰੂ ਹਮਲਾ ਕੀਤਾ ਸੀ, ਬੰਦਾ ਸਿੰਘ ਦਾ ਮਨ, ਜੋ ਵੈਰਾਗੀ ਹੋਣ ਕਾਰਨ ਕਈ ਦਹਾਕਿਆਂ ਤੋਂ ਕੋਮਲ ਤੇ ਦ੍ਰਵਿਆ ਹੋਇਆ ਸੀ; ਇਹ ਸਭ ਕੁਝ ਦੇਖ ਕੇ ਜਰ ਨ ਸਕਿਆ। ਜਦ ਉਸ ਨੂੰ ਇਹ ਵੀ ਦੱਸਿਆ ਗਿਆ ਕਿ ਇਹ ਵਜ਼ੀਰ ਖ਼ਾਨ ਹੀ ਹੈ, ਜਿਸ ਨੇ ਗੁਰੂ ਗੋਬਿੰਦ ਸਿੰਘ ਜੀ ਦੀਆਂ ਦੋ ਕੋਮਲ ਕਲੀਆਂ; ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫ਼ਤਿਹ ਸਿੰਘ ਨੂੰ ਮਸਲਿਆ ਹੈ ਤਾਂ ਉਸ ਨੇ ਬਲਦੀ ਉੱਪਰ ਤੇਲ ਵਾਲਾ ਕੰਮ ਕੀਤਾ। ਹੋਰ ਅਨੇਕਾਂ ਸ਼ਹਾਦਤਾਂ ਸੁਣ ਕੇ ਤਾਂ ਬਾਬਾ ਬੰਦਾ ਸਿੰਘ ਜੀ ਨੂੰ ਯਕੀਨ ਆ ਗਿਆ ਕਿ ਜਦ ਤਕ ਇਹ ਜ਼ੁਲਮੀ ਰਾਜ ਪੰਜਾਬ ਵਿਚ ਹੈ 'ਹਲੇਮੀ ਰਾਜ' ਦਾ ਸੁਪਨਾ ਸਾਕਾਰ ਨਹੀਂ ਹੋ ਸਕਦਾ। ਉਸ ਮੰਤਵ ਤੇ ਆਦਰਸ਼ ਨੂੰ ਮੁੱਖ ਰੱਖਦੇ ਹੋਏ ਹੀ ਬੰਦਾ ਸਿੰਘ ਨੇ ਸਰਹੰਦ, ਸਾਢੌਰਾ, ਬਟਾਲਾ ਤੇ ਕਲਾਨੌਰ ਨੂੰ ਆਪਣੇ ਹਮਲਿਆਂ ਦਾ ਨਿਸ਼ਾਨਾ ਬਣਾਇਆ ਸੀ। ਸਰਹੰਦ ਦਾ ਨਵਾਬ ਵਜ਼ੀਰ ਖ਼ਾਨ ਜ਼ੁਲਮ ਕਰਨ ਵਾਲਿਆਂ ਦਾ ਆਗੂ ਸੀ ਤੇ ਪਹਿਲਾਂ ਆਗੂ ਨੂੰ ਮੁਕਾਉਣਾ ਉਚਿਤ ਸੀ। ਗੁਰੂ ਗੋਬਿੰਦ ਸਿੰਘ ਜੀ ਦੇ ਉਹ ਸ਼ਬਦ, ਜੋ ਉਨ੍ਹਾਂ ਬਾਬਾ ਬੰਦਾ ਸਿੰਘ ਨੂੰ ਪੰਜਾਬ ਭੇਜਣ ਵੇਲੇ ਆਖੇ, ਸਦਾ ਯਾਦ ਰੱਖਣੇ ਚਾਹੀਦੇ ਹਨ। ਬਚਨ ਸਨ : ਪੰਜਾਬ ਨੂੰ ਜਾਓ ਤੇ ਜਾ ਕੇ ਜਿਨ੍ਹਾਂ ਵੀ ਸਾਡੇ ਪਿਆਰੇ ਸੇਵਕ ਬੁੱਧੂ ਸ਼ਾਹ ਫ਼ਕੀਰ ਨੂੰ ਕਤਲ

1. ਹੁਕਮਨਾਮਾ ਸੰਗਤ ਧੌਲਪੁਰ ਦੇ ਨਾਂ।

Sri Satguru Jagjit Singh Ji eLibrary NamdhariElibrary@gmail.com

ਕੀਤਾ ਸੀ, ਉਨ੍ਹਾਂ ਨੂੰ ਸਜ਼ਾਵਾਂ ਦੇਵੋ।' ਇਹ ਹੀ ਕਾਰਨ ਹੈ ਕਿ ਬਾਬਾ ਬੰਦਾ ਸਿੰਘ ਨੇ ਪਹਿਲਾਂ ਸਮਾਣਾ ਤੇ ਸਾਢੌਰਾ ਤੇ ਫਿਰ ਸਰਹੰਦ ਉੱਤੇ ਕਬਜ਼ਾ ਕੀਤਾ, ਜਿਸ ਦੀ ਨੌਈਅਤ ਨੂੰ ਸਮਝੇ ਬਗ਼ੈਰ ਮੈਲਕਮ, ਕਨਿੰਘਮ ਤੇ ਲਤੀਫ਼ ਨੇ ਦੂਸ਼ਨ ਲਗਾ ਦਿੱਤੇ। *ਦੂਸਰੇ*, ਜੰਗੀ ਨੁਕਤਾ ਨਿਗਾਹ ਤੋਂ ਵੀ ਸਰਹੰਦ ਪਹਿਲਾਂ ਆਉਂਦਾ ਸੀ। ਕੀਰਤਪੁਰ ਦੇ ਲਾਗੇ ਅਤੇ ਅਨੰਦਪੁਰ ਦੇ ਨੇੜੇ ਹੋਣ ਕਾਰਨ ਸਰਹੰਦ ਵੱਡੀ ਰੁਕਾਵਟ ਸੀ।

*ਤੀਸਰੇ*, ਸਿੱਖਾਂ ਦੀਆਂ ਸਾਰੀਆਂ ਹੀ ਛੁਪਨਗਾਹਾਂ ਸਰਹੰਦ ਦੇ ਲਾਗੇ ਸਨ। ਵਜ਼ੀਰ ਖ਼ਾਨ ਇਸ ਟਿਕਾਣੇ ਤੋਂ ਹੱਥ ਵਧਾ ਕੇ ਸਿੱਖਾਂ ਨੂੰ ਕੁਝ ਚਿਰ ਲਈ ਨਿਰਬਲ ਕਰ ਦੇਂਦਾ ਸੀ।

*ਚੌਥੇ*, ਸਰਹੰਦ ਦੀ ਹਾਰ ਨਾਲ ਬਾਕੀਆਂ ਨੂੰ ਕੰਨ ਹੋ ਜਾਣੇ ਸਨ। ਸੋ ਸਰਹੰਦ ਨੂੰ ਪਹਿਲਾ ਨਿਸ਼ਾਨਾ ਬਣਾਉਣਾ ਹਰ ਨੁਕਤਾ ਨਿਗਾਹ ਤੋਂ ਜਾਇਜ਼ ਸੀ। ਵਜ਼ੀਰ ਖ਼ਾਨ ਮੁੱਖ ਸ਼ਾਹਕਾਰ ਸੀ ਤੇ ਉਸ ਨੂੰ ਹਟਾਉਣਾ ਜ਼ਰੂਰੀ ਸੀ।

ਬਾਬਾ ਬੰਦਾ ਸਿੰਘ ਵੇਲੇ ਲਹਿਰ ਦੀ ਨੌਈਅਤ ਪ੍ਰਗਟਾਉਣ ਲਈ ਮਲੇਰ ਕੋਟਲੇ ਦੀ ਘਟਨਾ ਵੀ ਕਾਫ਼ੀ ਸਹਾਇਤਾ ਕਰਦੀ ਹੈ। ਜੇ ਬਦਲੇ ਦੀ ਨੌਈਅਤ ਹੁੰਦੀ ਤਾਂ ਸ਼ਹਿਰ ਮਲੇਰ ਕੋਟਲਾ ਵੀ ਢਾਹ ਢੇਰੀ ਕੀਤਾ ਜਾਂਦਾ। ਬੀਬੀ ਅਨੂਪ ਕੌਰ ਦੀ 'ਕਬਰ' ਲੱਭਣ ਤਕ ਹੀ ਬੰਦਾ ਸਿੰਘ ਸੀਮਤ ਰਹੇ। ਲੁੱਟ ਦੇ ਖ਼ਿਆਲ ਨਾਲ ਮਲੇਰ ਕੋਟਲੇ ਨਹੀਂ ਗਏ, ਸਗੋਂ ਉੱਚੇ ਆਦਰਸ਼ ਨਾਲ, ਸਿੱਖੀ ਰਹੁ-ਰੀਤੀ ਦੀ ਰੱਖਿਆ ਲਈ।

*ਪੰਜਵੇਂ*, ਦੋਖੀਆਂ ਨੂੰ ਸਜ਼ਾ ਦੇਣੀ ਵੀ ਗੁਰੂ ਗੋਬਿੰਦ ਸਿੰਘ ਜੀ ਦਾ ਆਦਰਸ਼ ਸੀ। 'ਚੁਣਿ ਚੁਣਿ ਸਤ੍ਰ ਹਮਾਰੇ ਮਾਰੀਅਨਿ' ਸਾਰੇ ਪੰਥ ਦੀ ਨਿਤ ਦੀ ਬੇਨਤੀ ਅਤੇ ਅਰਦਾਸ ਹੈ। ਦੋਖੀਆਂ ਦੀ ਲਿਸਟ ਕਾਫ਼ੀ ਲੰਮੀ ਸੀ, ਪਰ ਰਾਮਰਾਈਏ, ਹਰਭਗਤੀਏ, ਸੱਯਦ, ਸ਼ੇਖ਼, ਕਲਾਨੌਰੀਏ ਉੱਘੇ ਸਨ। ਸੋ ਸਰਹੰਦ ਦੀ ਜਿੱਤ ਉਪਰੰਤ ਬਾਬਾ ਬੰਦਾ ਸਿੰਘ ਉਸ ਪਾਸੇ ਜੁਟੇ ਰਹੇ।

*ਛੇਵੇਂ*, ਬੰਦਾ ਸਿੰਘ ਨੂੰ ਜੋ ਉਦੇਸ਼ ਗੁਰੂ ਜੀ ਨੇ ਨੰਦੇੜ ਤੋਂ ਟੁਰਨ ਵੇਲੇ ਦੇ ਦਿੱਤੇ ਸਨ, ਉਹ ਤਾਂ ਉਹਨਾਂ ਹੀ ਹੁਕਮਾਂ ਉੱਤੇ ਟੁਰਨ ਦੀ ਕੋਸ਼ਿਸ਼ ਕਰਦੇ ਰਹੇ। ਜਿਵੇਂ ਸਿੱਖਾਂ ਨੂੰ ਖ਼ੁਸ਼ ਰੱਖੀਂ, ਸਿੱਖਾਂ ਦਾ ਸਤਿਕਾਰ ਅਤੇ 'ਜਹਾਂ ਜਹਾਂ ਗੁਰ ਖ਼ਾਲਸਾ ਜੀ ਤਹਾਂ ਤਹਾਂ ਰਛਿਆ ਰਿਆਇਤ' ਦਾ ਆਦਰਸ਼ ਅਪਣਾਈਂ। ਦਿਉਬੰਦ ਦੇ ਫ਼ੌਜਦਾਰ ਜਲਾਲ ਖ਼ਾਨ ਵਿਰੁੱਧ ਫ਼ੌਜਕਸ਼ੀ ਇਸ ਪਾਸੇ ਦੀ ਹੀ ਮਿਸਾਲ ਹੈ।

*ਸੱਤਵੇਂ*, ਦੁਆਬੇ ਦੇ ਸਿੰਘਾਂ ਵਿਚ ਉਤਸ਼ਾਹ ਭਰਨਾ ਤੇ ਸਾਂਝੀ ਜਥੇਬੰਦੀ ਕਰਨੀ ਅਤੇ ਮਾਝੇ ਦੇ ਸਿੰਘਾਂ ਨੂੰ ਅੱਗੇ ਰੱਖਣਾ ਵੀ ਉਸ ਦੇ ਸੰਕੇਤਾਂ ਵਿਚ ਸੀ। ਉਹ ਆਪ ਕਿਧਰੇ ਵੀ ਗੁਰੂ ਨਹੀਂ ਬਣਿਆ, ਸੋਗੋਂ ਜਥੇਦਾਰ ਦੀ ਤਰ੍ਹਾਂ ਅਗਵਾਈ ਹੀ ਕਰਦਾ ਰਿਹਾ। ਸੋ ਬੰਦਾ ਸਿੰਘ ਵੇਲੇ ਸਿੱਖ ਲਹਿਰ ਨੂੰ ਕੋਈ ਵੱਖ ਕਿਸਮ ਦੀ ਲਹਿਰ ਕਹਿਣਾ ਠੀਕ ਨਹੀਂ।

*ਅੱਠਵੇਂ*, ਮੌਲਾਨਿਆਂ, ਸ਼ੇਖਾਂ, ਸੱਯਦਾਂ ਦਾ ਹੈਦਰੀ ਝੰਡਾ ਝੁਲਾਉਣਾ ਅਤੇ ਬੰਦਾ ਸਿੰਘ ਦੀ ਮੁਖ਼ਾਲਫ਼ਤ ਨੂੰ 'ਜਹਾਦ' ਦਾ ਨਾਮ ਦੇਣਾ ਇਹ ਦਰਸਾਉਣ ਲਈ ਕਾਫ਼ੀ ਹੈ ਕਿ ਵਿਰੋਧੀ ਇਸ ਲਹਿਰ ਨੂੰ ਕਿਸ ਨਜ਼ਰ ਨਾਲ ਦੇਖਦੇ ਸਨ। ਜੇ ਸਿਰਫ਼ ਗੱਲ ਸਰਹੰਦ ਤਕ ਹੀ ਹੁੰਦੀ ਤਾਂ ਸਾਰੇ ਮੁਸਲਮਾਨ ਇਕੱਠੇ ਹੋ ਕੇ ਇਤਨਾ ਜਹਾਦ ਕਿਉਂ ਕਰਦੇ ? ਮੁਲਾਣੇ, ਸੱਯਦ ਬਾਬਾ ਬੰਦਾ ਸਿੰਘ ਦੀ ਜਿੱਤ ਵਿਚ ਆਪਣਾ ਸਦੀਆਂ ਦਾ ਭੜ ਟੁੱਟਦਾ ਦੇਖ ਰਹੇ ਸਨ। ੧੦ ਦਸੰਬਰ, ੧੭੧੦ ਨੂੰ ਜਦ ਬਹਾਦਰ ਸ਼ਾਹ ਨੇ ਇਹ ਫ਼ਰਮਾਨ ਜਾਰੀ ਕੀਤਾ ਕਿ ਜਿੱਥੇ

Sri Satguru Jagjit Singh Ji eLibrary NamdhariElibrary@gmail.com

ਵੀ (ਗੁਰੂ) ਨਾਨਕ ਦਾ ਨਾਮ ਲੇਵਾ ਮਿਲੇ, ਉਸ ਨੂੰ ਕਤਲ ਜਾਂ ਕੈਦ ਕਰ ਦਿੱਤਾ ਜਾਵੇ, ਤਾਂ ਉਹ ਇਸ ਲਹਿਰ ਨੂੰ ਦਬਾਉਣ ਲਈ ਉਪਰਾਲੇ ਕਰ ਰਿਹਾ ਸੀ। ਇੱਥੇ ਇਹ ਲਿਖਣਾ ਠੀਕ ਰਹੇਗਾ ਕਿ ਹਿੰਦੂ ਵੀ ਗਊ-ਬ੍ਰਾਹਮਣ ਨਾਲੋਂ ਸਿੱਖ ਨੂੰ ਪਨਾਹ ਦੇਣੀ, ਮਦਦ ਪਹੁੰਚਾਉਣੀ ਤੇ ਹਰ ਪ੍ਰਕਾਰ ਦੀ ਸੇਵਾ ਕਰਨੀ, ਵੱਧ ਪੁੰਨ ਸਮਝਦੇ ਸਨ। ਹਿੰਦੂ ਤਾਂ ਕਹਿੰਦੇ ਹੀ ਇਹ ਸਨ :

*ਸਿਖ ਬਚਾਵਨ ਹੈ ਬਡ ਕਰਮ।*
*ਗਊ ਬ੍ਰਾਹਮਣ ਤੋਂ ਸੌ ਗੁਨਾਂ ਧਰਮ।*

ਬੰਦਾ ਸਿੰਘ ਜੀ ਦੇ ਸ਼ਹੀਦ ਕੀਤੇ ਜਾਣ ਤੇ ਜਿਤਨੀ ਖ਼ੁਸ਼ੀ ਮੌਲਾਣਿਆਂ ਮਨਾਈ, ਉਹ ਇਸ ਗੱਲ ਦੀ ਸੂਚਕ ਹੈ ਕਿ ਕੱਟੜ-ਪ੍ਰਸਤ ਕਿਤਨੇ ਦੁਖੀ ਸਨ, ਪਰ ਇਤਨਾ ਕੁਝ ਹੋਣ ਦੇ ਬਾਵਜੂਦ ਬਾਬਾ ਜੀ ਨੇ ਜੰਗ ਨੂੰ ਧਾਰਮਕ ਰੰਗਣ ਨਾ ਦੇਣ ਦਿੱਤੀ। ਉਸ ਨੇ ਮੁਸਲਮਾਨਾਂ 'ਤੇ ਧਾਰਮਕ ਬੰਦਸ਼ਾਂ ਨ ਲਗਾਈਆਂ, ਬੂੜੀਏ ਦੇ ਜ਼ਿਮੀਂਦਾਰ ਜਾਨ ਮੁਹੰਮਦ ਨੂੰ ਪਰਗਨੇ ਦਾ ਜ਼ਿਮੀਂਦਾਰ ਥਾਪਣਾ ਤੇ ੧੮ ਅਪ੍ਰੈਲ ੧੭੧੪ ਦੀਆਂ ਖ਼ਬਰਾਂ ਵਿਚ ਲਿਖਿਆ ਮਿਲਦਾ ਹੈ ਕਿ ''ਬੰਦਾ ਸਿੰਘ ਮੁਸਲਮਾਨਾਂ ਨੂੰ ਕੋਈ ਦੁੱਖ ਨਹੀਂ ਦਿੰਦਾ। ਜੋ ਵੀ ਮੁਸਲਮਾਨ ਉਸ ਵੱਲ ਆਉਂਦਾ ਹੈ, ਉਹ ਉਸ ਦੀ ਦਿਹਾੜੀ ਤੇ ਤਨਖ਼ਾਹ ਨਿਯਤ ਕਰ ਕੇ ਉਸ ਦਾ ਧਿਆਨ ਰੱਖਦਾ ਹੈ। ਉਸ ਨੇ ਆਗਿਆ ਦਿੱਤੀ ਹੋਈ ਹੈ ਕਿ ਨਮਾਜ਼ ਤੇ ਖੁਤਬਾ ਜਿਵੇਂ ਮੁਸਲਮਾਨ ਚਾਹੁਣ ਪੜ੍ਹਨ। ਚੁਨਾਂਚਿ ਪੰਜ ਹਜ਼ਾਰ ਮੁਸਲਮਾਨ ਉਸ ਦੇ ਸਾਥੀ ਬਣ ਗਏ ਹਨ ਤੇ ਸਿੰਘਾਂ ਦੀ ਫ਼ੌਜ ਵਿਚ ਬਾਂਗ ਤੇ ਨਮਾਜ਼ ਦੀ ਖੁਲ੍ਹ ਹੈ।''

*ਨੌਵੇਂ*, ਜੇ ਨਿਰੋਲ ਬਦਲਾ ਲੈਣ ਵਾਲੀ ਗੱਲ ਹੁੰਦੀ ਤਾਂ ਸਰਹੰਦ ਦੀ ਜਿੱਤ ਤੋਂ ਬਾਅਦ ਗੱਲ ਖ਼ਤਮ ਹੋ ਜਾਂਦੀ, ਪਰ ਅਸਲ ਵਿਚ ਤਾਂ ਲਹਿਰ ਦਾ ਪਸਾਰ ਵੀ ਉਸ ਸਮੇਂ ਹੀ ਸ਼ੁਰੂ ਹੋਇਆ।

*ਦਸਵੇਂ*, ਬਹਾਦਰ ਸ਼ਾਹ ਦਾ ਰਾਜਪੂਤਾਂ ਵਿਰੁੱਧ ਲੜਨਾ ਛੱਡ ਕੇ ਪੰਜਾਬ ਵਿਚ ਬੰਦਾ ਸਿੰਘ ਨੂੰ ਜ਼ੇਰ ਕਰਨ ਆਉਣਾ ਪ੍ਰਗਟ ਕਰਦਾ ਹੈ ਕਿ ਬਹਾਦਰ ਸ਼ਾਹ ਸਿੱਖੀ ਜਦੋ-ਜਹਿਦ ਨੂੰ ਸਰਹੰਦ ਤਕ ਸੀਮਤ ਨਹੀਂ ਸੀ ਦੇਖਦਾ, ਸਗੋਂ ਉਸ ਦਾ ਪਸਾਰ ਖਿਲਰਿਆ ਹੋਇਆ ਦੇਖ ਰਿਹਾ ਸੀ। ਇਹ ਠੀਕ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਵੇਲੇ ਜਦੋ-ਜਹਿਦ ਬਹੁਤ ਹੱਦ ਤਕ (ਸਿਵਾਇ ਨਦੌਣ ਦੀ ਜੰਗ ਤੋਂ) ਸੁਰੱਖਿਆ ਲਈ ਜਾਂ ਬਚਾਵੀਂ (Defensive) ਸੀ, ਪਰ ਬੰਦਾ ਸਿੰਘ ਦੀਆਂ ਲੜੀਆਂ ਜੰਗਾਂ ਨਿਰੋਲ ਬਚਾਵੀਆਂ ਨਹੀਂ ਸਨ। ਆਦਰਸ਼ ਦਾ ਪਸਾਰ ਹੋ ਚੁੱਕਾ ਸੀ। ਇਸ ਤੋਂ ਪ੍ਰਭਾਵਤ ਹੋ ਕੇ ਬਾਬਾ ਬੰਦਾ ਸਿੰਘ ਨੂੰ ਕਈ ਇਤਿਹਾਸਕਾਰਾਂ ਨੇ ਲੁਟੇਰਾ, ਧਾੜਵੀ ਆਦਿ ਲਿਖਿਆ ਹੈ। ਲੁਟੇਰਾ ਕੌਣ ਸੀ ? ਇਸ ਬਾਰੇ ਵੀ ਸਪੱਸ਼ਟ ਹੋ ਜਾਇਗਾ ਜੇ ਬੰਦਾ ਸਿੰਘ ਦੀ ਫ਼ੌਜ ਦੀ ਬਣਤਰ ਦੇਖੀ ਜਾਏ।

ਚਾਰ ਕਿਸਮ ਦੇ ਲੋਕਾਂ ਅਤੇ ਜ਼ਥਿਆਂ ਨੇ ਬਾਬਾ ਬੰਦਾ ਸਿੰਘ ਨੂੰ ਸਹਿਯੋਗ ਦਿਤਾ। ਇਕ ਉਹ ਸਨ ਜੋ ਗੁਰੂ ਗੋਬਿੰਦ ਸਿੰਘ ਜੀ ਦੇ ਸਕੂਲ ਵਿਚ ਪੜ੍ਹੇ ਤੇ ਉਨ੍ਹਾਂ ਨਾਲ ਸੰਬੰਧ ਰੱਖਦੇ ਸਨ। ਉਹ ਸਾਰੇ ਕਿਸੇ ਆਗੂ ਦੀ ਉਡੀਕ ਵਿਚ ਸਨ। ਉਹ ਹੀ ਘੜੀ-ਮੁੜੀ ਗੁਰੂ ਜੀ ਨੂੰ ਲਿਖ ਰਹੇ ਸਨ ਕਿ ਪੰਜਾਬ ਮੁੜਨ ਦੀ ਕ੍ਰਿਪਾ ਕਰੋ। ਜਦ ਉਨ੍ਹਾਂ ਬਾਬਾ ਬੰਦਾ ਸਿੰਘ ਦਾ ਪੰਜਾਬ ਆਉਣਾ ਸੁਣਿਆ ਤਾਂ ਖ਼ੁਸ਼ੀ-ਖ਼ੁਸ਼ੀ ਬੰਦਾ ਸਿੰਘ ਜੀ ਨਾਲ ਸ਼ਾਮਲ ਹੋਏ। ਉਨ੍ਹਾਂ

Sri Satguru Jagjit Singh Ji eLibrary NamdhariElibrary@gmail.com

ਵਿਚ ਹੀ ਭਾਈ ਬਾਜ ਸਿੰਘ, ਆਲੀ ਸਿੰਘ, ਮਾਲੀ ਸਿੰਘ, ਭਾਈ ਬਿਨੋਦ[1] ਸਿੰਘ ਭਾਈ ਫ਼ਤਿਹ ਸਿੰਘ ਸਨ। ਇਹ ਕਿਸੇ ਲਾਲਚ ਜਾਂ ਖ਼ੁਦਗਰਜ਼ੀ ਤਹਿਤ ਸ਼ਾਮਲ ਨਹੀਂ ਸਨ ਹੋਏ, ਸਗੋਂ ਧਰਮ ਯੁੱਧ ਕਰ ਕੇ ਜੰਗ ਲੜ ਰਹੇ ਸਨ।

*ਦੂਸਰੇ,* ਰਾਮ ਸਿੰਘ ਤੇ ਤ੍ਰਿਲੋਕ ਸਿੰਘ ਨੇ ਕੁਝ ਜਥੇ ਬਾਬਾ ਬੰਦਾ ਸਿੰਘ ਦੀ ਫ਼ੌਜ ਵਿਚ ਭੇਜੇ। ਭਾਈ ਤ੍ਰਿਲੋਕ ਸਿੰਘ ਤੇ ਰਾਮ ਸਿੰਘ ਦੇ ਵਡਿੱਕਿਆਂ ਨੂੰ ਗੁਰੂ ਹਰਿਰਾਇ ਸਾਹਿਬ ਜੀ ਨੇ ਬਖ਼ਸ਼ਿਸ਼ ਕੀਤੀ ਸੀ ਤੇ ਫ਼ਰਮਾਇਆ ਸੀ : 'ਰੂਪ ਚੰਦ ਮਮ ਅਧਿਕ ਪਿਆਰਾ' ਅਤੇ ਉਹ ਗੁਰੂ ਘਰ ਦੇ ਰਿਣੀ ਸਨ।

*ਤੀਸਰੇ,* ਉਹ ਲੋਕੀਂ ਸਨ ਜੋ ਬਾਬਾ ਬੰਦਾ ਸਿੰਘ ਦੀ ਸ਼ਖ਼ਸੀਅਤ ਤੋਂ ਪ੍ਰਭਾਵਤ ਹੋ ਕੇ ਸ਼ਾਮਲ ਹੋਏ ਸਨ। ਬਾਬਾ ਜੀ 'ਦੁੱਧ ਪੁੱਤ' ਦੀ ਦਾਤ ਵੰਡਦੇ ਜਦ ਪੰਜਾਬ ਵੱਲ ਵਧ ਰਹੇ ਸਨ ਤਾਂ ਇਕ ਤਗੜਾ ਜਥਾ ਫ਼ੌਜ ਦਾ ਬਣ ਗਿਆ ਸੀ। ਉਹ ਹੀ ਪਿੱਛੋਂ ਬੰਦਈ ਕਰ ਕੇ ਪ੍ਰਸਿੱਧ ਹੋਏ।

*ਚੌਥੀ* ਕਿਸਮ ਉਨ੍ਹਾਂ ਲੋਕਾਂ ਦੀ ਸੀ ਜੋ ਬੰਦਾ ਸਿੰਘ ਦੀ ਚੜ੍ਹਤ ਸੁਣ ਕੇ ਉਨ੍ਹਾਂ ਨਾਲ ਆ ਰਲੇ ਸਨ। ਜਿਨ੍ਹਾਂ ਦਾ ਪੇਸ਼ਾ ਹੀ ਲੁੱਟ ਮਾਰ ਸੀ, ਪਰ ਲੜਨ ਵਿਚ ਢਿੱਲੜ ਸਨ। ਜਦ ਸਮਾਣਾ, ਸਢੌਰਾ ਅਤੇ ਸਰਹੰਦ ਦੀ ਜਿੱਤ ਹੋ ਗਈ ਤਾਂ ਇਨ੍ਹਾਂ ਦੇ ਕਈ ਜਥੇ ਆ ਰਲੇ। ਇਹ ਹੀ ਲੋਕੀਂ ਸਨ ਜੋ ਲੁੱਟਣ ਵਿਚ ਪਹਿਲ ਕਰ ਕੇ ਮਾਲ ਨਾ ਮਿਲਦਾ ਦੇਖ ਕੇ ਜਬਰ ਵੀ ਕਰਦੇ ਸਨ। ਇਨ੍ਹਾਂ ਨੂੰ ਰੋਕਣ ਲਈ ਬਾਬਾ ਬੰਦਾ ਸਿੰਘ ਨੇ ਕਈ ਵਾਰੀ ਹੁਕਮ ਜਾਰੀ ਕੀਤੇ, ਪਰ ਉਹ 'ਮਾਲੇ ਗ਼ਨੀਮਤ' ਸਮਝ ਕੇ ਲੁੱਟੀ ਜਾਂਦੇ ਸਨ। ਇਕ ਵਾਰੀ ਇਕ ਔਰਤ ਨੇ ਫ਼ਰਯਾਦ ਕੀਤੀ ਤੇ ਆਪੂੰ ਬੰਦਾ ਸਿੰਘ ਜੀ ਨੇ ਨਿਰਣਾ ਲੈ ਕੇ ਕਸੂਰਵਾਰ ਨੂੰ ਤੋਪ ਨਾਲ ਉਡਾਉਣ ਦਾ ਹੁਕਮ ਦਿੱਤਾ ਸੀ :

*'ਜਬਾਬ ਸੁਆਲ ਵਿਚਿ*
*ਅਖੌਤੀ 'ਸਿੱਖ' ਝੂਠਾ ਪਾਇਆ।*
*ਤੋਪ ਅਗੇ ਉਡਾਇ ਤਿਸ ਨੂੰ ਬੰਦੇ ਕਹਿਆ'*[2] *॥ ੪੦ ॥*

ਬਾਬਾ ਜੀ ਤਾਂ ਕਹਿੰਦੇ ਹੀ ਇਹ ਸਨ :

*'ਗ਼ਰੀਬ ਦੀ ਰੱਖਿਆ ਕਰੋ।*
*ਪਾਪ ਤਜੋ, ਧਰਮ ਨਾਲ ਰਾਜ ਕਰੋ।'*

ਇਨ੍ਹਾਂ ਲੋਕਾਂ ਕਾਰਨ ਹੀ ਬਾਬਾ ਬੰਦਾ ਸਿੰਘ ਨੂੰ ਜ਼ਾਲਮ ਠਹਿਰਾਇਆ ਗਿਆ। ਅਸਲ ਵਿਚ ਇਹ ਇਨਸਾਫ਼ ਨਹੀਂ। ਇਤਿਹਾਸਕਾਰਾਂ ਨੂੰ ਹਰ ਗੱਲ ਇਤਿਹਾਸਕ ਨੁਕਤਾ-ਨਿਗਾਹ ਤੋਂ ਹੀ ਦੇਖਣੀ ਸੋਭਦੀ ਹੈ। ਪਹਿਲੀਆਂ ਤਿੰਨ ਕਿਸਮਾਂ ਦੇ ਲੋਕਾਂ ਨੇ ਆਮ ਲੋਕਾਂ ਦੀ ਸੁਰੱਖਿਆ ਹੀ ਕੀਤੀ। ਸਰਹੰਦ ਦੀ ਲੁੱਟ ਨੂੰ ਰੋਕਣ ਦਾ ਹੁਕਮ ਦੇਣਾ ਇਕ ਉੱਘੀ ਮਿਸਾਲ ਹੈ ਜੋ ਪਤਾ ਨਹੀਂ ਇਤਿਹਾਸਕਾਰ ਕਿਉਂ ਅੱਖੀਆਂ ਤੋਂ ਓਹਲੇ ਕਰ ਜਾਂਦੇ ਹਨ। ਚੌਥੀ ਕਿਸਮ ਦੇ ਲੋਕ ਤਾਂ ਬਾਬਾ ਜੀ ਦੇ ਸੱਕੇ ਨਹੀਂ ਸਨ। ਦੁੱਖ ਵੇਲੇ, ਸੰਕਟ ਸਮੇਂ ਉਹ ਹੀ ਸਨ ਜੋ

---

1. ਭਾਈ ਬਿਨੋਦ ਸਿੰਘ ਗੁਰੂ ਅੰਗਦ ਦੇਵ ਜੀ ਦੇ ਪਰਵਾਰ ਵਿਚੋਂ ਸਨ। ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਵੇਲੇ ਉਹ ਨੰਦੇੜ ਹੀ ਸਨ।
2. ਬ੍ਰਿਤਾਂਤ :—ਬੰਦਾ ਸਾਹਿਬ ਜੀ, ਬੰਸਾਵਲੀਨਾਮਾ।

Sri Satguru Jagjit Singh Ji eLibrary NamdhariElibrary@gmail.com

ਪਹਿਲਾਂ ਨੱਠ ਸਾਥ ਛੱਡ ਜਾਂਦੇ ਸਨ।

**ਪਸਾਰ** : ਬਾਬਾ ਬੰਦਾ ਸਿੰਘ ਜਦ ਪੰਜਾਬ ਪੁੱਜੇ ਤਾਂ ਉਨ੍ਹਾਂ ਕੋਲ ਫ਼ੌਜ, ਸਿਪਾਹੀ, ਰਕਮ, ਤੋਪਾਂ ਤੇ ਘੋੜੇ ਹਾਥੀ ਨਹੀਂ ਸਨ। ਸਿਰਫ਼ ਇਕ ਆਦਰਸ਼ ਤੇ ਜਜ਼ਬਾ ਸੀ। ਸਿੱਖਾਂ ਨੇ ਆਪਣੀ ਆਦਤ ਮੁਤਾਬਕ ਕੋਈ ਜ਼ਖ਼ੀਰਾ ਆਦਿ ਵੀ ਇਕੱਠਾ ਨਹੀਂ ਕਰ ਰੱਖਿਆ ਸੀ। ਉਸ ਜਜ਼ਬੇ ਨੇ ਹੀ ਇਕ ਲਹਿਰ ਚਲਾ ਦਿੱਤੀ, ਜਿਸ ਕਾਰਨ ਚਾਰ ਕਿਸਮ ਦੇ ਲੋਕੀਂ ਇਕ ਝੰਡੇ ਥੱਲੇ ਇਕੱਠੇ ਹੋ ਗਏ। ਲਹਿਰ ਦਾ ਪਸਾਰ ਇਥੋਂ ਤਕ ਵਧ ਗਿਆ ਕਿ ਮਾਝੇ, ਦੁਆਬੇ ਤੇ ਮਾਲਵੇ ਵਿਚ ਸਿੱਖਾਂ ਤੋਂ ਬਗ਼ੈਰ ਕਿਸੇ ਦੀ ਗੱਲ ਹੁਣ ਚਲਦੀ ਹੀ ਨਹੀਂ ਸੀ। ਇਹ ਲਹਿਰ ਇਤਨੀ ਵਧ ਚੁੱਕੀ ਸੀ ਕਿ ਪੰਜਾਬ ਦੀਆਂ ਸਾਰੀਆਂ ਹਕੂਮਤਾਂ, ਸਰਹੰਦ, ਜਲੰਧਰ, ਸੁਲਤਾਨਪੁਰ, ਜੰਮੂ, ਲਾਹੌਰ ਰਲ ਕੇ ਵੀ ਇਸ ਵਧਦੇ ਹੜ੍ਹ ਨੂੰ ਨਾ ਰੋਕ ਸਕੀਆਂ। ਬੰਦਾ ਸਿੰਘ ਦਾ ਦਬਦਬਾ ਗੰਗ ਜਮਨ ਦੁਆਬ (ਸਹਾਰਨਪੁਰ, ਜਲਾਲਾਬਾਦ, ਦਿਉਬੰਦ), ਸਰਹੰਦ (ਪਾਨੀਪਤ, ਸੋਨੀਪਤ, ਸਮਾਨਾ, ਮਲੇਰਕੋਟਲਾ), ਪਹਾੜੀ ਰਿਆਸਤਾਂ (ਨਾਹਨ, ਕਹਿਲੂਰ, ਅਨੰਦਪੁਰ, ਸ੍ਰੀ ਨਗਰ, ਚੰਬਾ ਆਦਿ), ਦੁਆਬੇ (ਹੁਸ਼ਿਆਰਪੁਰ, ਸੁਲਤਾਨਪੁਰ, ਜਲੰਧਰ, ਕਰਤਾਰਪੁਰ), ਮਾਝੇ (ਅੰਮ੍ਰਿਤਸਰ, ਬਟਾਲਾ, ਕਲਾਨੌਰ) ਅਤੇ ਜੰਮੂ ਤਕ ਪੈ ਚੁੱਕਾ ਸੀ। ਵਿਲੀਅਮ ਇਰਵਨ ਨੇ ਲਿਖਿਆ ਹੈ ਕਿ ਜੇ ਕੋਈ ਨੀਵੀਂ ਜ਼ਾਤ ਵਾਲਾ ਸਿੱਖ ਸਜਕੇ ਨਿਸ਼ਾਨ ਸਾਹਿਬ ਝੁਲਾਂਦਾ ਵਾਪਸ ਆਪਣੇ ਪਿੰਡ ਮੁੜਦਾ ਤਾਂ ਸਵਾਗਤ ਕਰਨ ਲਈ ਪਿੰਡ ਦੇ ਚੌਧਰੀ ਅੱਗੇ ਜਾਂਦੇ ਤੇ ਧੀਆਂ ਦੇ ਡੋਲੇ ਵੀ ਪੇਸ਼ ਕਰਦੇ ਸਨ। ਖ਼ਾਲਸੇ ਨੇਂ ਕੋਈ ਆਕੀ ਨਾ ਰਹਿਣ ਦਿੱਤਾ। ਕਾਬਲ ਤਕ ਤਾਂ ਫ਼ਿਕਰ ਪੈ ਗਿਆ ਸੀ, ਮਤਾਂ ਬੰਦਾ ਕਾਬਲ 'ਤੇ ਹੱਲਾ ਨਾ ਬੋਲ ਦੇਵੇ। ਪਸਾਰ ਇਤਨਾ ਸੀ ਕਿ :

***'ਸਬਹਨ ਕੀ ਵਹੁ ਪੂਰੇ ਆਸ।***
***ਸਬਹਨ ਕੇ ਆ ਬਹੈ ਸੁ ਪਾਸ।'***

ਇਹ ਚਾਰੇ ਪਾਸੇ ਗੱਲ ਫੈਲ ਗਈ ਸੀ 'ਬੰਦਾ ਬੁਰੀ ਬਲਾਇ' ਅਤੇ ਕੋਈ ਪੰਜਾਬ, ਸਰਹੰਦ ਦੀ ਨਵਾਬੀ ਲੈਣ ਨੂੰ ਤਿਆਰ ਨਹੀਂ ਸੀ। ਫਿਰ ਜੁਰਅੱਤ ਆਮ ਜਨਤਾ ਵਿਚ ਕਿਤਨੀ ਭਰੀ ਜਾ ਚੁੱਕੀ ਸੀ ਕਿ ਇਕ ਵਾਰੀ ਇਕ ਪਿੰਡ ਦੇ ਲੋਕਾਂ ਨੇ ਆ ਸ਼ਿਕਾਇਤ ਕੀਤੀ ਕਿ ਉਥੋਂ ਦੇ ਦੋ ਚੌਧਰੀ ਤੰਗ ਕਰਦੇ ਹਨ ਤਾਂ ਹੁਕਮ ਦਿੱਤਾ ਕਿ ਇਨ੍ਹਾਂ ਪਿੰਡ ਵਾਸੀਆਂ ਨੂੰ ਪਹਿਲਾਂ ਤੋਪਾਂ ਨਾਲ ਉਡਾਓ, ਜਿਨ੍ਹਾਂ ਕੋਲੋਂ ਦੋ ਚੌਧਰੀ ਨਹੀਂ ਸਾਂਭੇ ਜਾਂਦੇ। ਇਸ਼ਾਰਾ ਪਿੰਡ ਨਿਵਾਸੀ ਸਮਝ ਗਏ ਅਤੇ ਚੌਧਰੀਆਂ ਨੂੰ ਸੋਧਿਆ। ਅਸਰਾਰਿ ਸਮਦੀ ਦੇ ਲਿਖਾਰੀ ਨੇ ਠੀਕ ਲਿਖਿਆ ਹੈ ਕਿ ਬਾਬਾ ਬੰਦਾ ਸਿੰਘ ਨੇ ਸੁਲਤਾਨੀ ਰੁਹਬ ਨੂੰ ਹੂੰਝ ਕੇ ਸੁੱਟ ਦਿੱਤਾ :

***"ਰੁਹਬੋ ਸੁਲਤਾਨੀ ਰੂ ਰਫ਼ਤਾ।"***

ਇਸ ਤਰ੍ਹਾਂ ਇਸ ਲਹਿਰ ਦਾ ਪਸਾਰ ਸਾਰੇ ਪੰਜਾਬ ਤੇ ਦਿੱਲੀ ਤਕ ਪੁੱਜ ਚੁੱਕਾ ਸੀ।

**ਬੰਦਾ ਸਿੰਘ ਅਸਫਲ ਕਿਉਂ ਹੋਏ** : ਪਰ ਇਹ ਇਤਿਹਾਸਕ ਸੱਚਾਈ ਹੈ ਕਿ ਉਸ ਸਮੇਂ ਸਿੱਖ ਸਦੀਵੀ ਤਾਕਤ ਨਾ ਬਣ ਸਕੇ। ਬਾਬਾ ਬੰਦਾ ਸਿੰਘ ਆਪਣੇ ਇਕ ਮਕਸਦ ਵਿਚ ਕਾਮਯਾਬ ਤਾਂ ਹੋਏ, ਪਰ ਸਦੀਵੀ ਕੋਈ ਸਲਤਨਤ ਕਾਇਮ ਨਾ ਹੋ ਸਕੀ। ਇਸ ਦੇ ਕਈ ਕਾਰਨ ਸਨ :

*ਪਹਿਲਾ* ਵੱਡਾ ਕਾਰਨ ਸਿੱਖਾਂ 'ਤੇ ਅਚਾਨਕ ਹਮਲਾ ਹੋਣਾ ਸੀ। ਗੁਰਦਾਸ ਨੰਗਲ ਇਕ ਥੇਹ ਹੀ ਸੀ। ਉਸ ਨੂੰ ਪੱਕਿਆਂ ਕਰਨ ਦਾ ਪ੍ਰਬੰਧ ਕੀਤਾ ਜਾ ਰਿਹਾ ਸੀ ਕਿ ਹਮਲਾ ਹੋ ਗਿਆ। ਕੱਚੀ ਗੜ੍ਹੀ ਤੇ ਅਚਾਨਕ ਹਮਲੇ ਨੇ ਲੱਕ ਤੋੜ ਦਿੱਤਾ। ਥੋੜ੍ਹੇ ਸਮੇਂ ਵਿਚ ਟਾਕਰੇ ਦਾ ਕਿਲ੍ਹਾ ਬਣਾਉਣਾ ਕਠਨ ਕੰਮ ਸੀ। ਲੋਹਗੜ੍ਹ ਤੋਂ ਪਿੱਛੇ ਹਟ ਜਾਣ ਦੇ ਕਈ ਰਸਤੇ ਸਨ। ਪਹਾੜੀਆਂ ਵਿਚ ਪੁੱਜ ਜਾਣ ਉਪਰੰਤ ਕੋਈ ਖ਼ਤਰਾ ਨਹੀਂ ਸੀ ਰਹਿੰਦਾ। ਗੁਰਦਾਸ ਨੰਗਲ ਦੇਖਦੇ ਹੀ ਦੇਖਦੇ ਘੇਰਾ ਇਤਨਾ ਸਖ਼ਤ ਹੋ ਗਿਆ ਕਿ ਬਾਹਰ ਆਉਣਾ ਜਾਣਾ ਨਹੀਂ ਸੀ ਕੀਤਾ ਜਾ ਸਕਦਾ। ਸਿੱਖਾਂ ਦਾ ਸਦਾ ਯਕੀਨ ਰਿਹਾ ਹੈ ਕਿ ਉਹ ਜ਼ਖ਼ੀਰੇ ਬਗ਼ੈਰ ਕੰਮ ਚਲਾ ਸਕਦੇ ਸਨ। ਰਾਤ ਨੂੰ ਦਸਤੇ ਤੇ ਜਥੇ ਨਿਕਲ ਕੇ ਦੁਸ਼ਮਣਾਂ ਦੇ ਕੈਂਪਾਂ ਵਿਚੋਂ ਆਪਣੇ ਗੁਜ਼ਾਰੇ ਲਈ ਅੰਨ ਲੈ ਆਉਂਦੇ ਸਨ। ਕੁਝ ਚਿਰ ਤਾਂ ਇਹ ਤੁਰਦਾ ਰਿਹਾ, ਪਰ ਇਸ ਵਾਰੀ ਬਹੁਤ ਦੇਰ ਐਸਾ ਨ ਹੋ ਸਕਿਆ। ਜਦ ਘੇਰਾ ਅੱਠੇ ਪਹਿਰ, ਦਿਨ ਰਾਤ ਲਗਾਤਾਰ ਅਤੇ ਹਰ ਸਮੇਂ ਰਹਿਣ ਲੱਗਾ ਤਾਂ ਰਸਦਾਂ ਪੁੱਜਣ ਦਾ ਰਾਹ ਬੰਦ ਹੀ ਹੋ ਗਿਆ। ਉਹ ਘੇਰਾ ਇਤਨਾ ਲੰਬਾ ਹੋ ਗਿਆ ਕਿ ਮੁਕੰਮਲ ਹਥਿਆਰ ਸੁੱਟਣ ਤੋਂ ਇਲਾਵਾ ਕੋਈ ਚਾਰਾ ਨਹੀਂ ਸੀ ਰਹਿ ਗਿਆ।

*ਦੂਜੇ,* ਸਿੱਖਾਂ ਕੋਲ ਟਾਕਰੇ ਲਈ ਨਾ ਹਾਥੀ, ਨਾ ਰਸਾਲਾ, ਨਾ ਬਾਰੂਦ ਤੇ ਨਾ ਤੋਪਖ਼ਾਨਾ ਸੀ। ਬਾਬਾ ਬੰਦਾ ਸਿੰਘ ਪੰਦਰਾਂ ਮਹੀਨੇ ਬਾਅਦ ਪੰਜਾਬ ਆਏ ਸਨ। ਜਦ ਟਾਕਰਾ ਇਕ ਨਾਲ ਹੁੰਦਾ ਸੀ ਤਾਂ ਸਫਲਤਾ ਹੋ ਜਾਂਦੀ ਸੀ, ਪਰ ਇਸ ਵਾਰੀ ਦਿੱਲੀ ਤੇ ਪੰਜਾਬ ਨੇ ਰਲ ਕੇ ਵੱਡਾ ਮਾਰੂ ਹਮਲਾ ਕੀਤਾ ਸੀ। ਦੁਸ਼ਮਣ ਨੂੰ ਠੱਲ੍ਹ ਪਾਉਣੀ ਤੇ ਜਿੱਤ ਪ੍ਰਾਪਤ ਕਰਨਾ ਮੁਸ਼ਕਲ ਹੋ ਗਿਆ। ਮੈਲਕਮ ਨੇ ਠੀਕ ਲਿਖਿਆ ਹੈ, ''ਸਿੱਖਾਂ ਦੀ ਫ਼ੌਜੀ ਸ਼ਕਤੀ ਆਪਣੀ ਅਨਘੜ ਅਵਸਥਾ (Primitive) ਵਿਚ ਸੀ।'' ਫ਼ੌਜੀ ਸ਼ਕਤੀ ਜਨਮ ਖੇਤਰ ਵਿਚ ਹੋਣ ਕਾਰਨ ਸਦੀਵੀ ਜਿੱਤ ਪ੍ਰਾਪਤ ਨਾ ਕਰ ਸਕੀ।

*ਤੀਜੇ,* ਜਦ ਦੁਸ਼ਮਣਾਂ ਦਾ ਹੱਲਾ ਤੇ ਘੇਰਾ ਸਖ਼ਤ ਹੋ ਗਿਆ ਅਤੇ ਮੁਸ਼ਕਲ ਤੇ ਔਕੜਾਂ ਦੇ ਦਿਨ ਵਧੇ ਤਾਂ ਚੌਥੀ ਸ਼੍ਰੇਣੀ ਦੇ ਲੋਕ ਸਾਥ ਛੱਡ ਕੇ ਭੱਜ ਉਠੇ। ਜੰਗ ਵਿਚੋਂ ਨਿਕਲਣ ਕਾਰਨ ਬਾਕੀ ਸਾਥੀਆਂ ਦੇ ਹੌਸਲਿਆਂ ਉੱਤੇ ਅਸਰ ਪਿਆ। ਉਨ੍ਹਾਂ ਜਾ ਕੇ ਘਿਰੇ ਸਿੱਖਾਂ ਦੀ ਕਮਜ਼ੋਰ ਹਾਲਤ ਬਾਰੇ ਦੁਸ਼ਮਣਾਂ ਨੂੰ ਦੱਸਿਆ, ਜਿਸ ਕਾਰਨ ਘੇਰਾ ਹੋਰ ਸਖ਼ਤ ਹੋ ਗਿਆ।

*ਚੌਥੇ,* ਪਿਛਲੇ ਦੋ ਸਾਲਾਂ ਤੋਂ ਬਾਬਾ ਬੰਦਾ ਸਿੰਘ ਜੀ ਵਿਰੁੱਧ 'ਕਾਨਾਫੂਸੀ' (ਵਿਸਪ੍ਰਿੰਗ ਕੈਂਪੇਨ) ਦਾ ਮੈਦਾਨ ਗਰਮ ਸੀ। ਬਾਬਾ ਜੀ ਦੀ ਸ਼ਖਸੀਅਤ ਤੇ ਕਰਤੱਵਾਂ ਵਿਰੁੱਧ ਗ਼ਲਤ ਪਰਚਾਰ ਕੀਤਾ ਜਾ ਰਿਹਾ ਸੀ। ਬਾਬਾ ਬੰਦਾ ਸਿੰਘ ਨੇ ਹੋਰ ਵਿਆਹ ਕਰਾ ਲਿਆ ਸੀ, ਜਿਸ ਨੂੰ ਦੁਸ਼ਮਣਾਂ ਨੇ ਖ਼ੂਬ ਵਰਤਿਆ। ਕਈਆਂ ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮਾਂ ਵਿਰੁੱਧ ਤੁਰਨ ਦਾ ਦੂਸ਼ਨ ਵੀ ਲਗਾਇਆ। ਇਸ ਵਿਰੋਧੀ ਪਰਚਾਰ ਦਾ ਇਤਨਾ ਅਸਰ ਸੀ ਕਿ ਪ੍ਰਾਚੀਨ ਪੰਥ ਪ੍ਰਕਾਸ਼ ਤਕ ਨੇ ਲਿਖਿਆ ਕਿ ਨਾਕਾਮਯਾਬੀ ਦੇ ਕਾਰਨ, ਬਾਬਾ ਜੀ ਨੇ ਮਾਤਾ ਸੁੰਦਰੀ ਨੂੰ ਗੁੱਸੇ ਕਰ ਲਿਆ ਸੀ, ਜਤ ਗਵਾ ਲਿਆ ਸੀ, ਸਾਥੀਆਂ ਨਾਲ ਉੱਚਾ ਬੋਲ ਵਿਗਾੜ ਲਈ ਸੀ, ਗੁਰੂ ਗੋਬਿੰਦ ਸਿੰਘ ਜੀ ਓਹਲੇ ਕਰ ਦਿੱਤੇ ਸਨ, ਪੰਥ ਦਾ ਅੰਗ ਨਾ ਰਹੇ, ਹੋਰ ਹੀ ਰਾਹ ਚੁਣ ਲਿਆ, ਘਰ ਬੇਟੀ ਹੋਈ ਤੇ ਦਬਾ ਦਿੱਤੀ, ਦੀ ਖ਼ਬਰ ਉਡਾ ਦਿੱਤੀ, ਸਿੱਖੀ ਨੂੰ ਨਿੱਜੀ ਸੁਖਾਂ ਲਈ ਵਰਤਣ ਲੱਗਾ ਅਤੇ ਕਮਾਈ ਛੱਡ ਦਿੱਤੀ।[1]

Sri Satguru Jagjit Singh Ji eLibrary NamdhariElibrary@gmail.com

ਜੰਗ ਦੇ ਤਰੀਕਿਆਂ ਵਿਚ ਬਾਬਾ ਬੰਦਾ ਸਿੰਘ ਨੇ ਕੁਝ ਤਬਦੀਲੀਆਂ ਵੀ ਲਿਆਂਦੀਆਂ ਸਨ, ਜਿਨ੍ਹਾਂ ਵਿਚ ਖ਼ਾਸ ਕਰ ਨਾਅਰੇ ਦੀ ਤਬਦੀਲੀ ਸੀ। ਬਾਬਾ ਬੰਦਾ ਸਿੰਘ 'ਫ਼ਤਹਿ ਦਰਸ਼ਨ' ਬੁਲਾਉਣ ਲੱਗ ਪਏ ਸਨ। ਵਿਰੋਧੀਆਂ ਨੇ ਇਸ ਨਾਅਰੇ ਨੂੰ 'ਵਾਹਿਗੁਰੂ ਜੀ ਕੀ ਫ਼ਤਹਿ' ਵਿਰੁੱਧ ਆਖ ਕੇ ਬਾਬਾ ਜੀ ਨੂੰ ਭੰਡਿਆ। ਇਹ ਖ਼ਬਰ ਵੀ ਫੈਲਾ ਦਿੱਤੀ ਗਈ ਕਿ ਬਾਬਾ ਬੰਦਾ ਸਿੰਘ ਗੁਰੂ ਬਣ ਬੈਠੇ ਹਨ। ਬਾਬਾ ਬੰਦਾ ਸਿੰਘ ਦੂਰ ਜੰਮੂ ਸਨ, ਇਸ ਲਈ ਸਾਰੀਆਂ ਊਝਾਂ ਦਾ ਜੁਆਬ ਦੇਣਾ ਉਨ੍ਹਾਂ ਲਈ ਮੁਸ਼ਕਲ ਸੀ। ਜਦ ਪੰਜਾਬ ਵਾਪਸ ਮੁੜੇ ਤਾਂ ਇਹ ਗੱਲਾਂ ਲੋਕਾਂ ਵਿਚ ਪ੍ਰਭਾਵ ਪਾ ਚੁੱਕੀਆਂ ਸਨ। ਭਾਵੇਂ ਉਨ੍ਹਾਂ ਆਉਂਦਿਆਂ ਇਹ ਹੀ ਲਿਖਿਆ : ਤੁਧੁ ਬਿਨ ਅਸੀ, ਅਸੀ ਬਿਨ ਤੁਸੀ। ਯਹ ਬਾਤ ਹਮਾਰੇ ਮਨ ਬਸੀ। ਪਰ ਪਹਿਲੇ ਵਾਲੀ ਖਿਚ ਸ਼ਕਤੀ ਬਾਬਾ ਬੰਦਾ ਸਿੰਘ ਜੀ ਵਿਚ ਨਹੀਂ ਸੀ ਰਹੀ। ਭਾਵੇਂ ਉਨ੍ਹਾਂ ਦੇ ਕਿਰਦਾਰ ਨੂੰ ਦੇਖ ਕੇ ਦੰਦ-ਚਰਚਾ ਘਟੀ, ਪਰ ਮੁਕੰਮਲ ਤੌਰ ਉੱਤੇ ਰੋਕ ਪਾਉਣੀ ਇਕ ਵੱਡਾ ਕੰਮ ਸੀ ਜੋ ਨਾ ਹੋ ਸਕਿਆ, ਕਿਉਂਕਿ ਜਲਦੀ ਹੀ ਘੇਰੇ ਵਿਚ ਆ ਗਏ।

*ਪੰਜਵੇਂ*, ਜਦ ਜੰਗ ਜ਼ੋਰਾਂ ਉੱਤੇ ਸੀ ਤਾਂ ਬਾਬਾ ਜੀ ਦੇ ਨਿਕਟ-ਵਰਤੀ ਸਾਥੀ ਸਰਦਾਰ ਬਿਨੋਧ ਸਿੰਘ ਦਾ ਕੁਝ ਵਿਰੋਧ ਹੋ ਗਿਆ। ਇਹ ਵਿਰੋਧ ਅਸੂਲੀ ਨਹੀਂ ਸੀ, ਸਿਰਫ਼ ਵਕਤੀ ਸੀ। ਜੰਗੀ ਨੁਕਤਾ-ਨਿਗਾਹ ਨਾਲ ਸਰਦਾਰ ਬਿਨੋਦ ਸਿੰਘ ਲੜਾਈ ਦਾ ਢੰਗ ਬਦਲਾਉਣਾ ਚਾਹੁੰਦੇ ਸਨ। ਬਾਬਾ ਬੰਦਾ ਸਿੰਘ ਨੇ ਇਤਫ਼ਾਕ ਨਾ ਕੀਤਾ। ਸਰਦਾਰ ਬਿਨੋਧ ਸਿੰਘ ਨੇ ਗੜ੍ਹੀ ਛੱਡ ਜਾਣੀ ਹੀ ਠੀਕ ਸਮਝੀ। ਬਾਬਾ ਬਿਨੋਦ ਸਿੰਘ ਜੀ ਦੇ ਗੜ੍ਹੀ ਛੱਡ ਜਾਣ ਉਪਰੰਤ ਟਾਕਰਾ ਕਰਨਾ ਹੋਰ ਕਠਨ ਹੋ ਗਿਆ। ਪੁਰਾਣੇ ਅਜ਼ਮਾਏ ਹੋਏ ਜਰਨੈਲ ਦੇ ਜਾਣ ਨਾਲ ਬਾਕੀ ਸਾਥੀਆਂ ਵਿਚ ਬਹੁਤ ਹੀ ਬੇਦਿਲੀ ਛਾ ਗਈ।

*ਛੇਵੇਂ*, ਇਸ ਕਿਸਮ ਦੀ ਡੱਟਵੀਂ ਲੜਾਈ ਸਿੱਖਾਂ ਲਈ ਪਹਿਲੀ ਸੀ। ਪਹਿਲਾਂ ਗੁਰੀਲਾ ਜੰਗ ਸੀ ਜਾਂ ਲੋਕਲ ਫ਼ੌਜਦਾਰਾਂ ਤੇ ਚੌਧਰੀਆਂ ਵਿਰੁੱਧ ਮੁਹਿੰਮਾਂ ਸਨ। ਦੁਸ਼ਮਣ ਦਾ ਅੰਦਾਜ਼ਾ ਵੀ ਗ਼ਲਤ ਲਗਾਇਆ ਗਿਆ ਸੀ। ਦਿੱਲੀ ਦੀ ਹਕੂਮਤ ਦੋ ਸਾਲਾਂ ਤੋਂ ਟਾਕਰੇ ਦੀ ਤਿਆਰੀ ਕਰ ਰਹੀ ਸੀ। ਬਾਬਾ ਬੰਦਾ ਸਿੰਘ ਨੂੰ ਪੰਜਾਬ ਆਉਂਦਿਆਂ ਹੀ ਜੰਗ ਵਿਚ ਜੂਝਣਾ ਪਿਆ। ਤਿਆਰੀ ਵੀ ਨਾ ਹੋ ਸਕੀ। ਗੜ੍ਹੀ 'ਤੇ ਕਬਜ਼ਾ ਹੋ ਗਿਆ। ਆਗੂ ਪਕੜੇ ਗਏ ਤੇ ਸ਼ਹੀਦ ਕੀਤੇ ਗਏ, ਪਰ ਜਿਵੇਂ ਉਨ੍ਹਾਂ ਤਸੀਹੇ ਝੱਲੇ ਉਹ ਪ੍ਰਗਟ ਕਰ ਗਏ ਕਿ ਆਦਰਸ਼ ਦੀ ਲਾਟ ਉਸੇ ਤਰ੍ਹਾਂ ਹੀ ਜਗਮਗਾ ਰਹੀ ਹੈ।

*****

---

1. ਬੰਦੇ ਤੇ ਯਹ ਚੂਕ ਸੁ ਭਈ।
ਪ੍ਰਿਥਮ ਸੁ ਮਾਤਾ ਗੁਸੇ ਗਈ।
ਦੂਜ, ਲਯੋ ਉਨ ਜਤ ਗਵਾਇ।
ਨਾਰਨ ਬਹੁ ਪਰਵਿਰਤਯੋ ਜਾਇ। ੧੧।
ਤੀਜੇ, ਬੀਰਨ ਵਿੱਦਯਾ ਗਈ।
ਉੱਡਨ ਕੀ ਸ਼ਕਤੀ ਬੀ ਖਈ।
ਚੌਥੇ, ਪੋਥੀ ਰਹੀ ਮੰਡੀ ਮਾਹੀ।
ਸੁਧ ਸੈਨ ਕੋ ਸੌਂਪੀ ਵਾਹਿ। ੧੨।
ਪੰਜਮ, ਸਤਿਗੁਰ ਕੀ ਨਿੰਦਯਾ ਕਰੀ।
ਛੇਵੇਂ, ਪੰਥ ਗੁਰ, ਬਿਗੜ ਸੁ ਪਰੀ।
ਸਤਵੇਂ, ਉਨ ਪੰਥ ਆਪ ਚਲਾਯੋ।
ਅਠਵੈਂ, ਬੇਟੀ ਉਸ ਤ੍ਰਿਯਾ ਦਬਾਯੋ। ੧੩।
ਨੌਮੈਂ, ਸਿੱਧੀ ਥੀ ਮੁਖਤ ਉਨ ਪਾਈ।
ਦਸਮੈ, ਬਹਯੋ ਵਹਿ ਛਡ ਕਮਾਈ।
(ਅਧਿਆਇ, ਤੁਰਕਾਂ ਨੇ ਘੇਰੇ ਵਿਚ ਬੰਦੇ ਨੂੰ ਤੰਗ ਕਰਨਾ)
(ਪ੍ਰਾਚੀਨ ਪੰਥ ਪ੍ਰਕਾਸ਼)

Sri Satguru Jagjit Singh Ji eLibrary NamdhariElibrary@gmail.com

# ਬਾਬਾ ਬੰਦਾ ਸਿੰਘ ਤੇ ਉਨ੍ਹਾਂ ਦੇ ਕਾਰਨਾਮੇ

(Baba Banda Singh and his Achievements)

੬

ਬਾਬਾ ਬੰਦਾ ਸਿੰਘ ਇਕ ਐਸਾ ਵਿਅਕਤੀ ਹੈ, ਜਿਸ ਵਿਰੁੱਧ ਸਮਕਾਲੀ ਮੁਸਲਮਾਨ ਇਤਿਹਾਸਕਾਰਾਂ ਨੇ ਰੱਜ ਕੇ ਲਿਖਿਆ ਹੈ। ਬੰਦਾ ਸਿੰਘ ਜੀ ਨੂੰ ਜਿਤਨਾ ਗ਼ਲਤ ਰੰਗ ਵਿਚ ਇਤਿਹਾਸਕਾਰਾਂ ਨੇ ਪੇਸ਼ ਕੀਤਾ ਹੈ, ਸ਼ਾਇਦ ਉਤਨਾ ਕਿਸੇ ਵੀ ਵਿਅਕਤੀ ਨੂੰ ਨਾ ਕੀਤਾ ਹੋਵੇ। ਸਮਕਾਲੀ ਲਿਖਤਾਂ ਤੋਂ ਹੀ ਪ੍ਰਭਾਵਤ ਹੋ ਕੇ ਅੰਗਰੇਜ਼ ਲਿਖਾਰੀਆਂ ਨੇ 'ਲਿਖ ਮਾਰੀ ਮਾਖੀ ਪੈ ਮਾਖੀ।'। ਜਦ ਮੈਲਕਮ ਨੇ ਲਿਖਿਆ ਕਿ 'ਬੰਦਾ (ਸਿੰਘ) ਭਾਵੇਂ ਇਕ ਬਹਾਦਰ ਜਰਨੈਲ, ਸਿਆਣਾ ਆਗੂ ਸੀ, ਪਰ ਉਹ ਇਕ ਜ਼ਾਲਮ ਤੇ ਕਠੋਰ ਸੁਭਾਅ ਦਾ ਮਾਲਕ ਸੀ। ਮੁਸਲਮਾਨ ਕੌਮ ਵਿਰੁੱਧ ਉਸ ਦਾ ਰੋਸ ਤੇ ਗੁੱਸਾ ਉਸ ਨੂੰ ਜ਼ਾਲਮ ਪਰਗਟਾਉਣ ਲਈ ਕਾਫੀ ਹੈ', ਤਾਂ ਮੈਲਕਮ 'ਤੇ ਮੁਸਲਮਾਨ ਲਿਖਾਰੀਆਂ ਦਾ ਪ੍ਰਭਾਵ ਸਪੱਸ਼ਟ ਪਿਆ ਦਿੱਸਦਾ ਹੈ। ਸਮਕਾਲੀ ਮੁਸਲਮਾਨ ਲਿਖਾਰੀਆਂ ਨੇ ਤਾਂ ਜ਼ਾਲਮ ਸਿੱਧ ਕਰਨ ਵਿਚ ਕੋਈ ਕਸਰ ਛੱਡੀ ਹੀ ਨਹੀਂ ਸੀ, ਪਰ ਪਿਛਲੀ ਸਦੀ ਦੇ ਲਿਖਾਰੀ ਲਤੀਫ਼ ਨੇ ਉਨ੍ਹਾਂ ਮੁਸਲਮਾਨ ਲਿਖਾਰੀਆਂ ਨੂੰ ਵੀ ਮਾਤ ਕਰ ਦਿੱਤਾ। ਲਤੀਫ਼ ਨੇ ਲਿਖਿਆ : ''ਭਾਵੇਂ ਬਹਾਦਰੀ ਇਕ ਸਤਿਕਾਰ ਕਰਨ ਵਾਲਾ ਗੁਣ ਹੈ ਤੇ ਆਉਣ ਵਾਲੀਆਂ ਨਸਲਾਂ ਬਹਾਦਰੀ ਦੇ ਗੁਣ ਨੂੰ ਸਤਿਕਾਰਦੀਆਂ ਹਨ ਤੇ ਉਸ ਬਹਾਦਰੀ ਦਾ ਪ੍ਰਭਾਵ ਗ੍ਰਹਿਣ ਕਰਦੀਆਂ ਹਨ, ਪਰ ਇਸ ਦੈਂਤ (ਬਾਬਾ ਬੰਦਾ ਸਿੰਘ) ਦੇ (ਬਹਾਦਰੀ) ਕਾਰਨਾਮੇ ਇਕ ਹੋਰ ਤਰ੍ਹਾਂ ਦੀ ਮਿਸਾਲ ਹਨ, ਜਿਸ ਦੀ ਕਿਸੇ ਨਾਲ ਤੁਲਨਾ ਨਹੀਂ ਕੀਤੀ ਜਾ ਸਕਦੀ। ਉਸ ਨੇ ਜੋ ਮੱਲਾਂ ਮਾਰੀਆਂ ਉਹ ਕੋਈ ਬਹਾਦਰੀ ਦੇ ਕਾਰਨਾਮੇ ਨਹੀਂ ਸਨ, ਸਗੋਂ ਨਫ਼ਰਤ, ਕੀਨਾ ਤੇ ਬੇਰਹਿਮੀ ਨਾਲ ਕਤਲ ਕਰਨ ਦੀਆਂ ਵਾਰਦਾਤਾਂ ਸਨ। ਉਹ (ਬੰਦਾ ਸਿੰਘ) ਬੇ-ਦੋਸ਼ਿਆਂ ਮੁਸਲਮਾਨਾਂ ਦਾ ਖ਼ੂਨ ਵਗਾਂਦਿਆਂ ਨਹੀਂ ਸੀ ਝਿਜਕਦਾ। ਉਸ ਦਾ ਇਕ ਹੀ ਨਿਸ਼ਾਨਾ ਸੀ ਕਿ ਖ਼ੂਨ ਵਗਾਇਆ ਜਾਏ। ਅੱਜ ਕਲ੍ਹ[1] ਉਸ ਦਾ ਨਾਮ ਹਿੰਦੁਸਤਾਨ ਦੇ ਕਿਸੇ ਵੀ ਹਿੱਸੇ ਵਿਚ ਕਦੀ ਵੀ ਸਤਿਕਾਰ ਨਾਲ ਨਹੀਂ ਲਿਆ ਜਾਂਦਾ, ਸਗੋਂ ਜਦ ਉਸ ਦਾ ਨਾਮ ਲਿਆ ਜਾਂਦਾ ਹੈ ਤਾਂ ਜਬਰ, ਜ਼ੁਲਮ ਤੇ ਖ਼ੂਨ ਦੇ ਪਿਆਸੇ ਦੀ ਭਿਆਨਕ ਸ਼ਕਲ ਸਾਹਮਣੇ ਆ ਜਾਂਦੀ ਹੈ।'' ਇਸ ਤੋਂ ਪ੍ਰਗਟ ਹੋ ਜਾਂਦਾ ਹੈ ਕਿ ਮੁਸਲਮਾਨ ਇਤਿਹਾਸਕਾਰਾਂ, ਭਾਵੇਂ ਉਹ ਅਠਾਰ੍ਹਵੀਂ ਸਦੀ ਦੇ ਸਨ ਜਾਂ ਉਨ੍ਹੀਵੀਂ ਸਦੀ ਦੇ, ਦੀਆਂ ਲਿਖਤਾਂ ਵਿਚ ਬੁਗ਼ਜ਼, ਕੀਨਾ ਤੇ ਗੁੱਸੇ ਦੀ ਬੂ ਆਉਂਦੀ ਹੈ।

---

1. ਉਨ੍ਹੀਵੀਂ ਸਦੀ ਦੇ ਆਖ਼ੀਰੀ ਦਹਾਕੇ ਵਿਚ।



Sri Satguru Jagjit Singh Ji eLibrary NamdhariElibrary@gmail.com

ਬਾਬਾ ਬੰਦਾ ਸਿੰਘ ਦੇ ਨਾਮ ਨਾਲ ਬੁਰੀ ਤੋਂ ਬੁਰੀ, ਭੈੜੀ ਤੋਂ ਭੈੜੀ ਅਤੇ ਮਾੜੀ ਤੋਂ ਮਾੜੀ ਕੋਈ ਅਜਿਹੀ ਵਾਰਦਾਤ ਨਹੀਂ ਜੋ ਜੋੜੀ ਨਾ ਗਈ ਹੋਵੇ। ਇਸ ਦਾ ਕਾਰਨ ਕੀ ਹੈ ? ਇਹ ਇਕ ਇਤਿਹਾਸਕਾਰ ਲਈ ਉਲਝਣ ਸੀ, ਪਰ ਇਹ ਉਲਝਣ ਆਪ ਹਲ ਹੋ ਜਾਏਗੀ ਜਦ ਬੰਦਾ ਸਿੰਘ ਦੇ ਕਾਰਨਾਮੇ ਅੱਖੀਆਂ ਸਾਹਮਣੇ ਲਿਆਂਦੇ ਜਾਣਗੇ। ਇਤਨੀ ਭਿਆਨਕ ਸ਼ਕਲ ਉਲੀਕਣ ਦਾ ਕਾਰਨ ਇਹ ਜਾਪਦਾ ਹੈ ਕਿ ਮੁਸਲਮਾਨ ਇਤਿਹਾਸਕਾਰਾਂ ਨੂੰ ਅੰਦਰ-ਖ਼ਾਤੇ ਕੋਈ ਰੋਸ ਸੀ ਜੋ ਦੂਜੀ ਤਰ੍ਹਾਂ ਉਹ ਪ੍ਰਗਟ ਕਰ ਰਹੇ ਸਨ।

ਅਸਲ ਗੱਲ ਇਹ ਹੈ ਕਿ ਬਾਬਾ ਬੰਦਾ ਸਿੰਘ ਪਹਿਲੇ ਪੰਜਾਬੀ ਸਿੱਖ ਸਨ ਜਿਨ੍ਹਾਂ ਸਦੀਆਂ ਦੇ ਬਣੇ ਮੁਗ਼ਲ (ਮੁਸਲਮਾਨ) ਰਾਜ ਦਾ ਭੜ ਤੋੜਦੇ ਹੋਏ ਜਿੱਤਾਂ ਪ੍ਰਾਪਤ ਕੀਤੀਆਂ ਸਨ। ਰਾਜ ਨੂੰ ਹਿਲਦਾ ਤੇ ਫਿਰ ਡਿੱਗਦਾ ਦੇਖ ਕੇ ਮੁਸਲਮਾਨਾਂ ਦਾ ਇਸਲਾਮੀ ਜਜ਼ਬਾ ਜਾਗ ਉਠਿਆ। ਇਤਿਹਾਸਕਾਰ ਦੀ ਥਾਂ ਤੁਅੱਸਬ ਨੇ ਲੈ ਲਈ। ਸਾਰਾ ਗੁੱਸਾ ਬਾਬਾ ਬੰਦਾ ਸਿੰਘ ਜੀ ਤੇ ਕੱਢਿਆ। ਜਿਵੇਂ ਮਹਾਰਾਸ਼ਟਰ ਵਿਚ ਸ਼ਿਵਾ ਜੀ ਮਰਹੱਟੇ ਨੇ ਤਲਵਾਰ ਉਠਾਈ ਤਾਂ ਉਹ ਵੀ ਮੁਸਲਮਾਨ ਇਤਿਹਾਸਕਾਰਾਂ ਦੇ ਅਤਾਬ ਤੋਂ ਬਚ ਨਾ ਸਕੇ। ਖਾਫ਼ੀ ਖ਼ਾਨ ਨੇ ਸ਼ਿਵਾ ਜੀ ਨੂੰ ਦਰਿੰਦਾ ਤਕ ਲਿਖਿਆ। ਤਿਵੇਂ ਹੀ ਖਾਫ਼ੀ ਖ਼ਾਨ ਤੇ ਹੋਰ ਇਤਿਹਾਸਕਾਰਾਂ ਨੇ ਬੰਦਾ ਸਿੰਘ ਨੂੰ ਦੈਂਤ, ਜ਼ਾਲਮ ਠਹਿਰਾਣ ਦਾ ਯਤਨ ਕੀਤਾ।

ਹੋਰ, ਇਤਿਹਾਸ ਲਿਖਣ ਵਾਲੇ ਜਾਂ ਤਾਂ ਮੁਗ਼ਲ ਬਾਦਸ਼ਾਹਾਂ ਦੇ ਸਰਕਾਰੀ ਲਿਖਾਰੀ ਸਨ ਜਾਂ ਉਨ੍ਹਾਂ ਦੇ ਰਾਜ ਦੇ ਹਮਾਇਤੀ। ਮਿਸਟਰ ਥਾਰੰਟਨ ਨੇ ਇਸ ਸਬੰਧੀ ਪੰਜਾਬ ਦੇ ਇਤਿਹਾਸ ਲਿਖਣ ਵਾਲਿਆਂ ਨੂੰ ਇਕ ਸੁੰਦਰ ਗੱਲ ਕਹੀ ਹੈ। ਉਹ ਲਿਖਦਾ ਹੈ, *''ਮੁਸਲਮਾਨ ਇਤਿਹਾਸਕਾਰਾਂ ਦੇ ਲਿਖੇ ਨੂੰ ਇਨ ਬਿਨ ਨਹੀਂ ਮੰਨ ਲੈਣਾ ਚਾਹੀਦਾ।''* ਇਤਿਹਾਸਕਾਰ ਮਿਲਜ਼ ਨੇ ਇਸ ਗੱਲ ਵੱਲ ਇਸ਼ਾਰਾ ਕਰਦੇ ਹੋਏ ਲਿਖਿਆ ਹੈ ਕਿ ਆਪਣੇ ਦੀਨ-ਭਰਾਵਾਂ ਨੂੰ ਜ਼ੇਰ ਹੁੰਦਾ ਦੇਖ ਕੇ ਮੁਸਲਮਾਨ ਲਿਖਾਰੀਆਂ ਨੇ ਹਰ ਕਿਸਮ ਦੇ ਅਤਿਆਚਾਰ ਦਾ ਜ਼ਿੰਮੇਵਾਰ ਬੰਦਾ ਸਿੰਘ ਨੂੰ ਠਹਿਰਾਇਆ ਤਾਕਿ ਦੀਨੀ ਭਰਾਵਾਂ ਅੰਦਰ ਜਜ਼ਬਾ ਭਰਿਆ ਜਾ ਸਕੇ।

ਨਿਰੋਲ ਇਤਿਹਾਸਕ ਨੁਕਤਾ ਨਿਗਾਹ ਤੋਂ ਦੇਖਿਆਂ ਬੰਦਾ ਸਿੰਘ ਕੋਈ ਦੈਂਤ, ਜ਼ਾਲਮ ਜਾਂ ਬੇਰਹਿਮ ਨਹੀਂ, ਸਗੋਂ ਇਕ ਦਰਦੀ, ਰਹਿਮ ਦਿਲ, ਸਾਊ, ਸਮਤੋਲ 'ਬੰਦਾ' ਲੱਗੇਗਾ। ਭਲਾ ਕੋਈ ਪੁੱਛੇ ਕਿ ਐਸੇ ਹੁਕਮ :

*'ਇਸਤ੍ਰੀ ਤਨ ਜੋ ਗਹਿਣਾ ਹੋਈ,*
*ਤਾਕੋ ਹਾਥ ਨ ਲਾਓ ਕੋਈ।'*

ਅਤੇ—

*'ਪੁਰਸ਼ ਪੋਸ਼ਾਕ ਔਰ ਸਿਰ ਕੀ ਪਾਗ।*
*ਇਨ ਭੀ ਕੋਈ ਹਾਥ ਨ ਲਾਗ।'*

ਕੋਈ ਜ਼ਾਲਮ ਜਾਂ ਦੈਂਤ ਦੇ ਸਕਦਾ ਹੈ? ਦਰਿਆ-ਦਿਲ ਕਿਤਨੇ ਸਨ :

*'ਦੁਖੀਏ ਦੁਖ ਹੋਵੇ ਕਿਸ ਦੂਰ।*
*ਧਨ ਮਾਗੈ ਘਰ ਹੋਇ ਭਰਪੂਰ।'*

Sri Satguru Jagjit Singh Ji eLibrary NamdhariElibrary@gmail.com

ਬੰਸਾਵਲੀ ਨਾਮੇ ਦੀ ਵੀ ਗਵਾਹੀ ਹੈ ਕਿ ਬੰਦਾ ਸਿੰਘ ਸਭ ਨੂੰ ਇਹ ਹੀ ਕਹੇ :

*'ਗ਼ਰੀਬ ਦੀ ਰੱਖਿਆ ਕਰੋ,*
*ਪਾਪ ਤਜੋ, ਧਰਮ ਚਾਲ ਰਾਜ ਕਰੋ।'*

ਬੇਦੋਸ਼ੇ ਨੂੰ ਤੰਗ ਕਰਨ ਵਾਲੇ ਨੂੰ ਤਾਂ ਤੋਪ ਨਾਲ ਉਡਾਉਣ ਦੀ ਵੀ ਸਜ਼ਾ ਸੁਣਾ ਦਿੱਤੀ ਸੀ। ਦੁਸ਼ਮਨਾਂ ਨੇ ਲੱਖ ਜਤਨ ਕੀਤੇ ਕਿ ਉਸ ਦੇ ਗੁਣ ਛੁਪਾ ਲਏ ਜਾਣ, ਪਰ ਉਸ ਵਿਚ ਉਹ ਸਫਲ ਨਾ ਹੋ ਸਕੇ। ਮੁਹੰਮਦ ਸ਼ਫ਼ੀ, ਮਿਰਾਤ ਉਲ-ਵਾਰਦਾਤ ਵਿਚ ਲਿਖਦਾ ਹੈ ''(ਬੰਦਾ ਸਿੰਘ) ਉਹ ਆਪਣੇ ਆਗੂ (ਗੁਰੂ) ਗੋਬਿੰਦ ਸਿੰਘ ਨਾਲ ਕਈ ਗੱਲਾਂ ਵਿਚ ਮਿਲਦਾ ਸੀ। ਉਸ ਦੀ ਸ਼ਖਸੀਅਤ ਦਾ ਸਮੁੱਚਾ ਪ੍ਰਭਾਵ ਉਸ ਦੀਆਂ ਚਮਕਦੀਆਂ ਅੱਖਾਂ ਤੇ ਤਿੱਖੀ ਨਜ਼ਰ, ਉਸ ਦੇ ਦੁਸ਼ਮਣਾਂ ਉੱਤੇ ਵੀ ਅਸਰ ਛੱਡੇ ਬਗ਼ੈਰ ਨਹੀਂ ਸਨ ਰਹਿੰਦੀਆਂ।'' ਫ਼ਰਖ਼ਸੀਅਰ ਦਾ ਵੱਡਾ ਵਜ਼ੀਰ ਅਮੀਨ ਬਾਬਾ ਬੰਦਾ ਸਿੰਘ ਦੇ ਇਸਤਕਲਾਲ (Steadfastness) ਦਾ ਜ਼ਿਕਰ ਬੜੇ ਰੋਚਕ ਢੰਗ ਨਾਲ ਕਰਦਾ ਹੈ। ਜਿਸ ਬਹਾਦਰੀ ਤੇ ਸਹਿਨਸ਼ੀਲਤਾ ਨਾਲ ਬੰਦਾ ਸਿੰਘ ਜੀ ਨੇ ਮੌਤ ਨੂੰ ਕਬੂਲਿਆ ਉਹ ਅੱਜ ਤਕ ਅਖਾਣ ਬਣਿਆ ਹੋਇਆ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਇਹ ਗੁਰੂ ਗੋਬਿੰਦ ਸਿੰਘ ਜੀ ਸਨ, ਜਿਨ੍ਹਾਂ ਨੇ ਸਿੱਖਾਂ ਵਿਚ ਨਵੀਂ ਰੂਹ ਫੂਕੀ, ਪਰ ਇਹ ਨਿਰਸੰਦੇਹ ਕਿਹਾ ਜਾ ਸਕਦਾ ਹੈ ਕਿ ਇਹ ਬੰਦਾ ਸਿੰਘ ਦੀ ਅਗਵਾਈ ਹੀ ਸੀ ਜਿਸ ਨੇ ਸਿੱਖਾਂ ਨੂੰ ਪੰਜਾਬ ਵਿਚ ਇਕ ਅਮਿਟ ਤੇ ਅਜਿੱਤ ਦਲ ਬਣਾ ਦਿੱਤਾ। ਡਾਕਟਰ ਗੋਕਲ ਚੰਦ ਨਾਰੰਗ ਨੇ ਸੁੰਦਰ ਮਿਸਾਲ ਦਿੱਤੀ ਹੈ। ਉਹ ਲਿਖਦੇ ਹਨ : ''ਕਹਾਣੀ ਦਾ ਪਲਾਟ ਗੁਰੂ ਗੋਬਿੰਦ ਸਿੰਘ ਨੇ ਬਣਾਇਆ, ਅਦਾਕਾਰ ਵੀ ਗੁਰੂ ਗੋਬਿੰਦ ਸਿੰਘ ਜੀ ਨੇ ਆਪ ਸਿਆਣਪ ਨਾਲ ਤਿਆਰ ਕੀਤੇ, ਪਰ ਇਹ ਬੰਦਾ ਸਿੰਘ ਹੀ ਸੀ ਜਿਸ ਦੇ ਅਦਾਕਾਰਾਂ ਨੂੰ ਲੋਕਾਂ ਸਾਹਮਣੇ ਲਿਆਂਦਾ ਤੇ ਚੰਗੀ ਤਰ੍ਹਾਂ ਖਿਡਾਇਆ। ਗੁਰੂ ਗੋਬਿੰਦ ਸਿੰਘ ਨੇ ਬੀਜ ਬੀਜਿਆ ਤੇ ਫ਼ਸਲ (ਬਾਬਾ) ਬੰਦਾ (ਸਿੰਘ) ਨੇ ਕੱਟੀ।''

ਸਿੱਖ ਇਤਿਹਾਸਕਾਰ ਵੀ ਇਹ ਹੀ ਲਿਖਦੇ ਹਨ ਕਿ ਜੋ ਖ਼ਾਲਸਾ 'ਅੰਡ ਬੀਚ' ਸੀ, ਹੁਣ ਪ੍ਰਗਟ ਹੋ ਕੇ ਬੰਦਾ ਸਿੰਘ ਵੇਲੇ ਕੁੱਦਿਆ।

ਲਤੀਫ਼ ਦੇ ਟਾਕਰੇ ਮੈਗ੍ਰੇਗਰ ਦੇ ਲਫ਼ਜ਼ ਧਿਆਨ ਨਾਲ ਪੜ੍ਹਨ ਵਾਲੇ ਹਨ। ਉਸ ਦਾ ਕਥਨ ਹੈ : ਬੰਦਾ (ਸਿੰਘ) (ਸੰਸਾਰ ਦੇ) ਬਹਾਦਰਾਂ ਤੇ ਜਰਨੈਲਾਂ ਵਿਚ ਉੱਚੀ ਥਾਂ ਰੱਖਦਾ ਹੈ। ਉਸ ਦਾ ਨਾਮ ਹੀ ਪੰਜਾਬ ਤੇ ਪੰਜਾਬ ਤੋਂ ਬਾਹਰ ਮੁਗ਼ਲਾਂ ਵਿਚ ਦਹਿਸ਼ਤ ਫੈਲਾਉਣ ਲਈ ਕਾਫ਼ੀ ਸੀ।'' ਉਸ ਦੇ ਨਾਮ ਦਾ ਡਰ ਹੀ ਸੀ ਜਿਸ ਨੇ ਮੁਸਲਮਾਨ ਇਤਿਹਾਸਕਾਰਾਂ ਨੂੰ ਬਾਬਾ ਬੰਦਾ ਸਿੰਘ ਬਾਰੇ ਘਟੀਆ ਤੋਂ ਘਟੀਆ ਸ਼ਬਦ ਲਿਖਵਾਉਣ ਤੋਂ ਵੀ ਸੰਕੋਚ ਨਾ ਕਰਵਾਇਆ।

**ਇਕ ਸੁੱਘੜ ਜਰਨੈਲ :** ਬਾਬਾ ਬੰਦਾ ਸਿੰਘ ਦਾ ਜਰਨੈਲ ਦੇ ਤੌਰ ਉੱਤੇ ਕੋਈ ਵਿਰਲਾ ਹੀ ਟਾਕਰਾ ਕਰ ਸਕਦਾ ਹੈ। ਸੂਰਮਗਤੀ ਅਤੇ ਅਗਵਾਈ ਦੀਆਂ ਕਈ ਮਿਸਾਲਾਂ ਉਨ੍ਹਾਂ ਦੇ ਜੀਵਨ ਵਿਚੋਂ ਮਿਲਦੀਆਂ ਹਨ। ਸਰਹੰਦ ਆਪਣੇ ਸਮੇਂ ਦਾ ਮਜ਼ਬੂਤ ਗੜ੍ਹ ਸੀ। ਸਰਹੰਦ ਦਾ ਚੱਕਰ ਕੱਟ ਕੇ ਕੀਰਤਪੁਰ ਦੀਆਂ ਫ਼ੌਜਾਂ ਨਾਲ ਮਿਲਣਾ ਤੇ ਫਿਰ ਜਿੱਤ ਪ੍ਰਾਪਤ ਕਰਨੀ ਇਕ ਉੱਘੀ ਉਦਾਹਰਨ ਹੈ। ਸਰਹੰਦ ਜਿੱਤਣ ਉਪਰੰਤ ਸਰਹੰਦ ਤੋਂ ਦੂਰ ਕਿਲ੍ਹਾ ਲੋਹਗੜ੍ਹ ਥਾਪਣਾ, ਹਿਫ਼ਾਜ਼ਤ ਲਈ ੫੨ ਕਿਲ੍ਹੇ ਬਣਾਉਣੇ, ਸਾਢੌਰੇ ਤੋਂ ਬਾਹਰ ਸਦਾ ਟਾਕਰੇ ਉੱਤੇ

Sri Satguru Jagjit Singh Ji eLibrary NamdhariElibrary@gmail.com

ਰਹਿਣਾ, ਉਨ੍ਹਾਂ ਨੂੰ ਇਕ ਚੰਗਾ ਜਰਨੈਲ ਸਾਬਤ ਕਰਦਾ ਹੈ। ਕਿਤਨਾ ਡਰ ਸੀ ਬਾਬਾ ਜੀ ਦਾ ਕਿ ਲੋਕੀਂ ਕਹਿੰਦੇ ਕਿ ਇਹ ਹੋਣੀ ਸਿਰ ਆਈ ਹੈ। ਕਿਤਨੀ ਨਾਮ ਦੀ ਦਹਿਸ਼ਤ ਸੀ ਕਿ **'ਅਸਲਮ ਖ਼ਾਨ ਸੂਬਾ ਹੁਤੋ, ਸੁ ਲਹੌਰੋਂ ਬਾਹਰ ਨ ਜਾਇ।'** ਪਹਾੜੀਆਂ ਨੂੰ ਬੰਦਾ ਸਿੰਘ ਜੀ ਕਹਿਲਾ ਭੇਜਿਆ ਸੀ :

*ਮਾਰੂੰ ਤੁਮ ਕੋ ਢੋਲ ਬਜਾਈ।*

ਬਹਾਦਰ ਇਤਨੇ ਕਿ ਇਕੱਲਿਆਂ ਹੀ ਕਿਲ੍ਹਾ ਜਿਤਣ ਲਈ ਨਿਕਲ ਪੈਂਦੇ। ਬਾਬਾ ਬੰਦਾ ਸਿੰਘ ਨੇ ਜਿਵੇਂ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤ ਸਮਾ ਜਾਣ ਉਪਰੰਤ ਸਿੱਖ ਜਥਿਆਂ ਨੂੰ ਜੱਥੇਬੰਦ ਕੀਤਾ ਤੇ ਜਜ਼ਬਿਆਂ ਨੂੰ ਉਭਾਰਿਆ, ਉਹ ਉਨ੍ਹਾਂ ਨੂੰ ਆਗੂ ਸਿੱਧ ਕਰਨ ਲਈ ਇਕ ਚੰਗੀ ਮਿਸਾਲ ਹੈ। ਜਰਨੈਲ ਤੇ ਲੀਡਰ ਹੋਣ ਦੇ ਨਾਲ-ਨਾਲ ਬਾਬਾ ਬੰਦਾ ਸਿੰਘ ਧਰਮ ਦੇ ਕੰਮ ਵਿਚ ਵਧ ਚੜ੍ਹ ਕੇ ਹਿੱਸਾ ਲੈਂਦੇ ਸਨ।

**ਇਕ ਸਿੱਖ** : ਉਹ ਪੂਰਨ ਸਿੱਖ ਸਨ। ਅੰਮ੍ਰਿਤਧਾਰੀ ਸਨ। ਗੁਰੂ ਗੋਬਿੰਦ ਸਿੰਘ ਦੇ ਪੂਰਨਿਆਂ ਉੱਤੇ ਟੁਰਨ ਵਾਲੇ ਸਨ। ਭਾਈ ਰਤਨ ਸਿੰਘ ਭੰਗੂ ਦਾ ਕਹਿਣਾ ਹੈ ਕਿ ਹਰ ਕੰਮ ਕਰਨ ਤੋਂ ਪਹਿਲਾਂ ਬਾਬਾ ਬੰਦਾ ਸਿੰਘ ਅਰਦਾਸ ਕਰਦੇ ਸਨ। ਜੇ ਕੋਈ ਉਨ੍ਹਾਂ ਕੋਲ ਅਸ਼ੀਰਵਾਦ ਜਾਂ ਅਸੀਸ ਲਈ ਜਾਂਦਾ, ਉਸ ਨੂੰ ਸਿਰਫ਼ ਵਾਹਿਗੁਰੂ ਦਾ ਮੰਤਰ ਦਿੰਦੇ ਅਤੇ ਨਾਮ ਜਪਣ ਲਈ ਕਹਿੰਦੇ। ਆਪ ਬਾਣੀ ਬੜੀ ਸ਼ਰਧਾ ਨਾਲ ਪੜ੍ਹਦੇ ਸੁਣਦੇ। ਜਦ ਵੀ ਕੋਈ ਜਿੱਤ ਪ੍ਰਾਪਤ ਕੀਤੀ, ਸ਼ੁਕਰ, ਅਰਦਾਸ ਤੇ ਕੜਾਹ ਪ੍ਰਸ਼ਾਦਿ ਹੀ ਕਰਾਇਆ।[1] ਕਈ ਵਾਰੀ ਕਹਿੰਦੇ :

*'ਪ੍ਰਭ ਚਾਹੇ, ਮੇਰ ਤਿਣੋ ਉਠਾਇ।*
*ਪ੍ਰਭ ਚਾਹੇ, ਸਮੁੰਦ ਘੜਯੋ ਸੁਕਾਇ।'*

ਅਮੀਨ-ਉਦ-ਦਉਲਾ ਵੀ ਇਸ ਤਰ੍ਹਾਂ ਲਿਖਦਾ ਹੈ ਕਿ ''ਉਹ ਹਰ ਇਕ ਦਾ ਦਿਲ ਜਿੱਤ ਲੈਂਦਾ ਸੀ। ਜੋ ਕੋਈ ਉਸ ਕੋਲ ਆਉਂਦਾ ਭਾਵੇਂ ਉਹ ਹਿੰਦੂ ਜਾਂ ਮੁਸਲਮਾਨ ਹੁੰਦਾ, ਉਸ ਨੂੰ ਬੰਦਾ ਸਿੰਘ 'ਸਿੰਘ' ਸ਼ਬਦ ਨਾਲ ਸੰਬੋਧਨ ਕਰਦਾ।'' ਸਿੰਘ ਸਜਾਣ ਲਈ ਬਾਬਾ ਬੰਦਾ ਸਿੰਘ ਜੀ ਉਤਾਵਲੇ ਰਹਿੰਦੇ ਸਨ। ਕਈ ਮੁਸਲਮਾਨਾਂ ਨੂੰ ਵੀ ਅੰਮ੍ਰਿਤ ਛਕਾਇਆ। ਸਿੱਖ ਦਾ ਦਰਦ ਉਸ ਦੇ ਮਨ ਵਿਚ ਉਛਾਲੇ ਮਾਰਦਾ ਰਹਿੰਦਾ ਸੀ। ਦਿਉਬੰਦ ਦੇ ਨਵੇਂ ਸਜੇ ਸਿੱਖਾਂ ਉੱਤੇ ਜ਼ੁਲਮ ਹੁੰਦਾ ਦੇਖ ਕੇ ਉਨ੍ਹਾਂ ਹਮਲਾ ਕੀਤਾ ਸੀ। ਬੀਬੀ ਅਨੂਪ ਕੌਰ ਦੀ ਮਿਸਾਲ ਉਸ ਦਾ ਸਿੱਖ ਰਹੁ-ਰੀਤੀ ਨਾਲ ਪਿਆਰ ਪ੍ਰਗਟਾਉਂਦੀ ਹੈ। ਇਤਨਾ ਕੁਝ ਹੋਣ ਦੇ ਬਾਵਜੂਦ ਬਾਬਾ ਬੰਦਾ ਸਿੰਘ ਕਿਸੇ ਵੇਲੇ ਅਹੰਕਾਰ ਵਿਚ ਨਹੀਂ ਆਏ। ਮਨਮਾਨੀ ਨਹੀਂ ਕੀਤੀ। ਸਦਾ ਹੀ ਨਿਰਮਾਣਤਾ ਵਿਚ ਰਹੇ। ਹਮੇਸ਼ਾ ਇਹ ਹੀ ਕਹਿੰਦੇ :

*'ਮੈਂ ਹੂੰ ਉਸੀ ਪੁਰਖ ਕਾ ਦਾਸਾ,*
*ਕੀਯੋ ਜਿਸ ਖਾਲਸਾ ਪ੍ਰਕਾਸਾ।'*

---

1. ਬੰਦੈ ਕੇ ਦਿਲ ਭਯੋ ਉਛਾਹਿ।
ਕਹਯੋ ਬੰਦੇ 'ਕਰੋ ਸਤਿਗੁਰ ਕੜਾਹੁ।'
(ਮਝੈਲਾਂ ਦਾ ਮਿਲਣ ਦਾ ਪ੍ਰਸੰਗ—ਪ੍ਰਾਚੀਨ ਪੰਥ ਪ੍ਰਕਾਸ਼)

Sri Satguru Jagjit Singh Ji eLibrary NamdhariElibrary@gmail.com

ਉਨ੍ਹਾਂ ਕਦੇ ਵੀ ਆਪਣੇ ਆਪ ਨੂੰ ਗੁਰੂ ਨਹੀਂ ਕਿਹਾ ਅਤੇ ਨਾ ਹੀ ਕੋਈ ਐਸਾ ਕਰਮ ਕੀਤਾ ਜਿਸ ਨਾਲ ਇਹ ਸ਼ੱਕ ਵੀ ਪੈਂਦਾ ਹੋਵੇ। ਇਹ ਹੀ ਆਖਦੇ ਕਿ ਸਾਰੀ ਕਰਾਮਾਤ ਗੁਰੂ ਵਿਚ ਹੈ ਜਿਸ ਨੇ ਮੈਨੂੰ ਭੇਜਿਆ ਹੈ :

*'ਕਰਾਮਾਤ ਉਸ ਸਤਿਗੁਰ ਮਾਹੀ।*
*ਭੇਜਣ ਵਾਰੋ ਲਾਜ ਰਖਾਹੀ।'*

ਇਕ ਵਾਰੀ ਇਹ ਵੀ ਕਿਹਾ ਸੀ ਕਿ :

*'ਸਭ ਦੋਖੀਅਨ ਜਦ ਮਾਰ ਗਵਾਊਂ,*
*ਤੌ ਸਤਿਗੁਰ ਕੋ ਬੰਦਾ ਸਦਾਊਂ।'*

ਉਨ੍ਹਾਂ ਦਾ ਥਾਂ-ਥਾਂ ਭੇਜਿਆ ਹੁਕਮਨਾਮਾ ਇਸ ਗੱਲ ਦੀ ਗਵਾਹੀ ਹੈ। ਉਸ ਹੁਕਮਨਾਮੇ ਵਿਚ ਉਹ ਆਪਣੇ ਆਪ ਨੂੰ ਗੁਰੂ ਦਾ ਨਿਮਾਣਾ ਸੇਵਕ ਕਹਿੰਦੇ ਹਨ। ਉਸ ਵਿਚ ਸਪੱਸ਼ਟ ਲਿਖਦੇ ਹਨ, "ਜੋ ਕੋਈ ਬੰਦਾ ਸਿੰਘ ਦੀ ਖ਼ੁਸ਼ੀ ਲੈਣਾ ਚਾਹੁੰਦਾ ਹੈ ਉਹ ਸਿੱਖੀ ਰਹਿਤ ਤੇ ਅਸੂਲਾਂ ਉੱਤੇ ਟੁਰੇ।"[1] ਫੇਰ ਸਿੱਕੇ ਆਪਣੇ ਨਾਮ ਦੇ ਨਹੀਂ, ਗੁਰੂ ਦੇ ਨਾਮ ਤੇ ਅਤੇ ਸੀਲ ਮੁਹਰਾਂ ਵੀ ਗੁਰੂ ਦੇ ਨਾਮ ਦੀਆਂ ਖੁਦਾਈਆਂ। 'ਦੇਗ, ਤੇਗ, ਫਤਿਹ' ਸਾਡਾ ਅੱਜ ਤਕ ਦਾ ਨਾਅਰਾ ਹੈ।

**ਪ੍ਰਬੰਧਕ ਦੇ ਤੌਰ ਉੱਤੇ** : ਬਾਬਾ ਬੰਦਾ ਸਿੰਘ ਜਿਥੇ ਇਕ ਚੰਗੇ ਜਰਨੈਲ, ਆਗੂ, ਧਾਰਮਕ ਲਗਨ ਵਾਲੇ, ਪ੍ਰਚਾਰਕ, ਦਰਦੀ, ਰਹਿਮ-ਦਿਲ ਸਨ, ਉਥੇ ਇਕ ਚੰਗੇ ਰਾਜ-ਪ੍ਰਬੰਧਕ ਵੀ ਸਨ। ਇਸ ਵਿਚ ਕੋਈ ਸੰਦੇਹ ਨਹੀਂ ਕਿ ਬਾਬਾ ਜੀ ਦਾ ਰਾਜ ਕੁਝ ਸਾਲ ਹੀ ਰਿਹਾ, ਪਰ ਉਹ ਅਹਿਮੀਅਤ ਤੇ ਇਤਿਹਾਸ ਵਿਚ ਕਿਸੇ ਲੰਮੇਰੇ ਰਾਜ ਤੋਂ ਘੱਟ ਨਹੀਂ। ਨਵੀਂ ਰਾਜਧਾਨੀ 'ਮੁਖਲਿਸਪੁਰ' ਬਣਾਉਣੀ ਪ੍ਰਬੰਧਕ ਤੌਰ ਉੱਤੇ ਇਕ ਚੰਗਾ ਫ਼ੈਸਲਾ ਸੀ। ਫਿਰ ਲੋਹਗੜ੍ਹ ਤੇ ੫੨ ਕਿਲ੍ਹੇ ਅਤੇ ਰਸਤਿਆਂ ਵਿਚ ਕਿਲ੍ਹੇ ਬਣਾਉਣੇ ਦੂਰ-ਦ੍ਰਿਸ਼ਟੀ ਦਾ ਪ੍ਰਗਟਾਵਾ ਹੈ।

ਬਾਬਾ ਜੀ ਕਿਤਨੀ ਸੂਝ ਰੱਖਦੇ ਸਨ, ਉਸ ਦੀ ਉਦਾਹਰਨ, ਪਠਾਨਾਂ ਨੂੰ ਕਹੇ ਹੋਏ ਉਹ ਸ਼ਬਦ ਹਨ ਜਦ ਉਹ ਵਜ਼ੀਰ ਖ਼ਾਨ ਦੇ ਭੇਜੇ ਫ਼ੌਜਾਂ ਵਿਚ ਨੌਕਰ ਹੋਣ ਆਏ ਸਨ।

---

1. ਹੁਕਮਨਾਮੇ ਦੇ ਸ਼ਬਦ ਇਹ ਹਨ :
"੧ਓ ਫ਼ਤੇ ਦਰਸ਼ਨ
ਸਿਰੀ ਸਚੇ ਸਾਹਿਬ ਜੀ ਦਾ ਹੁਕਮ ਹੈ ਸਰਬਤ ਖਾਲਸਾ ਜਉਨਪੁਰ ਕਾ ਗੁਰੂ ਰੱਖੇਗਾ। ਗੁਰੂ ਗੁਰੂ ਜਪਣਾ, ਜਨਮ ਸਵਰੈਗਾ, ਤੁਸੀਂ ਸਿਰੀ ਅਕਾਲ ਪੁਰਖ ਜੀ ਕਾ ਖਾਲਸਾ ਹੋ, ਪੰਜ ਹਥਿਆਰ ਬੰਨ੍ਹਿ ਕੇ, ਹੁਕਮ ਵੇਖਦਿਆਂ ਦਰਸ਼ਨ ਆਵਣਾ, ਖਾਲਸੇ ਦੀ ਰਹਿਤ ਰਹਿਣਾ, ਭੰਗ, ਤੰਮਾਕੂ, ਅਫ਼ੀਮ, ਪੋਸਤ, ਦਾਰੂ ਅਮਲ ਕੋਈ ਨਹੀਂ ਖਾਣਾ, ਮਾਸ ਮਛਲੀ ਪਿਆਜ਼ ਨਹੀਂ ਖਾਣਾ, ਚੋਰੀ-ਯਾਰੀ ਨਹੀਂ ਕਰਨੀ। ਅਸਾਂ ਸਤਿਜੁਗ ਵਰਤਾਇਆ ਹੈ, ਆਪੋ ਵਿਚ ਪਿਆਰ ਕਰਨਾ। ਮੇਰਾ ਹੁਕਮ ਹੈ ਜੋ ਖਾਲਸੇ ਦੀ ਰਹਿਤ ਰਹੇਗਾ ਤਿਸ ਦੀ ਗੁਰੂ ਬਹੁੜੀ ਕਰੇਗਾ। ਮਿਤੀ ਪੋਹ 15 ਸੰਮਤ ਪਹਿਲਾ (ੳ) ਸਤਰਾਂ ਦਸ।"

(ੳ) ਸਰਹੰਦ ਨੂੰ ਜਿੱਤਣ ਦਾ ਸੰਮਤ। ਸਰਹੰਦ ਸੰਨ 1710 ਈ: ਵਿਚ ਜਿੱਤਿਆ ਸੀ। ਜਿਤੇ ਇਕ ਸਾਲ ਹੋ ਗਿਆ ਸੀ। ਇਕ ਹੋਰ ਫਿਰਤੂ ਚਿੱਠੀ ਵਿਚ ਇਹ ਲਿਖਿਆ ਸੀ :

**'ਜੋ ਖਾਲਸੇ ਮੈ ਆ ਰਲੇ, ਪਤਿਸ਼ਾਹੀਓ ਵਡਾ ਹੋਇ।'**

Sri Satguru Jagjit Singh Ji eLibrary NamdhariElibrary@gmail.com

ਕਹਿ ਦਿੱਤਾ ਸੀ : 'ਰੰਘੜੋ ! ਤੁਹਾਡੇ ਦਿਲ ਸਾਬਤ ਨਹੀਂ।' ਫਿਰ ਜਿਸ ਥਾਂ ਦੀ ਰੱਖਿਆ ਲਈ ਜਾਂਦੇ, ਪਹਿਲਾਂ ਤੀਵੀਆਂ, ਬੱਚਿਆਂ ਤੇ ਬੁੱਢਿਆਂ ਨੂੰ ਨਵੇਕਲੀ ਸੁਰੱਖਿਅਤ ਥਾਂ ਭੇਜ ਦਿੰਦੇ ਤਾਕਿ ਕਿਸੇ ਵਿਚ ਬੇ-ਦਿਲੀ ਨਾ ਆਵੇ।

ਬਾਬਾ ਬੰਦਾ ਸਿੰਘ ਦਾ ਸਭ ਤੋਂ ਵੱਡਾ ਕਾਰਨਾਮਾ ਜ਼ਮੀਨਦਾਰੀ ਨੂੰ ਖ਼ਤਮ ਕਰਨਾ ਸੀ। ਹਿੰਦੁਸਤਾਨ ਭਰ ਵਿਚ (ਸ਼ਾਇਦ ਸੰਸਾਰ ਵਿਚ) ਬੰਦਾ ਸਿੰਘ ਪਹਿਲਾ ਵਿਅਕਤੀ ਹੈ ਜਿਸ ਨੇ ਜ਼ਮੀਨਦਾਰੀ ਵਿਚ ਛੁਪੇ ਔਗੁਣਾਂ ਨੂੰ ਦੇਖਿਆ। ਔਗੁਣਾਂ ਦੀ ਜੜ੍ਹ ਉਖੇੜਨ ਦਾ ਬਾਬਾ ਬੰਦਾ ਸਿੰਘ ਨੇ ਫ਼ੈਸਲਾ ਕਰ ਲਿਆ। ''ਜ਼ਮੀਨ ਵਾਹਕ ਦੀ'' ਹੈ, ਇਹ ਪਹਿਲੀ ਵਾਰੀ ਹਿੰਦੁਸਤਾਨ ਵਿਚ ਪੰਜਾਬ ਦੇ ਸੂਬੇ ਵਿਚ ਅਪਣਾਇਆ ਗਿਆ। ਜ਼ਮੀਨ ਦਾ ਜਾਇਜ਼ਾ ਲੈ ਕੇ ਸਾਰੇ ਜ਼ਮੀਨਦਾਰਾਂ ਨੂੰ ਬੇਦਖ਼ਲ ਕੀਤਾ। ੧੭੧੦ ਦੀ ਸਤੰਬਰ ਨੂੰ ਜ਼ਮੀਨਾਂ ਵਾਹਕਾਂ ਵਿਚ ਵੰਡਣ ਦਾ ਪ੍ਰਬੰਧ ਕਰ ਦਿੱਤਾ। ਉਪਜ ਵਧਣ ਦੇ ਨਾਲ ਕਿਸਾਨਾਂ ਨੇ ਸੁਰੱਖਿਅਤਾ ਮਹਿਸੂਸ ਕੀਤੀ। ਇਹ ਹੀ ਕਾਰਨ ਹੈ ਕਿ ਪੰਜਾਬ ਵਿਚ ਕੋਈ ਵੱਡਾ ਜ਼ਮੀਨਦਾਰ ਵੇਖਣ ਨੂੰ ਨਹੀਂ ਹੈ। ਜੇ ਕੋਈ ਦਿੱਸਦੇ ਹਨ ਤਾਂ ਉਹ ਵਾਹਕਾਂ ਤੋਂ ਉਠ ਕੇ ਹੀ ਜ਼ਮੀਨਾਂ ਦੇ ਮਾਲਕ ਬਣੇ। ਜਾਗੀਰਾਂ ਤੇ ਜਾਗੀਰਦਾਰ ਖ਼ਤਮ ਹੋ ਗਏ। ਇਹ ਕਦਮ ਸਦੀਆਂ ਪਹਿਲਾਂ ਉਠਾਇਆ ਕਦਮ ਹੈ। ਭਾਵੇਂ ਸਦੀਵੀ ਤੌਰ ਉੱਤੇ ਬੰਦਾ ਸਿੰਘ ਰਾਜ ਕ਼ਾਇਮ ਨਾ ਕਰ ਸਕੇ, ਪਰ ਸਿੱਖਾਂ ਦੀ ਸਾਂਝੀਵਾਲਤਾ ਤੇ ਗ਼ਰੀਬ ਨਾਲ ਪਿਆਰ ਪ੍ਰਗਟ ਕਰਨ ਲਈ ਜ਼ਮੀਨਦਾਰੀ ਦਾ ਖ਼ਾਤਮਾ ਇਕ ਸੁੰਦਰ ਮਿਸਾਲ ਹੈ। ਇਹ ਗੱਲ ਸਿੱਖਾਂ ਤੇ ਬੰਦਾ ਸਿੰਘ ਨੇ ਸਮਝ ਲਈ ਕਿ ਵਾਹਕ ਦੀ ਦਸ਼ਾ ਸਵਾਰਨ ਦਾ ਇਕੋ ਇਹ ਹੀ ਤਰੀਕਾ ਹੈ ਕਿ ਜ਼ਮੀਨ ਵਾਹਕ ਦੇ ਹਵਾਲੇ ਕਰ ਦਿੱਤੀ ਜਾਏ। ਭਾਵੇਂ ਆਪਣੇ ਮਕਸਦ ਵਿਚ ਪੂਰਨ ਕਾਮਯਾਬੀ ਨਾ ਮਿਲ ਸਕੀ, ਪਰ ਰਾਹ ਦਰਸਾ ਗਏ। ਬੰਦਾ ਸਿੰਘ ਨੀਹਾਂ ਭਰ ਗਏ, ਪੂਰਨੇ ਪਾ ਗਏ। ਸਿੱਖ ਰਾਜ ਕਿਹੋ ਜਿਹਾ ਹੋਵੇਗਾ, ਉਸ ਦਾ ਨਕਸ਼ਾ ਉਹ ਲਕੀਰਾਂ ਸਨ ਜੋ ਬੰਦਾ ਸਿੰਘ ਨੇ ਪਾਈਆਂ। ਡਾਕਟਰ ਗੰਡਾ ਸਿੰਘ ਦੇ ਸ਼ਬਦ ਖ਼ਾਸ ਤੌਰ ਤੇ ਨੋਟ ਕਰਨ ਵਾਲੇ ਹਨ। ਉਹ ਲਿਖਦੇ ਹਨ : ''ਇਹ ਬਾਬਾ ਬੰਦਾ ਸਿੰਘ ਦੀਆਂ ਜਿੱਤਾਂ ਦਾ ਸਦਕਾ ਹੀ ਸੀ ਕਿ ਪੰਜਾਬੀਆਂ ਨੇ ਪਹਿਲੀ ਵਾਰ ਸਦੀਆਂ ਬਾਅਦ ਆਜ਼ਾਦੀ ਦਾ ਸਵਾਦ ਚਖਿਆ। ਉਹ ਪਹਿਲੇ ਪੁਰਸ਼ ਸਨ ਜਿਨ੍ਹਾਂ ਮੁਗਲਾਂ ਦੇ ਰਾਜ ਨੂੰ ਕਰੜੀ ਸੱਟ ਮਾਰੀ। ਇਹ ਉਹ ਹੀ ਸਨ ਜਿਨ੍ਹਾਂ ਮੁਗ਼ਲਾਂ ਦੇ ਬਣੇ ਭੱਤ ਨੂੰ ਤੋੜ ਕੇ ਸਿੱਖਾਂ ਨੂੰ ਰਾਜ ਅਸਥਾਪਣ ਕਰਨ ਯੋਗ ਬਣਾਇਆ। ਬੇਸ਼ਕ ੪੦ ਸਾਲ ਉਪਰੰਤ ਸਿੱਖਾਂ ਲਾਹੌਰ 'ਤੇ ਕਬਜ਼ਾ ਕੀਤਾ ਤੇ ਸਿੰਘ ਸਾਹਿਬ ਸੁਲਤਾਨਉਲ-ਕੌਮ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੂੰ ਪਾਤਸ਼ਾਹ ਥਾਪਿਆ, ਪਰ ਇਸ ਰਾਜ ਦੀਆਂ ਨੀਹਾਂ ਬਾਬਾ ਬੰਦਾ ਸਿੰਘ ਜੀ ਰੱਖ ਗਏ ਸਨ। ਡਾਕਟਰ ਗੋਕਲ ਚੰਦ ਨਾਰੰਗ ਲਿਖਦੇ ਹਨ : ''ਗੁਰੂ ਗੋਬਿੰਦ ਸਿੰਘ ਜੀ ਨੇ ਪੰਜਾਬ ਦੇ ਹਲਵਾਹਕਾਂ ਨੂੰ ਤਲਵਾਰ ਦਾ ਧਨੀ ਬਣਾਇਆ। ਉਨ੍ਹਾਂ ਬੀਜ ਬੀਜਿਆ ਤੇ ਬੰਦਾ (ਸਿੰਘ) ਨੇ ਫ਼ਸਲ ਦੀ ਕਟਾਈ ਕੀਤੀ। ਗੁਰੂ ਜੀ ਨੇ ਅਸੂਲ ਬਣਾਏ, ਬੰਦਾ ਸਿੰਘ ਨੇ ਉਨ੍ਹਾਂ ਅਸੂਲਾਂ ਨੂੰ ਅਮਲੀ ਜਾਮਾ ਪਹਿਨਾਉਣ ਲਈ ਸਿਰ ਜਾਨ ਦੀ ਬਾਜ਼ੀ ਲਗਾ ਦਿੱਤੀ। ਗੁਰੂ ਗੋਬਿੰਦ ਸਿੰਘ ਜੀ ਨੇ ਮੁਗ਼ਲਾਂ ਦੇ ਅਜਿੱਤ ਹੋਣ ਦਾ ਭਰਮ ਤੋੜਿਆ ਤੇ ਬਾਬਾ ਬੰਦਾ ਸਿੰਘ ਨੇ ਮੁਗ਼ਲਾਂ ਨੂੰ ਪੰਜਾਬ ਦੀ ਧਰਤੀ ਤੋਂ (ਕੁਝ ਸਮੇਂ ਲਈ) ਮਾਰ ਮੁਕਾਇਆ।'' ਲਤੀਫ਼ ਦਾ ਇਹ ਕਹਿਣਾ ਕਿ, ''ਬੰਦਾ ਸਿੰਘ ਦਾ ਨਾਮ ਇੱਜ਼ਤ ਨਾਲ ਨਹੀਂ ਲਿਆ ਜਾਂਦਾ ਤੇ

Sri Satguru Jagjit Singh Ji eLibrary NamdhariElibrary@gmail.com

ਨਾ ਲਿਆ ਜਾਏਗਾ, ਇਕ ਨਿਰਮੂਲ ਗੱਲ ਬਣ ਕੇ ਰਹਿ ਜਾਂਦੀ ਹੈ, ਜਦ ਸ਼ਹੀਦਾਂ ਦੀ ਲਿਸਟ ਵਿਚ ਬਾਬਾ ਜੀ ਦਾ ਨਾਮ ਉੱਘਾ ਹੈ। ਉਸ ਸਮੇਂ ਵੀ ਕਿਸੇ ਸਿੱਖ ਨੂੰ ਰਤਾ ਭਰ ਵੀ ਕੋਈ ਤਕਲੀਫ਼ ਹੁੰਦੀ ਸੀ ਤਾਂ ਬਾਬਾ ਬੰਦਾ ਸਿੰਘ ਪਾਸ ਆਉਂਦੇ ਸਨ। ਬਾਬਾ ਦੀਪ ਸਿੰਘ ਜੀ ਨੂੰ ਇਕ ਵਾਰੀ ਚਣੇ ਚਬਾਉਣ ਵਿਚ ਰਤਾ ਕੁ ਕਸ਼ਟ ਹੁੰਦਾ ਦੇਖਿਆ ਤਾਂ ਆਪ ਦੰਦ ਦਰਦ ਦੂਰ ਕੀਤਾ। ਆਲੀ ਸਿੰਘ ਦੇ ਦੋ ਪੁੱਤਰਾਂ ਦੀ ਸ਼ਹੀਦੀ ਵੇਲੇ ਆਪ ਸੰਗਤ ਨੂੰ ਅਰਦਾਸ ਕਰਨ ਲਈ ਕਿਹਾ ਤੇ ਸੰਗਤ ਨੇ ਉਨ੍ਹਾਂ ਨੂੰ ਬੇਨਤੀ ਕੀਤੀ। ਅਲੀ ਸਿੰਘ ਦੇ ਘਰ ਦੋ ਬੱਚੇ ਹੋਰ ਹੋਏ।

ਖ਼ਾਲਸਾ ਰਾਜ ਦੀਆਂ ਨੀਹਾਂ ਬਾਬਾ ਬੰਦਾ ਸਿੰਘ ਜੀ ਨੇ ਹੀ ਭਰੀਆਂ। ਜ਼ਿਮੀਂਦਾਰੀ ਖ਼ਤਮ ਕਰਨ ਵਾਲਾ ਉਹ ਹੀ ਜੋਧਾ ਹੈ। ਸਿੱਖ ਜਦ ਵੀ ਬੰਦਾ ਸਿੰਘ ਦੀ ਕਥਾ ਸੁਣਦੇ ਤੇ ਸੁਣਾਂਦੇ ਹਨ ਤਾਂ ਸ਼ਰਧਾ ਨਾਲ ਸਿਰ ਹੀ ਨਹੀਂ ਝੁਕਾਂਦੇ, ਸਗੋਂ ਰੌਂਗਟੇ ਖੜ੍ਹੇ ਹੋ ਜਾਂਦੇ ਹਨ। ਸਿੱਖ ਰਾਜ ਦੇ ਉਸਰੱਈਏ ਵਿਚ ਇਨ੍ਹਾਂ ਦਾ ਨਾਮ ਪਹਿਲਾ ਹੈ। ਸਭ ਤੋਂ ਵੱਧ ਬਾਬਾ ਜੀ ਦੀ ਲਗਨ, ਇਸਤਕਲਾਲ, ਸ਼ਰਧਾ, ਸਿੱਖੀ ਸਿਦਕ ਦੀਆਂ ਉਦਾਹਰਨਾਂ ਆਉਣ ਵਾਲੀਆਂ ਨਸਲਾਂ ਲਈ ਸਦਾ ਇਕ ਚਾਨਣ ਮੁਨਾਰੇ ਦਾ ਕੰਮ ਦੇਂਦੀਆਂ ਰਹਿਣਗੀਆਂ।

*****

Sri Satguru Jagjit Singh Ji eLibrary NamdhariElibrary@gmail.com

# ਬਿਖੜਾ ਅਤੇ ਬਿਪਤਾ ਭਰਿਆ ਸਮਾਂ

## ੭

**ਬਿਖੜਾ ਸਮਾਂ ਕਿਉਂ :** ਬਾਬਾ ਬੰਦਾ ਸਿੰਘ ਬਹਾਦਰ ੯ ਜੂਨ, ੧੭੧੬ ਨੂੰ ਦਿੱਲੀ ਵਿਖੇ ਫ਼ਰਖ਼ਸੀਅਰ ਦੇ ਹੁਕਮ ਨਾਲ ਤਸੀਹੇ ਦੇ-ਦੇ ਕੇ ਸ਼ਹੀਦ ਕਰ ਦਿੱਤੇ ਗਏ ਸਨ। ਬਾਬਾ ਜੀ ਦੀ ਸ਼ਹਾਦਤ ਉਪਰੰਤ ਸਿੱਖ ਇਤਿਹਾਸ ਵਿਚ ਸਿੱਖਾਂ ਲਈ ਅਤਿ ਬਿਖੜਾ ਸਮਾਂ ਅਰੰਭ ਹੋਇਆ। ਉਸ ਬਿਖੜੇ ਸਮੇਂ ਜਿਸ ਹਿੰਮਤ ਨਾਲ ਸਿੱਖਾਂ ਨੇ ਔਕੜਾਂ ਦਾ ਟਾਕਰਾ ਕਰਦੇ ਹੋਏ ਆਪਣੇ ਆਪ ਨੂੰ ਸੰਭਾਲਿਆ ਉਹ ਇਤਿਹਾਸ ਵਿਚ ਹੈਰਾਨੀ ਨਾਲ ਪੜ੍ਹੇ ਜਾਣ ਵਾਲੀ ਦਾਸਤਾਨ ਹੈ।

ਇਤਿਹਾਸ ਇਸ ਸਮੇਂ ਨੂੰ ਬਿਖੜਾ ਤੇ ਕਸ਼ਟਾਂ ਭਰਿਆ ਸਮਾਂ ਇਸ ਲਈ ਮਿੱਥਦਾ ਹੈ, ਕਿਉਂ ਜੋ ਕੋਈ ਐਸਾ ਅਤਿਆਚਾਰ ਨਹੀਂ ਹੋਵੇਗਾ ਜੋ ਸਿੰਘਾਂ ਉੱਤੇ ੧੭੧੬ ਤੋਂ ਲੈ ਕੇ ੧੭੪੮[1] ਤਕ ਨਾ ਢਾਹਿਆ ਗਿਆ ਹੋਵੇ। ਨਿਰੇ ਅੱਤਿਆਚਾਰ ਹੀ ਹੁੰਦੇ ਤਾਂ ਸਿੱਖ ਸਹਾਰ ਲੈਂਦੇ, ਪਰ ਆਪਸ ਦੇ ਝਗੜੇ ਵੀ ਸਾਹਮਣੇ ਆ ਗਏ। ਕਈ ਦਾਅਵੇਦਾਰ, ਕਈ ਪਖੰਡੀ, ਕਈ ਫ਼ਿਰਕੇ, ਕਈ ਅਖੌਤੀ ਆਗੂਆਂ ਨੇ ਪੰਥ ਨੂੰ ਹੋਰ ਦੁਬਿਧਾ ਵਿਚ ਪਾ ਦਿੱਤਾ। ਇਸ ਸਮੇਂ ਨੂੰ ਬਿਖੜਾ ਕਹਿਣ ਦੇ ਕਾਰਨ ਇਸ ਪ੍ਰਕਾਰ ਲਿਖੇ ਜਾ ਸਕਦੇ ਹਨ :

**ਪਹਿਲਾ, ਆਗੂ-ਰਹਿਤ ਹੋ ਜਾਣਾ :** ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਉਪਰੰਤ ਸਿੱਖਾਂ ਆਪਣੇ ਆਪ ਨੂੰ ਗੁਰੂ-ਰਹਿਤ ਤਾਂ ਮਹਿਸੂਸ ਨਾ ਕੀਤਾ, ਪਰ ਆਗੂ-ਰਹਿਤ ਅਨੁਭਵ ਕਰਨ ਲੱਗ ਪਏ ਸਨ। ਤੁਰੰਤ ਹੀ ਜਦ ਗੁਰੂ ਘਰੋਂ ਨਿਵਾਜੇ ਹੋਏ ਬਾਬਾ ਬੰਦਾ ਸਿੰਘ ਪੰਜਾਬ ਪੁੱਜ ਗਏ ਤਾਂ ਅਸਹਿ ਸੱਟ ਸਹਾਰਨੀ ਕੁਝ ਆਸਾਨ ਹੋ ਗਈ। ਬਾਬਾ ਬੰਦਾ ਸਿੰਘ ਨੇ ਤਕਰੀਬਨ ਅੱਠ ਸਾਲ ਆਗੂ ਦੀ ਥੁੜ ਨਾ ਮਹਿਸੂਸ ਹੋਣ ਦਿੱਤੀ। ਉਸ ਸਮੇਂ ਵਿਚ ਜੇ ਕੋਈ ਬਿਪਤਾ ਆਈ ਤਾਂ ਬੰਦਾ ਸਿੰਘ ਦੀ ਅਗਵਾਈ ਉਨ੍ਹਾਂ ਦੇ ਕੰਮ ਆਈ। ਸਿੱਖਾਂ ਮੱਲਾਂ ਵੀ ਮਾਰੀਆਂ, ਰਾਜ ਵੀ ਬਣਾਏ ਤੇ ਲੋਕ ਭਲਾਈ ਦੇ ਕੰਮ ਵੀ ਕੀਤੇ। ਬਾਬਾ ਬੰਦਾ ਸਿੰਘ ਦੀ ਸ਼ਹਾਦਤ ਉਪਰੰਤ ਪੂਰਨ ਤੌਰ ਉੱਤੇ ਸਿੱਖ ਕੌਮ ਆਗੂ ਰਹਿਤ ਹੋ ਗਈ। ਕੋਈ ਇਕ ਐਸਾ ਵਿਅਕਤੀ ਵੀ ਸਿੱਖ ਜਗਤ ਵਿਚ ਨਹੀਂ ਸੀ ਜੋ ਇਕ ਝੰਡੇ ਹੇਠਾਂ ਕੌਮ ਨੂੰ ਇਕੱਠਿਆਂ ਕਰ ਸਕਦਾ। ਕੋਈ ਇਕ ਵੀ ਆਗੂ ਐਸਾ ਨਹੀਂ ਸੀ ਜੋ ਸਾਰੀ ਕੌਮ ਦੇ ਵਿਸ਼ਵਾਸ

---

1. ਵੈਸਾਖੀ ੧੭੪੮ ਤਕ, ਜਦ ਗੁਰਮਤਾ ਪਾਸ ਕੀਤਾ ਕਿ ਜਥੇਬੰਦਕ ਤੌਰ ਉੱਤੇ ਹਰ ਮੁਸੀਬਤ ਦਾ ਮੁਕਾਬਲਾ ਕਰਾਂਗੇ।



Sri Satguru Jagjit Singh Ji eLibrary NamdhariElibrary@gmail.com

ਦਾ ਪਾਤਰ ਬਣ ਸਕਦਾ। ਮਾਤਾ ਸਾਹਿਬ ਦੇਵਾਂ ਨੇ ਮਾਮਾ ਕ੍ਰਿਪਾਲ ਸਿੰਘ ਜੀ ਨੂੰ ਭਾਵੇਂ ਕੁਝ ਸਿੱਖਾਂ ਨਾਲ ਅੰਮ੍ਰਿਤਸਰ ਭੇਜਿਆ, ਪਰ ਉਹ ਸਿਰਫ਼ ਦਰਬਾਰ ਸਾਹਿਬ ਦੀ ਸੇਵਾ ਸੰਭਾਲ ਵਿਚ ਹੀ ਜੁਟੇ ਰਹੇ ਅਤੇ ਗੋਲਕ ਵਧਣ ਕਾਰਨ ਬਿਖੇੜੇ ਵਧੇ। ਭਾਈ ਮਨੀ ਸਿੰਘ ਦੀ ਇਕ ਸ਼ਖਸੀਅਤ ਅਜਿਹੀ ਜ਼ਰੂਰ ਸੀ ਜੋ ਪਈਆਂ ਦੁਵਿਧਾਵਾਂ ਮੇਟਦੇ ਰਹੇ, ਪਰ ਜੰਗੀ ਜਰਨੈਲ ਦੇ ਤੌਰ ਤੇ ਉਹ ਸਿੱਖਾਂ ਨੂੰ ਅਗਵਾਈ ਨ ਦੇ ਸਕੇ। ਲੋੜ ਕਿਸੇ ਸੁਘੜ ਜਰਨੈਲ ਅਤੇ ਆਗੂ ਦੀ ਸੀ। ਆਗੂ ਦੀ ਅਣਹੋਂਦ ਨੇ ਸਿੱਖਾਂ ਦੇ ਉਸ ਸਮੇਂ ਨੂੰ ਅਤਿ ਬਿਖੜਾ ਬਣਾ ਦਿੱਤਾ। ਬਹੁਤ ਪਿੱਛੋਂ ਜਾ ਕੇ ਚੰਗੇ ਜਰਨੈਲਾਂ ਦੀ ਅਗਵਾਈ ਮਿਲ ਸਕੀ।

**ਦੂਸਰੇ, ਧੜੇ ਬਣ ਗਏ** : ਗੁਰਦਾਸ ਨੰਗਲ ਦੇ ਘੇਰੇ ਵੇਲੇ ਹੀ ਸਿੱਖਾਂ ਵਿਚ ਦੋ ਧੜੇ ਤੇ ਦੋ ਰਾਵਾਂ ਬਣ ਗਈਆਂ ਸਨ। ਬਾਬਾ ਬਿਨੋਦ ਸਿੰਘ ਦੇ ਗੜ੍ਹੀ ਛੱਡ ਜਾਣ ਕਾਰਨ ਉਹ ਪਾਟਾਂ ਪਰਪੱਕ ਹੋ ਗਈਆਂ ਤੇ ਸਿੱਖਾਂ ਵਿਚ ਪੱਕੇ ਧੜੇ ਬਣਾ ਗਈਆਂ। ਜ਼ਰੂਰਤ ਤਾਂ ਇਸ ਗੱਲ ਦੀ ਸੀ ਕਿ ਬਾਬਾ ਬੰਦਾ ਸਿੰਘ ਦੀ ਸ਼ਹਾਦਤ ਉਪਰੰਤ ਉਹ ਧੜੇ ਇਕਮੁੱਠ ਹੋ ਕੇ ਦੁਸ਼ਮਣਾਂ ਦਾ ਟਾਕਰਾ ਕਰਦੇ, ਪਰ ਗੱਲ ਇਸ ਦੇ ਉਲਟ ਹੋਈ। ਦੋਵੇਂ ਇਕ ਦੂਜੇ ਦੇ ਜਾਨ ਦੇ ਵੈਰੀ ਬਣ ਗਏ। ਦੋਹਾਂ ਆਪਣੇ ਵੱਖ-ਵੱਖ ਨਾਮ ਵੀ ਰੱਖ ਲਏ। ਇਕ ਬੰਦਈ ਖ਼ਾਲਸਾ ਬਣ ਬੈਠਾ ਤੇ ਦੂਸਰਾ 'ਅਕਾਲ ਪੁਰਖੀਏ', ਤੱਤ ਖ਼ਾਲਸਾ। ਇਕ ਦੂਜੇ ਦੇ ਖ਼ਿਲਾਫ਼ ਸਾਜ਼ਿਸ਼ਾਂ ਵੀ ਕਰਨ ਲੱਗੇ। ਇਥੋਂ ਤਕ ਲਿਖਿਆ ਹੈ ਕਿ ਬੰਦਈਆਂ ਨੇ, ਜਿਨ੍ਹਾਂ ਤੁਰਕਾਂ ਹੱਥੋਂ ਸਭ ਤੋਂ ਜ਼ਿਆਦਾ ਤਸੀਹੇ ਸਹੇ ਸਨ, ਉਹ ਹੀ ਹੁਣ ਮੁਗ਼ਲਾਂ ਦੀ ਮਦਦ ਭਾਲਣ ਲੱਗੇ।[1] ਮਾਰੋ ਮਾਰ ਵੀ ਹੋਣ ਲੱਗੀ। ਦਰਬਾਰ ਸਾਹਿਬ, ਜਿਥੋਂ ਰੌਸ਼ਨੀ ਲੈ ਕੇ ਸਿੰਘ ਤੁਰਦੇ ਸਨ, ਉਹ ਹੀ ਇਨ੍ਹਾਂ ਧੜਿਆਂ ਦੇ ਵਿਖਾਵੇ ਦਾ ਕੇਂਦਰ ਬਣ ਗਿਆ। ਇਕਾ ਦੁੱਕਾ ਲੜਾਈਆਂ ਵੀ ਦਰਬਾਰ ਸਾਹਿਬ ਦੀਆਂ ਪ੍ਰਕਰਮਾਂ ਵਿਚ ਹੋਣ ਲੱਗੀਆਂ। ਇਹ ਹਾਲਤ ੧੭੨੧ ਈ: ਦੀ ਵਿਸਾਖੀ ਤਕ ਕਾਇਮ ਰਹੀ। ਭਾਈ ਮਨੀ ਸਿੰਘ ਦੀ ਸੂਝ ਨੇ ਹੀ ਇਸ ਨੂੰ ਨਿਪਟਾਇਆ।

**ਤੀਸਰੇ, ਦਿੱਲੀ ਦੀ ਹਕੂਮਤ ਸਖ਼ਤ ਹੱਥਾਂ ਵਿਚ** : ਬਹਾਦਰ ਸ਼ਾਹ ਸਿੱਖਾਂ ਨੂੰ ਮਿਟਾਉਣ ਵਿਚ ਭਾਵੇਂ ਮੋਹਰੇ ਹੋ ਗਿਆ ਸੀ, ਪਰ ਆਖ਼ਰੀ ਉਮਰ ਵਿਚ 'ਬੇਖ਼ਬਰ' ਹੋ ਕੇ ਲਾਹੌਰ ਐਸਾ ਡਿੱਗਾ ਕਿ ਉਥੇ ਉਸ ਦਾ ਦਿਹਾਂਤ ਹੋ ਗਿਆ। ਉਸ ਦੇ ਮਰਨ ਉਪਰੰਤ ਜਹਾਨਦਾਰ ਸ਼ਾਹ ਨੇ ਕੁਝ ਸਮਾਂ ਰਾਜ ਸੰਭਾਲਿਆ, ਪਰ ਸੱਯਦ ਭਰਾਵਾਂ ਨੇ ਜਹਾਨਦਾਰ ਸ਼ਾਹ ਨੂੰ ਮਾਰ ਕੇ ਫ਼ਰਖ਼ਸੀਅਰ ਨੂੰ ਬਾਦਸ਼ਾਹ ਬਣਾ ਦਿੱਤਾ। ਫ਼ਰਖ਼ਸੀਅਰ, ਅਜ਼ੀਮ ਉਲਸ਼ਾਨ ਦਾ ਪੁੱਤਰ ਅਤੇ ਬਹਾਦਰ ਸ਼ਾਹ ਦਾ ਪੋਤਰਾ ਸੀ। ਫ਼ਰਖ਼ਸੀਅਰ ਕੱਟੜ ਤੁਅੱਸਬੀ ਤੇ ਸਿੱਖਾਂ ਦਾ ਘੋਰ ਵਿਰੋਧੀ ਸੀ। ਉਸ ਨੇ ਸਿੱਖਾਂ ਦਾ ਖੁਰਾ-ਖੋਜ ਮਿਟਾਉਣ ਲਈ ਤਜਵੀਜ਼ਾਂ ਬਣਾਈਆਂ। ਆਪ ਪੂਰਾ ਦਖ਼ਲ ਦਿੱਤਾ ਤੇ ਦਿੱਲੀ ਦੀ ਪੂਰੀ ਮਦਦ ਦਾ ਯਕੀਨ ਪੰਜਾਬ ਦੇ ਨਵਾਬ ਨੂੰ ਦਿਲਵਾਇਆ। ਫ਼ਰਖ਼ਸੀਅਰ ਦਾ ਕੱਟੜਪੁਣਾ ਇਤਿਹਾਸ ਵਿਚ ਪ੍ਰਸਿੱਧ ਹੈ। ਫ਼ਰਖ਼ਸੀਅਰ ਦੇ ਹੱਥਾਂ ਵਿਚ ਵਾਗ-ਡੋਰ ਹੋਣ ਨਾਲ ਸਿੱਖਾਂ ਦਾ ਤੁਰਨਾ, ਫਿਰਨਾ ਤੇ ਜਥੇਬੰਦ ਹੋਣਾ ਮੁਸ਼ਕਲ ਹੋ ਗਿਆ। ਉਸ ਨੇ ਸਿੱਖਾਂ ਦੇ ਕਤਲ-ਏ-ਆਮ ਦੇ ਫ਼ਰਮਾਨ ਜਾਰੀ ਕੀਤੇ ਤੇ ਆਪਣੇ ਹੁਕਮਾਂ

---

1. ਬੰਦਈ ਸੁ ਮਾਂਗੈਂ ਅੱਧ ਹਿਸਾ,
ਤੁਰਕਨ ਕਰੀ ਸਹਾਰ। (ਪ੍ਰਾਚੀਨ ਪੰਥ ਪ੍ਰਕਾਸ਼)

Sri Satguru Jagjit Singh Ji eLibrary NamdhariElibrary@gmail.com

ਨੂੰ ਅਮਲੀ ਜਾਮਾ ਪਹਿਨਾਣ ਲਈ ਕਈ ਕਦਮ ਉਠਾਏ।

**ਚੌਥੇ, ਪੰਜਾਬ ਅਬਦੁੱਸ ਸਮਦ ਖ਼ਾਨ ਤੇ ਜ਼ਕਰੀਆ ਖ਼ਾਨ ਦੇ ਹਵਾਲੇ ਕਰਨਾ :** ਅਬਦੁੱਸ ਸਮਦ ਖ਼ਾਨ ਤਹਿਰਾਨ ਦਾ ਤੁਰਕ ਸੀ। ਥੋੜ੍ਹਾ ਹੀ ਸਮਾਂ ਹੋਇਆ ਇਹ ਖ਼ਾਨਦਾਨ ਹਿੰਦੁਸਤਾਨ ਆਇਆ ਸੀ। ਇਹ ਕਟੜਪੁਣੇ ਵਿਚ ਆਪਣਾ ਕੋਈ ਦੂਜਾ ਨਹੀਂ ਸੀ ਰੱਖਦਾ। ਫ਼ਰਖ਼ਸੀਅਰ ਨੇ ਅਬਦੁੱਸਸਮਦ ਨੂੰ ਪੰਜਾਬ ਦਾ ਗਵਰਨਰ ਥਾਪਿਆ ਤੇ ਬਾਕੀ ਸਾਰੇ ਸੂਬੇ ਇਸ ਦੇ ਅਧੀਨ ਕੀਤੇ। ੨੨ ਫਰਵਰੀ, ੧੭੧੩ ਤੋਂ ਲੈ ਕੇ ੧੭੨੬ ਤਕ ਉਹ ਪੰਜਾਬ ਦਾ ਪੂਰਨ ਮਾਲਕ ਰਿਹਾ। ਅਬਦੁੱਸਸਮਦ ਖ਼ਾਨ ਨੇ ਸਿੱਖਾਂ ਨੂੰ ਮਿਟਾਉਣ ਲਈ ਤਜਵੀਜ਼ਾਂ ਬਣਾਈਆਂ, ਪਰ ਜਦ ਆਪਣੀ ਤਜਵੀਜ਼ਾਂ ਨੂੰ ਅਮਲ ਵਿਚ ਆਉਂਦਾ ਨਾ ਡਿੱਠਾ ਤਾਂ ਸਿੱਖਾਂ ਨੂੰ ਮਾਰ ਮੁਕਾਉਣ ਦੇ ਕੰਮ ਦੀ ਕਮਾਨ ਆਪਣੇ ਪੁੱਤਰ ਜ਼ਕਰੀਆ ਖ਼ਾਨ ਨੂੰ ਦੇ ਦਿੱਤੀ। ਜ਼ਕਰੀਆ ਖ਼ਾਨ ਦੀ ਖ਼ਾਸ ਪਹੁੰਚ ਦਿੱਲੀ ਦਰਬਾਰ ਵਿਚ ਸੀ ਕਿਉਂ ਜੋ ਉਹ ਅਮੀਨ-ਉਲ-ਮਾਲਕ ਦਾ ਜੁਆਈ ਸੀ। ਦਿੱਲੀ ਨੇ ਦਿਲ ਖੋਲ੍ਹ ਕੇ ਜ਼ਕਰੀਆ ਖ਼ਾਨ ਦੀ ਮਦਦ ਕੀਤੀ ਤੇ ਜ਼ਕਰੀਆ ਖ਼ਾਨ ਨੇ ਅਤਿ ਦੇ ਜ਼ੁਲਮ ਕੀਤੇ। ਅਬਦੁੱਸ ਸਮਦ ਖ਼ਾਨ ਨੂੰ ਮੁਲਤਾਨ ਭੇਜ ਦਿੱਤਾ ਗਿਆ ਸੀ ਤੇ ੧੭੨੬ ਵਿਚ ਜ਼ਕਰੀਆ ਖ਼ਾਨ ਨੂੰ ਲਾਹੌਰ ਦਾ ਗਵਰਨਰ ਥਾਪ ਦਿੱਤਾ ਗਿਆ। ਇਸ ਦੀ ਨਵਾਬੀ ਸਮੇਂ ਕੋਈ ਐਸਾ ਜ਼ੁਲਮ ਨਹੀਂ ਹੋਵੇਗਾ ਜੋ ਸਿੱਖਾਂ ਉੱਤੇ ਨਾ ਕੀਤਾ ਗਿਆ।[1] ਇਸ ਨੇ 'ਫਿਰਤੂ ਜਥੇ' ਫਲਾਇੰਗ ਸ਼ੁਕੁਵੈਡ ਬਣਾ ਕੇ ਸਿੱਖਾਂ ਦੇ ਸਿਰਾਂ ਦਾ ਸ਼ਿਕਾਰ ਕਰਨ ਦੀ ਮੁਹਿੰਮ ਵੀ ਚਲਾਈ। ਸੱਖ਼ਤ ਤੋਂ ਸਖ਼ਤ ਤੇ ਕੋਝੇ ਤੋਂ ਕੋਝਾ ਫ਼ਰਮਾਨ ਕੱਢਣ ਤੋਂ ਵੀ ਜ਼ਕਰੀਆ ਖ਼ਾਨ ਨੇ ਦਰੇਗ਼ ਨ ਕੀਤਾ। ਸਿੱਖ ਨੂੰ ਦੇਖਦੇ ਸਾਰ ਕਤਲ (ਸ਼ੂਟ ਐਟ ਸਾਈਟ) ਕਰਨ ਦੀ ਨੀਤੀ ਉਸ ਅਪਨਾਈ।

**ਪੰਜਵੇਂ, ਸਿੱਖਾਂ ਦੇ ਸਿਰਾਂ ਦੇ ਮੁੱਲ :** ਨਾ ਸਿਰਫ਼ ਗਸ਼ਤੀ ਫ਼ੌਜਾਂ ਹੀ ਨਿਯਤ ਕੀਤੀਆਂ ਗਈਆਂ, ਸਗੋਂ ਸਿੱਖਾਂ ਦੇ ਸਿਰਾਂ ਦੇ ਮੁੱਲ ਪਾਏ ਗਏ। ਸਿੱਖ ਦਾ ਪਤਾ ਦੱਸਣ ਵਾਲੇ ਨੂੰ

---

1. ਕਈ ਚਰਖ (ਚਰਖੜੀ) ਕਈ ਫਾਂਸੀ ਮਾਰੇ।
ਕਈ ਤੋਪਨ ਕਈ ਛੁਰੀ ਕਟਾਰੇ।
ਕਈਅਨ ਕੇ ਸਿਰ ਮੁੰਗਲੀ ਕਟੇ।
ਕਈ ਡੋਬੇ ਕਈ ਘਸੀਟਸ ਸਿਟੇ।
ਦਬੇ, ਕਟੇ ਬੰਦੂਖਨ ਦੇਹ ਮਾਰ।
ਕੌਨ ਗਨੇ ਜੋ ਮਾਰੇ ਹਜ਼ਾਰ।
ਪਾਤ ਪਾਤ ਕਈ ਪਕੜ।
ਸਾਥ ਤੇਗਨ ਨੇ ਸੀਸ ਉਡਵਾਏ।
ਕਿਸੈ ਹਥ ਕਿਸੈ ਟੰਗ ਕਟਵਾਇ।,
ਅਖ ਕਢ ਕਿਸੈ ਖਲ ਕਢਵਾਇ।
ਕੇਸਨ ਵਾਲੇ ਜੇਕਰ ਹੋਈ।
ਬਾਲ ਬਿਰਧ ਲਭ ਛਡੈ ਨ ਕੋਈ।

ਇਸ ਸੰਬੰਧ ਵਿਚ ਭਾਈ ਕੇਸਰ ਸਿੰਘ ਛਿਬਰ ਜੋ ਇਕ ਪ੍ਰਕਾਰ ਦਾ ਸਮਕਾਲੀ ਹੀ ਹੈ, ਨੇ ਲਿਖਿਆ ਕਿ :
ਛਟਾ ਵਿਚ ਸੀਵਨ, ਚਰਖੀ ਚਾੜ ਸਟਨ।
ਸੂਲੀ ਫਾਹੇ, ਅੰਗ ਟੁਕਾਵਨ।

ਦਸ ਰੁਪਏ, ਸਿਰ ਵੱਢ ਲਿਆਉਣ ਵਾਲੇ ਨੂੰ ੮੦ ਰੁਪਏ, ਤੇ ਇਹ ਮੁੱਲ, ਲਿਖਾਰੀ ਮਸਕੀਨ ਦਾ ਕਹਿਣਾ ਹੈ ਕਿ ਵਧਦਾ ਘਟਦਾ ਰਹਿੰਦਾ ਸੀ। ਭਾਈ ਰਤਨ ਸਿੰਘ ਜੀ ਭੰਗੂ ਦੇ ਲਿਖੇ ਅਨੁਸਾਰ :

*'ਟੋਲ ਟੋਲ ਸਿੰਘਨ ਕੋ ਮਾਰੇ।*
*ਜੈਸੇ ਮਾਰੇ ਟੋਲ ਸ਼ਿਕਾਰੇ। ੨।*
*ਜੋ ਸਿੰਘਨ ਕੋ ਆਨ ਬਤਾਵੈ।*
*ਤੁਰਤ ਅਨਾਮ ਸੁ ਤਾਹਿ ਦਿਵਾਵੈ।'*

ਹਾਲਤ ਸਿੰਘਾਂ ਦੀ ਇਹ ਬਣ ਗਈ ਸੀ ਕਿ :

*'ਰਾਤ ਤੁਰੇ ਦਿਨ ਰਹੈਂ ਲੁਕਾਇ।*
*ਕਈਅਨ ਲੀਨੇ ਕੁੰਭਲ (ਟੋਏ) ਬਨਾਇ।*
*ਕਈ ਰਹੈਂ ਘਰ ਤੀਜੇ ਥਾਇ।*
*ਕਈ ਰਹੈਂ ਪਰਦੇਸਹਿ ਜਾਇ'। ੬।*

ਫਿਰ ਇਸ ਤੇ ਘੋਰ ਦੁੱਖ ਇਹ ਕਿ ਨਾ ਖਾਣ ਲਈ ਅੰਨ ਅਤੇ ਨਾ ਪਹਿਨਣ ਲਈ ਲੀੜਾ। ਜੋ ਘਾਹ ਕੱਚਾ ਪੱਕਾ ਮਿਲਦਾ ਉਸ ਨਾਲ ਹੀ ਝੱਟ ਟਪਾ ਲੈਂਦੇ :

*'ਸਿੰਘ ਕੜਾਕੇ ਸਯੋਂ ਰਹੈ*
*ਦੂਏ ਚੌਥੇ ਦਿਨ ਖਾਹਿ।*
*ਬਿਨ ਲੂਣ ਭਾਜੀ ਲਭੈ*
*ਤੇ ਖਾਵੈ ਬਹੁਤ ਸਲਾਹਿ। ੮।*
*ਲਭੈ ਸਾਗ ਖਾਹਿੰ ਕੱਚਾ ਪੱਕਾ।*
*ਬ੍ਰਿਛਨ ਕੇ ਫਲ ਫੂਲ ਔ ਸਕਾ।' ੯।*

ਟਿਕਾਣੇ ਤੇ ਛੁਪਨਗਾਹਾਂ ਤਕ ਸਾੜ ਦਿੱਤੀਆਂ। ਸਿੱਖਾਂ ਦਾ ਨਿੱਤ ਸ਼ਹੀਦ ਹੋਣਾ ਇਕ ਸੁਭਾਵਕ ਕਰਮ ਬਣ ਗਿਆ ਸੀ। ਫਿਰ ਉਸ ਤੇ ਮਾੜੀ ਹਾਲਤ ਇਹ ਕਿ ਨਾ ਕੋਈ ਕਿਲ੍ਹਾ ਸੀ ਅਤੇ ਨਾ ਕੋਈ ਛੁਪਣਗਾਹ :

*'ਸਿੰਘਨ ਪੈ ਗੜ੍ਹ ਨਹਿ ਹੁਤੇ, ਜਿਤਕੀ ਓਟ ਲੜਾਇ।*
*ਉੱਠ ਨਠ ਰੋਹੀ ਮਧ ਛਿਪਨਿ ਕੈ ਖਹਨ ਪਤਨ ਮਾਹਿ।'*

ਸਿੱਖ ਨਾਲ ਸੰਬੰਧ ਰੱਖਣ ਵਾਲੇ, ਮਦਦ ਕਰਨ ਵਾਲੇ, ਪਨਾਹ ਦੇਣ ਵਾਲੇ ਨੂੰ ਸਖ਼ਤ ਤੋਂ ਸਖ਼ਤ ਸਜ਼ਾਵਾਂ ਦਿੱਤੀਆਂ ਜਾਂਦੀਆਂ। ਅਜਿਹੇ ਫ਼ਰਮਾਨ ਕੱਢੇ ਅਤੇ ਫਿਰਤੂ ਚਿੱਠੀਆਂ ਭੇਜੀਆਂ ਕਿ :

*'ਲੂਟ ਮਾਫ਼ ਘਰ ਸਿੰਘ ਸੁ ਪਾਵਾ।*
*ਸਿਰ ਪਰ ਹੋਵੈਂ ਜਿਸ ਕੇ ਕੇਸ।*
*ਰਹਿਣ ਨ ਦੇਣੋਂ ਆਪਣੇ ਦੇਸ।'*

ਦੋਹਿਰਾ : *ਦਸਣ ਵਾਲੇ ਦਸ ਰੁਪਏ*
*ਔਰ ਮਾਰਨ ਵਾਲੇ ਪਚਾਸ।*

*ਯਹ ਲਾਲਚ ਤੁਰਕਨ ਦਯੋ*
*ਤਬ ਬਹੁਤ ਸਿੰਘਨ ਭਯੋ ਨਾਸ਼। ੧੫।*
*ਖੇਤੀ ਵਣਜ ਕਰੇ ਜੋ ਕੋਈ।*
*ਕੇਸਨ ਵਾਲਾ ਛਡੋ ਨ ਕੋਈ। ੧੭।*
*ਸਿੰਘਨ ਖ਼ੂਨ ਮਾਫ਼ ਹਮ ਕੀਨੇ।*
*ਜਿਤ ਲਭੇ ਤਿਤ ਮਾਰਹੁ ਚੀਨੇ।*

ਲੋਕਾਂ ਵਿਚ ਦਹਿਸ਼ਤ ਫੈਲਾਉਣ ਲਈ ਇਹ ਵੀ ਕਹਿਲਾ ਦਿੱਤਾ :

*ਜੋ ਸਿੰਘਨ ਕੋ ਕੋਊ ਲੁਕਾਵੈ।*
*ਸੋ ਵਹ ਅਪਨੀ ਜਾਨ ਗੁਵਾਵੈ।*
*ਆਏ ਸਿੰਘ ਬਤਾਵੈ ਨਾਹੀ।*
*ਵੈ ਵੀ ਅਪਨੀ ਜਿੰਦ ਗੁਵਾਹੀ।*
*ਜੋ ਸਿੰਘ ਕੋ ਸਾਕ ਕਰੇਵੈ।*
*ਮੁਸਲਮਾਨ ਸੋ ਹੋਵਨ ਲੇਵੈ।*
*ਜੋ ਸਿੰਘਨ ਕੋ ਦੇਵੈ ਨਾਜ।*
*ਮੁਸਲਮਾਨ ਕਰੋ ਤਿਸ ਕਾਜ।'* (ਪ੍ਰਾਚੀਨ ਪੰਥ ਪ੍ਰਕਾਸ਼)

ਹਕੀਕਤਿ ਫ਼ਿਰਕਾ-ਇ-ਸਿੱਖਾਂ ਵਿਚ ਲਿਖਿਆ ਹੈ ਕਿ ਜ਼ਕਰੀਆ ਦੇ ਪੁੱਤਰ ਸ਼ਾਹ ਨਵਾਜ਼ ਨੇ ਆਪਣੇ ਸਾਹਮਣੇ ਸਿੱਖਾਂ ਦੇ ਪੇਟ ਚਾਕ ਕਰਵਾਏ, ਲੋਹੇ ਦੇ ਕਿੱਲੇ ਸਿਰਾਂ ਵਿਚ ਗਡਵਾ ਕੇ ਮਿੱਝ ਕੱਢੀ। ਮਾਵਾਂ ਸਾਹਮਣੇ ਬੱਚੇ ਸ਼ਹੀਦ ਕੀਤੇ ਅਤੇ ਜੇ ਮਾਂ ਕੁਸਕੀ ਤਾਂ ਉਸ ਨੂੰ ਵੀ ਸ਼ਹੀਦ ਕਰ ਦਿੱਤਾ।

**ਛੇਵੇਂ, ਸਿਰਕੱਢ ਹਿੰਦੂਆਂ ਦਾ ਖ਼ੁਦਗਰਜ਼ ਹੋ ਕੇ ਵਿਰੋਧੀ ਦਲਾਂ ਨਾਲ ਮਿਲਣਾ :** ਨਿਰੋਲ ਹਾਕਮ ਮੁਸਲਮਾਨ ਹੀ ਸਿੱਖਾਂ ਦਾ ਵਿਰੋਧ ਨਹੀਂ ਸਨ ਕਰ ਰਹੇ, ਸਗੋਂ ਸਿਰਕੱਢ ਹਿੰਦੂ-ਚੌਧਰੀ ਦੁਸ਼ਮਣਾਂ ਦੀਆਂ ਸਫ਼ਾਂ ਨਾਲ ਮਿਲ ਕੇ ਮੋਹਰੀ ਬਣੇ ਹੋਏ ਸਨ। ਕੁਝ ਹਿੰਦੂ ਖ਼ੁਦਗਰਜ਼ੀ ਕਾਰਨ, ਕੁਝ ਡਰ ਕੇ ਤੇ ਕੁਝ ਆਪਣਾ ਜ਼ਾਤੀ ਗੁੱਸਾ ਕੱਢਣ ਲਈ ਸਿੱਖਾਂ ਨੂੰ ਮੁਕਾਉਣ ਦੇ ਆਹਰੇ ਲੱਗ ਗਏ। ਭਾਵੇਂ ਅਰੰਭ ਵਿਚ ਉਹ ਹੀ ਮਦਦ ਦੇ ਕੇ ਬਚਾਂਦੇ ਸਨ। ਵਿਰੋਧ ਕਰਨ ਵਾਲਿਆਂ ਦਾ ਮੋਢੀ ਹਰਿਭਗਤ ਨਿਰੰਜਨੀਆਂ[1] ਹਿੰਦਾਲੀਆ ਸੀ। ਇਸ ਦਾ

---

1. ਨਰਿੰਜਨ ਦਾਸ ਜੰਡਿਆਲਵੀ ਬਾਬਾ ਹਿੰਦਾਲ ਨੇ ਖ਼ਾਨਦਾਨ ਵਿਚੋਂ ਸੀ। ਬਾਬਾ ਹਿੰਦਾਲ ਗੁਰੂ ਅਮਰਦਾਸ ਜੀ ਦੇ ਅਨਿਨ ਸੇਵਕ ਸਿੱਖ ਸਨ। ਗੁਰੂ ਜੀ ਨੇ ਉਸ ਦੀ ਸੇਵਾ ਤੇ ਸ਼ਰਧਾ ਤੇ ਖ਼ੁਸ਼ ਹੋ ਕੇ ਮੰਜੀ ਸਾਹਿਬ ਦੀ ਬਖ਼ਸ਼ਿਸ਼ ਕੀਤੀ ਸੀ। ਉਸਦੇ ਪੋਤਰੇ ਬਿਧੀ ਚੰਦ ਨੇ ਆਪਣੇ ਸੰਬੰਧ ਇਕ 'ਬਾਜ਼ਾਰੀ ਔਰਤ' ਨਾਲ ਕਰ ਲਏ। ਪੰਥ ਪ੍ਰਕਾਸ਼ ਨੇ ਇਸ ਲਈ ਲਿਖਿਆ ਹੈ ਕਿ 'ਆਗੈ ਭਏ ਜੋ ਪੋਤਰੇ ਤੇ ਗਏ ਸਿਖੀਓਂ ਚੌੜ।' ਸਿੱਖਾਂ ਬੁਰਾ ਮਨਾਇਆ ਤੇ ਇਸ ਕੋਲੋਂ 'ਮਸੰਦ' ਪਦ ਖੋਹ ਲਿਆ ਗਿਆ। ਇਸ ਨੇ 'ਜਨਮ ਸਾਖੀ' ਨੂੰ ਵਿਗਾੜਿਆ ਤੇ ਗੁਰੂ ਨਾਨਕ ਦੇਵ ਜੀ ਉੱਤੇ ਵੀ ਊਜਾਂ ਲਗਾਈਆਂ। ਇਸ ਬਿਪਤਾ ਸਮੇਂ ਜ਼ਕਰੀਆ ਖ਼ਾਨ ਨਾਲ ਮਿਲ ਕੇ ਸਿੱਖਾਂ ਨੂੰ ਮਾਰਨ ਵਿਚ ਇਹ ਅੱਗੇ ਹੋ ਗਿਆ।
ਹਰਿ ਭਗਤ ਨਿਰੰਜਨੀਓਂ ਥੋ ਕਹਾਵੈ।
ਸੋ ਆਗੈ ਹੁਇ ਸਿੰਘਨ ਫੜਾਵੈ।

Sri Satguru Jagjit Singh Ji eLibrary NamdhariElibrary@gmail.com

ਟਿਕਾਣਾ ਜੰਡਿਆਲਾ ਵਿਚ ਸੀ। ਅੰਮ੍ਰਿਤਸਰ ਦੇ ਲਾਗੇ ਹੋਣ ਕਾਰਨ ਨਿਰੰਜਨੀਆ ਇਕ ਚੰਗਾ ਹੱਥ-ਠੋਕਾ ਸਾਬਤ ਹੋਇਆ। ਕੋਈ ਹੀ ਨਿੱਕੀ ਮੋਟੀ ਮੁਹਿੰਮ ਹੋਵੇਗੀ ਜਿਸ ਵਿਚ ਇਸ ਨੇ ਜਾਤੀ ਵੈਰ ਨ ਕਢਿਆ ਹੋਵੇ। ਨੌਸ਼ਹਿਰੇ ਪੱਟੀ ਦੇ ਸਾਹਿਬ ਰਾਇ[1] ਅਤੇ ਚੂਹੜ ਮਲ, ਲਾਹੌਰ ਦੇ ਦੀਵਾਨ ਜਸਪਤ ਰਾਇ ਅਤੇ ਲਖਪਤ ਰਾਇ, ਹਕੂਮਤ ਦਾ ਮੋਹਰਾ ਬਣ ਕੇ ਸਿੱਖਾਂ ਨੂੰ ਮੁਕਾਉਣ ਵਿਚ ਲੱਗੇ ਹੋਏ ਸਨ।

ਇਨ੍ਹਾਂ ਦੋਖੀਆਂ ਵਿਚ ਹੀ ਛੀਨੇ ਦਾ ਕਰਮਾ ਸੀ। ਉਸ ਨੇ ਕਈ ਬੇਦੋਸ਼ੇ ਸਿੰਘ ਮਾਰੇ। ਰਾਮਾ ਰੰਧਾਵਾ ਇਕ ਹੋਰ ਦੁਸ਼ਟ ਸੀ ਜੋ ਘਰੀਂ ਵੱਸਦੇ ਸਿੰਘਾਂ ਨੂੰ ਬਹੁਤ ਦੁੱਖ ਦਿੰਦਾ ਰਿਹਾ।

**ਸਤਵੇਂ, ਅੰਮ੍ਰਿਤਸਰ ਇਕੱਠ ਕਰਨ ਦੀ ਮਨਾਹੀ** : ਗੁਰੂ ਰਾਮ ਦਾਸ ਜੀ ਨੇ ਬਖ਼ਸ਼ਿਸ਼ ਕਰਦੇ ਹੋਏ ਸਿੱਖਾਂ ਨੂੰ ਕੇਂਦਰ ਬਖ਼ਸਿਆ ਸੀ। ਸ੍ਰੀ ਅੰਮ੍ਰਿਤਸਰ ਸਿੱਖ ਇਕੱਠਿਆਂ ਹੋ ਕੇ ਗੁਰਮਤੇ ਸੋਧਦੇ ਤੇ ਪੰਥ ਦੇ ਵਾਧੇ ਲਈ ਸੋਚਦੇ ਸਨ। ਗੁਰੂ ਗੋਬਿੰਦ ਸਿੰਘ ਜੀ ਉਪਰੰਤ ਸਿੱਖ ਰੌਸ਼ਨੀ ਹੀ ਅੰਮ੍ਰਿਤਸਰ ਤੋਂ ਲੈਂਦੇ ਸਨ। ਬਾਬਾ ਬੰਦਾ ਸਿੰਘ ਅੰਮ੍ਰਿਤਸਰ ਦੇ ਪਾਸ ਕੀਤੇ ਗੁਰਮਤਿਆਂ ਨੂੰ ਸਤਿਕਾਰਦੇ ਸਨ। ਦੀਵਾਲੀ ਤੇ ਵਿਸਾਖੀ ਨੂੰ ਅੰਮ੍ਰਿਤਸਰ ਇਕੱਠ ਹੁੰਦੇ ਸਨ। ਜ਼ਕਰੀਆ ਖ਼ਾਨ ਨੇ ਹੁਕਮਨ ਇਕੱਠ ਕਰਨੇ ਬੰਦ ਕਰ ਦਿੱਤੇ ਸਨ। ਸਿੱਖ ਪਾਬੰਦੀਆਂ ਦੇ ਬਾਵਜੂਦ ਦਰਸ਼ਨ ਇਸ਼ਨਾਨ ਤਾਂ ਕਰ ਆਉਂਦੇ ਸਨ, ਪਰ ਇਕ ਦੂਜੇ ਨਾਲ ਵਾਪਰ ਰਹੀ ਹਾਲਤ ਤੋਂ ਅਣਜਾਣ ਹੀ ਰਹਿੰਦੇ ਸਨ। ਕਾਹਨੂੰਵਾਨ ਦੇ ਛੰਭਾਂ ਵਿਚ ਟਿਕੇ ਸਿੰਘ ਨਹੀਂ ਸਨ ਜਾਣਦੇ ਕਿ ਲੱਖੀ ਜੰਗਲ ਕੀ ਵਾਪਰ ਰਿਹਾ ਹੈ। ਦਰਬਾਰ ਸਾਹਿਬ ਅੰਮ੍ਰਿਤਸਰ ਕੇਂਦਰ ਸੀ, ਪਰ ਉਸ ਨਾਲ ਜੁੜਨਾ ਅਸੰਭਵ ਬਣਾ ਦਿੱਤਾ ਗਿਆ ਸੀ। ਭਾਈ ਮਨੀ ਸਿੰਘ ਜੀ ਕੋਸ਼ਿਸ਼ ਤਾਂ ਕਰਦੇ ਸਨ ਕਿ ਸਿੰਘ ਇਕੱਠੇ ਹੋ ਜਾਣ, ਪਰ ਉਹ ਕਾਮਯਾਬ ਨਾ ਹੋਏ। ਮਾਤਾ ਸੁੰਦਰੀ ਜੀ ਦੇ ਨਾਮ ਦਿੱਲੀ ਚਿੱਠੀ[2] ਲਿਖ ਕੇ ਸਿੱਖਾਂ ਦੀ ਦੁਰਦਸ਼ਾ ਦਾ ਜ਼ਿਕਰ ਕੀਤਾ ਹੈ।

**ਅੱਠਵੇਂ, ਕਈ ਦਾਅਵੇਦਾਰ, ਗੁਰੂ ਤੇ ਜਾਨਸ਼ੀਨ ਬਣ ਬੈਠੇ** : ਗੁਰੂ ਗੋਬਿੰਦ ਸਿੰਘ ਜੀ ਨੇ ਦੂਰ-ਦ੍ਰਿਸ਼ਟੀ ਤੋਂ ਕੰਮ ਲੈਂਦੇ ਹੋਏ ਸ਼ਖ਼ਸੀ ਗੁਰਗੱਦੀ ਸੰਕੋਚ ਲਈ ਸੀ। ਅਸੂਲਾਂ ਉੱਤੇ ਜਥੇਬੰਦੀ ਖੜ੍ਹੀ ਕਰ ਦਿੱਤੀ ਸੀ। ''ਗੁਰੂ ਗ੍ਰੰਥ ਦੀ ਤਾਬਿਆ, ਗੁਰੂ ਪੰਥ ਹੀ ਅਸਲ ਗੁਰੂ ਹੈ'' ਆਖ ਕੇ ਸਿੱਖਾਂ ਨੂੰ ਦੁਚਿੱਤੇਪਨ ਵਿਚੋਂ ਕੱਢ ਲਿਆ ਸੀ। ਸਿੱਖਾਂ ਨੇ ਇਸ ਅਸੂਲ ਨੂੰ ਸਵੀਕਾਰ ਕਰਦੇ ਹੋਏ ਗੁਰੂ ਗ੍ਰੰਥ ਸਾਹਿਬ ਅੱਗੇ ਸਿਰ ਝੁਕਾਇਆ ਸੀ, ਜਿਸ ਦੀ ਗਵਾਹੀ

---

1. ਸਾਹਿਬ ਰਾਏ ਬਾਰੇ ਲਿਖਿਆ ਮਿਲਦਾ ਹੈ :
   'ਫੜ ਫੜ ਸਿੰਘਣ ਵ੍ਹ ਕਟੈ,
   ਸਿਰ ਦੇ ਲਹੌਰ ਪੁਚਾਇ।'
2. *ਦੇਸ ਵਿਚ ਖਾਲਸੇ ਦਾ ਬਲ ਛੂਟਿ ਗਿਆ ਹੈ, ਸਿੰਘ ਪਰਬਤਾਂ ਬਨਾਂ ਵਿਚ ਜਾਇ ਬਸੇ ਹੈਨਿ। ਮਲੇਛ ਕੀ ਦੇਸ ਮੋਂ ਦੇਹੀ ਹੈ। ਬਸਤੀ ਮੇਂ ਬਾਲਕ, ਜਵਾਂ ਇਸਤਰੀ ਸਲਾਮਤ ਨਹੀਂ, ਮੁਛ ਮੁਛ ਕਰਿ ਮਾਰਦੇ ਹੈਂ। ਗੁਰੂ ਦਰੋਹੀ ਭੀ ਉਨ੍ਹਾਂ ਦੇ ਸੰਗੁ ਮਿਲਿ ਗਏ ਹੈਨਿ।* ਹਿੰਦਾਲੀਏ ਮਿਲ ਕਰ ਮੁਕਬਰੀ ਕਰਦੇ ਹੈਨਿ। ਸਭ ਚਕ (ਅੰਮ੍ਰਿਤਸਰ) ਛੋੜ ਗਏ ਹੈਨਿ। ਮੁਤਸਦੀ ਭਾਗ ਗਏ ਹਨ।

Sri Satguru Jagjit Singh Ji eLibrary NamdhariElibrary@gmail.com

ਉਹ ਦੋਹਿਰਾ[1] ਹੈ ਜੋ ਅੱਜ ਤਕ ਦੀਵਾਨ ਦੀ ਸਮਾਪਤੀ ਪਿੱਛੋਂ ਪੜ੍ਹਿਆ ਜਾਂਦਾ ਹੈ। ਪਰ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤ ਸਮਾ ਜਾਣ ਉਪਰੰਤ ਕਈ ਦੰਭੀਆਂ ਨੇ ਆਪਣੇ ਆਪ ਨੂੰ ਗੁਰੂ ਪ੍ਰਸਿੱਧ ਕਰ ਦਿੱਤਾ। ਗੁਰੂ ਜੀ ਦੇ ਹੁਕਮ ਘਰ ਘਰ ਅਜੇ ਨਹੀਂ ਸਨ ਪੁੱਜੇ। ਦੰਭੀਆਂ ਵਿਚੋਂ ਕਈਆਂ ਨੇ ਆਪਣਾ ਜਾਲ ਵਿਛਾ ਲਿਆ। ਗੁਲਾਬ ਰਾਇ[2], ਗੁਰੂ ਗੋਬਿੰਦ ਸਿੰਘ ਜੀ ਦੀ ਗੱਦੀ ਉੱਪਰ ਬੈਠ ਗਿਆ। ਇਸੇ ਤਰ੍ਹਾਂ ਖੜਕ ਸਿੰਘ[3] ਨੇ ਇਹ ਪਰਚਾਰ ਕਰਨਾ ਸ਼ੁਰੂ ਕਰ ਦਿੱਤਾ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਬਾਅਦ ਸਿੱਖ ਸੰਗਤਾਂ 'ਵਿਧਵਾ' ਹੋ ਗਈਆਂ ਹਨ ਕਿਉਂ ਜੋ ਗੁਰ-ਪਤੀ ਨਹੀਂ ਰਿਹਾ ਹੈ। ਉਸ ਗੁਰੂ ਚਰਨ ਪਹੁਲ ਵੀ ਦੇਣੀ ਸ਼ੁਰੂ ਕਰ ਦਿੱਤੀ। ਖਾਲਸੇ ਨਾਲ ਲੜਾਈਆਂ ਵੀ ਹੋਣ ਲੱਗੀਆਂ। ਹਿੰਦਾਲੀਏ ਵੀ ਗੁਰੂ ਬਣ ਬੈਠੇ। ਅਜੀਤ ਸਿੰਘ (ਜਿਸ ਨੂੰ ਮਾਤਾ ਸੁੰਦਰੀ ਜੀ ਨੇ ਪਾਲਿਆ ਸੀ) ਨੇ ਵੀ ਗੁਰੂ ਬਣਨ ਲਈ ਹੱਥ ਪੈਰ ਮਾਰਨੇ ਅਰੰਭੇ। ਉਸ ਦੇ ਪੁੱਤਰ ਹਠੀ ਸਿੰਘ ਨੇ ਵੀ ਗੁਰੂ ਹੋਣ ਦਾ ਦਾਅਵਾ ਕੀਤਾ। ਇਸੇ ਤਰ੍ਹਾਂ ਮੀਣੇ[4],ਧੀਰਮਲੀਏ[5] ਤੇ ਰਾਮਰਾਈਏ[6] ਅੱਗੇ ਹੀ ਮੈਦਾਨ ਵਿਚ ਸਨ ਜੋ ਕਈ ਸਾਲਾਂ ਤੋਂ ਸਿੱਖਾਂ ਨੂੰ ਗੁਮਰਾਹ ਕਰ ਰਹੇ ਸਨ। ਇਸ ਬਿਖੜੇ ਸਮੇਂ ਨੂੰ ਇਨ੍ਹਾਂ ਸਾਰਿਆਂ ਰਲ ਕੇ ਹੋਰ ਦੁਬਿਧਾ ਭਰਪੂਰ ਬਣਾ ਦਿੱਤਾ। 'ਬਲਦੀ ਅੰਦਰਿ ਤੇਲ ਦੁਬਿਧਾ ਘਤਿਆ' ਵਾਲੀ ਗੱਲ ਹੋਈ।

**ਨੌਵੇਂ, ਪਰਚਾਰ ਦਾ ਕੰਮ ਰੁਕ ਗਿਆ :** ਸਿੱਖ ਧਰਮ ਇਕ ਪਰਚਾਰਕ ਧਰਮ ਹੈ। ਨਿੱਤ ਦੀਆਂ ਸ਼ਹੀਦੀਆਂ ਤੇ ਬਿਖੇੜੇ ਇਤਨੇ ਸਨ ਕਿ ਪਰਚਾਰ ਵੱਲ ਧਿਆਨ ਦੇਣਾ ਕਠਨ ਹੋ ਗਿਆ। ਸਿਰਫ਼ ਜਜ਼ਬੇ ਤੇ ਜੋਸ਼ ਵਿਚ ਲੋਕੀਂ ਸਿੱਖੀ ਅਪਣਾ ਰਹੇ ਸਨ। ਭਾਵੇਂ ਉਦਾਸੀ ਤੇ ਸੇਵਾ ਪੰਥੀ ਹਿੱਸਾ ਪਾ ਰਹੇ ਸਨ, ਪਰ ਉਹ ਇਤਨਾ ਥੋੜ੍ਹਾ ਸੀ ਤੇ ਸ਼ਹਾਦਤਾਂ ਇਤਨੀਆਂ

1. ਆਗਿਆ ਭਈ ਅਕਾਲ ਕੀ ਤਬੈ ਚਲਾਇਉ ਪੰਥ।
ਸਭ ਸਿਖਨ ਕੋ ਹੁਕਮ ਹੈ, ਗੁਰੂ ਮਾਨਿਓ ਗ੍ਰੰਥ।
ਗੁਰੂ ਗ੍ਰੰਥ ਜੀ ਮਾਨਿਓ ਪਰਗਟ ਗੁਰਾਂ ਦੀ ਦੇਹ।
ਜੋ ਪ੍ਰਭ ਕੋ ਮਿਲਬੋ ਚਹੈਂ, ਖੋਜ ਸ਼ਬਦ ਮੈਂ ਲੇਹ।
2. ਗੁਰੂ ਗੋਬਿੰਦ ਸਿੰਘ ਜੀ ਨੇ ਜਦ ਅਨੰਦਪੁਰ ਛੱਡਿਆ ਤਾਂ ਗੁਰਦੁਆਰਿਆਂ ਦੀ ਹਫ਼ਾਜ਼ਤ ਦਾ ਕੰਮ ਭਾਈ ਗੁਰਬਖਸ਼ ਸਿੰਘ ਨੂੰ ਸੌਂਪ ਆਏ। ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤ ਸਮਾ ਜਾਣ ਉਪਰੰਤ ਮਹੱਲਾਂ ਤੇ ਗੁਰਦੁਆਰਿਆਂ ਉੱਤੇ ਕਬਜ਼ਾ ਕਰਨ ਲਈ ਗੁਲਾਬ ਰਾਇ ਨੇ ਆਪਣੇ ਆਪ ਨੂੰ ਗੁਰੂ ਪ੍ਰਸਿੱਧ ਕਰ ਦਿਤਾ। ਗੁਲਾਬ ਰਾਇ ਗੁਰੂ ਤੇਗ਼ ਬਹਾਦਰ ਜੀ ਦੇ ਭਰਾ ਬਾਬਾ ਸੂਰਜ ਮਲ ਦਾ ਪੁੱਤਰ ਸੀ। ਉਸ ਵੱਖ ਕਿਸਮ ਦਾ ਅੰਮ੍ਰਿਤ ਵੀ ਛਕਾਉਣਾ ਅਰੰਭ ਕਰ ਦਿੱਤਾ ਤੇ ਸੇਵਕਾਂ ਨੂੰ ਗੁਲਾਬ਼ ਰਾਈਏ ਕਹਿਣ ਲੱਗਾ।
3. ਇਹ ਗੰਗੂ ਸ਼ਾਹੀਏ ਕਹਿਲਾਂਦੇ ਸਨ। ਗੁਰੂ ਅਮਰਦਾਸ ਜੀ ਨੇ ਭਾਈ ਗੰਗੂ ਜੀ ਨੂੰ ਬਖ਼ਸ਼ਿਸ਼ ਦੇ ਕੇ ਨਿਵਾਜਿਆ ਸੀ। ਇਹ ਗ਼ਰੀਬ ਸਿੱਖ ਸੀ। ਇਸ ਨੇ ਭੇਟਾ ਲਈ ਗੁੜ ਦੀ ਭੇਲੀ ਆਂਦੀ। ਸ਼ਰਮ ਆਵੇ ਤੇ ਉਹ ਭੇਟ ਨਾ ਕਰੇ। ਗੁਰੂ ਜੀ ਨੇ ਆਪ ਮੰਗ ਕੇ ਲਈ ਤੇ ਸਵੀਕਾਰ ਕਰਦੇ ਹੋਏ ਗੰਗੋ ਗ਼ਰੀਬ ਨਹੀਂ 'ਗੰਗੋ ਸ਼ਾਹ' ਕਿਹਾ। ਇਹ ਖੜਕ ਸਿੰਘ ਉਸ ਦੀ ਸੰਤਾਨ ਵਿਚੋਂ ਸੀ।
4. ਬਾਬਾ ਪ੍ਰਿਥੀ ਚੰਦ ਦੀ ਸੰਤਾਨ, ਪ੍ਰਿੰਥੀ ਚੰਦ ਗੁਰੂ ਅਰਜਨ ਦੇਵ ਜੀ ਦੇ ਵੱਡੇ ਭਰਾ ਸਨ। ਕਰਤੂਤਾਂ ਕਰ ਕੇ ਉਨ੍ਹਾਂ ਤੇ ਉਨ੍ਹਾਂ ਦੇ ਸਾਥੀਆਂ ਨੂੰ ਮੀਣੇ ਕਿਹਾ ਜਾਂਦਾ ਸੀ।
5. ਗੁਰੂ ਹਰਿਗੋਬਿੰਦ ਦੇ ਪੁੱਤਰ ਬਾਬਾ ਗੁਰਦਿੱਤਾ ਜੀ ਦੇ ਵੱਡੇ ਪੁੱਤਰ ਧੀਰਮਲ ਦੀ ਔਲਾਦ।
6. ਗੁਰੂ ਹਰਿ ਰਾਇ ਦੇ ਵੱਡੇ ਪੁੱਤਰ ਰਾਮਰਾਇ ਜੀ ਦੀ ਸੰਤਾਨ। ਬਾਬਾ ਰਾਮ ਰਾਇ ਨੂੰ ਗੁਰੂ ਹਰਿ ਰਾਇ ਜੀ ਨੇ ਮੱਥੇ ਨਾ ਲੱਗਣ ਦਾ ਹੁਕਮ ਦਿੱਤਾ ਸੀ।

Sri Satguru Jagjit Singh Ji eLibrary NamdhariElibrary@gmail.com

ਜ਼ਿਆਦਾ ਸਨ ਕਿ ਸਿੱਖੀ ਘੱਟ ਅਪਣਾਈ ਜਾ ਰਹੀ ਸੀ। ਇਕ ਵਾਰੀ ਤਾਂ ਇੰਜ ਪਰਤੀਤ ਹੋਣ ਲੱਗਾ ਕਿ ਗੁਰੂ ਨਾਨਕ ਦਾ ਲਗਾਇਆ ਬੂਟਾ ਤੇ ਹੋਰ ਗੁਰੂ ਸਾਹਿਬਾਨ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਸਿੰਜੇ ਬ੍ਰਿਛ ਤੇ ਸਦੀਵੀ ਪਤਝੜ ਆ ਗਈ ਹੈ, ਪਰ ਇਹ ਸਭ ਸਮੇਂ ਨੇ ਨਿਰਮੂਲ ਸਾਬਤ ਕਰ ਦਿੱਤਾ ਜਦ ਸਿੱਖ ਥੋੜ੍ਹੇ ਸਮੇਂ ਵਿਚ ਹੀ ਪੰਜਾਬ ਤੇ ਫਿਰ ਹਿੰਦੁਸਤਾਨ ਵਿਚ ਤੀਸਰੀ ਤਾਕਤ ਬਣੇ। ਹਰ ਦੁੱਖ, ਭੁੱਖ, ਗ਼ਰੀਬੀ, ਕੈਦ, ਯੁੱਧ ਜੰਗ ਤੇ ਸ਼ਹੀਦੀ ਸਿੰਘਾਂ ਸਿਰ ਤੇ ਝੱਲੀ। ਤਲਵਾਰਾਂ, ਰੰਬੀਆਂ ਅਤੇ ਚਰਖੜੀਆਂ ਹੇਠਾਂ ਸ਼ਹਾਦਤਾਂ ਪਾ ਕੇ ਵੀ ਸਿੱਖੀ ਨਿਭਾਈ। ਉਹ ਇਕੱਠੇ ਵੀ ਲੜੇ ਤੇ ਇਕੱਲਿਆਂ-ਇਕੱਲਿਆਂ ਵੀ। ਉਨ੍ਹਾਂ ਸਿੱਖੀ ਨੂੰ ਲਾਜ ਨਾ ਲੱਗਣ ਦਿੱਤੀ। ਮੈਲਕਮ ਦੇ ਹੀ ਸ਼ਬਦਾਂ ਵਿਚ : ਉਸ ਭਿਆਨਕ ਸਮੇਂ ਸਿੱਖਾਂ ਜਿਤਨੀਆਂ ਸੱਟਾਂ ਖਾਧੀਆਂ, ਉਤਨੇ ਜ਼ਿਆਦਾ ਉਹ ਚੜ੍ਹਦੀ ਕਲਾ ਵਿਚ ਗਏ। ਪੰਜਾਬ ਦੇ ਖੇਲ ਦੇ ਮੈਦਾਨ ਵਿਚ ਸਿੱਖਾਂ ਦੀ ਕੌਮ ਉਸ ਗੇਂਦ ਵਾਂਗ ਸੀ, ਜਿਸ ਨੂੰ ਬੇਸ਼ੱਕ ਸਭ ਪਾਸਿਉਂ ਠੁੱਡੇ ਪੈ ਰਹੇ ਹੋਣ ਪਰ ਉਹ ਸਦਾ ਆਸਮਾਨ ਵੱਲ ਉਛਲਦੀ ਜਾ ਰਹੀ ਹੋਵੇ। ਭਾਈ ਕੇਸਰ ਸਿੰਘ ਛਿੱਬਰ ਨੇ ਇਸੇ ਸੰਬੰਧ ਵਿਚ ਲਿਖਿਆ ਹੈ :

*'ਲੱਖ ਹਜ਼ਾਰ ਸਿੱਖ ਤੁਰਕਾਂ ਖਪਾਏ।*
*ਪਰ ਪੰਥ ਡਾਢੇ ਪੁਰਖ ਦਾ ਵਧਦਾ ਹੀ ਜਾਏ।'*

ਇਹ ਸਭ ਕਿਸ ਤਰ੍ਹਾਂ ਹੋਇਆ, ਇਸ ਦਾ ਜੁਆਬ ਇਤਿਹਾਸਕਾਰਾਂ ਨੇ ਲੱਭਣ ਅਤੇ ਦੇਣ ਦੀ ਕੋਸ਼ਿਸ਼ ਕੀਤੀ ਹੈ।

**ਬਿਖੜੇ ਸਮੇਂ, ਨਾ ਮਿਟਣ ਦੇ ਕਾਰਨ** : ਜੇ ਬਿਖੜਾ ਸਮਾਂ ਆਪਣੇ ਜੋਬਨ ਉੱਤੇ ਸੀ ਤਾਂ ਇਸ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਸਿੱਖੀ ਆਚਰਨ, ਸ਼ਰਧਾ, ਮਰਨ ਦਾ ਚਾਉ, ਜਵਾਂਮਰਦੀ ਤੇ ਚੜ੍ਹਦੀ ਕਲਾ ਵੀ ਸਿਖਰ ਉੱਤੇ ਸੀ। ਸਿੱਖਾਂ ਨੇ ਡਟ ਕੇ ਮੁਸੀਬਤਾਂ ਦਾ ਮੁਕਾਬਲਾ ਕੀਤਾ ਤੇ ਸਫਲ ਹੋ ਕੇ ਨਿਕਲੇ। ਇਹ ਬਿਖੜਾ ਸਮਾਂ ੧੭੪੮ ਦੀ ਵੈਸਾਖੀ ਤਕ ਲਿਖਿਆ ਹੈ ਕਿਉਂ ਜੋ ਇਸ ਉਪਰੰਤ ਸਿੱਖ ਇਤਨੇ ਮਜ਼ਬੂਤ ਹੋ ਗਏ ਕਿ ਵੱਡੀ ਤੋਂ ਵੱਡੀ ਤਾਕਤ ਨਾਲ ਟਾਕਰਾ ਕਰਨ ਜੋਗੇ ਹੋ ਗਏ ਸਨ। ਅਸਲ ਗੱਲ ਤਾਂ ਇਹ ਹੈ ਕਿ ਉਹ ਹੁਣ ਖ਼ਤਰਾ ਮੁੱਲ ਲੈਣ ਲਈ ਪਹਿਲ ਵੀ ਕਰਨ ਲੱਗ ਪਏ ਸਨ। ੨੮ ਮਾਰਚ, ੧੭੪੮ ਦੀ ਵੈਸਾਖੀ ਨੂੰ ਪਾਸ ਕੀਤਾ ਗੁਰਮਤਾ ਇਸ ਗੱਲ ਦਾ ਸੂਚਕ ਹੈ।[1] ਸਿੱਖ ਬਿਖੜੇ ਸਮੇਂ ਕਿਉਂ ਨਾ ਮਿਟੇ ਅਤੇ ਕਾਮਯਾਬ ਕਿਵੇਂ ਹੋਏ ਉਸ ਦੇ ਕਾਰਨਾਂ ਨੂੰ ਗਹੁ ਨਾਲ ਦੇਖਣ ਦੀ ਲੋੜ ਹੈ। ਮੁੱਖ ਕਾਰਨ ਇਹ ਆਖੇ ਜਾ ਸਕਦੇ ਹਨ :

**੧. ਗੁਰ ਵਿਸ਼ਵਾਸ** : ਸਿੱਖੀ ਦਾ ਧੁਰਾ ਹੀ ਵਿਸ਼ਵਾਸ ਹੈ। ਸਿੱਖ ਦਾ ਗੁਰੂ ਨਾਲ ਪਿਆਰ ਤੇ ਸ਼ਰਧਾ ਆਖਰਾਂ ਦੀ ਹੈ। ਕਨਿੰਘਮ ਦਾ ਕਹਿਣਾ ਹੈ ਕਿ ਉਸ ਬਿਖੜੇ ਸਮੇਂ ਜੇ ਕੋਈ ਚੀਜ਼ ਉਨ੍ਹਾਂ ਨੂੰ ਇਕੱਠਿਆਂ ਰੱਖ ਰਹੀ ਸੀ ਤਾਂ ਉਹ 'ਵਿਸ਼ਵਾਸ' ਤੇ 'ਜਜ਼ਬਾ' ਸੀ। ਸਿੱਖਾਂ ਨੂੰ ਇਕੱਠੇ ਕਰਨ ਵਿਚ ਇਕੋ ਵਿਸ਼ਵਾਸ ਹੀ ਸੀ ਜੋ ਕੰਮ ਕਰ ਰਿਹਾ ਸੀ। ਸਿੱਖਾਂ ਨੂੰ ਯਕੀਨ ਸੀ ਕਿ ਜਦ ਉਨ੍ਹਾਂ ਦਾ ਗੁਰੂ 'ਰਾਜ ਕਰੇਗਾ ਖਾਲਸਾ' ਦਾ ਹੁਕਮ ਦੇ ਗਏ ਹਨ ਤਾਂ ਇਹ ਸੱਚ ਹੋ ਕੇ ਹੀ ਰਹਿਣਾ ਹੈ। ਸਿਰਫ਼ ਸਮਾਂ ਹੀ ਹੈ ਜੋ 'ਰਾਜ' ਨੂੰ ਰੋਕ ਰਿਹਾ ਹੈ। ਸਮੇਂ ਦਾ

1. ਇਸ ਗੁਰਮਤੇ ਵਿਚ ਸਰਬਤ ਖ਼ਾਲਸਾ ਨੇ ਵੰਗਾਰ ਪਾਈ ਸੀ ਕਿ ਉਹ ਪੰਜਾਬ ਨੂੰ ਅਫ਼ਗਾਨ ਸਾਮਰਾਜ ਦਾ ਹਿੱਸਾ ਨਹੀਂ ਬਣਨ ਦੇਣਗੇ।

Sri Satguru Jagjit Singh Ji eLibrary NamdhariElibrary@gmail.com

ਡਟ ਕੇ ਮੁਕਾਬਲਾ ਕਰਨਾ ਹੀ ਬਹਾਦਰੀ ਹੈ ਤੇ ਅੱਗੇ ਢਹਿ ਢੇਰੀ ਹੋ ਜਾਣਾ ਕਾਇਰਤਾ ਹੈ। ਸਮਾਂ ਹੱਸ ਕੇ ਕੱਟਣਾ ਚਾਹੀਦਾ ਹੈ। ਦੁੱਖ ਹੀ ਦਾਰੂ ਬਣਦਾ ਹੈ ਤੇ ਮੁਸੀਬਤ ਨੂੰ ਹੱਸ ਕੇ ਸਹਾਰਨਾ ਚਾਹੀਦਾ ਹੈ। ਪ੍ਰਾਚੀਨ ਪੰਥ ਪ੍ਰਕਾਸ਼ ਦੇ ਸ਼ਬਦਾਂ ਵਿਚ ਗੁਰੂ ਬਚਨਾਂ ਤੇ ਵਿਸ਼ਵਾਸ ਇਥੋਂ ਤਕ ਸੀ ਕਿ ਗੁਰੂ ਬਚਨਾਂ ਨੂੰ ਹੀ ਉਹ ਆਪਣਾ ਖ਼ਜ਼ਾਨਾ ਸਮਝਦੇ ਸਨ।

*"ਨਾਂਹਿ ਜ਼ਖੀਰੋ ਸਿੰਘਨ ਪਾਸ।*
*ਸ਼ਸਤ੍ਰ ਬਸਤਰ ਹੀਨ ਸੁ ਖਾਸ।*
*ਨਾਂਗੇ ਖਰੇ, ਔ ਭੂਖੇ ਪਯਾਸੇ।*
*ਦਾਰੂ ਸਿੱਕਾ ਨਹਿ ਕਛੁ ਪਾਸੇ। ੨੯।*
*ਹਾਟ ਪਟਨ ਬਾਜ਼ਾਰ ਸੁ ਨਾਹੀਂ।*
*ਰੋਗੀ ਔਖਧ ਬਿਨ ਮਰ ਜਾਹੀਂ।*
*ਗੁਰ ਬਚਨਨ ਕੀ ਉਨ ਕੋ ਆਸ।*
*ਯਹੀ ਖਜ਼ਾਨੋ ਸਿੰਘਨ ਪਾਸ। ੩੦।*

ਵਿਸ਼ਵਾਸ ਇਸ ਹੱਦ ਤਕ ਸੀ ਕਿ ਸਿੱਖ ਸਦਾ ਮਹਿਸੂਸ ਕਰਦੇ ਸਨ ਕਿ ਗੁਰੂ ਗੋਬਿੰਦ ਸਿੰਘ ਆਪੂੰ ਵਿਚ ਹੋ ਕੇ ਲੜ ਰਹੇ ਹਨ। ਨਿਆਜ਼ਬੇਗ ਪਿੰਡ ਵਿਚ ਸਿੱਖਾਂ ਚਮਤਕਾਰ ਡਿੱਠਾ ਸੀ ਕਿ ਜਦ ਇਕ ਬੁੱਢੀ ਮਾਈ ਦੀ ਅਰਦਾਸ ਕਿ ਪੰਥ ਦੀ ਬਹੁੜੀ ਕਰੋ, ਵੇਲੇ ਫ਼ੌਜਾਂ ਦਾ ਨਾਸ ਕਰਨ ਆਪ ਆਏ ਸਨ। ਕਲਗੀਧਰ ਨੇ ਇਕ ਵਾਰ ਬਚਨ ਵੀ ਕੀਤਾ ਸੀ :

*'ਜਿੱਥੇ ਸਿੰਘ ਧਰਮ ਦੇ ਵਾਸਤੇ,*
*ਸਿੱਖੀ ਦੇ ਪਰਉਪਕਾਰ ਲਈ ਤੁਰਕਾਂ ਨਾਲ ਜੁਧ ਕਰਨਗੇ*
*ਉਥੇ ਮੇਰਾ ਸਿੱਖਾਂ ਦੇ ਵਿਚ ਦੀਦਾਰ ਹੋਸੀ।'*

ਖ਼ਾਲਸਾ ਅਕਾਲ ਪੁਰਖ ਦੀ ਫ਼ੌਜ ਹੈ, ਇਸ ਨੂੰ ਕੋਈ ਮਿਟਾ ਮੁਕਾ ਨਹੀਂ ਸਕਦਾ। ਬੰਸਾਵਲੀ ਨਾਮੇ ਨੇ, ਸਿੰਘਾਂ ਵਿਚ ਕਿਤਨਾ ਵਿਸ਼ਵਾਸ ਭਰਿਆ ਜਾ ਚੁੱਕਾ ਸੀ, ਸਬੰਧੀ ਇਕ ਤੁਕ ਲਿਖੀ ਹੈ :

*ਪੂਰਨ ਪੁਰਖ ਬਚਨ ਕੀਤਾ ਸੀ, ਆਪ ਦਸਵੇਂ ਪਾਤਸ਼ਾਹ।*
*ਪੰਥ ਹੈ ਗੁਰੂ ਕਾ, ਮੈਂ ਆਪ ਰਹਾਂਗਾ ਪੰਥ ਵਿਚ ਸਿਪਾਹ।*

ਦਿੱਲੀ ਵਿਖੇ ਇਕ ਭਾਈ ਮਿਹਰ ਸਿੰਘ ਨਾਮ ਦੇ ਸਿੰਘ ਨੇ ਗੁਰ ਵਿਸ਼ਵਾਸ ਸਦਕਾ ਗੰਗੂ ਸ਼ਾਹੀਆਂ ਦਾ ਪਾਜ ਉਘੇੜਿਆ ਸੀ। ਪ੍ਰਾਚੀਨ ਪੰਥ ਪ੍ਰਕਾਸ਼ ਨੇ ਲਿਖਿਆ ਹੈ ਕਿ ਖੜਕ ਸਿੰਘ ਗੰਗੂ ਸ਼ਾਹੀਆ ਸੰਗਤਾਂ ਨੂੰ ਭਰਮਾ ਰਿਹਾ ਸੀ ਕਿ ਭਾਈ ਮਿਹਰ ਸਿੰਘ ਜੀ ਡੱਟ ਗਏ ਅਤੇ ਕਹਿਣ ਲੱਗੇ ਕਿ ਪੰਜਾਂ ਸਿੰਘਾਂ ਦੀ ਅਰਦਾਸ ਕਰਾਵੇ, ਘਰ ਸੱਤੀਂ ਮਹੀਨੇ ਜੁੜਵਾਂ ਬੇਟੇ ਹੋਣਗੇ। ਖੜਕ ਸਿੰਘ ਨੂੰ ਸਿੰਘ ਦੇ ਵਿਸ਼ਵਾਸ ਨੇ ਭਜਾ ਦਿੱਤਾ। ਸਿੰਘ ਕਿਹਾ ਕਰਦੇ ਸਨ :

*'ਕਬ ਹਮ ਬਖਤ ਆਵਗੇ।*
*ਹਮ ਤੈ ਲੁਕ ਤੁਰਕ ਜਿੰਦ ਬਚਾਂਵਗੇ।*

Sri Satguru Jagjit Singh Ji eLibrary NamdhariElibrary@gmail.com

*ਹਨੈ ਹੰਨੈ ਹੁਇ ਬਹਿ ਪਤਸ਼ਾਹਿ।*
*ਲਹਿ ਆਪ ਆਪਨੋ ਮੁਲਖ ਉਗਰਾਹਿ।*
*ਹਮ ਗੁਰਬਚਨ ਝੂਠ ਤੋ ਨਾਹੀ।*
*ਹਮ ਸਹੀ ਜਾਇ, ਦੁੱਖ ਕਟੈ ਤਹਾਂ ਹੀ। ੧।"*[1]

**੨. ਚੜ੍ਹਦੀ ਕਲਾ** : ਗੁਰੂ ਰਾਮ ਦਾਸ ਜੀ ''ਦੁੱਖ ਵਿਚ ਸੁਖ ਮਨਾਈ'' ਸਿੱਖਾਂ ਨੂੰ ਦ੍ਰਿੜ੍ਹ ਕਰਾ ਗਏ ਸਨ। ਗੁਰੂ ਅਰਜਨ[2], ਗੁਰੂ ਹਰਿਗੋਬਿੰਦ[3] ਅਤੇ ਗੁਰੂ ਤੇਗ਼ ਬਹਾਦਰ ਜੀ ਨੇ ਕੁਰਬਾਨੀਆਂ ਦੇ ਕੇ ਇਸ ਨੂੰ ਮੂਰਤੀਮਾਨ ਕੀਤਾ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਨੂੰ ਇਕ ਅਸਚਰਜ ਮਈ ਨਾਅਰਾ 'ਸਰਬ ਕਾਲ, ਸਰਬ ਠੌਰ ਏਕ ਹੀ ਲਗਤ ਹੋ' ਦਿੱਤਾ[4] ਸੀ। ਸਿੱਖਾਂ ਨੇ ਸਮਾਂ ਤੇ ਅਸਥਾਨ (Time and space) ਦੋਵੇਂ ਹੀ ਜਿੱਤ ਲਏ ਸਨ। ਸੰਸਾਰ ਇਨ੍ਹਾਂ ਦੋਵਾਂ ਦਾ ਗ਼ੁਲਾਮ ਹੈ :

*'ਸਿੱਖ ਬਾਤ ਬਾਤ ਮੈਂ ਇਹੋ ਅਲੈ ਹੈ,*
*ਜੁ ਗੁਰ ਕਰਹੈ ਸੋਈ ਹੋਹੈਂ।*
*ਦੁਖ ਸੁਖ ਵਾਰ ਨਫ਼ੇ ਨੁਕਸਾਨੈ,*
*ਭਾਣਾ ਗੁਰ ਕਾ ਖ਼ੁਸ਼ ਹੋ ਮਾਨੈ।'*

ਸਿੱਖ ਚੜ੍ਹਦੀ ਕਲਾ ਦੀ ਇਕ ਉੱਤਮ ਮਿਸਾਲ ਹਨ। ਢਹਿੰਦੀ ਤੇ ਨੀਵੀਂ ਬਾਤ ਸਿੰਘ ਜਾਣਦੇ ਹੀ ਨਹੀਂ ਸਨ। ਵੱਧ ਤੋਂ ਵੱਧ ਕੋਈ ਡਰ ਕਿਸੇ ਨੂੰ ਖਾ ਸਕਦਾ ਹੈ ਤਾਂ ਉਹ ਹੈ 'ਮਰਨ ਕਾਲ ਦਾ ਤ੍ਰਾਸ'। ਸਿੱਖਾਂ ਨੇ ਸਿਰਫ਼ ਇਸ 'ਤੇ ਕਾਬੂ ਪਾ ਲਿਆ ਸੀ ਸਗੋਂ ਮੌਤ ਨੂੰ ਮਖ਼ੌਲ ਕਰਨਾ ਸਿੱਖਾਂ ਦਾ ਸੁਭਾਅ ਬਣ ਗਿਆ ਸੀ। ਅਮੀਨ-ਉਲ-ਦਉਲਾ ਤੇ ਖਾਫ਼ੀ ਖ਼ਾਨ ਨੇ ਕਈ

---

1. ਪ੍ਰਾਚੀਨ ਪੰਥ ਪ੍ਰਕਾਸ਼।
2. ਮੀਆਂ ਮੀਰ ਨੂੰ ਗੁਰੂ ਅਰਜਨ ਦੇਵ ਜੀ ਨੇ ਤੱਤੀ ਤਵੀ ਤੇ ਬੈਠੇ ਹੀ ਇਹ ਕਹਿਆ ਸੀ : ਇਹ ਤਸੀਹੇ ਇਸ ਲਈ ਝਲ ਰਹੇ ਹਾਂ ਕਿ ਕਸ਼ਟ ਸਹਾਰਦੇ ਵੀ ਸਬਰ ਦਾ ਪੱਲਾ ਨਹੀਂ ਛੱਡਣਾ, ਵਾਹਿਗੁਰੂ ਨੂੰ ਨਹੀਂ ਕੋਸਨਾ। ਨਿਸ਼ਚੈ ਦੀ ਸਹੀ ਪਰਖ ਕਸ਼ਟ ਦੀ ਘੜੀ ਵਿਚ ਹੀ ਹੁੰਦੀ ਹੈ। The true test of faith is the hour of misery.

   (ਮੈਕਾਲਫ਼, ਜਿਲਦ ਤੀਜੀ, ਪੰਨਾ ੯੪)
3. ਭਗਵਾਨ ਦਾਸ ਘੇਰੜ ਨੇ ਜਦ ਗੁਰੂ ਹਰਿਗੋਬਿੰਦ ਜੀ ਨੂੰ ਕਹਿਆ ਸੀ ਕਿ ਤੁਸਾਂ ਹਕੂਮਤ ਨਾਲ ਟੱਕਰ ਲੈ ਕੇ ਆਪਣਾ ਤੇ ਸਿੱਖਾਂ ਦਾ ਬਹੁਤ ਨੁਕਸਾਨ ਕਰਾਇਆ ਹੈ ਤਾਂ ਮਹਾਰਾਜ ਨੇ ਬਚਨ ਕੀਤੇ ਸਨ : "ਤੂੰ ਕਿਉਂ ਘਾਬਰੀ ਫਿਰਦਾ ਹੈਂ। ਗੁਰੂ ਘਰ ਦੇ ਸਭ ਕਾਜ ਸਵਰ ਜਾਣਗੇ ਤੇ ਤੁਰਕਾਂ ਦਾ ਰਾਜ ਹੀ ਖੋਹ ਲਿਆ ਜਾਏਗਾ।'

   The Affairs of the Guru's house shall ultimately be adjusted and Turks deprived of Empire.

   (ਮੈਕਾਲਫ਼, ਜਿਲਦ ਚੌਥੀ, ਪੰਨਾ ੧੦੩)
4. ਇਕ ਵਾਰੀ ਮਾਮਾ ਕ੍ਰਿਪਾਲ ਚੰਦ ਨੇ ਪੁੱਛਿਆ ਸੀ : ਮਹਾਰਾਜ ਰਉਲੇ (ਘੱਲੂਘਾਰਿਆਂ) ਵਿਚ ਬੁਧ ਨ ਰਹੇਗੀ, ਬੁਧ ਚਲ ਜਾਇਗੀ। ਬੁਧਿ ਗਈ ਸਿੱਖੀ ਕਿਵੇਂ ਰਹਿਣੀ ਹੈ, ਤਾਂ ਮਹਾਰਾਜ ਨੇ ਕਿਹਾ ਸੀ : ਸਿੱਖ ਮੁਰੀਦਾਂ ਦੀ ਬੁਧਿ ਨਾ ਜਾਸੀ। ਰਉਲੇ ਦੇ ਸਿੱਖ ਹੋਣਗੇ ਮਾਇਕੀ। ਪੰਥ ਵਿਚ ਕੱਚੇ-ਪਿਲੇ ਤਿਨ੍ਹਾਂ ਦੀ ਬੁਧ ਜਾਸੀ। (ਰਹਿਤਨਾਮੇ)

Sri Satguru Jagjit Singh Ji eLibrary NamdhariElibrary@gmail.com

ਮਿਸਾਲਾਂ ਦਿੱਤੀਆਂ ਹਨ। ਮੌਤ ਦਾ ਭੈ ਗੁਰੂ ਸਾਹਿਬਾਨ ਨੇ ਸਿੱਖਾਂ ਦੀਆਂ ਹੱਡੀਆਂ ਵਿਚੋਂ ਕੱਢ ਦਿੱਤਾ ਸੀ। ਸਿੱਖਾਂ ਦਾ ਨਿੱਤ ਦਾ ਪਾਠ ਸੀ ''ਕਾਲ ਪਾਇ ਬ੍ਰਹਮਾ ਬਪ ਧਰਾ, ਕਾਲ ਪਾਇ ਸਿਵਜੂ ਅਵਤਰਾ''। ਜਦ ਕੋਈ ਵੀ ਕਾਲ ਦੀਆਂ ਲੰਮੀਆਂ ਬਾਹਵਾਂ ਤੋਂ ਬਚ ਨਹੀਂ ਸਕਿਆ ਤਾਂ ਮੌਤ ਤੋਂ ਭੱਜਿਆ ਕਿਉਂ ਜਾਇ। 'ਜਾ ਤੇ ਨ ਛੁਟੀਏ ਮੂੜ੍ਹ, ਤਾ ਕੀ ਭਜ ਹਮ ਕਿਉਂ ਨ ਸਰਣਾਗਤ ਜਾਈਏ'। ਇਸੇ ਲਈ ਸਿੰਘ ਮਰਨਾ ਨਹੀਂ, ਚੜ੍ਹਾਈ ਕਰਨਾ ਕਹਿੰਦੇ ਸਨ। ਫ਼ਾਰਸਟਰ ਕਹਿੰਦਾ ਹੈ ਕਿ ਕਿਸੇ ਜਰਾਇਮ ਪੇਸ਼ਾ ਦੀ ਮੌਤ ਤੇ ਤਾਂ ਸਿੰਘ ਅਫ਼ਸੋਸ ਕਰਦੇ, ਪਰ ਆਪਣੇ ਕਿਸੇ ਨਜ਼ਦੀਕੀ ਦੀ ਮੌਤ ਤੇ ਇਕ ਅਥਰੂ ਵੀ ਨਾ ਵਗਾਂਦੇ। ਜਿਵੇਂ ਕੋਈ ਮੌਤ ਦੇ ਬਾਅਦ ਫ਼ੌਜ-ਕਸ਼ੀ ਕਰ ਕੇ ਅਗਲੀ ਦੁਨੀਆ ਜਾ ਰਿਹਾ ਹੋਵੇ। ਚੜ੍ਹਾਈ ਦੇ ਅਰਥ ਹੀ ਸਿੰਘਾਂ ਬਹੁਤ ਸੁੰਦਰ ਕਰ ਲਏ ਸਨ।[1] ਸਿੱਖਾਂ ਦੇ ਬਿਪਤਾ ਵਿਚ ਵਰਤੇ ਬੋਲੇ ਚੜ੍ਹਦੀ ਕਲਾ ਦੀਆਂ ਮਿਸਾਲਾਂ ਹਨ। ਛੋਲਿਆਂ ਨੂੰ ਬਦਾਮ, ਚੱਕੀ ਦੀ ਮੁਸ਼ੱਕਤ ਨੂੰ 'ਫਿਰਨੀ ਦੀ ਸਵਾਰੀ', ਘਾਹ ਨੂੰ 'ਹਰਾ ਪਲਾਓ', ਭੁੱਖੇ ਰਹਿਣ ਨੂੰ 'ਕੜਾਕੇ ਕੱਢਣਾ', ਲੰਗਰ ਵਿਚ ਅੰਨ ਪਾਣੀ ਨਾ ਹੋਣ ਨੂੰ 'ਲੰਗਰ ਮਸਤ', ਪਿਆਜ਼ ਨੂੰ 'ਰੁਪਾ' ਅਤੇ ਸਭ ਤੋਂ ਵੱਧ ਇਕੱਲੇ ਸਿੱਖ ਨੂੰ 'ਸਵਾ ਲੱਖ ਦੀ ਫ਼ੌਜ' ਕਹਿਣਾ।[2] ਇਹ ਬੋਲੇ ਜਿੱਥੇ ਸਿੱਖਾਂ ਵਿਚ ਚੜ੍ਹਦੀ ਕਲਾ ਦਾ ਜਜ਼ਬਾ ਭਰਦੇ ਸਨ, ਉਥੇ ਦੁਸ਼ਮਣਾਂ ਉੱਤੇ ਗੋਲਿਆਂ ਦੀ ਤਰ੍ਹਾਂ ਵਰ੍ਹਦੇ ਸਨ। ਰੋੜਾਂ ਦੀਆਂ ਵਿਛਾਈਆਂ ਤੇ ਸਖ਼ਤੀਆਂ ਉਨ੍ਹਾਂ ਨੂੰ ਹੋਰ ਪੱਕਿਆਂ ਬਣਾ ਗਈਆਂ।

ਚੜ੍ਹਦੀ ਕਲਾ ਦਾ ਇਹ ਹਾਲ ਸੀ ਕਿ ਭਾਈ ਹਕੀਕਤ ਸਿੰਘ ਕਨ੍ਹਈਆ ਇਕ ਦਿਨ ਬਾਹਰ ਵਿਹੜੇ ਵਿਚ ਸੁੱਤਾ ਸੀ। ਬੱਦਲ ਗੱਜਿਆ, ਉਸਨੇ ਆਸਮਾਨ ਦੀ ਸ਼ਿਸਤ ਲਗਾ ਕੇ ਹਵਾ ਵਿਚ ਗੋਲੀ ਚਲਾ ਦਿੱਤੀ। ਜਥੇ ਦੇ ਸਿੰਘ ਦੌੜਦੇ ਆਏ ਤੇ ਪੁੱਛਿਆ ਕਿ ਕਿਸ ਵੱਲ ਵਾਰ ਕੀਤਾ ਤਾਂ ਉਨ੍ਹਾਂ ਕਿਹਾ : ਬੱਦਲ ਗੱਜਿਆ ਸੀ, ਮੋੜਵਾਂ ਉੱਤਰ ਦੇਣਾ ਜ਼ਰੂਰੀ ਸੀ। ਕੋਈ ਲਲਕਾਰੇ ਸਿੰਘ ਜੁਆਬ ਨ ਦੇਵੇ, ਇਹ ਹੋ ਹੀ ਨਹੀਂ ਸਕਦਾ। ਘੱਲੂਘਾਰੇ ਵਿਚ ਹਜ਼ਾਰਾਂ ਨਹੀਂ, ਅੱਧੀ ਕੌਮ ਹੀ ਸ਼ਹੀਦੀ ਪਾ ਗਈ, ਪਰ ਸ਼ਹੀਦ ਸਿੰਘਾਂ ਦੀਆਂ ਮ੍ਰਿਤਕ ਦੇਹਾਂ ਇਕੱਠਿਆਂ ਕਰਦੇ-ਕਰਦੇ ਉੱਚੀ-ਉੱਚੀ ਇਕ ਸਿੰਘ ਇਹ ਵੀ ਕਹਿ ਰਿਹਾ ਸੀ :

***'ਤਤ ਖਾਲਸੋ ਸੋ ਰਹਯੋ, ਗਯੋ ਸੁ ਖੋਟ ਗਵਾਇ।'***

---

1. He led an expedition to another world.
2. ਪ੍ਰਾਚੀਨ ਪੰਥ ਪ੍ਰਕਾਸ਼—
   ਸਵਾ ਲਾਖ ਕਹਿ ਏਕ ਜਨੇ ਕੋ।
   ਪਾਂਚ ਲਾਖ ਕਹਿ ਪਾਂਚ ਜਨੇ ਕੋ।
   ਮਾਨਤ ਸੁਖ, ਦੁਖ ਆਦਿ ਬਨੇ ਕੋ।
   ਪੀਲੂ ਦਾਕ, ਬਦਾਮ ਚਨੇ ਕੋ।
   ਜੰਡ ਫਲੀ ਕੋ ਕਹਤ ਜਲੇਬੀ।
   ਬੇਰਨ ਕੋ ਖੁਰਮੇ ਬਡਸੇਬੀ।
   ਲਡੂ ਟੀਂਡ ਬਦਾਨਾ ਬਾਧ।
   ਨਾਮ ਪਿਆਜ਼ ਕਾ ਰੁਪਾ ਡਾਟਾ।
   ਪਾਨੀ ਕੋ ਪਰਸਾ ਪਰਪਾਕਾ।
   'ਲੰਗਰ ਮਸਤ' ਬਤਾਵੈ ਫਾਕਾ।

Sri Satguru Jagjit Singh Ji eLibrary NamdhariElibrary@gmail.com

ਫਿਰ ਆਗੂ ਕੋਈ ਨਿਯਤ ਜਾਂ ਨਾਮਜ਼ਦ ਨਹੀਂ ਸੀ ਹੁੰਦਾ। ਜੁਰਅੱਤ, ਉਦਾਰ ਚਿਤ, ਤਗੜਾਈ, ਤਿੱਖੀ ਸੂਝ ਅਤੇ ਝੱਟ ਫ਼ੈਸਲੇ ਕਰਨ ਦੀ ਸ਼ਕਤੀ ਰੱਖਣ ਵਾਲਾ ਹੀ ਆਗੂ ਬਣਦਾ ਸੀ। ਉਦਾਹਰਨ ਵਜੋਂ, ਜੇ ਕੋਈ ਨਵਾਬ ਕਪੂਰ ਸਿੰਘ ਜੀ ਵਾਂਗੂੰ, ਸੇਵਾ, ਸਰਦਾਰ ਜੱਸਾ ਸਿੰਘ ਆਹਲੂਵਾਲੀਆ ਵਾਂਗ ਸੂਝ ਤੇ ਸ਼ਕਤੀ, ਚੜ੍ਹਤ ਸਿੰਘ ਵਾਂਗ ਫ਼ੁਰਤੀਲਾ, ਸੁੱਖਾ ਸਿੰਘ ਵਾਂਗ ਦਲੇਰ ਜਾਂ ਅਘੜ ਸਿੰਘ ਵਾਂਗ ਦਰੱਖ਼ਤ ਵਿਚੋਂ ਤੀਰ ਕੱਢਣ ਦੀ ਸ਼ਕਤੀ ਰੱਖਦਾ ਹੋਵੇ ਤਾਂ ਉਹ ਜਥੇਦਾਰ ਸੀ।

ਇਕ ਵੱਡਾ ਗੁਣ ਹੋਰ ਸੀ। ਭਾਵੇਂ ਕੋਈ ਜਥੇ ਦਾ ਸਰਦਾਰ ਬਣ ਜਾਂਦਾ ਸੀ, ਪਰ ਕਦੇ ਹੈਂਕੜ ਜਾਂ ਹੰਕਾਰ ਦੇ ਬੋਲ ਨਹੀਂ ਸੀ ਬੋਲਦਾ। ਕੀ ਇਹ ਅਜੀਬ ਨਹੀਂ ਸੀ ਲੱਗਦਾ ਕਿ ਸਿੱਖ ਦਰੀ ਵਿਛੀ ਤੇ ਸਾਥੀ ਸਿੰਘਾਂ ਨਾਲ ਬੈਠ ਜਾਂਦਾ ਅਤੇ ਭਰਾਵਾਂ ਸਾਥੀਆਂ ਵਾਂਗ ਹੱਸ-ਹੱਸ ਗੱਲਾਂ ਕਰਦਾ। ਸ਼ੁੱਧ ਮਨ ਅਤੇ ਸਾਫ਼ ਸੁਥਰੇ ਹਿਰਦੇ ਸਨ ਸਿੱਖ ਸਰਦਾਰਾਂ ਦੇ।

**੩. ਗੁਰੂ ਗੋਬਿੰਦ ਸਿੰਘ ਜੀ ਦੇ ਸਕੂਲ ਵਿਚ ਪੜ੍ਹੇ ਹੋਏ ਆਗੂ** : ਗੁਰੂ ਗੋਬਿੰਦ ਸਿੰਘ ਜੀ ਦੀ ਸਭ ਤੋਂ ਵੱਡੀ ਅਜ਼ਮਤ ਇਹ ਹੈ ਕਿ ਕੌਮ ਦਾ ਭਾਰ ਚੁੱਕਣ ਲਈ ਇਕ ਵਿਅਕਤੀ ਦੀ ਥਾਵੇਂ ਸਮੁੱਚੀ ਕੌਮ ਨੂੰ ਤਿਆਰ ਕੀਤਾ। ਐਸੇ ਸਿੱਖ ਪੈਦਾ ਕਰ ਗਏ ਜੋ ਉਨ੍ਹਾਂ ਦੇ ਸਕੂਲ ਵਿਚ ਪੜ੍ਹ ਕੇ ਹੁਣ ਜੁਆਨ ਹੋ ਗਏ ਸਨ। ਗੁਰੂ ਗੋਬਿੰਦ ਸਿੰਘ ਜੀ ਦੇ ਸਕੂਲ ਦਾ ਪਹਿਲਾ ਸਬਕ 'ਸਿਰ ਪੇਸ਼ ਕਰਨਾ' ਸੀ। ਸੋ ਇਹ ਹੀ ਕਾਰਨ ਹੈ ਕਿ ਬਹੁਤੇ ਸਿੱਖ ਖ਼ੁਦਗਰਜ਼ੀ ਤੋਂ ਉੱਤੇ ਅਤੇ ਸੁਆਰਥ ਰਹਿਤ ਸਨ। 'ਸਿਰ ਧਰ ਤਲੀ ਯਾਰ ਦੀ ਗਲੀ ਆਉਣ' ਦੀ ਟਰੇਨਿੰਗ ਉਨ੍ਹਾਂ ਪਾਈ ਸੀ। ਦੇਵ ਨੇਤ ਨਾਲ ਕੁਝ ਆਗੂ ੧੭੧੬ ਤੋਂ ਬਾਅਦ ਵੀ ਬਚ ਗਏ। ਦੀਵਾਨ ਦਰਬਾਰਾ ਸਿੰਘ ਜੀ[1] ਉਨ੍ਹਾਂ ਵਿਚੋਂ ਇਕ ਸਨ। ਭਾਈ ਮਨੀ ਸਿੰਘ ਜੀ ਇਕ ਹੋਰ ਉੱਘੇ ਵਿਅਕਤੀ ਸਨ। ਭਾਈ ਮਨੀ ਸਿੰਘ ਜੀ ਨੇ ਪਈਆਂ ਪਾਟਕਾਂ ਨੂੰ ਮੇਲਿਆ। ਫਿਰ ਇਤਨਾ ਰੁਹਬ ਸੀ ਭਾਈ ਸਾਹਿਬ ਦਾ ਕਿ 'ਖਤਾਦਾਰ ਕੇ ਕੰਨ ਸੁ ਐਂਠੇ।' ਸਰਦਾਰ ਗੁਰਬਖ਼ਸ਼ ਸਿੰਘ ਸ਼ਹੀਦ, ਬਾਬਾ ਦੀਪ ਸਿੰਘ ਜੀ ਸ਼ਹੀਦ[2] ਅੰਤਮ ਸਮੇਂ ਤਕ ਗੁਰੂ ਜੀ ਨਾਲ ਰਹੇ ਸਨ। ਸਰਦਾਰ ਬੁੱਢਾ ਸਿੰਘ, ਸਰਦਾਰ ਸ਼ਾਮ ਸਿੰਘ ਅਤੇ ਨਵਾਬ ਕਪੂਰ ਸਿੰਘ, ਭਾਈ ਕਾਹਨ ਸਿੰਘ ਕੁਝ ਹੋਰ ਐਸੀਆਂ ਹਸਤੀਆਂ ਸਨ, ਜਿਨ੍ਹਾਂ ਗੁਰੂ ਚਰਨਾਂ ਦੀ ਛੁਹ ਪ੍ਰਾਪਤ ਕੀਤੀ ਸੀ। ਫਿਰ ਇਨ੍ਹਾਂ ਕੋਲੋਂ ਸਿੱਖਿਆ ਲੈ ਕੇ ਤਰਨਾ ਦਲ ਦੀ ਜਥੇਬੰਦੀ ਬਣੀ। ਦੀਵੇ ਤੋਂ ਦੀਵਾ ਜਗਦਾ ਰਿਹਾ। ਜਜ਼ਬੇ ਤੋਂ ਜਜ਼ਬਾ ਪੈਦਾ ਹੋਇਆ ਤੇ ਸਰਦਾਰ ਜੱਸਾ ਸਿੰਘ ਆਹਲੂਵਾਲੀਆ, ਸਰਦਾਰ ਚੜ੍ਹਤ ਸਿੰਘ, ਸਰਦਾਰ ਜੈ ਸਿੰਘ ਕਨ੍ਹਈਆ, ਸਰਦਾਰ ਹਰੀ ਸਿੰਘ ਭੰਗੀ, ਭਾਈ

---

1. ਪੰਥ ਦਰਬਾਰੋ ਸਿੰਘ ਹੁਤੋ ਦੀਵਾਨ।
ਵਹੀ ਹੋਪ ਸੋਪ ਤੈ ਵਾਨ।
ਪੰਥ ਰਖਤ ਸੋ ਉਸ ਵਡਿਆਈ।
ਵਹੀ ਦੇਤ ਯੌਂ ਸਭਨ ਪਚਾਈ।
ਉਸੈ ਸਰੀਕਾ ਕਰੋ ਕਊ ਨਾਹਿ।
ਵਹੀ ਦੇਤ ਯੌਂ ਸਭਨ ਪਹੁੰਚਾਇ। (ਪ੍ਰਾਚੀਨ ਪੰਥ ਪ੍ਰਕਾਸ਼)
2. ਇਹ ਉਹਨਾਂ ਪੰਜਾਂ ਪਿਆਰਿਆਂ ਵਿਚੋਂ ਸਨ, ਜਿਨ੍ਹਾਂ ਨੂੰ ਨੰਦੇੜ ਸਾਹਿਬ ਗੁਰੂ ਜੀ ਨੇ 'ਪੰਥ' ਕਹਿ ਕੇ ਸਤਿਕਾਰਿਆ ਸੀ।



Sri Satguru Jagjit Singh Ji eLibrary NamdhariElibrary@gmail.com

ਬੀਰੂ ਸਿੰਘ ਤੇ ਕਿਤਨੇ ਹੋਰ ਸਰਦਾਰ ਪੈਦਾ ਹੋ ਗਏ।

**੪. ਸਿੱਖ-ਸਿੱਖ ਦਾ ਪਿਆਰ** : ਮੁਸੀਬਤ ਨੇ ਸਾਰਿਆਂ ਨੂੰ ਇਸ ਤਰ੍ਹਾਂ ਇਕੱਠਿਆਂ ਕਰ ਦਿਤਾ ਜਿਵੇਂ ਸਾਰੇ ਹੀ ਇਕ ਮਾਂ ਪਿਓ ਦੇ ਜਾਏ ਹੋਣ। 'ਜਹਾਂ-ਜਹਾਂ ਖਾਲਸਾ ਜੀ ਸਾਹਿਬ, ਤਹਾਂ-ਤਹਾਂ ਰਛਿਆ ਰਿਆਇਤ' ਸਿੱਖਾਂ ਆਪਣੀ ਨਿੱਤ ਦੀ ਅਰਦਾਸ ਦਾ ਹਿੱਸਾ ਬਣਾ ਲਿਆ। ਕਿਸੇ ਸਿੱਖ ਨੂੰ ਮੁਸੀਬਤ ਵਿਚ ਘਿਰੇ ਦੇਖ ਸੁਣ ਕੇ ਸਿੰਘ ਜਾਨ ਹੀਲ ਦਿੰਦੇ ਸਨ। ਐਨ. ਕੇ ਸਿਨਹਾ ਨੇ ਠੀਕ ਲਿਖਿਆ ਹੈ ਕਿ ਜਬਰ ਦੀ ਵਗਦੀ ਰੌ ਨੇ ਸਭ ਅਣੂਆਂ ਨੂੰ ਇਕ ਥਾਂ ਇਕੱਠਾ ਕਰ ਦਿੱਤਾ :

*'ਕੋਈ ਨ ਕਰੈ ਕਿਸੈ ਸ਼ਰੀਕਾ।*
*ਕੋਈ ਨ ਸੁਣਾਵੈ ਦੁਖ ਆਪਣੇ ਜੀਅ ਕਾ।'*

ਨਾਦਰ ਨੇ ਜਦ ਜ਼ਕਰੀਆ ਖ਼ਾਨ ਕੋਲੋਂ ਸਿੱਖਾਂ ਦੀਆਂ ਕੁਝ ਖ਼ਾਸ ਸਿਫ਼ਤਾਂ ਬਾਰੇ ਪੁੱਛਿਆ ਸੀ ਤਾਂ ਉਸ ਵੱਡੀ ਸਿਫ਼ਤ ਹੀ ਇਹ ਦੱਸੀ ਸੀ ਕਿ 'ਸਿੱਖ-ਸਿੱਖ ਪੈ ਵਾਰਤ ਪਰਾਨ'। ਪੰਥ ਪ੍ਰਕਾਸ਼ ਦੇ ਲਿਖਾਰੀ ਨੇ ਹੋਏ ਵਾਰਤਾਲਾਪ ਨੂੰ ਬਹੁਤ ਸੁੰਦਰ ਢੰਗ ਨਾਲ ਉਲੀਕਿਆ ਹੈ। ਉਸ ਦਾ ਲਿਖਣਾ ਹੈ :

*'ਇਕ ਥਾਂ ਤੇ ਸਭ ਲੇਹੁ ਪੁਸਾਕ।*
*ਇਕਹਿ ਥਾਇ ਸਭ ਦੇਵਹਿ ਰਾਖ।*
*ਇਕ ਥਾਇ ਸਭ ਰਖਹਿ ਕਮਾਈ।*
*ਰਖੇ ਨਹੀਂ ਕੋਊ ਤਿਸੈ ਛਪਾਈ।*
*ਦਰਬ ਲਿਆਵੈ ਜੋ ਬਾਹਰੋ ਕੋਈ।*
*ਪਾਵੈ ਖਜਾਨੈ ਇਕ ਥਾਂ ਜੋਈ।*
*ਅਰਬਦ ਨਰਬਦ ਜੋ ਸਿੰਘ ਲਿਆਇ ਕਮਾਇ।*
*ਇਕ ਢਿਗ ਨ ਰਾਖਈ ਦੇਤ ਖਜ਼ਾਨੇ ਪਾਇ।'*

ਫਿਰ ਲੋੜ ਅਨੁਸਾਰ ਸਾਰੇ ਉਸ ਖ਼ਜ਼ਾਨੇ ਤੋਂ ਲੈਂਦੇ ਸਨ। ਐਸਾ ਪਿਆਰ ਬਣ ਗਿਆ ਸੀ ਕਿ ਸਾਰੇ ''ਸੁਹਿਰਦ ਭਰਾ'' ਹੀ ਕਹਿਲਾਂਦੇ ਸਨ। ਇਥੋਂ ਤਕ ਕਿ ਜੰਗਨਾਮਾ ਦਾ ਲਿਖਾਰੀ ਕਾਜ਼ੀ ਨੂਰ ਮੁਹੰਮਦ ਲਿਖਦਾ ਹੈ ਕਿ ਆਗੂਆਂ ਵਿਚ ਵੀ ਭਰਾਵਾਂ ਵਾਲਾ ਪਿਆਰ ਸੀ। ਦੋਵੇਂ ਆਗੂ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਤੇ ਜੱਸਾ ਸਿੰਘ ਰਾਮਗੜ੍ਹੀਆ ਪੱਕੇ ਦੋਸਤ ਸਨ ਤੇ ਇਕੋ ਝੰਡੇ ਤੇ ਨਗਾਰੇ ਹੇਠ ਲੜਦੇ ਸਨ।[1]

**੫. ਘਰ ਘੋੜਿਆਂ ਦੀਆਂ ਕਾਠੀ ਉੱਤੇ** : ਮੁਸੀਬਤਾਂ ਝੱਲ-ਝੱਲ ਕੇ, ਤਸੀਹੇ ਸਹਾਰ ਸਹਾਰ ਕੇ, ਦੁੱਖਾਂ ਵਿਚ ਰਹਿ-ਰਹਿ ਕੇ, ਬਿਪਤਾਵਾਂ ਦੇਖ-ਦੇਖ ਸਿੱਖ ਸਖ਼ਤ ਜਾਨ ਹੋ ਗਏ ਸਨ। ਜੰਗਲਾਂ ਦੇ ਟਿਕਾਣੇ, ਰੇਤਲੇ ਮੈਦਾਨਾਂ ਵਿਚ ਫਿਰਨਾ, ਛੰਭਾਂ ਵਿਚ ਰਹਿਣਾ ਨਿੱਤ ਦਾ ਕਰਮ ਬਣ ਗਿਆ ਸੀ। ਜ਼ਿੰਦਗੀ ਇਤਨੀ ਸਾਦਾ ਸੀ ਕਿ ਇਕ ਭੂਰੇ ਨਾਲ ਜੀਵਨ ਕਟੀ

---

1. ਕਿ ਆਂ ਹਰ ਦੋ ਜੱਸਾ ਬਹਮ ਗਸ਼ਤਾ ਯਾਰ।
ਅਜ਼ ਈਸ਼ਾਂ ਬਯਕ ਜਾਸਤ ਤਬਲ ਵ ਅਲਮ
(ਜੰਗਨਾਮਾ, ਪੰਨਾ ੧੬੦, ਛਾਪ ੧੯੩੯, ਖ਼ਾਲਸਾ ਕਾਲਜ, ਅੰਮ੍ਰਿਤਸਰ)

Sri Satguru Jagjit Singh Ji eLibrary NamdhariElibrary@gmail.com

ਕਰ ਸਕਦੇ ਸਨ। ਘੋੜਾ ਹੀ ਉਨ੍ਹਾਂ ਦਾ ਸਭ ਤੋਂ ਵੱਡਾ ਹਥਿਆਰ ਸੀ। ਸੋ ਉਨ੍ਹਾਂ ਨੂੰ ਜੜ੍ਹੋਂ ਮਿਟਾਣਾ ਅਸੰਭਵ ਸੀ। ਜਦ ਨਾਦਰ ਨੇ ਇਨ੍ਹਾਂ ਦੇ ਘਰਾਂ ਸਬੰਧੀ ਪੁੱਛਿਆ ਤੇ ਆਖਿਆ ਸੀ ਕਿ ਤੂੰ ਉਨ੍ਹਾਂ ਨੂੰ ਸਾੜ ਕੇ ਤਬਾਹ ਕਿਉਂ ਨਹੀਂ ਕਰ ਦੇਂਦਾ ਤਾਂ ਜ਼ਕਰੀਆ ਖ਼ਾਨ ਨੇ ਕਿਹਾ ਸੀ ਕਿ ''ਇਨ੍ਹਾਂ ਦੇ ਘਰ ਤਾਂ ਘੋੜਿਆਂ ਦੀਆਂ ਕਾਠੀਆਂ ਤੇ ਹਨ।'' ਫੇਰ ਐਸੇ ਘੋੜ ਸਵਾਰ ਕਿ ''ਸੌ-ਸੌ ਕੋਸ ਭਗੈ ਹੀ ਜੈ ਹੈਂ।'' ਪਿੱਠ ਲਗਾ ਕੇ ਸਿੱਖਾਂ ਨੂੰ ਕਦੇ ਕਿਸੇ ਸੁੱਤਾ ਹੋਇਆ ਨਹੀਂ ਸੀ ਡਿੱਠਾ[1]। ਪਤਾ ਹੀ ਨਹੀਂ ਸੀ ਹੁੰਦਾ ਕਿਹੜੇ ਪਾਸਿਉਂ ਮੁਹਿੰਮ ਆ ਪਈ ਹੈ। ਉਸ ਸਮੇਂ ਦੇ ਇਕ ਲੋਕ-ਗੀਤ ਦੇ ਸ਼ਬਦ ਹਨ :

*'ਕਿਥੋਂ ਨੂੰ ਘੋੜਾ ਪੀੜਿਆ ਸਿੰਘ ਜੀ।*
*ਕਿਥੋਂ ਦੀ ਆ ਗਈ ਵੇ ਮੁਹਿੰਮ।'*

ਤਾਂ ਸਿੰਘ ਦਾ ਉੱਤਰ ਹੁੰਦਾ ਸੀ :

*"ਉਚੇ ਨੂੰ ਘੋੜਾ ਪੀੜਿਆ ਨੀ ਨਾਜੋ ਗੋਰੀਏ,*
*ਨੀਵੇਂ ਦੀ ਆ ਗਈ ਨੀ ਮੁਹਿੰਮ।"*

ਉਸ ਸਮੇਂ ਦੀ ਯਾਦ ਦਿਲਾਂਦਾ ਇਕ ਹੋਰ ਲੋਕ-ਗੀਤ ਵੀ ਹੈ, ਜਿਸ ਦੇ ਬੋਲ ਹਨ :

*ਆਯਾ ਸੀ ਰਾਤੀਂ ਚੜ੍ਹ ਸੁੱਤਾ ਸਵਾਤੀ ਵੇ।*
*ਆਇਆ ਸੀ ਨੇਰ੍ਹੇ, ਤੁਰ ਚਲਿਆ ਸਵੇਰੇ ਵੇ।*
*ਦੱਸ ਕੇ ਤਾਂ ਜਾਣਾ ਸਿੰਘ ਜੀ, ਕੀ ਔਗੁਣ ਵਿਚ ਮੇਰੇ ਵੇ।*

ਭਾਈ ਰਤਨ ਸਿੰਘ ਜੀ ਲਿਖਦੇ ਹਨ ਕਿ ਸਿੰਘਾਂ ਨੂੰ ਇਕ ਹੀ ਚੀਜ਼ ਪਿਆਰੀ ਸੀ, ਸ਼ਸਤਰ ਤੇ ਲੜਾਈ।

*'ਲੇਲ ਲੜਾਈ ਕੇ ਇਹ ਆਸ਼ਕ।*
*ਪੇਟੀ, ਟੋਪ, ਸੰਜੋ, ਚਿਰਾਨੇ। ਮਣ ਮਣ ਲੋਹਾ ਰਖਤ ਮਹਾਨੇ।*
*ਫਿਰ ਵੀ ਦੌੜ ਦੇਤ ਨ ਤਾਹੇ। ਬਨ ਮੈਂ ਮ੍ਰਿਗਨ ਧਸਧਸ ਜਾਹੈਂ।*
*ਸੋਵਤ ਫਿਰਤੇ ਤੁਰਤੇ ਖੈਹੈਂ, ਪੀਠ ਲਗਾਇ ਨ ਧਰ ਪਰ ਸੋਹੈਂ।*
*ਕਮਰ ਜਾਂਘੀਆ ਇਕ ਸਿਰ ਪਟਕਾ। ਭੂਰੇ ਗਿਲਤੀ ਬਾਣਾ ਜਟਕਾ।*
*ਪਿਆਰੀ ਔਰੈ ਵਸਤ ਨ ਕਾਈ, ਇਕ ਸ਼ਸਤਰ ਇਕ ਚਾਹਤ ਲੜਾਈ।'*

ਸਰੀਰ ਤੇ ਸ਼ਸਤਰ ਲੱਗੇ ਤਾਂ ਦੇਹੀ ਨੂੰ ਪਵਿੱਤ੍ਰ ਗਿਣਦੇ ਸਨ :

*'ਦੇਹਿ ਪਵਿਤ੍ਰ ਹੋਇ ਸ਼ਸਤ੍ਰ ਲਗਾਇ।'*

ਅਗਲੇ ਨੂੰ ਮਾਰ ਕੇ ਆਪ ਤਾਂ ਸਿੰਘ ਝਾੜਾਂ ਵਿਚ ਛੁਪ ਜਾਂਦੇ ਅਤੇ ਮੁਗ਼ਲ ਤੱਕਦੇ ਹੀ ਰਹਿੰਦੇ। ਸਵੇਰ ਤੋਂ ਸ਼ਾਮ ਤਕ ਸਿੰਘ ਜੰਗਲ ਬੇਲੀਂ ਇਕ ਥਾਂ ਖੜ੍ਹੇ ਰਹਿ ਸਕਦੇ ਸਨ,

---

1. ਸੋਵਤ ਫਿਰਤੇ,
ਤੁਰਤੇ ਖੈ ਹੈਂ।
**ਪੀਠ ਲਗਾਇ ਨ,**
**ਧਰ ਪਰ ਸੋ ਹੈਂ।**

Sri Satguru Jagjit Singh Ji eLibrary NamdhariElibrary@gmail.com

ਪਰ ਮੁਗ਼ਲ ਫ਼ੌਜੀ ਨੂੰ ਝਾੜੀ ਦਾ ਕੰਡਾ ਵੀ ਚੁਭਦਾ ਤਾਂ ਚੀਕਾਂ ਮਾਰ ਕੇ ਅੰਮਾਂ-ਅੰਮਾਂ ਪੁਕਾਰਦੇ :

*'ਉਨ ਚਿਤ ਆਵੈ ਮਾਇ,*
*ਚੁਭੈ ਕੰਡਾ ਇਕ ਝਾਰ ਕੋ।'*

ਬਾਬਰ ਬਾਰੇ ਪ੍ਰਸਿੱਧ ਹੈ ਕਿ ਉਹ ਇਕੋ ਸਾਹ ਘੋੜੇ ਉੱਤੇ ਸੌ ਮੀਲ ਦਾ ਪੈਂਡਾ ਕਰ ਸਕਦਾ ਸੀ, ਪਰ ਇਧਰ ਪੰਜਾਬ ਵਿਚ ਹਰ ਸਿੱਖ ਸਵਾ ਸੌ ਮੀਲ ਘੋੜੇ ਤੇ ਬਗ਼ੈਰ ਕਾਠੀ ਪਾਏ ਦੌੜ ਸਕਦਾ ਸੀ[1]। ਹਰ ਸਿੱਖ 'ਬਾਬਰ' ਸੀ। ਦੂਜੇ ਪਾਸੇ ਮੁਗ਼ਲ ਫ਼ੌਜੀ, ਸਿਪਾਹੀ, ਫ਼ੌਜਦਾਰ, ਕਮਾਂਡਰ ਆਰਾਮ-ਪ੍ਰਸਤ ਹੋ ਗਏ ਸਨ। ਰਥਾਂ, ਪਾਲਕੀਆਂ, ਡੋਲੀਆਂ ਅਤੇ ਤੰਬੂਆਂ ਬਗ਼ੈਰ ਤੁਰਦੇ ਹੀ ਨਹੀਂ ਸਨ। ''ਘਰ ਘੋੜਿਆਂ ਦੀਆਂ ਕਾਠੀਆਂ ਤੇ'' ਵਾਲਿਆਂ ਨੂੰ ਮੁਕਾਉਣਾ ਇਕ ਅਸੰਭਵ ਕੰਮ ਸੀ ਜੋ ਕੋਈ ਵੀ ਦੁਨਿਆਵੀ ਹਕੂਮਤ ਨਹੀਂ ਸੀ ਕਰ ਸਕਦੀ।

**੬. ਧਰਤੀ ਦੇ ਜਾਣੂ ਪੁੱਤਰ**[2] : ਸਿੱਖ ਪੰਜਾਬ ਦੇ ਹੀ ਜੰਮ-ਪਲ ਸਨ। ਪੰਜਾਬ ਦਾ ਚੱਪਾ-ਚੱਪਾ, ਪੰਜਾਬ ਦੀ ਹਰ ਜੂਹ, ਪੰਜਾਬ ਦਾ ਹਰ ਛੰਭ, ਪੰਜਾਬ ਦਾ ਹਰ ਬੇਲਾ, ਪੰਜਾਬ ਦਾ ਹਰ ਜੰਗਲ, ਪੰਜਾਬ ਦੀ ਹਰ ਨਦੀ, ਪੰਜਾਬ ਦਾ ਹਰ ਦਰਿਆ, ਪੰਜਾਬ ਦੀਆਂ ਸਾਰੀਆਂ ਛੁਪਣਗਾਹਾਂ ਉਨ੍ਹਾਂ ਦੀਆਂ ਦੇਖੀਆਂ ਭਾਲੀਆਂ ਸਨ। ਮੁਗ਼ਲ ਆਰਾਮ-ਪ੍ਰਸਤ ਤੇ ਕੁਝ ਅਣਜਾਣੂ ਹੋਣ ਕਾਰਨ ਸਿੱਖਾਂ ਤਕ ਪੁੱਜ ਵੀ ਨਹੀਂ ਸਨ ਸਕਦੇ। ਕਾਜ਼ੀ ਨੂਰ ਮੁਹੰਮਦ ਨੇ ਇਸ ਗੱਲ ਵੱਲ ਆਪਣੇ ਜੰਗਨਾਮਾ ਵਿਚ ਇਸ਼ਾਰਾ ਵੀ ਕੀਤਾ ਹੈ ਕਿ ਦੇਖਦੇ ਹੀ ਦੇਖਦੇ ਸਿੱਖ ਮੁਗ਼ਲ ਸਿਪਾਹੀਆਂ ਦੀਆਂ ਨਜ਼ਰਾਂ ਤੋਂ ਅਲੋਪ ਹੋ ਜਾਂਦੇ ਸਨ। ਮੁਗ਼ਲਾਂ ਲਈ ਇਹ ਅਲੋਪ ਹੋ ਜਾਣਾ ਇਕ ਹੈਰਾਨੀ ਦੀ ਹੀ ਗੱਲ ਬਣਿਆ ਰਿਹਾ।

**੭. ਸ਼ਹਿਨਸ਼ਾਹ ਖ਼ੁਦੀ ਕੋ ਭਾਖਤ** : ਪ੍ਰੋਫ਼ੈਸਰ ਪੂਰਨ ਸਿੰਘ ਨੇ ਖ਼ੂਬ ਲਿਖਿਆ ਹੈ ਕਿ ''ਪੰਜਾਬ ਨ ਹਿੰਦੂ, ਨ ਮੁਸਲਮਾਨ, ਪੰਜਾਬ ਸਾਰਾ ਜਿਊਂਦਾ ਗੁਰਾਂ ਦੇ ਨਾਮ ਤੇ।'' ਸਿੱਖਾਂ ਦਾ ਵੀ ਇਹ ਵਿਸ਼ਵਾਸ ਸੀ ਕਿ ਪੰਜਾਬ ਦੇ ਅਸਲ ਵਾਰਸ ਤੇ ਮਾਲਕ ਉਹ ਹਨ।

ਦੌਲਤ ਖ਼ਾਨ ਨੇ ਵੀ ਬਾਬਰ ਨੂੰ ਕਹਿ ਦਿੱਤਾ ਸੀ :

*'ਪੰਜਾਬ ਮੁਲਖ ਨਾਨਕ ਕੋ ਆਯਾ।'*[3]

ਕਲਗੀਧਰ ਨੇ ਇਕ ਵਾਰੀ ਖ਼ੁਸ਼ ਹੋ ਕੇ ਸਿੰਘਾਂ ਕੋਲੋਂ ਜਦ ਕੁਝ ਮੰਗਣ ਲਈ ਕਿਹਾ ਸੀ ਤਾਂ ਉਸ ਵੇਲੇ ਸਿੰਘਾਂ ਨੇ ਸਿਰਫ਼ ਇਕੋ ਪੰਜਾਬ ਹੀ ਮੰਗਿਆ ਸੀ। ਭਾਈ ਗੁਰਬਖ਼ਸ਼ ਸਿੰਘ ਜੀ ਨੇ ਜਦ ਸ਼ਹੀਦੀ ਸਮੇਂ ਵਾਹਿਗੁਰੂ ਦੀ ਦਰਗਾਹ ਪੁਕਾਰ ਕੀਤੀ ਤਾਂ ਇਹ ਕਿਹਾ ਸੀ ਕਿ ਪੰਜਾਬ ਹੀ ਤਾਂ ਸਾਡੇ ਪਾਸ ਇਕ ਦੌਲਤ ਹੈ, ਇਸ ਨੂੰ ਦੱਖਣੀ ਪੱਛਮੀ ਰਲ ਲੁੱਟ

---

1. ਘੋੜਨ ਕੋ ਭੀ ਮਾਸ ਖਲੈਂ ਹੈ।
ਸੌ ਸੌ ਕੋਸ ਭਗੇ ਹੀ ਜੈ ਹੈਂ।

2. Sons of the Soil.
ਅਬਦਾਲੀ ਨੇ ਵੀ ਕਿਹਾ ਸੀ :
ਓਹ ਹੈਂ ਭੂਮੀਏ।
ਹਮ ਪਰਦੇਸੀ।

3. ਪ੍ਰਾਚੀਨ ਪੰਥ ਪ੍ਰਕਾਸ਼।

Sri Satguru Jagjit Singh Ji eLibrary NamdhariElibrary@gmail.com

ਲੈ ਜਾ ਰਹੇ ਹਨ :

*"ਯਹੀ ਦੌਲਤ ਪੰਜਾਬ ਸਿੱਖ ਖਾਹਿਂ।*
*ਦਖਣੀ ਪਛਮੀ ਕਿਮ ਲੁਟ ਲੈ ਜਾਇ।"*

ਮੁਗ਼ਲ ਬਾਹਰੋਂ ਆਏ ਮਲੇਛ ਹਨ ਤੇ ਅਫ਼ਗਾਨ ਬਾਹਰੋਂ ਆਏ ਹਮਲਾਵਰ। ਪੰਜਾਬ ਉੱਤੇ ਵਿਦੇਸ਼ੀ ਕਬਜ਼ਾ ਬਹੁਤੀ ਦੇਰ ਨਹੀਂ ਰਹਿਣ ਦੇਣਾ। ਸੱਚੀ ਗੱਲ ਵੀ ਇਹ ਹੈ ਕਿ 'ਦੇਸ਼-ਭਗਤੀ' ਦਾ ਜਜ਼ਬਾ ਤਾਂ ਭਰਿਆ ਹੀ ਸਿੱਖ ਗੁਰੂ ਸਾਹਿਬਾਨ ਨੇ ਹੈ। ਉਸ ਜਜ਼ਬੇ ਨੇ ਹੁਣ ਰੰਗ ਦਿਖਾਇਆ। ਪੰਥ ਪ੍ਰਕਾਸ਼ ਦੇ ਲਿਖਾਰੀ ਨੇ ਇਸ ਗੁਣ ਦਾ ਜ਼ਿਕਰ ਇਸ ਤਰ੍ਹਾਂ ਕੀਤਾ ਹੈ ਕਿ :

*'ਕਾਨ ਨ ਕਾਹੂ ਕੀ ਇਹ ਰਾਖਤ।*
*ਸ਼ਹਿਨਸ਼ਾਹ ਖੁਦੀ ਕੋ ਭਾਖਤ।*
*ਆਪਨ ਕੋ ਗਣਤ ਅਬਿਨਾਸੀ।*
*ਔਰਨ ਕੋ ਜੀਵ ਚੁਰਾਸੀ।'*

**੮. ਤਿਕੋਨੀ ਜੰਗ**[1] : ਡਾਕਟਰ ਐੱਨ. ਕੇ. ਸਿਨ੍ਹਾ ਦਾ ਕਥਨ ਹੈ ਕਿ ਸਿੱਖ ਖ਼ੁਸ਼ਕਿਸਮਤ ਹਨ, ਜਿਨ੍ਹਾਂ ਨੂੰ ਸਦਾ ਹੀ ਤਿਕੋਨੀ ਲੜਾਈ ਲੜਨੀ ਪਈ। ਪੰਜਾਬ ਵਿਚ ਰਾਜ ਕਾਇਮ ਰੱਖਣ ਲਈ ਤਿੰਨ ਤਾਕਤਾਂ ਤਤਪਰ ਸਨ। ਮੁਗਲ ਆਪਣਾ ਜੂਲਾ ਕਾਇਮ ਰੱਖਣ ਲਈ ਹੱਥ ਪੈਰ ਮਾਰ ਰਹੇ ਸਨ। ਅਫ਼ਗਾਨ ਮੁਗ਼ਲਾਂ ਹੱਥੋਂ ਰਾਜ ਖੋਹਣ ਲਈ ਹਮਲਾਵਰ ਸਨ। ਸਿੱਖ ਇਸ 'ਮੁਗ਼ਲ-ਪਠਾਣਾਂ ਭਈ ਲੜਾਈ' ਵਿਚ ਹਰ ਤਰ੍ਹਾਂ ਦਾ ਕਰਤੱਵ ਨਿਭਾਹੁਣ ਅਤੇ ਲਾਭ ਉਠਾਉਣ ਯੋਗ ਹੋ ਗਏ ਸਨ। ਜਦ ਮੁਗ਼ਲਾਂ ਨੂੰ ਅਮਲੀ ਤੌਰ 'ਤੇ ਅਫ਼ਗਾਨਾਂ ਦੇ ਹਮਲਿਆਂ ਨੇ ਖ਼ਤਮ ਕਰ ਦਿੱਤਾ ਤਾਂ ਤੀਜੀ ਤਾਕਤ ਮਰਹੱਟੇ ਪੰਜਾਬ ਵਿਚ ਆਏ। ਪਾਨੀਪਤ ਦੀ ਤੀਜੀ ਲੜਾਈ ਵਿਚ ਅਬਦਾਲੀ ਨੇ ਮਰਹੱਟਿਆਂ ਨੂੰ ਲੱਕ-ਤੋੜਵੀਂ ਹਾਰ ਦਿੱਤੀ। ਬੜੇ ਭਾਵਪੂਰਤ ਸ਼ਬਦ ਲਿਖੇ ਹਨ, ਪੰਥ ਪ੍ਰਕਾਸ਼ ਨੇ ਕਿ ਕਾਬਲ ਤੋਂ ਆਏ 'ਕੁੱਤੇ' ਨੇ ਪਹਿਲੇ ਮੁਗ਼ਲਾਂ ਦਾ ਨਾਸ਼ ਕੀਤਾ ਤੇ ਫਿਰ ਦੂਜਾ ਵੀ ਲੜ-ਲੜ ਘਾਇਲ ਹੋ ਮੁੜ ਗਿਆ। ਕੰਡੇ ਨਾਲ ਹੀ ਕੰਡਾ ਕੱਢੀਦਾ ਹੈ।

*ਕਾਬਲ ਤੇ ਇਕ ਕੁਤਾ ਮੰਗਾਊਂ।*
*ਇਨ ਕਾ ਉਨ ਤੇ ਨਾਸ਼ ਕਰਾਊਂ। ੧੮।*[2]
*ਨ ਆਪ ਲੜੂੰ, ਨਾ ਪੰਥ ਲੜਾਊਂ।*
*ਦਿੱਲੀ ਲਾਹੌਰ ਕੇ ਤਖ਼ਤ ਪੁਟਾਊਂ।*
*ਸਾਤੋਂ ਧਾਰਣ ਧੂੜ ਮਿਲਾਊਂ।*
*ਬਾਈ ਸੂਬੇ ਦੇਊ ਤੋੜ।*
*ਵਜੀਰ ਪਾਤਿਸ਼ਾਹਨ ਦੇਊਂ ਫੋੜ। ੨੦।*

1. Triangular Struggle.
2. ਪ੍ਰਾਚੀਨ ਪੰਥ ਪ੍ਰਕਾਸ਼ ਨੇ 'ਸਾਖੀ ਨਾਦਰ ਸ਼ਾਹ ਕੀ' ਵਿਚ ਇਹ ਸ਼ਬਦ ਕਲਗੀਧਰ ਦੇ ਮੁਖੋਂ ਉਚਾਰੇ ਕਹੇ ਹਨ।

Sri Satguru Jagjit Singh Ji eLibrary NamdhariElibrary@gmail.com

ਇਸ ਪਿੱਛੋਂ ਪਹਿਲੀ ਵਾਰ ਸਿੱਧੀ ਟੱਕਰ ਅਫ਼ਗਾਨਾਂ ਤੇ ਸਿੱਖਾਂ ਵਿਚਕਾਰ ਹੋਈ। ਇਹ ਘਟਨਾ ੧੭੬੨ ਦੀ ਹੈ। ਸਿੱਖ ਉਸ ਵਕਤ ਤਕ ਇਕ ਮਜ਼ਬੂਤ ਤਾਕਤ ਬਣ ਚੁੱਕੇ ਸਨ ਤੇ ਅਫ਼ਗਾਨ (ਅਬਦਾਲੀ) ਹਮਲੇ ਕਰ ਕਰ ਕੇ ਥੱਕ ਚੁੱਕਾ ਸੀ। ਇਸ ਤਿਕੋਨੀ ਜੰਗ ਨੇ ਸਿੱਖਾਂ ਨੂੰ ਲਾਭ ਪਹੁੰਚਾਇਆ ਅਤੇ ਸਤਾਰ੍ਹਵੀਂ ਸਦੀ ਦੇ ਅਖ਼ੀਰ ਵਿਚ ਉਹ ਅਮਲੀ ਤੌਰ ਉੱਤੇ 'ਪੰਜਾਬ ਦੇ ਰਾਜੇ' ਬਣੇ।

**੯. ਜੰਗੀ ਨੁਕਤਾ ਨਿਗਾਹ, ਸਿੱਖ ਦੁਸ਼ਮਨ ਦਾ ਬਹੁਤਾ ਤੇ ਆਪਣਾ ਘੱਟ ਨੁਕਸਾਨ ਕਰਨਾ ਜਾਣਦੇ ਸਨ :** ਸਿੰਘਾਂ ਦਾ ਲੜਨ-ਢੰਗ ਨਿਰਾਲਾ ਤੇ ਆਪਣਾ ਸੀ। ਪ੍ਰਾਚੀਨ ਪੰਥ ਪ੍ਰਕਾਸ਼ ਨੇ ਤਾਂ ਇਕ-ਤੁਕੀ ਗੱਲ ਲਿਖੀ ਹੈ ਕਿ :

*'ਪਵੇ ਅਚਾਨਕ ਸਿੰਘ ਐਸ*
*ਜੈਸ ਅਕਾਸ਼ੋ ਇਲ।'*

ਕਾਜ਼ੀ ਨੂਰ ਮੁਹੰਮਦ ਖ਼ਾਨ ਨੇ ਰੱਜ ਕੇ ਸਿੱਖਾਂ ਦੇ ਲੜਨ-ਢੰਗ ਦੀ ਸਿਫ਼ਤ ਕੀਤੀ ਹੈ। ਉਸ ਦਾ ਲਿਖਣਾ ਹੈ ਕਿ ਜਦ ਇਹ ਭੱਜ ਰਹੇ ਹੁੰਦੇ ਹਨ ਤਾਂ ਉਸ ਦਾ ਅਰਥ ਹਾਰ ਨਹੀਂ ਹੁੰਦਾ, ਸਗੋਂ ਨਵੇਂ ਹਮਲੇ ਦੀ ਤਿਆਰੀ ਹੁੰਦਾ ਹੈ। ਤੇਜ਼ ਸਰਪਟ ਦੌੜਦੇ ਘੋੜੇ ਨੂੰ ਯਕਦਮ ਰੋਕ ਕੇ ਐਸਾ ਹਮਲਾ ਕਰਦੇ ਹਨ ਕਿ ਦੁਸ਼ਮਨ ਇਨ੍ਹਾਂ ਦੇ ਵਾਰ ਰੋਕ ਨਹੀਂ ਸਕਦਾ। ਆਪਣੇ ਛੁਪਣ ਟਿਕਾਣਿਆਂ[1] ਤੋਂ ਉਸ ਵਕਤ ਨਿਕਲਦੇ ਸਨ ਜਦ ਸੂਹੀਆ ਖ਼ਬਰ ਦਿੰਦਾ ਸੀ ਕਿ ਫ਼ੌਜ ਦਾ ਪਿਛਲਾ ਹਿੱਸਾ ਗੁਜ਼ਰ ਰਿਹਾ ਹੈ। ਪਿਛਲੇ ਹਿੱਸੇ ਉੱਤੇ ਭਰਪੂਰ ਵਾਰ ਕਰ ਕੇ, ਲੋੜ ਲਈ ਸਾਮਾਨ ਲੁੱਟ ਕੇ, ਕਰੜੀ ਸੱਟ ਮਾਰ ਕੇ ਫਿਰ ਛੁਪਣ ਟਿਕਾਣਿਆਂ ਵਿਚ ਪੁਜ ਜਾਂਦੇ ਸਨ। ਜਦ ਦੁਸ਼ਮਨ ਦੀ ਫ਼ੌਜ ਮੁੜ ਕੇ ਹਮਲਾ ਕਰਦੀ ਸੀ ਤਾਂ ਸਿੱਖ ਆਪਣਾ ਕੰਮ ਮੁਕਾ ਕੇ ਕਈ ਮੀਲ ਦੂਰ ਵੀ ਪੁੱਜ ਗਏ ਹੁੰਦੇ ਸਨ। ਅੱਗੇ ਚਲ ਕੇ ਕਾਜ਼ੀ ਨੂਰ ਮੁਹੰਮਦ ਲਿਖਦਾ ਹੈ :

ਜੇ ਤੈਨੂੰ ਲੜਾਈ ਦਾ ਕਸਬ ਸਿੱਖਣ ਦਾ ਚਾਅ ਹੈ ਤਾਂ ਰਣ ਭੂਮੀ ਵਿਚ ਇਨ੍ਹਾਂ ਦੇ ਸਾਹਮਣੇ ਹੋ। ਉਹ ਤੈਨੂੰ ਜੰਗ ਦੇ ਐਸੇ ਢੰਗ ਸਿਖਲਾਉਣਗੇ ਕਿ ਸਾਰੇ ਪਏ ਵਾਹ-ਵਾਹ ਕਰਨ। ਹੇ ਤਲਵਾਰੀਏ, ਜੇ ਤੈਨੂੰ ਜੰਗੀ ਹੁਨਰ ਸਿੱਖਣ ਦਾ ਚਾਅ ਹੈ ਤਾਂ ਇਨ੍ਹਾਂ ਪਾਸੋਂ ਸਿੱਖ ਕਿ ਕਿਸ ਤਰ੍ਹਾਂ ਲੜਾਈ ਵਿਚੋਂ ਆਪਣੇ ਆਪ ਨੂੰ ਸਾਫ਼ ਬਚਾ ਲੈ ਜਾਈਦਾ ਹੈ।'' ਡਾਕਟਰ ਸਿਨ੍ਹਾ ਨੇ ਇਸੇ ਗੁਣ ਨੂੰ ਦੇਖ ਕੇ ਲਿਖਿਆ ਹੈ ਕਿ, ''ਸਿੱਖਾਂ ਦਾ ਜੰਗ ਦਾ ਤਰੀਕਾ ਵੱਖਰਾ ਤੇ ਨਿਰਾਲਾ ਸੀ। ਸਿੱਖ ਦੁਸ਼ਮਨ ਦਾ ਬਹੁਤਾ ਤੇ ਆਪਣਾ ਘੱਟ ਨੁਕਸਾਨ ਕਰਨ ਦੇ ਢੰਗ ਨੂੰ ਜਾਣਦੇ ਸਨ।''[2]

ਕਲਾਤ ਦੇ ਨਵਾਬ ਨੇ ਵੀ ਅਜਿਹਾ ਹੀ ਕਿਹਾ ਸੀ ਕਿ ਸਿੱਖ ਚੁਪ-ਚੁਪੀਤੇ ਆਂਦੇ ਹਨ ਤੇ ਸ਼ੇਰਾਂ ਵਾਂਗ ਝਪਟ ਕੇ ਪੈ ਜਾਂਦੇ ਹਨ। ਜਦ ਅਸੀਂ ਮੁੜਦੇ ਹਾਂ ਤਾਂ ਉਹ ਦਿਖਾਈ ਹੀ ਨਹੀਂ ਦੇਂਦੇ।

ਅਬਦਾਲੀ ਨੇ ਵੀ ਮੰਨਿਆ ਕਿ ਇਥੇ ਪੰਜਾਬ ਵਿਚ ਸਿੱਖਾਂ ਨੂੰ ਹਰਾਇਆ ਨਹੀਂ ਜਾ ਸਕਦਾ। ਉਸ ਉਦਾਹਰਨ ਦਿੱਤੀ ਸੀ ਕਿ ਖ਼ਰਗੋਸ਼ ਨੂੰ ਫਾਹੁਣ ਲਈ ਇਲਾਕੇ ਦਾ ਹੀ ਕੁੱਤਾ ਚਾਹੀਦਾ ਹੈ।

---

1. Retreat.
2. The Maximum loss of the Enemy at the minimum cost.

Sri Satguru Jagjit Singh Ji eLibrary NamdhariElibrary@gmail.com

ਲਾਰਡ ਕਲਾਈਵ ਨੇ ਪਲਾਸੀ ਦੀ ਜੰਗ (੧੭੫੭ਈ:) ਵੇਲੇ ਹੀ ਆਖ ਅਤੇ ਲਿਖ ਦਿੱਤਾ ਸੀ ਕਿ ਅਬਦਾਲੀ ਦਿੱਲੀਉਂ ਅੱਗੇ ਨਹੀਂ ਆ ਸਕਦਾ, ਕਿਉਂਕਿ ਉਸ ਦੀ ਪਰਵਾਹ-ਪ੍ਰਣਾਲੀ (ਸਪਲਾਈ ਲਾਈਨ) ਸਿੱਖ ਪਿੱਛੋਂ ਪੰਜਾਬ ਵਿਚ ਤੋੜ ਦੇਂਦੇ ਹਨ। ਦੋਸਤੀ ਉਹ ਅਬਦਾਲੀ ਨਾਲ ਕਰਦੇ ਨਹੀਂ, ਕਿਉਂਕਿ ਉਹਨਾਂ ਦਾ ਮੁੱਖ ਧਾਰਮਕ ਕੇਂਦਰ ਉਸ ਨੇ ਪੂਰਿਆ ਹੈ। ਬੱਸ ਪੰਜਾਬ ਸਿੱਖਾਂ ਦਾ ਹੋਇਆ ਕਿ ਹੋਇਆ।[1] ਮੋਟੀ ਨੀਤੀ ਸੀ :

*ਅਚਾਨਕ ਹਮਲਾ ਕਰ ਮਾਰੋ,*
*ਨਸੋ, ਫਿਰ ਆਓ, ਫਿਰ ਜਾਓ,*
*ਕੁਝ ਚਿਰ ਡਟੋ, ਫਿਰ ਹਟੋ,*
*ਅਤੇ ਜਦ ਦੁਸ਼ਮਣ ਥੱਕ ਕੇ*
*ਟੁੱਟ ਜਾਏ ਤਾਂ ਟੁੱਟ ਕੇ ਪੈ ਜਾਓ।*

ਜਾਦੂ ਨਾਥ ਸਰਕਾਰ ਨੇ ਵੀ ਮੰਨਿਆ ਹੈ ਕਿ ਸਿੱਖ ਵਰਗਾ ਕੋਈ ਸੁਘੜ ਸਿਪਾਹੀ ਨਹੀਂ। ਸਾਰੇ ਹਿੰਦੁਸਤਾਨ ਵਿਚ ਨਿਰੋਲ ਉਹ ਇਕ ਹਨ ਜੋ ਚੜ੍ਹੇ ਘੋੜੇ ਬੰਦੂਕ ਦਾ ਨਿਸ਼ਾਨਾ ਸਾਧ ਸਕਦੇ ਸਨ। ਔਰੰਗਜ਼ੇਬ ਨੇ ਵੱਡਾ ਨੁਕਸ ਹਿੰਦੁਸਤਾਨੀ ਸਿਪਾਹੀ ਦਾ ਇਹ ਦੱਸਿਆ ਸੀ ਕਿ ਉਹ ਮਰ ਸਕਦਾ ਹੈ, ਪਰ ਲੜ ਨਹੀਂ ਸਕਦਾ, ਪਰ ਸਿੰਘ ਅਜਿਹੇ ਹਨ ਜੋ ਲੜ ਮਰ ਸਕਦੇ ਹਨ।

**੧੦. ਸਿੱਖ ਸ਼ਹੀਦ** : ਸਾਰਾ ਸਿੱਖ ਇਤਿਹਾਸ ਹੀ ਸਿੱਖਾਂ ਦੀ ਦਿਲ ਚੀਰਵੀਂ ਦਾਸਤਾਨ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਕੋਈ ਐਸਾ ਜ਼ੁਲਮ ਨਹੀਂ ਹੋਵੇਗਾ ਜੋ ਸਿੰਘਾਂ ਉੱਤੇ ਢਾਹਿਆ ਨਾ ਗਿਆ ਹੋਵੇ। ਚੁਣ-ਚੁਣ ਕੇ ਸਿੱਖ ਸ਼ਹੀਦ ਕੀਤੇ ਗਏ। ਬੇਦੋਸ਼ੇ ਮਾਰੇ ਗਏ ਤੇ ਖੋਪਰ ਉਤਾਰੇ ਗਏ। ਸ਼ਹੀਦਾਂ ਦੀ ਲੜੀ ਚਲ ਪਈ। ਸਿੰਘਾਂ ਵਿਚ ਸ਼ਹੀਦ ਹੋਣ ਦਾ ਚਾਅ ਸ਼ਹੀਦਾਂ ਨੇ ਪੈਦਾ ਕਰ ਦਿੱਤਾ। ਸਿੰਘਾਂ ਦੀ ਸੋਚਣੀ ਇਹ ਬਣ ਗਈ ਸੀ ਕਿ :

*ਸਿਖਨ ਕਾਰਨ ਸਤਿਗੁਰ ਦੀਨ ਸੀਸ ਲਗਾਇ।*
*ਸੋ ਸਿੱਖ ਹਮ ਉਸ ਗੁਰ ਕੇ,*
*ਕਿਮ ਰਾਖੇ ਸੀਸ ਬਚਾਇ।*

ਜਦ ਭਾਈ ਮਨੀ ਸਿੰਘ ਜਿਹੇ ਮਹਾਂਪੁਰਸ਼ਾਂ ਦੇ ਹਕੂਮਤ ਨੇ ਬੰਦ ਬੰਦ ਕਟ ਸੁੱਟੇ ਤਾਂ ਆਮ ਸਿੱਖਾਂ ਨੇ ਸ਼ਹੀਦੀ ਤੋਂ ਦੂਰ ਨੱਸਣਾ ਬੁਜ਼ਦਿਲੀ ਸਮਝੀ। ਜਦ ਭਾਈ ਸੁਬੇਗ ਸਿੰਘ ਤੇ ਉਹਨਾਂ ਦੇ ਬੇਦੋਸ਼ੇ ਪੁੱਤਰ ਭਾਈ ਸ਼ਹਿਬਾਜ਼ ਸਿੰਘ ਜੀ ਨੂੰ ਸ਼ਹੀਦ ਕਰ ਦਿੱਤਾ ਗਿਆ ਜੋ ਲਾਹੌਰ ਦੇ ਕੋਤਵਾਲ ਸਨ, ਤਾਂ ਹਕੂਮਤ ਨਾਲ ਮਿਲਵਰਤਨ ਦੀ ਪਾਲਿਸੀ ਵਾਲੇ ਸਿੱਖਾਂ ਵੀ ਆਪਣਾ ਅੰਤ ਨੇੜੇ ਦੇਖਿਆ। ਸਰਦਾਰ ਕਰਮ ਸਿੰਘ ਹਿਸਟੋਰੀਅਨ ਦਾ ਕਹਿਣਾ ਹੈ ਕਿ ਭਾਈ ਸੁਬੇਗ ਸਿੰਘ ਤੇ ਭਾਈ ਸ਼ਹਿਬਾਜ਼ ਸਿੰਘ ਦੀ ਸ਼ਹਾਦਤ ਨੇ ਮਿਲਵਰਤਣੀਏ ਤੇ ਨਾ-ਮਿਲਵਰਤਣੀਏ ਇਕ ਥਾਵੇਂ ਇਕੱਠੇ ਕਰ ਦਿੱਤੇ। ਭਾਈ ਤਾਰੂ ਸਿੰਘ ਜੀ ਤੇ ਭਾਈ ਤਾਰਾ ਸਿੰਘ ਨੇ ਨਵਾਂ ਜਜ਼ਬਾ ਭਰਿਆ। ਜੇ ਉਹ ਸਾਰੇ ਬੇਦੋਸ਼ੇ ਮਾਰੇ ਜਾ ਸਕਦੇ ਹਨ ਤਾਂ ਛੁਪਣ ਕਟੀ ਕਰ ਕੇ ਦਿਨ ਕੱਢਣੇ ਸਮੇਂ ਦੇ ਉਲਟ ਹੈ। ਇਨ੍ਹਾਂ ਸਿੱਖ ਸ਼ਹੀਦਾਂ ਨੇ ਕੌਮ ਵਿਚ ਨਵਾਂ

1. ਕੈਲੰਡਰ ਔਫ ਪਰਸ਼ੀਅਨ ਕਾਰਸਪਾਂਡਿੰਸ।

Sri Satguru Jagjit Singh Ji eLibrary NamdhariElibrary@gmail.com

ਉਤਸ਼ਾਹ ਤੇ ਜ਼ਿੰਦਗੀ ਭਰੀ। ਇਕ ਅੰਦਾਜ਼ੇ ਮੁਤਾਬਿਕ ੧੭੧੬ ਤੋਂ ੧੭੬੫ ਤਕ ਦੋ ਲੱਖ ਤੋਂ ਵੱਧ ਸਿੰਘਾਂ ਨੇ ਸ਼ਹੀਦੀਆਂ ਪਾਈਆਂ।[1] ਠੀਕ ਲਿਖਿਆ ਹੈ ਬੰਸਾਵਲੀ ਨਾਮਾ ਵਿਚ ਕਿ :—

*'ਇਹ ਸ਼ਹਾਦਤਾਂ ਸੁਣ ਕੇ ਜੇ ਫਿਰ ਵੀ ਦਰਦ ਨਾ ਆਵੇ।*
*ਤਾਂ ਉਹ ਭੜੂਆ ਭੀ ਸਿੱਖ ਫੇਰ ਕਹਾਵੈ।'*

**੧੧. ਮੁਗ਼ਲਾਂ ਦਾ ਰਾਜ ਢਹਿੰਦੀ ਕਲਾ ਵਿਚ** : ਮੁਗ਼ਲਾਂ ਦੇ ਰਾਜ ਨੂੰ ਅਸਥਾਪਣ ਹੋਇਆਂ ਕੋਈ ਦੋ ਸੌ ਸਾਲ ਹੋ ਗਏ ਸਨ। ਅਕਬਰ ਤੋਂ ਬਾਅਦ ਇਹ ਰਾਜ ਢਹਿੰਦੀ ਕਲਾ ਵੱਲ ਜਾ ਰਿਹਾ ਸੀ, ਪਰ ਤਗੜੇ ਬਾਦਸ਼ਾਹ ਹੋਣ ਕਾਰਨ ਠੱਲ੍ਹ ਪਈ ਰਹੀ। ਔਰੰਗਜ਼ੇਬ ਨੇ ਮਰਨ ਸਮੇਂ ਕਿਹਾ ਸੀ : 'ਮੁਗ਼ਲ ਰਾਜ ਦਾ ਬੇੜਾ ਅੱਲਾਹ ਸਹਾਰੇ।'' ਸਾਗਰ ਵਿਚ ਐਸੇ ਤੂਫ਼ਾਨ ਉੱਠੇ ਕਿ ਉਹ ਬੇੜਾ ਕਿਸੇ ਵੀ ਮੁਗ਼ਲ ਬਾਦਸ਼ਾਹ ਕੋਲੋਂ ਸੰਭਾਲਿਆ ਨਾ ਜਾ ਸਕਿਆ। ਤਖ਼ਤਨਸ਼ੀਨੀ ਲਈ ਜੰਗਾਂ ਸ਼ੁਰੂ ਹੋ ਗਈਆਂ ਸਨ। ਬਹਾਦਰ ਸ਼ਾਹ ਤਖ਼ਤ ਉੱਤੇ ਬੈਠਾ, ਉਹ ਪਾਗਲ ਹੋ ਗਿਆ ਤੇ ਸ਼ਾਹਿ-ਬੇਖ਼ਬਰ ਦੇ ਨਾਮ ਨਾਲ ਯਾਦ ਕੀਤਾ ਗਿਆ। ਗਿਆਰਾਂ ਮਹੀਨੇ ਜਹਾਨਦਾਰ ਸ਼ਾਹ ਨੇ ਰਾਜ ਕੀਤਾ। ਫੇਰ ਫ਼ਰਖ਼ਸੀਅਰ ਬੈਠਾ, ਉਸ ਨੂੰ ਸਯਦ ਭਰਾਵਾਂ ਨੇ ਅੰਨ੍ਹਾ ਕਰ ਦਿੱਤਾ[2]। ਉਹ ਵੀ ਅੰਤਲੇ ਸਮੇਂ ਪਾਗ਼ਲ ਹੋ ਗਿਆ। ਸੱਯਦ ਭਰਾਵਾਂ ਨੇ ਮੁਹੰਮਦ ਸ਼ਾਹ ਨੂੰ ਤਖ਼ਤ ਉੱਤੇ ਬਿਠਾਇਆ। ਉਹ ਰੰਗ ਰਲੀਆਂ ਮਨਾਉਣ ਵਿਚ ਹੀ ਲੱਗਾ ਰਿਹਾ। ਉਸ ਦੀ ਅਲ ਹੀ ''ਮੁਹੰਮਦ ਸ਼ਾਹ ਰੰਗੀਲਾ'' ਪੈ ਗਈ। ਮੁਗ਼ਲ ਦਰਬਾਰ ਸਾਜ਼ਿਸ਼ਾਂ ਦਾ ਗੜ੍ਹ ਬਣ ਗਿਆ। ਕਸੂਰ ਦੇ ਅਫ਼ਗਾਨਾਂ ਨੂੰ ਸੱਯਦ ਭਰਾ ਚੁਕਦੇ ਰਹਿੰਦੇ ਸਨ। ਈਸਾ ਖ਼ਾਨ ਮੁੰਜ ਵਰਗੇ ਬਾਗ਼ੀ ਨੂੰ ਮੁਹੰਮਦ ਸ਼ਾਹ ਰੰਗੀਲੇ ਦਾ ਚਹੇਤਾ ਖਾਨਿ-ਦੌਰਾਂ, ਸਮੱਦਦਉਲਾ ਹਰ ਵੇਲੇ ਸਹਾਇਤਾ ਦੇਂਦਾ ਰਹਿੰਦਾ ਸੀ। ਕੁਝ ਸਾਲ (੧੭੩੩ ਤਕ) ਤਾਂ ਦਿੱਲੀ ਪੰਜਾਬ ਨੂੰ ਮਦਦ ਦੇਂਦਾ ਰਿਹਾ, ਪਰ ਬਾਅਦ ਵਿਚ ਕੇਂਦਰ ਇਤਨਾ ਨਿਰਬਲ

---

1. ਬਹਾਦਰਸ਼ਾਹ ਤੇ ਫਰਖਸੀਅਰ ਵੇਲੇ =25 ਹਜ਼ਾਰ ਸ਼ਹੀਦ
ਅਬਦਸ ਸਮਦ ਖ਼ਾਨ ਵੇਲੇ =20 ਹਜ਼ਾਰ ਤੋਂ ਵੱਧ ਸ਼ਹੀਦ
ਜ਼ਕਰੀਆ ਖ਼ਾਨ ਵੇਲੇ =25 ਹਜ਼ਾਰ ਸ਼ਹੀਦ
ਯਹੀਆ-ਲਖਪਤ ਵੇਲੇ ਛੋਟਾ ਘਲੂਘਾਰਾ =10 ਹਜ਼ਾਰ ਸ਼ਹੀਦ
ਸ਼ਾਹ ਨਵਾਜ ਖ਼ਾਨ ਵੇਲੇ =ਇਕ ਹਜ਼ਾਰ ਸ਼ਹੀਦ
ਮੀਰ ਮਨੂੰ ਸਮੇਂ =40 ਹਜ਼ਾਰ ਤੋਂ ਵੱਧ
ਮੀਰ ਮਨੂੰ ਵੇਲੇ ਹੀ ਤਾਂ ਅਖਾਣ ਸੀ—
ਮਨੂੰ ਅਸਾਡੀ ਦਾਤਰੀ, ਅਸੀਂ ਮਨੂੰ ਦੇ ਸੋਏ,
ਜਿਉਂ-ਜਿਉਂ ਮਨੂੰ ਵੱਢਦਾ, ਅਸੀਂ ਦੂਣੇ ਚੋਣੇ ਹੋਏ।'
ਅਦੀਨਾ ਬੇਗ ਦੇ ਰਾਜ ਦੌਰਾਨ =10 ਹਜ਼ਾਰ ਸ਼ਹੀਦ
ਅਹਿਮਦ ਸ਼ਾਹ ਅਬਦਾਲੀ ਵੇਲੇ ਵੱਡੇ ਘੱਲੂਘਾਰੇ ਸਮੇਤ =60 ਹਜ਼ਾਰ ਸ਼ਹੀਦ
ਨਜੀਬ-ਉਲ-ਦਉਲਾ ਨੇ ਮੁਹਿੰਮਾਂ ਚਾੜ੍ਹ =20 ਹਜ਼ਾਰ ਸ਼ਹੀਦ
ਜਹਾਦੀਆਂ, ਜ਼ਿਮੀਂਦਾਰਾਂ ਅਤੇ ਦੋਖੀਆਂ ਨੇ ਅਤੇ ਅਨੇਕਾਂ ਹੋਰ =10 ਹਜ਼ਾਰ ਸ਼ਹੀਦ

2. ਫ਼ਰਖ਼ਸੀਅਰ ਅੰਧਾ ਕੀਯੋ ਰਲ ਦੁਇ ਸਯਦ ਭ੍ਰਾਤ।੧।

Sri Satguru Jagjit Singh Ji eLibrary NamdhariElibrary@gmail.com

ਹੋ ਗਿਆ ਕਿ ਉਹ ਪੰਜਾਬ ਦਾ ਮੁਹਤਾਜ ਹੋ ਗਿਆ। ਜ਼ਕਰੀਆ ਖ਼ਾਨ ਦੇ ਵਸੀਲੇ ਸੀਮਤ ਸਨ। ਸੀਮਤ ਵਸੀਲਿਆਂ ਨਾਲ ਉਹ ਜਜ਼ਬਿਆਂ ਦੇ ਹੜ੍ਹ ਨੂੰ ਰੋਕ ਨਾ ਸਕਿਆ। ਮੁਗ਼ਲਾਂ ਦੀ ਤਾਕਤ ਨਿੱਤ ਦੀਆਂ ਸਾਜ਼ਿਸ਼ਾਂ ਵਿਚ ਇਕ ਦੂਜੇ ਨੂੰ ਮਾਰਨ ਵਿਚ ਹੀ ਖ਼ਰਚ ਕੀਤੀ ਜਾ ਰਹੀ ਸੀ।

**੧੨. ਸਿੱਖਾਂ ਦੇ ਟਿਕਾਣਿਆਂ ਤਕ ਪੁੱਜਣ ਲਈ ਸੜਕਾਂ ਜਾਂ ਪੱਧਰੇ ਰਸਤੇ ਨਹੀਂ ਸਨ** : ਸਿੱਖਾਂ ਦੀਆਂ ਛੁਪਣਗਾਹਾਂ ਬਸਤੀਆਂ ਤੇ ਸ਼ਹਿਰਾਂ ਤੋਂ ਦੂਰ ਸਨ। ਕਈ ਤਾਂ ਸ਼ੇਰਾਂ-ਬਘਿਆੜਾਂ ਦੀਆਂ ਗਾਰਾਂ ਹੀ ਸਨ। ਭਾਈ ਲੱਖਾ ਸਿੰਘ ਮੀਰ ਕੋਟੀਆ ਨੇ ਅਜਿਹੀ ਇਕ ਗ਼ਾਰ ਨੂੰ ਮੋਕਲਾ ਕਰ ਟਿਕਾਣਾ ਬਣਾਇਆ ਸੀ :

*'ਹੁਤੀ ਖੱਡ ਬਘਿਆੜਨ ਕੇਰੀ।*
*ਪਟ ਬਣਾਇ ਉਨ ਕਰੀ ਬਡੇਰੀ।'*

ਸੜਕਾਂ ਦਾ ਇੰਤਜ਼ਾਮ ਜਾਂ ਬਿਲਕੁਲ ਨਹੀਂ ਸੀ ਜਾਂ ਇਤਨਾ ਘਟੀਆ ਸੀ ਕਿ ਫ਼ੌਜਾਂ ਦਾ ਪੁੱਜਣਾ ਅਸੰਭਵ ਸੀ। ਇਸ ਉੱਤੇ ਮੁਗ਼ਲ ਫ਼ੌਜਾਂ ਆਰਾਮ ਪ੍ਰਸਤੀ ਵਿਚ ਇਕ ਅਖਾਣ ਬਣ ਗਈਆਂ ਸਨ। ਇਰਵਨ ਨੇ ਮੁਗ਼ਲਾਂ ਦੀ ਫ਼ੌਜ ਦੀ ਆਰਾਮ-ਪ੍ਰਸਤੀ ਦੀਆਂ ਕਈ ਕਹਾਣੀਆਂ ਲਿਖੀਆਂ ਹਨ। ਜੰਗਲਾਂ ਨੂੰ ਕੱਟਣ ਦਾ ਕੰਮ ਲਖਪਤ ਰਾਇ ਨੇ ਯਾਹੀਆ ਖ਼ਾਨ ਦੀ ਮਦਦ ਨਾਲ ਕੀਤਾ, ਪਰ ਇਹ ਹਿਮਾਲਾ ਨਾਲ ਟੱਕਰ ਲੈਣ ਵਾਲੀ ਗੱਲ ਸੀ। ਜੰਗਲ ਕੱਟਣ ਤਕ ਤਾਂ ਸਿੰਘ ਦੂਰ ਦੁਰਾਡੇ ਪੁੱਜ ਜਾਂਦੇ ਸਨ। ਫ਼ੌਜਾਂ, ਜੋ ਸਿੰਘਾਂ ਦਾ ਪਿੱਛਾ ਕਰਦੀਆਂ ਆਉਂਦੀਆਂ ਸਨ, ਉਹ ਅਮਲੀ ਤੌਰ ਉੱਤੇ ਸਾਹ ਸੱਤ ਮੁਕਾ ਚੁੱਕੀਆਂ ਹੁੰਦੀਆਂ ਸਨ।

**੧੩. ਅਸੂਲਾਂ ਤੇ ਖੜ੍ਹੀ ਜਥੇਬੰਦੀ ਪੰਥ** : 'ਕਉਨ ਕਹੈ ਸ੍ਰੀ ਗੁਰੂ ਮੋਇਓ', ਸਿੱਖਾਂ ਦਾ ਮੁੱਢ ਤੋਂ ਵਿਸ਼ਵਾਸ ਸੀ, ਪਰ ਹੁਣ ਤਾਂ ਉਨ੍ਹਾਂ ਨੇ 'ਸਤਿਗੁਰ ਜਾਗਤਾ ਹੈ ਦੇਵ' ਅਨੁਭਵ ਕਰ ਲਿਆ ਸੀ। ਦੀਵਾਨ ਦੀ ਸਮਾਪਤੀ ਉਪਰੰਤ ਪੜ੍ਹੇ ਜਾਣ ਵਾਲਾ ਦੋਹਿਰਾ[1] ਸਿੱਖਾਂ ਨੂੰ ਮੂਰਤ ਵਿਚੋਂ ਕੱਢ ਕੇ ਦਰਸ਼ਨ ਵੱਲ ਲੈ ਜਾਂਦਾ ਸੀ। ਕਨਿੰਘਮ ਨੇ ਸਿੱਖਾਂ ਦੇ ਅਮਿਟ ਹੋਣ ਦਾ ਇਕ ਵੱਡਾ ਕਾਰਨ ਹੀ ਇਹ ਲਿਖਿਆ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ 'ਸ਼ਖ਼ਸੀਅਤ' ਤੋਂ ਅਸੂਲ ਵੱਲ[2] ਪੰਥ ਨੂੰ ਲਿਆ ਕੇ ਇਕ ਐਸਾ ਕਾਰਨਾਮਾ ਕੀਤਾ, ਜਿਸ ਨੇ ਸਿੱਖਾਂ ਵਿਚ ਗੁਰੂ ਦੀ ਅਣਹੋਂਦ ਮਹਿਸੂਸ ਨਾ ਹੋਣ ਦਿੱਤੀ। ਸਿੱਖੀ ਮਹੱਲ ਦੋ ਹੀ ਥੰਮ੍ਹੀਆਂ ਉੱਤੇ ਖੜ੍ਹਾ ਕੀਤਾ ਗਿਆ ਸੀ, ਇਕ 'ਬਾਣੀ' ਤੇ ਦੂਸਰੀ 'ਸੰਗਤ'। ਗੁਰੂ ਸਾਹਿਬਾਨ ਨੇ ਮੁੱਢ ਤੋਂ ਹੀ ਇਤਨੀ ਇਹਤਿਆਤ ਵਰਤੀ ਕਿ 'ਬਾਣੀ' ਦੇ ਸਤਿਕਾਰ ਵਿਚ ਕਦੇ ਢਿੱਲ ਨਾ ਪਵੇ। ਗੁਰੂ ਅਰਜਨ ਦੇਵ ਜੀ ਨੇ ਬੀੜ ਬੱਝ ਜਾਣ ਉਪਰੰਤ ਗੁਰੂ ਗਰੰਥ ਸਾਹਿਬ ਨੂੰ ਪਹਿਲ ਤੇ ਉੱਚਤਾ ਦਿੱਤੀ। ਗੁਰੂ ਹਰਿਗੋਬਿੰਦ ਜੀ ਨੇ ਅੰਮ੍ਰਿਤਸਰ ਦੀ ਜੰਗ ਵੇਲੇ ਬੇਟੀ, ਬਨਿਤਾ ਅਤੇ ਬੇਟਿਆਂ ਨਾਲੋਂ ਪਹਿਲੇ ਗੁਰੂ ਗ੍ਰੰਥ ਸਾਹਿਬ ਨੂੰ

---

1. ਆਗਿਆ ਭਈ ਅਕਾਲ ਕੀ, ਤਬੈ ਚਲਾਇਓ ਪੰਥ।
ਸਭ ਸਿੱਖਨ ਕੋ ਹੁਕਮ ਹੈ, ਗੁਰੂ ਮਾਨਿਓ ਗ੍ਰੰਥ।
ਗੁਰੂ ਗ੍ਰੰਥ ਜੀ ਮਾਨਿਓ, ਪ੍ਰਗਟ ਗੁਰਾਂ ਕੀ ਦੇਹ।
ਜੋ ਪ੍ਰਭ ਕੋ ਮਿਲਬੈ ਚਹੈ, ਖੋਜ ਸਬਦ ਮੇ ਲੇਹ।
2. From Personality to Principles.

Sri Satguru Jagjit Singh Ji eLibrary NamdhariElibrary@gmail.com

ਸੁਰੱਖਿਅਤ ਥਾਂ ਪਹੁੰਚਾਉਣ ਦਾ ਪ੍ਰਬੰਧ ਕੀਤਾ। ਗੁਰੂ ਹਰਿ ਰਾਇ ਜੀ ਨੇ ਅਦਬ ਕਰਨ ਦੀ ਹੱਦ ਸਿਖਲਾ ਦਿੱਤੀ। 'ਗੁਰੂ' ਤੇ 'ਬਾਣੀ ਨੂੰ ਸਿੱਖ ਇਕ ਸਮਝਣ ਲੱਗ ਪਏ ਸਨ। ਦੋ ਸਦੀਆਂ ਦੀ ਮਿਹਨਤ ਨੇ ਗੁਰੂ ਨੂੰ ਬਾਣੀ ਵਿਚ ਤੇ ਸੰਗਤ ਨੂੰ ਪੰਥ ਵਿਚ ਹਲੂਲ ਕਰ ਦਿੱਤਾ। ਗੁਰੂ-ਵਿਅਕਤੀਆਂ ਨੂੰ ਆਪੂੰ ਇਤਨਾ 'ਬਾਣੀ' ਤੇ 'ਸੰਗਤ'[1] ਦਾ ਸਤਿਕਾਰ ਕਰਦਾ ਦੇਖ ਆਮ ਸਿੱਖ ਵੀ ਬਾਣੀ-ਸੰਗਤਿ ਨੂੰ ਉਸੇ ਸਤਿਕਾਰ ਵਿਚ ਰੱਖਣ ਲੱਗ ਪਈਆਂ, ਜਿਸ ਸਤਿਕਾਰ ਵਿਚ ਉਹ ਗੁਰੂ-ਵਿਅਕਤੀਆਂ ਨੂੰ ਰੱਖਦੇ ਸਨ। ਗੁਰੂ ਸਾਹਿਬਾਨ ਵੀ ਜਿਥੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੁੰਦਾ ਸੀ, ਸਿੰਘਾਸਨ ਤੇ ਨਹੀਂ ਬੈਠਦੇ ਸਨ। ਸੋ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੂੰ 'ਗੁਰੂ ਗ੍ਰੰਥ ਤੇ ਗੁਰੂ ਪੰਥ' ਨੂੰ ਗੱਦੀ ਦੇਂਦਿਆਂ ਕੋਈ ਸੰਕੋਚ ਨ ਹੋਇਆ। 'ਗੁਰੂ ਸੰਗਤ', ਗੁਰੂ ਪੰਥ ਅਤੇ ਬਾਣੀ ਦੀ ਬੀੜ 'ਗ੍ਰੰਥ' ਗੁਰੂ ਗ੍ਰੰਥ ਸਾਹਿਬ ਬਣ ਗਿਆ। ਦਸਮੇਸ਼ ਪਿਤਾ ਇਹ ਹੁਕਮ ਕਰ ਗਏ ਕਿ :

*'ਜਹਿ ਜਹਿ ਪੰਜ ਭੁਜੰਗੀ ਹੋਇ।*
*ਗੁਰਦੁਆਰੈ ਮੰਨ ਲਯੋ ਸੋਇ।'*

ਫਿਰ ਇਹ ਆਗਿਆ ਵੀ ਕੀਤੀ :

*'ਪੰਜ ਭੁਜੰਗੀਅਨ ਤੇ ਅਰਦਾਸ ਕਰਾਓ।*
*ਜੋ ਮਾਂਗੈ ਸੋਈ ਫਲ ਪਾਓ।'*

ਗੁਰੂ ਗੋਬਿੰਦ ਸਿੰਘ ਜੀ ਐਸਾ ਗੁਰੂ ਦਸ ਗਏ ਜੋ ਤ੍ਰੈਕਾਲ ਰਹਿਣਾ ਸੀ। ਜੋ ਕਾਲ ਰਹਿਤ ਸੀ। ਜੋ ਬੁਲਾਇਆਂ ਬੋਲ ਵੀ ਪੈਂਦਾ ਸੀ। ਜਿਸ ਅੱਗੇ ਮਨ ਦੀ ਦਸ਼ਾ ਖੋਲ੍ਹ ਕੇ ਰੱਖੀ ਜਾ ਸਕਦੀ ਸੀ। ਜਿਸ ਨੇ ਹੁਣ ਜੋਤੀ ਜੋਤ ਸਮਾਉਣਾ ਨਹੀਂ ਸੀ ਅਤੇ ਜੋਤ ਇਕ ਥਾਂ ਸਦਾ ਲਈ ਟਿਕ ਗਈ ਸੀ। ਪਾਤਸ਼ਾਹੀ ਕਾਇਮ ਹੋ ਗਈ। ਗੁਰੂ ਗੋਬਿੰਦ ਸਿੰਘ ਜੀ ਤੋਂ ਬਾਅਦ ਗੁਰੂ ਪੰਥ, ਗੁਰੂ ਗ੍ਰੰਥ ਦੇ ਤਾਬਿਆ ਜੁੜਨ ਲੱਗਾ। ਸਲਾਹਾਂ ਹਜ਼ੂਰੀ ਵਿਚ ਹੋਣ ਲੱਗੀਆਂ। ਰਾਵਾਂ ਬੇਸ਼ੱਕ ਹੋਈਆਂ, ਪਰ ਫ਼ੈਸਲੇ ਸਰਬ-ਸੰਮਤੀ ਨਾਲ ਹੋਣ ਲੱਗੇ। ਗੁਰੂ ਪੰਥ ਨੇ ਉਹਨਾਂ ਫੈਸਲਿਆਂ ਨੂੰ ਗੁਰੂ ਦੀ ਨਸੀਅਤ, ਰਾਇ, ਫੈਸਲੇ, ਗੁਰੂ ਮਤੇ, (Conscience of the Gurus) ਕਹਿ ਕੇ ਸਤਿਕਾਰਿਆ। ਮੈਲਕਮ ਨੇ ਸਕੈਚ ਔਫ ਦੀ ਸਿੱਖਸ ਵਿਚ ਗੁਰਮਤੇ ਬਾਰੇ ਲਿਖਿਆ ਹੈ ਕਿ ਜਦ ਹੁਣ ਸਿੱਖ ਕਿਸੇ ਗੰਭੀਰ ਮਸਲੇ ਤੇ ਵਿਚਾਰ ਕਰਨ ਲਈ ਇਕੱਠੇ ਹੁੰਦੇ ਤਾਂ ਸਾਰੇ ਨਿੱਜੀ ਤੇ ਸ਼ਖ਼ਸੀ ਝਗੜਿਆਂ ਨੂੰ ਆਪਣੀਆਂ ਵਿਚਾਰਾਂ ਵਿਚਕਾਰ ਨ ਲਿਆਂਦੇ ਅਤੇ ਆਪਣੇ ਜ਼ਾਤੀ ਤੇ ਸ਼ਖਸੀ ਭਾਵਾਂ ਨੂੰ ਪੰਥਕ ਭਲਾਈ ਦੀ ਯੱਗ ਵੇਦੀ ਤੋਂ ਕੁਰਬਾਨ ਕਰ ਦੇਂਦੇ। ਸ਼ੁੱਧ ਦੇਸ਼ ਭਗਤੀ ਦੇ ਵਿਚਾਰਾਂ ਤੋਂ ਪ੍ਰੇਰਤ ਹੋ ਕੇ ਆਪਣੇ ਧਰਮ ਤੇ ਰਾਜ ਲਈ ਇਕੱਤਰ ਹੋ ਕੇ ਉਹ ਕਿਸੇ ਹੋਰ ਗੱਲ ਨੂੰ ਧਿਆਨ ਵਿਚ ਨਾ ਲਿਆਉਂਦੇ। ਜਦ ਸਾਰੇ ਆਗੂ ਬੈਠ ਜਾਂਦੇ ਤਦ ਆਦਿ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਜਾਂਦਾ ਤੇ ਪਾਵਨ ਗ੍ਰੰਥ ਦੇ ਅੱਗੇ ਸਾਰੇ ਮੱਥਾ ਟੇਕਦੇ ਤੇ ਵਾਹਿਗੁਰੂ ਜੀ ਕਾ ਖਾਲਸਾ ਉੱਚੀ ਬੁਲਾਂਦੇ। ਉਸ ਮਗਰੋਂ ਸਾਰੀ ਹਾਜ਼ਰ ਸੰਗਤ ਖੜ੍ਹੀ ਹੋ ਜਾਂਦੀ ਤੇ ਅਕਾਲੀ (ਅਰਦਾਸ ਕਰਨ ਵਾਲਾ) ਉੱਚੀ ਆਵਾਜ਼ ਨਾਲ ਅਰਦਾਸਾ ਕਰਦਾ। ਅਰਦਾਸ ਪਿੱਛੋਂ ਆਪੋ ਆਪਣੀ ਥਾਂ ਤੇ ਪ੍ਰਤਿਨਿਧੀ

1. ਗੁਰੂ ਵੀਹ ਵਿਸਵੇ ਤੇ ਸੰਗਤ ਇਕੀਹ ਵਿਸਵੇ ਆਪੂੰ ਗੁਰੂ ਜੀ ਕਹਿੰਦੇ ਸਨ।

Sri Satguru Jagjit Singh Ji eLibrary NamdhariElibrary@gmail.com

ਬੈਠ ਜਾਂਦੇ ਤੇ ਕੜਾਹ ਪ੍ਰਸ਼ਾਦ ਵੰਡੇ ਜਾਣ ਤੇ ਉਥੇ ਹੀ ਛਕ ਲੈਂਦੇ, ਜਿਸ ਦਾ ਭਾਵ ਅਰਥ ਸੀ ਕਿ ਸਾਰਿਆਂ ਵਿਚ ਇਸ ਮਹਾਨ ਕੰਮ ਲਈ ਪੂਰਨ ਏਕਾ ਹੈ। ਫਿਰ ਅਕਾਲੀ ਉੱਚੀ ਆਵਾਜ਼ ਨਾਲ ਕਹਿੰਦਾ : ਸਰਦਾਰੋ ! ਇਹ ਗੁਰਮਤਾ ਹੈ। ਫਿਰ ਸਰਦਾਰ ਇਕ ਦੂਜੇ ਦੇ ਨੇੜੇ ਹੋ ਕੇ ਕਹਿੰਦੇ ਕਿ ਅਸੀਂ ਪਵਿੱਤਰ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਹਾਂ, ਅਸੀਂ ਆਪਸੀ ਝਗੜਿਆਂ ਨੂੰ ਭੁਲਾ ਕੇ ਇਕ ਮਤ ਹੋ ਕੇ ਕੰਮ ਕਰਾਂਗੇ। ਪ੍ਰਾਚੀਨ ਪੰਥ ਪ੍ਰਕਾਸ਼ ਦੀ ਗਵਾਹੀ :

*'ਕਾਮ ਪਰਤ ਤਾਂ ਜੋ ਕੁਛ ਕਬ ਹੀ*
*ਕਰਤ ਗੁਰਮਤਾ ਮਿਲ ਕਰ ਸਭ ਹੀ।'*

ਗੁਰਮਤਾ ਨੂੰ ਐਨ. ਕੇ. ਸਿਨ੍ਹਾ 'ਗ੍ਰੈਂਡ ਡਾਇਟ' ਕਹਿੰਦਾ ਹੈ। ਇਥੇ ਗੁਰੂ ਸਾਹਮਣੇ ਹਰ ਕੋਈ ਇਕੋ ਜਿਹਾ ਸੀ ਤੇ ਖੁਲ੍ਹੀ ਵਿਚਾਰ ਦੇ ਸਕਦਾ ਸੀ। ਪਿੱਛੋਂ ਜਾ ਕੇ ਨਜੀਬ-ਉਦ-ਦਉਲਾ ਨੇ ਸਵੀਕਾਰ ਕੀਤਾ ਕਿ 'ਜਥੇਬੰਦਕ ਕੌਮ ਨੇ, ਜਿਸ ਵਿਚ ਚੜ੍ਹਦੀ ਕਲਾ ਫੂਕ-ਫੂਕ ਕੇ ਭਰੀ ਗਈ ਸੀ, ਸਾਨੂੰ ਮਾਤ ਦੇ ਦਿੱਤੀ।'

**੧੪. ਨਾਦਰ ਦਾ ਹਮਲਾ :** ਤਖ਼ਤ ਨਸ਼ੀਨੀ ਦੀਆਂ ਜੰਗਾਂ, ਆਪਸ ਦੇ ਝਗੜਿਆਂ, ਦਰਬਾਰ ਦੀਆਂ ਸਾਜ਼ਿਸ਼ਾਂ ਅਤੇ ਰਾਜ ਵਿਚ ਥਾਂ-ਥਾਂ ਬਗ਼ਾਵਤਾਂ ਹੋਣ ਕਾਰਨ ਮੁਗ਼ਲ ਰਾਜ ਖ਼ੋਖਲਾ ਹੋ ਚੁੱਕਾ ਸੀ। ਮੁਗ਼ਲ ਬਾਦਸ਼ਾਹ ਦਾ ਸਿੱਕਾ ਤਾਂ ਚਲਦਾ ਸੀ, ਪਰ ਅਮਲੀ ਹਕੂਮਤ ਕੁਝ ਇਲਾਕਿਆਂ ਵਿਚ ਹੀ ਸੀਮਤ ਸੀ। ਫਿਰ ਵੀ ਮੁਗ਼ਲਾਂ ਦਾ ਭੱੜ ਬਣਿਆ ਹੋਇਆ ਸੀ। ਦਿੱਲੀ ਤੇ ਕਬਜ਼ਾ ਅਤੇ ਹਮਲਾ ਕਰਨਾ ਇਕ ਅਸੰਭਵ ਜਿਹੀ ਗੱਲ ਸਮਝੀ ਜਾਂਦੀ ਸੀ। ਅਫ਼ਗਾਨਾਂ ਦੇ ਜਰਨੈਲ ਨਾਦਰ ਨੇ ਹੱਲਾ ਕਰ ਕੇ ਮੁਗ਼ਲਾਂ ਦੇ ਖੋਖਲੇ ਰਾਜ ਨੂੰ ਢਹਿ ਢੇਰੀ ਕਰ ਦਿੱਤਾ। ਦਿੱਲੀ ਦੀ ਹਕੂਮਤ ਨਾਮ ਮਾਤਰ ਰਹਿ ਗਈ। ਖ਼ਜ਼ਾਨਾ ਖ਼ਾਲੀ ਹੋ ਗਿਆ। ਮਰਹੱਟਿਆਂ ਨੇ ਵੀ ਤਾਕਤ ਫੜ ਲਈ। ਅਫ਼ਗਾਨਾਂ ਦੇ ਹਮਲਿਆਂ ਦਾ ਅਰੰਭ ਹੋ ਗਿਆ। ਪੰਜਾਬ ਦੇ ਗਵਰਨਰਾਂ ਨੂੰ ਆਪਣੀ ਰੱਖਿਆ ਦੀ ਪੈ ਗਈ। ਧਿਆਨ ਲਾਂਭੇ ਕਰਨਾ ਪਿਆ। ਸਿੱਖਾਂ ਨੇ ਡਿੱਗਦੇ ਤੇ ਢਹਿੰਦੇ ਮੁਗ਼ਲ ਰਾਜ ਦੇ ਮਹੱਲ ਦੀਆਂ ਇੱਟਾਂ ਨਾਲ ਆਪਣੇ ਰਾਜ ਦੀਆਂ ਨੀਹਾਂ ਭਰੀਆਂ ਤੇ ਕੁਝ ਸਮੇਂ ਵਿਚ ਹੀ ਟਾਕਰੇ ਦੀ ਤਾਕਤ ਬਣ ਗਏ। ਨਵਾਬ ਕਪੂਰ ਸਿੰਘ ਜੀ ਨੇ ਜਦ ਨਾਦਰ ਦੇ ਹਮਲੇ ਦਾ ਹੋਣਾ ਸੁਣਿਆ ਸੀ ਤਾਂ :

*ਸਭ ਸਿੰਘਨ ਸੋ ਤਿਨ ਕਹੀ*
*"ਬਨੂੰ ਸਿੰਘਨ ਵਡੇ ਕਾਮ"। ੨੨।*[1]

**੧੫. ਨਿਰਮਲੇ ਸਾਧੂਆਂ ਤੇ ਸੇਵਾ ਪੰਥੀ ਸੰਤਾਂ ਦੇ ਪਰਚਾਰ ਕਾਰਨ ਸਿੱਖੀ ਪਰਚਾਰ ਹੁੰਦਾ ਰਿਹਾ :** ਸਮੇਂ ਦੀ ਹਕੂਮਤ ਨੇ ਸਿੱਖੀ ਪਰਚਾਰ ਉੱਤੇ ਹਰ ਤਰ੍ਹਾਂ ਦੀ ਪਾਬੰਦੀ ਲਗਾਈ ਹੋਈ ਸੀ। ਇਕੱਠੇ ਹੋਣਾ ਤੇ ਇਕੱਠ ਕਰਨ ਦੀ ਹੁਕਮਨ ਮਨਾਹੀ ਸੀ। ਕੋਈ ਪੁਰਸ਼ ਗੁੜ ਤਕ ਨੂੰ ਗੁੜ ਨਹੀਂ ਸੀ ਆਖ ਸਕਦਾ। ਉਸਨੂੰ ਭੇਲੀ ਜਾਂ ਰੋੜੀ ਕਹਿਣ ਦਾ ਫ਼ਰਮਾਨ ਸੀ ਕਿ ਮਤੇ ਗੁੜ ਆਖਿਆਂ ਗੁਰੂ ਹੀ ਯਾਦ ਆ ਜਾਏ। ਪੁਸਤਕ ਨੂੰ ਕੋਈ ਗ੍ਰੰਥ ਨਹੀਂ ਸੀ ਆਖ ਸਕਦਾ। ਪੋਥੀ ਕਹਿਣ ਦਾ ਹੁਕਮ ਸੀ। ਦਰਬਾਰ ਸਾਹਿਬ ਦੇ ਇਸ਼ਨਾਨ ਤੇ ਦਰਸ਼ਨ

---

1. ਪ੍ਰਾਚੀਨ ਪੰਥ ਪ੍ਰਕਾਸ਼ (ਸਾਖੀ ਨਾਦਰ ਸ਼ਾਹ ਕੀ)

Sri Satguru Jagjit Singh Ji eLibrary NamdhariElibrary@gmail.com

ਦੀ ਮਨਾਹੀ ਸੀ। ਇਸ ਤਰ੍ਹਾਂ ਦੇ ਫ਼ਰਮਾਨ ਜਾਰੀ ਸਨ ਕਿ ਜੇ ਕੋਈ ਸਿੰਘਾਂ ਨੂੰ ਟਿਕਾਣਾ ਦੇਵੇਗਾ, ਉਸ ਨੂੰ ਮੌਤ ਦੀ ਸਜ਼ਾ ਹੋਵੇਗੀ ਤੇ ਜੇ ਕੋਈ ਸਿੰਘ ਦਾ ਪਤਾ ਜਾਣਦਾ ਹੋਵੇਗਾ ਤੇ ਨਾ ਦੱਸੇਗਾ, ਉਸ ਨੂੰ ਵੀ ਜਾਨੋਂ ਮਾਰ ਦਿੱਤਾ ਜਾਵੇਗਾ ਤੇ ਜੇ ਕੋਈ ਸਿੰਘਾਂ ਨੂੰ ਅੰਨ ਪਾਣੀ ਦੇਵੇਗਾ ਤਾਂ ਉਸ ਨੂੰ ਮੌਤ ਘਾਟ ਉਤਾਰਿਆ ਜਾਵੇਗਾ। ਸੱਚੀ ਗੱਲ ਤਾਂ ਇਹ ਹੈ ਕਿ ਸਿੰਘਾਂ ਦਾ ਖ਼ੂਨ ਮੁਆਫ਼ ਸੀ :

*'ਸਿੰਘਨ ਖ਼ੂਨ ਮਾਫ਼ ਹਮ ਕੀਨੇ।*
*ਜਿਤ ਲਭੈ ਤਿਤ ਮਾਰਹੁ ਚੀਨੇ।*
*ਘਰ ਤੇ ਕਢੇ ਸੁ ਬਣ ਤਕੈ,*
*ਬਨ ਤਜ ਨੀਰ ਲੁਕਾਇ।*
*ਜਲ ਮਹਿ ਲੁਕੈ ਤੌ ਕਹਿ ਬਚੈ,*
*ਕਹੋ ਸਿੰਘ ਕਤ ਜਾਇ।'* (ਪ੍ਰਾਚੀਨ ਪੰਥ ਪ੍ਰਕਾਸ਼)

ਪਰ ਇਹ ਹੈਰਾਨੀ ਨਾਲ ਪੜ੍ਹਿਆ ਜਾਂਦਾ ਹੈ ਕਿ ਫਿਰ ਵੀ ਸਿੱਖ ਵਧਦੇ ਹੀ ਰਹੇ। ਇਸ ਦਾ ਇਕ ਵੱਡਾ ਕਾਰਨ ਉਹ ਪਰਚਾਰ ਸੀ ਜੋ ਬੰਦ ਨਹੀਂ ਸੀ ਹੋਇਆ। ਨਿਰਮਲੇ ਸਾਧੂਆਂ ਅਤੇ ਸੇਵਾ ਪੰਥੀ ਸੰਤਾਂ ਨੇ ਇਹ ਕੰਮ ਆਪਣੇ ਜ਼ਿੰਮੇ ਲੈ ਲਿਆ। ਉਹ ਆਪ ਲੋਕਾਂ ਨੂੰ ਸਿੱਖਾਂ ਉੱਤੇ ਹੋਏ ਅਤਿਆਚਾਰ ਦੀਆਂ ਸਾਖੀਆਂ ਸੁਣਾਂਦੇ। ਤਸੀਹੇ ਸਹਿਣ ਅਤੇ ਅਜਰ ਜਰਨ ਦੀਆਂ ਦਿਲ ਚੀਰਵੀਆਂ ਗਾਥਾਵਾਂ ਸੁਣਾਂਦੇ। ਉਹ ਦੱਸਦੇ ਕਿ ਸਿੱਖ ਇਹ ਸਭ ਕੁਝ ਪੰਜਾਬ ਨੂੰ ਮੁਗ਼ਲਾਂ ਤੇ ਜ਼ਾਲਮਾਂ ਦੇ ਪੰਜੇ ਤੋਂ ਛੁੜਾਨ ਲਈ ਕਰ ਰਹੇ ਹਨ। ਸਿੱਖ ਸੁਆਰਥ ਰਹਿਤ ਤਸੀਹੇ ਝੱਲ ਰਹੇ ਸਨ। ਇਤਨਾ ਅਸਰ ਸੀ ਉਸ ਪਰਚਾਰ ਦਾ ਕਿ ਮਨਚਲੇ, ਜਜ਼ਬੇ ਵਾਲੇ, ਅਗਾਂਗ-ਵਧੂ ਲੋਕੀਂ ਸਿੱਖੀ ਦਾਇਰੇ ਵਿਚ ਆ ਜਾਂਦੇ ਸਨ।

ਮਿਸਲਾਂ ਦੇ ਕਈ ਜਥੇਦਾਰਾਂ ਨੇ ਇਨ੍ਹਾਂ ਦੇ ਪ੍ਰਭਾਵਾਂ ਹੇਠ ਹੀ ਸਿੱਖੀ ਧਾਰਨ ਕੀਤੀ ਸੀ। ਕਨ੍ਹੀਆ ਮਿਸਲ ਦੇ ਖ਼ੁਸ਼ਹਾਲ ਚੰਦ ਇਕ ਸਾਧਾਰਨ ਪੁਰਸ਼ ਸਨ। ਜਦ ਉਨ੍ਹਾਂ ਨੇ ਜ਼ੁਲਮਾਂ ਦੀ ਅਤਿ ਹੁੰਦੀ ਸੁਣੀ ਤਾਂ ਉਨ੍ਹਾਂ ਦੇ ਪੁੱਤਰ ਨੇ ਸਿੱਖੀ ਧਾਰਨ ਕਰ ਲਈ ਤੇ ਨਵਾਬ ਕਪੂਰ ਸਿੰਘ ਹੱਥੋਂ ਅੰਮ੍ਰਿਤ ਛਕ ਕੇ ਸਿੰਘ ਸਜ ਗਏ। ਉਹ ਹੀ ਪਿੱਛੋਂ ਜੈ ਸਿੰਘ ਕਨ੍ਹਈਆ ਕਰਕੇ ਪ੍ਰਸਿੱਧ ਹੋਏ। ਇਸ ਤਰ੍ਹਾਂ ਡਲੇਵਾਲੀ ਮਿਸਲ ਦੇ ਮੋਢੀ ਸਰਦਾਰ ਗੁਲਾਬ ਸਿੰਘ ਜੀ ਦੇ ਪਿਤਾ ਸ਼ਰਧਾ ਰਾਮ ਦੁਕਾਨਦਾਰ ਸਨ। ਸਿੰਘਾਂ ਦੀਆਂ ਵੀਰ ਗਾਥਾਵਾਂ ਸੁਣ ਸੁਣ ਕੇ ਉਸਦਾ ਬੇਟਾ ਮੈਦਾਨ ਵਿਚ ਨਿਕਲ ਆਇਆ। ਥੋੜ੍ਹੇ ਹੀ ਦਿਨਾਂ ਵਿਚ ਉਨ੍ਹਾਂ ਦਾ ਜਥਾ ਬਣ ਗਿਆ। ਜੋ ਜੁਰਅੱਤ ਦੀਆਂ ਖੇਡਾਂ ਉਨ੍ਹਾਂ ਖੇਡੀਆਂ, ਉਸ ਦੇ ਤੁਲ ਹੋਰ ਲੱਭਣਾ ਮੁਸ਼ਕਿਲ ਹੈ। ਕਿਥੇ ਉਹ ਡਰ ਕੇ ਸਮਾਂ ਕੱਢਦੇ ਸਨ ਤੇ ਕਿਥੇ ਹੁਣ (੧੭੫੦) ਦੀ ਵਿਸਾਖੀ ਨੂੰ ਜਲੰਧਰ ਸ਼ਹਿਰ ਤੇ ਐਸਾ ਹੱਲਾ ਬੋਲਿਆ ਕਿ ਨਵਾਬ ਹੈਰਾਨ ਹੋ ਗਿਆ। ਇਸ ਤਰ੍ਹਾਂ ਨਿਸ਼ਾਨ ਵਾਲੀ ਮਿਸਲ ਦੇ ਮੋਢੀ ਸਰਦਾਰ ਦਸਵੰਧਾ ਸਿੰਘ ਦੇ ਪਿਤਾ ਚੌਧਰੀ ਸਾਹਿਬ ਰਾਇ ਪਿੰਡ ਮਨਸੂਰ ਜ਼ਿਲ੍ਹਾ ਫ਼ਿਰੋਜ਼ਪੁਰ ਦੇ ਰਹਿਣ ਵਾਲੇ ਸਨ। ਉਨ੍ਹਾਂ ਨੇ ਉਦਾਸੀ ਤੇ ਨਿਰਮਲਿਆਂ ਦੀਆਂ ਪ੍ਰੇਰਨਾਵਾਂ ਸਦਕਾ ਆਪਣੇ ਪੁੱਤਰ ਨੂੰ ਜਥੇਦਾਰ ਦਰਬਾਰਾ ਸਿੰਘ ਪਾਸ ਭੇਜਿਆ ਤੇ ਉਹ ਅੰਮ੍ਰਿਤ ਛਕ ਕੇ ਦਲ ਖਾਲਸੇ ਅੱਗੇ ਨਿਸ਼ਾਨ ਸਾਹਿਬ ਉਠਾਉਣ ਦੀ ਸਾਹਸ ਭਰੀ ਸੇਵਾ ਨਿਭਾਂਦੇ ਰਹੇ। ਨਿਰਮਲੇ ਸਾਧੂਆਂ ਦੇ ਪਰਚਾਰ ਨੇ ਉਸ ਘਾਟ ਨੂੰ ਪੂਰਿਆਂ ਕਰ ਕੇ ਸਿੱਖੀ ਦੀ ਜੋਤ ਨੂੰ ਜਗਦੇ

Sri Satguru Jagjit Singh Ji eLibrary NamdhariElibrary@gmail.com

ਰਹਿਣ ਵਿਚ ਇਕ ਵੱਡਾ ਹਿੱਸਾ ਪਾਇਆ। ਜਦ ਦਰਬਾਰ ਸਾਹਿਬ ਵਿਚ ਦੀਵਾ ਬਾਲਣ ਤਕ ਦੀ ਮਨਾਹੀ ਸੀ ਤਾਂ ਸੇਵਾ ਪੰਥੀ ਭਾਈ ਪਰਮਾਨੰਦ ਜੀ ਪੁੱਠੀ ਤਾਰੀ ਤਰ ਹਰ ਰੋਜ਼ ਦੀਵਾ ਜਗਾ ਜਾਂਦੇ।

**੧੬. ਸਿੱਖੀ ਆਚਰਣ ਸਿਖਰ ਉੱਤੇ ਸੀ :** ਇਹ ਸਮਾਂ ਜੇ ਬਿਖੜਾ ਤੇ ਬਿਪਤਾ ਭਰਿਆ ਸੀ ਤਾਂ ਸਿੱਖੀ ਆਚਰਣ ਵੀ ਸਿਖਰ ਉੱਤੇ ਸੀ। ਸਿੱਖੀ ਆਚਰਣ ਦੀ ਧਾਂਕ ਹੀ ਸੀ ਕਿ ਹਰ ਘਰ ਸਿੱਖ ਦੀ ਪਨਾਹ ਬਣ ਗਿਆ। *'ਆਏ ਨੇ ਨਿਹੰਗ, ਬੂਹਾ ਖੋਲ੍ਹ ਦੇ ਨਿਸੰਗ'*, ਉਸ ਸਮੇਂ ਦਾ ਯਾਦਗਾਰੀ ਅਖਾਣ ਸੀ। ਦੇਸ ਜਾਂ ਪ੍ਰਦੇਸ ਜਿਥੇ ਵੀ ਕੋਈ ਸਿੰਘ ਵਸਦਾ ਸੀ, ਦੂਜੇ ਦਾ ਪਹਿਲਾਂ ਖਿਆਲ ਰੱਖਦਾ। ਇਹ ਗੁੜ੍ਹਤੀ ਗੁਰੂ ਪਾਤਸ਼ਾਹ ਦੇ ਗਏ ਸਨ। ਸਿੰਘਾਂ ਦੇ ਆਚਰਣ ਬਾਰੇ ਫ਼ਾਰਸਟਰ ਨੇ ਲਿਖਿਆ ਹੈ ਕਿ ਉਹ ਇੰਦਰੀ ਜਿੱਤ, ਪੰਜ ਦੋਖ ਤੇ ਰਹਤ ਸਨ ਅਤੇ ਇਸ ਤਰ੍ਹਾਂ ਅਥਾਹ ਸ਼ਕਤੀ ਦੇ ਉਹ ਮਾਲਕ ਬਣ ਗਏ ਸਨ। ਗ੍ਰਿਫ਼ਨ ਜਿਹੇ ਨੇ ਲਿਖਿਆ ਕਿ ਔਰਤ ਦੀ ਬੇਪਤੀ ਅਤੇ ਮਰਦਾਂ ਦੇ ਤਸ਼ੱਦਦ ਕਰਨ ਦੀਆਂ ਸਿੱਖ ਇਤਿਹਾਸ ਵਿਚ ਉਦਾਹਰਨਾਂ ਢੂੰਢਿਆਂ ਵੀ ਨਹੀਂ ਮਿਲਦੀਆਂ, ਜਿਨ੍ਹਾਂ ਨਾਲ ਹਿੰਦੁਸਤਾਨ ਦੇ ਇਤਿਹਾਸ ਦੇ ਸਫ਼ੇ ਭਰੇ ਹੋਏ ਹਨ। ਸਿੱਖ ਆਚਰਣ ਦੀ ਸੁੰਦਰ ਝਾਕੀ ਕਾਜ਼ੀ ਨੂਰ ਮੁਹੰਮਦ ਨੇ ਲਿਖੀ ਹੈ। ਉਸ ਦਾ ਕਹਿਣਾ ਹੈ ਕਿ ਇਕ ਵਾਰੀ ਸਿੱਖਾਂ ਨੇ ਮੁਗ਼ਲਾਂ ਦੇ ਕੈਂਪ ਉੱਤੇ ਹਮਲਾ ਕੀਤਾ। ਜਦ ਕੈਂਪ ਦੇ ਲਾਗੇ ਪੁੱਜੇ ਤਾਂ ਸਿੱਖਾਂ ਨੂੰ ਪਤਾ ਲੱਗਾ ਕਿ ਉਹ ਕੈਂਪ ਮੁਗ਼ਲਾਂ ਦਾ ਨਹੀਂ ਮੁਗ਼ਲਾਂ ਦੀਆਂ ਬੇਗਮਾਂ ਦਾ ਸੀ। ਉਸੇ ਵੇਲੇ ਸਿੱਖ ਘੋੜੇ ਵਾਪਸ ਲੈ ਗਏ ਤੇ ਸੂਤੀਆਂ ਹੋਈਆਂ ਕਿਰਪਾਨਾਂ ਮਿਆਨਾਂ ਵਿਚ ਪਾ ਲਈਆਂ। ਕਾਜ਼ੀ ਨੂਰ ਮੁਹੰਮਦ ਕਹਿੰਦਾ ਹੈ, ''ਸ਼ਾਬਾਸ਼ ਉਸ ਸਗਾਂ ਦੀ ਕੌਮ ਨੂੰ, ਜੋ ਦੁਸ਼ਮਨ ਦੀ ਮਾਂ ਬੇਟੀ ਨੂੰ ਵੀ ਆਪਣੀ ਮਾਂ ਬੇਟੀ ਸਮਝਦੇ ਹਨ।''

ਇਸੇ ਕਾਜ਼ੀ ਨੂਰ ਮੁਹੰਮਦ ਨੇ ਲਿਖਿਆ ਹੈ ਕਿ ਜੇ ਜੰਗ ਵਿਚ ਲੜਦਿਆਂ ਦੁਸ਼ਮਣ ਦੀ ਪਗੜੀ ਸਿਰ ਤੋਂ ਲਹਿ ਜਾਏ ਤਾਂ ਉਸੇ ਵਕਤ ਤਲਵਾਰ ਮਿਆਨ ਵਿਚ ਕਰਕੇ ਕਹਿੰਦੇ ਹਨ : ''ਭਲੇ ਲੋਕਾ, ਪਗੜੀ ਸੰਭਾਲ, ਮੈਂ ਤੇਰੀ ਇੱਜ਼ਤ ਉਛਾਲਣ ਨਹੀਂ ਆਇਆ।'' ਭਾਈ ਕੇਸਰ ਸਿੰਘ ਨੇ ਲਿਖਿਆ ਹੈ :

*'ਸਿੱਖ ਆਹੇ ਕਿਰਤੀ, ਧਰਮ ਦੀਆਂ ਮੂਰਤਾਂ।*
*ਅੰਦਰ ਗਊ ਦਾ, ਬਾਹਰ ਸ਼ੇਰ ਦੀਆਂ ਸੂਰਤਾਂ।'*

ਉਹ ਫਿਰ ਦੁਹਰਾ ਕੇ ਲਿਖਦੇ ਹਨ :

*'ਤਿਸ ਸਮੇਂ ਸਿੱਖ ਆਹੇ*
*ਜਤੀ ਸਤੀ ਰਹਤਵਾਨ,*
*ਪਰ ਐਲਾ ਮੈਲਾ ਧਨ ਨ ਖਾਨ।*
*ਤਿਨਾ ਸਿੱਖਾਂ ਦੇ ਤਪ ਕਰ*
*ਤੁਰਕਾਂ ਦਾ ਹੋਆ ਹੈ ਨਾਸ।*
*ਅਤੇ ਉਨ੍ਹਾਂ ਹੀ ਸਿੱਖਾਂ ਦੇ ਤਪ ਭਜਨ*

1. ਸੇਵਾ ਪੰਥੀਆਂ ਦੀ ਪੰਥ ਪ੍ਰਤੀ ਅਦੁੱਤੀ ਸੇਵਾ ਲਈ ਮੇਰੀ ਪੁਸਤਕ 'ਦਰਵੇਸ਼ੀ ਗਾਖੜੀ' ਦੇਖਣ ਦੀ ਖੇਚਲ ਕਰੋ।

Sri Satguru Jagjit Singh Ji eLibrary NamdhariElibrary@gmail.com

*ਅਤੇ ਸੀਸ ਦੇਣੇ ਕਰਿ*
*ਖਾਲਸੇ ਦਾ ਹੋਣਾ ਹੈ ਪ੍ਰਕਾਸ਼।'*

ਪ੍ਰਾਚੀਨ ਪੰਥ ਪ੍ਰਕਾਸ਼ ਨੇ ਲਿਖਿਆ ਹੈ ਕਿ ਭਾਵੇਂ ਸਿੱਖ ਦੇਸ ਵਸਦਾ ਸੀ ਜਾਂ ਪਰਦੇਸ, ਉਹ ਪੰਥ ਦੇ ਵਾਧੇ ਲਈ ਸੋਚਦਾ, ਕਰਦਾ ਤੇ ਹਰ ਵੰਗਾਰ ਤੇ ਪੂਰਾ ਉਤਰਦਾ :

*'ਆਪ ਸਹੈਂ ਵੈ ਨੰਗ ਅਰ ਭੁੱਖ।*
*ਦੇਖ ਸਕੈਂ ਨਹਿ ਸਿੰਘਨ ਦੁੱਖ।*
*ਆਪ ਗੁਜਾਰੈਂ ਅਗਨੀ ਨਾਲ।*
*ਸਿੰਘਨ ਘਲੈ ਪੁਸ਼ਾਕ ਸਿਵਾਲ।*
*ਕਈ ਪੀਸਨਾ ਪੀਸ ਕਮਾਵੈ।*
*ਵੈ ਭੀ ਸਿੰਘਨ ਪਾਸ ਪੁਚਾਵੈ।*
*ਵਾਣ ਵਟ ਕਈ ਕਰੇਂ ਮਜੂਰੀ।*
*ਭੇਜੈਂ ਸਿੰਘਨ ਪਾਸ ਜ਼ਰੂਰੀ।*
*ਦੂਰ ਜਾਇ ਜੋ ਚਾਕਰੀ ਕਰਿਹੀ।*
*ਆਇ ਸਿੰਘਨ ਕੇ ਆਗੈ ਧਰਿਹੀ।*
*ਸਿੰਘ ਜੋਊ ਪਰਦੇਸ਼ ਸਿਧਾਰੇ।*
*ਭੇਜੈਂ ਸਿੰਘਨ ਓਇ ਗੁਰ ਪਯਾਰੇ।'*

ਨਾਦਰ ਨਾਲ ਸਵਾਲ ਜੁਆਬ ਵੇਲੇ ਜ਼ਕਰੀਆ ਖ਼ਾਨ ਨੇ ਸਿੱਖ ਆਚਰਣ ਬਾਰੇ ਬਹੁਤ ਉੱਚਾ ਕਿਹਾ ਸੀ। ਮਿਸਾਲ ਵਜੋਂ ਜ਼ਕਰੀਆ ਖ਼ਾਨ ਨੇ ਆਖਿਆ ਸੀ ਕਿ ਜੇ ਸਿੱਖ ਕਈ ਦਿਨਾਂ ਦੇ ਭੁੱਖੇ ਹੋਣ ਤੇ ਫਿਰ ਉਨ੍ਹਾਂ ਨੂੰ ਖਾਣ ਲਈ ਦੋ ਪ੍ਰਸ਼ਾਦੇ ਮਿਲ ਜਾਣ ਤਾਂ ਉੱਚੀ ਆਵਾਜ਼ ਨਾਲ ਕਹਿੰਦੇ ਸਨ ਕਿ "ਹੈ ਕੋਈ ਭੁੱਖਾ ?"

*'ਦੇਤ ਆਵਾਜ਼ ਭੁੱਖਾ ਕੋਈ,*
*ਆਓ ਦੇਗ ਤਿਆਰ ਗੁਰ ਹੋਈ।'*

ਨਾਦਰ ਨੇ ਕਿਹਾ ਕਿ ਜੇ ਆਵਾਜ਼ ਸੁਣ ਕੇ ਕੋਈ ਦੁਸ਼ਮਨ ਆ ਜਾਏ ਤਾਂ ਫਿਰ ਕੀ ਕਰਦੇ ਹਨ? ਜ਼ਕਰੀਆ ਖ਼ਾਨ ਨੇ ਕਿਹਾ ਕਿ ਦੋਸਤ ਸਮਝ ਕੇ ਉਸ ਨੂੰ ਛਕਾ ਦਿੰਦੇ ਹਨ :

*'ਓਸ ਸਮੇਂ ਵੈਰੀ ਕਿਮ ਆਵੈ,*
*ਪਰਮ ਮੀਤ ਸਮ ਤਾਹਿ ਛਕਾਵੈ।'*

ਨਾਦਰ ਨੇ ਹੈਰਾਨ ਹੋ ਪੁੱਛਿਆ, "ਫਿਰ ਆਪ ਕੀ ਕਰਦੇ ਹਨ ?" ਜ਼ਕਰੀਆ ਨੇ ਕਿਹਾ :

*'ਬਚੇ ਤਾਂ ਆਪ ਖਲੈ ਹੈਂ,*
*ਨਹੀਂ ਤੋ ਲੰਗਰ ਮਸਤ ਬਤੈਂ ਹੈਂ।'*

ਜੰਗ ਵਿਚ ਵੀ ਸਿੱਖਾਂ ਆਪਣੇ ਆਚਰਣ ਨੂੰ ਡਿੱਗਣ ਨਾ ਦਿੱਤਾ, ਕਿਉਂ ਜੋ ਉਨ੍ਹਾਂ ਨੂੰ ਆਪਣੇ ਗੁਰੂ ਦਾ ਫ਼ਰਮਾਨ ਯਾਦ ਸੀ, 'ਹਮ ਲੈ ਜਾਨਹੁ ਪੰਥ ਉਚੇਰੇ।' ਸਿੰਘਾਂ ਨੂੰ ਆਚਰਣ

Sri Satguru Jagjit Singh Ji eLibrary NamdhariElibrary@gmail.com

ਦੀਆਂ ਸਿਖਰਾਂ ਛੂੰਹਦੇ ਦੇਖ ਕੇ ਕਈ ਸਿੱਖੀ ਦਾਇਰੇ ਵਿਚ ਆ ਰਹੇ ਸਨ।

ਪਿੱਛੋਂ ਕਾਜ਼ੀ ਨੂਰ ਮੁਹੰਮਦ ਨੇ ਜੰਗ ਨਾਮਾ ਵਿਚ ਲਿਖਿਆ ਹੈ ਕਿ ਜਦ ਅਬਦਾਲੀ ਨੇ ਆਲਾ ਸਿੰਘ ਕੋਲੋਂ ਪੁੱਛਿਆ ਕਿ ਸਿੰਘ ਮਾਰਿਆਂ ਕਿਉਂ ਨਹੀਂ ਮਰਦੇ ਤਾਂ ਆਲਾ ਸਿੰਘ ਨੇ ਕਿਹਾ : *ਗੁਰੂ ਗੋਬਿੰਦ ਸਿੰਘ ਇਹ ਵਰ ਦੇ ਗਏ ਹਨ ਕਿ ਇਕ ਸ਼ਹੀਦ ਹੋਏਗਾ, ਦੋ ਉਸ ਦੀ ਥਾਂ ਉਸੇ ਜੋਸ਼ ਵਿਚ ਉੱਠ ਮੱਲ ਲੈਣਗੇ। ਸ਼ਹੀਦੀਆਂ ਸੁਣ ਹਜ਼ਾਰਾਂ ਸਿੰਘ ਸਜ ਜਾਂਦੇ।*[1]

**੧੭. ਸਿੰਘਣੀਆਂ ਦੇ ਕਰਤੱਵ** : ਸਿੰਘਣੀਆਂ ਵੀ ਮੋਢੇ ਨਾਲ ਮੋਢਾ ਡਾਹ ਕੇ ਨਾਲ ਜੂਝਦੀਆਂ, ਹੱਸ-ਹੱਸ ਹਰ ਸੰਗ੍ਰਾਮ ਹਿੱਸਾ ਪਾਂਦੀਆਂ। ਵਿਲੀਅਮ ਫ਼ਰੈਂਕਲਨ ਦੇ ਸ਼ਬਦਾਂ ਵਿਚ ਕਿਤਨੀਆਂ ਹੀ ਅਜਿਹੀਆਂ ਉਦਾਹਰਨਾਂ ਹਨ ਕਿ ਜਦ ਸਿੱਖ ਬੀਬੀਆਂ ਨੇ ਹਥਿਆਰ ਚੁੱਕ ਕੇ ਇਲਾਕੇ ਦੀ ਦੁਸ਼ਮਣਾਂ ਦੇ ਕੋਝੇ ਹਮਲਿਆਂ ਤੋਂ ਰੱਖਿਆ ਕੀਤੀ ਅਤੇ ਜੰਗ ਵੇਲੇ ਨਿਰਾਲੀ ਜੁਰਅੱਤ ਦਾ ਪ੍ਰਗਟਾਵਾ ਕੀਤਾ।

ਮਾਤਾ ਸੁੰਦਰੀ ਜੀ ਨੇ ਸਿੱਖ ਸਿਧਾਂਤਾਂ ਵਿਚ ਰਲਾ ਨ ਪੈਣ ਦਿੱਤਾ। ਪਹਿਲਾਂ ਮਾਮਾ ਕ੍ਰਿਪਾਲ ਸਿੰਘ ਤੇ ਫਿਰ ਭਾਈ ਮਨੀ ਸਿੰਘ ਜੀ ਨੂੰ ਉਚੇਚਾ ਸ੍ਰੀ ਦਰਬਾਰ ਸਾਹਿਬ ਦਾ ਪ੍ਰਬੰਧ ਕਰਨ ਲਈ ਭੇਜਣਾ ਉਨ੍ਹਾਂ ਦੀ ਲੰਮੀ ਨਦਰ ਦਾ ਹੀ ਸਿੱਟਾ ਸੀ।

ਭਾਈ ਤਾਰੂ ਸਿੰਘ ਜੀ ਦੀ ਮਹਾਨ ਸ਼ਹੀਦੀ ਦੇ ਪ੍ਰਸੰਗ ਵਿਚ ਉਨ੍ਹਾਂ ਦੀ ਭੈਣ ਤੇ ਮਾਤਾ ਦਾ ਕਰਤੱਵ ਉਹਲੇ ਹੀ ਹੋ ਗਿਆ ਹੈ। ਸਾਡੇ ਇਤਿਹਾਸ ਨੇ ਲਿਖਿਆ ਹੈ ਕਿ ਨਿਰੰਜਨੀਏ ਨੇ ਜ਼ਕਰੀਆ ਖ਼ਾਨ ਪਾਸ ਸ਼ਿਕਾਇਤ ਹੀ ਇਹ ਕੀਤੀ ਸੀ ਕਿ :

*"ਹੈ ਤਾਰੂ ਸਿੰਘ ਕੀ ਇਕ ਭੈਣ ਔਰ ਮਾਈ।"*

ਜੋ ਦਿਨ ਰਾਤ ਚੱਕੀ ਚਲਾ, ਚੁੱਲ੍ਹਾ ਬਾਲ, ਲੰਗਰ ਤਿਆਰ ਰੱਖਦੀਆਂ ਹਨ। ਇਤਨੀਆਂ ਦ੍ਰਿੜ੍ਹ ਇਰਾਦੇ ਦੀਆਂ ਹਨ ਇਹ ਮਾਵਾਂ ਧੀਆਂ ਕਿ :

*'ਸ਼ਬਦ ਚੌਂਕੀ ਗੁਰ ਆਪਨੇ ਕੀ ਕਰੇ।*
*ਸੋ ਮਰਨੇ ਤੇ ਨੈਕ ਨ ਡਰੇ।'*

ਸਭ ਤੋਂ ਵੱਡੀ ਗੱਲ :

*'ਗੰਗਾ ਜਮਨਾ ਨਿਕਟ ਨਾ ਜਾਵੈ।*
*ਆਪਨੇ ਗੁਰ ਕੀ ਛਪੜੀ ਨ੍ਹਾਵੈ।*
*ਜਗਨ ਨਾਥ ਕੋ ਟੁੰਡਾ ਆਖੈ।*
*ਰਾਮ ਕਿਸ਼ਨ ਕੋ ਜਾਪ ਨ ਭਾਖੈ।'*

ਭਾਈ ਰਤਨ ਸਿੰਘ ਭੰਗੂ ਨੇ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਦਾ ਬ੍ਰਿਤਾਂਤ ਲਿਖ ਕੇ ਜੋ ਉਨ੍ਹਾਂ ਦੀ ਮਾਂ ਬਾਰੇ ਲਿਖਿਆ ਹੈ, ਉਹ ਹਰ ਇਕ ਮਾਂ ਤੇ ਢੁੱਕਦਾ ਹੈ ਅਤੇ ਉਚੇਚਾ

---

1. ਅਗਰ ਯਕ ਸਗੇ ਮੁਰਦ ਬਰ ਜਾਏ ਊ।
ਦੋ ਸਗ ਦੀਗਰ ਆਇਦ ਸ਼ਵਦ ਕੀਨਾ ਜੂ।
ਕਿ ਹਸਤ ਈਂ ਦੁਯਾਏ ਗੁਰਏ ਸਗਾਂ।
ਕਿ ਯਕ ਸਗ ਰੂ ਵ ਦੋ ਸਗ ਆਦਿ ਅਜ਼ਾਂ।

Sri Satguru Jagjit Singh Ji eLibrary NamdhariElibrary@gmail.com

ਧਿਆਨ ਦੇ ਪੜ੍ਹਨਾ ਚਾਹੀਦਾ ਹੈ।

ਜਦ ਆਹਲੂ ਪਿੰਡ ਦਾ ਗ਼ਰੀਬ ਕਿਰਤੀ ਸਿੰਘ ਭਾਈ ਦਯਾਲ ਸਿੰਘ ਗੁਜ਼ਰ ਗਿਆ ਤਾਂ ਉਸ ਦੀ ਸਿੰਘਣੀ ਨੇ ਆਪਣੇ ਯਤੀਮ ਬੱਚੇ ਦੀ ਇਸ ਸ਼ਾਨਦਾਰ ਢੰਗ ਨਾਲ ਪਾਲਣਾ ਪੋਸਣਾ ਕੀਤੀ ਕਿ ਉਹ ਸੁਲਤਾਨ-ਉਲ-ਕੌਮ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਹੋ ਨਿਬੜਿਆ।

ਮਾਂ ਨੂੰ 'ਗੁਰਬਾਣੀ ਕੰਠ ਘਨੇਰੀ ਸੀ।' ਪੋਥੀ ਉਹ ਗਾਤਰੇ ਰੱਖਦੀ। ਰੋਜ਼ ਨਿਸ਼ੰਗ ਹੋ ਕੇ ਸਿੱਖ ਸੰਗਤਾਂ ਦੇ ਸਜੇ ਦੀਵਾਨ ਜਾਂਦੀ। ਅੰਮ੍ਰਿਤ ਵੇਲਾ ਕਦੇ ਖੁੰਝਾਇਆ ਨਹੀਂ ਸੀ। ਸ਼ਾਮ ਨੂੰ ਸੋਦਰ ਜ਼ਰੂਰ ਪੜ੍ਹਦੀ। ਕੀਰਤਨ ਵੀ ਬੜਾ ਮਧੁਰ ਦੁਤਾਰੇ ਨਾਲ ਕਰਦੀ। ਸੰਗਤਾਂ ਬੜੇ ਚਾਅ ਨਾਲ ਸੁਣਦੀਆਂ। ਜਿਸ ਜਥੇ ਨੇ ਬੁਲਾਇਆ ਕਦੇ ਨਾਂਹ ਨਾ ਕੀਤੀ। ਪੈਂਡਾ ਕਰ ਕੇ ਵੀ ਪੁੱਜਦੀ :

*'ਜਹਾਂ ਖਾਲਸੋ ਲਾਇ ਦੀਵਾਨ।*
*ਜਾਇ ਕਰੈ ਸ਼ਬਦ ਚੌਂਕੀ ਗਾਨ।'*

ਕਿਤਨੀ ਕੁਰਬਾਨੀ ਭਰੀ ਹੋਈ ਸੀ ਸਿੰਘਣੀਆਂ ਵਿਚ ਕਿ ਜਦ ਆਪ ਜੀ ਨੇ ਵਿਸਾਖੀ ਵਾਲੇ ਦਿਨ ਜੱਸਾ ਸਿੰਘ ਨੂੰ ਨਾਲ ਬਿਠਲਾ, ਸ੍ਰੀ ਅੰਮ੍ਰਿਤਸਰ ਸਾਹਿਬ ਕੀਰਤਨ ਕੀਤਾ ਤਾਂ ਸਾਰੇ ਮੁਗਧ ਹੋਏ। ਨਵਾਬ ਕਪੂਰ ਸਿੰਘ ਜੀ ਨੇ ਬੱਚੇ ਨੂੰ ਕੋਲ ਸੱਦਿਆ ਤਾਂ ਮਾਂ ਕੋਲੋਂ ਬਾਲ ਜੱਸਾ ਸਿੰਘ ਪੰਥ ਲਈ ਮੰਗਿਆ, ਇਕੋ ਇਕ ਬੱਚਾ ਮਾਂ ਨੇ ਚਾਅ ਨਾਲ ਹਵਾਲੇ ਕਰ ਦਿੱਤਾ :

*'ਮਾਤਾ ਭੀ ਉਸ ਹੁਇ ਖੁਸ਼ੀ*
*ਦੀਨੀ ਬਾਂਹਿ ਫੜਾਇ।'*

ਮਾਤਾਵਾਂ ਦੇ ਗਲਾਂ ਵਿਚ ਉਨ੍ਹਾਂ ਦੇ ਮਾਸੂਮ ਬੱਚਿਆਂ ਦੇ ਟੋਟੇ ਕਰਕੇ ਹਾਰ ਪਾਏ ਗਏ, ਪਰ ਮਜਾਲ ਹੈ ਜੇ ਕਿਸੇ ਸੀ ਤਕ ਕੀਤੀ ਹੋਵੇ। ਸਵਾ-ਸਵਾ ਮਣ ਪੀਸਣਾ ਤਾਂ ਇਕ ਛੋਟੀ ਜਿਹੀ ਗੱਲ ਸੀ। ਪਿੱਛੋਂ ਜਾ ਕੇ, ਗ੍ਰਿਫ਼ਨ ਨੇ ਵੀ ਇਹ ਹੀ ਲਿਖਿਆ ਹੈ ਕਿ ਸਿੱਖ ਔਰਤਾਂ ਸੂਝ ਤੇ ਪ੍ਰਬੰਧਕੀ ਮਾਮਲਿਆਂ ਵਿਚ ਮਰਦਾਂ ਨਾਲੋਂ ਕਿਸੇ ਗੱਲੋਂ ਘੱਟ ਨਹੀਂ ਹਨ। ਸਰਦਾਰ ਚੜ੍ਹਤ ਸਿੰਘ ਦੇ ਘਰੋਂ ਮਾਈ ਦੇਸਾਂ ਨਿਪੁੰਨ ਪ੍ਰਬੰਧਕ ਤੇ ਚਤੁਰ ਨੀਤੀਵਾਨ ਸੀ। ਭਾਈ ਤਾਰਾ ਸਿੰਘ ਘੈਬਾ ਦੀ ਸੁਪਤਨੀ ਮਾਈ ਰਤਨ ਕੌਰ ਦਲੇਰੀ ਦੀ ਮੂਰਤ ਸੀ। ਬਾਬਾ ਆਲਾ ਸਿੰਘ ਦੇ ਘਰੋਂ ਮਾਈ ਫੱਤੋ ਹਰ ਵੇਲੇ ਪਤੀ ਦੀ ਸਹਾਇਕ ਸੀ। ਰਾਣੀ ਸਦਾ ਕੌਰ ਦੀ ਸੂਝ, ਸਿਆਣਪ ਤਾਂ ਅਖਾਣ ਹੈ। ਮੁਲਤਾਨ ਦੇ ਹੱਲੇ ਵੇਲੇ ਮਹਾਰਾਜਾ ਰਣਜੀਤ ਸਿੰਘ ਦੀ ਰਾਣੀ ਦਾਤਾਰ ਕੌਰ ਨੇ ਆਪਣੇ ਜ਼ਿੰਮੇ ਰਸਦ-ਪਾਣੀ ਪਹੁੰਚਾਣ ਦਾ ਜ਼ਿੰਮਾ ਲਿਆ ਸੀ।

**੧੮. ਹਿੰਦੂ ਜਨਤਾ ਅਤੇ ਕਈ ਮੁਸਲਮਾਨਾਂ ਦੀ ਸੰਮਤੀ :** ਜੇ ਮੁਸਲਮਾਨ ਹੁਕਮਰਾਨ ਜਹਾਦ ਦਾ ਝੰਡਾ ਖੜ੍ਹਾ ਕਰ ਕੇ ਸਿੱਖਾਂ ਨੂੰ ਜ਼ੇਰ ਕਰਨ ਲਈ ਤੁਲੇ ਹੋਏ ਸਨ ਤਾਂ ਆਮ ਹਿੰਦੂ ਜਨਤਾ ਅਤੇ ਮੁਸਲਮਾਨ ਫ਼ਕੀਰਾਂ ਤੇ ਲੋਕਾਂ ਦੀ ਸੰਮਤੀ ਸਿੱਖਾਂ ਨਾਲ ਵਧ ਰਹੀ ਸੀ। ਸਿਰਕੱਢ ਹਿੰਦੂਆਂ ਤੇ ਚੌਧਰੀਆਂ ਨੂੰ ਸਿੱਖਾਂ ਦੇ ਖ਼ਿਲਾਫ਼ ਸੁਣ ਕੇ ਆਮ ਹਿੰਦੂਆਂ ਵਿਚ ਸਿੱਖਾਂ ਦੀ ਮਦਦ ਕਰਨ ਦਾ ਜਜ਼ਬਾ ਜਾਗ ਪਿਆ ਸੀ। ਇਥੋਂ ਤਕ ਕਿ ਉਹਨਾਂ ਵਿਚ ਇਕ ਵੱਖਰੀ ਸ਼ਰੇਣੀ ਬਣ ਗਈ। ਉਸ ਦਾ ਨਾਮ ਸਹਿਜਧਾਰੀ ਸਿੱਖ (Gradual Adopter) ਸੀ। ਸਹਿਜਧਾਰੀ, ਸਿੱਖਾਂ ਲਈ ਰਾਖਵੀਂ ਫ਼ੌਜ ਸਾਬਤ ਹੋਏ। ਜਦ ਘਲੂਘਾਰਿਆਂ ਤੇ ਅਤਿਆਚਾਰਾਂ

Sri Satguru Jagjit Singh Ji eLibrary NamdhariElibrary@gmail.com

ਵਿਚ ਹਜ਼ਾਰਾਂ ਦੀ ਗਿਣਤੀ ਵਿਚ ਸਿੱਖ ਸ਼ਹੀਦ ਹੋਣ ਲੱਗੇ ਤਾਂ ਇਸ ਰਾਖਵੀਂ ਫ਼ੌਜ ਨੇ ਘਾਟਾਂ ਪੂਰੀਆਂ ਕੀਤੀਆਂ। ਹਿੰਦੂ ਵੀ ਸਿੱਖਾਂ ਨੂੰ ਆਪਣੇ ਰਾਖੇ ਸਮਝਦੇ ਸਨ। ਉਨ੍ਹਾਂ ਨੂੰ ਦੇਸ਼, ਕੌਮ ਲਈ ਦੁੱਖੜੇ ਝੱਲਣ ਵਾਲਾ ਕਹਿੰਦੇ ਸਨ। ਉਨ੍ਹਾਂ ਦੀ ਮਦਦ ਕਰਨਾ ਆਪਣਾ ਫ਼ਰਜ਼ ਸਮਝਦੇ ਸਨ। ਸਿੱਖਾਂ ਨੂੰ ਬਚਾਉਣਾ ਉਹ ਗਊ ਬ੍ਰਾਹਮਣ ਨਾਲੋਂ ਵੱਧ ਗਿਣਦੇ ਸਨ :

*'ਸਿੱਖ ਛੁਡਾਵਣ ਹੈ ਬਡ ਧਰਮ।*
*ਗਊ ਬ੍ਰਾਹਮਣ ਤੇ ਸੌ ਗੁਨੋ ਕਰਮ।'*

ਜੇ ਹਿੰਦੂ ਦੀ ਸੋਚਣੀ ਇਹ ਸੀ ਤਾਂ ਹਾਕਮਾਂ ਦੀ ਸੋਚਣੀ ਵੀ ਐਸੀ ਹੀ ਸੀ। ਜਦ ਅਤਾ-ਉਲਾ ਖ਼ਾਨ ਤੇ ਮਹਾਬਤ ਖ਼ਾਨ ਦਿੱਲੀ ਤੋਂ ਚੜ੍ਹ ਪੰਜਾਬ ਆਏ ਤੇ ਹਿੰਦੂਆਂ ਦੇ ਘਰਾਂ ਨੂੰ ਲੁੱਟਣਾ ਸ਼ੁਰੂ ਕੀਤਾ ਤਾਂ ਉਹ ਦੋਵੇਂ ਕਹਿੰਦੇ ਇਹ ਹੀ ਸਨ :

*'ਇਨ ਸੁਤ ਘਲੇ ਸਿਖਾਇ।*
*ਉਇ ਲੁਟ ਲਯਾਇ ਏ ਬੈਠੇ ਖਾਹਿ।'*

ਭਾਈ ਹਕੀਕਤ ਰਾਇ ਦੀ ਸ਼ਹਾਦਤ ਨੇ ਪ੍ਰਗਟ ਕਰ ਦਿੱਤਾ ਸੀ ਕਿ ਹੁਣ ਅਜਿਹੇ ਨਿਰਦਈ ਰਾਜ ਵਿਚ ਕੋਈ ਮਹਿਫੂਜ਼ ਨਹੀਂ।

ਉਧਰ ਮੁਸਲਮਾਨ ਫ਼ਕੀਰ ਵੀ ਹੁਕਮਰਾਨਾਂ ਨੂੰ ਦੁਰ-ਦੁਰੇ ਕਰਨ ਲੱਗ ਪਏ ਸਨ। ਇਥੇ ਇਕ ਉਦਾਹਰਨ ਦੇਣੀ ਠੀਕ ਰਹੇਗੀ। ਹਮਜ਼ਾ ਗੌਂਸ ਦੇ ਸਿਲਸਿਲੇ ਦੇ ਅਗਿਯਾਰ ਗੌਂਸ ਪਾਸ ਆ ਕੇ ਜਹਾਨ ਖ਼ਾਨ ਨੇ ਸਿੱਖਾਂ ਵਿਰੁੱਧ ਚਾੜ੍ਹੀ ਮੁਹਿੰਮ ਦੀ ਕਾਮਯਾਬੀ ਲਈ ਦੁਆ ਕਰਨ ਲਈ ਕਿਹਾ ਤਾਂ ਅਗ਼ਿਯਾਰ ਨੇ ਉੱਚੀ-ਉੱਚੀ ਕਿਹਾ : 'ਭੱਜ ਜਾ ਇਥੋਂ'। ਕਈ ਮੁਸਲਮਾਨ ਫ਼ੌਜਦਾਰ ਵੀ ਸਿੱਖਾਂ ਦੀ ਰਵਾਇਤੀ ਖੁਲ੍ਹ-ਦਿਲੀ ਤੋਂ ਪ੍ਰਭਾਵਤ ਹੋ ਕੇ ਨਾਲ ਰਲ ਗਏ। ਪੱਟੀ ਦਾ ਕਾਸਮ ਖ਼ਾਨ ਤਾਂ ਮਦਦ ਤੇ ਹੀ ਆ ਗਿਆ ਸੀ। ਦੁਆਬੇ ਵਿਚ ਉੜਮੁੜ, ਯਾਹੀਆਪੁਰ, ਟਾਂਡਾ ਦੇ ਮੁਸਲਮਾਨ ਤਾਂ ਸਿੱਖਾਂ ਨਾਲ ਹੋ ਮੁਹਿੰਮਾਂ ਵਿਚ ਜਾ ਵੀ ਰਲੇ। ਜੇਮਜ਼ ਰੈਨੇਲ ਨੇ ਵੀ ਇਸੇ ਭਾਵ ਦਾ ਲਿਖਿਆ ਕਿ ਕਈ ਮੁਸਲਮਾਨਾਂ ਨੇ ਸਿੱਖਾਂ ਦੀ ਓਟ ਲੈ ਲਈ ਕਿਉਂਕਿ ਉਹ ਮੁਗ਼ਲ ਹਾਕਮਾਂ ਦੇ ਜਬਰ ਤੋਂ ਤੰਗ ਸਨ।

ਕਈ ਉੱਘੇ ਹਿੰਦੂ ਵੀ ਮਦਦ ਕਰ ਰਹੇ ਸਨ। ਅਰੰਭ ਵਿਚ ਦੀਵਾਨ ਲਖਪਤ ਰਾਇ[1] ਵੀ ਸਿੱਖਾਂ ਦਾ ਹਮਦਰਦ ਸੀ। ਦੀਵਾਨ ਕੌੜਾ ਮੱਲ ਤਾਂ ਅਖ਼ੀਰ ਸਮੇਂ ਤਕ ਹਮਦਰਦ ਰਿਹਾ। ਸਿੱਖ ਉਸ ਨੂੰ ਕੌੜਾ ਮਲ ਨਹੀਂ 'ਮਿੱਠਾ ਮਲ' ਕਹਿੰਦੇ ਸਨ।

ਇਹ ਸਨ ਕੁਝ ਕਾਰਨ, ਜਿਨ੍ਹਾਂ ਕਰ ਕੇ ਸਿੱਖ ਮੁਸ਼ਕਲਾਂ ਚੀਰਦੇ ਅੱਗੇ ਵਧਦੇ ਰਹੇ। ਦੁਖੜੇ ਝੱਲ ਕੇ ਭਾਣਾ ਮੰਨਦੇ ਰਹੇ। ਕੌਮ ਨੂੰ ਸੁਰਜੀਤ ਕਰਨ ਲਈ ਜੀਵਨ ਵਾਰਦੇ ਰਹੇ।

*****

---

1. The Rise of Sikh Power. P. 32.

Sri Satguru Jagjit Singh Ji eLibrary NamdhariElibrary@gmail.com

# ਸ਼ਹਾਦਤਾਂ ਦਾ ਦੌਰ ਦੌਰਾ

## ਨਾਦਰ ਸ਼ਾਹ ਦੇ ਹਮਲੇ ਤਕ (੧੭੧੬ ਤੋਂ ੧੭੩੮ ਤਕ)

੮

**ਫ਼ਰਖ਼ਸੀਅਰ ਦਾ ਅਬਦੁਸ ਸਮਦ ਖ਼ਾਨ ਨੂੰ ਗਵਰਨਰ ਥਾਪਣਾ :** ਅਬਦੁਸ ਸਮਦ ਖ਼ਾਨ ਤੁਰਾਨੀ ਸਰਦਾਰ ਸੀ। ਇਸ ਦੇ ਵਡਿੱਕੇ ਸਮਰਕੰਦ ਦੇ ਰਹਿਣ ਵਾਲੇ ਸਨ। ਔਰੰਗਜ਼ੇਬ ਨੇ ਪਹਿਲਾਂ ਇਸ ਨੂੰ ਛੇ ਸੌ ਦਾ ਮਨਸਬ ਦਿੱਤਾ। ਫਿਰ ਵਧਾ ਕੇ ੧੫੦੦ ਦਾ ਕਰ ਦਿੱਤਾ ਤੇ ਨਾਲ ਹੀ 'ਖ਼ਾਨ' ਦਾ ਖ਼ਿਤਾਬ ਦਿੱਤਾ। ਜਹਾਨਦਾਰ ਸ਼ਾਹ ਨੇ ਇਹ ਵਧਾ ਕੇ ੭੦੦੦ ਦਾ ਕੀਤਾ ਤੇ ਖ਼ਿਤਾਬ 'ਅਲੀ ਜੰਗ' ਦਾ ਦਿੱਤਾ।

ਫ਼ਰਖ਼ਸੀਅਰ ਨੇ ਯੋਗ ਤੇ ਜੰਗਜੂ ਸਮਝ ਕੇ ਅਬਦੁਸ ਸਮਦ ਨੂੰ ਪੰਜਾਬ ਦਾ ਗਵਰਨਰ ਨਿਯੁਕਤ ਕੀਤਾ। ਫ਼ਰਖ਼ਸੀਅਰ ਨੇ ਵਿਸ਼ੇਸ਼ ਫ਼ਰਮਾਨ ਰਾਹੀਂ ਉਸ ਨੂੰ ਖ਼ਾਸ ਅਖ਼ਤਿਆਰ ਦਿੱਤੇ, ਜਿਸ ਰਾਹੀਂ ਸਿੱਖਾਂ ਨੂੰ ਮਾਰ ਮੁਕਾਉਣ ਲਈ ਉਹ ਹਰ ਹਥਿਆਰ ਵਰਤ ਸਕਦਾ ਸੀ। ਮੁੰਤਖ਼ਾਬ-ਉਲ-ਲਬਾਬ ਦਾ ਲਿਖਾਰੀ[1] ਲਿਖਦਾ ਹੈ, "ਅਬਦੁਸ-ਸਮਦ ਖ਼ਾਨ ਨੇ ਪੰਜਾਬ ਨੂੰ ਖ਼ੂਨ ਨਾਲ ਇਵੇਂ ਰੰਗਿਆ ਜਿਵੇਂ ਕੋਈ ਉਹ ਰੰਗ ਪਟੀ ਕੈਨਵਸ ਹੋਵੇ।" ਪੰਜਾਬ ਵਿਚ ਜ਼ੁਲਮਾਂ ਦਾ ਚੱਕਰ ਐਸਾ ਚੱਲਿਆ ਕਿ ਸਿੱਖਾਂ ਨੂੰ ਸ਼ਹੀਦ ਕਰਨਾ ਨਿੱਤ ਦਾ ਕਾਰਾ ਹੋ ਗਿਆ। ਸਿੱਖਾਂ ਦੇ ਸਿਰਾਂ ਦਾ ਮੁੱਲ ਵੀ ਪਾਇਆ ਜਾਣਾ ਸ਼ੁਰੂ ਹੋ ਗਿਆ। ਸਿੱਖਾਂ ਨੇ ਆਪਣੇ ਟਿਕਾਣੇ ਜੰਗਲ, ਪਹਾੜ, ਛੰਭ ਬਣਾ ਲਏ। ਕਈ ਤਾਂ ਮਾਰੂਥਲਾਂ ਵਿਚ ਚਲੇ ਗਏ। ਅਬਦੁਸ-ਸਮਦ ਖ਼ਾਨ ਦੇ ਕੰਮ ਉੱਤੇ ਖ਼ੁਸ਼ ਹੋ ਕੇ ਫ਼ਰਖ਼ਸੀਅਰ ਨੇ ਉਸ ਨੂੰ 'ਸ਼ਮਸ਼ੇਰੇ ਰਿਆਸਤ' ਦਾ ਖ਼ਿਤਾਬ ਵੀ ਦਿੱਤਾ।

**ਸਿੱਖਾਂ ਦੇ ਨਵੇਂ ਟਿਕਾਣੇ :** ਜ਼ੁਲਮ ਦੀ ਚੱਕੀ ਵਿਚ ਸਿੱਖ ਪਿਸੇ ਟੁਰੇ ਜਾ ਰਹੇ ਸਨ। ਕੁਝ ਸਿੱਖ ਜਥਿਆਂ ਦੀ ਸ਼ਕਲ ਬਣ ਜੰਗਲਾਂ, ਪਹਾੜਾਂ, ਛੰਭਾਂ ਵੱਲ ਚਲੇ ਗਏ ਸਨ। ਕਾਹਨੂੰਵਾਨ ਦਾ ਛੰਭ ਇਕ ਚੰਗੀ ਛੁਪਣਗਾਹ ਤੇ ਟਿਕਾਣਾ ਸੀ। ਲੱਖੀ ਜੰਗਲ ਦੂਸਰੀ ਅੱਛੀ ਰੱਖ ਸੀ। ਰਾਜਸਥਾਨ ਦੇ ਰੇਗਿਸਤਾਨਾਂ ਵਿਚ ਕੁਝ ਨਖ਼ਲਸਤਾਨ ਵੀ ਚੰਗੀਆਂ ਓਟਾਂ ਸਨ। ਮਾਲਵੇ ਵਿਚ ਵੀ ਕੁਝ ਚੰਗੇ ਟਿਕਾਣੇ ਸਨ। ਸਿੱਖ ਝੱਲਾਂ ਦੀ ਭਾਲ ਕਰਦੇ-ਕਰਦੇ ਜੈਪੁਰ ਤਕ ਜਾ ਪੁੱਜੇ ਸਨ। ਘਰ ਘਾਟ ਛੱਡ ਸਿੰਘ ਜਥਿਆਂ ਦੀ ਸ਼ਕਲ ਵਿਚ ਇਕ ਥਾਂ ਤੋਂ ਦੂਜੀ ਥਾਂ ਲੁਕ ਛਿਪ ਦਿਨ ਕੱਟਦੇ। ਇਹ ਕਹਿ ਕੇ ਜਰਦੇ ਰਹੇ ਹਰ ਤਸੀਹਾ ਕਿ ਕਦੇ ਸਾਡਾ ਸਮਾਂ ਵੀ ਆਊਗਾ। ਸਿੱਖ ਮੌਕੇ ਦੀ ਭਾਲ ਵਿਚ ਸਨ। ਗਸ਼ਤੀ ਫ਼ੌਜਾਂ ਪੰਜਾਬ ਦੇ

1. ਖ਼ਾਫ਼ੀ ਖਾਨ, ਮੁਹੰਮਦ ਹਾਸ਼ਮ।



Sri Satguru Jagjit Singh Ji eLibrary NamdhariElibrary@gmail.com

ਕੋਨੇ ਕੋਨੇ ਵਿਚ ਫਿਰ ਰਹੀਆਂ ਸਨ। ਫ਼ੌਜਾਂ ਨੂੰ ਪੂਰਨ ਅਧਿਕਾਰ ਸਨ। ਸਮਾਂ ਬੜਾ ਭਿਆਨਕ ਤੇ ਨਾ ਮੁੱਕਣ ਵਾਲਾ ਲੱਗਦਾ ਸੀ, ਪਰ ਸਿੱਖਾਂ ਹੁਣ ਟਿਕਾਣੇ ਰਾਵੀ ਦਾ ਝੱਲ, ਸ਼ਿਵਾਲਕ, ਪਹਾੜ ਦੇ ਪੜੋਲ, ਕਠੂਆ ਤੇ ਅਨੰਦਪੁਰ ਦੀਆਂ ਖੱਡਾਂ ਹੀ ਬਣਾ ਲਈਆਂ ਸਨ। ਭਾਈ ਕੇਸਰ ਸਿੰਘ ਛਿਬਰ ਲਿਖਦੇ ਹਨ ਕਿ ਹਾਲਤ ਇਹ ਸੀ ਕਿ ਦਿਨੇ ਮੁਗ਼ਲ ਫ਼ੌਜੀ ਸਿੱਖਾਂ ਨੂੰ ਲੱਭਦੇ ਢੂੰਡਦੇ ਰਹਿੰਦੇ, ਰਾਤੀਂ ਸਿੰਘ ਨਿਕਲ ਤੁਰਦੇ ਤੇ ਖਾਣ-ਪੀਣ ਦਾ ਸਾਮਾਨ ਜਾਂ ਖੇਤਾਂ ਵਿਚੋਂ ਸਬਜ਼ੀ, ਗੰਨੇ ਪੁੱਟ ਲੈ ਜਾਂਦੇ

*'ਦਿਨੇ ਉਹ ਢੂੰਡਦੇ ਫਿਰਦੇ*
*ਛੁਪੇ ਲੁਕੇ ਸਿੱਖਾਂ ਨੂੰ*
*ਨਿਸ ਅਸੀਂ ਭਾਉਂਦੇ ਫਿਰਦੇ ਹੇਰਦੇ*
*ਪੁਟ ਭਨ ਲੈ ਆਵੀਐ*
*ਚਲ ਤਰਕਾਰੀ ਇਖਾਂ ਨੂੰ।'*

ਜੋਤ ਜਗਦੀ ਰਹੀ। ਅਬਦੁਸ ਸਮਦ ਖ਼ਾਨ ਅਸਲ ਵਿਚ ਹੰਭ ਹੀ ਗਿਆ। ਕੁਝ ਸਿੰਘਾਂ ਨੇ ਤੰਗ ਕਰ ਦਿੱਤਾ ਤੇ ਬਹੁਤਾ ਧਿਆਨ ਈਸਾ ਖ਼ਾਨ ਮੰਝ ਤਿਹਾੜ ਵਾਲੇ, ਹੁਸੈਨ ਖ਼ਾਨ ਖੇਸ਼ਗੀ ਕਸੂਰ ਅਤੇ ਸ਼ਰਫ਼ਦੀਨ ਕਸ਼ਮੀਰ ਵਿਚ ਖਿੱਚ ਲਿਆ। ਕਸ਼ਮੀਰ ਠੱਲ੍ਹ ਪਈ ਤਾਂ ਮੁਲਤਾਨ ਰਾਜ ਰੌਲਾ ਪੈ ਗਿਆ। ਮੁਲਤਾਨੋਂ ਧਿਆਨ ਹਟਿਆ ਨਹੀਂ ਸੀ ਕਿ ਮਾਲਵੇ, ਸਰਸੇ, ਦੁੱਲੇ ਦੀ ਬਾਰ ਵਿਚ ਡੋਂਗਰ ਲੋਕਾਂ ਸਿਆਲਾਂ ਤੇ ਖਰਲਾਂ ਊਧਮ ਮਚਾ ਦਿੱਤਾ।

ਸਿੱਖਾਂ ਨੂੰ ਇਸ ਦੌਰਾਨ ਕੁਝ ਸਾਹ ਆਇਆ। ਕਈ ਸਿੱਖ ਸਰਕਾਰੀ ਅਹੁਦਿਆਂ 'ਤੇ ਵੀ ਜਾ ਲੱਗੇ ਅਤੇ ਸਮੇਂ ਸਿਰ ਸਿੱਖਾਂ ਨੂੰ ਸੂਹ ਵੀ ਪਹੁੰਚਾਉਣ ਲੱਗ ਪਏ। ਇਨ੍ਹਾਂ ਸਿੱਖਾਂ ਨੂੰ 'ਚਕਰੈਲ' ਦਾ ਨਾਮ ਸਾਡੇ ਇਤਿਹਾਸ ਨੇ ਦਿੱਤਾ ਹੈ ਅਤੇ ਜੋ ਮੂਹਰੇ ਹੋ ਲੜਦੇ ਸਨ ਉਹ 'ਮੁਹਰੈਲ' ਕਹਿਲਾਏ।

**ਫ਼ਰਖ਼ਸੀਅਰ ਦੀ ਮੌਤ ਤੇ ਅਬਦੁਸ ਸਮਦ ਖ਼ਾਨ ਦਾ ਢਿੱਲਿਆਂ ਪੈ ਜਾਣਾ** : ਵਾਸਤਵ ਵਿਚ ਦਿੱਲੀ ਦੀ ਵਾਗਡੋਰ ਹੁਣ ਫ਼ਰਖ਼ਸੀਅਰ ਹੱਥ ਨਹੀਂ ਸੀ ਰਹੀ। ਜਦ ਫ਼ਰਖ਼ਸੀਅਰ ਦੇ ਬਾਪ ਅਜ਼ੀਮ-ਉਲ-ਸ਼ਾਨ ਨੂੰ ਜਹਾਨਦਾਰ ਸ਼ਾਹ ਨੇ ਜੰਗ ਵਿਚ ਹਰਾ ਮਾਰ ਦਿੱਤਾ ਸੀ ਤਾਂ ਜਹਾਨਦਾਰ ਨੇ ਪਹਿਲਾ ਕੰਮ ਇਹ ਕੀਤਾ ਕਿ ਸਭ ਸ਼ਹਿਜ਼ਾਦੇ ਚੁਣ-ਚੁਣ ਮਾਰੇ। ਫ਼ਰਖ਼ਸੀਅਰ ਦੇਵ ਨੇਤ ਬੰਗਾਲ ਵਿਚ ਸੀ। ਇਸ ਦੀ ਇਮਦਾਦ ਸੱਯਦ ਭਰਾਵਾਂ ਨੇ ਕੀਤੀ ਤੇ ਇਹ ਜਹਾਨਦਾਰ ਨੂੰ ਹਰਾ ਕੇ, ਕਤਲ ਕਰਕੇ ਜਨਵਰੀ ਦੀ ਨੌਂ, ੧੭੧੩ ਨੂੰ ਤਖ਼ਤ 'ਤੇ ਬੈਠਾ। ਫ਼ਰਖ਼ਸੀਅਰ ਨੇ ਵੱਡੇ ਭਰਾ ਸੱਯਦ ਅਬਦੁੱਲਾ ਖ਼ਾਨ ਨੂੰ ਕੁਤਬ-ਉਲ-ਮੁਲਕ ਦਾ ਖ਼ਤਾਬ ਦੇ ਕੇ ਵਜ਼ੀਰ ਬਣਾਇਆ ਤੇ ਦੂਜੇ ਭਰਾ ਹੁਸੈਨ ਕੁਲੀ ਖ਼ਾਨ ਨੂੰ ਕਮਾਂਡਰ ਇਨ-ਚੀਫ਼। ਜਦ ਫ਼ਰਖ਼ਸੀਅਰ ਨੇ ਸੱਯਦ ਭਰਾਵਾਂ ਦੇ ਪੰਜੇ ਵਿਚੋਂ ਨਿਕਲਣ ਦੀ ਕੋਸ਼ਿਸ਼ ਕੀਤੀ ਤਾਂ ਪਹਿਲਾਂ ਉਨ੍ਹਾਂ ਤਖ਼ਤ ਤੋਂ ਉਤਾਰਿਆ, ਫਿਰ ਅੰਨ੍ਹਿਆਂ ਕੀਤਾ ਤੇ ਪਿੱਛੋਂ ਮਈ ੧੬, ੧੭੧੯ ਨੂੰ ਮਾਰ ਦਿੱਤਾ।

ਉਸ ਦੀ ਲਾਸ਼ ਹਮਾਯੂੰ ਦੇ ਮਕਬਰੇ ਵਿਚ ਹੀ ਦਬਾ ਦਿੱਤੀ। ਸੱਯਦ ਭਰਾਵਾਂ ਦਾ ਜ਼ੋਰ

1. ਬੰਸਾਵਲੀਨਾਮਾ

Sri Satguru Jagjit Singh Ji eLibrary NamdhariElibrary@gmail.com

ਤੇ ਹਵਸ ਦੋਵੇਂ ਹੀ ਵਧ ਗਈਆਂ। ਉਨ੍ਹਾਂ ਉਤੋਝੱਤੀ ਪਹਿਲਾਂ ਰਫ਼ੀਅ-ਉੱਦਰਜਾਤ ਤੇ ਫਿਰ ਰਫ਼ੀ-ਉਦ-ਦਉਲਾ ਨੂੰ ਸ਼ਾਹ ਜਹਾਨ ਦੂਜਾ ਆਖ ਕੇ ਤਖ਼ਤ 'ਤੇ ਬਿਠਾਇਆ। ਪਹਿਲੇ ਨੂੰ ਤਿੰਨ ਮਹੀਨਿਆਂ ਅੰਦਰ ਹੀ ਅਤੇ ਦੂਜੇ ਨੂੰ ਉਸ ਤੋਂ ਵੀ ਛੇਤੀ ਮਾਰ ਦਿੱਤਾ। ਉਧਰ ਆਗਰੇ ਵਿਚ ਨਿਕੋਸਬਰ ਨੇ ਆਪਣੇ ਆਪ ਨੂੰ ਬਾਦਸ਼ਾਹ ਹੋਣ ਦਾ ਐਲਾਨ ਕਰ ਦਿੱਤਾ, ਪਰ ਉਹ ਸਫ਼ਲ ਨ ਹੋਇਆ ਤੇ ਆਖ਼ਰ ਤਾਜ ੨੮ ਸਤੰਬਰ, ੧੭੧੯ ਨੂੰ ਬਹਾਦਰ ਸ਼ਾਹ ਦੇ ਪੁੱਤਰ ਜਹਾਂ ਸ਼ਾਹ ਦੇ ਬੇਟੇ ਰੌਸ਼ਨ ਅਖ਼ਤਰ ਦੇ ਸਿਰ ਰੱਖਿਆ ਗਿਆ। ਉਸ ਨੂੰ ਮੁਹੰਮਦ ਸ਼ਾਹ ਦਾ ਨਾਂ ਦਿੱਤਾ ਗਿਆ। ਕੈਸੀ ਹਾਸੋ-ਹੀਣੀ ਹਾਲਤ ਹੋ ਚੁੱਕੀ ਸੀ ਦਿੱਲੀ ਦੇ ਤਖ਼ਤ ਦੀ ਕਿ ਰੌਸ਼ਨ ਅਖ਼ਤਰ ਦੀ ਮਾਂ ਨੇ ਜਦ ਆਪਣੇ ਪੁੱਤਰ ਦਾ ਬਾਦਸ਼ਾਹ ਬਣਾਇਆ ਜਾਣਾ ਸੁਣਿਆ ਤਾਂ ਬਜਾਇ ਖ਼ੁਸ਼ੀ ਮਨਾਉਣ ਦੇ ਦੌੜਦੀ ਸੱਯਦ ਭਰਾਵਾਂ ਕੋਲ ਗਈ ਤੇ ਹੱਥ ਜੋੜ ਕੇ ਕਹਿਣ ਲੱਗੀ : ''ਮੈਂ ਵਿਧਵਾ ਤੇ ਤਰਸ ਕਰੋ। ਮੇਰੇ ਯਤੀਮ ਬੱਚੇ ਨੂੰ ਬਾਦਸ਼ਾਹ ਨਾ ਬਣਾਓ ਤੇ ਉਸ ਦੀ ਜਵਾਨੀ ਤੇ ਰਹਿਮ ਕਰੋ।'' ਗੱਲ ਕੀ ਕੋਈ ਤਖ਼ਤ ਸਵੀਕਾਰ ਕਰਨ ਲਈ ਤਿਆਰ ਨਹੀਂ ਸੀ।

ਭਾਵੇਂ ਮੁਹੰਮਦ ਸ਼ਾਹ ਨੇ ੨੯ ਸਾਲ ਰਾਜ ਕੀਤਾ, ਪਰ ਇਕ ਵਾਰ ਵੀ ਪੰਜਾਬ ਨਾ ਆਇਆ। ਮੁਹੰਮਦ ਅਮੀਨ ਖ਼ਾਨ ਦੀ ਸਿਆਣਪ ਨੇ ਮੁਹੰਮਦ ਸ਼ਾਹ ਨੂੰ ਸੱਯਦ ਭਰਾਵਾਂ ਦੇ ਪੰਜੇ ਤੋਂ ਤਾਂ ਕੱਢ ਲਿਆ, ਪਰ ਉਸ ਨੂੰ ਵਜ਼ਾਰਤ ਦਾ ਕਲਮਦਾਨ ਸੰਭਾਲਣਾ ਨਸੀਬ ਨਾ ਹੋਇਆ ਤੇ ਤੁਰੰਤ ਹੀ ੧੭ ਜਨਵਰੀ, ੧੭੨੧ ਨੂੰ ਮਰ ਗਿਆ। ਬਾਦਸ਼ਾਹ ਆਪੂੰ ਇਤਨਾ ਕਮਜ਼ੋਰ ਸੀ ਕਿ ਹਰ ਪ੍ਰਾਂਤ ਦੇ ਨਵਾਬ ਹੁਣ ਮਨ ਮਾਨੀ ਕਰਨ ਲੱਗ ਪਏ।

ਐਸੀ ਹੀ ਦਸ਼ਾ ਵਿਚ ਅਬਦੁਸ ਸਮਦ ਖ਼ਾਨ ਨੇ ਆਪਣੀ ਸਿੱਖਾਂ ਪ੍ਰਤੀ ਪਹਿਲੀ ਅਪਣਾਈ ਨੀਤੀ ਨੂੰ ਮੋੜਾ ਦੇ ਦਿੱਤਾ। ਉਸ ਸਿੱਖਾਂ ਵਲੋਂ ਧਿਆਨ ਹਟਾ ਕੇ ਪਹਿਲਾਂ ਖ਼ਜ਼ਾਨਾ ਇਕੱਠਾ ਕਰਨਾ ਅਰੰਭਿਆ ਤੇ ਫਿਰ ਐਸ਼ਾਂ ਵਿਚ ਹੀ ਪੈ ਗਿਆ।

**ਸਿੱਖਾਂ ਸਿਰ ਚੁੱਕਣਾ** : ਸਿੱਖਾਂ ਨੇ ਉਹ ਸਮਾਂ ਰੱਬੋਂ ਬਖ਼ਸ਼ਿਆ ਜਾਣਿਆ ਤੇ ਟਿਕਾਣਿਆਂ ਤੋਂ ਬਾਹਰ ਨਿਕਲ ਆਏ। ਸ੍ਰੀ ਅੰਮ੍ਰਿਤਸਰ ਵਿਚ ਪਹਿਲਾਂ ਭਾਈ ਮਾਮਾ ਕ੍ਰਿਪਾਲ ਸਿੰਘ ਜੀ ਨੇ ਬੜਾ ਚੰਗਾ ਪ੍ਰਬੰਧ ਕੀਤਾ। ਮੇਲੇ ਲੱਗਣ ਲੱਗ ਪਏ। ਦਸਵੰਧ ਜੋ ਪਟਨਾ ਸਾਹਿਬ ਜਾਂਦਾ ਸੀ, ਅੰਮ੍ਰਿਤਸਰ ਚੜ੍ਹਨ ਲੱਗਾ। ਚਾਰ ਪ੍ਰਬੰਧਕਾਂ ਦੇ ਨਾਮ ਸਿੱਖ ਇਤਿਹਾਸ ਨੇ ਉਚੇਚੇ ਤੌਰ 'ਤੇ ਲਿਖੇ ਹਨ। ਇਕ **ਭਾਈ ਸਹਿਜ ਸਿੰਘ ਜੀ ਸਨ। ਦੂਜੇ ਭਾਈ ਦਿਆਨਤ ਰਾਇ ਪਿੰਡਾਂ ਵਿਚ ਜਾਂਦੇ**, ਅਰਦਾਸ ਤੇ ਹੋਰ ਸੇਵਾ ਸੰਭਾਲ ਭਾਈ ਮਾਨ ਸਿੰਘ ਜੀ ਅਤੇ ਰਾਖੀ ਤੇ ਸੰਗਤਾਂ ਦੀ ਦੇਖਭਾਲ ਗੁਰਬਖ਼ਸ਼ ਸਿੰਘ ਜੀ ਕਰਦੇ ਸਨ। ਇਤਨੀ ਸੇਵਾ ਆਏ ਗਏ ਦੀ ਹੋਣ ਲੱਗੀ ਕਿ ਸਭ ਪਰਵਾਰ ਜੰਗਲ ਬੇਲਿਓਂ ਨਿਕਲ ਅੰਮ੍ਰਿਤਸਰ ਆ ਗਏ :

*'ਹਰ ਮਾਈ ਬੁੱਢੀ ਠੇਰੀ ਸਿੱਖਣੀ*
*ਗੁਰ ਕੇ ਘਰਿ ਦੀ ਜੋ ਹੋਵੈ।*
*ਸੋਈ ਭੋਜਨ ਮਾਤ੍ਰ ਦਰਬਾਰੋਂ ਲੇਵੈ।'*

ਦਿੱਲੀ ਮਾਤਾ ਜੀ ਪਾਸ ਖ਼ਬਰਾਂ ਭਾਈ ਖ਼ਾਨ ਸਿੰਘ ਕਲਾਲ ਪਹੁੰਚਾਂਦੇ ਸਨ। ਭਾਈ ਮਨੀ ਸਿੰਘ ਜੀ ਵੀ ਮਾਮਾ ਕ੍ਰਿਪਾਲ ਸਿੰਘ ਜੀ ਦੇ ਹੁੰਦਿਆਂ ਹੀ ਆ ਗਏ ਸਨ। ਉਨ੍ਹਾਂ ਮਾਮਾ ਜੀ ਦੇ ਜਾਣ ਉਪਰੰਤ ਸਭ ਕਾਰਜ ਸੰਭਾਲ ਲਿਆ ਸੀ।

Sri Satguru Jagjit Singh Ji eLibrary NamdhariElibrary@gmail.com

ਮਾਮਾ ਜੀ ਨੇ ਅਸੀਸ ਦਿੱਤੀ ਸੀ :

*'ਰਾਮ ਦਾਸ ਗੁਰੂ ਆਪ*
*ਅੰਗ ਸੰਗ ਤੁਸਾਂ ਕੀ।'*

ਇਧਰ ਭਾਈ ਕਾਹਨ ਸਿੰਘ ਜੀ ਨੇ ਸਭ ਸਿੰਘਾਂ ਨੂੰ ਸ੍ਰੀ ਅੰਮ੍ਰਿਤਸਰ ਜੁੜਨ ਲਈ ਲਿਖਿਆ। ਦੂਰ ਗਏ ਸਿੰਘ ਅੰਮ੍ਰਿਤਸਰ ਆ ਗਏ ਅਤੇ ਬੁੰਗੇ ਬਣਾ ਲਏ।

ਦਿਨ ਦਿਹਾੜੇ ਉਹ ਲਾਹੌਰ ਹਮਲਾ ਕਰਨ ਲੱਗ ਪਏ। ਹੁਣ ਅੰਮ੍ਰਿਤਸਰ ਇਕੱਠੇ ਹੁੰਦੇ, ਇਸ਼ਨਾਨ ਕਰਦੇ, ਦੀਵਾਨ ਲਗਾਉਂਦੇ। ਕਨ੍ਹਈਆ ਲਾਲ ਲਿਖਦਾ ਹੈ ਕਿ 'ਸਿੱਖ ਚਿੱਟੇ ਦਿਨ ਲਾਹੌਰ ਸ਼ਹਿਰ ਦੇ ਦੁਕਾਨਦਾਰਾਂ ਨੂੰ ਲੁੱਟ ਕੇ ਭੱਜ ਜਾਂਦੇ ਤੇ ਕੋਈ ਇਨ੍ਹਾਂ ਦਾ ਪਿੱਛਾ ਨਾ ਕਰ ਸਕਦਾ। ਰਾਵੀ ਦੇ ਕੰਢੇ ਧੋਬੀ ਦੇ ਸੁਕਾਉਣ ਲਈ ਰੱਖੇ ਕੱਪੜਿਆਂ ਨੂੰ ਵਰਤਣ ਲਈ ਲੈ ਜਾਂਦੇ। ਦਿੱਲੀ ਵੀ ਖ਼ਬਰਾਂ ਗਈਆਂ। ਉਥੋਂ ਕਈ ਗੁੱਸੇ ਭਰੇ ਫ਼ਰਮਾਨ ਵੀ ਜਾਰੀ ਹੋਏ ਪਰ ਅਬਦੁਸ ਸਮਦ ਖ਼ਾਨ ਨੇ ਪਰਵਾਹ ਨਾ ਕੀਤੀ।

**ਬੰਦਈ ਖ਼ਾਲਸਾ ਤੇ ਤੱਤ ਖ਼ਾਲਸਾ ਦਾ ਝਗੜਾ**[1] : ਉਧਰ ਹਕੂਮਤ ਢਿੱਲੀ ਹੋਈ ਤੇ ਇਧਰ ਤਰੇੜਾਂ ਪੈਣ ਲੱਗੀਆਂ। ਭਾਵੇਂ ਬਾਬਾ ਬੰਦਾ ਸਿੰਘ ਨੇ ਕਦੇ ਤੇ ਕਿਸੇ ਸਮੇਂ ਵੀ ਆਪਣੇ ਆਪ ਨੂੰ ਗੁਰੂ ਜਾਂ ਗੁਰੂ ਦਾ ਜਾਨਸ਼ੀਨ ਨਹੀਂ ਸੀ ਕਿਹਾ, ਪਰ ਜਿਸ ਤਰ੍ਹਾਂ ਉਨ੍ਹਾਂ ਤਸੀਹੇ ਝੱਲੇ, ਉਸ ਕਾਰਨ ਬੰਦਾ ਸਿੰਘ ਜੀ ਦੇ ਕਈ ਸਾਥੀਆਂ ਉਨ੍ਹਾਂ ਨੂੰ ਗੁਰੂ ਸਮਝ ਲਿਆ। ਭਾਈ ਮਹੰਤ ਸਿੰਘ ਖੇਮਕਰਨ, ਬੰਦਈਆਂ ਦਾ ਆਗੂ ਸੀ। ਉਨ੍ਹਾਂ ਅੰਮ੍ਰਿਤਸਰ ਵੱਲ ਚਾਲੇ ਪਾ ਦਿੱਤੇ ਤੇ ਕਬਜ਼ਾ ਕਰਨ ਦੀ ਸੋਚਣ ਲੱਗੇ। ਦੂਜੇ ਪਾਸੇ ਬਾਬਾ ਬਿਨੋਦ ਸਿੰਘ ਦੇ ਸਪੁੱਤਰ ਬਾਬਾ ਕਾਹਨ ਸਿੰਘ ਨੇ ਦੀਵਾਲੀ ਦਾ ਇਕੱਠ ਕਰਨ ਲਈ ਸਿੰਘਾਂ ਨੂੰ ਲਿਖ ਦਿੱਤਾ। ਦੋਵੇਂ ਧਿਰਾਂ ਅੰਮ੍ਰਿਤਸਰ ਪੁੱਜੀਆਂ ਤੇ ਦੋਵੇਂ ਜਾਇਜ਼ ਵਾਰਸ ਤੇ ਪ੍ਰਬੰਧਕ ਸਾਬਤ ਕਰਨ ਲਈ ਲੜਾਈ ਤਕ ਲਈ ਤਿਆਰ ਹੋ ਗਏ। ਜੁੜੀ ਸਿੱਖ ਸੰਗਤ ਨੇ ਦੋਵੇਂ ਧਿਰਾਂ ਨੂੰ ਦੀਵਾਲੀ ਤੇ ਝਗੜਾ ਨਾ ਕਰਨ ਦੀ ਗੱਲ ਤਾਂ ਮੰਨਵਾ ਲਈ, ਪਰ ਹਕੂਮਤ ਦੀ ਵੀ ਇਹ ਪਾਲਿਸੀ ਲੱਗਦੀ ਸੀ ਕਿ ਇਹ ਆਪਸ ਵਿਚ ਲੜ ਕੇ ਬਣੀ ਸ਼ਕਤੀ ਨੂੰ ਗਵਾ ਲੈਣ। ਇਸੇ ਲਈ ਇਕੱਠ 'ਤੇ ਕੋਈ ਰੁਕਾਵਟ ਨ ਪਾਈ। ਦੀਵਾਲੀ ਤਾਂ ਆਰਾਮ ਨਾਲ ਗੁਜ਼ਰ ਗਈ; ਪਰ ਗੁੱਸੇ ਭੜਕੇ ਹੋਏ ਸਨ। ਕਿਸੇ ਸਦੀਵੀ ਹੱਲ ਦੀ ਲੋੜ ਸੀ।

**ਭਾਈ ਮਨੀ ਸਿੰਘ ਜੀ ਦਾ ਅੰਮ੍ਰਿਤਸਰ ਆਉਣਾ** : ਦੀਵਾਲੀ ਉਪਰੰਤ ਸਿੱਖਾਂ ਨੇ ਮਾਤਾ ਸੁੰਦਰੀ ਜੀ ਨੂੰ ਸਾਰੇ ਖ਼ਤਰਿਆਂ ਤੋਂ ਜਾਣੂ ਕਰਵਾਇਆ। ਮਾਤਾ ਜੀ ਨੇ ਦੂਰ-ਦ੍ਰਿਸ਼ਟੀ ਤੋਂ

---

1. ਬੰਦਈ ਗੁਰੂ ਆਸ਼ੇ ਵਿਰੁੱਧ ਵੀ ਕੰਮ ਕਰਨ ਲੱਗ ਪਏ। ਬੰਦਈ ਇਕ ਦੂਜੇ ਨੂੰ ਮਿਲਣ ਵੇਲੇ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫ਼ਤਹਿ' ਬੁਲਾਉਣ ਦੀ ਥਾਂ 'ਫ਼ਤਹਿ ਦਰਸ਼ਨ' ਬੁਲਾਉਂਦੇ ਸਨ। ਉਹ ਜਾਤ-ਪਾਤ ਦੇ ਭੇਦ ਨੂੰ ਮੰਨਦੇ ਤੇ ਨੀਵੀਆਂ ਜਾਤਾਂ ਨੂੰ ਦੁਰਕਾਰਦੇ ਸਨ। ਸੂਹੇ ਲਾਲ ਕੱਪੜੇ ਪਾਉਂਦੇ ਸਨ। ਖ਼ਾਲਸੇ ਲਾਲ ਰੰਗ ਨੂੰ ਸ਼ੋਖ ਸਮਝ ਕੇ ਛੱਡ ਗਏ ਸਨ ਤੇ ਸੁਰਮਈ (ਨੀਲੇ) ਪਹਿਨਦੇ ਸਨ :

"ਤੁਮ ਫਤੇ ਦਰਸ਼ਨ ਕੀ, ਹਮ ਫਤੇ ਗੁਰ ਕੀ ਕਹੈ।
ਤੁਮ ਬਿਸਨੋਈ, ਹਮ ਚਾਰ ਬਰਨ ਰਹੈ।
ਤੁਮ ਸੂਹੇ ਪਹਰੋ, ਹਮ ਲਾਵੈ ਨਾ ਅੰਗ।
ਹਮ ਪਹਰੇ ਸੁਰਮਈ, ਤੁਮ ਪਹਰੋ ਸੰਗ।"

Sri Satguru Jagjit Singh Ji eLibrary NamdhariElibrary@gmail.com

ਕੰਮ ਲੈਂਦੇ ਹੋਏ ਭਾਈ ਮਨੀ ਸਿੰਘ ਜੀ ਨੂੰ ਸ੍ਰੀ ਅੰਮ੍ਰਿਤਸਰ ਦਾ ਇੰਚਾਰਜ ਬਣਾ ਕੇ ਭੇਜਿਆ, ਨਾਲੇ ਉਨ੍ਹਾਂ ਨੂੰ ਮੁੱਖ ਗ੍ਰੰਥੀ ਥਾਪਿਆ।[1] ਉਨ੍ਹਾਂ ਆ ਕੇ ਸਾਰੇ ਹਾਲਾਤ ਦਾ ਜਾਇਜ਼ਾ ਲਿਆ। ਪਹਿਲਾਂ ਤਾਂ ਸੇਵਾ ਸੰਭਾਲ ਦਾ ਪ੍ਰਬੰਧ ਠੀਕ ਕੀਤਾ। ਮਰਯਾਦਾ ਕਾਇਮ ਕੀਤੀ। ਵਿਸਾਖੀ ਉੱਤੇ ਸਰਬਤ ਖ਼ਾਲਸੇ ਨੂੰ ਇਕੱਠਿਆਂ ਹੋਣ ਲਈ ਲਿਖਿਆ। ਭਾਈ ਮਨੀ ਸਿੰਘ ਜੀ ਨੇ ਦੇਖ ਲਿਆ ਕਿ ਕਿਸੇ ਹੱਲ ਦੀ ਲੋੜ ਹੈ, ਨਹੀਂ ਤੇ ਇਹ ਲਾਵਾ ਫੱਟ ਕੇ ਪੰਥ ਨੂੰ ਖੇਰੂੰ-ਖੇਰੂੰ ਕਰ ਦੇਵੇਗਾ। ਅਕਾਲ ਬੁੰਗੇ ਉੱਤੇ ਤੱਤ ਖ਼ਾਲਸਾ ਦੇ ਜਥੇਦਾਰ ਬਾਬਾ ਕਾਹਨ ਸਿੰਘ ਤੇ ਝੰਡਾ ਬੁੰਗਾ ਉੱਤੇ ਭਾਈ ਮਹੰਤ ਸਿੰਘ ਖੇਮਕਰਨ ਵਾਲੇ ਨੇ ਕਬਜ਼ਾ ਕਰ ਲਿਆ। ਭਾਵੇਂ ਭਾਈ ਕਾਹਨ ਸਿੰਘ ਜੀ ਨਿਮਰਤਾ ਧਾਰ ਇਹ ਹੀ ਆਖਦੇ ਰਹੇ :

*'ਤੁਮ ਹਮ ਲੜ ਜੋ ਹੋਵਹਿ ਖਵਾਰ।*
*ਤੁਰਕ ਲੇਂਹਿ ਸਭ ਸੰਗਤਿ ਮਾਰ।'*

ਭਾਈ ਮਨੀ ਸਿੰਘ ਜੀ ਜਾਣਦੇ ਸਨ ਕਿ ਬੰਦਈ ਮੁਗ਼ਲਾਂ ਦਾ ਸਹਾਰਾ ਵੀ ਦੇਖਣ ਲੱਗ ਪਏ ਸਨ। ਜਿਉਂ-ਜਿਉਂ ਅਕਾਲ ਪੁਰਖੀਏ ਨੀਵੀਂ ਖਿਚਣ ਉਹ ਸਿਰ ਚੜ੍ਹੀ ਜਾਣ। ਤੱਤ ਖ਼ਾਲਸਾ ਇਹ ਹੀ ਕਹਿੰਦਾ ਸੀ ਕਿ ਤੁਸੀਂ ਅੱਧੀ ਚੜ੍ਹਤ ਦੀ ਗੱਲ ਕਰਦੇ ਹੋ—ਸਾਰੀ ਹੀ ਸਾਂਭੋ ਪਰ :

*'ਫਤਹ ਦਰਸਨ ਤੁਮ ਛੱਡ ਰਲੋ।*
*ਪਾਹੁਲ ਪੀਓ ਸਰਬੰਗ।*
*ਬਰਨ ਸੰਗ ਮਿਲ ਬਹ ਛਕੋ*
*ਕਹਾਵੋ ਪੰਥ ਭੁਜੰਗ।'*

ਸਿੱਖਾਂ ਵਿਚ ਰੋਸ ਉਸ ਸਮੇਂ ਬਹੁਤ ਵਧ ਗਿਆ ਜਦ ਮਹੰਤ ਸਿੰਘ ਰਥਾਂ ਉੱਤੇ ਗਦੇਲੇ ਲਗਾ ਕੇ ਦਰਬਾਰ ਸਾਹਿਬ ਤਕ ਆ ਗਿਆ। ਉਹ ਸਮਾਂ ਤਾਂ ਭਾਈ ਮਨੀ ਸਿੰਘ ਜੀ, ਬਾਬਾ ਬੁੱਢਾ ਕਿਆਂ, ਭਾਈ ਸਾਲੋ ਕਿਆਂ ਅਤੇ ਭਾਈ ਭਗਤੂ ਕਿਆਂ ਵਿਚ ਪੈ ਕੇ ਸੰਭਾਲ ਲਿਆ, ਪਰ ਹੁਣ ਸਭ ਕਹਿਣ ਲੱਗ ਪਏ ਕਿ ਇਸ ਤਰ੍ਹਾਂ ਆਪੋ ਵਿਚ ਖ਼ੂਨ-ਖ਼ਰਾਬਾ ਹੋ ਜਾਏਗਾ। ਕੋਈ ਉਪਾ ਕਰੋ। ਕਰਤੇ ਤੇ ਹੀ ਛੱਡਣ ਦਾ ਫ਼ੈਸਲਾ ਹੋਇਆ।

ਵਿਸਾਖੀ ਵਾਲੇ ਦਿਹਾੜੇ ਭਾਈ ਮਨੀ ਸਿੰਘ ਨੇ ਤਜਵੀਜ਼ ਪੇਸ਼ ਕੀਤੀ ਕਿ ''ਨਿੱਤ ਦਾ ਝਗੜਾ ਮਿਟਾਉਣ ਲਈ, ਤੇ 'ਪ੍ਰਬੰਧ' ਕਿਸ ਦੇ ਹੱਥ ਹੋਣਾ ਚਾਹੀਦਾ ਹੈ ਤੇ 'ਵਾਰਸ' ਕੌਣ ਹੈ, ਇਸ ਲਈ ਹਰਿ ਕੀ ਪਉੜੀ ਪਰਚੀਆਂ ਪਾਈਆਂ ਜਾਣ।'' ਦੋਵੇਂ ਧਿਰਾਂ ਮੰਨ ਗਈਆਂ ਤੇ ਅੰਮ੍ਰਿਤਸਰ ਵਿਚ ਪਰਚੀਆਂ ਪਾਉਣ ਤੇ ਕੱਢਣ ਦੀ ਸੇਵਾ-ਜ਼ਿੰਮੇਵਾਰੀ ਭਾਈ ਮਨੀ ਸਿੰਘ ਜੀ ਦੀ ਹੀ ਲੱਗੀ।

**ਫ਼ੈਸਲਾ** : ਭਾਈ ਮਨੀ ਸਿੰਘ ਜੀ ਨੇ ਦੋ ਚਿੱਟਾਂ, ਇਕ ਉੱਤੇ ਬੰਦਈ ਖ਼ਾਲਸੇ ਦਾ ਜੰਗੀ ਨਾਅਰਾ 'ਫ਼ਤਹਿ ਦਰਸ਼ਨ' ਤੇ ਦੂਜੀ ਉੱਤੇ ਵਾਹਿਗੁਰੂ ਜੀ ਕੀ ਫ਼ਤਹਿ ਲਿਖ ਕੇ ਧਾਗਾ ਬੰਨ੍ਹ, ਹਰਿ ਕੀ ਪਉੜੀ, ਅੰਮ੍ਰਿਤ ਸਰੋਵਰ ਵਿਚ ਇਕ ਬਾਲਕ ਹੱਥੀਂ ਸੁਟਵਾ ਦਿੱਤੀਆਂ। ਫ਼ੈਸਲਾ ਹੋ ਗਿਆ ਸੀ ਕਿ ਜਿਸ ਦੀ ਚਿੱਠੀ ਪਹਿਲਾਂ ਤਰ ਆਏਗੀ ਉਹ ਹੀ ਗੁਰਦੁਆਰਿਆਂ

1. ਆਪ ਜਨਵਰੀ 1721 ਈ: ਨੂੰ ਦਰਬਾਰ ਸਾਹਿਬ ਪੁੱਜੇ ਸਨ।

Sri Satguru Jagjit Singh Ji eLibrary NamdhariElibrary@gmail.com

ਦੀ ਸੰਭਾਲ ਦਾ ਆਗੂ ਮਿਥਿਆ ਜਾਏਗਾ[1]। ਕਰਨਾ ਕੁਦਰਤ ਦਾ ਕਿ ਕੁਝ ਸਮੇਂ ਲਈ ਦੋਵੇਂ ਹੀ ਚਿਟਾਂ ਡੁੱਬੀਆਂ ਰਹੀਆਂ :

*'ਏਕ ਬੇਰ ਸਭ ਡੁਬ ਗਈ ਸਿੱਖ ਡਰੇ ਵਧੇਰੇ।*
*ਜੇ ਕਰ ਚਿਠੀ ਨਾਹਿ ਏਕ ਭੀ ਉਪਰ ਐ ਹੈ।*
*ਤੋ ਗੁਰਦੁਆਰੇ ਤੁਰਕ ਛੀਨ ਹਮ ਤੇ ਸਭ ਲੈ ਹੈ।'*

ਸਾਰਿਆਂ ਅਰਦਾਸ ਕੀਤੀ। ਅਰਦਾਸ ਦੇ ਸ਼ਬਦ ਬੜੇ ਗਹੁ ਨਾਲ ਪੜ੍ਹਨ ਵਾਲੇ ਸਨ :

*"ਹੇ ਸਤਿਗੁਰ ਸਭ ਜਾਨੀ ਜਾਨ।*
*ਭੂਤ ਭਵਿਖ ਔ ਬਰਤਮਾਨ।*
*ਜੋ ਤੂੰ ਪੰਥ ਵਧਾਨਾ ਲੋੜੈਂ।*
*ਲਾ ਕਰ ਪ੍ਰਿਥਵੀ ਜੋ ਨਿਭੈ ਓੜੈਂ॥ ੧੯॥*
*ਤਾਕੀ ਚਿਠੀ ਅਬ ਤਰ ਆਵੈ।*
*ਜਿਸ ਪੰਥ ਘਟਨੋਂ ਉਸ ਬੁਡ ਜਾਵੈ।"*

ਅਕਾਲਪੁਰਖੀਏ ਤਤ ਖਾਲਸਾ ਦਾ ਵਿਸ਼ਵਾਸ ਸੀ :

*"ਪਾਤਸ਼ਾਹੀ ਕਰਨੀ ਖਾਲਸੋ*
*ਸੋ ਕਿਮ ਹੋਵਗੁ ਹਾਰ।'*

ਇਕ ਟਕ ਅੰਮ੍ਰਿਤਸਰ ਸਰੋਵਰ ਵੱਲ ਨੀਝ ਲਗਾ ਕੇ ਸਰਬਤ ਖ਼ਾਲਸਾ ਦੇਖ ਰਿਹਾ ਸੀ। ਜਿਵੇਂ ਈਦ ਦੇ ਚੰਨ ਦੀ ਉਡੀਕ ਰੋਜ਼ਿਆਂ ਬਾਅਦ ਹੁੰਦੀ ਹੈ, ਇਸ ਤਰ੍ਹਾਂ ਸਿੱਖ ਉਡੀਕ ਰਹੇ ਸਨ। ਆਖ਼ਰ ਵਾਹਿਗੁਰੂ ਕੀ ਫ਼ਤਹਿ ਉੱਪਰ ਆ ਗਈ ਤੇ ਤਰਨ ਲੱਗੀ। ਪੰਥ ਨੇ ਜੈਕਾਰੇ ਛੱਡੇ ਤੇ ਸਿੱਖਾਂ ਨੂੰ ਪੰਥ ਦੀ ਚੜ੍ਹਦੀ ਕਲਾ ਦਾ ਵਿਸ਼ਵਾਸ ਹੋ ਗਿਆ[2] :

*ਫੜ ਫੜ ਖੰਡੇ ਖੁਸ਼ੀਆਂ ਕਰਨ।*
*ਕਰ ਅਰਦਾਸ ਪੜ੍ਹ ਬਾਣੀਆਂ ਪੜ੍ਹਨ। ੧।*

ਇਤਨਾ ਉਤਸ਼ਾਹ ਫੈਲਿਆ ਕਿ ਹਰ ਇਕ ਦੀ ਜ਼ਬਾਨ 'ਤੇ ਇਹ ਸ਼ਬਦ ਸਨ :

*ਜਿਤਯੋ ਖਾਲਸਾ ਸਚੈ ਦਰਬਾਰ।*

(ਪ੍ਰਾਚੀਨ ਪੰਥ ਪ੍ਰਕਾਸ਼, ਦੰਗੇ ਦਾ ਪ੍ਰਸੰਗ)

**ਬੰਦਈਆਂ ਦੇ ਆਗੂ ਮਹੰਤ ਸਿੰਘ ਦਾ ਅੰਤ** : ਫ਼ੈਸਲਾ ਤਾਂ ਹੋ ਗਿਆ ਅਤੇ ਬਹੁਤੇ

---

1. ਜਿਸ ਕੀ ਚਿੱਠੀ ਆਪ ਹੀ ਤਰ ਕਰ ਉਪਰ ਆਇ।
ਪੰਥ ਵਹੀ ਮਾਲਕ ਬਨੈ ਸਭ ਗੁਰਦੁਆਰਨ ਕਾਇ।
2. ਇਤਨੇ ਮੇਂ ਇਕ ਨਿਕਲੀ ਚਿੱਠੀ।
ਨਿਧੀ ਸਮਾਨ ਸਰਬ ਨੈ ਡਿੱਠੀ।
ਜਾਇ ਮੁੜ ਸਬੈ ਨੇ ਸੋ ਫੜੀ।
ਸਭਾ ਮਧੈ ਜਬ ਊਚੇ ਪੜ੍ਹੀ।
ਫਤੇ ਗੁਰੂ ਕੀ ਤਰੀ ਅਨਿਆਸ।
ਡੂਬੀ ਔਰ ਸਭਨ ਕੀ ਆਸ।

ਬੰਦਈਆਂ ਨੇ ਅਕਾਲ ਪੁਰਖ ਦੀ ਆਗਿਆ ਕਹਿ ਕੇ ਤੱਤ ਖ਼ਾਲਸਾ ਨਾਲ ਰਲਣ ਦਾ ਐਲਾਨ ਵੀ ਕੀਤਾ, ਪਰ ਮਹੰਤ ਸਿੰਘ ਨੇ ਲਾਹੌਰਾ ਸਿੰਘ ਰਾਹੀਂ ਇਹ ਫ਼ੈਸਲਾ ਖ਼ਾਲਸਾ ਜੀ ਨੂੰ ਸੁਣਾਇਆ ਕਿ ਉਹ ਕਿਸੀ ਸ਼ਕਲ ਵਿਚ ਵੀ ਇਹ ਫ਼ੈਸਲਾ ਨਹੀਂ ਮੰਨਦਾ। ਤਾਕਤ-ਅਜ਼ਮਾਈ ਦੀ ਗੱਲ ਵੀ ਮਹੰਤ ਸਿੰਘ ਨੇ ਕੀਤੀ। ਇਹ ਵਿਚਾਰ ਬਣੀ ਕਿ ਬਾਬਾ ਕਾਹਨ ਸਿੰਘ ਦਾ 'ਪੁੱਤਰ' ਮੀਰੀ ਸਿੰਘ ਤੇ ਲਾਹੌਰਾ ਸਿੰਘ ਦਾ ਪੁੱਤਰ ਸੰਗਤ ਸਿੰਘ ਅਕਾਲ ਤਖ਼ਤ ਸਾਹਮਣੇ ਕੁਸ਼ਤੀ ਘੁਲਣ, ਜੋ ਜਿੱਤ ਜਾਏ ਉਹ ਹੀ ਪ੍ਰਬੰਧਕ ਤੇ ਵਾਰਸ। ਕੁਸ਼ਤੀ ਘੁਲੀ ਗਈ। ਇਕੋ ਹੀ ਹੱਥ ਵਿਚ ਮੀਰੀ ਸਿੰਘ ਨੇ ਸੰਗਤ ਸਿੰਘ ਨੂੰ ਹਰਾ ਦਿੱਤਾ।[1] ਲਾਹੌਰਾ ਸਿੰਘ ਨੇ ਤਾਂ ਹੱਥ ਜੋੜ ਕੇ ਖ਼ਿਮਾ ਮੰਗੀ ਤੇ ਖ਼ਾਲਸੇ ਨਾਲ ਹੋ ਲੜ ਮਰਨ ਦਾ ਪ੍ਰਣ ਕੀਤਾ। ਤਨਖ਼ਾਹ ਲਗਵਾ ਕੇ ਖ਼ਾਲਸੇ ਵਿਚ ਰਲਿਆ। ਨੀਲਾ ਪਹਿਰਿਆ। ਸਾਡੇ ਇਤਿਹਾਸ ਨੇ ਭਾਈ ਨਾਨੂ ਸਿੰਘ ਢੇਸੀਏ ਵਾਲੇ, ਭਾਈ ਸਯਾਮ ਸਿੰਘ ਕਲਾਲ, ਭਾਈ ਬਖਸ਼ੀਸ਼ ਸਿੰਘ ਪਿੰਡ ਚਮਾਰੀ ਵਾਲੇ ਅਤੇ ਭਾਈ ਭਗਤੂ ਦੇ ਦੋਵੇਂ ਪੋਤਰਿਆਂ ਦਾ ਨਾਮ ਉਚੇਚਾ ਲਿਖਿਆ ਹੈ, ਪਰ ਮਹੰਤ ਸਿੰਘ ਫਿਰ ਵੀ ਡਟਿਆ ਰਿਹਾ। ਹੁਣ ਖ਼ਾਲਸਾ ਜੀ ਕੋਲੋਂ ਨਾ ਰਿਹਾ ਗਿਆ। ਉਨ੍ਹਾਂ ਬੰਦਈਆਂ ਨੂੰ ਮਾਰ-ਮਾਰ ਦਰਬਾਰ ਸਾਹਿਬ ਤੋਂ ਬਾਹਰ ਧਕੇਲ ਦਿੱਤਾ। ਇਸੇ ਲੜਾਈ ਝਗੜੇ ਵਿਚ ਮਹੰਤ ਸਿੰਘ ਮਾਰਿਆ ਗਿਆ। ਸਿੰਘਾਂ ਗੱਜ ਕੇ ਰਲ ਕੇ ਪੜ੍ਹਿਆ :

*'ਰਾਜ ਕਰੇਗਾ ਖਾਲਸਾ, ਆਕੀ ਰਹੇ ਨ ਕੋ।*
*ਖੁਆਰ ਹੋਏ ਸਭ ਮਿਲਣਗੇ, ਬਚੇ ਸ਼ਰਨ ਜੋ ਹੋ।'*

ਉਹ ਹੀ ਬਚੇਗਾ ਜੋ ਖਾਲਸਾ ਤੇ ਗੁਰੂ ਪੰਥ ਦੀ ਸ਼ਰਨ ਲੇਵੇਗਾ।

**ਸਿੱਖਾਂ ਦਾ ਜਥੇਬੰਦੀ ਮਜ਼ਬੂਤ ਕਰਨਾ** : ਭਾਈ ਮਨੀ ਸਿੰਘ ਜੀ ਦੀ ਸੁਚੱਜੀ ਅਗਵਾਈ ਨੇ ਬਿਖੜੇ ਸਮੇਂ ਸਿੱਖਾਂ ਵਿਚ ਏਕਤਾ ਕਰਾ ਦਿੱਤੀ। ਅਬਦੁੱਸ ਸਮਦ ਖ਼ਾਨ ਵੀ ਪੂਰੀ ਵਾਹ ਲਗਾ ਰਿਹਾ ਸੀ। ਉਹ ਆਪਣੀ ਜਾਗੀਰ ਮੁਲਤਾਨ ਮਜ਼ਬੂਤ ਕਰਨ ਲੱਗਾ ਹੋਇਆ ਸੀ। ਸਿੱਖਾਂ ਨੂੰ ਜਥੇਬੰਦੀ ਮਜ਼ਬੂਤ ਕਰਨ ਦੇ ਮੌਕੇ ਮਿਲ ਰਹੇ ਸਨ। ਸਿੱਖਾਂ ਦਾ ਇਹ ਇਕੱਠ ਚੌਧਰੀਆਂ, ਫ਼ੌਜਦਾਰਾਂ ਨੂੰ ਇਕ ਅੱਖ ਨਹੀਂ ਸੀ ਭਾਂਦਾ। ਦੀਵਾਲੀ ਤੇ ਵਿਸਾਖੀ ਦੇ ਇਕੱਠ ਵਿਚ ਉਹ ਆਪਣੀ ਮੌਤ ਛੁਪੀ ਹੋਏ ਦੇਖਦੇ ਸਨ। ਭਾਈ ਮਨੀ ਸਿੰਘ ਜੀ ਅੰਮ੍ਰਿਤ ਪਰਚਾਰ ਕਰ ਕੇ ਸਿੱਖਾਂ ਦੀ ਗਿਣਤੀ ਵਧਾ ਰਹੇ ਸਨ। ਉਮਦਾਤ-ਉਤ-ਤਾਰੀਖ਼ ਵਾਲਾ ਲਿਖਦਾ ਹੈ ਕਿ ਇਹ ਭਾਈ ਮਨੀ ਸਿੰਘ ਜੀ ਦਾ ਪਰਚਾਰ ਸੀ ਜਿਸ ਨੇ ਕੌਮ ਨੂੰ ਕਮਜ਼ੋਰ ਨਾ ਹੋਣ ਦਿੱਤਾ :

*'ਹੋਆ ਰਾਜ ਧਰਮ ਕਾ ਸਾਰੇ।*
*ਚੁਨ ਚੁਨ ਕੇ ਦੋਖੀ ਸਭ ਮਾਰੇ।'*

**ਦੋਖੀਆਂ ਨੂੰ ਸਜ਼ਾਵਾਂ** : ਸਿੱਖਾਂ ਦੀ ਤਾਕਤ ਤੇ ਮਜ਼ਬੂਤੀ ਤੋਂ ਦੋਖੀ ਬਹੁਤ ਘਬਰਾ ਰਹੇ ਸਨ। ਉਹ ਹਕੂਮਤ ਦੇ ਕਰਮਚਾਰੀਆਂ ਨੂੰ ਮੁੜ-ਮੁੜ ਦਰਬਾਰ ਸਾਹਿਬ ਤੇ ਹਮਲਾ ਕਰਨ ਤੇ ਵਿਸਾਖੀ ਅਤੇ ਦੀਵਾਲੀ ਦੇ ਇਕੱਠ ਨੂੰ ਰੋਕਣ ਲਈ ਕਹਿੰਦੇ ਸਨ, ਪਰ ਲਾਹੌਰ ਦੀ ਹਕੂਮਤ ਢਿੱਲੀ ਹੋ ਗਈ ਸੀ। ਉਹ ਜ਼ੋਰ ਨਾਲ ਦਬਾ ਨਹੀਂ ਸੀ ਸਕਦੀ। ਸਿੰਘ ਵੀ ਮੌਕੇ

---

1. ਮੀਰੀ ਸਿੰਘ ਜਬ ਹੱਥ ਛੁਹਾਯਾ।
   ਤੁਰਤ ਸੰਗਤ ਸਿੰਘ ਹੇਠਹਿ ਆਯਾ।

Sri Satguru Jagjit Singh Ji eLibrary NamdhariElibrary@gmail.com

ਦੀ ਭਾਲ ਵਿਚ ਸਨ, ਤਾਂ ਕਿ ਦੋਖੀਆਂ ਨੂੰ, ਜਿਨ੍ਹਾਂ ਨੇ ਅੱਗੇ ਹੋ ਕੇ ਮੁਗ਼ਲਾਂ ਦਾ ਸਾਥ ਦਿੱਤਾ ਹੈ, ਸਜ਼ਾ ਦਿੱਤੀ ਜਾ ਸਕੇ। ੧੭੨੯ ਈ: ਦੀ ਵਿਸਾਖੀ ਨੂੰ ਐਸਾ ਮੌਕਾ ਹੱਥ ਆ ਗਿਆ। ਅੰਮ੍ਰਿਤਸਰ ਦੇ ਓਹਰੀ ਪਿੰਡ ਦੇ ਚੂਹੜ ਮੱਲ ਦੇ ਦੋ ਪੁੱਤਰ ਸਨ। ਇਕ ਅੰਮ੍ਰਿਤ ਛਕ ਕੇ, ਸਿੰਘ ਬਣ ਕੇ, ਮੁਹਕਮ ਸਿੰਘ ਕਹਿਲਾਇਆ ਤੇ ਦੂਜੇ ਦਾ ਨਾਮ ਰਾਮ ਜੀ ਮੱਲ ਸੀ ਜੋ ਹਿੰਦੂ ਹੀ ਰਿਹਾ।[1] ਰਾਮ ਜੀ ਮੱਲ ਦਾ ਟੁੰਡਾਸਰ ਦੇ ਲਾਗੇ ਫਲਾਂ ਦਾ ਬਾਗ਼ ਸੀ। ਸਿੱਖ ਸੰਗਤਾਂ ਵਿਸਾਖੀ ਦੇ ਮੌਕੇ ਦਰਸ਼ਨਾਂ ਨੂੰ ਅੰਮ੍ਰਿਤਸਰ ਆ ਰਹੀਆਂ ਸਨ। ਇਕ ਜਥੇ ਨੇ ਰਾਮਜੀ ਮੱਲ ਨੂੰ ਕੁਝ ਫਲ ਮੁੱਲ ਵੱਟੇ ਦੇਣ ਲਈ ਕਿਹਾ। ਰਾਮਜੀ ਮੱਲ ਨੇ ਕਿਹਾ ਕਿ ਉਹ ਆਪਣੇ ਫਲ ਕਿਸੇ ਵੀ ਸ਼ਕਲ ਵਿਚ ਦੇਣ ਨੂੰ ਤਿਆਰ ਨਹੀਂ ਹੈ। ਸਿੰਘਾਂ ਦੂਣਾ, ਚੌਣਾ ਮੁੱਲ ਦੇਣ ਲਈ ਵੀ ਆਖਿਆ, ਪਰ ਜਦ ਰਾਮਜੀ ਮਲ ਨੇ ਇਹ ਆਖ ਸੁਣਾਇਆ ਕਿ ਉਹ ਫਲ ਪਲੀਤ ਨਹੀਂ ਕਰਨਾ ਚਾਹੁੰਦਾ ਤਾਂ ਸਿੰਘਾਂ ਫਲ ਖੋਹ ਕੇ ਖਾਧੇ। ਰਾਮਜੀ ਮੱਲ ਸਿੱਧਾ ਦੌੜਦਾ ਲਾਹੌਰ ਦੀ ਹਕੂਮਤ ਕੋਲ ਗਿਆ ਤੇ ਸ਼ਿਕਾਇਤ ਕੀਤੀ ਅਤੇ ਵਧਾ ਚੜ੍ਹਾ ਕੇ ਦੱਸਿਆ। ਫ਼ੌਜਾਂ ਦਾ ਇਕ ਦਸਤਾ ਲਾਹੌਰੋਂ ਅਬਦੁੱਸ ਸਮਦ ਖ਼ਾਨ ਨੇ ਭੇਜ ਕੇ ਅੰਮ੍ਰਿਤਸਰ ਨੂੰ ਘੇਰੇ ਵਿਚ ਕਰ ਲਿਆ। ਅਸਲਮ ਖ਼ਾਨ ਆਪ ਵਿਸਾਖੀ ਦੇ ਮੌਕੇ ਫ਼ੌਜਾਂ ਲੈ ਕੇ ਆ ਪੁੱਜਾ। ਪੱਟੀ ਦੇ ਚੌਧਰੀ 'ਦੇਵਾ' ਅਤੇ ਉਸ ਦੇ ਦੀਵਾਨ 'ਹਰਿ ਸਹਾਇ' ਵੀ ਮਦਦ ਲਈ ਪੁੱਜੇ। ਇਹ ਦੋਵੇਂ ਦੋਖੀ ਸਿੱਖਾਂ ਤੇ ਹੱਲੇ ਵੇਲੇ ਅੱਗੇ-ਅੱਗੇ ਰਹਿੰਦੇ ਸਨ। ਅੰਮ੍ਰਿਤਸਰ ਘੇਰੇ ਵਿਚ ਹੀ ਸੀ। 'ਪੰਜ ਦਿਨ ਨਾ ਅੰਨ ਨਾ ਪਾਣੀ, ਖਾਵੰਦ ਬਿਰਦ ਵਾਲੇ ਬਿਰਦ ਦੀ ਲਾਜ ਪਛਾਣੀ' ਕਿ ਬਿਜਲੀ ਕੜਕੀ ਤੇ ਹਰਿ ਸਹਾਇ ਤੇ ਡਿੱਗੀ। ਉਹ ਥਾਂ ਹੀ ਮਰ ਗਿਆ। ਬੰਸਾਵਲੀਨਾਮੇ ਨੇ ਇੰਜ ਲਿਖਿਆ ਹੈ ਜਿਵੇਂ ਸਭ ਕੁਝ ਸਾਹਮਣੇ ਵਾਪਰਿਆ ਹੋਵੇ। ਕਰਤਾ ਲਿਖਦਾ ਹੈ :

*'ਸ੍ਰੀ ਅੰਮ੍ਰਿਤਸਰ ਜੀ ਵਿਚੋਂ ਨਿਕਲੀ ਦਾਮਨ ਚੜ੍ਹੀ ਅਕਾਸ।*
*ਸਭ ਕਿਸੇ ਡਿੱਠਾ ਸਮ ਚੰਦਰਮੇ ਪ੍ਰਕਾਸ।*
*ਕੜਕ ਕੇ ਪਈ ਲਸ਼ਕਰ ਮੰਝਾਰ।*
*ਸਿਰ ਭੰਨ ਹਰਿ ਸਹਾਇ ਦਾ ਗਈ ਸਾੜ ਬਾਰਿ।'*

ਸਿੱਖਾਂ ਮੌਕੇ ਦਾ ਲਾਭ ਉਠਾਉਂਦੇ 'ਦੇਵਾ' ਤੇ ਅਸਲਮ ਨੂੰ ਨਠਾ ਦਿੱਤਾ। ਉਸ ਦਿਨ ਦੀ ਜਿੱਤ ਦੀ ਯਾਦਗਾਰ ਅੱਜ ਤਕ ਪੰਜਾਬ ਵਿਚ ਬੋਲੇ ਜਾਣ ਵਾਲਾ ਅਖਾਣ ਹੈ, ਜਿਸ ਰਾਹੀਂ ਉਨ੍ਹਾਂ ਸਭ ਦੀ ਬੇਬਸੀ ਤੇ ਹਾਰ ਦਾ ਜ਼ਿਕਰ ਕੀਤਾ ਗਿਆ ਹੈ[2]। ਅਖਾਣ ਹੈ :

*'ਹਰਸਾ ਮਾਰਿਆ, ਦੇਵਾ ਨੱਠਾ,*
*ਅਸਲਮ ਗਈ ਲਾਹੌਰ।'*

ਜਾਣ-ਬੁੱਝ ਕੇ ਅਸਲਮ ਨਾਲ 'ਗਈ' ਲਿਖਿਆ ਗਿਆ ਤਾਂ ਕਿ ਉਸ ਦੀ ਬੁਜ਼ਦਿਲੀ ਪਰਗਟ ਕੀਤੀ ਜਾ ਸਕੇ। ਇਕ ਹੋਰ ਅਖਾਣ ਵੀ ਉਸ ਵੇਲੇ ਦਾ ਪ੍ਰਚਲਤ ਹੈ :

---

1. ਮੁਹਕਮ ਸਿੰਘ ਪਾਹੁਲੀਆ, ਰਾਮੂ ਮਲ ਸੀ ਉਤ। (ਸ਼ਹੀਦ ਬਿਲਾਸ)
2. ਜਦ ਸਪੇਨਸ਼ ਆਰਮੇਡਾ ਉਲਟ ਹਵਾ ਚਲਣ ਨਾਲ ਪਿੱਛੇ ਧਕੇਲਿਆ ਗਿਆ ਸੀ ਤਾਂ ਮਲਕਾ ਅਲਿਜ਼ਬਿਥ ਨੇ ਆਪਣੇ ਸਿੱਕਿਆਂ ਉੱਤੇ ਇਸ ਭਾਵ ਦੇ ਅੱਖਰ ਉਕਰਵਾਏ ਸਨ :
   God blew and Spanish Armada Vanished. ਵਾਹਿਗੁਰੂ ਫੂਕ ਮਾਰੀ ਤੇ ਸਪੇਨਸ਼ ਆਰਮੇਡਾ ਉੱਡ-ਪੁੱਡ ਗਿਆ।

Sri Satguru Jagjit Singh Ji eLibrary NamdhariElibrary@gmail.com

*'ਨੀ ਕੀ ਕਰੀਏ ਜੋਧਾਂ[1] ਮਾਏ।*
*ਤੇਰੇ ਸਿੰਘ ਜਵਾਈ ਆਏ।'*

ਸਭ ਇਹ ਵੀ ਕਹਿੰਦੇ :
'ਬਿਰਦ ਪੈਜ ਵਾਹਿਗੁਰੂ ਆਪ ਹੀ ਰਖੇ।'

**ਲਾਹੌਰ ਦੀ ਹਕੂਮਤ ਦੀ ਸਖ਼ਤੀ :** ਇਨ੍ਹਾਂ ਘਟਨਾਵਾਂ ਨੇ ਹਕੂਮਤ ਦੇ ਕੰਨ ਖੜ੍ਹੇ ਕਰ ਦਿੱਤੇ। ਅਬਦੁੱਸ ਸਮਦ ਖ਼ਾਨ ਤਾਂ ਸਿੱਖਾਂ ਨੂੰ ਮੁਕਾਈ ਬੈਠਾ ਸੀ, ਪਰ ਇਹ ਘਟਨਾਵਾਂ ਤਾਂ ਉਨ੍ਹਾਂ ਦੇ ਮਜ਼ਬੂਤ ਹੋਣ ਦੀਆਂ ਖ਼ਬਰਾਂ ਦੇ ਰਹੀਆਂ ਸਨ। ਉਸ ਨੇ ਫਿਰ ਨਾਕਾਬੰਦੀਆਂ ਸ਼ੁਰੂ ਕਰ ਦਿੱਤੀਆਂ। ਚੌਕੀਆਂ ਬਿਠਾ ਦਿੱਤੀਆਂ। ਦਸਤਿਆਂ ਦੇ ਪਹਿਰੇ ਲਗਾ ਦਿੱਤੇ, ਪਰ ਇਹ ਸਭ ਕੁਝ ਵਿਅਰਥ ਸੀ। ਹਕੂਮਤ ਇਤਨੀ ਕਮਜ਼ੋਰ ਹੋ ਚੁੱਕੀ ਸੀ ਕਿ ਸਿੱਖਾਂ ਦਾ ਪਕੜਨਾ ਹੋਰ ਕਠਨ ਹੋ ਗਿਆ। ਅਬਦੁੱਸ ਸਮਦ ਖ਼ਾਨ ਯੋਗ ਨਹੀਂ ਸੀ ਸਮਝਿਆ ਜਾ ਰਿਹਾ। ਸਿੱਖ ਮੈਦਾਨਾਂ ਵਿਚ ਫਿਰਦੇ ਤੇ ਜਥੇਬੰਦੀ ਨੂੰ ਮਜ਼ਬੂਤ ਕਰ ਰਹੇ ਸਨ। ਦੋਖੀਆਂ ਤੇ ਸਾਜ਼ਿਸ਼ੀਆਂ ਨੂੰ ਸਜ਼ਾਵਾਂ ਦਿੱਤੀਆਂ ਜਾ ਰਹੀਆਂ ਸਨ। ਦਿੱਲੀ ਦੇ ਵੱਡੇ ਵਜ਼ੀਰ ਅਮੀਰ ਖ਼ਾਨ ਨੇ ਪੰਜਾਬ ਦੀ ਵਾਗਡੋਰ ਆਪਣੇ ਜੁਆਈ ਤੇ ਅਬਦੁਸ ਸਮਦ ਖ਼ਾਨ ਦੇ ਪੁੱਤਰ ਜ਼ਕਰੀਆ ਖ਼ਾਨ ਨੂੰ ਦੇਣ ਦਾ ਨਿਰਣਾ ਕਰ ਲਿਆ। ਰਾਜ ਮਜ਼ਬੂਤ ਹੱਥਾਂ ਵਿਚ ਦੇਣ ਦਾ ਫ਼ੈਸਲਾ ਹੋ ਗਿਆ।

**ਜ਼ਕਰੀਆ ਖ਼ਾਨ ਨੂੰ ਪੰਜਾਬ ਦਾ ਗਵਰਨਰ ਥਾਪਣਾ :** ਜ਼ਕਰੀਆ ਖ਼ਾਨ ਅਬਦੁਸ ਸਮਦ ਖ਼ਾਨ ਦਾ ਪੁੱਤਰ ਅਤੇ ਅਮੀਨ-ਉਦ-ਦਉਲਾ ਦਾ ਜਵਾਈ ਸੀ। ਦਿੱਲੀ ਵਿਚ ਉਸ ਦੀ ਚੰਗੀ ਚਲਦੀ ਸੀ। ਉਸ ਨੂੰ ਸੈਫ਼-ਉਦ-ਦਉਲਾ, ਬਹਾਦਰ ਜੰਗ ਦਾ ਖ਼ਿਤਾਬ ਦੇ ਕੇ ਪੰਜਾਬ ਭੇਜਿਆ। ਪਹਿਲਾਂ ਫ਼ਰਖ਼ਸੀਅਰ ਨੇ ਜਦ ਅਬਦੁਸ ਸਮਦ ਖ਼ਾਨ ਨੂੰ ਪੰਜਾਬ ਦਾ ਗਵਰਨਰ ਬਣਾ ਕੇ ਭੇਜਿਆ ਤਾਂ ਗਸ਼ਤੀ ਦਸਤਿਆਂ ਦਾ ਫ਼ੌਜਦਾਰ ਜ਼ਕਰੀਆ ਖ਼ਾਨ ਨੂੰ ਹੀ ਥਾਪਿਆ ਗਿਆ ਸੀ। ਜ਼ਕਰੀਆ ਖ਼ਾਨ ਕਈ ਵੱਡੀਆਂ ਮੁਹਿੰਮਾਂ ਦੀ ਅਗਵਾਈ ਕਰ ਚੁੱਕਾ ਸੀ। ਬਾਬਾ ਬੰਦਾ ਸਿੰਘ ਜੀ ਅਤੇ ਉਸ ਦੇ ਸਾਥੀਆਂ ਨੂੰ ਜਦ ਦਿੱਲੀ ਫ਼ਰਖ਼ਸੀਅਰ ਦੇ ਦਰਬਾਰ ਵਿਚ ਪੇਸ਼ ਕਰਨ ਲਈ ਜਲੂਸ ਕੱਢ ਕੇ ਲੈ ਜਾਇਆ ਗਿਆ ਤਾਂ ਉਸ ਦਾ ਇੰਚਾਰਜ ਜ਼ਕਰੀਆ ਖ਼ਾਨ ਨੂੰ ਹੀ ਥਾਪਿਆ ਗਿਆ ਸੀ। ਅਬਦੁਸ ਸਮਦ ਖ਼ਾਨ ਨੂੰ ਜਦ ਦਿੱਲੀ ਨੇ ਹੰਭਿਆ ਡਿੱਠਾ ਤਾਂ ਹਕੂਮਤ ਮਜ਼ਬੂਤ ਹੱਥਾਂ ਵਿਚ ਦੇਣ ਦਾ ਫ਼ੈਸਲਾ ਕੀਤਾ। ਮਜ਼ਬੂਤ ਗਵਰਨਰ ਨੌਜਵਾਨ ਜ਼ਕਰੀਆ ਖ਼ਾਨ ਨੂੰ ਹੀ ਗਿਣਿਆ ਗਿਆ। ੧੭੨੬ ਈ: ਨੂੰ ਜ਼ਕਰੀਆ ਖ਼ਾਨ ਨੂੰ ਲਾਹੌਰ ਦਾ ਗਵਰਨਰ ਥਾਪਿਆ ਗਿਆ ਅਤੇ ਅਬਦੁਸ ਸਮਦ ਖ਼ਾਨ ਨੂੰ ਮੁਲਤਾਨ ਦਾ ਸੂਬੇਦਾਰ ਬਣਾ ਦਿੱਤਾ ਗਿਆ। ਜ਼ਕਰੀਆ ਖ਼ਾਨ ਲਿਆਕਤ ਤੇ ਸਿਆਣਪ ਵਿਚ ਵੀ ਨਾਂ ਰੱਖਦਾ ਸੀ। ਉਸ ਦਾ ਪਾਲਣ ਪੋਸਣ ਅਬਦੁਸ ਸਮਦ ਖ਼ਾਨ ਨੇ ਬੜੇ ਧਿਆਨ ਨਾਲ ਕੀਤਾ ਸੀ। ਉਸ ਨੂੰ ਨਾ ਸਿਰਫ਼ ਧਾਰਮਕ ਤਾਲੀਮ ਦਿੱਤੀ ਗਈ, ਸਗੋਂ ਜੰਗੀ ਦਾਅ-ਪੇਚ ਖ਼ਾਸ ਤੌਰ ਤੇ ਸਿਖਾਏ ਗਏ। ਅਮੀਨ ਖ਼ਾਨ, ਉਸ ਦਾ ਸਹੁਰਾ ਸੀ ਪਰ ਰਿਸ਼ਤੇ ਵਿਚ ਮਤਰੇਆ ਚਾਚਾ ਵੀ ਲੱਗਦਾ ਸੀ। ਅਮੀਨ ਦੀ ਬੇਗਮ ਜ਼ਕਰੀਆ ਖ਼ਾਨ ਦੀ ਸਕੀ ਮਾਸੀ ਵੀ ਸੀ। ਦਿੱਲੀ

---

1. ਜੋਧਾਂ ਪੱਟੀ ਦੇ ਚੌਧਰੀ ਦੇਵਾ ਦੀ ਮਾਂ ਦਾ ਨਾਂ ਸੀ। ਇਹ ਵੀ ਲੋਕ ਪੜ੍ਹ ਰਹੇ ਸਨ :
ਦੇਵਾ ਨਠਾ ਲੁਟਾਇ ਪੁਟਾਇ।
ਮਾਊ ਜੋਧਾਂ, ਖੋਹਿਆ ਬੋਧਾ।

Sri Satguru Jagjit Singh Ji eLibrary NamdhariElibrary@gmail.com

ਵਲੋਂ ਇਸ ਤਰ੍ਹਾਂ ਉਸ ਨੂੰ ਪੂਰੇ ਅਧਿਕਾਰ ਸਨ ਅਤੇ ਉਹ ਬਿਲਕੁਲ ਨਿਸਚਿੰਤ ਸੀ। ਕਿਹਾ ਜਾਂਦਾ ਹੈ ਕਿ ਜੇ ਜ਼ਕਰੀਆ ਦੀ ਮਰਜ਼ੀ ਹੁੰਦੀ ਤਾਂ ਉਹ ਵੀ ਦੱਖਣ, ਬੰਗਾਲ ਦੇ ਨਵਾਬਾਂ ਵਾਂਗ ਵੱਖ ਰਾਜ ਬਣਾ ਸਕਦਾ ਸੀ, ਪਰ ਉਸ ਦਿੱਲੀ ਹਕੂਮਤ ਵਲੋਂ ਕੰਮ ਕਰਨ ਦਾ ਹੀ ਫ਼ੈਸਲਾ ਕਾਇਮ ਰੱਖਿਆ। ੨੦ ਸਾਲ ਦੀ ਗਵਰਨਰੀ ਦੌਰਾਨ ਉਸ ਨੂੰ ਮੌਕੇ ਵੀ ਆਏ, ਪਰ ਉਸ ਲਾਹੌਰ ਦਾ ਸੂਬੇਦਾਰ ਰਹਿਣਾ ਹੀ ਯੋਗ ਸਮਝਿਆ। ੧੭੨੬ ਤੋਂ ਲੈ ਕੇ ੧੭੪੫ ਤਕ ਜ਼ਕਰੀਆ ਖ਼ਾਨ ਨੇ ਸਾਰਾ ਧਿਆਨ ਸਿੱਖਾਂ ਨੂੰ ਦਬਾਉਣ ਮੁਕਾਉਣ ਵੱਲ ਹੀ ਦਿੱਤਾ। ਭਾਵੇਂ ਨਾਦਰ ਦੇ ਹਮਲੇ ਜਾਂ ਦਿੱਲੀ ਦੇ ਝਗੜੇ ਵੇਲੇ ਉਸ ਦਾ ਧਿਆਨ ਕੁਝ ਚਿਰ ਲਈ ਲਾਂਭੇ ਚਲਾ ਗਿਆ, ਪਰ ਮੁੱਖ ਨਿਸ਼ਾਨਾ ਸਿੱਖ ਹੀ ਰਹੇ। ਕੋਈ ਹੀਲਾ, ਕੋਈ ਸਖ਼ਤੀ, ਕੋਈ ਤਰੀਕਾ ਐਸਾ ਨਹੀਂ ਸੀ ਜੋ ਜ਼ਕਰੀਆ ਨੇ ਸਿੱਖਾਂ ਨੂੰ ਖ਼ਤਮ ਕਰਨ ਲਈ ਜਾਂ ਆਪਣੇ ਵੱਲ ਕਰਨ ਦਾ ਨਾ ਵਰਤਿਆ ਹੋਵੇ। ਦੂਜੇ ਪਾਸੇ ਨਰਮੀ ਅਤੇ ਲਾਲਚ ਦੇ ਕੇ ਜੱਥਿਆਂ ਵਿਚ ਪਾਟਕ ਪਾਉਣ ਲਈ ਵੀ ਜ਼ਕਰੀਆ ਖ਼ਾਨ ਨੇ 'ਦੋ ਅਮਲੀ' ਦੀ ਪਾਲਿਸੀ ਵਰਤੀ। ਜ਼ਕਰੀਆ ਖ਼ਾਨ ਨੇ ਪਿਛਲੇ ਦਸ ਸਾਲਾਂ ਦੇ ਅਰਸੇ ਵਿਚ ਇਤਨਾ ਸਮਝ ਲਿਆ ਸੀ ਕਿ ਇਕੋ ਹਥਿਆਰ ਨਾਲ ਸਿੱਖਾਂ ਨੂੰ ਮੁਕਾਉਣਾ ਮੁਸ਼ਕਲ ਹੈ। ਸੋ ਇਕ ਪਾਸੇ ਸਖ਼ਤੀ ਤੇ ਦੂਜੇ ਪਾਸੇ ਨਰਮੀ ਵਰਤੀ। ਸਿੱਖਾਂ ਨੂੰ ਕਤਲ ਕੀਤਾ ਜਾਂਦਾ ਤੇ ਸਿੱਖ ਟੱਬਰਾਂ ਨੂੰ ਮੁਆਵਜ਼ੇ ਵੀ ਦਿੱਤੇ ਜਾਂਦੇ। ਪਿੰਡਾਂ ਵਿਚ ਸਿੱਖਾਂ ਨੂੰ ਵਸਣ ਦੀ ਖੁਲ੍ਹ ਦਿੱਤੀ ਜਾਂਦੀ ਤੇ ਜੰਗਲਾਂ ਵਿਚ ਢੂੰਡ ਭਾਲ ਕਰ ਕੇ ਸਿੱਖ ਨੂੰ ਦੇਖਦੇ ਸਾਰ ਗੋਲੀ ਨਾਲ ਉਡਾ ਦਿੱਤਾ ਜਾਂਦਾ। ਵੱਡੇ ਅਹੁਦਿਆਂ ਤੇ ਕਈ ਮਹਿਕਮਿਆਂ ਵਿਚ ਮੁਖੀ ਸਿੱਖਾਂ ਨੂੰ ਲਗਾਇਆ ਵੀ ਜਾਂਦਾ ਤੇ ਫਿਰ ਕੋਈ ਬਹਾਨਾ ਬਣਾ ਕੇ ਕਤਲ ਵੀ ਕਰ ਦਿੱਤਾ ਜਾਂਦਾ। ਲਾਹੌਰ ਵਿਚ ਉਹ 'ਪਰਜਾ ਪਰਵਰ' ਕਰ ਕੇ ਜਾਣਿਆ ਗਿਆ। ਨਿਆਂ-ਪ੍ਰਬੰਧ ਇਤਨਾ ਚੰਗਾ ਬਣਾ ਦਿੱਤਾ ਕਿ ਸਾਰੇ ਇਸ ਨੂੰ ਨੌਸ਼ੇਰਵਾਂ ਆਦਲ ਦਾ ਸਾਨੀ ਕਹਿਣ ਲੱਗ ਪਏ। ਉਸ ਨੇ ਲਾਹੌਰ ਨੂੰ ਚਾਰੇ ਪਾਸਿਉਂ ਸੁਰੱਖਿਅਤ ਕਰਨ ਲਈ ਹੀਲੇ ਕੀਤੇ। ਇਸ ਦੋ-ਅਮਲੀ ਦੇ ਲਾਭ ਸਦਕਾ ਸੀ ਕਿ ਸਿੱਖ ਅੰਮ੍ਰਿਤਸਰ ਇਕੱਠੇ ਹੋਣ ਲੱਗੇ, ਪਰ ਨਨਕਾਣਾ ਸਾਹਿਬ ਸਿੱਖਾਂ ਨੂੰ ਜਾਣ ਦੀ ਮਨਾਹੀ ਸੀ। ਭਾਈ ਮਨੀ ਸਿੰਘ ਜੀ ਨੇ ਸਿੱਖੀ ਦੇ ਵਾਧੇ ਲਈ ਉਚੇਚੇ ਕਦਮ ਉਠਾਏ। ਨਵੇਂ ਸਿੱਖ ਬਣਨੇ ਸ਼ੁਰੂ ਹੋਏ। ਜ਼ਕਰੀਆ ਖ਼ਾਨ ਦਾ ਮੰਤਵ ਇਹ ਲੱਗਦਾ ਸੀ ਕਿ ਜੇ ਕੋਈ ਸਿੱਖ ਦੇਸ਼ ਵਿਚ ਵੱਸਣਾ ਚਾਹੇ ਤਾਂ ਗ਼ੁਲਾਮ ਦੀ ਹੈਸੀਅਤ ਵਿਚ ਰਹੇ ਅਤੇ ਜੋ ਈਨ ਨਾ ਮੰਨਣ ਉਨ੍ਹਾਂ ਨੂੰ ਮੌਤ ਦੇ ਘਾਟ ਉਤਾਰਿਆ ਜਾਵੇ।

**ਲੱਖੀ ਜੰਗਲ ਵਿਚ ਵੱਸਦੇ ਸਿੱਖਾਂ ਦੀ ਰਹਿਣੀ ਬਹਿਣੀ** : ਜ਼ਕਰੀਆ ਖ਼ਾਨ ਦੀ ਨਵੀਂ ਪਾਲਿਸੀ ਕਰ ਕੇ ਕਈ ਸਿੱਖਾਂ ਦੇ ਟੱਬਰ ਪਿੰਡਾਂ ਵਿਚ ਆ ਕੇ ਆਬਾਦ ਹੋ ਗਏ। ਪੁਰਾਣੇ ਘੁਲਾਟੀਏ ਇਸ ਨੂੰ ਇਕ ਚਾਲ ਸਮਝਦੇ ਸਨ। ਲੱਖੀ ਜੰਗਲ ਅਤੇ ਹੋਰ ਦੂਰ ਟਿਕੇ ਸਿੱਖਾਂ ਨੇ ਆਪਣੇ ਟਿਕਾਣੇ ਛੱਡਣੇ ਉਚਿਤ ਨਾ ਜਾਣੇ। ਉਨ੍ਹਾਂ ਦਾ ਖ਼ਿਆਲ ਸੀ ਕਿ ਇਸ ਪਾਲਿਸੀ ਨਾਲ ਹਥਿਆਰ ਨਹੀਂ ਛੱਡ ਬੈਠਣੇ ਚਾਹੀਦੇ, ਸਗੋਂ ਹੋਰ ਮਜ਼ਬੂਤ ਹੋਣਾ ਚਾਹੀਦਾ ਹੈ, ਸੋ ਬਹੁਤੇ ਸਿੱਖ ਟਿਕਾਣਿਆਂ ਤੋਂ ਜੇ ਬਾਹਰ ਆਉਂਦੇ ਵੀ ਤਾਂ ਟਿਕਾਣੇ ਨਾ ਛੱਡਦੇ।

ਜੰਗਲਾਂ ਵਿਚ ਸਿੱਖਾਂ ਦਾ ਆਪਸੀ ਪਿਆਰ ਭਰਾਵਾਂ ਨਾਲੋਂ ਕਿਤੇ ਵੱਧ ਸੀ। ਉਨ੍ਹਾਂ ਦੀ ਰਹਿਣੀ ਬਾਰੇ ਪ੍ਰਾਚੀਨ ਪੰਥ ਪ੍ਰਕਾਸ਼ ਨੇ ਲਿਖਿਆ ਹੈ :

Sri Satguru Jagjit Singh Ji eLibrary NamdhariElibrary@gmail.com

*"ਪੜ੍ਹੈਂ ਸ਼ਬਦ ਔ ਬਜੈ ਰਬਾਬ,*
*ਸੁੱਖੈ ਘੋਟੈ ਔ, ਭੁੰਨੈ ਮਹਾਂਪ੍ਰਸ਼ਾਦਿ। ੨੨।*
*ਕੋ ਘੋੜੈ ਕੋ ਮਾਲਸ਼ ਕਰੈ,*
*ਕੋ ਸਸਤ੍ਰ ਮਾਂਜ ਉੱਜਲ ਕਰ ਧਰੈ।*
*ਕੋਊ ਤੀਰ ਕੋਊ ਬੰਦੂਕ ਚਲਾਵਹਿ।*
*ਕੋਊ ਉਂਗਲੀ ਪਰ ਚਕ੍ਰ ਘੁਮਾਵਹਿ। ੨੩।*
ਦੋਹਰਾ : *ਕੋਈ ਸਿੰਘਨ ਚਾਪੀ ਕਰੈ, ਕੋਊ ਚੌਰ ਝੁਲਾਇ,*
*ਕੋਈ ਪਾਣੀ ਲਿਆਵਹਿ ਦੂਰ ਤੈ, ਬੈਠ ਇਸ਼ਨਾਨ ਕਰਾਇ। ੨੪।*
*ਕੋਈ ਸਿੰਘ ਖੜ ਦਾਤਨ ਕਰਾਇ,*
*ਕੋਈ ਸਿੰਘ ਖੜ ਕਛ ਬਨ੍ਹਾਹਿ।*
*ਕਿਸੈ ਸਰੀਕੈ ਕਰੈ ਕੋਊ ਨਾਹਿ,*
*ਦੌੜ ਦੌੜ ਟਹਲਹਿ ਕਮਾਹਿ।"*

**ਭਾਈ ਤਾਰਾ ਸਿੰਘ ਵਾਂ ਅਤੇ ਹੋਰ ਸ਼ਹੀਦੀਆਂ** : ਪਾਕਿਸਤਾਨ ਦੀ ਪੱਛਮੀ ਸੀਮਾ ਲਾਗੇ ਡਲ ਤੇ ਵਾਂ ਦੋ ਉੱਘੇ ਪਿੰਡ ਹਨ। ਦੋਵੇਂ ਇਤਨੇ ਨੇੜੇ ਹਨ ਕਿ ਬਹੁਤੀ ਵਾਰੀ ਲੋਕੀਂ ਇਕੱਠਾ 'ਡਲ-ਵਾਂ' ਵੀ ਆਖ ਦਿੰਦੇ ਹਨ। ਗੁਰੂ ਗੋਬਿੰਦ ਸਿੰਘ ਜੀ ਦੇ ਵੇਲੇ ਤਿੰਨਾਂ ਭਰਾਵਾਂ ਮਾਹੀ, ਜੈਤਾ ਤੇ ਗੁਰਦਾਸ ਵਿਚੋਂ ਛੋਟੇ ਗੁਰਦਾਸ ਨੇ ਅੰਮ੍ਰਿਤ ਛਕ ਕੇ ਸਿੰਘੀ ਬਾਣਾ ਸਜਾ ਲਿਆ। ਪਹਿਲਾਂ ਗੁਰੂ ਜੀ ਦਾ ਜੰਗਾਂ ਵਿਚ ਸਾਥ ਦਿੰਦਾ ਰਿਹਾ ਤੇ ਫਿਰ ਪਿੱਛੋਂ ਮਾਝੇ ਵਿਚ ਬੰਦਾ ਸਿੰਘ ਵੇਲੇ ਸਿੰਘ ਨੂੰ ਜਥੇਬੰਦ ਕਰਦਾ ਰਿਹਾ। ਇਸ ਦੇ ਘਰ ਪੰਜ ਪੁੱਤਰ ਹੋਏ। ਤਾਰਾ ਸਿੰਘ ਸਭ ਤੋਂ ਵਡੇਰਾ ਸੀ ਤੇ ਉਨ੍ਹਾਂ ਦਾ ਜਨਮ ੧੭੦੨ ਈ: ਵਿਚ ਹੋਇਆ ਲਿਖਿਆ ਜਾਂਦਾ ਹੈ। ਭਾਈ ਮਨੀ ਸਿੰਘਾਂ ਜੀ ਹੱਥੋਂ ਅੰਮ੍ਰਿਤ ਛਕ ਕੇ ਇਸ ਨੇ ਸਿੰਘਾਂ ਦੀ ਸੇਵਾ ਦਾ ਬੀੜਾ ਚੁੱਕ ਲਿਆ। ਆਪ ਜੀ ਜਿਥੇ ਆਚਰਨ ਦੇ ਉੱਚੇ ਤੇ ਸੁਭਾਅ ਦੇ ਮਿੱਠੇ ਸਨ, ਉਥੇ ਇਕ ਚੰਗੇ ਘੋੜ ਸਵਾਰ, ਤਲਵਾਰੀਏ ਤੇ ਤੀਰ-ਅੰਦਾਜ਼ ਵੀ ਸਨ। ਹਠੀ, ਜਪੀ, ਜਤੀ, ਪੂਰੇ ਰਹਿਤਵਾਨ, ਸਿਦਕੀ, ਬਸਤਰ ਨੀਲੇ, ਤਨ ਤੇ ਸ਼ਸਤਰ, ਗੁਰਬਾਣੀ ਨਾਲ ਬੜਾ ਹਿਤ ਸੀ। ਜਦ ਵੀ ਕਿਸੇ ਵੰਗਾਰ ਪਾਈ ਸਭ ਤੋਂ ਅੱਗੇ ਹੀ ਦੇਖੇ ਗਏ। ਸਾਡਾ ਇਤਿਹਾਸ ਕਹਿੰਦਾ ਹੈ :

*'ਸੀਸ ਧਰੇ ਹਥ ਪੁਰ ਫਿਰੈ*
*ਮਰਨੋ ਨ ਸੰਕਾਇ।'*

ਇਨ੍ਹਾਂ ਆਪਣੇ ਪਿੰਡ ਵਾਂ ਵੀ ਆਪਣਾ ਵਾੜਾ ਬਣਾ ਲਿਆ ਸੀ। ਇਤਨੇ ਉੱਚੇ ਉੱਚੇ ਜੰਡ ਤੇ ਕਰੀਰ ਲਗਾ ਲਏ ਸਨ ਕਿ ਕੋਈ ਘੋੜਾ ਛਾਲ ਮਾਰ ਕੇ ਵੀ ਵਾੜ ਨਹੀਂ ਟੱਪ ਸਕਦਾ ਸੀ। ਮਕਾਨਾਂ ਲਾਗੇ ਇਕ ਵੱਡਾ ਟੋਆ ਵੀ ਪੁੱਟ ਛੱਡਿਆ ਸੀ। ਸਰਦੀ ਆਉਂਦਿਆਂ ਹੀ ਉਸ ਵਿਚ ਵੱਡੇ ਮੁਢ ਸੁੱਟ ਦਿੱਤੇ ਜਾਂਦੇ ਸਨ ਤੇ ਸਿੱਖ ਥੱਕੇ ਟੁੱਟੇ ਉਥੇ ਪੁੱਜ ਅੱਗ ਸੇਕਦੇ ਤੇ ਰਾਤ ਪ੍ਰਸ਼ਾਦੇ ਛੱਕ ਆਰਾਮ ਕਰ ਪੈਂਡੇ ਪੈ ਜਾਂਦੇ। ਇਹ ਵਾਂ ਸਿੰਘਾਂ ਦੀ ਆਰਾਮਗਾਹ ਹੀ ਸੀ। ਭਾਈ ਤਾਰਾ ਸਿੰਘ ਜੀ ਦਾ ਇਤਨਾ ਪ੍ਰਤਾਪ ਸੀ ਕਿ ਸਭ ਹਿੰਦੂ-ਸਿੱਖ-ਮੁਸਲਮਾਨ

Sri Satguru Jagjit Singh Ji eLibrary NamdhariElibrary@gmail.com

ਆਪ ਜੀ ਦਾ ਆਦਰ ਕਰਦੇ ਸਨ। ਅਬਦੁਸ-ਸਮਦ ਖ਼ਾਨ ਵੇਲੇ ਇਹ ਵਾੜਾ ਸਿੰਘਾਂ ਦਾ ਇਕ ਸਹਾਰਾ ਹੀ ਸੀ। ਇਨ੍ਹਾਂ ਦੀ ਸੇਵਾ ਨੂੰ ਦੇਖਦੇ ਹੋਏ, ਇਸੇ ਪਿੰਡ ਦੇ ਜੱਸੇ ਨਾਂ ਦੇ ਸਿੱਖ ਦੇ ਤਿੰਨਾਂ ਪੁੱਤਰਾਂ, ਅੰਮ੍ਰਿਤ ਛਕ ਕੇ ਅਮਰ ਸਿੰਘ, ਅਮੀਂ ਸਿੰਘ ਤੇ ਕੌਇਰ ਸਿੰਘ ਨਾਂ ਧਰਾਇਆ। ਕੌਇਰ ਸਿੰਘ ਤਾਰਾ ਸਿੰਘ ਦਾ ਨਾ ਸਿਰਫ਼ ਗੂੜ੍ਹਾ ਮਿੱਤਰ ਬਣ ਗਿਆ, ਸਗੋਂ ਸਦਾ ਨਾਲ ਹੀ ਰਹਿਣ ਲੱਗਾ। ਇਸੇ ਪਿੰਡ ਦੇ ਬਿਹਾਰੀ ਨਾਂ ਦੇ ਜ਼ਿਮੀਂਦਾਰ ਦੇ ਦੋ ਪੁੱਤਰਾਂ ਵਿਚੋਂ ਦੇਸੂ ਨੇ ਗੁਰਦਾਸ ਸਿੰਘ ਨਾਲ ਹੀ ਗੁਰੂ ਗੋਬਿੰਦ ਸਿੰਘ ਜੀ ਕੋਲੋਂ ਅੰਮ੍ਰਿਤ ਛਕਿਆ ਸੀ। ਉਸ ਦੇ ਇਕੋ ਇਕ ਪੁੱਤਰ ਵਧਾਵਾ ਸਿੰਘ ਨੇ ਵੀ ਤਾਰਾ ਸਿੰਘ ਜੀ ਦੀ ਕਿਰਤ ਕਾਰ ਤੇ ਰਹਿਣੀ-ਬਹਿਣੀ ਦੇਖ ਪੂਰਾ ਸਾਥ ਦੇਣ ਦਾ ਫ਼ੈਸਲਾ ਹੀ ਕਰ ਲਿਆ। ਕਈ ਵਾਰੀ ਹਕੂਮਤ ਨੇ ਵਰਜਣਾ ਚਾਹਿਆ, ਪਰ 'ਨਹਿ ਮਨੈ ਵੈ ਤੁਰਕਨ ਆਣ।'

ਸੰਨ ੧੭੨੬ ਈ: ਵਿਚ ਨੌਸ਼ਹਿਰਾ ਦੇ ਚੌਧਰੀ ਸਾਹਿਬ ਰਾਇ ਨੇ ਜਦ ਜ਼ਕਰੀਆ ਖ਼ਾਨ ਨੂੰ ਲਾਹੌਰ ਦਾ ਹਾਕਮ ਬਣਦੇ ਸੁਣਿਆ ਤਾਂ ਉਸ ਨੇ ਸਿੰਘਾਂ ਨੂੰ ਤੰਗ ਕਰਨਾ ਸ਼ੁਰੂ ਕਰ ਦਿੱਤਾ। ਉਹ ਜਾਣਦਾ ਸੀ ਕਿ ਨਵੀਂ ਨੀਤੀ ਅਪਣਾਉਣ ਨਾਲ ਲਾਹੌਰ ਦੇ ਹੋਰ ਫ਼ੌਜਦਾਰ ਉਸ ਦੇ ਹਰ ਮਾੜੇ ਕਰਮ ਦੀ ਵੀ ਪਿਠ ਠੋਕਣਗੇ। ਭੜਾਣੇ ਪਿੰਡ ਦੇ ਦੋ ਸਿੰਘਾਂ—ਮਾਲੀ ਸਿੰਘ ਤੇ ਗੁਰਬਖ਼ਸ਼ ਸਿੰਘ ਦੇ ਖੇਤਾਂ ਵਿਚ ਸਾਹਿਬ ਰਾਇ ਘੋੜੀਆਂ ਛੱਡਣ ਲੱਗ ਪਿਆ। ਸਿੰਘਾਂ ਬੜਾ ਰੋਕਿਆ ਕਿ ਮਿਹਨਤ ਨਾਲ ਕੀਤੀ ਖੇਤੀ ਨੂੰ ਇਸ ਬੇਦਰਦੀ ਨਾਲ ਨਾ ਉਜਾੜੇ, ਪਰ ਉਸ ਨੇ ਸੁਣੀ ਅਣਸੁਣੀ ਕਰ ਦਿੱਤੀ, ਸਗੋਂ ਇਕ ਦਿਨ ਲਵੀਆਂ ਕਣਕਾਂ ਵਿਚ ਆਪਣੀਆਂ ਘੋੜੀਆਂ ਛੱਡ ਦਿੱਤੀਆਂ। ਸਿੰਘਾਂ ਨੇ ਚੌਧਰੀ ਨੂੰ ਆਪਣੀਆਂ ਘੋੜੀਆਂ ਸਾਂਭ ਰੱਖਣ ਲਈ ਕਿਹਾ ਤਾਂ ਸਾਹਿਬ ਰਾਇ ਨੇ ਅੱਗੋਂ ਰੋਹ ਵਿਚ ਆ ਕੇ ਕਿਹਾ, ''ਮੈਂ ਤੁਹਾਡਾ ਲਿਹਾਜ਼ ਕਰਦਾ ਰਿਹਾ, ਜੋ ਤੁਹਾਨੂੰ ਕਤਲ ਨਹੀਂ ਕਰਵਾ ਦਿੱਤਾ। ਤੁਹਾਡੇ ਕੇਸਾਂ ਦੇ ਰੱਸੇ ਬਣਾ ਕੇ ਇਨ੍ਹਾਂ ਹੀ ਘੋੜੀਆਂ ਨੂੰ ਬੰਨ੍ਹਾਂਗਾ।''

ਉਨ੍ਹਾਂ ਨੇ ਲਾਗਲੇ ਪਿੰਡ 'ਭੁਸੇ' ਦੇ ਸਰਦਾਰ ਬਘੇਲ ਸਿੰਘ ਤੇ ਅਮਰ ਸਿੰਘ ਨੂੰ ਸਾਰੀ ਵਿੱਥਿਆ ਸੁਣਾਈ। ਬਘੇਲ ਸਿੰਘ-ਅਮਰ ਸਿੰਘ ਨੇ ਉਸ ਸਮੇਂ ਹੱਲਾ ਬੋਲ ਸਾਹਿਬ ਰਾਇ ਦੀਆਂ ਘੋੜੀਆਂ ਖੋਹ ਲਈਆਂ ਤੇ ਵਲਟੋਹੇ ਪਿੰਡ ਦੇ ਲਾਗਲੇ ਘਰਿਆਲੇ ਦੇ ਸਰਦਾਰ ਲਖਮੀਰ ਸਿੰਘ ਨੂੰ ਦੇ ਦਿੱਤੀਆਂ। ਲਖਮੀਰ ਸਿੰਘ ਘੋੜੀਆਂ ਮਾਲਵੇ ਲੈ ਗਿਆ ਤੇ ਸਰਦਾਰ ਆਲਾ ਸਿੰਘ ਪਾਸ ਪਟਿਆਲਾ ਵੇਚ ਆਇਆ ਤੇ ਰਕਮ ਦੀ ਰਸਦ ਲੈ ਕੇ ਸਰਦਾਰ ਤਾਰਾ ਸਿੰਘ ਦੇ ਲੰਗਰ ਵਿਚ ਪਾ ਦਿੱਤੀ।

ਸਿੰਘ ਇਹ ਜਾਣ ਗਏ ਸਨ ਕਿ ਇਹ ਗੱਲ ਬਹੁਤ ਹੀ ਵਧਣੀ ਹੈ, ਸੋ ਸਭ ਤਾਰਾ ਸਿੰਘ ਦੇ ਵਾੜੇ ਵਾਂ ਹੀ ਆ ਗਏ। ਉਹ ਜਾਣਦੇ ਸਨ ਜੇ ਕੁਝ ਬਚਾਅ ਜਾਂ ਟਾਕਰਾ ਹੋ ਸਕਦਾ ਹੈ ਤਾਂ ਉਥੇ ਹੀ।

ਚੌਧਰੀ ਸਾਹਿਬ ਰਾਇ ਵੀ ਪਿੱਛੇ-ਪਿੱਛੇ 'ਵਾਂ' ਆਇਆ ਤੇ ਤਾਰਾ ਸਿੰਘ ਨੂੰ ਕਹਿਣ ਲੱਗਾ ਕਿ ਚੋਰ ਉਸ ਦੇ ਹਵਾਲੇ ਕੀਤੇ ਜਾਣ। ਤਾਰਾ ਸਿੰਘ ਜੀ ਨੇ ਕਿਹਾ ਕਿ ਜ਼ੁਲਮ ਤਾਂ ਤੂੰ ਆਪ ਕਰਦਾ ਹੈਂ ਤੇ ਚੋਰ ਇਥੇ ਲੱਭਣ ਆਇਆ ਹੈਂ। ਇਥੇ ਕੋਈ ਚੋਰ ਨਹੀਂ। ਲੜਾਈ ਵਧਦੀ ਦੇਖ ਕੇ ਸਾਹਿਬ ਰਾਇ ਭੱਜ ਗਿਆ ਤੇ ਸਿੱਧਾ ਪੱਟੀ ਦੇ ਫ਼ੌਜਦਾਰ ਕੋਲ ਗਿਆ ਤੇ ਕਹਿਣ ਲੱਗਾ ਕਿ ਜਿਥੇ ਵੀ ਅਸੀਂ ਮਾਮਲਾ ਉਗਰਾਹੁਣ ਜਾਂਦੇ ਹਾਂ, ਲੋਕੀਂ ਕਹਿੰਦੇ

Sri Satguru Jagjit Singh Ji eLibrary NamdhariElibrary@gmail.com

ਹਨ ਕਿ ਮਾਮਲਾ ਤਾਂ ਤਾਰਾ ਸਿੰਘ ਲੈ ਗਿਆ ਹੈ। ਉਸ ਨੇ ਫ਼ੌਜਦਾਰ ਨੂੰ ਇਹ ਵੀ ਚੁਕ ਦਿੱਤੀ ਕਿ ਜੇ ਤਾਰਾ ਸਿੰਘ ਪਕੜ ਲਿਆ ਜਾਏ ਤਾਂ ਸਾਰੇ ਮਾਝੇ ਵਿਚ ਹੀ ਸ਼ਾਂਤੀ ਵਰਤ ਜਾਏਗੀ ਅਤੇ ਦੂਜੇ ਨਵਾਂ ਹਾਕਮ ਜ਼ਕਰੀਆ ਖ਼ਾਨ ਖ਼ੁਸ਼ ਹੋਵੇਗਾ।

ਫ਼ੌਜਦਾਰ ਨੇ ਇਹ ਮੌਕਾ ਰੱਬੋਂ ਆਉਂਦਾ ਡਿੱਠਾ ਤੇ ਕੁਝ ਸਵਾਰਾਂ ਨਾਲ ਮੂੰਹ ਹਨੇਰੇ ਹੀ ਵਾਂ ਪੁੱਜ ਗਿਆ। ਸਰਦਾਰ ਬਘੇਲ ਸਿੰਘ ਇਕ ਹੱਥ ਗੜਵਾ ਤੇ ਦੂਜੇ ਹੱਥ ਨੇਜ਼ਾ ਲਈ ਜੰਗਲ ਪਾਣੀ ਜਾਣ ਲਈ ਵਾੜੇ ਤੋਂ ਬਾਹਰ ਨਿਕਲੇ ਹੀ ਸਨ ਕਿ ਉਨ੍ਹਾਂ ਸਵਾਰ ਦੇਖ ਕੇ ਉੱਚੀ ਆਵਾਜ਼ ਨਾਲ ਪੁੱਛਿਆ ਕਿ ਤੁਸੀਂ ਕੌਣ ਹੋ? ਸਾਹਿਬ ਰਾਇ ਨੇ ਆਵਾਜ਼ ਪਛਾਣ ਕੇ ਕਿਹਾ : ਸਾਰੇ ਪੁਆੜੇ ਦੀ ਜੜ੍ਹ ਇਹ ਹੀ ਹੈ। ਸਰਦਾਰ ਬਘੇਲ ਸਿੰਘ ਜੀ ਨੂੰ ਵੀ ਸਾਰੀ ਗੱਲ ਸਮਝਦਿਆਂ ਕੋਈ ਢਿੱਲ ਨਾ ਲੱਗੀ। ਸਾਹਮਣੇ ਪੰਜਾਹ ਸਵਾਰ ਦੇਖ ਕੇ ਪਹਿਲਾਂ ਤਾਂ ਉਨ੍ਹਾਂ ਦਾ ਚਿੱਤ ਆਇਆ ਕਿ ਵਾਪਸ ਮੁੜਿਆ ਜਾਏ ਤੇ ਬਾਕੀ ਸਿੰਘਾਂ ਨੂੰ ਇਤਲਾਹ ਦਿੱਤੀ ਜਾਏ, ਪਰ ਉਸ ਸਮੇਂ ਹੀ ਸੋਚਿਆ, ਵਾਪਸ ਜਾਣਾ ਕਾਇਰਤਾ ਹੈ :

*'ਵੇਖ ਸਿੰਘ ਚਿਤ ਮਤਾ ਮਤਾਯਾ।*
*ਅਬ ਖ਼ਬਰ ਕਰਨ ਜਾਉ ਪਿਛਲੈ ਦਾਯਾ।*
*ਸਿੰਘ ਕਹੇਂਗੇ ਡਰ ਮੁੜ ਆਯਾ।'*

ਲੜਾਈ ਤੇ ਗੋਲੀਆਂ ਦੀ ਆਵਾਜ਼ ਤੋਂ ਉਨ੍ਹਾਂ ਨੂੰ ਆਪੇ ਹੀ ਖ਼ਬਰ ਹੋ ਜਾਏਗੀ।[1] ਨੇਜ਼ਾ ਹੱਥ ਸੰਭਾਲ ਵਾੜੇ ਦੇ ਉੱਚੇ ਜੰਡਾਂ ਦਾ ਪਿੱਛਾ ਰੱਖ, ਘੋੜ ਸਵਾਰਾਂ ਨੂੰ ਉਡੰਗਨ ਲੱਗਾ। ਸਵਾਰ ਅੱਗੇ ਵੱਧ ਨਾ ਸਕਣ ਤੇ ਪਿੱਛੇ ਹਟਦੇ ਆਪਣੀ ਜਾਨ ਗਵਾ ਲੈਣ। ਪੰਜਾਹ ਦੇ ਪੰਜਾਹ ਸਵਾਰ ਹੀ ਬਘੇਲ ਸਿੰਘ ਨੇ ਢਾਹ ਲਏ। ਪਿਆਦਿਆਂ ਨੇ ਆਉਂਦਿਆਂ ਹੀ ਬੰਦੂਕਾਂ ਦੇ ਵਾਰ ਕਰਨੇ ਸ਼ੁਰੂ ਕਰ ਦਿੱਤੇ। ਇਕ ਗੋਲੀ ਬਘੇਲ ਸਿੰਘ ਜੀ ਦੇ ਪੱਟ ਵਿਚ ਲੱਗੀ, ਪਰ ਉਹ ਨੇਜ਼ੇ ਨਾਲ ਹਰ ਸਾਹਮਣੇ ਆਉਣ ਵਾਲੇ ਨੂੰ ਵਿੰਨ੍ਹਦੇ ਹੀ ਗਏ। ਬੰਦੂਕਾਂ ਦੀ ਆਵਾਜ਼ ਸੁਣ ਕੇ ਵਾੜੇ ਵਿਚੋਂ ਸਿੰਘ ਬਾਹਰ ਆ ਗਏ। ਸਿੰਘਾਂ ਨੂੰ ਬਾਹਰ ਆਉਂਦਾ ਦੇਖ ਸਭ ਹੀ ਨੱਸ ਗਏ, ਪਰ ਇਕ ਭੱਜਦੇ ਪਿਆਦੇ ਨੇ ਬਘੇਲ ਸਿੰਘ ਜੀ ਨੂੰ ਗੋਲੀ ਮਾਰ ਹੀ ਦਿੱਤੀ ਤੇ ਕੁਝ ਚਿਰ ਬਾਅਦ ਉਹ ਸ਼ਹੀਦ ਹੋ ਗਏ। ਭਜਦੇ ਫ਼ੌਜਦਾਰ ਨੇ ਮਾੜੀ ਕੰਬੋ ਹੀ ਜਾ ਕੇ ਸਾਹ ਲਿਆ।

ਉਥੋਂ ਸਾਰੀ ਢਾਣੀ ਲਾਹੌਰ ਆਈ ਤੇ ਜ਼ਕਰੀਆ ਖ਼ਾਨ ਪਾਸ ਸਿੰਘਾਂ ਦੀ ਵਧੀ ਹੋਈ ਤਾਕਤ ਦਾ ਚਰਚਾ ਐਸੇ ਢੰਗ ਨਾਲ ਕੀਤਾ ਕਿ ਜ਼ਕਰੀਆ ਖ਼ਾਨ ਨੇ ਆਪਣੇ ਚੋਣਵੇਂ ਜਰਨੈਲ ਮੋਮਨ ਖ਼ਾਨ ਨੂੰ ੨੨੦੦ ਸਵਾਰ, ੪੦ ਜੰਬੂਰੇ, ੪ ਰਹਕਲੇ ਤੇ ਪੰਜ ਹਾਥੀ ਦਿੱਤੇ ਕਿ ਉਹ ਤਾਰਾ ਸਿੰਘ ਨੂੰ ਪਕੜ ਲਿਆਵੇ। ਮੋਮਨ ਨੇ ਜਹਾਦ ਦਾ ਝੰਡਾ ਵੀ ਦਿੱਲੀ ਦਰਵਾਜ਼ੇ ਖੜ੍ਹਾ ਕਰ ਦਿੱਤਾ। ਫ਼ੌਜਾਂ ਨੂੰ ਦੋ ਹਿੱਸਿਆਂ ਵਿਚ ਵੰਡ ਉਹ ਵਾਂ ਵੱਲ ਚੱਲ ਪਿਆ।

ਇਧਰ ਤਾਰਾ ਸਿੰਘ ਜੀ ਜਾਣਦੇ ਸਨ ਕਿ ਗੱਲ ਮੁੱਕੀ ਨਹੀਂ, ਸਗੋਂ ਅਰੰਭ ਹੋਈ ਹੈ। ਸੋ ਉਨ੍ਹਾਂ ਇਲਾਕੇ ਵਿਚ ਸਿੰਘ ਦੌੜਾ ਦਿੱਤੇ ਕਿ ਜਿਨ੍ਹਾਂ ਨੂੰ ਸ਼ਹੀਦੀਆਂ ਪਾਉਣ ਦਾ ਚਾਅ

---

1. ਉਨ ਕੋ ਖ਼ਬਰ ਆਪੇ ਹੁਇ ਆਊਗੁ। (ਪ੍ਰਾਚੀਨ ਪੰਥ ਪ੍ਰਕਾਸ਼)
ਮਾਰ ਕੂਟ ਜਬ ਜੰਗ ਕੀ ਪਾਊਗੁ। (ਸਾਖੀ ਤਾਰਾ ਸਿੰਘ ਸ਼ਹੀਦ ਕੀ)

Sri Satguru Jagjit Singh Ji eLibrary NamdhariElibrary@gmail.com

ਹੈ, ਉਹ ਵਾਂ ਪੁੱਜ ਜਾਣ। ਕਾਫ਼ੀ ਸਿੰਘ ਇਕੱਠੇ ਹੋ ਗਏ ਤਾਂ ਕਈ ਸਿਆਣਿਆਂ ਵਿਚਾਰ ਕੀਤੀ ਕਿ ਜ਼ਕਰੀਆ ਖ਼ਾਨ ਦਾ ਨਵਾਂ-ਨਵਾਂ ਜੋਸ਼ ਹੈ, ਸੋ ਇਸ ਲਈ ਸਮਾਂ ਟਪਾਉਣਾ ਹੀ ਸਿਆਣਪ ਹੈ ਤੇ ਮਾਲਵੇ ਵੱਲ ਵਹੀਰ ਚਲੀ ਜਾਏ ਤੇ ਜਦ ਫ਼ੌਜ ਪੁੱਜ ਕੇ ਵਾੜਾ ਖ਼ਾਲੀ ਦੇਖੇਗੀ ਤਾਂ ਮਾਯੂਸ ਹੋ ਕੇ ਮੁੜ ਜਾਏਗੀ। ਸੋ ਸਾਰਿਆਂ ਨੇ ਕੂਚ ਦੀ ਸਲਾਹ ਦਿੱਤੀ, ਪਰ ਸਰਦਾਰ ਤਾਰਾ ਸਿੰਘ ਜੀ ਨੇ ਕਿਹਾ ਕਿ ਤੁਰਨ ਤੋਂ ਪਹਿਲਾਂ ਵਾਕ ਤਾਂ ਲੈ ਲਈਏ ਕਿ ਮਹਾਰਾਜ ਦਾ ਕੀ ਹੁਕਮ ਹੈ। ਸੋ ਉਨ੍ਹਾਂ ਜਦ ਕਮਰ ਕਸੇ ਦੀ ਦਸ ਗ੍ਰੰਥੀ ਤੋਂ ਵਾਕ ਲਿਆ ਤਾਂ ਵਾਕ ਆਇਆ :

*'ਜੋ ਕਹੂੰ ਕਾਲ ਤੇ ਭਾਜ ਕੇ ਬਾਚੀਅਤ,*
*ਤੋ ਕਿਹ ਕੁੰਟ ਕਹੋ ਭਜਿ ਜਈਐ।*
*ਆਗੈ ਹੂੰ ਕਾਲ ਧਰੇ ਅਸਿ ਗਾਜਤ,*
*ਛਾਜਤ ਹੈ ਜਿਹ ਤੇ ਨਸਿ ਅਈਐ।*
*ਐਸੋ ਨਾ ਕੈ ਗਯੋ ਕੋਈ ਸੁ ਦਾਵ ਰੇ,*
*ਜਾਹਿ ਉਪਾਵ ਸੋ ਘਾਵ ਬਚਈਐ।*
*ਜਾਂ ਤੇ ਨਾ ਛੂਟੀਐ ਮੂੜ੍ਹ, ਕਹੂੰ,*
*ਹਸ ਤਾਂਕੀ ਨਾ ਕਿਉਂਨ ਸਰਣਾਗਤਿ ਜਈਐ' ॥ ੯੬ ॥* (ਬਚਿਤ੍ਰ ਨਾਟਕ)

ਭਾਈ ਤਾਰਾ ਸਿੰਘ ਜੀ ਨੇ ਕਿਹਾ ਕਿ ਹੁਕਮ ਸ਼ਹੀਦੀਆਂ ਦਾ ਹੈ, ਜਾਨ ਪਿਆਰੀ ਕਰਨਾ ਸੋਭਦਾ ਨਹੀਂ। ਜਿਸ ਨੇ ਮਾਲਵੇ ਵੱਲ ਜਾਣਾ ਹੈ, ਬੇਸ਼ੱਕ ਚਲਾ ਜਾਏ, ਸਾਨੂੰ ਤਾਂ ਗੁਰੂ ਦਾ ਹੁਕਮ ਇਥੇ ਟਿਕਣ ਦਾ ਹੈ :

*'ਜਿਨ ਹੋਣਾ ਹੈ ਇਹਾਂ ਸ਼ਹੀਦ।*
*ਰਹੋ ਸੋਊ, ਔਰ ਜਾਹੁ ਵਗੀਦ।'*

ਵਹੀਰ ਤਾਂ ਮਾਲਵੇ ਵੱਲ ਚਲੀ ਗਈ, ਪਰ ਅਠਾਰਾਂ ਸਿੰਘ ਭਾਈ ਜੀ ਨਾਲ ਰਹੇ। ਉਨ੍ਹਾਂ ਦੇ ਪਾਵਨ ਨਾਂ ਇਹ ਹਨ :

ਭਾਈ ਵਸਾਵਾ ਸਿੰਘ, ਭਾਈ ਕੋਇਰ ਸਿੰਘ 'ਵਾਂ', ਭਾਈ ਸ਼ਾਹੀ ਸਿੰਘ ਝਲੀਆਂ, ਭਾਈ ਸੂਰਾ ਸਿੰਘ ਖਾਲੜਾ, ਭਾਈ ਲਖਮੀਰ ਸਿੰਘ ਘਰਿਆਲਾ, ਭਾਈ ਮਾਲੀ ਸਿੰਘ ਤੇ ਭਾਈ ਗੁਰਬਖਸ਼ ਸਿੰਘ ਭਡਾਣੇ, ਭਾਈ ਭੀਮ ਸਿੰਘ ਤੇ ਭਾਈ ਬਾਦਲ ਸਿੰਘ ਰੱਤੋਕੇ, ਭਾਈ ਮੇਘ ਸਿੰਘ ਮਦਰਾਂ, ਭਾਈ ਹਤਾ ਸਿੰਘ ਚੰਘਾ, ਭਾਈ ਬੁਲਾਕਾ ਸਿੰਘ ਸੰਘਣੇ, ਭਾਈ ਜੋਧ ਸਿੰਘ ਨਾਰੋਵਾਲ, ਭਾਈ ਬਘੇਲ ਸਿੰਘ ਜੀ (ਸ਼ਹੀਦ) ਦੇ ਛੋਟੇ ਭਰਾ ਭਾਈ ਅਮਰ ਸਿੰਘ, ਭਾਈ ਸਮੁੰਦ ਸਿੰਘ ਤੇ ਲਾਭ ਸਿੰਘ ਮੁਲਤਾਨ, ਭਾਈ ਜੋਗ ਸਿੰਘ ਤੇ ਭਾਈ ਸਲ ਸਿੰਘ ਪਸ਼ੌਰੀਏ।

'ਵਾਂ' ਵਿਚ ਸਿੰਘਾਂ ਇਕ ਥੰਮ੍ਹ ਗੱਡ ਦਿੱਤਾ ਤੇ ਨਵੇਂ ਝਟਕੇ ਬੱਕਰੇ ਦੀ ਖੱਲ ਨੂੰ ਮੜ੍ਹ ਕੇ ਨਿਗਾਰਾ ਵੀ ਬਣਾ ਲਿਆ ਤਾਂ ਕਿ ਦੂਰ ਨੇੜੇ ਸਿੰਘਾਂ ਨੂੰ ਨਗਾਰੇ ਦੀ ਆਵਾਜ਼ ਨਾਲ ਸੁਚੇਤ ਕੀਤਾ ਜਾ ਸਕੇ।

ਲਾਹੌਰ ਵਿਚ ਤਾਂ ਖ਼ਬਰ ਘਰ-ਘਰ ਉੱਡ ਗਈ ਸੀ ਕਿ ਵਾਂ ਦੇ ਤਾਰਾ ਸਿੰਘ ਤੇ ਹਮਲਾ ਹੋਣ ਵਾਲਾ ਹੈ। ਸ਼ਾਹੀ ਫ਼ੌਜ ਵਿਚ ਇਕ ਨੌਕਰ ਹਜ਼ੂਰਾ ਸਿੰਘ ਨੇ ਰਾਤੋ ਰਾਤ ਘੋੜਾ ਛੱਡਿਆ

Sri Satguru Jagjit Singh Ji eLibrary 	NamdhariElibrary@gmail.com

ਤੇ ਤਾਰਾ ਸਿੰਘ ਨੂੰ ਆ ਕੇ ਪੂਰੀ ਖ਼ਬਰ ਦਿੱਤੀ ਕਿ ਚੜ੍ਹਾਈ ਤਗੜੀ ਹੋ ਰਹੀ ਹੈ, ਸੋ ਕੁਝ ਚਿਰ ਉਰੇ ਪਰੇ ਹੋ ਜਾਣਾ ਹੀ ਸਿਆਣਪ ਹੈ। ਪਰ ਭਾਈ ਸਾਹਿਬ ਨੇ ਸਾਰੀ ਵਾਰਤਾ ਸੁਣ ਕੇ ਕਿਹਾ : ਤੁਸੀਂ ਖ਼ਬਰ ਪਹੁੰਚਾਈ, ਧੰਨਵਾਦ, ਪਰ ਉਹ ਸ਼ਹੀਦੀਆਂ ਲੈਣ ਲਈ ਤਿਆਰ ਬੈਠੇ ਹਨ। ਉਥੋਂ ਜਾਣਾ ਬੁਜ਼ਦਿਲੀ ਹੈ[1]। ਹਜ਼ੂਰਾ ਸਿੰਘ ਵਾਪਸ ਮੁੜ ਆਇਆ।

ਮੋਮਨ ਖ਼ਾਨ ਨੇ ਇਹ ਨਿਸ਼ਚਾ ਕੀਤਾ ਕਿ ਤਾਰਾ ਸਿੰਘ ਨੂੰ ਸੁੱਤਿਆਂ ਹੀ ਪਕੜਨਾ ਠੀਕ ਹੈ। ਰਾਤ ਢਲਦੇ ਆਪਣੀ ਫ਼ੌਜ ਸਮੇਤ ਪਿੰਡ ਘਮੰਡ ਪੁੱਜ ਗਿਆ। ਉਥੋਂ ਉਸ ਨੇ ਵਿਉਂਤ ਬਣਾਈ ਕਿ ਕੋਈ ਸੂਹੀਆ ਲੈ ਕੇ ਤਾਰਾ ਸਿੰਘ ਵੱਲ ਜਾਵਾਂਗੇ, ਤਾਂ ਕਿ ਰਾਤ ਦੇ ਅੰਨ੍ਹੇਰੇ ਵਿਚ ਖਜਲ ਖੁਆਰੀ ਨਾ ਹੋਵੇ। ਪਿੰਡ ਦੇ ਨੰਬਰਦਾਰ ਸੂਜੇ ਨੇ ਜਦ ਬਲਾ ਟਲਦੀ ਨਾ ਦੇਖੀ ਤਾਂ ਆਪ ਤਾਂ ਸੂਹੀਆ ਬਣ ਗਿਆ ਤੇ ਆਪਣੇ ਛੋਟੇ ਭਰਾ ਨੂੰ ਤਾਰਾ ਸਿੰਘ ਜੀ ਵੱਲ ਨਸਾਇਆ ਕਿ ਉਨ੍ਹਾਂ ਨੂੰ ਸਮਝਾਉਣ ਕਿ ਇਕ-ਦੋ ਦਿਨ ਆਸੇ-ਪਾਸੇ ਹੋ ਜਾਏ। ਆਪ ਸੂਜਾ ਫ਼ੌਜ ਇਧਰ ਉਧਰ ਘੁਮਾਉਣ ਲੱਗਾ ਤਾਂਕਿ ਤਾਰਾ ਸਿੰਘ ਨੂੰ ਨੱਸਣ ਦਾ ਸਮਾਂ ਮਿਲ ਜਾਏ। ਛੋਟੇ ਭਰਾ ਨੇ ਫ਼ੌਜ ਦੀ ਪਹੁੰਚ ਤੇ ਨੱਸਣ ਦੀ ਗੱਲ ਆਖੀ ਤਾਂ ਉਨ੍ਹਾਂ ਉਸ ਦਾ ਵੀ ਧੰਨਵਾਦ ਕਰ ਕੇ ਵਾਪਸ ਮੋੜ ਦਿੱਤਾ। ਉਨ੍ਹਾਂ ਫਿਰ ਆਪਣਾ ਸੰਕਲਪ ਦੁਹਰਾਇਆ ਕਿ ਉਨ੍ਹਾਂ ਨੂੰ ਮੌਕਾ ਮਿਲਿਆ ਸੀ, ਪਰ ਜਿਨ੍ਹਾਂ ਦੀਆਂ ਹੱਡੀਆਂ ਵਿਚ ਬੀਰਤਾ ਨਿਵਾਸ ਕਰ ਗਈ ਹੋਵੇ ਉਹ ਦ੍ਰਿੜ੍ਹਤਾ ਨੂੰ ਕਦੇ ਨਹੀਂ ਛੱਡਦੇ। ਨੰਬਰਦਾਰ ਸੂਜਾ ਫ਼ੌਜ ਨੂੰ ਡਲ ਪਿੰਡ ਹੀ ਛੱਡ ਕੇ ਆਪ ਵਾਪਸ ਆ ਗਿਆ।

ਸਵੇਰੇ ਜਦ ਪਿੰਡ ਦੇ ਮੁੱਖ ਬੁਲਾ ਕੀ ਨੇ ਫ਼ੌਜ ਨੂੰ ਪਿੰਡ ਘੇਰੇ ਹੋਏ ਡਿੱਠਾ ਤਾਂ ਉਸ ਨੇ ਗੱਲ ਸੁਣ ਕੇ ਦੱਸਿਆ ਕਿ ਤਾਰਾ ਸਿੰਘ ਦਾ ਪਿੰਡ ਤਾਂ ਦੋ ਕੋਹ ਦੂਰ ਹੈ। ਫ਼ੌਜ ਰਾਤ ਭਰ ਭੁੱਖੀ ਸੀ। ਸੋ ਉਨ੍ਹਾਂ ਲਈ ਤਾਂ ਖਾਣਾ ਆਦਿ ਤਿਆਰ ਹੋਣ ਲੱਗਾ ਤੇ ਇਕ ਬਿਰਧ ਤੁਰਕ ਅੱਖ ਬਚਾ ਕੇ ਤਾਰਾ ਸਿੰਘ ਪਾਸ ਗਿਆ ਕਿ ਉਹ ਉਥੋਂ ਕੁਝ ਚਿਰ ਲਈ ਚਲੇ ਜਾਣ। ਜਦ ਫ਼ੌਜਾਂ ਆਉਣਗੀਆਂ, ਖ਼ਾਲੀ ਵਾੜਾ ਦੇਖ ਕੇ ਵਾਪਸ ਮੁੜ ਜਾਣਗੀਆਂ। ਭਾਈ ਤਾਰਾ ਸਿੰਘ ਜੀ ਨੇ ਬ੍ਰਿਧ ਤੁਰਕ ਦਾ ਵੀ ਧੰਨਵਾਦ ਕੀਤਾ, ਪਰ ਆਪਣੇ ਇਰਾਦੇ ਅਟੱਲ ਦੱਸੇ।

*'ਹਮਹ ਸ਼ਹੀਦੀ ਚਿਤ ਧਰੀ,*
*ਹਮ ਨਠ ਨਹਿ ਕਿ ਕਤ ਜਾਤ।'*

ਇਥੋਂ ਇਕ ਗੱਲ ਦਾ ਪਤਾ ਲੱਗ ਜਾਣਾ ਚਾਹੀਦਾ ਹੈ ਕਿ ਪਿੰਡ ਜਾਂ ਨਗਰ ਨਿਵਾਸੀਆਂ ਵਿਚ ਸਿੱਖਾਂ ਪ੍ਰਤੀ ਕਿਤਨੀ ਸ਼ਰਧਾ ਸੀ।

ਭਾਈ ਤਾਰਾ ਸਿੰਘ ਜੀ ਨੇ ਸਾਰੇ ਸਿੰਘਾਂ ਨੂੰ ਹੱਥੀਂ ਇਸ਼ਨਾਨ ਕਰਾਇਆ ਅਤੇ ਜਦ ਸਿੰਘਾਂ ਨੇ ਭਾਈ ਤਾਰਾ ਸਿੰਘ ਜੀ ਨੂੰ ਇਸ਼ਨਾਨ ਕਰਾਉਣਾ ਚਾਹਿਆ ਤਾਂ ਉਨ੍ਹਾਂ ਕਿਹਾ :

***ਦੇਹਿ ਪਵਿਤ੍ਰ ਹੋਇ ਸ਼ਸਤ੍ਰ ਲਗਾਇ।'***

---

1. 'ਮੁਖ ਤਾਰਾ ਸਿੰਘ ਲਾਲੀ ਆਈ।
'ਹਮ ਆਪ ਚਹੈਂ ਤੁਰਕਨ ਸਿਰ ਲਾਈ'। ੧੬।
ਹਮ ਤੌਂ ਲਰ ਮਰ ਹੈ ਯਹਿ ਠਾਇ।
ਨਹਿ ਨਠਿ ਕੇ ਕਿਤ ਔਰਹਿ ਜਾਇ।'

Sri Satguru Jagjit Singh Ji eLibrary NamdhariElibrary@gmail.com

ਅਤੇ ਫਿਰ ਮੋਰਚੇ ਮੱਲ ਕੇ ਹਰ ਕੋਈ ਸਿੰਘ ਬੈਠ ਗਿਆ। ਧੌਂਸੇ 'ਤੇ ਚੋਟਾਂ ਪੈਣ ਲੱਗੀਆਂ। ਮੋਮਨ ਖ਼ਾਨ ਨੂੰ ਗਿਆਨ ਹੋ ਗਿਆ ਕਿ ਸਿੰਘ ਜੂਝਣ ਲਈ ਤਿਆਰ ਹਨ। ਮੋਮਨ ਖ਼ਾਨ ਦੀਆਂ ਫ਼ੌਜਾਂ ਵੀ ਨੇੜੇ ਆ ਗਈਆਂ।

ਫ਼ੌਜਾਂ ਨੂੰ ਲਾਗੇ ਆਉਂਦਾ ਦੇਖ ਬੁਲਾਕਾ ਸਿੰਘ ਜੀ ਨੇ ਨੇੜੇ ਹੋ ਕੇ ਤੀਰਾਂ ਦੀ ਵਾਛੜ ਅਰੰਭ ਕਰ ਦਿੱਤੀ। ਜਦ ਤੀਰਾਂ ਦਾ ਭੱਥਾ ਖ਼ਾਲੀ ਹੋ ਗਿਆ ਤਾਂ ਤਲਵਾਰ ਧੂਹ ਲਈ ਤੇ ਕਈਆਂ ਨੂੰ ਮਾਰਦੇ ਹੋਏ ਸ਼ਹੀਦ ਹੋ ਗਏ। ਸਿੰਘਾਂ ਪਾਸ ਕੋਈ ਬੰਦੂਕਾਂ ਤਾਂ ਹੈ ਨਹੀਂ ਸਨ, ਜੋ ਦੂਰੋਂ ਵਾਰ ਕਰਦੇ। ਟਿੰਡਾਂ ਵਿਚ ਬਾਰੂਦ ਪਾ ਕੇ ਮੋਢੇ 'ਤੇ ਸੁੱਟ ਲੈਂਦੇ ਅਤੇ ਪਲੀਤਾ ਲੱਗਾ ਫ਼ੌਜਾਂ ਵਲ ਜ਼ੋਰ ਦੀ ਬਾਰੂਦ ਵਾਲੀ ਟਿੰਡ ਛੱਡ ਦਿੰਦੇ। ਧਮਾਕੇ ਨਾਲ ਹੀ ਫ਼ੌਜਾਂ ਡਰ ਜਾਂਦੀਆਂ ਤੇ ਤਰਥਲੀ ਮੱਚ ਜਾਂਦੀ। ਮੱਚੀ ਭਗਦੜ ਵਿਚ ਸਿੰਘ ਤਲਵਾਰਾਂ ਲੈ ਕੇ ਪੈ ਜਾਂਦੇ। ਤਾਰਾ ਸਿੰਘ ਜੀ ਵੀ ਅੱਗੇ ਆ ਖਲੋਤੇ। ਆਪ ਜੀ ਨੂੰ ਅੱਗੇ ਹੁੰਦਾ ਦੇਖ ਮੋਮਨ ਖ਼ਾਨ ਦੀਆਂ ਫ਼ੌਜਾਂ ਨੇ ਵਾਰ ਕੀਤਾ। ਆਪ ਜੀ ਨੇ ਫੁਰਤੀ ਨਾਲ ਤੱਕੀਯ ਖ਼ਾਨ ਦੇ ਘੋੜੇ ਦੀਆਂ ਵਾਗਾਂ ਫੜ ਲਈਆਂ। ਤੱਕੀਯ ਖ਼ਾਨ ਨੇ ਆਪਣੇ ਆਪ ਨੂੰ ਸਾਰਾ ਹੀ ਸੰਜੋਅ ਨਾਲ ਢੱਕਿਆ ਹੋਇਆ ਸੀ। ਸਿਰਫ਼ ਮੂੰਹ ਹੀ ਨੰਗਾ ਸੀ। ਤਾਰਾ ਸਿੰਘ ਜੀ ਨੇ ਤੱਕੀਯ ਖ਼ਾਨ ਦੇ ਖੁਲ੍ਹੇ ਮੂੰਹ ਦਾ ਤਾਨ ਕੇ ਐਸਾ ਨੇਜ਼ੇ ਦਾ ਨਿਸ਼ਾਨਾ ਬੰਨ੍ਹਿਆ ਕਿ ਨੇਜ਼ਾ ਖਾਂਦੇ ਸਾਰ ਹੀ ਲਹੂ ਦਾ ਫੁਹਾਰਾ ਛੁੱਟ ਪਿਆ। ਐਸੀ ਮਾਰ ਖਾ ਕੇ ਤੱਕੀਯ ਖ਼ਾਨ ਪਿੱਛੇ ਹਟਿਆ। ਅੱਗੋਂ ਮੋਮਨ ਖ਼ਾਨ ਘੋੜਾ ਦੁੜਾਈ ਆ ਰਿਹਾ ਸੀ। ਉਸ ਲਹੂ ਵਗਦਾ ਦੇਖ ਪੁੱਛਿਆ, 'ਕਿਉਂ ਤੱਕੀਯ ਖ਼ਾਨ ਪਾਨ ਖਾਂਦੇ ਹੋ?' ਤਾਂ ਤੱਕੀਯ ਖ਼ਾਨ ਨੇ ਕਿਹਾ 'ਹਾਂ ਜੀ, ਤਾਰਾ ਸਿੰਘ ਵੰਡਦਾ ਪਇਆ ਹੈ' :

*'ਹੁਇ ਹਿੰਮਤ ਤੋ ਅਗੈ ਹੁਇ ਖਾਵੋ।*
*ਦੂਰ ਖੜੇ ਕਯਾ ਬਾਤ ਬਨਾਵੋ।'*

ਮੋਮਨ ਖ਼ਾਨ ਉਸੇ ਸਮੇਂ ਜਾਣ ਗਿਆ ਕਿ ਹੁਣ ਘੋੜਿਆਂ ਨਾਲ ਵਾੜਾ ਨਹੀਂ ਲਿਤਾੜਿਆ ਜਾ ਸਕੇਗਾ, ਹਾਥੀਆਂ ਨੂੰ ਅੱਗੇ ਵਧਾਉਣਾ ਚਾਹੀਦਾ ਹੈ, ਸੋ ਉਸ ਚੇਲੇ ਦਾ ਹਾਥੀ ਅੱਗੇ ਕੀਤਾ।

ਭਾਈ ਭੀਮ ਸਿੰਘ ਜੀ ਨੇ ਜਦੋਂ ਅੱਗੋਂ ਹਾਥੀ ਨੂੰ ਆਉਂਦਿਆਂ ਦੇਖਿਆ ਤਾਂ ਉਹ ਸ਼ੇਰ ਵਾਂਗ ਝਪਟੇ। ਭੀਮ ਸਿੰਘ ਹਾਥੀ ਨੂੰ ਰੋਕ ਕੇ ਉਸਦੇ ਕੰਨ ਫੜ ਕੇ ਸੁੰਡ ਦੇ ਆਸਰੇ ਹਾਥੀ ਦੀ ਗਰਦਨ ਤੇ ਚੜ੍ਹ ਗਿਆ ਅਤੇ ਤਲਵਾਰ ਖਿੱਚ ਕੇ ਮਹਾਵਤ ਨੂੰ ਮਾਰੀ। ਮਹਾਵਤ ਨੇ ਅੱਗੇ ਅੰਕਸ਼ ਕੀਤਾ ਜਿਸ ਕਾਰਨ ਤਲਵਾਰ ਦੇ ਟੋਟੇ ਹੋ ਗਏ। ਟੁੱਟੀ ਹੋਈ ਹੀ ਤਲਵਾਰ ਨਾਲ ਭੀਮ ਸਿੰਘ ਜੀ ਨੇ ਮਹਾਵਤ ਦਾ ਸਿਰ ਉਤਾਰ ਦਿੱਤਾ। ਇਧਰੋਂ ਤਾਰਾ ਸਿੰਘ ਜੀ ਨੇ ਲਖਬੀਰ ਸਿੰਘ ਨੂੰ ਵੰਗਾਰ ਪਾਈ ਤੇ ਉਸਨੇ ਛਾਲ ਮਾਰ ਕੇ ਹੁੱਦੇ ਵਿਚ ਹੀ ਚੇਲੇ ਨੂੰ ਮਾਰ ਦਿੱਤਾ ਤੇ ਹਾਥੀ ਨੂੰ ਸ਼ਾਹੀ ਫ਼ੌਜਾਂ ਵੱਲ ਧੱਕ ਦਿੱਤਾ ਅਤੇ ਆਪੂੰ ਛਾਲ ਮਾਰ ਕੇ ਹੇਠਾਂ ਆ ਗਏ।

ਇਥੇ ਹੀ ਕੁਰਬਾਨ ਪਿੰਡ ਦੇ ਦੋ ਸਿੰਘ ਆਪਣੀਆਂ ਪੈਲੀਆਂ ਲਈ ਕਲਰ ਰੂੜੀ ਲੈਣ ਆਏ ਸਨ। ਜਦ ਉਹ ਪਿੰਡ ਨੇੜੇ ਪੁੱਜੇ ਤਾਂ ਸਿੰਘਾਂ ਨੂੰ ਸ਼ਹੀਦ ਹੁੰਦਾ ਦੇਖ, ਇਕ ਭਰਾ ਨੇ ਦੂਜੇ ਨੂੰ ਕਿਹਾ : 'ਲੈ ਵੀਰਾ ਗੱਡਾ ਸੰਭਾਲ, ਮੈਂ ਤਾਂ ਚਲ ਕੇ ਭਰਾਵਾਂ ਨਾਲ ਸ਼ਹੀਦ ਹੁੰਦਾ ਹਾਂ।' ਵੀਰ ਨੇ ਕਿਹਾ : 'ਮੈਂ ਕੀ ਕਰਨਾ ਹੈ, ਪਿੱਛੋਂ ਜ਼ਿੰਦਾ ਰਹਿ ਕੇ। ਮੈਂ ਵੀ ਸ਼ਹੀਦ ਹੋਣਾ

ਹੈ।' ਦੋਵਾਂ ਭਰਾਵਾਂ ਨੇ ਤਲਵਾਰਾਂ ਧੂਹ ਲਈਆਂ ਤੇ ਪਿਛਲੇ ਪਾਸਿਉਂ ਤੁਰਕਾਂ ਦੀ ਫ਼ੌਜ ਨੂੰ ਚੀਰਦੇ ਤੇ ਮਾਰਦੇ ਸਿੰਘਾਂ ਨਾਲ ਆ ਰਲੇ ਅਤੇ ਬੀਰਤਾ ਦੇ ਨਵੇਂ ਪੂਰਨੇ ਪਾ ਦਿੱਤੇ।

ਮੋਮਨ ਖ਼ਾਨ ਨੇ ਡਿੱਠਾ ਕਿ ਤੱਕੀਯ ਖ਼ਾਨ ਤਾਂ ਪਿੱਛੇ ਹੀ ਹਟ ਗਿਆ ਹੈ, ਤਾਂ ਉਸ ਦਇਆ ਰਾਮ, ਮਨਸਾ ਰਾਮ ਤੇ ਹੋਰ ਸਾਰੇ ਦਸਤਿਆਂ ਨੂੰ ਇਕੋ ਵਾਰ ਹੀ ਸਿੱਖਾਂ ਤੇ ਟੁੱਟ ਪੈਣ ਲਈ ਹੁਕਮ ਦਿੱਤਾ। ਸਿੰਘਾਂ ਦੇ ਜੋਸ਼ ਅੱਗੇ ਸਾਰੇ ਹੀ ਨੱਠ ਗਏ। ਰਾਤ ਪੈ ਗਈ। ਅਗਲੇ ਦਿਨ ਫਿਰ ਜੂਝੇ।

ਗਿਣਤੀ ਦੇ ੨੧ ਸਿੰਘ ਕਿਥੋਂ ਤਕ ਟਾਕਰਾ ਕਰ ਸਕਦੇ ਸਨ, ਸੋ ਸਵੇਰੇ ਸਭ ਸ਼ਹੀਦੀਆਂ ਪ੍ਰਾਪਤ ਕਰ ਗਏ। ਸਭ ਸਿੰਘਾਂ ਦੇ ਸੀਸ ਕੱਟ ਕੇ, ਜਿੱਤ ਦੇ ਡੰਕੇ ਵਜਾਂਦਿਆਂ ਬਚੀਆਂ ਖੁਚੀਆਂ ਫ਼ੌਜਾਂ ਲਾਹੌਰ ਪੁੱਜੀਆਂ। ਪਰ ਸਿੰਘਾਂ ਨੇ ਇਹ ਸਾਬਤ ਕਰ ਦਿੱਤਾ ਕਿ ਮਰਦਾਨਗੀ ਕਿਸ ਨੂੰ ਕਹਿੰਦੇ ਹਨ ਅਤੇ ਡੱਟਣਾ ਕੈਸਾ ਹੁੰਦਾ ਹੈ।

**ਸਿੰਘਾਂ ਦਾ ਖ਼ਜ਼ਾਨਾ ਲੁੱਟਣਾ** : ਭਾਈ ਤਾਰਾ ਸਿੰਘ ਦੀ ਸ਼ਹੀਦੀ ਸੁਣ ਕੇ ਸਾਰੇ ਮਾਝੇ ਵਿਚ ਜੋਸ਼ ਦਾ ਇਕ ਤੂਫ਼ਾਨ ਉਠ ਖਲੋਤਾ। ਕੈਰੋਂ ਪਿੰਡ ਦੇ ਕਈ ਨੌਜਵਾਨ ਅੰਮ੍ਰਿਤ ਛਕ ਪੰਥ ਵਿਚ ਸ਼ਾਮਲ ਹੋਏ।

ਪੰਥ ਨੇ ਗੁਰਮਤਾ ਕੀਤਾ ਕਿ ਚੁੱਪ ਕੱਟੀ ਕਰਨੀ ਠੀਕ ਨਹੀਂ, ਇਸ ਲਈ :

(੧) ਸ਼ਾਹੀ ਹਕੂਮਤ ਦੇ ਖ਼ਜ਼ਾਨਿਆਂ ਤੇ ਹੱਥ ਸਾਫ਼ ਕੀਤੇ ਜਾਣ।

(੨) ਘੋੜੇ ਤੇ ਹਥਿਆਰ ਪ੍ਰਾਪਤ ਕਰਨ ਲਈ ਖ਼ਾਸ ਉੱਦਮ ਕੀਤਾ ਜਾਏ।

(੩) ਹਕੂਮਤ ਦੇ ਸਹਾਇਕਾਂ ਅਤੇ ਖ਼ੁਸ਼ਾਮਦੀਆਂ ਨੂੰ ਦੰਡ ਦਿੱਤੇ ਜਾਣ।

ਕਾਹਨੂੰਵਾਨ ਦੇ ਛੰਭਾਂ ਤੇ ਲੱਖੀ ਜੰਗਲ ਵਿਚ ਸਿੰਘਾਂ ਬਾਹਰ ਨਿਕਲਣ ਦਾ ਨਿਰਣਾ ਲੈ ਲਿਆ। ਇਕ ਤਾਂ ਉਹ ਚਾਹੁੰਦੇ ਸਨ ਕਿ ਇਹ ਪ੍ਰਗਟ ਕੀਤਾ ਜਾਏ ਕਿ ਭਾਈ ਤਾਰਾ ਸਿੰਘ ਜੀ ਦੀ ਸ਼ਹਾਦਤ ਬਾਅਦ ਉਨ੍ਹਾਂ ਦੇ ਹੌਸਲੇ ਵਧੇ ਹਨ ਤੇ ਦੂਜੇ ਲਾਹੌਰੋਂ ਸਰਕਾਰ ਨੂੰ ਆਪਣੀ ਹੋਂਦ ਦਾ ਅਹਿਸਾਸ ਕਰਾਇਆ ਜਾਏ। ਸਿੱਖਾਂ ਨੂੰ ਖ਼ਬਰ ਪੁੱਜੀ ਕਿ ਚਵਿੰਡਾ ਥਾਣੇ ਵਲੋਂ ਖ਼ਜ਼ਾਨਾ ਆ ਰਿਹਾ ਹੈ, ਸੋ ਉਨ੍ਹਾਂ ਦੇ ਜਥੇ ਨੇ ਰਾਹ ਵਿਚ ਹੀ ਲੁੱਟ ਲਿਆ। ਉਥੇ ਹੀ ਇਹ ਖ਼ਬਰ ਵੀ ਮਿਲੀ ਕਿ ਕਸੂਰ ਤੇ ਚੂਨੀਆਂ ਦਾ ਖ਼ਜ਼ਾਨਾ ਲਾਹੌਰ ਤੋਂ ਆ ਰਿਹਾ ਹੈ। ਸਿੰਘਾਂ ਨੇ ਕਾਹਨਾ ਕਾਛਾ ਦੇ ਕਰੀਬ ਲੁੱਟ ਕੇ ਆਪਣੇ ਖ਼ਜ਼ਾਨੇ ਭਰੇ। ਜਥੇਦਾਰ ਦਰਬਾਰਾ ਸਿੰਘ ਜੀ ਦੀ ਅਗਵਾਈ ਹੇਠਾਂ ਮੁਲਤਾਨ ਤੋਂ ਦਿੱਲੀ ਵੱਲ ਜਾਂਦੇ ਸ਼ਾਹੀ ਖ਼ਜ਼ਾਨੇ ਨੂੰ ਕਬਜ਼ੇ ਵਿਚ ਕੀਤਾ। ਤਕਰੀਬਨ ੪ ਲੱਖ ਰੁਪਿਆ ਸਿੰਘਾਂ ਦੇ ਹੱਥ ਆਇਆ।[1] ਕਈ ਪਾਸੇ ਹੋਰ ਮੱਲਾਂ ਮਾਰੀਆਂ। ਇਨ੍ਹਾਂ ਹੀਲਿਆਂ ਵਿਚ ਸਿੱਖ ਇਤਨੀ ਇਹਤਿਆਤ ਵਰਤਦੇ ਸਨ ਕਿ ਕਿਸੇ ਬੇਦੋਸ਼ੇ ਦਾ ਨੁਕਸਾਨ ਨ ਹੋਵੇ।

ਇਕ ਉਦਾਹਰਨ ਦੇਣੀ ਇਥੇ ਕੁ-ਥਾਂ ਨਹੀਂ ਹੋਵੇਗੀ। ਸਿਆਲਕੋਟ ਦੇ ਸੇਠ ਪ੍ਰਤਾਪ ਚੰਦ ਦਾ ਟਾਂਡਾ ਹਰਿਗੋਬਿੰਦ ਪੁਰ ਉਤਰਿਆ ਸੀ। ਸਿੰਘਾਂ ਦਾ ਸੁਣਨਾ ਸੀ ਕਿ ਜਾ ਕਬਜ਼ਾ

1. ਉਸ ਸਮੇਂ ਖ਼ਜ਼ਾਨਾ ਸ਼ਾਹੀ, ਮੁਲਤਾਨ ਦਿੱਲੀ ਜੋ ਜਾਹੀ।
ਤਾਕੇ ਸੰਗ ਫ਼ੌਜ ਖਵਾਰੀ, ਥੀ ਸੋ ਦੌੜ ਗਈ ਕਿਤਸਾਰੀ।
ਗਡੇ ਭਰੇ ਰੁਪਯਨ ਕੇਰੇ, ਚਾਰ ਲੱਖ ਕੇ ਥੇ ਸੋ ਨੇਰੇ।

Sri Satguru Jagjit Singh Ji eLibrary NamdhariElibrary@gmail.com

ਕੀਤਾ, ਪਰ ਜਦ ਇਹ ਦੱਸਿਆ ਗਿਆ ਕਿ ਇਹ ਤਾਂ ਵਪਾਰੀ ਸੀ ਅਤੇ ਸਰਕਾਰ ਦਾ ਕੋਈ ਸੰਬੰਧ ਨਹੀਂ ਸੀ ਤਾਂ ਉਸੇ ਸਮੇਂ ਇਨ-ਬਿਨ ਜਾ ਵਾਪਸ ਮੋੜਿਆ।

ਇਸੇ ਸਾਲ ਸਤੰਬਰ ੧੭੨੬ ਵਿਚ ਕੰਧਾਰ ਤੋਂ ਮੁਰਤਜ਼ਾ ਖ਼ਾਨ ਦਿੱਲੀ ਦੇ ਪਾਤਸ਼ਾਹ ਲਈ ਘੋੜੇ ਲੈ ਜਾ ਰਿਹਾ ਸੀ ਤਾਂ ਸਿੰਘਾਂ ਨੇ ਘੋੜੇ ਜੰਡਿਆਲਾ ਪਾਸ ਹੀ ਖੋਹ ਲਏ। ਭਾਈ ਬਾਘ ਸਿੰਘ ਹਲੋਵਾਲੀਆ ਤੇ ਬੁੱਢਾ ਸਿੰਘ ਸ਼ੁਕਰਚਕੀਆ ਨੇ ਗੋਇੰਦਵਾਲ ਤੋਂ ਬਿਆਸਾ ਪਾਰ ਕਰਕੇ ਮੁਹੰਮਦ ਜਾਫ਼ਰ ਖ਼ਾਨ ਦਾ ਸੱਤ ਹਜ਼ਾਰ ਦਾ ਕਾਫ਼ਲਾ ਵੀ ਲੁੱਟ ਲਿਆ।

ਜ਼ਕਰੀਆ ਖ਼ਾਨ ਵੀ ਅਵੇਸਲਾ ਨਹੀਂ ਸੀ ਰਹਿ ਸਕਦਾ। ਉਸ ਨੇ ੨੦,੦੦੦ ਦੇ ਕਰੀਬ ਸਿਪਾਹੀਆਂ ਨੂੰ ਸਿੰਘਾਂ ਦੇ ਟਿਕਾਣੇ ਉਜਾੜਨ ਤੇ ਉਨ੍ਹਾਂ ਦੇ ਕੰਮਾਂ ਵਿਚ ਰੋਕ ਪਾਉਣ ਲਈ ਨਿਯਤ ਕਰ ਦਿੱਤਾ। ਜੋ ਕੈਰੋਂ ਦੇ ਸਿੰਘ ਸਜੇ ਸਨ, ਉਨ੍ਹਾਂ ਤੇ ਉਚੇਚਾ ਧਾਵਾ ਬੋਲਿਆ। ਉਨ੍ਹਾਂ ਵਿਚੋਂ ਇਕ ਸਾਹਿਬ ਸਿੰਘ ਹੀ ਬਚੇ, ਪਰ ਸਿੰਘ ਫ਼ੌਜਾਂ ਨਾਲ ਟਕਰਾਂ ਲੈਂਦੇ ਤੇ ਲਾਹੌਰ ਸਰਕਾਰ ਨੂੰ ਆਪਣੀ ਹੋਂਦ ਜਤਾਈ ਜਾਂਦੇ ਸਨ। ਬੇਗਮਪੁਰਾ ਲਾਹੌਰ ਤਕ ਸਿੱਖ ਮਾਰਾਂ ਕਰਦੇ। ਜਿਤਨੀ ਵਾਰੀ ਉਹ ਬੇਗਮਪੁਰਾ ਤਕ ਆਏ, ਉਸਨੇ ਜ਼ਕਰੀਆ ਖ਼ਾਨ ਨੂੰ ਹੈਰਾਨ ਹੀ ਕਰੀ ਰੱਖਿਆ। ਫਿਰ ਸਿੱਖ ਫੁਰਤੀ ਨਾਲ ਉਥੇ ਪੁੱਜ ਜਾਂਦੇ ਸਨ, ਜਿਥੇ ਸ਼ਾਹੀ ਫ਼ੌਜੀਆਂ ਦਾ ਪੁੱਜਣਾ ਬਹੁਤ ਹੱਦ ਤਕ ਅਸੰਭਵ ਹੀ ਸੀ। ਸਾਲਾਂ ਤੋਂ ਦਿੱਲੀ ਮਾਮਲਾ ਨਹੀਂ ਸੀ ਜਾ ਸਕਿਆ। ਕੁਝ ਲੁੱਟ ਲਿਆ ਜਾਂਦਾ ਤੇ ਕੁਝ ਪ੍ਰਬੰਧ ਤੇ ਹੀ ਖ਼ਰਚ ਹੋ ਜਾਂਦਾ। ਸਿੰਘਾਂ ਦਾ ਹੱਥ ਉਤਾਂਹ ਹੀ ਹੋ ਰਿਹਾ ਸੀ। ਭਾਈ ਰਤਨ ਸਿੰਘ ਜੀ ਭੰਗੂ ਦੇ ਅਨੁਸਾਰ ਵਿਰੋਧੀਆਂ ਦਾ ਤੁਰਨਾ ਫਿਰਨਾ ਵੀ ਸਿੰਘਾਂ ਬੰਦ ਹੀ ਕਰ ਦਿੱਤਾ ਸੀ :

*'ਰਾਤ ਦਿਵਸ ਸਿੰਘ ਤੁਰਨ ਸਤਾਹਿ,*
*ਚਲਨ ਨ ਦੇਵੈ ਉਨ ਕੋ ਰਾਹਿ।'*

ਜੇ ਕੋਸ਼ਿਸ਼ ਕਰਕੇ ਸ਼ਾਹੀ ਫ਼ੌਜਾਂ ਸਿੱਖਾਂ ਦੇ ਟਿਕਾਣਿਆਂ ਤੱਕ ਪੁੱਜ ਹੀ ਜਾਂਦੀਆਂ ਤਾਂ ਉਹ ਝਾੜਾਂ ਵਿਚ ਉਤਰਨ ਤੋਂ ਕਤਰਾਂਦੀਆਂ, ਪਰ ਸਿੰਘ ਝਾੜਾਂ ਵਿਚ ਖੜ੍ਹੇ ਹੀ ਸਾਰੀ ਰਾਤ ਗੁਜ਼ਾਰ ਦਿੰਦੇ ਸਨ।[1] ਸੋ ਲਾਹੌਰ ਸਰਕਾਰ ਨੇ ਇਕ ਤਗੜਾ ਹੱਲਾ ਕਰਨ ਦੀ ਵਿਉਂਤ ਬਣਾਈ ਪਰ ਸਿੱਖਾਂ ਉਹ ਵੀ ਨਿਸਫਲ ਬਣਾ ਦਿੱਤਾ।

**ਭੀਲਵਾਲ ਦੀ ਲੜਾਈ** : ਉਨ੍ਹਾਂ ਦਿਨਾਂ ਵਿਚ ਹੀ ਚਾਰੇ ਪਾਸੇ ਫ਼ੌਜਾਂ ਸਿੱਖਾਂ ਨੂੰ ਘੇਰਨ ਲਈ ਭੇਜੀਆਂ ਗਈਆਂ। ਫ਼ੌਜਾਂ ਸਿੰਘ ਦੇ ਟਿਕਾਣਿਆਂ ਤੱਕ ਪੁੱਜ ਗਈਆਂ, ਪਰ ਬਾਰਸ਼ ਬਹੁਤ ਜ਼ੋਰ ਦੀ ਹੋਣ ਲੱਗ ਪਈ। ਸਿੰਘ ਰਾਵੀ ਦੇ ਕੰਢੇ ਹਵੇਲੀ ਵਿਚ ਸਨ। ਉਥੋਂ ਕਰਤਾਰਪੁਰ ਪਿੰਡ ਜਾ ਲੁਕੇ। ਅੰਦਰ ਖਾਣ-ਪੀਣ ਦਾ ਸਾਮਾਨ ਖ਼ਤਮ ਹੋ ਗਿਆ। ਸਿੱਖਾਂ ਨਿਕਲਣਾ ਚਾਹਿਆ, ਪਰ ਸਾਹਮਣੇ ਤੋਪਾਂ ਵਰ੍ਹ ਰਹੀਆਂ ਸਨ। ਦੇਵਨੇਤ ਇਤਨੀ ਤੇਜ਼ ਬਾਰਸ਼ ਹੋਈ ਕਿ ਸਭ ਤੋਪਾਂ ਨਾਕਾਰਾ ਹੋ ਗਈਆਂ। ਸਿੱਖ ਦੁਸ਼ਮਨ ਉੱਤੇ ਟੁੱਟ ਪਏ। ਦੁਸ਼ਮਨ ਦਾ ਨੁਕਸਾਨ ਕਰ ਕੇ ਸਿੰਘ ਨਿਕਲ ਗਏ। ਮੁਗ਼ਲ ਫ਼ੌਜਾਂ ਖ਼ੁਸ਼ ਸਨ ਕਿ ਸਿੱਖਾਂ ਨੂੰ ਮਾਰ ਮੁਕਾਇਆ ਤੇ ਲਾਹੌਰ ਮੁੜਨ ਦੀਆਂ ਤਿਆਰੀਆਂ ਕਰਨ ਲੱਗੇ। ਰਸਤੇ ਵਿਚ ਮੁਗ਼ਲਾਂ ਭੀਲਵਾਲ ਡੇਰਾ

---

1. ਸਿੰਘਨ ਪੈ ਗੜ੍ਹ ਨਹਿ ਹੁਤੇ, ਜਿਤ ਕੀ ਓਟ ਲੜਹਿ।
ਉਠ ਨਠ ਰੋਹੀ ਮਧ ਛਿਪਹਿ, ਕੈ ਖੂਹਨ ਖੱਡਨ ਮਾਹਿ।
'ਸਿੰਘ ਆਥਣ ਨਿਸ ਦਿਨ ਖੜਾਹਿ।' (ਪ੍ਰਾਚੀਨ ਪੰਥ ਪ੍ਰਕਾਸ਼)

Sri Satguru Jagjit Singh Ji eLibrary NamdhariElibrary@gmail.com

ਕੀਤਾ। ਪਠਾਣ ਇਕ ਪਾਸੇ ਹੋ ਕੇ ਰੰਗ ਰਲੀਆਂ ਮਨਾਉਣ ਲੱਗੇ, ਕੁਝ ਆਰਾਮ ਕਰਨ ਲੱਗੇ। ਸਿੰਘ ਅਚਾਨਕ ਇੱਲ ਵਾਂਗ ਝਪਟ ਕੇ ਪੈ ਗਏ। ਮੁਗ਼ਲਾਂ ਦੇ ਘੋੜੇ ਹੀ ਸਿੰਘਾਂ ਦੇ ਕੰਮ ਆਏ। ਸਿੰਘਾਂ ਨੇ ਕਾਫ਼ੀ ਸਾਮਾਨ ਲੁੱਟਿਆ ਅਤੇ ਕਈਆਂ ਨੂੰ ਮਾਰ ਮੁਕਾਇਆ। ਕਈ ਡਰ ਕੇ ਨੱਸ ਗਏ। ਮੁਰਤਜ਼ਾ ਖ਼ਾਨ, ਰਾਜਾ ਟੋਡਰ ਮੱਲ ਦਾ ਪੋਤਰਾ, ਕਈ ਪੀਰ, ਫ਼ਕੀਰ, ਹਾਜੀ ਬਾਬਰ ਬੇਗ ਤੇ ਕਿਤਨੇ ਹੋਰ ਥਾਂ ਤੇ ਹੀ ਮਾਰੇ ਗਏ। ਭੀਲਵਾਲ ਦੀ ਲੜਾਈ ਫ਼ੈਸਲਾ-ਕੁਨ ਸੀ, ਜਿਸ ਨੇ ਜ਼ਕਰੀਆ ਖ਼ਾਨ ਨੂੰ ਕੁਝ ਹੋਰ ਸੋਚਣ ਉੱਤੇ ਮਜਬੂਰ ਕਰ ਦਿੱਤਾ।

**ਜਗੀਰ ਭੇਜਣੀ** : ਜ਼ਕਰੀਆ ਖ਼ਾਨ ਨੇ ਸੋਚਿਆ ਕਿ ਸਮਾਂ ਆ ਗਿਆ ਹੈ ਕਿ ਸਿੱਖਾਂ ਨੂੰ ਚੁੱਪ ਕਰਾਉਣ ਲਈ ਕੋਈ ਹੋਰ ਹਥਿਆਰ ਵਰਤਿਆ ਜਾਏ। ਖ਼ਜ਼ਾਨੇ ਦਾ ਖ਼ਾਲੀ ਹੋਣਾ, ਫ਼ੌਜਾਂ ਦਾ ਮਾਰਿਆ ਜਾਣਾ ਅਤੇ ਸਭ ਤੋਂ ਵੱਧ ਸਿੰਘਾਂ ਦਾ ਨਿੱਤ ਚੜ੍ਹਦੀ ਕਲਾ ਵਿਚ ਹੋਣਾ ਹੈਰਾਨ ਕਰਨ ਵਾਲਾ ਸੀ। ਜ਼ਕਰੀਆ ਖ਼ਾਨ ਨੇ ਦਿੱਲੀ ਲਿਖ ਭੇਜਿਆ ਕਿ ਸਿੱਖਾਂ ਨੂੰ ਪਿਆਰ ਨਾਲ ਵਸ ਕਰਨ ਦੀ ਲੋੜ ਹੈ। ਹੁਣ ਟੁਕ ਪਾਉਣ ਦੀ ਲੋੜ ਹੈ, ਜਿਸ ਨਾਲ ਸ਼ਾਇਦ ਇਹ ਕਾਬੂ ਆ ਜਾਣ। ਇਸ ਤਰ੍ਹਾਂ ਛਲ ਕੇ ਵਸ ਕਰ ਲੈਣਾ ਚਾਹੀਦਾ ਹੈ, ਪਰ ਫਿਰ ਜਦ ਸਮਾਂ ਆਵੇ ਝਪਟ ਕੇ ਪਕੜ ਲੈਣਾ ਚਾਹੀਦਾ ਹੈ।[1] ਸੋ ਜ਼ਕਰੀਆ ਖ਼ਾਨ ਨੇ ੧੭੩੩ ਈ: ਦੇ ਅਰੰਭ ਵਿਚ ਹੀ ਜਗੀਰ ਭੇਜਣ ਦਾ ਫੈਸਲਾ ਕੀਤਾ। ਸਰਦਾਰ ਸੁਬੇਗ ਸਿੰਘ ਜੀ ਸਰਕਾਰੀ ਠੇਕੇਦਾਰ ਸਨ ਅਤੇ ਪੰਥ ਉਨ੍ਹਾਂ ਨੂੰ 'ਸਿੰਘ ਸੁਜਾਨ' ਕਹਿੰਦਾ ਸੀ। ਜ਼ਕਰੀਆ ਖ਼ਾਨ ਨੇ ਭਾਈ ਜੀ ਨੂੰ ਸੱਦ ਘਲਿਆ ਤੇ ਕਿਹਾ ਕਿ ਸਿੰਘਾਂ ਨਾਲ ਸਾਡੀ ਗੱਲ ਕਰਾ ਦਿਓ। ਸਿੰਘਾਂ ਨੂੰ ਕਹੋ ਕਿ 'ਗੁਰ ਚਕ ਹਮ ਕਰਦੇ ਪੈਰ ਨ ਪਾਵਹਿ।' ਬੇਸ਼ੱਕ ਮੇਲੇ ਲਗਾਓ ਤੇ ਨਨਕਾਣਾ ਸਾਹਿਬ ਤੇ ਰੋੜੀ ਸਾਹਿਬ ਜਦ ਮਰਜ਼ੀ ਜਾਓ। ਡੇਰੇ ਸਾਹਿਬ, ਖਡੂਰ ਤੇ ਤਰਨਤਾਰਨ ਜਾਣ ਦੀ ਖੁਲ੍ਹ ਹੈ। ਸਿੰਘਾਂ ਨੂੰ ਭੁਚਲਾਉਣ ਲਈ ਕਿਹਾ :

*'ਸਭ ਤੁਮਾਰੋ ਦੇਸ ਹੈ,*
*ਸਭ ਤੁਮਰੇ ਅਜ਼ੀਜ਼ ਭਿਰਾਇ।'*

ਸਰਦਾਰ ਸੁਬੇਗ ਸਿੰਘ ਜੀ ਨੇ ਜ਼ਕਰੀਆ ਨੂੰ ਕਿਹਾ : 'ਤੇਰੇ ਵਿਚਾਰ ਚੰਗੇ ਹਨ ਪਰ ਕੋਈ ਚੀਜ਼ ਦੇਹ ਵੀ ਤਾਂ ਮੈਂ ਖ਼ਾਲਸੇ ਕੋਲ ਜਾਵਾਂ। ਇਨ੍ਹਾਂ ਨਿਰੀਆਂ ਗੱਲਾਂ ਨਾਲ ਤਾਂ ਕੁਝ ਹੋਣ ਨਹੀਂ ਲੱਗਾ। ਫਿਰ ਕੁਝ ਮਗਰੋਂ ਵੀ ਭੇਜੀਂ ਤਾਂ ਸ਼ਾਇਦ ਸਿੱਖ ਸ਼ਾਂਤ ਹੋਣ ਤੇ ਸਨੇਹ ਹੋਵੇ।'[2] ਸੋ ਨਵਾਬੀ, ਪਟਾ ਜਾਗੀਰ ਦਿੱਤਾ ਅਤੇ ਭਾਈ ਸਾਹਿਬ ਜਗੀਰ ਲੈ ਕੇ ਸ੍ਰੀ ਅਕਾਲ

1. ਗੁੜ ਦਿਤੈ ਦੁਸ਼ਮਨ ਮਰੈ ਕਿਮ ਮੁਹਰੈ ਖਰੀਦੀਏ ਧਾਏਂ।
ਕਹੈ ਸਿਆਣੈ ਗਲ ਇਮੈ ਟੁਕ ਪਾਏ ਕੁੱਤਾ ਨ ਕਟਾਇ॥
ਕਹੋਂ ਤੋ ਉਸ ਸੋਂ ਛਲ ਕੋਊ ਕੀਜੈ।
ਫਿਰ ਮਾਰ ਲਈਗ ਜਬ ਆਵਨ ਪਤੀਜੈ।
ਯਹ ਗਨੀਮ ਹੈ ਬੁਰੀ ਬਲਾਇ।
ਕਹੋ ਪਰਚਾਈਏ ਇਸ ਟੁਕ ਪਾਇ।

2. 'ਕਿਛ ਖਾਲਸੈ ਮੈ ਢਿਗ ਕੇ ਰਾਖੀ'
ਅਤੇ
ਕੁਛ ਤੋਂਫੋ ਤੁਫ਼ਾਯਤ ਔ ਮਗਰੋਂ ਕੇਹੁ।
ਤਊ ਬਣੈ ਤੁਮ ਸਯੋ ਉਨ ਨੇਹੁ।

Sri Satguru Jagjit Singh Ji eLibrary NamdhariElibrary@gmail.com

ਤਖ਼ਤ ਜੁੜੇ ਖ਼ਾਲਸਾ ਜੀ ਕੋਲ ਪੁੱਜੇ। ਸਰਦਾਰ ਸੁਬੇਗ ਸਿੰਘ ਜੀ ਨੇ ਆਪੂੰ 'ਹੇ ਖ਼ਾਲਸੇ ਸਭ ਬਖ਼ਸ਼ਨ ਜੋਗ, ਹਮ ਤਨਖ਼ਾਹੀ ਘਰ ਬਾਰੀ ਲੋਕ' ਆਖ ਕੇ ਤਨਖ਼ਾਹ ਲਾਉਣ ਲਈ ਬੇਨਤੀ ਕੀਤੀ। ਤਨਖ਼ਾਹ ਖਾਲਸੇ ਲਗਾਈ, ਪਰ ਨਿਮਰਤਾ ਦੇਖ ਕੇ ਬਖ਼ਸ਼ ਵੀ ਦਿੱਤੀ।

ਭਾਈ ਸੁਬੇਗ ਸਿੰਘ ਨੇ ਆਉਣ ਦਾ ਮਕਸਦ ਦੱਸਿਆ ਤੇ ਨਵਾਬੀ ਪੇਸ਼ ਕੀਤੀ। 'ਖਿਤਾਬ' ਦੇ ਨਾਲ-ਨਾਲ ਇਕ ਲੱਖ ਰੁਪਏ ਦੀ ਦੀਪਾਲ ਪੁਰ, ਕੰਗਨਵਾਲ ਅਤੇ ਝਬਾਲ ਦੇ ਪਰਗਨਿਆਂ ਦੀ ਜਾਗੀਰ ਵੀ ਦਿੱਤੀ। ਇਕ ਆਵਾਜ਼ ਨਾਲ ਹੀ ਸਿੰਘਾਂ ਨਾਂਹ ਕਰ ਦਿੱਤੀ ਤੇ ਕਿਹਾ : 'ਦੂਰ ਹਟਾਓ।' ਠੰਢੇ ਮਿੱਠੇ ਸੁਭਾਅ ਵਾਲੇ ਭਾਈ ਸੁਬੇਗ ਸਿੰਘ ਜੀ ਨੇ ਕਿਹਾ ਕਿ ਕਾਹਲੀ ਨਾਲ ਫ਼ੈਸਲਾ ਨਾ ਕਰੋ :

*ਯਿਹ ਕਯਾ ਕਹੋ, ਤੁਮ ਗੱਲ ਅਵਿਚਾਰੀ।'*

ਫਿਰ ਕਿਹਾ ਇਹ ਤਾਂ ਸਗੋਂ ਸੇਵਾ ਦਾ ਸਮਾਂ ਮਿਲਿਆ ਹੈ। ਦੱਸੋ ਸਭ ਨੂੰ ਕਿ ਜੇ ਸਾਡਾ ਰਾਜ ਆਇਆ ਤਾਂ ਅਜਿਹਾ ਪ੍ਰਬੰਧ ਕਰਾਂਗੇ। *'ਗਰੀਬਨ ਕੀ ਰੱਛਿਆ ਕਰੋ ਅਤੇ ਲੋਕਾਂ ਨੂੰ ਤੁਰਕਨ ਤੇ ਤੋੜ ਲਵੋ।'* ਇਹ ਸੁਣ ਕੇ ਸਾਰਿਆਂ ਨਵਾਬੀ ਸਰਦਾਰ ਦਰਬਾਰਾ ਸਿੰਘ ਜੀ[1] ਨੂੰ ਆਗੂ ਸਮਝ ਕੇ ਪੇਸ਼ ਕਰ ਦਿੱਤੀ। ਸਰਦਾਰ ਦਰਬਾਰਾ ਸਿੰਘ ਨੇ ਨਵਾਬੀ ਲੈਣ ਤੋਂ ਇਨਕਾਰ ਕਰ ਦਿੱਤਾ ਅਤੇ ਕਿਹਾ : ''ਨਵਾਬੀ ਕੀ ਹੈ, ਗੁਰੂ ਤਾਂ ਸ਼ਹਿਨਸ਼ਾਹੀ ਦੇ ਗਿਆ ਹੈ। ਗੁਰੂ ਦੇ ਸ਼ਬਦ ਪੂਰੇ ਹੋਣੇ ਹਨ। ਖ਼ਾਲਸਾ ਇਹ ਨੀਵੀਂ ਪਦਵੀ ਲੈਣ ਲਈ ਤਿਆਰ ਨਹੀਂ।''[2] ਫਿਰ ਨਵਾਬੀ ਬਾਕੀ ਸਭ ਉੱਘੇ ਆਗੂਆਂ ਭਾਈ ਬੁੱਢਾ ਸਿੰਘ, ਸਰਦਾਰ ਕਪੂਰ ਸਿੰਘ, ਜੱਸਾ ਸਿੰਘ, ਥਰਾਜ ਸਿੰਘ, ਕਰਮ ਸਿੰਘ, ਭੋਗਾ ਸਿੰਘ ਤੇ ਗਰਜਾ ਸਿੰਘ ਅੱਗੇ ਪੇਸ਼ ਕੀਤੀ ਗਈ, ਪਰ ਸਭ ਨੇ ''ਹਮ ਕੋ ਲੋੜ ਨਵਾਬੀ ਨਹੀਂ'' ਆਖ ਕੇ ਠੁਕਰਾ ਦਿੱਤੀ। ਸਭ ਪਾਸੇ ਚੁੱਪ ਛਾ ਗਈ। ਉਸ ਚੁੱਪ ਵਾਤਾਵਰਨ ਵਿਚ ਅਕਾਲ ਤਖ਼ਤ ਤੋਂ ਬਾਣੀ ਪੜ੍ਹਨ

---

1. ਖ਼ੁਸ਼ਕਿਸਮਤੀ ਨੂੰ ਬਿਖੜੇ ਸਮੇਂ ਨੇ ਆਗੂ ਪੈਦਾ ਕਰ ਦਿੱਤੇ, ਜਿਨ੍ਹਾਂ ਵਿਚੋਂ ਸਭ ਤੋਂ ਉੱਘੇ ਸਰਦਾਰ ਦਰਬਾਰਾ ਸਿੰਘ ਜੀ ਸਨ।
   ਹੋਰ ਭਾਈ ਬੁੱਢਾ ਸਿੰਘ, ਭਾਈ ਸ਼ਾਮ ਸਿੰਘ ਤੇ 'ਨਵਾਬ' ਕਪੂਰ ਸਿੰਘ ਫ਼ੈਜ਼ਲਪੁਰੀਏ ਆਗੂ ਸਨ।
2. ਦਰਬਾਰੈ ਸਿੰਘ ਅਗਯੋਂ ਕਹੀ।
   ਅਸੀਂ ਨਿਵਾਬੀ ਕਦ ਚਹੈਂ ਲਈ।
   ਹਮਕੋ ਸਤਿਗੁਰ ਬਚਨ ਪਤਿਸ਼ਾਹੀ।
   ਹਮਕੋ ਜਾਪਤ ਢਿਗ ਸੋਊ ਆਹੀ।
   ਹਮ ਰਾਖਤ ਪਤਿਸ਼ਾਹੀ ਦਾਵਾ।
   ਜਾ ਇਤ ਕੋ ਜਾਂ ਅਗਲੋ ਪਾਵਾ।
   ਜੋ ਸਤਿਗੁਰ ਸਿੱਖਨ ਕਹੀ ਬਾਤ।
   ਹੋਗੁ ਸਾਈ, ਨਹਿ ਖਾਲੀ ਜਾਤ। ੩੭।
   ਧਰੂ ਵਿਧਰਤ ਔ ਧਵਲ ਡੁਲਾਇ।
   (ਧਰੂ ਤਾਰਾ ਆਪਣੀ ਥਾਂ ਤੋਂ ਹਟ ਜਾਏ ਅਤੇ ਧਰਤੀ ਉਲਟ ਜਾਇ)
   ਸਤਿਗੁਰ ਬਚਨ ਨਾ ਖਾਲੀ ਜਾਇ।
   ਪਤਿਸ਼ਾਹੀ ਛੱਡ ਕਿਮ ਲਹੈਂ ਨਿਬਾਬੀ।
   ਪਰਾਧੀਨ ਜਿਹ ਮਾਂਹਿ ਖਰਾਬੀ। ੩੮।

Sri Satguru Jagjit Singh Ji eLibrary NamdhariElibrary@gmail.com

ਦੀ ਉੱਚੀ ਆਵਾਜ਼ ਆਈ : ''ਟਹਲ ਮਹਲ ਤਾਕੋ ਮਿਲੈ ਜਾਕੋ ਸਾਧ ਕ੍ਰਿਪਾਲ।'' ਸਿੱਖ ਸੰਗਤਾਂ ਨੇ ਇਸ ਆਵਾਜ਼ ਨੂੰ ਅਕਾਲ ਪੁਰਖ ਦਾ ਫ਼ੈਸਲਾ ਸਮਝ ਕੇ 'ਨਵਾਬੀ' ਉਸ ਸਮੇਂ ਪੱਖਾ ਝਲਦੇ 'ਕਪੂਰ ਸਿੰਘ ਫੈਜ਼ਲਪੁਰੀਏ' ਨੂੰ ਦੇਣ ਦਾ ਗੁਰਮਤਾ ਪੇਸ਼ ਕੀਤਾ। ਨਿਰਾ ਪੱਖਾ ਹੀ ਨਹੀਂ ਸਨ ਝੱਲ ਰਹੇ, ਹੁਣੇ-ਹੁਣੇ ਕਿਸੇ ਮੁਹਿੰਮ ਵਿਚ ਤੇਗ ਵੀ ਇਕੱਲੇ ਝੱਲ ਕੇ ਆਏ ਸਨ। ਮੱਥੇ ਤੇ ਅੱਲੇ ਫੱਟ ਦਾ ਨਿਸ਼ਾਨ ਵੀ ਅਜੇ ਹੈ ਸੀ।

ਸਰਬ ਸੰਮਤੀ ਨਾਲ ਨਵਾਬੀ ਦਿੱਤੀ ਗਈ, ਪਰ ਉਨ੍ਹਾਂ ਵੀ ਸ਼ਰਤਾਂ ਰੱਖੀਆਂ[1]। ਸਭ ਤੋਂ ਵੱਡੀ ਸ਼ਰਤ ਸੀ ਕਿ ਇਹ ਨਵਾਬੀ ਪੰਜ ਪਿਆਰਿਆਂ ਦੇ ਚਰਨਾਂ ਨਾਲ ਛੁਹਾ ਕੇ ਦਿੱਤੀ ਜਾਏ ਤਾਂ ਕਿ ਕਦੀ ਇਹ ਖ਼ਿਆਲ ਨਾ ਆ ਜਾਏ ਕਿ ਮੈਂ ਆਪਣੇ ਗੁਣਾਂ ਨਾਲ 'ਨਵਾਬ' ਬਣਿਆ ਹਾਂ। ਇਹ ਨਵਾਬੀ ਪੰਥ ਦੀ ਹੈ,

***ਪੰਜ[2] ਭੁਜੰਗੀਅਨ ਚਰਨੀ ਛੁਹਾਇ।***
***ਧਰੋ ਸੀਸ ਮੋਹਿ ਪਵਿਤ੍ਰ ਕਰਾਇ।***

ਖ਼ਾਲਸੇ ਨੇ ਇਸੇ ਤਰ੍ਹਾਂ ਹੀ ਖ਼ੁਸ਼ ਹੋ ਕੇ ਕੀਤਾ ਅਤੇ ਨਵਾਬੀ ਦੀ ਪੁਸ਼ਾਕ ਕਪੂਰ ਸਿੰਘ ਜੀ ਨੂੰ ਪਹਿਨਾ ਦਿੱਤੀ।

**ਨਵਾਬ ਕਪੂਰ ਸਿੰਘ :** ਸਿੱਖ ਪੰਥ ਵਿਚ ਨਵਾਬ ਕਪੂਰ ਸਿੰਘ ਇਕ ਸਤਿਕਾਰੀ ਹੋਈ ਹਸਤੀ ਸਨ। ਸੂਰ, ਜਤੀ-ਸਤੀ, ਦਾਤਾ, ਹਠੀ ਤੇ ਜਪੀ ਲਿਖ ਕੇ ਸਾਡੇ ਇਤਿਹਾਸਕਾਰਾਂ ਨੇ ਆਦਰ ਦਿੱਤਾ ਹੈ। ਕਈ ਤਾਂ ਇਥੋਂ ਤਕ ਲਿਖਦੇ ਹਨ ਕਿ ਉਨ੍ਹਾਂ ਜਿਹਾ ਕੋਈ ਘੱਟ ਹੀ ਮਿਲਦਾ ਸੀ। ਉਨ੍ਹਾਂ ਪਿੱਛੋਂ ਹੀ ਮਨਮਾਨੀ ਵਧੀ ਸੀ। ਪੰਥ ਪ੍ਰਕਾਸ਼ ਦੇ ਲਿਖਾਰੀ ਨੇ ਹਾਮੀ ਭਰੀ ਹੈ ਕਿ ਸਿੰਘ ਬਹੁਤ ਹੀ ਆਦਰ ਕਰਦੇ ਸਨ।[3] ਡਾਕਟਰ ਸਿਨਹਾ ਇਸ ਨੂੰ ਇਕ

---

1. ਸ਼ਰਤਾਂ ਸਨ :
(੧) ਗੁਰਦੁਆਰਿਆਂ ਵਿਚ ਵਿਸ਼ੇਸ਼ ਕਰ ਕੇ ਨਨਕਾਣਾ ਸਾਹਿਬ ਇਕੱਠ ਕਰਨ ਦੀ ਖੁਲ੍ਹ ਹੋਵੇ।
(੨) ਪੰਜਾਂ ਸਿੰਘਾਂ ਦੇ ਚਰਨਾਂ ਨੂੰ ਛੁਹਾ ਕੇ ਭੇਟ ਕੀਤੀ ਜਾਏ।
(੩) ਪੱਖੇ ਦੀ ਸੇਵਾ ਤੇ ਘੋੜਿਆਂ ਦੀ ਸੇਵਾ ਨਾ ਖੋਹੀ ਜਾਏ।
(੪) ਜਾਗੀਰ ਦੀ ਸਾਰੀ ਰਕਮ ਗੋਲਕ ਵਿਚ ਪਾਈ ਜਾਏ। ਤੇ ਉਸ ਗੋਲਕ ਦਾ ਹਿਸਾਬ ਰੱਖਿਆ ਜਾਏ।

2. ਪੰਜਾਂ ਪਿਆਰਿਆਂ ਦੇ ਨਾਮ ਸਨ :
(੧) ਭਾਈ ਹਰੀ ਸਿੰਘ ਹਜ਼ੂਰੀਆ
(੨) ਬਾਬਾ ਦੀਪ ਸਿੰਘ ਜੀ
(੩) ਸਰਦਾਰ ਜੱਸਾ ਸਿੰਘ ਰਾਮਗੜ੍ਹੀਆ
(੪) ਭਾਈ ਕਰਮ ਸਿੰਘ
(੫) ਸਰਦਾਰ ਬੁਧ ਸਿੰਘ (ਪੜਦਾਦਾ ਮਹਾਰਾਜਾ ਰਣਜੀਤ ਸਿੰਘ)

3. ਬਹੁਤ ਸਿੰਘਨ ਕੋ ਆਦਰ ਧਰੈ।
ਬਿਨਾਂ ਪੁਛੇ ਪੰਥ ਗਲ ਨ ਕਰੈ। ੯।
ਟਹਲ ਅਗੈ ਤੈ ਕਰੈ ਸਵਾਈ।
ਬਹੁਤ ਗਰੀਬੀ ਉਸ ਮਨ ਆਈ।
ਜਿਮ ਜਿਮ ਪੰਥਹਿ ਟਹਿਲ ਕਮਾਵੈ।
ਤਿਮ ਤਿਮ ਸਿੰਘ ਜੀ ਗੁਰਮਤਿ ਪਾਵੈ। ੫। (ਪ੍ਰਾਚੀਨ ਪੰਥ ਪ੍ਰਕਾਸ਼)

Sri Satguru Jagjit Singh Ji eLibrary NamdhariElibrary@gmail.com

'ਅਦੁੱਤੀ ਸ਼ਖਸੀਅਤ' ਲਿਖਦਾ ਹੈ। ਲੈਪਲ ਗ੍ਰਿਫ਼ਨ ਨੇ ਲਿਖਿਆ ਹੈ ਕਿ ਉਹ ਇਕ ਐਸਾ ਮਹਾਨ ਪੁਰਸ਼ ਸੀ ਜਿਸ ਨੇ ਪੰਥ ਨੂੰ ਖੇਰੂੰ-ਖੇਰੂੰ ਹੋਣ ਤੋਂ ਬਚਾਇਆ[1]। ਕਨੱਈਆ ਲਾਲ ਦਾ ਕਹਿਣਾ ਹੈ ਕਿ ਸਿੱਖ ਨਵਾਬ ਕਪੂਰ ਸਿੰਘ ਨੂੰ ਆਗੂ ਮੰਨਣ ਵਿਚ ਖ਼ੁਸ਼ੀ ਪ੍ਰਤੀਤ ਕਰਦੇ ਸਨ। ਉਸ ਹੱਥੋਂ ਅੰਮ੍ਰਿਤ ਛਕਣਾ ਫ਼ਖ਼ਰ ਸਮਝਦੇ ਸਨ। ਉਨ੍ਹਾਂ ਬਿਨਾਂ ਵਿਤਕਰੇ ਹਜ਼ਾਰਾਂ ਸਿੰਘਾਂ ਨੂੰ ਅੰਮ੍ਰਿਤ ਛਕਾਇਆ। ਮੌਲਵੀ ਸ਼ਾਹ ਨੇ ਨਵਾਬ ਕਪੂਰ ਸਿੰਘ ਨੂੰ ਬੜਾ ਪ੍ਰਤਾਪੀ, ਸੁੰਦਰ ਤੇ ਨਿਹਾਇਤ ਦਾਨੀ ਪੁਰਸ਼ ਲਿਖਿਆ ਹੈ। ਉਸ ਦੇ ਲੰਗਰ ਵਿਚ ਹਰ ਵਕਤ ਭੁੱਖਿਆਂ ਨੂੰ ਪਰਸ਼ਾਦ ਤੇ ਨੰਗਿਆਂ ਨੂੰ ਪਹਿਨਣ ਲਈ ਵਸਤਰ ਮਿਲਦੇ ਸਨ। ਜੋ ਵੀ ਇਕ ਵਾਰੀ ਉਨ੍ਹਾਂ ਨੂੰ ਮਿਲਦਾ ਉਸ ਦਾ ਦਿਲ ਉਨ੍ਹਾਂ ਤੋਂ ਵਿਛੜਨ ਤੇ ਨਾ ਕਰਦਾ।

ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ ਕਿ ਧਨ ਤੇ ਇਲਾਕੇ ਦੀ ਮਾਲਕੀ ਕਰ ਕੇ ਕਈ ਮਿਸਲਾਂ ਨਵਾਬ ਕਪੂਰ ਸਿੰਘ ਦੀ ਮਿਸਲ ਨਾਲੋਂ ਵੱਡੀਆਂ ਸਨ, ਪਰ ਉਨ੍ਹਾਂ ਦੀ ਬਜ਼ੁਰਗੀ ਤੇ ਪਾਵਨ ਆਚਰਨ ਹੋਣ ਦੇ ਕਾਰਨ ਸਾਰੇ ਹੀ ਉਨ੍ਹਾਂ ਨੂੰ ਆਗੂ ਸਮਝਦੇ ਸਨ ਅਤੇ ਸਾਰੀਆਂ ਮਿਸਲਾਂ ਨਵਾਬ ਕਪੂਰ ਸਿੰਘ ਦਾ ਹਰ ਤਰ੍ਹਾਂ ਨਾਲ ਅਦਬ ਤੇ ਸਤਿਕਾਰ ਕਰਦੀਆਂ ਰਹਿੰਦੀਆਂ ਸਨ। ਫ਼ਤਹ ਨੇ ਸਦਾ ਹੀ ਉਨ੍ਹਾਂ ਦੇ ਪੈਰ ਚੁੰਮੇ।

ਇਸ 'ਅਦੁੱਤੀ ਮਨੁੱਖ' ਦਾ ਜਨਮ ੧੬੯੭ ਨੂੰ ਪਿੰਡ ਕਾਲੇਕੇ ਪਰਗਨਾ ਸ਼ੇਖ਼ੂਪੁਰੇ ਵਿਖੇ ਚੌਧਰੀ ਦਲੀਪ ਸਿੰਘ ਵਿਰਕ ਦੇ ਘਰ ਹੋਇਆ। ਘਰ ਵਿਚ ਸਿੱਖੀ ਵਾਤਾਵਰਨ ਹੋਣ ਕਾਰਨ ਮਨ ਉੱਤੇ ਡੂੰਘੇ ਪ੍ਰਭਾਵ ਪੈ ਰਹੇ ਸਨ। ਬਚਪਨ ਤੋਂ ਹੀ ਆਪ ਜੀ ਦੀਆਂ ਰੁਚੀਆਂ ਜੰਗੀ ਸਨ। ਆਪਣੇ ਸਾਥੀਆਂ ਨਾਲ ਢਾਣੀਆਂ ਬਣਾ ਕੇ ਲੜਦੇ। ਕੱਦ ਬਹੁਤ ਉੱਚਾ ਸੀ। ਹਜ਼ਾਰਾਂ ਵਿਚ ਵੀ ਵੱਖਰੇ ਲੱਗਦੇ ਸਨ। ਇਕ ਵਾਰੀ ਖੇਡਾਂ ਖੇਡਾਂ ਵਿਚ ਸੱਜੇ ਮੋਢੇ ਉੱਤੇ ਭਾਰੀ ਸੱਟ ਲੱਗੀ। ਇਹ ਡਰ ਭਾਸਣ ਲੱਗਾ ਕਿ ਮਤੇ ਅੰਗ ਹੀ ਨਕਾਰਾ ਨਾ ਹੋ ਜਾਏ, ਪਰ ਗੁਰੂ ਕਿਰਪਾ ਨਾਲ ਅੰਗ ਨਰੋਆ ਹੋ ਗਿਆ। ਆਪਣੇ ਬੇਟੇ ਕਪੂਰ ਸਿੰਘ ਨੂੰ ਪਿਤਾ ਗੁਰੂ ਗੋਬਿੰਦ ਸਿੰਘ ਜੀ ਪਾਸ ਦਰਸ਼ਨਾਂ ਲਈ ਦਮਦਮਾ ਸਾਹਿਬ ਲਿਆਏ। ਕਲਗੀਧਰ ਦੀ ਅਸੀਸ ਲਈ। ਮਾਤਾ ਪਿਤਾ ਪਿੰਡ ਫ਼ੈਜ਼ਲਪੁਰ ਆ ਵੱਸੇ। ਫ਼ੈਜ਼ਲਪੁਰਾ ਮੁਗ਼ਲ ਜਰਨੈਲ ਫ਼ੈਜ਼ਲ ਉੱਲਾ ਨੇ ਵਸਾਇਆ ਸੀ। ਉਸ ਨਾਲ ਜ਼ਕਰੀਆ ਦੀ ਭੈਣ ਜਦ ਵਿਆਹੀ ਗਈ ਤਾਂ ਉਸ ਨੇ ਪਤੀ ਨੂੰ ਚੁਕ ਚੁਕਾ ਚੈਨ ਨਾਲ ਵੱਸਦੇ ੧੫੦੦ ਸਿੰਘਾਂ ਨੂੰ ਸ਼ਹੀਦ ਕਰ ਦਿੱਤਾ। ਕਪੂਰ ਸਿੰਘ ਜੀ ਬਚ ਬਚਾ ਕੇ ਸ੍ਰੀ ਅੰਮ੍ਰਿਤਸਰ ਆ ਗਏ।

ਬਾਬਾ ਬੰਦਾ ਸਿੰਘ ਦੀ ਸ਼ਹਾਦਤ ਉਪਰੰਤ ਜਦ ਝਗੜੇ ਵਧ ਗਏ ਤਾਂ ਭਾਈ ਮਨੀ ਸਿੰਘ ਜੀ ਨੇ ਸੁਚੱਜੀ ਅਗਵਾਈ ਕਰ ਕੇ ਵਿੱਥਾਂ ਮੇਟੀਆਂ। ਆਪ ਜੀ ਨੇ ਭਾਈ ਬਿਨੋਦ ਸਿੰਘ ਜੀ ਦੇ ਹੱਥੋਂ ਅੰਮ੍ਰਿਤ ਛਕਿਆ ਸੀ।[2] ਹਰ ਵੇਲੇ ਸੇਵਾ ਵਿਚ ਜੁਟੇ ਰਹਿੰਦੇ ਸਨ। ਲੰਗਰ ਲਈ ਜਲ ਲੱਕੜੀ ਲਿਆਂਦੇ। ਸੰਗਤਾਂ ਦੇ ਜੂਠੇ ਬਰਤਨ ਸਾਫ਼ ਕਰਦੇ। ਸਿੰਘਾਂ ਨੂੰ ਇਸ਼ਨਾਨ ਕਰਾਂਦੇ ਅਤੇ ਖ਼ਾਸ ਕਰ ਘੋੜਿਆਂ ਦੀ ਲਿੱਦ ਚੁੱਕ ਬਾਹਰ ਸੁੱਟਦੇ। ਕਿਸੇ ਸੇਵਾ ਨੂੰ ਤੁਛ

---

1. The Rajas of the Punjab by Lepell Griffin.
2. ਸਿੰਘ ਬਿਨੋਦ ਤੈ ਸੁਧਾ ਅਚਾ ਥਾ।
(ਗਿਆਨੀ ਗਿਆਨ ਸਿੰਘ, ਸ੍ਰੀ ਗੁਰ ਪੰਥ ਪ੍ਰਕਾਸ਼ ਉਤ੍ਰਾਰਧ ਬਿਸ੍ਰਾਮ 25)

ਨਾ ਗਿਣਦੇ। ਜ਼ਰਾ ਵੀ ਈਰਖਾ ਨਹੀਂ ਸੀ :

*'ਲੀਦ ਹਟਾਵਤ ਅਸ੍ਵਨ ਸਾਰੀ।*
*ਔਰ ਟਹਲ ਇਤਬਾਦਕ ਭਾਰੀ॥ ੭੭॥*
*ਕਰਤ ਰਹਿਤ ਨਿਸ ਦਿਨ ਧਰਿ ਸ਼ਰਧਾ।*
*ਕਬੀ ਨ ਕਰਹੀ ਕਾਹਿ ਸਪਰਧਾ।'*

ਭਾਈ ਤਾਰਾ ਸਿੰਘ ਜੀ ਦੀ ਸ਼ਹੀਦੀ (੧੭੨੬) ਉਪਰੰਤ ਪੰਥ ਵਿਚ ਇਕ ਜੋਸ਼ ਉਭਰਿਆ। ਉਸ ਜੋਸ਼ ਨੇ ਕਪੂਰ ਸਿੰਘ ਨੂੰ ਪਹਿਲੀ ਕਤਾਰ ਵਿਚ ਲਿਆ ਖੜ੍ਹਾ ਕੀਤਾ। ਪੰਥ ਨੇ ਗੁਰਮਤਾ ਕੀਤਾ ਕਿ ਹੁਣ ਚੁੱਪ ਕਟੀ ਕਰਨੀ ਠੀਕ ਨਹੀਂ। ਉਸ ਗੁਰਮਤੇ ਅਨੁਸਾਰ ਦੋਖੀਆਂ ਨੂੰ ਸਜ਼ਾਵਾਂ ਅਤੇ ਸ਼ਾਹੀ ਖ਼ਜ਼ਾਨੇ ਲੁੱਟੇ ਗਏ।

ਜਥੇਦਾਰ ਦਰਬਾਰਾ ਸਿੰਘ ਦੀ ਅਗਵਾਈ ਹੇਠਾਂ ਸਰਦਾਰ ਕਪੂਰ ਸਿੰਘ ਨੇ ਕਈ ਮੱਲਾਂ ਮਾਰੀਆਂ।

ਪੱਕਾ ਹੱਥ ਪਾਉਣ ਲਈ ਅਬਦੁਸ-ਸਮਦ ਦੀ ਥਾਂ ਦਿੱਲੀ ਦੀ ਹਕੂਮਤ ਨੇ ਜ਼ਕਰੀਆ ਖ਼ਾਨ ਨੂੰ ਪੰਜਾਬ ਦਾ ਗਵਰਨਰ ਨਿਯਤ ਕਰ ਦਿੱਤਾ। ਉਸ ਨੇ ਸਖ਼ਤੀ ਅਰੰਭੀ। ਕਪੂਰ ਸਿੰਘ ਜੀ ਅੱਗੇ ਹੋ ਕੇ ਲੜਦੇ ਰਹੇ। ਲਗਾਤਾਰ ਛੇ ਸਾਲ ਦੇ ਜਬਰ ਬਾਅਦ ਜ਼ਕਰੀਆ ਨੇ ਮਹਿਸੂਸ ਕੀਤਾ ਕਿ ਨਵੀਂ ਪਾਲਿਸੀ ਅਪਣਾਉਣ ਦੀ ਲੋੜ ਹੈ। ਉਸ ਤਜਵੀਜ਼ ਕੀਤਾ :

(੧) ''ਸਿੰਘਾਂ ਤੋਂ ਬੰਦਸ਼ਾਂ ਉਠਾ ਲਈਆਂ ਜਾਣ, (੨) ਸਿੰਘਾਂ ਨੂੰ ਵੱਡੀਆਂ ਜਾਗੀਰਾਂ ਦਿੱਤੀਆਂ ਜਾਣ, (੩) ਆਗੂਆਂ ਨੂੰ ਉੱਚ ਪਦਵੀਆਂ ਦਿੱਤੀਆਂ ਜਾਣ।''

ਜ਼ਕਰੀਆ ਖ਼ਾਨ ਨੇ ਭਾਈ ਸੁਬੇਗ ਸਿੰਘ ਨੂੰ ਭੇਜਿਆ। ਕੋਈ ਨਵਾਬੀ ਤੇ ਜਾਗੀਰ ਲੈਣ ਲਈ ਤਿਆਰ ਨਹੀਂ ਸੀ।

*ਟਹਲ ਮਹਲ ਤਾਕਉ ਮਿਲੈ ਜਾਕਉ ਸਾਧ ਕ੍ਰਿਪਾਲ।*
*ਸਾਧੁ ਸੰਗਤਿ ਤਉ ਬਸੈ ਜਉ ਆਪਨ ਹੋਇ ਦਇਆਲ।*

ਦਾ ਵਾਕ ਸੁਣ ਕੇ ਜਾਗੀਰ ਤੇ ਨਵਾਬੀ ਸਰਦਾਰ ਕਪੂਰ ਸਿੰਘ ਨੂੰ ਦਿੱਤੀ ਗਈ।

ਨਵਾਬੀ ਸਵੀਕਾਰ ਕਰਨ ਉਪਰੰਤ ਆਪ ਜੀ ਨੇ ਪੰਥਕ ਜਥੇਬੰਦੀ ਨੂੰ ਮਜ਼ਬੂਤ ਕਰਨਾ ਅਰੰਭਿਆ। ਆਪ ਜੀ ਦਾ ਸਤਿਕਾਰ ਬਹੁਤ ਹੀ ਵਧ ਗਿਆ। ਮੁੱਖੋਂ ਨਿਕਲਿਆ ਹਰ ਸ਼ਬਦ ਰੱਬੀ ਹੁਕਮ ਸਮਝਿਆ ਜਾਣ ਲੱਗਾ। ਜੱਸਾ ਸਿੰਘ ਆਹਲੂਵਾਲੀਆ ਨੂੰ ਸੁਭਾਵਕ 'ਪਾਤਸ਼ਾਹ' ਆਖਿਆ ਤਾਂ ਸਾਰੀ ਕੌਮ ਨੇ ਪਾਤਸ਼ਾਹ ਜੱਸਾ ਸਿੰਘ ਆਖਣਾ ਅਰੰਭ ਕਰ ਦਿੱਤਾ। ਜਗੀਰ ਭਾਵੇਂ ੧੭੩੫ ਵਿਚ ਜ਼ਕਰੀਆ ਖ਼ਾਨ ਨੇ ਜ਼ਬਤ ਕਰ ਲਈ, ਪਰ 'ਨਵਾਬ' ਪਦ ਆਪ ਜੀ ਦੇ ਨਾਮ ਨਾਲ ਅਨਿੱਖੜਵਾਂ ਅੰਗ ਹੋ ਗਿਆ। ਜੰਗਾਂ ਯੁੱਧਾਂ ਵਿਚ ਵੀ ਆਪ ਧਰਮ ਪ੍ਰਚਾਰ ਨੂੰ ਓਹਲੇ ਨਹੀਂ ਕਰਦੇ ਸਨ। ਬਾਬਾ ਆਲਾ ਸਿੰਘ ਨੇ ਵੀ ਸਤੰਬਰ, ੧੭੩੬ ਵਿਚ ਆਪ ਦੇ ਹੱਥੋਂ ਹੀ ਅੰਮ੍ਰਿਤ ਛਕਿਆ[1]। ਨਾਦਰ ਦੇ ਹਮਲੇ ਸਮੇਂ ਕੌਮ ਦੀ ਸੁੰਦਰ ਅਗਵਾਈ ਕਰ

1. ਅੰਮ੍ਰਿਤ ਛਕਿਓ ਨਵਾਬ ਤੈਂ ਪੰਥ ਤਈ ਪ੍ਰਸਾਦਿ।
ਸਰਧਾ-ਸਾਥ ਛਕਾਇ ਕੈ ਪੂਜਯੋ ਬਹੁਤ ਅਹਿਲਾਦ।

Sri Satguru Jagjit Singh Ji eLibrary NamdhariElibrary@gmail.com

ਕੇ ਹਮਲੇ ਤੋਂ ਪੂਰੇ ਲਾਭ ਉਠਾਏ। ਯੁੱਧ ਨੀਤੀ ਵਿਚ ਆਪ ਨਿਪੁੰਨ ਸਨ। ਨਾਦਰ ਵਰਗੇ ਜਰਨੈਲ ਨੂੰ ਹੈਰਾਨ ਕਰ ਦੇਣਾ, ਆਪ ਦੀ ਸੁਚੱਜੀ ਅਗਵਾਈ ਦਾ ਹੀ ਸਦਕਾ ਸੀ। ਜੰਗ ਵਿਚ ਮਸਤ ਹਾਥੀ ਵਾਂਗੂ ਅੱਗੇ ਨਿਕਲ ਜਾਂਦੇ ਤੇ ਕਦੇ ਵੀ ਜਾਨ ਦੀ ਪ੍ਰਵਾਹ ਨਾ ਕਰਦੇ। ਉਨ੍ਹਾਂ ਦੇ ਸਾਰੇ ਸਰੀਰ ਤੇ ਫੱਟਾਂ ਦੇ ਨਿਸ਼ਾਨ ਸਨ। ਉਹ ੧੭੪੮ ਤਕ, ਬਿਖੜੇ ਸਮੇਂ ਅਗਵਾਈ ਦੇਂਦੇ ਰਹੇ। ਵਿਸਾਖੀ (੧੭੪੮) ਨੂੰ ਵਾਗਡੋਰ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੂੰ ਦੇ ਕੇ ਅੰਮ੍ਰਿਤ ਪ੍ਰਚਾਰ ਵੱਲ ਪੂਰਾ ਧਿਆਨ ਦੇਣਾ ਅਰੰਭਿਆ। ੧੭੫੩ ਈ: ਵਿਚ ਆਪ ਜੀ ਦਾ ਅਕਾਲ ਚਲਾਣਾ ਹੋਇਆ। ਅੰਤਮ ਸਮੇਂ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਕਿਰਪਾਨ ਅਤੇ ਗੁਰਜ[1] ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੂੰ ਦੇ ਦਿੱਤਾ। ਆਪ ਜੀ ਦਾ ਸਸਕਾਰ ਬਾਬਾ ਅਟੱਲ ਜੀ ਪਾਸ ਕੀਤਾ ਗਿਆ। ਆਪ ਜੀ ਦੀ ਸਮਾਧ ਵੀ ਉੱਥੇ ਹੀ ਬਣਾਈ ਗਈ।[2]

ਨਵਾਬ ਕਪੂਰ ਸਿੰਘ ਸਿੱਖੀ ਆਚਰਣ ਦੀ ਮੂਰਤ, ਨਿਮਰਤਾ ਵਿਚ ਸਭ ਤੋਂ ਅੱਗੇ, ਨਿਰਭੈਤਾ ਵਿਚ ਸਿਖਰ ਉੱਤੇ ਇਕ ਤਗੜੇ ਜਥੇਦਾਰ, ਪ੍ਰਬੰਧਕ ਤੇ ਸਭ ਦੇ ਸਾਂਝੇ ਆਗੂ ਸਨ। ਜੁਰਅੱਤ ਦੀ ਇਕ ਉਦਾਹਰਨ ਸਾਡੇ ਇਤਿਹਾਸ ਨੇ ਦਿੱਤੀ ਹੈ ਕਿ ਇਕ ਦਿਨ ਮੌਜ ਚਿੱਤ ਵਿਚ ਆਇਆ ਕਿ ਕਾਹਦੇ ਅਸੀਂ ਨਵਾਬ ਹਾਂ, ਨਵਾਬੀ ਤਾਂ ਲਾਹੌਰ ਤਖ਼ਤ ਉੱਤੇ ਬੈਠ ਕੇ ਹੁੰਦੀ ਹੈ। ਉਸ ਵੇਲੇ ਵੀਹ ਸਿਰਲੱਥ ਸਿੰਘਾਂ ਨਾਲ ਲਾਹੌਰ ਸ਼ਾਹੀ ਕਿਲ੍ਹੇ ਜਾ ਚੜ੍ਹੇ। ਕਚਹਿਰੀ ਲਗਾਈ। ਹੁਕਮ ਦਿੱਤੇ। ਫ਼ਰਮਾਨ ਕੱਢੇ :

**'ਪਹਰ ਦੋਇ ਤਹਿ ਹੁਕਮ ਚਲਾਇ।'**

ਮੁਗ਼ਲ ਫ਼ੌਜਾਂ ਦੇ ਪੁੱਜਦੇ ਤਕ ਨਗਾਰੇ ਵਜਾਂਦੇ :

**ਹੁਇ ਬਾਹਰ ਸਿੰਘ ਰਲ ਗਯੋਂ ਝਾੜੀਂ।**
**ਗਯੋ ਖੇਡ ਕਰ ਐਸ ਖਿਡਾਰੀ।**

ਬੁੱਢਾ ਦਲ ਤੇ ਤਰੁਨਾ ਦਲ ਵਾਲੇ ਦੋਵੇਂ ਹੀ ਆਪ ਜੀ ਨੂੰ ਆਗੂ ਮੰਨਦੇ ਸਨ। ਸਰੀਰ ਭਰਵਾਂ ਤੇ ਕੱਦ ਕਾਠ ਬਹੁਤ ਉੱਚਾ ਸੀ। ਸਿੱਖੀ ਪਰਚਾਰ ਦੀ ਲਗਨ ਹਿਰਦੇ ਵਿਚ ਠਾਠਾਂ ਮਾਰਦੀ ਰਹਿੰਦੀ ਸੀ। ਆਪ ਜੀ ਦੀ ਕਥਨੀ ਇਤਨੀ ਪ੍ਰਭਾਵਸ਼ਾਲੀ ਸੀ ਕਿ ਲਤੀਫ਼ ਲਿਖਦਾ ਹੈ, ''ਕੋਈ ਵੀ ਪ੍ਰਭਾਵਤ ਹੋਏ ਬਗ਼ੈਰ ਨਹੀਂ ਸੀ ਰਹਿ ਸਕਦਾ। ਹਜ਼ਾਰਾਂ ਦੀ ਗਿਣਤੀ ਵਿਚ ਜੱਟਾਂ, ਤਰਖਾਣਾਂ, ਜੁਲਾਹਿਆਂ, ਝੀਵਰਾਂ ਤੇ ਖੱਤਰੀਆਂ ਨੂੰ ਅੰਮ੍ਰਿਤ ਛਕਾ ਕੇ ਗੁਰੂ ਪੰਥ ਵਿਚ ਪ੍ਰਵੇਸ਼ ਕਰਵਾਇਆ। ਇਸ ਦੀ ਯੋਗ ਅਗਵਾਈ ਸਦਕਾ ਪੰਥ ਚੋਟੀ ਉੱਤੇ ਜਾ ਪੁੱਜਾ। ਇਸ ਦੀ ਵਡਿਆਈ ਦਾ ਕਾਰਨ ਇਹ ਸੀ ਕਿ ਉਨ੍ਹਾਂ ਨੇ ਸਿੱਖਾਂ ਲਈ ਐਸਾ ਰਸਤਾ ਬਣਾ ਦਿੱਤਾ

---

1. ਇਹ ਗੁਰਜ ਸ੍ਰੀ ਅਕਾਲ ਤਖ਼ਤ ਉੱਤੇ ਸੁਰੱਖਿਅਤ ਪਿਆ ਹੈ।
2. ਇਸ ਸਮਾਧ ਉੱਪਰ ਇਹ ਅੱਖਰ ਉਕਰੇ ਹੋਏ ਸਨ—
   "ਸਮਾਧ ਨਵਾਬ ਕਪੂਰ ਸਿੰਘ ਜੀ ਬਹਾਦਰ
   ਬਜ਼ੁਰਗ ਮਹਾਰਾਜਾ ਸਾਹਿਬ ਬਹਾਦਰ ਵਾਲੀਏ ਕਪੂਰਥਲਾ
   ਪਰ ਇਸ ਸਮਾਧ ਨੂੰ 12-13 ਅਪਰੈਲ, 1923 ਨੂੰ ਬਿਨਾਂ ਇਸ ਦੀ ਮਹੱਤਤਾ ਸਮਝੇ ਹੀ ਹਟਾ ਦਿੱਤਾ। ਚੰਗੇ ਭਾਗਾਂ ਨੂੰ ਉਸ ਸਮਾਧ ਦੀ ਫ਼ੋਟੋ ਇਤਿਹਾਸਕਾਰ ਬਾਵਾ ਪਰੇਮ ਸਿੰਘ ਹੋਤੀ ਨੇ ਲਈ ਹੋਈ ਸੀ।

Sri Satguru Jagjit Singh Ji eLibrary NamdhariElibrary@gmail.com

ਜਿਸ ਉੱਤੇ ਟੁਰ ਕੇ ਉਹ ਪੰਜਾਬ ਵਿਚ ਸੁਤੰਤਰ ਰਾਜ ਦੇ ਮਾਲਕ ਹੋ ਸਕਣ।[1] ਡਾਕਟਰ ਗੋਕਲ ਚੰਦ ਨਾਰੰਗ ਦਾ ਕਹਿਣਾ ਹੈ ਕਿ ਸਾਰੇ ਸਿੰਘਾਂ ਵਿਚ ਉਹ ਮਹਾਨ ਪਵਿਤਰ ਜੀਵਨ ਵਾਲਾ ਸੰਤ ਮੰਨਿਆ ਜਾਂਦਾ ਸੀ। ਇਸ ਲਈ ਸਾਰਾ ਪੰਥ ਉਨ੍ਹਾਂ ਨੂੰ ਸਤਿਕਾਰਦਾ ਸੀ।[2] ਜਨਰਲ ਗਾਰਡਨ ਨੇ ਵੀ ਬੜੇ ਸੁੰਦਰ ਅੱਖਰਾਂ ਵਿਚ ਯਾਦ ਕੀਤਾ ਹੈ : ''ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤ ਸਮਾ ਜਾਣ ਉਪਰੰਤ ਖਾਲਸਾ ਕੌਮ ਖਿੰਡ ਗਈ ਸੀ। ਮੈਦਾਨਿ ਜੰਗ ਵਿਚ ਇਸ ਦੀ ਅਗਵਾਈ ਕਰਨ ਵਾਲਾ ਕੋਈ ਆਗੂ ਨਹੀਂ ਸੀ ਰਿਹਾ। ਇਸ ਵਰਿਆਮ ਸੂਰਮੇ ਨੇ ਅਗਵਾਈ ਕਰ ਕੇ ਸਭ ਦਾ ਦੁਖ-ਸੁਖ ਸਾਂਝਾ ਅਤੇ ਕਮਾਈ ਸਾਂਝੀ ਕਰਵਾਈ।''[3] ਮੈਕਰੇਗਰ, ਨਵਾਬ ਕਪੂਰ ਸਿੰਘ ਨੂੰ ਇਕ ਨਿਡਰ, ਬਹਾਦਰ ਤੇ ਨੀਤੀਵਾਨ ਸੂਰਮਾ ਲਿਖਦਾ ਹੈ।[4] ਸੱਚੀ ਗੱਲ ਤਾਂ ਇਹ ਹੈ ਕਿ ਇਸ ਵਿਅਕਤੀ ਨੇ ਪੰਥ ਦੀ ਬਿਖੜੇ ਸਮੇਂ ਅਗਵਾਈ ਕਰ ਕੇ ਇਤਿਹਾਸ ਵਿਚ ਵੱਡਮੁੱਲੀ ਥਾਂ ਪ੍ਰਾਪਤ ਕਰ ਲਈ ਹੈ।

**ਸਿੱਖਾਂ ਵਿਚ ਉਤਸ਼ਾਹ ਤੇ ਜਥੇਬੰਦੀ** : ਨਵਾਬੀ ਮਿਲਣ ਕਾਰਨ ਕੁਝ ਸੁਖ ਦਾ ਸਾਹ ਸਿੱਖਾਂ ਵਿਚ ਆਇਆ। ਸਿੱਖਾਂ ਵਿਚ ਉਤਸ਼ਾਹ ਦੀ ਲਹਿਰ ਵਧੀ। ਰਾਜ ਵੱਲ ਪਹਿਲਾ ਕਦਮ ਸਮਝ ਕੇ ਸਿੱਖ ਹੋਰ ਚੜ੍ਹਦੀ ਕਲਾ ਵਿਚ ਹੋ ਗਏ। ਇਤਨੀ ਖ਼ੁਸ਼ੀ ਹੋਈ ਕਿ ਕੁਝ ਸਿੰਘ ਆਰਾਮ ਕਰਨ ਦੀ ਸੋਚਣ ਲੱਗ ਪਏ। ਕਈ ਘਰਾਂ ਵੱਲ ਸੰਬੰਧੀਆਂ ਨੂੰ ਮਿਲਣ ਚਲੇ ਗਏ। ਕਈ ਅੰਮ੍ਰਿਤਸਰ ਹੀ ਡੇਰੇ ਲਗਾ ਕੇ ਬੁੰਗੇ ਬਣਾਉਣ ਲੱਗੇ। ਕਈਆਂ ਗੁਰਦੁਆਰੇ, ਜੋ ਢਾਹ ਦਿੱਤੇ ਗਏ ਸਨ, ਉਨ੍ਹਾਂ ਨੂੰ ਉਸਾਰਨਾ ਅਰੰਭਿਆ। ਕਈ ਖੇਤੀਬਾੜੀ ਵਿਚ ਲੱਗ ਪਏ। ਕਈ ਪਿੰਡਾਂ ਵਿਚ ਜਾ ਕੇ ਸਿੰਘ ਸਜਾਣ ਲੱਗੇ। ਕੁਝ ਦਿਨਾਂ ਵਿਚ ਹੀ ਹੋਰ ਕਿਤਨੇ ਸਿੱਖ ਬਣਾ ਲਏ ਗਏ। ਸਭ ਤੋਂ ਵੱਡੀ ਗੱਲ ਜੋ ਵੀ ਜਾਗੀਰ ਦੀ ਰਕਮ ਆਉਂਦੀ ਪੰਥ ਦੇ ਹਵਾਲੇ ਕਰ ਦਿੱਤੀ ਜਾਂਦੀ। ਪੰਥ ਵਿਚ ਵੰਡ ਕੇ ਖ਼ੁਸ਼ੀ ਲੈਂਦੇ। ਇਕ ਲਾਂਗਰੀ ਭਾਈ ਹਰੀ ਸਿੰਘ ਜੀ ਦਾ ਜ਼ਿਕਰ ਸਾਡੇ ਇਤਿਹਾਸ ਨੇ ਕੀਤਾ ਹੈ, ਜਿਸ ਦੇ ਹੱਥਾਂ ਵਿਚ ਬੜੀ ਬਰਕਤ ਸੀ। ਮੋਦੀ ਖਾਨੇ ਦੇ ਇੰਚਾਰਜ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਸਨ : ਗੱਲ ਕੀ :

*ਇਕ ਥਾਂਇ ਸਭ ਰਖਹਿ ਕਮਾਈ।*
*ਰਖੈ ਨਹੀਂ ਕੋਊ ਤਿਸੈ ਛੁਪਾਈ।*

ਛੇਤੀ ਹੀ ਇਤਨੀ ਤਾਕਤ ਹੋ ਗਈ ਕਿ ਪੰਥ ਦੇ ਮੁਖੀ ਜਥੇਬੰਦੀ ਨੂੰ ਪੱਕਿਆਂ ਪੈਰਾਂ ਉੱਤੇ ਕਰਨ ਦੀ ਸੋਚਣ ਲੱਗੇ। ਨਵਾਬ ਕਪੂਰ ਸਿੰਘ ਜੀ ਨੂੰ ਭਾਈ ਕਾਹਨ ਸਿੰਘ ਤੇ ਭਾਈ

---

1. He was undoubtedly the most distinguished of the Sikh leaders who paved the way for the greatness of the nation as an independent ruling power.
History of the Punjab by Mohd. Latif, p. 323.
2. He enjoyed a great reputation on being the holiest man smong the Khalsa.
Transformation of Sikhism, page 279. (Second Edition.)
3. He was a brave man. His value and judgement was proverbial.
–Gordon : The Sikhs, p. 70-/1.
4. History of the Sikhs by W. L. Mc GREGOR.
Vol 1, Page 121.

Sri Satguru Jagjit Singh Ji eLibrary NamdhariElibrary@gmail.com

ਬਿਨੋਦ ਸਿੰਘ ਨੇ ਸਲਾਹ ਦਿੱਤੀ ਕਿ ਜਥੇ ਬਣਾਣੇ ਜ਼ਰੂਰੀ ਹਨ। ਭਾਈ ਮਨੀ ਸਿੰਘ ਜੀ ਦੀ ਅਗਵਾਈ ਹੇਠਾਂ ਜਥੇ ਬਣਾਉਣ ਦਾ ਕੰਮ ਅਰੰਭ ਕੀਤਾ ਗਿਆ। ਸਲਾਹ ਇਹ ਬਣੀ ਕਿ ਜੇ ''ਜਥਾ ਇਕ ਹੀ ਰੱਖੀਏ ਤਾਂ ਜਾਗੀਰ ਤੇ ਹੋਰ ਇੰਤਜ਼ਾਮ ਕਰਨਾ ਕਠਨ ਹੈ। ਸਿੱਖ ਪੰਥ ਵਧ ਗਿਆ ਹੈ। ਜਥੇ ਬਣਾਉਣੇ ਚਾਹੀਦੇ ਹਨ। ਇਕ ਥਾਵੇਂ ਲੰਗਰ ਕਰਨਾ ਵੀ ਮੁਸ਼ਕਲ ਹੈ।''[1] ਸੋ ਨਵਾਬ ਕਪੂਰ ਸਿੰਘ ਨੇ ਸਰਬਤ ਖਾਲਸਾ ਨੂੰ ਦੋ ਹਿੱਸਿਆਂ ਵਿਚ ਵੰਡ ਦਿੱਤਾ। ਇਕ ਦਾ ਨਾਮ 'ਬੁੱਢਾ ਦਲ' ਰੱਖਿਆ ਗਿਆ ਤੇ ਦੂਜੇ ਦਾ ਨਾਮ 'ਤਰੁਨਾ ਦਲ'। ਬੁੱਢਾ ਦਲ ਦੇ ਜਥੇਦਾਰ ਨਵਾਬ ਕਪੂਰ ਸਿੰਘ, ਸਰਦਾਰ ਗੁਰਬਖਸ਼ ਸਿੰਘ, ਸਰਦਾਰ ਸ਼ਾਮ ਸਿੰਘ ਨਾਰੋਕੇ, ਭਾਈ ਬਾਘ ਸਿੰਘ ਆਹਲੂਵਾਲੀਆ, ਕੁਬੇਰ ਸਿੰਘ, ਭੂਮੀਆ ਸਿੰਘ ਸਨ। 'ਤਰੁਨਾ ਦਲ' ਪਹਿਲਾਂ ਤਾਂ ਜਥੇਦਾਰ ਬਾਗ ਸਿੰਘ ਦੀ ਅਗਵਾਈ ਹੇਠਾਂ ਟੁਰਦਾ ਰਿਹਾ, ਪਰ ਦਰਬਾਰਾ ਸਿੰਘ ਜੀ ਦੇ ਚੜ੍ਹਾਈ ਕਰਨ ਉਪਰੰਤ ਇਕ ਥਾਵੇਂ ਰੱਖਣਾ ਮੁਸ਼ਕਲ ਹੋ ਗਿਆ। ਪੰਜ ਜਥੇ ਬਣਾਏ ਗਏ। 'ਪੰਜੇ ਸਰ' (ਰਾਮ ਸਰ, ਬਬੇਕ ਸਰ, ਲਛਮਨ ਸਰ, ਕੌਲਸਰ ਅਤੇ ਸੰਤੋਖਸਰ) ਟਿਕਾਣਾ ਬਣਾ ਲਿਆ। ਅੰਮ੍ਰਿਤਸਰ ਤੇ ਅਕਾਲ ਤਖ਼ਤ ਬੁੱਢਾ ਦਲ ਟਿਕਿਆ। ਪੰਜ ਜਥਿਆਂ ਦੇ ਜਥੇਦਾਰ ਇਹ ਸਨ : ਪਹਿਲੇ ਜਥੇ ਦੇ ਜਥੇਦਾਰ, ਬਾਬਾ ਦੀਪ ਸਿੰਘ ਸਨ[2] : ਦੂਜੇ ਦੇ ਭਾਈ ਕਰਮ ਸਿੰਘ ਅਤੇ ਮੀਤ ਜਥੇਦਾਰ ਧਰਮ ਸਿੰਘ, ਤੀਜੇ ਦੇ ਕਾਹਨ ਸਿੰਘ ਅਤੇ ਮੀਤ ਜਥੇਦਾਰ ਬਿਨੋਦ ਸਿੰਘ, ਚੌਥੇ ਦੇ ਭਾਈ ਦਸਵੰਧਾ ਸਿੰਘ ਜੀ ਕੋਟ ਬੁੱਢਾ ਵਾਲੇ, ਪੰਜਵੇਂ ਦੇ ਬੀਰ ਸਿੰਘ ਰੰਘਰੇਟੇ ਸਨ। ਹਰ ਜਥੇ ਵਿਚ ਤਕਰੀਬਨ ੧੨੦੦ ਤੋਂ ੨੦੦੦ ਤਕ ਸਿੱਖ ਸਨ, ਪਰ ਇਹ ਗਿਣਤੀ ਵਧਦੀ ਘਟਦੀ ਰਹਿੰਦੀ ਸੀ। ਹਰ ਜਥੇ ਵਾਲੇ ਇਕ ਥਾਵੇਂ ਖਾਂਦੇ, ਪਹਿਨਦੇ ਤੇ ਰਹਿੰਦੇ ਸਨ। ਕੋਈ ਜਥਾ ਆਪਣੇ ਕੋਲ ਕੁਝ ਨਹੀਂ ਸੀ ਰੱਖਦਾ। ਸਾਰੇ 'ਬੁੱਢਾ ਦਲ' ਦੇ ਆਗੂ ਕੋਲ ਲਿਆਂਦੇ ਸਨ। ਨਵਾਬ ਕਪੂਰ ਸਿੰਘ ਹੀ ਸਮੁੱਚੀ ਅਗਵਾਈ ਕਰ ਰਹੇ ਸਨ। 'ਬੁੱਢਾ ਦਲ' ਵਾਲੇ ਆਮ ਤੌਰ ਉੱਤੇ ਅੰਮ੍ਰਿਤਸਰ ਹੀ ਟਿਕਦੇ, ਪਰ 'ਤਰੁਨਾ ਦਲ' ਵਾਲੇ ਦੂਰ-ਦੂਰ ਤਕ ਮਾਰ ਕਰਦੇ। ਹਿਸਾਰ ਤੇ ਹਾਂਸੀ ਤਕ 'ਤਰੁਨਾ ਦਲ' ਦੇ ਜਥੇ ਮਾਰ ਕਰ ਆਉਂਦੇ ਸਨ। ਜਿਸ ਪਿੰਡ ਵਿਚ ਪੁੱਜਦੇ, ਪਿੰਡ ਵਾਸੀ ਸ਼ੁਕਰ ਕਰਦੇ ਤੇ ਧੰਨ ਭਾਗ ਕਹਿ ਆਦਰ ਦੇਂਦੇ। ਉਹ ਜਾਣਦੇ ਸਨ ਕਿ ਸਿੰਘਾਂ ਦੀ ਰਾਖੀ ਵਿਚ ਆਇਆਂ ਸਭ ਡਰ ਲੱਥ ਜਾਂਦੇ ਹਨ। ਇਸ ਤਰ੍ਹਾਂ ਦੇ ਕੰਮਾਂ ਦੀ ਕਾਰਗੁਜ਼ਾਰੀ ਦਾ ਚਿੱਠਾ, ਲਿਖਤ ਪੜ੍ਹਤ ਅਤੇ ਹੋਰ ਹਿਸਾਬ ਸਰਦਾਰ ਜੱਸਾ ਸਿੰਘ (ਕਲਾਲ)[3] ਕੋਲ ਸੀ।

**ਜ਼ਕਰੀਆ ਖ਼ਾਨ ਦੀਆਂ ਔਕੜਾਂ** : ਜ਼ਕਰੀਆ ਖ਼ਾਨ ਆਪੂੰ ਕਈ ਮੁਸ਼ਕਲਾਂ ਵਿਚ ਫਸਿਆ ਹੋਇਆ ਸੀ। ਸਿਰਫ਼ ਸਿੱਖ ਹੀ ਉਸ ਨੂੰ ਤੰਗ ਨਹੀਂ ਸਨ ਕਰ ਰਹੇ, ਸਗੋਂ ਉਸ ਨੂੰ ਦਿੱਲੀ ਦੇ ਹਾਕਮ ਵੀ ਹੋਰ ਨਜ਼ਰ ਨਾਲ ਦੇਖਦੇ ਸਨ। ਜਿਉਂ-ਜਿਉਂ ਉਹ ਦਿੱਲੀ ਦੀ ਹਕੂਮਤ ਤੋਂ

---

1. ਅਬ ਇਕ ਥਾਂ ਪੁਜੈ ਲੰਗਰ ਨਾਹੀ।
   ਕੋਊ ਜੁਗਤਿ ਅਬ ਲਯੋ ਬਨਾਈ।
   ਸਿੰਘਨ ਦੱਈਯੈ ਜਥੇ ਬਣਾਇ।
   ਦੇ ਦੇ ਖ਼ਰਚ ਉਸ ਦੱਯੈ ਪੁਚਾਇ॥
2. ਪ੍ਰਥਮ ਸ਼ਹੀਦਨ ਔ ਨਿਹੰਗਨ ਫੜਾਯੋ।
3. ਇਹ ਹੀ ਬਾਅਦ ਵਿਚ ਆਹਲੂਵਾਲੀਆ ਕਰ ਕੇ ਪ੍ਰਸਿੱਧ ਹੋਏ।

Sri Satguru Jagjit Singh Ji eLibrary NamdhariElibrary@gmail.com

ਵੱਧ ਮਦਦ ਮੰਗਦਾ, ਉਹ ਗੁੱਸਾ ਕਰਦੇ। ਦਿੱਲੀ ਵਾਲੇ ਇਹ ਕਹਿ ਰਹੇ ਸਨ ਕਿ ਸਿੱਖਾਂ ਨੂੰ ਹੱਥ ਵਿਚ ਰੱਖ ਕੇ ਉਹ ਬਗ਼ਾਵਤ ਦੀ ਤਿਆਰੀ ਕਰ ਰਿਹਾ ਹੈ। ਆਪੂੰ ਤਾਂ ਜਾਗੀਰ ਦੇ ਕੇ ਉਸ ਦੋਸਤੀ ਕਰ ਲਈ ਹੈ ਤੇ ਉਨ੍ਹਾਂ ਦਾ ਮੂੰਹ ਹਿਸਾਰ, ਹਾਂਸੀ, ਦਿੱਲੀ ਵੱਲ ਕਰ ਦਿੱਤਾ ਹੈ। ਮਾਲੀਆ ਦੀ ਰਕਮ ਦਿੱਲੀ ਭੇਜਣ ਵਿਚ ਉਹ ਅਸਫ਼ਲ ਰਿਹਾ ਹੈ। ਦਿੱਲੀ ਵਾਲਿਆਂ ਇਸ ਨੂੰ ਬਗ਼ਾਵਤ ਕਰਨ ਦਾ ਮੁੱਢ ਸਮਝਿਆ। ਦੂਸਰੇ, ਜ਼ਕਰੀਆ ਖ਼ਾਨ ਆਪ ਤੁਰਾਨੀ ਸਰਦਾਰ ਸੀ ਤੇ ਇਹ ਸ਼ੱਕ ਪੱਕਾ ਹੋ ਰਿਹਾ ਸੀ ਕਿ ਇਹ ਗ਼ਜ਼ਨੀ ਹਕੂਮਤ ਨਾਲ ਸਾਜ਼ ਬਾਜ਼ ਕਰ ਕੇ ਦਿੱਲੀ ਦਾ ਤਖ਼ਤ ਉਲਟ ਜਾਂ ਉਲਟਵਾ ਦੇਵੇਗਾ। ਇਨ੍ਹਾਂ ਹਾਲਤਾਂ ਵਿਚ ਜ਼ਕਰੀਆ ਖ਼ਾਨ ਨੇ ਸਿੱਖਾਂ ਵੱਲ ਖੁਲ੍ਹ ਅਤੇ ਦੋਸਤੀ ਦਾ ਹੱਥ ਵਧਾਉਣ ਵਿਚ ਹੀ ਰਾਜਨੀਤੀ ਸਮਝੀ।

**ਸਿੱਖਾਂ ਤਾਕਤ ਵਧਾ ਲਈ** : ਸਿੰਘਾਂ ਵੀ ਨਵਾਬ ਕਪੂਰ ਸਿੰਘ ਦੀ ਅਗਵਾਈ ਹੇਠਾਂ ਉਸ ਸਮੇਂ ਦਾ ਕਾਫ਼ੀ ਫ਼ਾਇਦਾ ਉਠਾਇਆ। ਸਭ ਜਾਣਦੇ ਸਨ ਕਿ ਇਹ ਜਾਗੀਰ ਕੋਈ ਸਦੀਵੀ ਨਹੀਂ ਹੈ ਅਤੇ ਨਵਾਬ ਕਪੂਰ ਸਿੰਘ ਵੀ ਸਮਝਦੇ ਸਨ ਕਿ ਮੌਕੇ ਦਾ ਵੱਧ ਤੋਂ ਵੱਧ ਫ਼ਾਇਦਾ ਜਥੇਬੰਦੀ ਨੂੰ ਮਜ਼ਬੂਤ ਕਰਨ ਵਿਚ ਉਠਾਣਾ ਚਾਹੀਦਾ ਹੈ। ਜਾਗੀਰ ਵੀ ਇਕ ਚੰਗੀ ਸਹਾਇਤਾ ਸੀ। ਪੱਕੀ ਆਮਦਨ ਹੋਣ ਕਾਰਨ ਜਥੇਬੰਦੀ ਮਜ਼ਬੂਤ ਕਰਨ ਵਿਚ ਆਸਾਨੀ ਹੋ ਗਈ ਸੀ। ਜਥੇਬੰਦੀ ਨੂੰ ਪੱਕਿਆਂ ਪੈਰਾਂ ਉੱਤੇ ਖੜ੍ਹਾ ਕਰ ਕੇ ਸਿੱਖਾਂ ਨੇ ਦੂਰ-ਦੂਰ ਮੱਲਾਂ ਮਾਰਨੀਆਂ ਅਰੰਭੀਆਂ। ਆਪਣੇ-ਆਪਣੇ ਖੇਤਰ ਵੰਡ ਲਏ ਤੇ ਕਈ ਟਿਕਾਣੇ ਵੀ ਬਣਾ ਲਏ।

**ਜ਼ਕਰੀਆ ਖ਼ਾਨ ਨੇ ਜਾਗੀਰ ਵਾਪਸ ਲਈ** : ਜ਼ਕਰੀਆ ਖ਼ਾਨ ਸਿੱਖਾਂ ਦੀ ਵਧਦੀ ਤਾਕਤ ਨੂੰ ਅਨੁਭਵ ਕਰ ਰਿਹਾ ਸੀ। ਥਾਂ-ਥਾਂ ਸਿੱਖ ਹੀ ਰਾਜੇ ਬਣ ਗਏ ਸਨ। ਆਮ ਲੋਕੀਂ ਸਿੱਖਾਂ ਦੀ ਰੱਖਿਆ ਮੰਗਦੇ ਤੇ ਰੱਖਿਆ ਦੇ ਸਿੱਟੇ ਮਾਇਕ ਸਹਾਇਤਾ ਕਰਦੇ ਸਨ। ਜ਼ਕਰੀਆ ਖ਼ਾਨ ਦਿੱਲੀ ਦੀਆਂ ਉਲਝਣਾਂ ਵਿਚ ਫਸਿਆ ਹੋਣ ਕਾਰਨ ਧਿਆਨ ਨਹੀਂ ਦੇ ਸਕਦਾ ਸੀ। ਜਦ ਉਸ ਨੇ ਪੰਜਾਬ ਵੱਲ ਧਿਆਨ ਮੋੜਿਆਂ ਤਾਂ ਜਾਗੀਰ ਦੀ ਹੋਂਦ ਨੂੰ ਸਿੱਖਾਂ ਦੇ ਵਧਣ ਦਾ ਇਕ ਕਾਰਨ ਸਮਝ ਕੇ ਜਾਗੀਰ ਵਾਪਸ ਲੈਣ ਦਾ ਫ਼ੈਸਲਾ ਕੀਤਾ। ੧੭੩੫ ਈ: ਵਿਚ ਇਹ ਜਾਗੀਰ ਵਾਪਸ ਲੈ ਲਈ ਗਈ। ਸਿੱਖਾਂ ਇਸ ਜਾਗੀਰ ਵਾਪਸੀ ਨੂੰ ਜ਼ਕਰੀਆ ਖ਼ਾਨ ਵਲੋਂ ਨਵੇਂ ਅਤਿਆਚਾਰਾਂ ਦਾ ਅਰੰਭ ਸਮਝ ਕੇ ਪਹਿਲੇ ਹੀ ਤਿਆਰੀ ਕਰ ਲਈ।

**ਜ਼ਕਰੀਆ ਖ਼ਾਨ ਨੇ ਸਿੱਖਾਂ ਨੂੰ ਫੇਰ ਦਬਾਉਣਾ** : ਜ਼ਕਰੀਆ ਖ਼ਾਨ ਨੇ ਫਿਰ ਸਾਰੇ ਪੰਜਾਬ ਵਿਚ ਹੰਗਾਮੀ ਹਾਲਾਤ ਦਾ ਐਲਾਨ ਕੀਤਾ ਤੇ ਸਾਰਿਆਂ ਚੌਧਰੀਆਂ, ਫ਼ੌਜਦਾਰਾਂ ਨੂੰ ਮਦਦ ਲਈ ਪੁਕਾਰਿਆ। ਦੀਵਾਨ ਲਖਪਤ ਰਾਇ ਨੂੰ ਮਾਝੇ ਵਿਚ ਭੇਜਿਆ। ਬੁੱਢਾ ਦਲ ਦਾ ਬਾਰੀ ਦੁਆਬ ਵਿਚੋਂ ਅਸਰ ਜ਼ਾਇਲ ਕਰਨ ਲਈ ਜਲੰਧਰ ਦੇ ਨਵਾਬ ਨੂੰ ਉਚੇਚਾ ਲਿਖਿਆ ਅਤੇ ਇਲਾਕੇ ਵਿਚੋਂ ਕੱਢ ਦਿੱਤਾ ਗਿਆ। ਬੁੱਢਾ ਦਲ ਮਾਲਵੇ ਵਲ ਵਧਿਆ। ਉਥੇ ਬਾਬਾ ਆਲਾ ਸਿੰਘ ਨੇ ਬੁੱਢਾ ਦਲ ਦਾ ਸਵਾਗਤ ਕੀਤਾ ਅਤੇ ਉਨ੍ਹਾਂ ਨੇ ਨਵਾਬ ਕਪੂਰ ਸਿੰਘ ਹੱਥੋਂ ਅੰਮ੍ਰਿਤ ਛਕਿਆ। ਬੁੱਢਾ ਦਲ ਨੇ ਵੀ ਆਲਾ ਸਿੰਘ ਦੀ ਸੁਨਾਮ ਤਕ ਇਲਾਕਾ ਜਿੱਤਣ ਵਿਚ ਮਦਦ ਕੀਤੀ। ਇਸ ਉਤਸ਼ਾਹ ਨੂੰ ਦੇਖ ਕੇ ਸਿੰਘਾਂ ਨਿਰਣਾ ਲਿਆ ਕਿ ਸਰਹੰਦ ਵੀ ਲਗਦੇ ਹੱਥ ਮਾਰ ਲਵੋ। ਨਵਾਬ ਕਪੂਰ ਸਿੰਘ ਜੀ ਦੀ ਸਲਾਹ ਪੁੱਛੀ ਤਾਂ ਉਨ੍ਹਾਂ ਕਿਹਾ ਕਿ ਜੱਕੋ-ਤੱਕੋ ਕੀ ਕਰਦੇ ਹੋ, ਸਰਹੰਦ ਵਿਚ ਤਾਂ ਸ਼ਹੀਦੀ ਪਾਉਣ ਦਾ ਹੋਰ ਵੀ ਸੁਆਦ ਹੈ :

Sri Satguru Jagjit Singh Ji eLibrary NamdhariElibrary@gmail.com

*'ਮੂਏ ਮੁਕਤ, ਜੀਏ ਜੀਵ ਸਾਜ।' ਜਿੱਤ ਪੰਥ ਦੀ ਹੈ।*

ਦੇਖਦੇ ਹੀ ਦੇਖਦੇ ਸਰਹੰਦ ਮਾਰ ਲਈ। ਉਥੋਂ ਠੀਕਰੀਵਾਲਾ ਪੁੱਜੇ। ਇਸ ਸਰਹੰਦ ਦੀ ਜਿੱਤ ਦਾ ਸੁਣਨਾ ਸੀ ਕਿ ਮਾਲਵੇ ਦੇ ਸਿੰਘ ਬੁੱਢਾ ਦਲ ਵਿਚ ਆ ਰਲੇ।

ਸਿੱਖਾਂ ਸਰਹੰਦ ਉੱਤੇ ਕਬਜ਼ਾ ਕਰ ਕੇ ਫਿਰ ਦੀਵਾਲੀ ਅੰਮ੍ਰਿਤਸਰ ਮਨਾਉਣ ਦਾ ਫ਼ੈਸਲਾ ਕੀਤਾ। ਸਿੱਖ ਗੋਇੰਦਵਾਲ, ਤਰਨਤਾਰਨ ਤੋਂ ਹੁੰਦੇ ਬਾਸਰਕੇ ਪੁੱਜੇ ਹੀ ਸਨ ਕਿ ਲਖਪਤ ਰਾਇ ਨੇ ਤਗੜੀ ਫ਼ੌਜ ਨਾਲ ਹਮਲਾ ਕੀਤਾ। ਸਿੱਖਾਂ ਨੂੰ ਚੂਨੀਆਂ ਵੱਲ ਧਕੇਲਣ ਵਿਚ ਕਾਮਯਾਬ ਹੋ ਗਿਆ, ਪਰ ਇਤਨੇ ਨੂੰ ਤਰੁਨਾ ਦਲ ਦੇ ਜਥੇ ਪੁੱਜ ਗਏ। ਲਾਹੌਰ ਮੁੜਦੀਆਂ ਮੁਗ਼ਲ ਫ਼ੌਜਾਂ ਨੂੰ ਸਿੱਖਾਂ ਹੁਜਰਾ ਸ਼ਾਹ ਮੁਕੀਮ ਕੋਲ ਘੇਰ ਲਿਆ। ਤਗੜੀ ਹਾਰ ਦਿੱਤੀ। ਲਖਪਤ ਰਾਇ ਦਾ ਭਤੀਜਾ ਦੁਨੀ ਚੰਦ ਅਤੇ ਜਮਾਲ ਖ਼ਾਨ, ਤਾਤਾਰ ਖ਼ਾਨ ਫ਼ੌਜਦਾਰ ਵੀ ਥਾਏਂ ਹੀ ਮਾਰੇ ਗਏ। ਇਸ ਜਿੱਤ ਨੇ ਸਿੱਖਾਂ ਨੂੰ ਹੋਰ ਉਤਸ਼ਾਹ ਦਿੱਤਾ। ਦੀਵਾਲੀ ਅੰਮ੍ਰਿਤਸਰ ਮਨਾਈ। ਪਰ ਜ਼ਕਰੀਆ ਖ਼ਾਨ ਨੇ ਇਸ ਹਾਰ ਬਾਰੇ ਸੁਣ ਕੇ ਅਤਿਆਚਾਰਾਂ ਦੇ ਚੱਕਰ ਨੂੰ ਤੇਜ਼ੀ ਨਾਲ ਚਲਾਉਣਾ ਅਰੰਭ ਕਰ ਦਿੱਤਾ। ਫਿਰ ਗਸ਼ਤੀ ਫ਼ੌਜਾਂ ਭੇਜੀਆਂ ਗਈਆਂ। ਚੌਧਰੀਆਂ ਨੂੰ ਖ਼ਾਸ ਸਰਕੂਲਰ ਰਾਹੀਂ ਸਿੱਖਾਂ ਨੂੰ ਪਕੜਨ ਤੇ ਕਤਲ ਕਰਨ ਲਈ ਕਿਹਾ ਗਿਆ। ਖ਼ਾਸ ਫ਼ਰਮਾਨ ਜਾਰੀ ਕੀਤਾ ਕਿ ਜੇ ਕੋਈ ਸਿੱਖਾਂ ਨੂੰ ਪਨਾਹ, ਮਦਦ ਜਾਂ ਪਤਾ ਬਤਲਾਉਣ ਤੋਂ ਇਨਕਾਰ ਕਰੇਗਾ ਉਸ ਨੂੰ ਕਰੜੀ ਸਜ਼ਾ ਦਿੱਤੀ ਜਾਏਗੀ।[1] ਸਿੱਖ ਅੱਤਿਆਚਾਰ ਦਾ ਟਾਕਰਾ ਕਰਨ ਲਈ ਤਿਆਰ ਸਨ। ਭਾਵੇਂ ਜਥੇਬੰਦੀ ਦਾ ਕੇਂਦਰ ਟੁੱਟ ਗਿਆ, ਪਰ ਕਨਿੰਘਮ ਦੇ ਕਹਿਣ ਅਨੁਸਾਰ 'ਸਿੱਖ ਐਸੀ ਤਾਰ ਵਿਚ ਜੁੜੇ ਹੋਏ ਸਨ ਕਿ ਇਕ ਦੂਜੇ ਦਾ ਦਰਦ ਉਹ ਯਕਦਮ ਮਹਿਸੂਸ ਕਰਨ ਲੱਗ ਪੈਂਦੇ ਸਨ। ਅੰਮ੍ਰਿਤਸਰ ਇਕੱਠ ਕਰਨ ਦੀ ਪਾਬੰਦੀ ਨੇ ਵੀ ਕਾਫ਼ੀ ਸੱਟ ਮਾਰੀ। ਕਨ੍ਹਈਆ ਲਾਲ ਦੇ ਕਥਨ ਅਨੁਸਾਰ 'ਹਜ਼ਾਰਾਂ ਸਿੱਖ ਕਤਲ ਹੋਏ, ਹਜ਼ਾਰਾਂ ਤਬਾਹ ਤੇ ਬਰਬਾਦ ਹੋ ਗਏ। ਰਹਿੰਦੇ ਪਹਾੜਾਂ ਨੂੰ ਭੱਜ ਗਏ ਅਤੇ ਸਿੱਖਾਂ ਦਾ ਦੇਸ਼ ਮਾਝਾ ਬਿਲਕੁਲ ਹੀ ਉੱਜੜ ਗਿਆ।' ਜ਼ਕਰੀਆ ਖ਼ਾਨ ਨੇ ਜਲੰਧਰ ਦੁਆਬ ਦਾ ਨਾਜ਼ਮ ਅਦੀਨਾ ਬੇਗ ਨੂੰ ਨਿਯਤ ਕੀਤਾ ਤਾਂਕਿ ਦੁਆਬੇ ਵਿਚ ਵੀ ਸਿੱਖਾਂ ਨੂੰ ਉਥੇ ਹੀ ਰੋਕਿਆ ਜਾਏ।

**ਭਾਈ ਮਨੀ ਸਿੰਘ ਜੀ ਦੀ ਸ਼ਹਾਦਤ** : ੧੭੨੧ ਤੋਂ ਭਾਈ ਮਨੀ ਸਿੰਘ ਜੀ ਬੜੀ ਸੁਚੱਜੀ ਅਗਵਾਈ ਕਰ ਰਹੇ ਸਨ। ਝਗੜੇ ਮਿਟਾਉਣ ਤੇ ਕਈ ਅਣਮੁੱਲੀਆਂ ਸਲਾਹਾਂ ਉਹ ਦੇਂਦੇ ਰਹੇ ਸਨ। ਦੀਵਾਲੀ ਤੇ ਵਿਸਾਖੀ ਦੇ ਇਕੱਠ ਕਰ ਕੇ ਸਿੱਖਾਂ ਨੂੰ ਜੁੜ ਬੈਠਣ ਦਾ ਮੌਕਾ ਉਹ ਬਖ਼ਸ਼ਦੇ ਸਨ। ਦੀਵਾਲੀ ਤੇ ਵਿਸਾਖੀ ਨੇ ਸਿੱਖਾਂ ਵਿਚ ਉਤਸ਼ਾਹ ਤੇ ਜਜ਼ਬਾ ਭਰਨ ਵਿਚ ਵੱਡਾ ਕਾਰ ਕੀਤਾ। ਜਾਗੀਰ ਦੇ ਖੋਹੇ ਜਾਣ ਉਪਰੰਤ ਦੀਵਾਲੀ ਤੇ ਵਿਸਾਖੀ ਦੇ ਦੀਵਾਨ

---

1. ਜੋ ਸਿੰਘਨ ਕੋ ਕੋਊ ਲੁਕਾਵੈ।
ਸੋ ਵਹਿ ਆਪਨੀ ਜਾਨ ਗਵਾਵੈ।
ਆਏ ਸਿੰਘ ਬਤਾਵੈ ਨਾਹੀਂ।
ਵੈ ਭੀ ਅਪਨੀ ਜਿੰਦ ਗਵਾਹੀ।
ਜੋ ਸਿੰਘਨ ਕੋ ਦੇਵੈ ਨਾਜ।
ਮੁਸਲਮਾਨ ਕਰੈ ਤਿਸ ਕਾਜ।

Sri Satguru Jagjit Singh Ji eLibrary NamdhariElibrary@gmail.com

ਨਹੀਂ ਸਨ ਹੋ ਸਕੇ। ਜੇ ਸਿੱਖਾਂ ਕਰਨ ਦੀ ਕੋਸ਼ਿਸ਼ ਵੀ ਕੀਤੀ ਤਾਂ ਰਸਤੇ ਵਿਚ ਹੀ ਰੋਕ ਲਏ ਗਏ। ੧੭੩੮ ਦੀ ਦੀਵਾਲੀ ਨੂੰ ਭਾਈ ਮਨੀ ਸਿੰਘ ਜੀ ਨੇ ਇਕੱਠ ਕਰਨ ਦੀ ਸੋਚੀ। ਜ਼ਕਰੀਆ ਖ਼ਾਨ ਨੇ ਇਸ ਸ਼ਰਤ ਉੱਤੇ ਇਜਾਜ਼ਤ ਦਿੱਤੀ ਕਿ ੧੦,੦੦੦ ਰੁਪਏ ਕਰ ਵਜੋਂ ਤਾਰੇ ਜਾਣ। ਭਾਈ ਸਾਹਿਬ ਨੇ ਪ੍ਰਵਾਨ ਕੀਤਾ, ਕਿਉਂਕਿ ਉਹ ਹਰ ਹੀਲੇ ਇਕੱਠ ਕਰਨਾ ਬਹੁਤ ਜ਼ਰੂਰੀ ਸਮਝਦੇ ਸਨ। ਉਨ੍ਹਾਂ ਦਾ ਖ਼ਿਆਲ ਸੀ ਕਿ ਸਰਬਤ ਖ਼ਾਲਸਾ ਦੇ ਜੁੜਨ ਸਮੇਂ ਰੁਪਏ ਆਸਾਨੀ ਨਾਲ ਇਕੱਠੇ ਹੋ ਜਾਣਗੇ। ਦੂਸਰੇ ਪਾਸੇ ਜ਼ਕਰੀਆ ਖ਼ਾਨ ਵੀ ਤਾਕ ਵਿਚ ਸੀ। ਸਿੱਖਾਂ ਦੇ ਇਕੱਠ ਨੂੰ ਉਹ ਜਾਲ ਵਿਚ ਆਇਆ ਇਕ ਸ਼ਿਕਾਰ ਸਮਝਦਾ ਸੀ। ਉਸ ਦੀ ਵਿਉਂਤ ਇਹ ਸੀ ਕਿ ਜੁੜੇ ਖ਼ਾਲਸੇ ਨੂੰ ਦੀਵਾਲੀ ਵਾਲੀ ਰਾਤ ਘੇਰ ਕੇ ਤੋਪਾਂ ਨਾਲ ਉੜਾ ਦਿੱਤਾ ਜਾਏ। ਭਾਈ ਮਨੀ ਸਿੰਘ ਨੇ ਉਸ ਦੀਵਾਲੀ ਵਾਸਤੇ ਉਚੇਚੇ ਹੁਕਮਨਾਮੇ ਵੀ ਭੇਜੇ ਸਨ। ਜ਼ਕਰੀਆ ਖ਼ਾਨ ਦੀ ਚਾਲ ਇਹ ਸੀ ਕਿ ਦੀਵਾਨ ਲਖਪਤ ਰਾਇ ਨੂੰ ਭਾਰੀ ਫ਼ੌਜ ਦੇ ਕੇ ਰਾਮ ਤੀਰਥ ਭੇਜਿਆ ਜਾਵੇ ਤੇ ਦੀਵਾਲੀ ਦੀ ਰਾਤ ਨੂੰ ਹੱਲਾ ਬੋਲ ਕੇ ਸਿੱਖਾਂ ਦਾ ਕਤਲਿਆਮ ਕੀਤਾ ਜਾਏ। ਫ਼ੌਜਾਂ ਇਕੱਠੀਆਂ ਹੁੰਦੀਆਂ ਦੇਖ ਕੇ ਅਤੇ ਸੂਹ ਮਿਲਣ ਉੱਤੇ ਭਾਈ ਮਨੀ ਸਿੰਘ ਨੇ ਸਿੰਘ ਸੁਨੇਹੇ ਦੇ ਕੇ ਦੁੜਾਏ ਕਿ ਰਸਤੇ ਵਿਚ ਹੀ ਸਿੰਘਾਂ ਨੂੰ ਰੋਕ ਦਿੱਤਾ ਜਾਏ, ਪਰ ਫਿਰ ਵੀ ਸਾਰੇ ਰੋਕੇ ਨਾ ਜਾ ਸਕੇ ਤੇ ਚੋਖਾ ਇਕੱਠ ਹੋ ਗਿਆ। ਚਾਲ ਅਨੁਸਾਰ ਲਖਪਤ ਰਾਇ ਨੇ ਹਮਲਾ ਕਰ ਦਿੱਤਾ। ਦੀਵਾਨ ਨਾ ਲੱਗ ਸਕਿਆ। ਕਈ ਇਸ਼ਨਾਨ ਕਰਦੇ ਹੀ ਸ਼ਹੀਦ ਕਰ ਦਿੱਤੇ ਗਏ ਅਤੇ ਕਈ ਇਸ਼ਨਾਨ ਕਰਕੇ ਨਿਕਲਦੇ ਹੀ ਪ੍ਰਕਰਮਾ ਵਿਚ ਹੀ ਖ਼ਤਮ ਕਰ ਦਿੱਤੇ ਗਏ। ਭਾਈ ਮਨੀ ਸਿੰਘ ਜੀ ਨੇ ਰੋਸ ਮਨਾਇਆ ਤੇ ਹਕੂਮਤ ਦੇ ਕਰਮਚਾਰੀਆਂ ਕੋਲ ਸਾਜ਼ਿਸ਼ ਦੀ ਨਿਖੇਧੀ ਭੇਜੀ, ਪਰ ਉਲਟ ਜ਼ਕਰੀਆ ਖ਼ਾਨ ਨੇ ਰਹਿੰਦੇ ੫੦੦੦ ਰੁਪਿਆਂ ਦੀ ਮੰਗ ਕੀਤੀ। ਭਾਈ ਮਨੀ ਸਿੰਘ ਜੀ ਨੇ ਕਿਹਾ ਕਿ ਇਕੱਠ ਤਾਂ ਹੋ ਨਹੀਂ ਸਕਿਆ, ਰੁਪਏ ਕਿਸ ਗੱਲ ਦੇ ? ਭਾਈ ਮਨੀ ਸਿੰਘ ਨੂੰ ਗ੍ਰਿਫ਼ਤਾਰ ਕਰਕੇ ਲਾਹੌਰ ਦਰਬਾਰ ਪੇਸ਼ ਕੀਤਾ ਗਿਆ। ਜ਼ਕਰੀਆ ਖ਼ਾਨ ਨੇ ਇਸਲਾਮ ਕਬੂਲ ਕਰਨ ਲਈ ਕਿਹਾ[1] ਅਤੇ ਜੁਰਮਾਨਾ ਨਾ ਤਾਰਨ ਦੀ ਸੂਰਤ ਵਿਚ ਬੰਦ ਬੰਦ ਕੱਟਣ ਦਾ ਹੁਕਮ ਦਿੱਤਾ।[2] ਭਾਈ ਮਨੀ ਸਿੰਘ ਜੀ ਨੇ ਸ਼ਹਾਦਤ ਕਬੂਲ ਕਰਦੇ ਹੋਏ ਕਿਹਾ ਕਿ ਕਈ ਜੀਵਨ ਸਿੱਖੀ ਤੋਂ ਵਾਰਨ ਲਈ ਤਿਆਰ ਹਾਂ। ਕਾਜ਼ੀ ਨੇ ਬੰਦ-ਬੰਦ ਕੱਟਣ ਦਾ ਹੁਕਮ ਸੁਣਾਇਆ ਤੇ ਸ਼ਾਹੀ ਕਿਲ੍ਹੇ

---

1. ਖਾਨ ਕਹਯੋ ਹੋਹੁ ਮੁਸਲਮਾਨ।
ਤਦ ਛੋਡੈਂਗੇ ਤੁਮ ਹੀ ਜਾਨ।
ਸਿੰਘਨ ਕਹਯੋ ਹਮ ਸਿਦਕ ਨ ਹਾਰੈਂ।
ਕਈ ਜਨਮ ਪਰ ਸਿਦਕ ਸੁ ਗਾਰੈਂ।

ਇਹ ਬਚਨ ਵੀ ਆਖੇ :

ਦੇਹੀ ਕਿਸ ਕੀ ਬਾਪਰੀ, ਸਿੱਖੀ ਜੋ ਸਾਬਤ ਹੋਇ।
ਦੇਹ ਤੋਂ ਆਵਣ ਜਾਣ ਹੈ, ਸਿਖੀ ਲਭੈ ਕਬ ਕੋਇ।

2. ਇਹ ਵੀ ਕਿਹਾ ਜਾਂਦਾ ਹੈ ਕਿ ਭਾਈ ਮਨੀ ਸਿੰਘ ਜੀ ਜਦ ਸ਼ਹੀਦ ਕੀਤੇ ਜਾਣ ਲੱਗੇ ਤਾਂ ਕੁਝ ਹਿੰਦੂਆਂ ਨੇ ਰੁਪਏ ਇਕੱਠੇ ਕਰਕੇ ਖ਼ਜ਼ਾਨੇ ਵਿਚ ਸ਼ਾਮਲ ਕਰਨ ਲਈ ਭਾਈ ਮਨੀ ਸਿੰਘ ਜੀ ਕੋਲੋਂ ਇਜਾਜ਼ਤ ਮੰਗੀ, ਪਰ ਭਾਈ ਮਨੀ ਸਿੰਘ ਜੀ ਨੇ ਸ਼ਹੀਦ ਹੋਣਾ ਹੀ ਪ੍ਰਵਾਨ ਕੀਤਾ।

Sri Satguru Jagjit Singh Ji eLibrary NamdhariElibrary@gmail.com

ਦੇ ਲਾਗੇ ਮੈਦਾਨ ਵਿਚ ਬੰਦ ਬੰਦ ਕੱਟਣ ਲਈ ਲੈ ਗਏ। ਭਾਈ ਮਨੀ ਸਿੰਘ ਜੀ ਨੇ ਸ਼ਹੀਦੀ ਖਿੜੇ ਮੱਥੇ ਕਬੂਲ ਕੀਤੀ। ਭਾਈ ਮਨੀ ਸਿੰਘ ਜੀ ਦੇ ਕਈ ਸਾਥੀਆਂ ਨੂੰ ਵੀ ਸਖ਼ਤ ਸਜ਼ਾਵਾਂ ਦਿੱਤੀਆਂ ਗਈਆਂ। ਭਾਈ ਦੀਵਾਨ ਸਿੰਘ ਜੀ ਨੂੰ ਆਰੇ ਨਾਲ ਚੀਰਨ ਦਾ ਹੁਕਮ ਦਿੱਤਾ ਗਿਆ। ਭਾਈ ਗੁਲਜ਼ਾਰ ਸਿੰਘ ਜੀ ਨੂੰ ਤਸੀਹੇ ਦੇ-ਦੇ ਕੇ ਸ਼ਹੀਦ ਕੀਤਾ ਗਿਆ। ਭਾਈ ਮਨੀ ਸਿੰਘ ਜੀ ਦੇ ਬੰਦ-ਬੰਦ ਕੱਟਣ ਦਾ ਦ੍ਰਿਸ਼ ਭਾਈ ਰਤਨ ਸਿੰਘ ਭੰਗੂ ਨੇ ਬੜੇ ਵਿਸਥਾਰ ਨਾਲ ਦਿੱਤਾ ਹੈ। ਭਾਈ ਮਨੀ ਸਿੰਘ ਜੀ ਦੇ ਪਹਿਲਾਂ ਪੰਜੇ ਪੋਟੇ, ਫਿਰ ਉਂਗਲਾਂ, ਫਿਰ ਕੂਹਨੀ, ਬਾਹਵਾਂ, ਫਿਰ ਮੋਢੇ, ਪਹਿਲਾਂ ਸੱਜੇ ਪਾਸੇ ਦੇ, ਫਿਰ ਖੱਬੇ ਪਾਸੇ ਦੇ ਬੰਦ[1] ਕੱਟੇ ਗਏ, ਪਰ ਭਾਈ ਸਾਹਿਬ ਸਨ ਕਿ ਉਹ ਅਡੋਲ ਸੁਖਮਨੀ ਦੀਆਂ ਇਹ ਤੁਕਾਂ 'ਨਿਹ ਕਿਛ ਜਨਮੈ ਨਹਿ ਕਿਛੁ ਮਰੈ, ਆਪਨ ਚਲਿਤੁ ਆਪ ਹੀ ਕਰੈ' ਪੜ੍ਹੀ ਜਾ ਰਹੇ ਸਨ।[2] ਪੰਥ ਪ੍ਰਕਾਸ਼ ਦੇ ਲਿਖਾਰੀ ਦਾ ਕਹਿਣਾ ਹੈ ਕਿ ਮਨਸੂਰ ਸ਼ਹੀਦ ਹੋਇਆ ਹੈ, ਪਰ ਭਾਈ ਮਨੀ ਸਿੰਘ ਦੀ ਸ਼ਹਾਦਤ ਕਈ ਮਨਸੂਰਾਂ ਨਾਲੋਂ ਵੱਧ ਹੈ।

*"ਮਨਸੂਰ ਮਨਸੂਰ ਇਮ ਜਗ ਭਯੋ ਕੱਟੇ ਹਥ ਇਕ ਸਟ।*
*ਮਨੀ ਸਿੰਘ ਬਹੁ ਸਟ ਸਹੀ ਬੰਦ ਬੰਦ ਸੁਟਾਯੋ ਕੱਪ।*
*ਜੋ ਗੁਰਸਿਖ ਕਹਾਵੈ ਕਰਨੀ ਸੋਊ ਬਹਿ ਕਮਾਵੈ,*
*ਮਨੀ ਸਿੰਘ ਜੀ ਕੇ ਤੁਲ ਭਯੋ ਕਊ ਹੈ ਰਾਣਾ ਔ ਰੰਕ ਜੀ।"*

ਇਕ ਸਮਕਾਲੀ ਭੱਟ ਨੇ ਇਸ ਸ਼ਹਾਦਤ ਸਬੰਧੀ ਲਿਖਿਆ ਸੀ :

*ਸਿਖਨ ਮੇਂ ਸਿਖ ਊਚੋ,*
*ਭਗਤਨ ਮੈਂ ਭਗਤ ਮੂਚੋ,*

---

1. ਕਹਿੰਦੇ ਹਨ ਕਿ ਜੱਲਾਦ ਨੇ ਬੰਦ ਚਾਰ ਹੀ ਕਹਿ ਕਟਣੇ ਚਾਹੇ ਪਰ ਭਾਈ ਮਨੀ ਸਿੰਘ ਜੀ ਨੇ ਬੰਦ ਗਿਣਵਾਏ ਤੇ ਹਰ ਬੰਦ ਨੂੰ ਕੱਟ ਅੱਡ ਕਰਨ ਲਈ ਕਿਹਾ :
ਪਹਿਲੇ ਉਂਗਲੀਯੋ ਪੋਟੇ ਕਟਾਏ।
ਫਿਰ ਮਧ ਗੰਢ ਤੇ ਬੰਦ ਛੁਡਾਏ।
ਫਿਰ ਉਂਗਲੀ ਤਿਈ ਵਾਰ ਕਟਾਈ।
ਫਿਰ ਪੋਨੇ ਸੋ ਬੀਣੀ ਛੁਡਾਈ।
ਚੰਡਾਲ ਚਾਹੇ ਫਿਰ ਮੋਢਯੋ ਲਹਾਈ।
ਮਨੀ ਸਿੰਘ ਕਈ ਕੂਹਨੀ ਘੜਾਈ।
ਕੂਹਣੀਓ ਕਟਾਇ ਫਿਰ ਮੋਢਿਓਂ ਲੁਹਾਈ।
ਸਜੀ ਕਟਾਇ ਫਿਰ ਖੱਬੀ ਫੜਾਈ।
ਤਿਮ ਹੀ ਪੈਰਯੋ ਬੰਦ ਕਟਾਯੋ।
ਗਰ ਗਰ ਉਂਗਲ ਗੁਠੋ ਬਢਾਯੋ।
2. ਸਿੰਘ ਜੀ ਮੁਖ ਗੁਰ ਪੜ੍ਹਤ ਜੋ ਬਾਣੀ।
ਨਹਿ ਕੁਛ ਪੀੜ੍ਹ ਦੇਹ ਉਨ ਜਾਨੀ।
ਪਾਠ ਸੁਖਮਨੀ ਮੁਖੋ ਉਚਰੈ।
ਨਹਿ ਕਿਛੁ ਜਨਮੈ ਨਹਿ ਕਿਛ ਮਰੈ।

Sri Satguru Jagjit Singh Ji eLibrary NamdhariElibrary@gmail.com

*ਸਿਖੀ ਕੀ ਨਿਆਈ ਕਹੀਏ,*
*ਭਾਈ ਮਨੀ ਸਿੰਘ ਜੀ।*
*ਜਗਤ ਮੈਂ ਜੈਕਾਰ ਭਯੋ,*
*ਧਰਮ ਅਰਥ ਦੇਹ ਦਯੋ,*
*ਸਿਦਕ ਸੋਂ ਕਟਾਯੋ,*
*ਹੀਯੋ ਨਾ ਮਾਨੀ ਕਛੂ ਸੰਕ ਜੀ।*
*ਸਿਖ ਸੋ ਪ੍ਰਸੰਨ ਭਏ,*
*ਦੁਸ਼ਟ ਸਭ ਭ੍ਰਿਸ਼ਟ ਭਏ,*
*ਗਿਆਨ ਕੀ ਖੜਗ ਸੋਂ,*
*ਸੋ ਮਾਰੇ ਚੌਰੰਗ ਜੀ।*
*ਗੁਰ ਸਿਖ ਕਹਾਵੈ ਜੋਊ,*
*ਕਰਨੀ ਯਹਿ ਕਮਾਵੈ ਸੋਊ,*
*ਮਨੀ ਸਿੰਘ ਤੁਲ ਭਯੋ,*
*ਕੋ ਰਾਣਾ ਔਂ ਨ ਰੰਕ ਜੀ।*

ਭਟ ਵਹੀ ਮੁਲਤਾਨੀ-ਸਿੰਧੀ ਵਿਚ ਉਪਮਾ ਵਜੋਂ ਲਿਖਿਆ ਮਿਲਦਾ ਹੈ :

*ਗੁਰੂ ਰਾਮ ਦਾਸ ਦਰ ਕਾ ਹੋਇ ਸੇਵਕ,*
*ਸਿੰਘ ਨਾਮ ਤਉ ਉਜਲ ਕਰਿਆ।*
*ਸਿਖੀ ਮੇਂ ਸੂਰਾ, ਭਗਤੀ ਮੇਂ ਪੂਰਾ,*
*ਗਿਆਨ ਖੜਗ ਲੈ ਸਾਮੇ ਲਰਿਆ।*
*ਫਤੇ ਵਾਹਿਗੁਰੂ ਮੁਖ ਥੀਂ ਨਿਕਸੀ,*
*ਬੰਦ ਬੰਦ ਕਟ ਪੋਸ਼ ਉਖਰਿਆ।*

ਸ਼ਹੀਦੀ ਨਖਾਸ ਚੌਂਕ ਹੋਈ ਸੀ ਜਿਥੇ ਹੁਣ ਸ਼ਹੀਦ ਗੰਜ ਹੈ। ਇਸ ਵਿਹੜੇ ਵਿਚ ਇਕ ਖੂਹ ਹੈ, ਜਿਸ ਨੂੰ ਸ਼ਹੀਦੀ ਖੂਹ ਕਿਹਾ ਜਾਂਦਾ ਹੈ। ਉਸ ਖੂਹ ਵਿਚ ਇਕ ਇੱਟ ਤੇ ਇਹ ਸ਼ਬਦ ਉਕਰੇ ਹੋਏ ਹਨ :

**੧ਓ ਸਤਿਗੁਰ ਪ੍ਰਸਾਦ**

**ਸ਼ਹੀਦ ਗੰਜ ਤਾਰੂ ਸਿੰਘ ਮਨੀ ਸਿੰਘ ਕਾ।**

ਸੰਮਤ ੧੮੯੩ ਭਾਦਰੋਂ ਸੁਦੀ ਪੰਚਮੀ ਸ਼ਹੀਦ ਬੁੰਗਾ ਸਾਹਿਬ ਬੁੰਗੇ ਦੀ ਟਹਿਲ ਸਿੰਘ ਸਾਹਿਬ ਰਣਜੀਤ ਸਿੰਘ ਖੂਹ ਦੀ ਟਹਲ ਸਮੂਹ ਖਾਲਸੇ ਜੀ ਕੀਤੀ।

ਇਹ ਚੇਤਾ ਰਹੇ ਕਿ ਭਾਈ ਮਨੀ ਸਿੰਘ ਜੀ ਦਾ ਸਸਕਾਰ ਸਰਦਾਰ ਸੁਬੇਗ ਸਿੰਘ ਜੀ ਤੇ ਹੋਰ ਲਾਹੌਰ ਦੀ ਸੰਗਤਿ ਨੇ ਮਸਤੀ ਦਰਵਾਜ਼ਿਓਂ ਬਾਹਰ ਸ਼ਾਹੀ ਕਿਲ੍ਹੇ ਦੇ ਨਜ਼ਦੀਕ ਕੀਤਾ ਸੀ।

Sri Satguru Jagjit Singh Ji eLibrary NamdhariElibrary@gmail.com

ਭਾਈ ਮਨੀ ਸਿੰਘ ਜੀ[1] ਨੂੰ ਸ਼ਹੀਦ ਕਰਨ ਪਿੱਛੋਂ ਭਾਈ ਗੁਲਜ਼ਾਰਾ ਸਿੰਘ ਜੀ ਦਾ ਵੀ ਬੰਦ-ਬੰਦ ਕਟਿਆ ਗਿਆ ਤੇ ਖਲੜੀ ਉਤਾਰੀ ਗਈ। ਸ਼ਹੀਦ ਬਿਲਾਸ ਤੇ ਗੁਰ ਬਿਲਾਸ ਪਾਤਸ਼ਾਹੀ ਦਸਵੀਂ ਨੇ ਭਾਈ ਭੂਪਤ ਸਿੰਘ ਜੀ ਦੀਆਂ ਅੱਖਾਂ ਕੱਢ ਚਰਖੜੀ ਚਾੜ੍ਹੇ ਜਾਣ ਦਾ ਵੇਰਵਾ ਦਿੱਤਾ ਹੈ। ਭੂਪਤ ਸਿੰਘ ਨੇ ਵੰਗਾਰ ਆਖਿਆ :

*ਸੁਣੋ ਖ਼ਾਨ ਇਹ ਰਾਜ ਨ ਰਹਿਸੀ :*
*ਕੋਟ ਪਾਪ ਕਾ ਇਕ ਦਿਨ ਢਹਿਸੀ।*

ਗੁਲਜ਼ਾਰ ਸਿੰਘ ਨੇ ਕਿਹਾ ਸੀ :

*ਖਲ ਸਿੰਘ ਕੀ ਲਹਿ ਜੇ ਪੂਠੀ।*
*ਤਉ ਭੀ ਕਰੇ ਬਾਤ ਨ ਝੂਠੀ।*

ਹੋਰ ਸ਼ਹੀਦਾਂ ਦੇ ਨਾਮ ਹਨ : ਭਾਈ ਜਗਤ ਸਿੰਘ ਭਾਈ ਗੁਰਬਖਸ਼ ਸਿੰਘ, ਭਾਈ ਸੰਤ ਸਿੰਘ, ਭਾਈ ਸ਼ਰਧਾ ਸਿੰਘ, ਭਾਈ ਗੁਰਮੁਖ ਸਿੰਘ, ਭਾਈ ਉਦੈ ਸਿੰਘ, ਭਾਈ ਰਣ ਸਿੰਘ ਅਤੇ ਭਾਈ ਸੰਗਤ ਸਿੰਘ, ਭਾਈ ਚੈਨ ਸਿੰਘ, ਭਾਈ ਮੁਹਕਮ ਸਿੰਘ, ਆਲਮ ਸਿੰਘ ਅਉਲੀਆ।[2]

**ਭਾਈ ਮਨੀ ਸਿੰਘ ਜੀ ਦਾ ਸੰਖੇਪ ਜੀਵਨ** : ਭਾਈ ਮਨੀ ਸਿੰਘ ਜੀ ਸਿੱਖ ਇਤਿਹਾਸ ਵਿਚ ਇਕ ਪੂਜਨੀਕ ਹਸਤੀ ਹਨ। ਬਿਖੜੇ ਸਮੇਂ ਵਿਚ ਜਿਵੇਂ ਉਹਨਾਂ ਅਗਵਾਈ ਕੀਤੀ ਉਹ ਸਿੱਖ ਇਤਿਹਾਸ ਦੇ ਪੰਨਿਆਂ ਉੱਤੇ ਖ਼ੂਬਸੂਰਤੀ ਨਾਲ ਉਕਰੀ ਹੋਈ ਹੈ। ਭਾਈ ਸਾਹਿਬ

---

1. ਭਾਈ ਦਇਆਲਾ ਜੀ ਜਿਨ੍ਹਾਂ ਨੂੰ ਗੁਰੂ ਤੇਗ਼ ਬਹਾਦਰ ਜੀ ਦੇ ਸਨਮੁਖ ਦੇਗ ਵਿਚ ਉਬਾਲਾ ਦੇ ਕੇ ਸ਼ਹੀਦ ਕੀਤਾ ਗਿਆ, ਭਾਈ ਮਨੀ ਸਿੰਘ ਜੀ ਦੇ 11 ਸਕੇ ਭਰਾ ਸਨ। ਸਿਵਾਇ ਇਕ ਭਰਾ ਭਾਈ ਅਮਰ ਚੰਦ ਜੀ ਦੇ ਬਾਕੀ ਸਾਰਿਆਂ ਭਰਾਵਾਂ ਨੇ ਸ਼ਹੀਦੀਆਂ ਪਾਈਆਂ।
   ਭਾਈ ਹਠੀ ਚੰਦ ਭੰਗਾਣੀ, (1688) ਦੇ ਯੁੱਧ ਵਿਚ,
   ਭਾਈ ਸੋਹਣ ਚੰਦ ਜੀ ਦੇ ਨਦੌਣ ਵਿਖੇ, (1691)
   ਭਾਈ ਦਾਨ ਸਿੰਘ ਜੀ ਨੇ ਚਮਕੌਰ ਵਿਖੇ, (1704)
   ਭਾਈ ਲਹਿਣਾ ਸਿੰਘ ਨੇ ਗੁਲੇਰ ਵਿਖੇ, (1696)
   ਭਾਈ ਰਾਇ ਸਿੰਘ ਮੁਕਤਸਰ (1705)
   ਭਾਈ ਜੇਠਾ ਸਿੰਘ ਤੇ ਰੂਪ ਸਿੰਘ ਲਾਹੌਰ ਨੇੜੇ ਆਲੋਵਾਲ (1711)
   ਭਾਈ ਮਾਨ ਸਿੰਘ ਗੰਭੀਰ ਨਦੀ ਚਿਤੌੜ ਗੜ੍ਹ (1708)
   ਭਾਈ ਜਗਤ ਸਿੰਘ ਲਾਹੌਰ (1734)
   ਭਾਈ ਮਨੀ ਸਿੰਘ ਜੀ ਦੇ 10 ਸਪੁੱਤਰ ਸਨ :
   ਭਾਈ ਬਚਿੱਤਰ ਸਿੰਘ ਜੀ ਜਿਨ੍ਹਾਂ ਮਸਤ ਹਾਥੀ ਨੂੰ ਮਾਰ ਭਜਾਇਆ, ਭਾਈ ਜੀ ਦੇ ਹੀ ਸਪੂਤ ਸਨ। ਭਾਈ ਉਦੈ ਸਿੰਘ ਜਿਨ੍ਹਾਂ ਕੇਸਰੀ ਚੰਦ ਦਾ ਸਿਰ ਉਤਾਰਿਆ ਸੀ ਉਨ੍ਹਾਂ ਦੇ ਹੀ ਬੇਟੇ ਸਨ। ਇਨ੍ਹਾਂ ਦੀ ਕਰਨੀ ਤੋਂ ਪ੍ਰਸੰਨ ਹੋ ਗੁਰੂ ਗੋਬਿੰਦ ਸਿੰਘ ਜੀ ਨੇ ਇਕ ਹੁਕਮਨਾਮਾ ਵੀ ਇਨ੍ਹਾਂ ਦੇ ਨਾਂ ਜਾਰੀ ਕੀਤਾ ਸੀ। ਬਾਕੀ ਅੱਠਾਂ ਦੇ ਨਾਮ ਹਨ : ਚਿਤਰ ਸਿੰਘ, ਅਨਿਕ ਸਿੰਘ, ਅਜਬ ਸਿੰਘ, ਅਜਾਇਬ ਸਿੰਘ, ਗੁਰਬਖਸ਼ ਸਿੰਘ, ਭਗਵਾਨ ਸਿੰਘ, ਬਲਰਾਮ ਸਿੰਘ ਅਤੇ ਦੇਸਾ ਸਿੰਘ ਰਹਤਨਾਮੀਆ। ਇਹ ਵੀ ਚੇਤਾ ਰਵੇ ਕਿ ਭਾਈ ਅਜਬ ਸਿੰਘ, ਅਜਾਇਬ ਸਿੰਘ ਤੇ ਅਨਿਕ ਸਿੰਘ ਜੀ ਨੇ ਚਮਕੌਰ ਵਿਖੇ ਸ਼ਹੀਦੀਆਂ ਪਾਈਆਂ।
2. ਜਦ ਮੈਂ ਲਾਹੌਰ ਪਹਿਲੀ ਵਾਰ ਵੰਡ ਪਿੱਛੋਂ 1955 ਗਿਆ ਤਾਂ ਇਸ ਅਸਥਾਨ ਦੀ ਭਾਲ ਕਰਕੇ ਸਮਾਧਾਂ ਨੂੰ ਫਿਰ ਬਣਵਾਇਆ।

Sri Satguru Jagjit Singh Ji eLibrary NamdhariElibrary@gmail.com

ਦੇ ਵਡਿੱਕੇ ਮੁਗ਼ਲਾਂ ਦੀ ਨੌਕਰੀ ਕਰਦੇ ਸਨ। ਗੁਰੂ ਹਰਿਗੋਬਿੰਦ ਜੀ ਮਹਾਰਾਜ ਦਾ ਦਰਸ਼ਨ ਕਰ ਕੇ ਸਿੱਖ ਹੋਏ ਅਤੇ ਮੁਗ਼ਲਾਂ ਦੀ ਨੌਕਰੀ ਛੱਡ ਕੇ ਗੁਰੂ ਹਰਿਗੋਬਿੰਦ ਜੀ ਦੀ ਸੇਵਾ ਵਿਚ ਰਹਿਣ ਲੱਗੇ।

ਭਾਈ ਮਨੀ ਸਿੰਘ ਜੀ ਦਾ ਜਨਮ ਪਿਤਾ ਕਾਲੂ ਦੇ ਘਰ, ਮਾਤਾ ਦਯਾ ਕੌਰ ਦੀ ਕੁਖੋਂ ਮੱਘਰ, ਸੰਮਤ ੧੭੧੯ (ਦਸੰਬਰ ੧੬੬੨ ਈ:) ਨੂੰ ਪਿੰਡ ਕਾਰੜ (ਅੰਬਾਲਾ) ਵਿਚ ਹੋਇਆ। ਇਹ ਪਿੰਡ ਥੇਹ ਕਰ ਕੇ ਪ੍ਰਸਿੱਧ ਹੈ। ਗਿਲਜ਼ਈਆਂ ਨੇ ਜਦ ਇਲਾਕੇ ਉਜਾੜੇ ਤਾਂ ਪਿਤਾ ਕਾਲੂ ਸੁਨਾਮ ਆ ਵਸੇ। ਹਰ ਘਰ ਰਵਾਜ ਪੈ ਗਿਆ ਸੀ ਕਿ ਸਿੱਖ ਆਪਣੇ ਪੁੱਤਰ ਗੁਰ-ਚਰਨਾਂ ਤੇ ਭੇਟ ਕਰਦੇ ਸਨ। ਪਿਤਾ ਕਾਲੂ ਨੇ ਭਾਈ ਮਨੀ (ਸਿੰਘ) ਜੀ ਨੂੰ ਨੌਵੇਂ ਪਾਤਸ਼ਾਹ ਦੇ ਦਰਬਾਰ ੧੬੭੪ ਈ: ਨੂੰ ਭੇਟ ਕੀਤਾ। ਨਾਮ ਪੁੱਛਣ ਉੱਤੇ ਜਦ ਆਪ ਜੀ ਨੇ ਮਨੀ ਦੱਸਿਆ ਤਾਂ ਆਪ ਜੀ ਨੇ 'ਸਚ ਮੁਚ ਮਨੀ' ਕਹਿ ਕੇ ਸਤਿਕਾਰਿਆ।[1] ਗੁਰੂ ਗੋਬਿੰਦ (ਸਿੰਘ) ਜੀ ਅਤੇ ਭਾਈ ਮਨੀ (ਸਿੰਘ) ਜੀ ਇਕੱਠੇ ਪੜ੍ਹਦੇ ਰਹੇ। ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਵੀ ਕਾਫ਼ੀ ਸਤਿਕਾਰ ਦਿੱਤਾ। ਦੋ ਸਾਲ, ਸੱਤ ਮਹੀਨੇ, ਦਸ ਦਿਨ ਆਪ ਜੀ ਨੇ ਗੁਰੂ ਗੋਬਿੰਦ ਸਿੰਘ ਜੀ ਕੋਲੋਂ ਗੁਰੂ ਗ੍ਰੰਥ ਸਾਹਿਬ ਦੇ ਅਰਥ ਸਮਝੇ।

ਉਥੋਂ ਹੀ 'ਸੰਪ੍ਰਦਾਇਕ ਅਰਥ' ਦੀ ਮਰਯਾਦਾ ਚੱਲੀ। ਗੁਰੂ ਗੋਬਿੰਦ ਸਿੰਘ ਜੀ ਨੇ 'ਗਿਆਨੀ' ਦੀ ਪਦਵੀ ਬਖ਼ਸ਼ੀ। ਬਾਬਾ ਰਾਮ ਰਾਇ ਜੀ ਦੇ ਗੁਜ਼ਰਨ ਤੇ ਜਦ ਡੇਹਰਾਦੂਨ ਪ੍ਰਚਾਉਣੀ ਕਰਨ ਗਏ ਤਾਂ ਮਸੰਦ ਗੁਰਬਖ਼ਸ਼ ਨੇ ਗੁਰੂ ਸਬੰਧੀ ਮਾੜੇ ਬਚਨ ਬੋਲੇ ਤਾਂ : 'ਤਖਤਪੋਸ਼ ਥੀ ਮਨੀ ਸਿੰਘ, ਮਾਰਯੋ ਭੁੰਝੇ ਉਲਟਾਇ।' ਪੰਜਾਂ ਪੁੱਤਰਾਂ ਸਮੇਤ ਅੰਮ੍ਰਿਤ ਛਕਿਆ।[2] ਜਦ ਅਨੰਦਪੁਰ ਛੱਡਿਆ ਤਾਂ ਮਾਤਾ ਸੁੰਦਰੀ ਜੀ ਨੂੰ ਭਾਈ ਮਨੀ ਸਿੰਘ ਜੀ ਨਾਲ ਟਿਕਾਣਾ ਕਰਨ ਲਈ ਭੇਜਿਆ। ਦਮਦਮੇ ਸਾਹਿਬ ਆਪ ਆ ਕੇ ਮਿਲੇ ਅਤੇ ਉਥੇ ਹੀ 'ਦਮਦਮੀ' ਬੀੜ ਗੁਰੂ ਜੀ ਨੇ ਲਿਖਵਾਈ। ਗੁਰੂ ਜੀ ਦੇ ਜੋਤੀ ਜੋਤ ਸਮਾਉਣ ਤੱਕ ਨਾਲ ਹੀ ਰਹੇ। ਬਾਅਦ ਵਿਚ ਦਿੱਲੀ ਮਾਤਾ ਸੁੰਦਰੀ ਕੋਲ ਆ ਗਏ। ਇਧਰ ਅੰਮ੍ਰਿਤਸਰ ਤੇ ਪੰਜਾਬ ਜ਼ੁਲਮਾਂ ਦਾ ਚੱਕਰ ਚੱਲਿਆ :

*'ਗਯੋ ਖਾਲਸਾ ਖਿੰਡ ਪੁੰਡ ਸਾਰਾ।*
*ਜੋ ਅੜਿਆ, ਸੋ ਗਯਾ ਸੀ ਮਾਰਾ।'*

ਅਤੇ ਫਿਰ ਆਪਸੀ ਝਗੜਿਆਂ ਨੇ ਦੁਬਿਧਾ ਵਧਾ ਦਿੱਤੀ।

ਜਦ ੧੭੨੧ ਨੂੰ ਬੰਦਈਆਂ ਤੇ ਤੱਤ ਖ਼ਾਲਸਾ ਦਾ ਝਗੜਾ ਵਧਿਆ ਤਾਂ ਮਾਤਾ ਜੀ ਨੇ ਭਾਈ ਜੀ ਨੂੰ ਅੰਮ੍ਰਿਤਸਰ ਭੇਜਿਆ। ਇਨ੍ਹਾਂ ਦੀ ਸੂਝ ਤੇ ਨਿਰਵੈਰ ਸੁਭਾਅ ਨੇ ਏਕਤਾ ਕਰਵਾ ਦਿੱਤੀ। ਇਨ੍ਹਾਂ ਵੀ 'ਲਿਖ ਕਰ ਪਾਤੀ ਭੇਜੀ, ਦਿੱਲੀ ਮਾਤ ਕੂੰ।' ਅਤੇ ਇਸ ਕਰਨੀ ਤੇ ਪ੍ਰਸੰਨ ਹੋ :

*ਸਤਿਗੁਰ ਕੇ ਪ੍ਰਸਾਦਿ, ਹੋ ਗਈ ਏਕਤਾ।*
*ਜਥੇਦਾਰ ਬਣਾਇਆ ਮਿਲ ਕੇ ਖਾਲਸੈ।*

---

1. ਗੁਰੂ ਹਰਿ ਕ੍ਰਿਸ਼ਨ ਜੀ ਦੇ ਚਰਨਾਂ ਦੀ ਛੁਹ ਵੀ ਆਪ ਜੀ ਨੇ ਪ੍ਰਾਪਤ ਕੀਤੀ ਸੀ।
2. ਮਨੀ ਸਿੰਘ ਕੇ ਪਾਂਚ ਸੁਤ ਪਾਂਚੋ ਖਰੇ ਕਰਾਇ।
   ਪੀ ਅੰਮ੍ਰਿਤ ਭਏ ਖਾਲਸਾ, ਰਹੇ ਹਜ਼ੂਰ ਸਕਾਇ। (ਸ਼ਹੀਦੀ ਬਿਲਾਸ)

Sri Satguru Jagjit Singh Ji eLibrary NamdhariElibrary@gmail.com

ਹੁਣ ਹਰਿਮੰਦਰ ਤੁਰਕਾਂ ਅੰਦਰ ਕੰਡੇ ਜਿਉਂ ਰੜਕਦਾ ਸੀ ਅਤੇ ਭਾਈ ਜੀ ਦੀ ਹੋਂਦ ਚੁੱਭਦੀ ਸੀ।[1] ਜੋ ਵੀ ਹਰਿਮੰਦਰ ਪੁੱਜਦਾ ਦਰਸ਼ਨ ਕਰ, ਕਥਾ ਸੁਣ, ਸਿੰਘ ਸਜ ਪਿੰਡਾਂ ਨੂੰ ਮੁੜਦਾ। ਸਭ ਕਹਿਣ ਲੱਗ ਪਏ ਸਨ :

*ਇਹ ਮੁੱਕਨ ਕੇ ਬੀਚ ਨ ਐ ਹੈਂ।*
*ਇਕ ਦਿਨ ਜੀਤ ਦੇਸ ਲੈ ਹੈਂ।*

ਆਪ ਸ਼ਹੀਦ ਹੋਣ ਤਕ ਅੰਮ੍ਰਿਤਸਰ ਹੀ ਟਿਕੇ ਤੇ ਦਰਬਾਰ ਸਾਹਿਬ ਦੇ 'ਗ੍ਰੰਥੀ' ਦੇ ਤੌਰ ਉੱਤੇ ਫ਼ਰਜ਼ ਨਿਭਾਉਂਦੇ ਰਹੇ। ਆਪ ਜੀ ਉੱਚ ਕੋਟੀ ਦੇ ਵਿਦਵਾਨ ਸਨ।[2] ਆਪ ਨੇ ਗੁਰੂ ਬਾਣੀ, ਗੁਰੂ ਵਾਰ ਤੇ ਭਗਤ ਵਾਰ ਕਰਕੇ ਸੰਪਾਦਿਤ ਕੀਤੀ। ਕਈਆਂ ਸਿੱਖਾਂ ਨੇ ਰੋਸ ਮਨਾਇਆ ਪਰ ਇਹ ਕੋਈ ਗੁਰੂ ਗ੍ਰੰਥ ਸਾਹਿਬ ਵਿਚ ਤਬਦੀਲੀ ਨਹੀਂ ਸੀ। ਸਿਰਫ਼ ਗੁਰੂ ਗ੍ਰੰਥ ਸਾਹਿਬ ਨੂੰ ਸਮਝਣ ਵਾਲਿਆਂ ਲਈ ਇਕ ਅਦੁੱਤੀ ਭੇਟ ਸੀ। ਗੁਰੂ ਨਾਨਕ ਜੀ ਦੀ

1. ਸ਼ਿਕਾਇਤ ਇਹ ਕੀਤੀ ਸੀ ਚੰਡਾਲ ਚੌਂਕੜੀ ਨੇ ਲਾਹੌਰ ਜ਼ਕਰੀਆ ਪਾਸ ਕਿ ਭਾਈ ਮਨੀ ਸਿੰਘ ਬੁੱਕਲ ਵਿਚ ਸੱਪ ਹੈ। ਅਵੇਸਲੇ ਨਾ ਰਵੋ :
ਸੱਪ ਬੁੱਕਲ ਵਿਚ ਮਹਿ ਪਲ ਰਹਯਾ,
ਸਿੰਘਨ ਕਾ ਸਰਦਾਰ।
ਬੈਠੇ ਤੁਸੀਂ ਅਵੇਸਲੇ, ਨਹੀਂ ਤੁਸਾਂ ਕੂ ਸਾਰ। ੧੯੦।
ਚੌਪਈ : ਮਨੀ ਸਿੰਘ ਕੋ ਸਮਝੋ ਐਸ।
ਸਯਦ ਹੈ ਤੁਰਕਨ ਮੈ ਜੈਸ।
ਜਥੇਦਾਰ ਹੈ ਸਿੰਘਨ ਕੇਰਾ।
ਹਮ ਨੇ ਕਈ ਵਾਰ ਹੈ ਹੇਰਾ।
ਹਰਿਮੰਦਰ ਕਾ ਇਹੋ ਪੁਜਾਰੀ।
ਮਾਨੈ ਇਸ ਕੋ ਖਲਕਤ ਸਾਰੀ।
ਬਾਹਰੋਂ ਚਲ ਕਰ ਜੋ ਸਿਖ ਆਵੈ।
ਪਹਿਲੋਂ ਇਸ ਕੋ ਫ਼ਤੇ ਬੁਲਾਵੈ।
ਖੁਲ੍ਹ ਜਬੀ ਸੇ ਤੁਮ ਨੇ ਦਈ।
ਅਤਿ ਸਿਖੜਿਆਂ ਬਹੁਤੀ ਚਈ। ੧੯੧।
(ਸ਼ਹੀਦ ਬਿਲਾਸ ਕ੍ਰਿਤ ਸੇਵਾ ਸਿੰਘ)

2. ਮਨੀ ਸਿੰਘ ਥੇ ਸੰਤ ਸੁਜਾਨ।
ਜਤੀ ਸਤੀ ਔ ਧਿਆਨੀ ਮਾਨ।
ਹਠੀ ਤਪੀ ਔ ਮਤ ਕੋ ਪੂਰੋ।
ਸਹਨ ਸੀਲ ਔ ਦਿਲ ਕੋ ਸੂਰੋ।
ਕਰਮੀ ਧਰਮ ਭਗਤ ਗਿਯਾਨੀ।
ਸਤਿਗੁਰ ਬਚਨਨ ਪਰ ਮਤਿ ਠਾਨੀ।
ਹੁਤ ਸਤਿਗੁਰ ਸੋ ਰਹਤ ਹਜ਼ੂਰ।
ਤਿਸ ਕਰ ਭਯੋ ਸੋ ਗੁਰਮਤਿ ਪੂਰ।
ਸਿਖਨ ਕੋ ਸਿਖੀ ਦ੍ਰਿੜ੍ਹਾਵੈ।
ਸਿਖੀਓਂ ਚੂਕੇ ਤਿਸ ਤਨਖਾਹ ਲਾਵੈ।

Sri Satguru Jagjit Singh Ji eLibrary NamdhariElibrary@gmail.com

ਜਨਮ ਸਾਖੀ, ਸਿੱਖਾਂ ਦੀ ਭਗਤ ਮਾਲਾ (ਭਾਈ ਗੁਰਦਾਸ ਜੀ ਦੀ ਗਿਆਰਵੀਂ ਵਾਰ ਦਾ ਭਾਵ ਪ੍ਰਕਾਸ਼ਨੀ ਟੀਕਾ ਜਿਸ ਵਿਚ ਗੁਰੂ ਨਾਨਕ ਤੋਂ ਗੁਰੂ ਹਰਿਗੋਬਿੰਦ ਸਾਹਿਬ ਤਕ ਸਿੱਖਾਂ ਦਾ ਜ਼ਿਕਰ ਹੈ), ਜਪ ਜੀ ਦਾ ਗਰਬਗੰਜਨੀ ਟੀਕਾ ਅਤੇ ਕਈ ਹੋਰ ਅਨਮੋਲ ਪੁਸਤਕਾਂ ਲਿਖੀਆਂ। ਸਿੱਖ ਇਨ੍ਹਾਂ ਦੇ ਹੱਥੋਂ ਅੰਮ੍ਰਿਤ ਛਕਣ ਤੇ ਹੁਕਮ ਮੰਨਣ ਵਿਚ ਖ਼ੁਸ਼ੀ ਮਹਿਸੂਸ ਕਰਦੇ ਸਨ। ਉਮਦਾਤ-ਉਤ-ਤਾਰੀਖ ਵਾਲੇ ਨੇ ਇਸ ਗੱਲ ਦੀ ਗਵਾਹੀ ਭਰੀ ਹੈ। ਜਿਥੇ ਆਪ ਜੀ ਵਿਦਵਾਨ ਸਨ ਉਥੇ ਆਪ ਜੀ ਵਿਚ ਸੇਵਾ ਦੀ ਬੜੀ ਲਗਨ ਸੀ। ਰੂਹਬ ਵੀ ਬਹੁਤ ਸੀ। ਕੋਈ ਜਥੇਦਾਰ ਜਿਥੇ ਵੀ ਗ਼ਲਤੀ ਕਰਦਾ, ਕਰੜਾਈ ਨਾਲ ਰੋਕਦੇ।[1] ਸ਼ਹੀਦ ਬਿਲਾਸ ਵਿਚ ਉਨ੍ਹਾਂ ਦੇ ਨਿੱਤ ਕਰਮ ਬਾਰੇ ਲਿਖਿਆ ਹੈ :

*ਸੇਵਾ ਕਰੇ ਆਲਸ ਕੋ ਤਿਆਗੈ।*
*ਸਵਾ ਪਹਿਰ ਨਿਸ ਰਹਿੰਦੀ ਜਾਗੈ।*
*ਕਰ ਇਸ਼ਨਾਨ ਜਪੈ ਜਪ ਜਾਪੁ।*
*ਗੁਰਬਾਣੀ ਕਾ ਬਡ ਪ੍ਰਤਾਪ।*
*ਸਜ ਦੁਮਾਲਾ ਸ਼ਸਤਰ ਪਹਿਰੈ।*
*ਨੀਲੰਬਰ ਗਜ ਸਵਾ ਕਛਹਿਰੈ।*
*ਪਕੜ ਦੁਤਾਰਾ ਗਾਵੈ ਬਾਣੀ।*
*ਆਸਾ ਵਾਰ ਸੁਖਾਂ ਦੀ ਖਾਣੀ। ੧੮੨।*

ਅੱਧੀ-ਅੱਧੀ ਰਾਤ ਉਠ ਕੇ ਸਿੰਘਾਂ ਨੂੰ ਪਾਣੀ ਪਿਲਾਂਦੇ ਸਨ। ਭਾਈ ਮਨੀ ਸਿੰਘ ਜੀ ਨੇ ਸ੍ਰੀ ਹਰਿਮੰਦਰ ਸਾਹਿਬ ਦੀ ਮਰਯਾਦਾ ਵੀ ਬੰਨ੍ਹੀ। ਕੀਰਤਨ ਲਗਾਤਾਰ ਹਰਿਮੰਦਰ ਸਾਹਿਬ ਵਿਖੇ ਅਰੰਭ ਕਰਨਾ ਵੀ ਆਪ ਜੀ ਦੀ ਹੀ ਦੇਣ ਹੈ। ਆਪ ਜੀ ਨੇ ਸੇਵਾ ਲਈ ਛੇ ਪਤੀਆਂ ਵਿਚ ਸੇਵਾਦਾਰ ਲਗਾਏ। (੧) ਗ੍ਰੰਥੀ, (੨) ਗਯਾਨੀ, (੩) ਸ਼ਬਦ ਕੀਰਤਨ ਕਰਨ ਵਾਲੇ, ਰਬਾਬੀ, (੪) ਅਰਦਾਸੀਏ, ਮੁਸੱਦੀ, ਲਾਂਗਰੀ ਜੋ ਸਿਰਫ਼ ਪ੍ਰਸ਼ਾਦਿ ਤਿਆਰ ਕਰਦੇ। (੫) ਧੂਪੀਏ, ਚਿਰਾਗੀਏ, ਦੀਵਾਨ ਸਜਾਉਣ ਵਾਲੇ, (੬) ਫ਼ਰਾਸ਼।

ਪੰਜ ਵਕਤ ਕੀਰਤਨ ਦੇ ਨਿਯਤ ਕੀਤੇ।

(੧) ਸ੍ਰੀ ਆਸਾ ਜੀ ਦੀ ਵਾਰ ਅੰਮ੍ਰਿਤ ਵੇਲੇ ਤੋਂ ਅਰੰਭ ਅਤੇ ਸੂਰਜ ਦੇ ਪ੍ਰਕਾਸ਼ ਤੋਂ ਕੁਝ ਸਮੇਂ ਪਹਿਲੇ ਸਮਾਪਤ ਕਰਨਾ।

(੨) ਬਿਲਾਵਲ ਦੀ ਚੌਕੀ।

(੩) ਚਰਨ ਕੰਵਲ ਦੀ ਚੌਕੀ।

(੪) ਸੋਦਰ ਦੀ ਚੌਕੀ, ਰਹਿਰਾਸ ਸਾਹਿਬ ਸੰਧਿਆ।

(੫) (ਕੀਰਤਨ) ਸੋਹਿਲੇ ਦੀ ਚੌਕੀ।

---

1. ਪੁਜਾਰਨ ਸਿਰ ਬਡੋ ਪੁਜਾਰੀ।
ਹੁਤੋ ਸਤਿਗੁਰ ਘਰ ਬੜਾ ਇਤਬਾਰੀ।
ਅਕਾਲ ਬੁੰਗੇ ਕੇ ਤਖ਼ਤ ਸੁ ਬੈਠੇ।
ਖਤਾਦਾਰ ਕੇ ਕੰਨ ਸੁ ਐਂਠੇ। (ਪ੍ਰਾਚੀਨ ਪੰਥ ਪ੍ਰਕਾਸ਼)

Sri Satguru Jagjit Singh Ji eLibrary NamdhariElibrary@gmail.com

ਬਾਜੇ, ਗਾਜੇ, ਧੌਂਸੇ, ਨਿਸ਼ਾਨਾਂ ਸਹਿਤ ਸ੍ਰੀ ਤਖ਼ਤ ਅਕਾਲ ਬੁੰਗੇ ਸਾਹਿਬ ਜੀ ਕੋਠੇ ਸਾਹਿਬ ਵਿਚ ਸੁੰਦਰ ਪਲੰਘ ਉਪਰ ਸੁਭਾਇਮਾਨ ਤੇ ਪੰਜ ਸਿੰਘ ਨਿਯਤ ਕੀਤੇ। ਇਸ ਮਰਯਾਦਾ ਦਾ ਅਸਰ ਇਹ ਹੋਇਆ ਕਿ ਸਿੰਘ ਜਾਗਦੀ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਤਿਕਾਰ ਕਰਨਾ ਸਿਖ ਗਏ ਤੇ 'ਗੁਰੂ' ਨੂੰ ਆਪਣੇ ਵਿਚ ਹੀ ਮਹਿਸੂਸ ਕਰਨ ਲੱਗ ਪਏ। ਭਾਈ ਮਨੀ ਸਿੰਘ ਦੀ ਸ਼ਹਾਦਤ ਨੇ ਹਰ ਸਿੱਖ ਵਿਚ ਗੁੱਸੇ ਤੇ ਜੋਸ਼ ਦੀ ਲਹਿਰ ਭਰ ਦਿੱਤੀ।

**ਜ਼ਕਰੀਆ ਖ਼ਾਨ ਨੇ ਜ਼ੁਲਮ ਦਾ ਚੱਕਰ ਚਲਾਇਆ :** ਭਾਈ ਮਨੀ ਸਿੰਘ ਜੀ ਦੀ ਸ਼ਹਾਦਤ ਸਿਰਫ਼ ਇਕ ਸ਼ਹਾਦਤ ਨਹੀਂ ਸੀ, ਸਗੋਂ ਇਹ ਜ਼ੁਲਮਾਂ ਦੇ ਚੱਕਰ ਦਾ ਫਿਰ ਅਰੰਭ ਹੋਣਾ ਸੀ। ਸਿੱਖ ਵੀ ਇਨ੍ਹਾਂ ਜ਼ੁਲਮਾਂ ਦੀ ਤਾਬ ਤੋਂ ਬਚਣ ਲਈ ਲੱਖੀ ਜੰਗਲ, ਰਾਜਪੂਤਾਨੇ ਤੇ ਰੇਗਿਸਤਾਨਾਂ ਅਤੇ ਕਾਹਨੂੰਵਾਨ ਦੇ ਛੰਭਾਂ ਵਿਚ ਚਲੇ ਗਏ। ਕਹਿੰਦੇ ਹਨ ਕਿ ਸ਼ਹੀਦ ਕਰਨ ਦੇ ਅਠਾਰਾਂ ਤਰੀਕੇ ਸਨ,[1] ਜੋ ਅਠਾਰਾਂ ਦੇ ਅਠਾਰਾਂ ਹੀ ਸਿੱਖਾਂ ਉੱਤੇ ਵਰਤੇ ਗਏ। ਕਿਸੇ ਦਾ ਖੋਪਰ ਉਤਾਰਿਆ ਗਿਆ। ਕਿਸੇ ਨੂੰ ਚਰਖੀ ਉੱਤੇ ਚੜ੍ਹਾਇਆ ਗਿਆ। ਕਈਆਂ ਨੂੰ ਟੋਏ ਵਿਚ ਦੱਬ ਕੇ ਉੱਤੇ ਖ਼ੂਨ ਪਾ ਕੇ ਕੁੱਤੇ ਛੱਡੇ ਗਏ। ਹਾਥੀ ਦੇ ਪੈਰਾਂ ਹੇਠਾਂ ਲਿਤਾੜਿਆ ਗਿਆ। ਬੰਦ ਬੰਦ ਕੱਟੇ ਗਏ। ਦੇਗਾਂ ਵਿਚ ਉਬਾਲੇ ਦਿੱਤੇ ਗਏ। ਭੁੱਖਿਆਂ ਮਾਰਿਆ ਗਿਆ। ਸਿਰਾਂ ਵਿਚ ਲੋਹੇ ਦੇ ਕਿਲੇ ਗੱਡੇ ਗਏ। ਕਈ ਨਿਸ਼ਾਨਾ ਬਣ ਫੁੰਡੇ ਗਏ। ਕਈਆਂ ਨੂੰ ਛੁਰੀ ਨਾਲ ਕੋਹਿਆ ਗਿਆ। ਕਈਆਂ ਨੂੰ ਮੂੰਗਲੀਆਂ ਨਾਲ ਕੁੱਟਿਆ ਗਿਆ। ਕਈਆਂ ਨੂੰ ਘਸੀਟ-ਘਸੀਟ ਮਾਰਿਆ ਗਿਆ, ਪਰ ਇਹ ਸਿੱਖ ਹੀ ਸਨ, ਜਿਨ੍ਹਾਂ ਦੁੱਖ ਸਹਾਰ ਕੇ ਵੀ ਸੀ ਨਾ ਕੀਤੀ। ਇਹ ਜ਼ੁਲਮਾਂ ਦਾ ਚੱਕਰ ਚਲਦਾ ਹੀ ਰਹਿੰਦਾ ਜੇ ਨਾਦਰ ਹਮਲਾ ਨਾ ਕਰਦਾ। ਨਾਦਰ ਦੇ ਹਮਲੇ ਨੇ ਜ਼ਕਰੀਆ ਖ਼ਾਨ ਦਾ ਸਾਰਾ ਧਿਆਨ ਖਿੱਚ ਲਿਆ।

*****

---

1. ਕਈ ਚਰਖ ਕਈ ਫਾਂਸੀ ਮਾਰੇ।
ਕਈ ਤੋਪਨ ਕਈ ਛੁਰੀ ਕਟਾਰੇ।
ਕਈਅਨ ਕੇ ਸਿਰ ਮੁੰਗਲੀ ਕਟੇ।
ਕਈ ਡੋਬੇ ਕਈ ਘਸੀਟ ਸੁ ਸਿਟੇ।
ਦੇਖੇ ਕੱਟੇ ਬੰਦੂਖਨ ਦਏ ਮਾਰ।
ਕੌਣ ਗਨੇ ਜੇ ਮਾਰੇ ਹਜ਼ਾਰ।
ਪਾਤ ਪਾਤ ਕਈ ਪਕੜ ਬਹਾਏ।
ਸਾਥ ਤੇਗਨ ਕੇ ਸੀਸ ਉਡਵਾਏ।
ਕਿਸੈ ਹੱਥ ਕਿਸੈ ਟੰਗ ਕਟਵਾਏ।
ਅੱਖ ਕੱਢ ਕਿਸੈ ਖਲ ਕਢਵਾਇ।
ਕੇਸਨ ਵਾਲੇ ਜੋ ਨਰ ਹੋਈ।
ਬਾਲ ਬਿਰਧ ਲਭ ਛਡੈ ਨ ਕੋਈ। (ਪ੍ਰਾਚੀਨ ਪੰਥ ਪ੍ਰਕਾਸ਼)

Sri Satguru Jagjit Singh Ji eLibrary NamdhariElibrary@gmail.com

# ਨਾਦਰ ਦਾ ਹਮਲਾ

## ੯

**ਨਾਦਰ ਸ਼ਾਹ ਦਾ ਹੱਲਾ** : ਨਾਦਰ ਸ਼ਾਹ ਦਾ ਜਨਮ ਦਸੰਬਰ ਸੰਨ ੧੬੮੮ ਨੂੰ ਇਕ ਗਡਰੀਏ, ਇਮਾਮ ਕੁਲੀ ਦੇ ਘਰ, ਮਸ਼ਹਦ ਦੇ ਲਾਗੇ ਇਕ ਪਿੰਡ ਦੋਸਤਗੜ੍ਹ ਖੁਰਾਸਾਨ ਵਿਚ ਹੋਇਆ ਮੰਨਿਆ ਜਾਂਦਾ ਹੈ। ਬਚਪਨ ਦੇ ਹਾਲਾਤ ਬਹੁਤੇ ਨਾ ਮਿਲਣ ਕਰ ਕੇ ਇਹ ਹੀ ਪਤਾ ਲੱਗਾ ਹੈ ਕਿ ਇਸ ਕਬੀਲੇ ਦੀ ਦੁਸ਼ਮਣੀ ਅਬਦਾਲੀ ਕਬੀਲੇ ਨਾਲ ਸੀ। ਅਬਦਾਲੀਆਂ ਦਾ ਕਬੀਲਾ ਤਕੜਾ ਤੇ ਵੱਡਾ ਗਿਣਿਆ ਜਾਂਦਾ ਸੀ। ਬਚਪਨ ਤੋਂ ਹੀ ਨਾਦਰ ਦਾ ਸੁਭਾ ਲੜਾਕੂ ਸੀ। ਜੰਗਜੂ ਹੋਣ ਕਾਰਨ ਮੱਲਾਂ ਮਾਰਨ ਲੱਗਾ ਤੇ ਦੇਖਦੇ ਦੇਖਦੇ ਈਰਾਨ, ਅਫ਼ਗਾਨਿਸਤਾਨ ਦਾ ਸ਼ਾਹ ਬਣ ਗਿਆ। ੧੭੩੦ ਵਿਚ ਉਸ ਨੇ ਗਿਲਜ਼ਈਆਂ ਨੂੰ ਮਾਰ ਕੇ ਕੰਧਾਰ ਤੇ ਕਾਬਲ ਉੱਤੇ ਕਬਜ਼ਾ ਕੀਤਾ। ਇਸੇ ਸਾਲ ਈਰਾਨ ਦੇ ਸ਼ਾਹ ਤਹਿਮਸਪ ਦੂਜੇ ਦੀ ਮਦਦ ਕਰਕੇ ਉਸਨੂੰ ਪਹਿਲਾਂ ਤਖ਼ਤ 'ਤੇ ਬੈਠਾਇਆ, ਪਰ ਛੇਤੀ ਹੀ ਉਸ ਨੂੰ ਹਟਾ ਕੇ ਉਸ ਦੇ ਪੁੱਤਰ ਦੇ ਨਾਂ ਹੇਠਾਂ ਰਾਜ ਆਪੂੰ ਸੰਭਾਲ ਲਿਆ। ਅਬਦਾਲੀਆਂ ਦੇ ਸਾਰੇ ਕਬੀਲਿਆਂ ਨੇ ਰਲ ਕੇ ਨਾਦਰ ਨੂੰ ਰੋਕ ਪਾਉਣੀ ਚਾਹੀ, ਪਰ ਸਫ਼ਲ ਨਾ ਹੋ ਸਕੇ। ੧੭੩੬ ਤੱਕ ਸਾਰੇ ਈਰਾਨ, ਅਫਗਾਨਿਸਤਾਨ ਉੱਤੇ ਉਸਦਾ ਕਬਜ਼ਾ ਹੋ ਗਿਆ। ਨਾਦਰ ਦੀ ਨਜ਼ਰ ਹਿੰਦੁਸਤਾਨ ਉੱਤੇ ਸੀ। ਹਿੰਦੁਸਤਾਨ ਵਿਚ ਉਸ ਸਮੇਂ ਮੁਹੰਮਦ ਸ਼ਾਹ ਮੁਗ਼ਲ ਬਾਦਸ਼ਾਹ ਰਾਜ ਕਰ ਰਿਹਾ ਸੀ।

ਔਰੰਗਜ਼ੇਬ ਦੀ ਗ਼ਲਤ ਨੀਤੀ ਨੇ ਮੁਗ਼ਲ ਸਾਮਰਾਜ ਦੀਆਂ ਜੜ੍ਹਾਂ ਹਿਲਾ ਦਿੱਤੀਆਂ ਸਨ। ਕੇਂਦਰੀ ਹਕੂਮਤ ਟੁੱਟ ਗਈ ਸੀ। ਦੱਖਣ ਵਿਚ ਮਰਹੱਟੇ ਸਿਰ ਕੱਢ ਕੇ ਲੜਨ ਲੱਗ ਪਏ ਸਨ। ਜਾਟਾਂ ਤੇ ਰੁਹੇਲਿਆਂ ਨੇ ਲਗਾਤਾਰ ਬਗ਼ਾਵੰਤਾਂ ਅਰੰਭ ਕਰ ਦਿੱਤੀਆਂ ਸਨ। ਸਿੱਖ ਵੀ ਜਥੇਬੰਦਕ ਤੌਰ 'ਤੇ ਮਜ਼ਬੂਤ ਹੋ ਗਏ ਸਨ। ਮੁਗ਼ਲਾਂ ਲਈ ਸਭ ਤੋਂ ਮਾੜੀ ਗੱਲ ਕਿ ਔਰੰਗਜ਼ੇਬ ਪਿੱਛੋਂ ਜਾਂ-ਨਸ਼ੀਨ ਕਮਜ਼ੋਰ ਤੇ ਬੇ-ਖ਼ਬਰ ਸਨ। ਬਹਾਦਰ ਸ਼ਾਹ ਨੂੰ ਤਾਂ 'ਸ਼ਾਹਿ ਬੇਖ਼ਬਰ' ਦੇ ਨਾਮ ਨਾਲ ਹੀ ਪੁਕਾਰਿਆ ਜਾਂਦਾ ਸੀ। ਬਹਾਦਰ ਸ਼ਾਹ ਉਪਰੰਤ (੧੭੧੨ ਈ:) ਫ਼ਰਖ਼ਸੀਅਰ ਤਖ਼ਤ ਉੱਤੇ ਬੈਠਾ। ਫ਼ਰਖ਼ਸੀਅਰ ਵੀ ਪ੍ਰਬੰਧ ਨਾ ਕਰ ਸਕਿਆ। ਉਸ ਵਿਚ ਨਿਰਣਾ ਲੈਣ ਦੀ ਸ਼ਕਤੀ ਨਹੀਂ ਸੀ। ਸਦਾ ਥਿੜਕਿਆ ਤੇ ਉਖੜਿਆ ਰਹਿੰਦਾ ਸੀ। ੧੭੧੯ ਵਿਚ ਪਹਿਲਾਂ ਫ਼ਰਖ਼ਸੀਅਰ ਨੂੰ ਅੱਖੋਂ ਅੰਨ੍ਹਿਆਂ ਕੀਤਾ ਤੇ ਫਿਰ ਮਾਰ ਦਿੱਤਾ ਗਿਆ। ਸਾਰੀ ਤਾਕਤ ਸੱਯਦ ਭਰਾਵਾਂ ਦੇ ਹੱਥ ਆ ਗਈ। ਉਤੋੜਤੀ ਇਕ ਦੋ ਬਾਦਸ਼ਾਹ ਬਣਾਏ



Sri Satguru Jagjit Singh Ji eLibrary NamdhariElibrary@gmail.com

ਤੇ ਗੱਦੀ ਤੋਂ ਲਾਹੇ। ਫਿਰ ਉਨ੍ਹਾਂ ਤਖ਼ਤ ਉੱਤੇ ਮੁਹੰਮਦ ਸ਼ਾਹ ਨੂੰ ਬਿਠਾ ਦਿੱਤਾ। ਮੁਹੰਮਦ ਸ਼ਾਹ ਨੇ ੩੦ ਸਾਲ ਰਾਜ ਕੀਤਾ ਅਤੇ ਇਸਦੇ ਰਾਜ ਸਮੇਂ ਤਾਂ ਮੁਗ਼ਲਾਂ ਦਾ ਰਾਜ ਮਹੱਲ ਢਹਿ ਢੇਰੀ ਹੋ ਗਿਆ। ਮੁਹੰਮਦ ਸ਼ਾਹ ਕਿਸੇ ਨਾ ਕਿਸੇ ਵਿਅਕਤੀ ਦਾ ਗ਼ੁਲਾਮ ਹੀ ਰਿਹਾ। ਪਹਿਲਾਂ ਸੱਯਦ ਭਰਾਵਾਂ ਨੇ ਆਪਣੀ ਮਨਮਾਨੀ ਕੀਤੀ। ਫਿਰ ਕੋਕੀ, ਰੌਸ਼ਨ ਉਦ-ਦਉਲਾ, ਮੁਜ਼ੱਫ਼ਰ ਖ਼ਾਨ, ਆਸਦ ਯਾਰ, ਮੁਹੰਮਦ ਇਸਹਾਕ ਨੇ ਆਪਣਾ ਹੁਕਮ ਚਲਾਇਆ। ਦਿੱਲੀ ਸਾਜਿਸ਼ਾਂ ਦਾ ਗੜ੍ਹ ਬਣ ਗਿਆ। ਇਕ ਦੂਜੇ ਵਿਰੁੱਧ ਸਾਜਿਸ਼ਾਂ ਦਾ ਅਖਾੜਾ ਹਰ ਵੇਲੇ ਗਰਮ ਰਿਹਾ। ਕੁਝ ਸਾਲ ਬਾਅਦ ਐਸੀ ਹਾਲਤ ਬਣ ਗਈ ਕਿ ਰਾਜ ਦਰਬਾਰੀ ਆਸਫ ਜਾਹ ਨੇ ਨਾਦਰ ਸ਼ਾਹ ਨੂੰ ਹਿੰਦੁਸਤਾਨ ਉੱਤੇ ਹਮਲਾ ਕਰਨ ਲਈ ਪ੍ਰੇਰਿਆ।

ਸਾਰੇ ਸੂਬੇ ਹੀ ਖੁਦ-ਮੁਖ਼ਤਿਆਰ ਹੋ ਗਏ ਤੇ ਸਭ ਤੋਂ ਵੱਧ ਇਹ ਕਿ ਖ਼ਜ਼ਾਨੇ ਵਿਚ ਮਾਲੀਆ ਤੇ ਕਰ ਆਉਣਾ ਬੰਦ ਹੋ ਗਿਆ ਸੀ। ਸਿਪਾਹੀ ਅਵੇਸਲੇ ਹੋ ਗਏ ਤੇ ਆਗਿਆਕਾਰ ਨ ਰਹੇ। ਪੰਜ-ਪੰਜ ਸਾਲ ਤਨਖਾਹਾਂ ਤਕ ਨਾ ਦਿੱਤੀਆਂ ਜਾ ਸਕੀਆਂ। ਸੋ ਮੁਗ਼ਲਾਂ ਦਾ ਸਨਮਾਨ ਜੋ ਕਦੇ ਸਿਖਰ ਉੱਤੇ ਸੀ, ਡਿੱਗ ਪਿਆ। ਪਹਿਲੇ ਵਾਂਗ ਹਮਲਾਵਰਾਂ ਨੇ ਹਿੰਦ ਵੱਲ ਇਕ ਨਜ਼ਰ ਕੀਤੀ। ਇਸ ਵਾਰੀ ਹਮਲਾ ਕਰਨ ਵਾਲਾ ਨਾਦਰ ਸ਼ਾਹ ਸੀ ਜੋ ਏਸ਼ੀਆ ਦਾ ਇਕ ਵੱਡਾ ਜਰਨੈਲ ਮੰਨਿਆ ਜਾਂਦਾ ਸੀ।

ਨਾਦਰ ਨੇ ਸਮੇਂ ਨੂੰ ਢੁਕਵਾਂ ਸਮਝ ਕੇ ੧੭੩੯ ਈ: ਵਿਚ ਹਿੰਦੁਸਤਾਨ ਤੇ ਹਮਲਾ ਕਰ ਦਿੱਤਾ। ਹਮਲੇ ਤਕ ਗੱਲ ਨਹੀਂ ਸੀ ਆਉਣੀ ਜੇ ਮੁਹੰਮਦ ਸ਼ਾਹ ਆਪਣੇ ਪਹਿਲੇ ਕੀਤੇ ਪ੍ਰਣ ਉੱਤੇ ਕਾਇਮ ਰਹਿੰਦਾ ਪਰ ਮੁਹੰਮਦ ਸ਼ਾਹ ਨੇ ਆਪਣੇ ਕਹੇ ਤੇ ਫੁੱਲ ਚਾੜ੍ਹਨ ਦੀ ਬਜਾਏ ਨਾਦਰ ਦੇ ਭੇਜੇ ਦੂਤ ਦੀ ਬੇਇੱਜ਼ਤੀ ਕੀਤੀ। ਲੋਹਾ ਲਾਖਾ ਹੋ ਕੇ ਨਾਦਰ ਸ਼ਾਹ ਨੇ ਹੱਲਾ ਬੋਲ ਦਿੱਤਾ। ਨਾਦਰ ਦੇ ਟਾਕਰੇ ਉੱਤੇ ਨਾਸਰ ਖ਼ਾਨ ਜਾਂ ਜ਼ਕਰੀਆ ਖ਼ਾਨ ਦੀਆਂ ਫ਼ੌਜਾਂ ਤੁੱਛ ਸਨ। ਉਨ੍ਹਾਂ ਰੋਕ ਪਾਉਣ ਦੇ ਜਤਨ ਕੀਤੇ, ਪਰ ਸਭ ਨਿਸਫ਼ਲ। ਸਿਆਰੁਲ-ਮੁਤਾਖ਼ਰੀਨ ਦਾ ਲਿਖਾਰੀ ਗ਼ੁਲਾਮ ਹੁਸੈਨ ਲਿਖਦਾ ਹੈ ਕਿ ਸੜਕਾਂ ਤੇ ਰਸਤੇ ਖ਼ਾਲੀ ਪਏ ਹੋਏ ਸਨ। ਕੋਈ ਖ਼ਬਰ ਨਹੀਂ ਸੀ ਕਿ ਨਾਦਰ ਸ਼ਾਹ ਕਿਹੜੇ ਰਾਹ ਅਤੇ ਕਿਧਰੋਂ ਆ ਰਿਹਾ ਹੈ। ਕੋਈ ਵਜ਼ੀਰ ਜਾਂ ਬਾਦਸ਼ਾਹ ਇਸ ਪਾਸੇ ਵੱਲ ਧਿਆਨ ਨਹੀਂ ਸੀ ਦੇ ਰਿਹਾ। ਸਾਰੇ ਪੰਜਾਬ ਵਿਚ ਭਗਦੜ ਮਚ ਗਈ। ਲਾਹੌਰ 'ਤੇ ਕਬਜ਼ਾ ਕਰਕੇ ਜ਼ਕਰੀਆ ਖ਼ਾਨ ਨੂੰ ਹੀ ਨਾਦਰ ਸ਼ਾਹ ਨੇ ਪੰਜਾਬ ਦਾ ਗਵਰਨਰ ਨਿਯੁਕਤ ਕਰ ਦਿੱਤਾ। ਤਿੰਨ ਕਰੋੜ ਰੁਪਏ ਦੇ ਕੇ ਜ਼ਕਰੀਆ ਖ਼ਾਨ ਨੇ ਬਲਾ ਟਾਲੀ ਸੀ। ਫ਼ਰਵਰੀ ੧੭੩੯ ਨੂੰ ਨਾਦਰ ਕਰਨਾਲ ਪੁੱਜਾ। ਉਥੇ ਸ਼ਾਹੀ ਮੁਗ਼ਲ ਫ਼ੌਜਾਂ ਨੇ ਕੁਝ ਰੋਕ ਪਾਉਣੀ ਚਾਹੀ, ਪਰ ਨਾ-ਅਹਿਲ ਤੇ ਕਮਜ਼ੋਰ ਫ਼ੌਜ ਉੱਚੀ ਤੇ ਜਥੇਬੰਦ ਫ਼ੌਜ ਦੇ ਟਾਕਰੇ ਵਿਚ ਹਾਰਨ ਤੋਂ ਬਗ਼ੈਰ ਹੋਰ ਕੁਝ ਨਹੀਂ ਸੀ ਕਰ ਸਕਦੀ।

੯ ਮਾਰਚ, ੧੭੩੯ ਨੂੰ ਨਾਦਰ ਜੇਤੂ ਦੇ ਤੌਰ ਉੱਤੇ ਦਿੱਲੀ ਵਿਚ ਦਾਖ਼ਲ ਹੋਇਆ। ਨਾਦਰ ਨੇ ਲੜਾਈ ਦੇ ਖ਼ਰਚੇ ਅਤੇ ਹਰਜਾਨੇ ਵਜੋਂ ੨੫ ਕਰੋੜ ਰੁਪਈਆ ਮੰਗਿਆ। ਮੁਹੰਮਦ ਸ਼ਾਹ ਨੇ ਖ਼ਜ਼ਾਨੇ ਖੋਲ੍ਹ ਦਿੱਤੇ ਤੇ ਨਾਦਰ ਨੇ ਕੀਮਤੀ ਪਦਾਰਥਾਂ ਅਤੇ ਤਖ਼ਤ ਤਾਊਸ ਆਦਿ ਆਪਣੇ ਕਬਜ਼ੇ ਕਰ ਲਏ। ੧੦ ਮਾਰਚ, ੧੭੩੯ ਈਦ ਵਾਲੇ ਦਿਹਾੜੇ ਨਾਦਰ ਸ਼ਾਹ ਦਾ ਖੁਤਬਾ ਪੜ੍ਹਿਆ ਗਿਆ, ਪਰ ਉਸੇ ਦਿਨ ਇਹ ਅਫ਼ਵਾਹ ਫੈਲਾ ਦਿੱਤੀ ਗਈ ਕਿ ਮੁਹੰਮਦ ਸ਼ਾਹ ਨੇ ਧੋਖੇ ਨਾਲ ਨਾਦਰ ਨੂੰ ਮਾਰ ਦਿੱਤਾ ਹੈ। ਨਾਦਰ ਦੇ ਦਸਤਿਆਂ ਉੱਤੇ ਮੁਗ਼ਲ ਫ਼ੌਜਾਂ

Sri Satguru Jagjit Singh Ji eLibrary NamdhariElibrary@gmail.com

ਨੇ ਹਮਲਾ ਵੀ ਕਰ ਦਿੱਤਾ। ਤਿੰਨ ਹਜ਼ਾਰ ਦੇ ਕਰੀਬ ਈਰਾਨੀ ਮਾਰੇ ਗਏ, ਪਰ ਨਾਦਰ ਨੇ ਫਿਰ ਵੀ ਸੰਕੋਚ ਰੱਖਿਆ ਅਤੇ ਰਾਤ ਨੂੰ ਨਿਜ਼ਾਮਉਲ ਮਲਕ, ਸਰਬਲੰਦ ਖ਼ਾਨ ਤੇ ਵਜ਼ੀਰ ਕਮਰ ਉੱਦੀਨ ਨੂੰ ਕੋਲ ਬੁਲਾ ਕੇ ਮੌਤ ਦਾ ਡਰਾਵਾ ਦਿੱਤਾ। ਉਨ੍ਹਾਂ ਆਪ ਵੀ ਕੁਰਾਨ ਦੀਆਂ ਸਹੁੰਆਂ ਚੁੱਕੀਆਂ ਕਿ ਉਹ ਕੁਝ ਨਹੀਂ ਜਾਣਦੇ। ਗੱਲ ਆਈ ਗਈ ਹੋ ਜਾਣੀ ਸੀ ਪਰ ਦੂਜੇ ਦਿਨ, ਸਵੇਰ ਵੇਲੇ ਹੀ ਨਾਲ ਦੀ ਛੱਤ ਤੋਂ ਕਿਸੇ ਨਾਦਰ ਵੱਲ ਬੰਦੂਕ ਦਾ ਨਿਸ਼ਾਨਾ ਸੋਧਿਆ। ਨਾਦਰ ਤਾਂ ਬਚ ਗਿਆ, ਪਰ ਉਸ ਪਾਸ ਖੜ੍ਹਾ ਉਸ ਦਾ ਸਿਪਾਹੀ ਥਾਂ ਹੀ ਮਰ ਗਿਆ। ਇਹ ਹੱਦ ਸੀ ਤੇ ਨਾਦਰ ਨੇ ਉਸੇ ਸਮੇਂ ਕਤਲ-ਏ-ਆਮ ਦਾ ਹੁਕਮ ਦੇ ਦਿੱਤਾ।

**ਸਿੱਖਾਂ ਨੇ ਨਾਦਰ ਦੇ ਪੰਜੇ ਤੋਂ ਇਸਤਰੀਆਂ ਨੂੰ ਛੁਡਾਉਣਾ** : ੧,੧੨,੦੦੦ ਦੇ ਕਰੀਬ ਨਰ, ਨਾਰੀ, ਬੱਚੇ ਕੇਵਲ ਦਿੱਲੀ ਵਿਖੇ ਕਤਲ ਕਰ ਦਿੱਤੇ ਗਏ। ਨਾਦਰ ਨੇ ਲੁੱਟ ਵੀ ਅਥਾਹ ਮਚਾਈ। ਸਾਰੇ ਸ਼ਹਿਰ ਨਿਵਾਸੀਆਂ ਕੋਲੋਂ ਸਭ ਦੌਲਤ ਲੁੱਟ ਲਈ ਗਈ। ਦਿੱਲੀ ਦੇ ਲਾਗੇ ਵਪਾਰੀਆਂ, ਸੌਦਾਗਰਾਂ ਤੇ ਜ਼ਮੀਨਦਾਰਾਂ ਨੂੰ ਤਸੀਹੇ ਦੇ ਕੇ ਧਨ ਪ੍ਰਾਪਤ ਕੀਤਾ ਗਿਆ। ਮਾਇਆ ਦੀ ਭਾਲ ਵਿਚ ਘਰਾਂ ਦੇ ਵਿਹੜੇ ਪੁੱਟੇ ਗਏ, ਦੀਵਾਰਾਂ ਗਿਰਾਈਆਂ, ਛੱਤਾਂ ਢਾਹੀਆਂ ਗਈਆਂ। ਇਕ ਸਮਕਾਲੀ ਇਤਿਹਾਸਕਾਰ ਦਾ ਕਥਨ ਹੈ : ''ਬਗ਼ੈਰ ਉਮਰ ਦੇ ਲਿਹਾਜ਼ ਤੋਂ, ਧਰਮ ਦੇ ਵਿਖੇਵੇਂ ਨੂੰ ਦੇਖੇ ਬਿਨਾਂ, ਹਿੰਦੂਆਂ ਅਤੇ ਮੁਸਲਮਾਨਾਂ ਦਾ ਕਤਲ ਕੀਤਾ ਗਿਆ।'' ਮਿ: ਫ਼ਰੇਜ਼ਰ ਦਾ ਕਥਨ ਹੈ ਕਿ ਨਾਦਰ ਆਪਣੇ ਨਾਲ ਸੱਤਰ ਕਰੋੜ ਰੁਪਏ ਦਾ ਸੋਨਾ ਤੇ ਜਵਾਹਰਾਤ, ਵੀਹ ਕਰੋੜ ਰੁਪਏ ਤਾਵਾਨ ਜੰਗ, ੧੦੦੦ ਹਾਥੀ, ੭੦੦੦ ਘੋੜੇ, ੧੦,੦੦੦ ਊਠ, ੨੦੦੦ ਚੰਗੇ ਕਾਰੀਗਰ ਤਰਖਾਣ, ੧੩੦ ਖੁਸ਼ ਨਵੀਸ, ੨੦੦ ਲੁਹਾਰ, ੩੦੦ ਰਾਜ, ੨੦੦ ਪੱਥਰ-ਘਾੜੇ, ੧੦੦ ਹੀਜੜੇ ਹਰਮ ਦੀ ਸੇਵਾ ਲਈ, ੨੨੦੦ ਔਰਤਾਂ, ਕੋਹਿਨੂਰ ਹੀਰਾ, ਤਖ਼ਤ ਤਾਊਸ ਲੈ ਕੇ ਵਾਪਸ ਈਰਾਨ ਮੁੜਿਆ।[1] ਆਪਣੇ ਪੁੱਤਰ ਨਾਸਰ-ਉਲਾ ਦਾ ਨਿਕਾਹ ਵੀ ਸ਼ਾਹੀ ਘਰਾਣੇ ਦੀ ਸ਼ਹਿਜ਼ਾਦੀ ਨਾਲ ਕਰਾਇਆ। ਜ਼ਕਰੀਆ ਖ਼ਾਨ ਨੂੰ ਖ਼ਬਰ ਭੇਜੀ ਕਿ ਉਹ ਵੀ ਤਾਵਾਨ ਦੇ ਤੌਰ ਉੱਤੇ ਇਕ ਕਰੋੜ ਤਿਆਰ ਰੱਖੇ।

ਨਾਦਰ ਗਰਮੀ ਵਧਦੀ ਦੇਖ ਕੇ ਕਾਹਲੀ ਨਾਲ ਪੈਂਡਾ ਕਰਦਾ ਅਖਨੂਰ ਚਨਾਬ ਕਿਨਾਰੇ ਪੁੱਜ ਗਿਆ। ਉਸ ਨੂੰ ਇਹ ਯਕੀਨ ਸੀ ਕਿ ਉਸ ਦੇ ਨਾਮ ਦਾ ਡਰ ਇਤਨੇ ਵੱਡੇ ਕਾਫ਼ਲੇ ਦੀ ਰਖਵਾਲੀ ਕਰਨ ਲਈ ਕਾਫ਼ੀ ਹੈ, ਪਰ ਸਿੱਖਾਂ ਨੇ ਆਪਣਾ ਹਿੱਸਾ ਵੰਡਾਇਆ। ਨਾਦਰ ਦੇ ਅਖਨੂਰ ਪੁਜਣ ਬਾਰੇ ਸੁਣਦੇ ਹੀ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੀ ਅਗਵਾਈ ਹੇਠਾਂ ਸਿੰਘਾਂ ਜਥੇ ਬਣਾ ਲਏ ਤੇ ਉਸ ਦੇ ਪੰਜੇ ਤੋਂ ੨੨੦੦ ਲੜਕੀਆਂ ਛੁਡਵਾ ਕੇ ਘਰੋਂ ਘਰੀ ਪਹੁੰਚਾਈਆਂ ਤੇ ਉਸ ਦੇ ਖਜ਼ਾਨੇ ਵਿਚੋਂ ਵੀ ਆਪਣਾ ਹਿੰਸਾ ਵੰਡਾਇਆ। ਜਦ ਲੁੱਟ

---

1. ਭਾਈ ਰਤਨ ਸਿੰਘ ਭੰਗੂ ਨੇ ਗੱਲ ਮੁਕਾਂਦੇ ਲਿਖਿਆ ਹੈ :
"ਔਰ ਦਰਬ ਕੀ ਕਿਆ ਕਹੀਏ ਬਾਈ ਸੂਬੇ ਪਤਿਸ਼ਾਹਿ।
ਤਿਨੋਂ, ਇਕੱਠੀ ਥੀ ਕਰੀ ਸੋ ਲੈ ਗਯੋ ਨਾਦਰ ਸ਼ਾਹਿ।"
ਅਤੇ
ਪੰਜ ਸੂਬੇ ਲਏ ਹਿੰਦੋ ਕਟਾਇ।
ਲਹੌਰ ਸੁ ਆਪਨੀ ਲਈ ਲਿਖਾਇ। 33। (ਪ੍ਰਾਚੀਨ ਪੰਥ ਪ੍ਰਕਾਸ਼)

Sri Satguru Jagjit Singh Ji eLibrary NamdhariElibrary@gmail.com

ਦੀ ਖ਼ਬਰ ਨਾਦਰ ਨੂੰ ਪੁੱਜੀ ਤਾਂ ਉਸ ਜ਼ਕਰੀਆ ਖ਼ਾਨ ਨੂੰ ਪੁੱਛਿਆ, "ਇਹ ਕੌਣ ਹਨ" ਤਾਂ ਉਸ ਕਿਹਾ ਕਿ "ਫ਼ਕੀਰਾਂ ਦਾ ਟੋਲਾ ਹੈ"। "ਇਨ੍ਹਾਂ ਦੇ ਘਰਾਂ ਨੂੰ ਅੱਗ ਲਗਾ ਦਿਓ, ਇਨ੍ਹਾਂ ਦੀਆਂ ਬਸਤੀਆਂ ਜਲਾ ਦਿਓ" ਨਾਦਰ ਦਾ ਹੁਕਮ ਸੀ। ਜ਼ਕਰੀਆ ਖ਼ਾਨ ਨੇ ਇਹ ਆਖ ਕੇ ਕਿ "ਇਹਨਾਂ ਦੇ ਘਰ ਘੋੜਿਆਂ ਦੀਆਂ ਕਾਠੀਆਂ ਉੱਤੇ ਹਨ," ਨਾਦਰ ਨੂੰ ਅਵਾਕ ਕਰ ਦਿੱਤਾ। ਨਾਦਰ ਇਹ ਪੇਸ਼ੀਨਗੋਈ[1] ਕਰ ਕੇ ਵਾਪਸ ਮੁੜ ਗਿਆ ਕਿ 'ਸਿੱਖ ਰਾਜ ਕਰਨਗੇ।'

*'ਮਾਰਤ ਹੋ ਤੁਮ ਆਪ ਹੀ ਅਪਨੇ ਪੈਰ ਕੁਠਾਰ।*
*ਕੁਛ ਦਿਨ ਕੋ ਸਿੰਘ ਹੋਇ ਹੈ ਭੂਪਤਿ ਮੁਲਕ ਮਝਾਰ।'*

ਨਾਦਰ[2] ਵਾਪਸ ਤਾਂ ਚਲਾ ਗਿਆ ਪਰ ਹਿੰਦੁਸਤਾਨ ਤੇ ਪੰਜਾਬ ਨੂੰ ਤੜਫ਼ਦਾ ਤੇ ਲਹੂ ਨਾਲ ਭਿੱਜਿਆ ਛੱਡ ਗਿਆ। ਇਸ ਹਮਲੇ ਨੇ ਪੰਜਾਬ ਦੇ ਇਤਿਹਾਸ ਉੱਤੇ ਬਹੁਤ ਡੂੰਘਾ ਅਸਰ ਪਾਇਆ ਹੈ। ਇਸ ਹਮਲੇ ਦੇ ਪ੍ਰਭਾਵ ਆਉਣ ਵਾਲੇ ਦਹਾਕਿਆਂ ਉੱਤੇ ਪਏ। ਇਸ ਹਮਲੇ ਨੇ ਨਾ ਸਿਰਫ਼ ਦਿੱਲੀ ਦੇ ਭੜ ਨੂੰ ਖ਼ਤਮ ਕਰ ਦਿੱਤਾ, ਨਾਲ ਹੀ ਪੰਜਾਬ ਨੂੰ ਨਿਥਾਵਾਂ ਬਣਾ ਦਿੱਤਾ। ਇਸ ਹਮਲੇ ਦੇ ਪ੍ਰਭਾਵ ਦੇਖਣ ਯੋਗ ਹਨ :—

**ਨਾਦਰ ਦੇ ਹਮਲੇ ਦੇ ਅਸਰ** : ਪਹਿਲਾ, ਨਾਦਰ ਦੇ ਹੱਲੇ ਨੇ ਨਾ ਸਿਰਫ਼ ਮੁਗ਼ਲਾਂ ਦੇ ਸਦੀਆਂ ਤੋਂ ਬਣੇ ਹੋਏ ਭੜ ਨੂੰ ਤੋੜਿਆ, ਸਗੋਂ ਮੁਗ਼ਲ ਸਾਮਰਾਜ ਨੂੰ ਭਾਰੀ ਸੱਟ ਮਾਰੀ ਜਿਸ ਪਿੱਛੋਂ ਮੁਗ਼ਲ ਫਿਰ ਸਿਰ ਨ ਉਠਾ ਸਕੇ। ਮੁਗ਼ਲਾਂ ਬਾਰੇ ਇਹ ਵਿਚਾਰ ਬਣ ਗਿਆ ਸੀ ਕਿ ਉਹਨਾਂ ਨੂੰ ਹਰਾਉਣਾ ਇਕ ਕਠਨ ਜਿਹੀ ਸਮੱਸਿਆ ਹੈ। ਉਸ ਕਠਨ ਸਮੱਸਿਆ ਨੂੰ ਨਾਦਰ ਨੇ ਹੱਲ ਕਰ ਦਿੱਤਾ। ਦੇਸ਼ ਵਿਚ ਅੱਗੇ ਹੀ ਵਿਖੇਵੇਂ, ਭਗਦੜ ਤੇ ਖਲਬਲੀ ਸੀ। ਇਸ ਹੱਲੇ ਨੇ ਉਸਨੂੰ ਪੂਰਨਤਾ ਤਕ ਅਪੜਾ ਦਿੱਤਾ।

ਅਖਾਣ ਵੀ ਹੈ :—

*ਆਇਆ ਨਾਦਰ।*
*ਫੱਟ ਗਈ ਚਾਦਰ।*

ਇਸ ਭਗਦੜ ਵਿਚ ਮੁਗ਼ਲਾਂ ਦਾ ਰਹਿੰਦਾ ਖੂੰਹਦਾ ਭੜ ਵੀ ਮੁੱਕ ਗਿਆ।

*ਦੂਜੇ*, ਇਹ ਹੱਲਾ ਕੋਈ ਪਹਿਲਾ ਤੇ ਆਖ਼ਰੀ ਹਮਲਾ ਨਹੀਂ ਸੀ। ਸੱਚੀ ਗੱਲ ਤਾਂ ਇਹ ਹੈ ਕਿ ਇਹ ਆਉਣ ਵਾਲੇ ਹਮਲਿਆਂ ਦਾ ਅਰੰਭ ਸੀ। ਇਹ ਭੂਮਿਕਾ ਸੀ ਤੇ ਹਮਲਿਆਂ ਦੀ ਕਿਤਾਬ ਅੱਗੋਂ ਲਿਖੀ ਜਾਣੀ ਸੀ। ਜੋ ਪੂਰਨੇ ਨਾਦਰ ਸ਼ਾਹ ਨੇ ਪਾਏ, ਉਨ੍ਹਾਂ ਪੂਰਨਿਆਂ

1. ਅਜ਼ੀਂ ਕੌਮ ਬੂਏ ਬਾਗਸ਼ਾਹੀ ਮੇ ਆਇਦ।
2. ਨਾਦਰ ਉਮਰ ਦੇ ਪਿਛਲੇ ਸਮੇਂ ਪਾਗਲਪਨ ਦੀ ਦਸ਼ਾ ਵਿਚ ਹੀ ਚਲਾ ਗਿਆ ਸੀ। ਸਾਰੇ ਸਰਦਾਰ ਉਸ ਤੋਂ ਤੰਗ ਆ ਗਏ ਸਨ। ਆਖ਼ਰ 1747 ਨੂੰ 19-20 ਜੂਨ ਦੀ ਰਾਤ ਨੂੰ ਨਾਦਰ ਦੇ ਆਪਣੇ ਹੀ ਸਰਦਾਰਾਂ, ਮੁਹੰਮਦ ਕੁਲੀ ਖ਼ਾਨ ਅਤੇ ਸਲਾਹਿ ਖ਼ਾਨ ਨੇ ਨਾਦਰ ਦੇ ਤੰਬੂ ਵਿਚ ਜਾ ਕੇ ਤਲਵਾਰ ਨਾਲ ਪਹਿਲਾਂ ਹੱਥ ਤੇ ਫਿਰ ਮੁਹੰਮਦ ਕੁਲੀ ਖ਼ਾਨ ਨੇ ਸਿਰ ਵੱਢ ਦਿੱਤਾ। ਉਹ ਰਿਸ਼ਤੇ ਵਿਚ ਭਤੀਜਾ ਵੀ ਲੱਗਦਾ ਸੀ। ਸ਼ਾਹ ਰੁਖ ਤੋਂ ਸਿਵਾ ਸਾਰੇ ਪੁਤ ਪੋਤਰੇ ਕਤਲ ਕਰ ਦਿੱਤੇ। ਇਹਨਾਂ ਦੋਵਾਂ ਸਰਦਾਰਾਂ ਨੂੰ ਇਹ ਸੂਹ ਮਿਲ ਗਈ ਸੀ ਕਿ ਉਹ ਸਵੇਰੇ ਹੋਰ ਸਰਦਾਰਾਂ ਦੇ ਸਮੇਤ ਨਾਦਰ ਦੇ ਹੁਕਮ ਨਾਲ ਕਤਲ ਕਰ ਦਿੱਤੇ ਜਾਣਗੇ। ਅਹਿਮਦ ਖ਼ਾਨ (ਅਹਿਮਦ ਸ਼ਾਹ ਅਬਦਾਲੀ) ਦੀ ਡਿਊਟੀ ਲਗਾਈ ਗਈ ਸੀ। ਸੋ ਨਾਦਰ ਦੇ ਕਤਲ ਹੋ ਜਾਣ ਉਪਰੰਤ ਅਹਿਮਦ ਖ਼ਾਨ ਆਇਆ ਤੇ ਨਾਦਰ ਦੀ ਅੰਗੂਠੀ ਤੇ ਕੋਹਿ-ਨੂਰ ਲੈ ਕੇ ਨੱਠ ਗਿਆ।

Sri Satguru Jagjit Singh Ji eLibrary NamdhariElibrary@gmail.com

ਉੱਤੇ ਨਾਦਰ ਦੇ ਚੇਲੇ ਅਹਿਮਦ ਸ਼ਾਹ ਅਬਦਾਲੀ ਨੇ ਬੜੀ ਸੁੰਦਰਤਾ ਨਾਲ ਲਿਖਿਆ। ਅਬਦਾਲੀ ਨੇ ਤਕਰੀਬਨ ਗਿਆਰਾਂ ਵਾਰੀ ਹਿੰਦੁਸਤਾਨ 'ਤੇ ਹਮਲਾ ਕੀਤਾ। ਹਰ ਹਮਲਾ ਪਹਿਲੇ ਨਾਲੋਂ ਮਾਰੂ ਹੁੰਦਾ ਸੀ ਤੇ ਹਰ ਹਮਲਾ ਦੇਸ਼ ਦੀ ਬਣੀ ਸਥਿਤੀ ਨੂੰ ਵਿਗਾੜਦਾ ਸੀ। ਵਿਗੜੀ ਪ੍ਰਸਥਿਤੀ ਵਿਚ ਵਿਰੋਧੀ ਤਾਕਤਾਂ ਆਪਣਾ ਹੱਥ ਮੁਗ਼ਲਾਂ ਉੱਤੇ ਕਰ ਲੈਂਦੀਆਂ ਸਨ ਅਤੇ ਮੁਗ਼ਲ ਬੇਬਸ ਹੋ ਕੇ ਹੱਥ ਮਲਦੇ ਰਹਿੰਦੇ ਸਨ।

ਤੀਸਰੇ, ਨਾਦਰ ਦੇ ਹਮਲੇ ਤੋਂ ਪਹਿਲਾਂ ਹੀ ਮੁਗ਼ਲ ਰਾਜ ਦਾ ਆਰਥਿਕ ਢਾਂਚਾ ਵਿਗੜ ਕੇ ਟੁੱਟ ਗਿਆ ਸੀ। ਲਗਾਤਾਰ ਕਈ ਸਾਲਾਂ ਤੋਂ ਮਾਲੀਏ ਦੀ ਰਕਮ ਸ਼ਾਹੀ ਖ਼ਜ਼ਾਨੇ ਵਿਚ ਨਹੀਂ ਸੀ ਪੁੱਜ ਰਹੀ। ਇਸ ਉੱਤੇ ਮਾਰ ਇਹ ਕਿ ਸਮੇਂ ਦੇ ਬੀਤਣ ਨਾਲ ਖ਼ਰਚ ਵਧ ਰਹੇ ਸਨ। ਇਸ ਹਮਲੇ ਨੇ ਮੁਗ਼ਲ ਸਾਮਰਾਜ ਨੂੰ ਆਰਥਿਕ ਤੌਰ 'ਤੇ ਲਾਚਾਰ ਤੇ ਨਿਤਾਣਾ ਬਣਾ ਦਿੱਤਾ। ਮੁਗ਼ਲਾਂ ਦਾ ਇਕੋ ਇਕ ਸਹਾਰਾ ਵੀ ਖੋਹ ਲਿਆ ਗਿਆ। ਨਾਦਰ ਕਰੋੜਾਂ ਰੁਪਏ ਨਕਦ, ਕਰੋੜਾਂ ਦੇ ਹੀਰੇ ਜਵਾਹਰਾਤ, ਕਰੋੜਾਂ ਦਾ ਕੀਮਤੀ ਸਾਮਾਨ ਤੇ ਹਜ਼ਾਰਾਂ ਕਾਰੀਗਰ ਤੇ ਹੋਰ ਸੁਘੜ ਸਿਆਣੇ ਪੁਰਸ਼ ਨਾਲ ਲੈ ਗਿਆ। ਇਤਨੀ ਵੱਡੀ ਲੁੱਟ ਮਹਿਮੂਦ ਗ਼ਜ਼ਨਵੀ ਤੋਂ ਬਾਅਦ ਕਿਸੇ ਨੇ ਨਹੀਂ ਸੀ ਪਾਈ।

ਚੌਥੇ, ਇਹ ਹਮਲਾ ਪੰਜਾਬ ਦੀ ਤਾਰੀਖ਼ ਵਿਚ ਖ਼ਾਸ ਮਹੱਤਤਾ ਰੱਖਦਾ ਹੈ। ਸਿੱਖ ਇਸ ਨੂੰ ਵਾਹਿਗੁਰੂ ਵਲੋਂ ਭੇਜੀ ਦਾਤ ਸਮਝਦੇ ਸਨ। ਨਵਾਬ ਕਪੂਰ ਸਿੰਘ ਜੀ ਨੇ ਇਸ ਹਮਲੇ ਦਾ ਸੁਣ ਉਸੇ ਵੇਲੇ ਸਿੰਘਾਂ ਨੂੰ ਕਿਹਾ ਸੀ : ਅਬ ਬਨੂੰ ਸਿੰਘ ਬਡਕਾਮ। ਸਿੰਘ ਵੀ ਇਹ ਕਹਿਣ ਲੱਗ ਪਏ ਸਨ ਕਿ :

*'ਹਮ ਖਾਤਰ ਆਯੋ,*
*ਤੁਰਕਨ ਸੋ ਲਰ ਤੁਰਕਨ ਖਪਾਯੋ।'*

ਕੰਡੇ ਨਾਲ ਕੰਡਾ ਨਿਕਲੇਗਾ। ਗੁਰੂ ਜੀ ਦੇ ਨੀਤੀ ਭਰਪੂਰ ਵਾਕ ਵੀ ਸਿੱਖ ਬੋਲਣ ਲੱਗ ਪਏ ਸਨ :

*ਕਾਬਲ ਤੇ ਕੁਤਾ ਮੰਗਾਊਂ।*
*ਇਨ ਕਾ ਉਨ ਤੇ ਨਾਸ਼ ਕਰਾਊਂ। ੧੯।*
*ਦਿੱਲੀ ਲਾਹੌਰ ਕੇ ਤਖਤ ਪੁਟਾਊਂ।*
*ਸਾਤੋ ਧਾਰਨ ਧੂੜ ਮਿਲਾਊਂ।*
*ਬਾਈ ਸੂਬੇ ਦੇਊਂ ਤੋੜ।*
*ਬਜੀਰ ਪਤਿਸਾਹਨ ਦੇਊਂ ਫੋੜ। ੨੦।*
*ਤੁਰਕ ਨਗਾਰੇ ਬਜਨ ਹਟਾਊਂ।*
*ਅਕਾਲ ਅਕਾਲ ਕੇ ਜਾਪ ਜਪਾਊਂ।*

ਪਰ ਨਿਸ਼ਾਨਾ ਇਹ ਹੈ :

*"ਅਕਾਲ ਅਕਾਲ ਕੋ ਜਾਪ ਜਪਾਊਂ।*
*ਸੋਊ ਸਮੋਂ ਅਬ ਆਯੋ ਜਾਨੋ।"*
*ਲੂਟੋ ਖਾਹੋ ਜੋ ਮਨ ਮਾਨੋ । ੨੧।"*

Sri Satguru Jagjit Singh Ji eLibrary NamdhariElibrary@gmail.com

ਸਿੱਖਾਂ ਦੀ ਰਾਜਨੀਤਕ ਤਾਕਤ ਦੀ ਉਤਪਤੀ ਅਤੇ ਵਿਕਾਸ ਵਿਚ ਇਸ ਹਮਲੇ ਦਾ ਖ਼ਾਸ ਹਿੱਸਾ ਹੈ। ਨਾਦਰ ਦੇ ਹਮਲੇ ਨਾਲ ਵਰਤੀ ਦਸ਼ਾ ਸਿੱਖਾਂ ਲਈ ਲਾਹੇਵੰਦ ਸੀ। ਪਹਿਲਾਂ ਤਾਂ ਦਿੱਲੀਓਂ ਕੰਧਾਰ ਜਾਂਦੇ ਕਾਫ਼ਲੇ ਨੂੰ ਲੁੱਟਿਆ।

*'ਜੋ ਦਿਲੀਓਂ ਵਲ ਤੁਰੈ ਕੰਧਾਰ।*
*ਮਿਲ ਸਿੰਘਨ ਤਿਸ ਲੇਵੈ ਮਾਰ।*
*ਨਗਦੀ ਘੋੜਾ ਆਛੋ ਮਾਲ।*
*ਲੁਟ ਲੇਹਿਂ ਸਿੰਘ, ਗੁਰ ਕੇ ਲਾਲ।'*

ਨਾਦਰ ਦੇ ਹਮਲੇ ਦਾ ਹੋਣਾ ਸੁਣ ਕੇ ਕਈ ਅਮੀਰ, ਸੁਦਾਗਰ ਤੇ ਸਰਦਾਰਾਂ ਨੇ ਪਹਾੜੀਆਂ ਨੂੰ ਟਿਕਾਣਾ ਬਣਾ ਲਿਆ ਸੀ। ਉਹ ਆਪਣੇ ਨਾਲ ਜਵਾਹਰਾਤ ਤੇ ਕੀਮਤੀ ਸਾਮਾਨ ਲੈ ਕੇ ਗਏ ਸਨ। ਸਿੱਖਾਂ ਨੇ ਮੁਗ਼ਲ ਸਰਦਾਰਾਂ ਦੇ ਖ਼ਜ਼ਾਨਿਆਂ ਨੂੰ ਕਬਜ਼ੇ ਵਿਚ ਕਰਕੇ ਆਪਣੇ ਖ਼ਜ਼ਾਨੇ ਭਰੇ। ਇਤਿਹਾਸਕਾਰਾਂ ਦਾ ਕਥਨ ਹੈ ਕਿ ਦਿਨਾਂ ਵਿਚ ਹੀ ਸਿੱਖ ਮਾਇਆ ਵਿਚ ਖੇਡਣ ਲੱਗ ਪਏ ਸਨ। ਫੇਰ ਜੋ ਪਹਾੜੀਆਂ ਵਿਚ ਨੱਸ ਕੇ ਜਾਨ ਬਚਾਉਣ ਲਈ ਗਏ, ਉਹਨਾਂ ਦੇਖਿਆ ਕਿ ਸਿੱਖ ਹੋਣਾ ਹੀ ਖਤਰੇ ਤੋਂ ਬਚਣਾ ਹੈ। ਜੇ ਮਰਨਾ ਹੀ ਹੈ ਤਾਂ ਗੀਦੀਆਂ ਦੀ ਤਰ੍ਹਾਂ ਕਿਉਂ ਮਰਿਆ ਜਾਏ। ਬਹਾਦਰਾਂ ਵਿਚ ਸ਼ਾਮਲ ਹੋ ਕੇ ਜਾਨ ਮਾਲ ਦੀ ਹਿਫ਼ਾਜ਼ਤ ਕਰਨੀ ਚਾਹੀਦੀ ਹੈ।

*ਕਨਿੰਘਮ* ਨੇ ਠੀਕ ਲਿਖਿਆ ਹੈ : ''ਸਿੱਖ ਬਣ ਜਾਣ ਨਾਲ ਉਹ ਹਰ ਗੱਲੋਂ ਉਚੇਰੇ ਹੋ ਜਾਂਦੇ ਸਨ। ਸਿੱਖ ਇਤਨੇ ਤਗੜੇ ਹੋ ਗਏ ਕਿ ਉਹਨਾਂ ਅੰਮ੍ਰਿਤਸਰ ਖੁਲ੍ਹਮ ਖੁਲ੍ਹਾ ਆਉਣਾ ਅਰੰਭ ਕਰ ਦਿੱਤਾ। 'ਮਰਾਂ ਤਾਂ ਹਰ ਕੈ ਦੁਆਰ' ਉਹਨਾਂ ਦਾ ਕੌਮੀ ਨਾਅਰਾ ਬਣ ਗਿਆ।'' ਇਕ ਹੋਰ ਸਮਕਾਲੀ ਮੁਸਲਮਾਨ ਇਤਿਹਾਸਕਾਰ ਨੇ ਲਿਖਿਆ ਹੈ ਕਿ ਕੋਈ ਇਨ੍ਹਾਂ ਦਿਨਾਂ ਵਿਚ ਸਿੱਖ ਨੂੰ ਪੰਜਾਬ ਵਿਚ ਹਰ ਥਾਵੇਂ ਤੇ ਖ਼ਾਸ ਕਰ ਅੰਮ੍ਰਿਤਸਰ ਘੋੜੇ ਦੁੜਾਉਂਦਾ ਦੇਖ ਸਕਦਾ ਸੀ। ਮੈਲਕਮ ਨੇ ਇਹ ਵੀ ਲਿਖਿਆ ਹੈ ਕਿ ਕਈ ਭਾਵੇਂ ਰਸਤੇ ਵਿਚ ਮਰ ਜਾਂਦੇ, ਪਕੜੇ ਜਾਂਦੇ ਪਰ ਇਕ ਵਿਸ਼ੇਸ਼ ਗੱਲ ਇਹ ਸੀ ਕਿ ਕਿਸੇ ਉਸ ਸਿੱਖ ਨੇ ਆਪਣਾ ਧਰਮ ਨ ਛੱਡਿਆ ਜੋ ਅੰਮ੍ਰਿਤਸਰ ਲਈ ਚਲ ਪੈਂਦਾ ਸੀ। ਇਸ ਹੱਲੇ ਨੇ ਸਿੱਖਾਂ ਨੂੰ ਪਹਾੜੀਆਂ ਤੋਂ ਮੈਦਾਨਾਂ ਵਿਚ ਲੈ ਆਂਦਾ ਜਿਵੇਂ ਮੈਦਾਨਾਂ ਦੇ ਲੋਕ ਭੱਜ ਕੇ ਪਹਾੜੀਆਂ ਵੱਲ ਗਏ ਸਨ।[1]

*ਪੰਜਵੇਂ*, ਸਾਰੇ ਹਿੰਦੁਸਤਾਨ ਵਿਚ ਪੰਜਾਬ ਹੀ ਇਕ ਮਜ਼ਬੂਤ ਰਾਜ ਸੀ। ਇਕ ਦਿੱਲੀ ਦੇ ਨੇੜੇ ਦੂਜੇ ਜ਼ਕਰੀਆ ਖ਼ਾਂਨ ਦੇ ਗਵਰਨਰ ਹੋਣ ਕਾਰਨ। ਜ਼ਕਰੀਆ ਖ਼ਾਨ ਸਮੇਂ ਦਾ ਇਕ ਮਜ਼ਬੂਤ ਹੁਕਮਰਾਨ ਮਿਥਿਆ ਜਾਂਦਾ ਸੀ। ਉਸ ਦੀ ਮਜ਼ਬੂਤੀ ਤੇ ਸਖ਼ਤੀ ਕਰਕੇ ਹੀ ਸਿੱਖਾਂ ਨੂੰ ਨਿਤ ਨਵਾਂ ਰਸਤਾ ਅਪਣਾਉਣਾ ਪੈਂਦਾ ਸੀ। ਜ਼ਕਰੀਆ ਖ਼ਾਨ ਨੂੰ ਦਿੱਲੀ ਦੀ ਵੀ ਪੂਰੀ ਹਮਾਇਤ ਹਾਸਲ ਸੀ। ਇਸ ਹਮਲੇ ਨੇ ਜ਼ਕਰੀਆ ਖ਼ਾਨ ਨੂੰ ਕਮਜ਼ੋਰ ਕਰ ਦਿੱਤਾ। ਪੰਜਾਬ ਨੂੰ ਈਰਾਨ ਦਾ ਹਿੱਸਾ ਬਣਾ ਦਿੱਤਾ ਗਿਆ। ਆਰਥਿਕ ਤੌਰ ਉੱਤੇ ਲਾਹੌਰ ਦੇ ਸ਼ਾਹੀ ਖ਼ਜ਼ਾਨੇ ਖ਼ਾਲੀ ਹੋ ਗਏ। ਦਿੱਲੀ ਤੋਂ ਮੁੜਦਿਆਂ ਨਾਦਰ ਨੇ ਇਕ ਕਰੋੜ ਦੀ ਹੋਰ ਮੰਗ ਕਰ ਭੇਜੀ

1. ਬੱਖ਼ਤ ਮਲ ਦਾ ਕਹਿਣਾ ਹੈ ਕਿ ਕਈ ਰਾਹਾਂ ਤੇ ਸਿੰਘਾਂ ਰੋਕਾਂ ਖੜ੍ਹੀਆਂ ਕਰ ਦਿੱਤੀਆਂ। ਪ੍ਰਬੰਧ ਤੇ ਹਕੂਮਤ ਵਰਗੀ ਕੋਈ ਚੀਜ਼ ਤਾਂ ਰਹੀ ਨਹੀਂ ਸੀ, ਸੋ ਸਿੰਘਾਂ ਇਸ ਦਿਸ਼ਾ ਦਾ ਲਾਭ ਉਠਾਂਦੇ ਮਾਲ ਮਤਾ ਖ਼ੂਬ ਲੁੱਟਿਆ।

Sri Satguru Jagjit Singh Ji eLibrary NamdhariElibrary@gmail.com

ਸੀ। ਜ਼ਕਰੀਆ ਖ਼ਾਨ ਦਾ ਕਮਜ਼ੋਰ ਹੋਣਾ ਸਿੱਖਾਂ ਦੀ ਤਾਕਤ ਸੀ। ਨਾਦਰ ਦੇ ਹਮਲੇ ਤੋਂ ਬਾਅਦ ਜ਼ਕਰੀਆ ਖ਼ਾਨ ਨੇ ਸਿੱਖਾਂ ਨੂੰ ਦਬਾਉਣ ਲਈ ਹਰ ਹੀਲਾ ਤੇ ਹਥਿਆਰ ਵਰਤਿਆ, ਪਰ ਸਭ ਵਿਅਰਥ ਗਏ। ਉਸ ਦਾ ਆਪਣਾ ਘਰ ਇਤਨਾ ਕਮਜ਼ੋਰ ਹੋ ਗਿਆ ਸੀ ਕਿ ਉਸ ਸਮਝ ਲਿਆ ਕਿ ਸ਼ੀਸ਼ੇ ਦੇ ਘਰ ਵਿਚ ਬੈਠ ਕੇ ਬਹੁਤੀ ਦੇਰ ਦੂਜਿਆਂ ਉੱਤੇ ਪੱਥਰ ਨਹੀਂ ਵਰਸਾਏ ਜਾ ਸਕਦੇ। ਉਸ ਇਕ ਵਾਰੀ ਫੇਰ ਸਖ਼ਤੀ ਦਾ ਚੱਕਰ ਚਲਾਇਆ ਪਰ ਕਾਮਯਾਬੀ ਦਾ ਮੂੰਹ ਦੇਖਣ ਤੋਂ ਪਹਿਲਾਂ ਹੀ ਉਸ ਨੂੰ ਮੌਤ ਨੇ ਆ ਦਬੋਚਿਆ।

*ਛੇਵੇਂ*, ਸਿੱਖਾਂ ਨੇ ਨਾਦਰ ਦੇ ਬਣੇ ਭੜ ਨੂੰ ਤੋੜ ਕੇ ਨਾਮਨਾ ਖੱਟ ਲਿਆ। ਨਾਦਰ ਦਾ ਖ਼ਿਆਲ ਸੀ ਕਿ ਉਸ ਦਾ ਨਾਮ ਹੀ ਹਰ ਇਕ ਨੂੰ ਭੈ-ਭੀਤ ਕਰਨ ਲਈ ਕਾਫ਼ੀ ਹੈ, ਪਰ ਇਸ ਦੇ ਉਲਟ ਸਿੱਖਾਂ ਨੇ ਸ਼ਾਹੀ ਖ਼ਜ਼ਾਨੇ ਨੂੰ ਸਰਹੰਦ ਦੇ ਕੋਲ ਜਾ ਲੁੱਟਿਆ। ਇਹ ਨਾਦਰ ਦੇ ਨਵੇਂ ਭੜ ਨੂੰ ਇਕ ਭਾਰੀ ਸੱਟ ਸੀ ਜੋ ਸਿੱਖਾਂ ਨੇ ਮਾਰੀ। ਆਮ ਲੋਕਾਂ ਵਿਚ ਇਹ ਚਰਚਾ ਚੱਲ ਪਈ ਕਿ ਜੋ ਸਿੱਖ ਨਾਦਰ ਤੋਂ ਨਹੀਂ ਡਰੇ ਉਹ ਜ਼ਕਰੀਆ ਖ਼ਾਨ ਤੋਂ ਕਿਵੇਂ ਡਰਨ ਵਾਲੇ ਹਨ। ਇਸ ਕਾਮਯਾਬੀ ਨੇ ਸਿੱਖਾਂ ਦਾ ਵਿਸ਼ਵਾਸ ਵਧਾਇਆ ਅਤੇ ਲੋਕਾਂ ਨੇ ਸਿੱਖੀ ਦੀ ਰੱਖਿਆ ਤੇ ਰਿਆਇਤ ਮੰਗੀ।

*ਸਤਵੇਂ*, ਸਿੱਖ ਮਜ਼ਬੂਤ ਤੇ ਜਥੇਬੰਦ ਹੋ ਗਏ। ਅੰਮ੍ਰਿਤਸਰ ਨੂੰ ਫਿਰ ਕੇਂਦਰ ਬਣਾ ਲਿਆ। ਬਰਾਊਨ ਦਾ ਕਹਿਣਾ ਹੈ ਕਿ ਉਹ ਲੋਕੀਂ ਜੋ ਸਿੱਖੀ ਤੋਂ ਦੂਰ ਗਏ ਸਨ, ਮੁੜ ਸਿੱਖੀ ਦੇ ਦਾਇਰੇ ਵਿਚ ਆ ਗਏ। ਸਿੱਖਾਂ ਨੇ ਰਾਵੀ ਦੇ ਕਿਨਾਰੇ ਡਲੇਵਾਲ ਇਕ ਗੜ੍ਹੀ ਵੀ ਬਣਾ ਲਈ। ਉਸ ਗੜ੍ਹੀ ਨੂੰ ਕੇਂਦਰ ਬਣਾ ਕੇ ਲਾਹੌਰ ਉੱਤੇ ਲਗਾਤਾਰ ਹਮਲੇ ਕਰਦੇ ਰਹੇ ਕਿਉਂਕਿ ਹਕੂਮਤ ਤਾਂ ਨਾਮ ਮਾਤਰ ਹੀ ਸੀ। ਫ਼ੌਜਾਂ ਦਾ ਹੌਸਲਾ ਟੁੱਟ ਗਿਆ ਸੀ ਤੇ ਉਹ ਲੜਨ ਜੋਗੇ ਨਹੀਂ ਰਹੇ ਸਨ। ਸਿੱਖਾਂ ਦੀ ਜਥੇਬੰਦੀ ਵਕਤ ਦੇ ਥਪੇੜੇ ਖਾ-ਖਾ ਬਹੁਤ ਮਜ਼ਬੂਤ ਹੋ ਗਈ ਸੀ। ਸਿੱਖਾਂ ਦੀ ਇਹ ਵੀ ਖੁਸ਼ਕਿਸਮਤੀ ਸੀ ਕਿ ਉਸ ਸਮੇਂ ਉਹਨਾਂ ਦੇ ਆਗੂ ਨਵਾਬ ਕਪੂਰ ਸਿੰਘ, ਸਰਦਾਰ ਬਾਘ ਸਿੰਘ ਅਤੇ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਵਰਗੇ ਸਨ।

*ਡਾਕਟਰ ਸਿਨਹਾ* ਨੇ ਆਪਣੀ ਪੁਸਤਕ ਸਿੱਖਾਂ ਦੀ ਚੜ੍ਹਤ (ਰਾਈਜ਼ ਔਫ਼ ਸਿੱਖ ਪਾਵਰ) ਵਿਚ ਖ਼ੂਬ ਲਿਖਿਆ ਹੈ ਕਿ ''ਨਾਦਰ ਦੇ ਹੱਲੇ ਨੇ ਪੰਜਾਬ ਦੀ ਹਕੂਮਤ ਨੂੰ ਕਮਜ਼ੋਰ ਕੀਤਾ, ਸਿੱਖਾਂ ਦੀ ਤਾਕਤ ਅਤੇ ਸਨਮਾਨ ਨੂੰ ਵਧਾਇਆ। ਸਿੱਖਾਂ ਨੂੰ ਦਬਾਉਣਾ ਅੱਗੇ ਹੀ ਔਖਾ ਸੀ ਤੇ ਹੁਣ ਹੋਰ ਕਠਨ ਹੋ ਗਿਆ।''[1]

*****

1. The supression of the Sikhs, difficult under all circumstances, became even more difficult now.

-Dr. Sinha in the Rise of Sikh Power.

Sri Satguru Jagjit Singh Ji eLibrary NamdhariElibrary@gmail.com

# ਅੱਤਿਆਚਾਰਾਂ ਦਾ ਫਿਰ ਚੱਕਰ ਤੇ ਸ਼ਹੀਦੀਆਂ

# ੧੦

**ਨਾਦਰ ਦਾ ਵਾਪਸ ਮੁੜਨਾ ਅਤੇ ਸਿੱਖਾਂ ਨੇ ਹੱਥ ਦਿਖਾਣੇ** : ਹਿੰਦੁਸਤਾਨ ਦੀ ਸਦੀਆਂ ਤੋਂ ਇਕੱਠੀ ਕੀਤੀ ਮਾਇਆ ਲੱਦ ਅਤੇ ਇੱਜ਼ਤ ਲੁੱਟ ਕੇ ਨਾਦਰ ਨੇ ਸ਼ਿਵਾਲਕ ਦੀਆਂ ਪਹਾੜੀਆਂ ਦੀ ਤਲਹਟੀ ਵਲੋਂ ਈਰਾਨ ਜਾਣ ਦਾ ਰਾਹ ਬਣਾਇਆ। ਆਪੂੰ ਉਹ ਗਰਮੀਆਂ ਤੋਂ ਬਚਣ ਲਈ ਅਖਨੂਰ (ਜਿਥੋਂ ਚਨਾਬ ਮੈਦਾਨਾਂ ਵਿਚ ਦਾਖ਼ਲ ਹੁੰਦਾ ਹੈ) ਪੁੱਜਾ, ਤਾਂ ਉਸ ਨੂੰ ਖ਼ਬਰ ਮਿਲੀ ਕਿ ਖ਼ਜ਼ਾਨੇ ਦਾ ਬਹੁਤ ਹਿੱਸਾ ਸਿੱਖਾਂ ਲੁੱਟ ਲਿਆ ਹੈ ਤੇ ਪਿੱਛਾ ਕਰਨ ਉੱਤੇ ਵੀ ਉਨ੍ਹਾਂ ਨੂੰ ਰੋਕ ਨਹੀਂ ਪਾਈ ਜਾ ਸਕੀ। ਨਾਦਰ ਹੈਰਾਨ ਹੋਇਆ ਅਤੇ ਉਸ ਜ਼ਕਰੀਆ ਖ਼ਾਨ ਨੂੰ ਸਦ ਘੱਲਿਆ। ਨਾਦਰ ਨੇ ਸਿੱਖਾਂ ਬਾਰੇ ਪੁੱਛਿਆ : ਉਹ ਕੌਣ ਹਨ? ਕਿੱਥੇ ਰਹਿੰਦੇ ਹਨ? ਮੁਲਕ ਕਿਹੜਾ ਹੈ? ਮੁਰਸ਼ਦ ਕੌਣ ਹੈ? ਮਾਰ ਕਿਉਂ ਨਹੀਂ ਮੁਕਾਉਂਦਾ? ਇੰਨੀ ਜੁਰੱਅਤ ਵਾਲੇ ਕਿਸ ਤਰ੍ਹਾਂ ਹਨ ਕਿ ਮੇਰੇ ਨਾਮ ਤੋਂ ਵੀ ਨਹੀਂ ਡਰੇ ਅਤੇ ਖ਼ਜ਼ਾਨੇ ਨੂੰ ਲੁੱਟਿਆ ਹੈ?[1] ਜ਼ਕਰੀਆ ਖ਼ਾਨ ਨੇ ਕਿਹਾ ਕਿ ਇਨ੍ਹਾਂ ਦਾ ਘਰ ਬਾਰ, ਮੁਲਕ ਕੋਈ ਨਹੀਂ? ਘਰ ਘੋੜਿਆਂ ਦੀਆਂ ਕਾਠੀਆਂ ਉੱਤੇ ਹਨ। ਮੁਰਸ਼ਦ ਇਨ੍ਹਾਂ ਦਾ ਵਲੀ ਹੋਇਆ ਹੈ, ਉਸੇ ਨੇ ਇਨ੍ਹਾਂ ਨੂੰ ਕੋਈ ਆਬੇਹਿਯਾਤ (ਅੰਮ੍ਰਿਤ) ਦਿੱਤਾ ਹੈ। ਉਸ ਦਾ ਅਸਰ ਦੇਖਿਆ ਹੈ ਕਿ ਜੇ ਕੋਈ ਬੁਜ਼ਦਿਲ ਪੀ ਲੈਂਦਾ ਹੈ ਤਾਂ ਉਹ ਸ਼ੇਰ ਬਣ ਜਾਂਦਾ ਹੈ। ਬੜੀਆਂ ਸਿਫ਼ਤਾਂ ਦੇ ਮਾਲਕ ਹਨ। ਉੱਚ-ਕੋਟੀ ਦਾ ਆਚਰਨ ਹੈ। ਦੁੱਖ ਨੂੰ ਸੁਖ ਤੇ ਸੁਖ ਵਿਚ ਸ਼ੁਕਰ ਕਰਦੇ ਹਨ। ਮਾਰ-ਮਾਰ ਥੱਕ ਗਏ ਹਾਂ, ਪਰ ਇਹ ਵਧੀ ਹੀ ਜਾਂਦੇ ਹਨ।

---

1. ਪੂਛਯੋ ਨਾਦਰ ਨੇ ਖਾਨੁ ਆਇ।
ਹਮ ਕੋ ਲੂਟਨਦਾਰ ਬਤਾਇ।
ਜਿੰਨ ਲੁਟ ਖਾਯੋ ਹਮਰੋ ਰਾਹੁ।
ਮੁਲਕ ਉਸੈ ਕੀ ਉਡਾ ਦਿਯੋਂ ਸਵਾਹਿ। ੩।



Sri Satguru Jagjit Singh Ji eLibrary NamdhariElibrary@gmail.com

ਉਨ੍ਹਾਂ ਨੂੰ ਸਿਰਫ਼ ਇਕ ਮਰਨ ਦਾ ਹੀ ਚਾਅ ਹੈ।[1] 'ਦੀਨ ਮਜ਼ਹਬ ਕੈ ਭਾਇ' ਲੜਦੇ ਹਨ। ਇਹ ਗੱਲਾਂ ਸੁਣ ਕੇ ਨਾਦਰਸ਼ਾਹ ਨੇ ਕਿਹਾ : 'ਯਾਦ ਰੱਖੀਂ ਇਹ ਰਾਜ ਕਰਨਗੇ,

---

1. "ਤਬ ਖ਼ਾਨੂ ਨੇ ਐਸ ਬਖ਼ਾਨੀ।
ਮੁਲਕ ਉਸੈ ਕੋ ਕਾਹਿ ਨਿਸ਼ਾਨੀ।
ਨਾਮ ਸਿੰਘ ਬਨ ਮਜ਼ਬ ਖਾਲਸਾ।
ਛੋਡ ਦੇਤ ਸਭ ਜਗਤ ਲਾਲਸਾ।
ਕਮਰ ਜਾਂਘੀਆ ਇਕ ਸਿਰ ਪਟਕਾ।
ਜੋ ਕੁਛ ਵਸਤ ਉਸੀ ਕੋ ਯਾ ਹੈਂ।
ਪੰਥ ਤਈ ਖੁਸ਼ ਹੋਤ ਛਕੇ ਹੈਂ।
ਕਾਮ ਅਰੰਭਤ ਜਬ ਕੋਊ ਉਹ ਹੈਂ।
ਧੰਨ ਵਾਹਿਗੁਰੂ ਇਹ ਕਹਿ ਲੈ ਹੈਂ।
ਬਾਤ ਬਾਤ ਮੇਂ ਇਹੋ ਅਲੈ ਹੈਂ।
ਜੋ ਗੁਰੂ ਕਰੇ ਸੋਈ ਥੈ ਹੈਂ।
ਦੁਨੀਆ ਦਾਰ ਨ ਇਹ ਫ਼ਕੀਰ।
ਬੇਮੁਹਤਾਜ ਸਭ ਸਾਬਰ ਧੀਰ।
ਪਰ ਤ੍ਰਿਯਾ ਸਮਝਤ ਮਾਤ ਸਮਾਨੇ।
ਚੋਰੀ ਯਾਰੀ ਨਿੰਦ ਨ ਠਾਨੈ।
ਸੌ ਸੌ ਕੋਸ ਭਗਹਿ ਹੀ ਜਹਿ ਹੈਂ।
ਘੋੜਨ ਕੋ ਭੀ ਮਾਸ ਖਲਹਿ ਹੈਂ।
ਰਾਤ ਕਿਤੈ ਦਿਨ ਕਿਤੇ ਬਿਤਹਿ ਹੈਂ।
ਖੜੇ ਸੋਵੈਂ ਔ ਚਲਤੇ ਖਾਂਹਿ।
ਨਹਿ ਬੈਠੇਂ ਵੇ ਕਿਤੇ ਗਿਰਾਇੰ।
ਸਿਫ਼ਤਾਂ: ਨੂਨ ਘਿਰਤ ਕੋ ਸਵਾਦ ਨ ਜਾਨੈਂ।
ਹਮ ਦੂਖ ਦੇਵੈਂ ਵੈ ਸੁਖ ਮਾਨੈਂ।
ਹਾੜ੍ਹ ਨ ਦਿਨ ਭਰ ਪੀਵੈਂ ਪਾਨੀ।
ਸਯਾਲੇ ਰਖੈਂ ਨ ਅਗਨ ਨਿਸ਼ਾਨੀ। ੫।
ਨਹਿ ਖਾਵੈਂ ਵੈ ਪੀਸਯੋ ਨਾਜ।
ਲੜੈਂ ਬਹੁਤ ਵੇ ਕਰ ਕੇ ਭਾਜ।
ਏਕ ਹੋਇ, ਤਾਂ ਸੌ ਸੌ ਲਰੈਂ।
ਮਰਨੇ ਤੇ ਵੈ ਮੂਲ ਨ ਡਰੈਂ। ੬।
ਦੋਹਿਰਾ : ਰਹੈ ਚਾਉ ਉਨ ਮਰਨ ਕੋ ਦੀਨ ਮਜਹਬ ਕੇ ਭਾਇ।
ਹਮ ਮਾਰਤ ਉਨ ਥਕ ਗਏ, ਉਇ ਘਟਤ ਨ ਕਿਤਹੂੰ ਦਾਇ। ੭।

(ਪ੍ਰਾਚੀਨ ਪੰਥ ਪ੍ਰਕਾਸ਼—ਨਾਦਰ ਤੇ ਖਾਨੂ ਦੇ ਸਵਾਲ ਜਵਾਬ)

Sri Satguru Jagjit Singh Ji eLibrary NamdhariElibrary@gmail.com

ਕਿਉਂ ਜੋ ਇਨ੍ਹਾਂ ਕੋਲੋਂ ਬਾਦਸ਼ਾਹੀ ਦੀ ਬੂ ਆਉਂਦੀ ਹੈ।'[1] ਇਹ ਵੀ ਨ ਭੁੱਲੀਂ ਕਿ ਐਸੀ ਕੌਮ ਨੂੰ ਜਿਤਣਾ ਵੀ ਮੁਸ਼ਕਲ ਹੈ ਜਿਸ ਨੂੰ ਅਲਾਹ ਦੀ ਟੇਕ ਹੈ :

*'ਸੋ ਅਬ ਜੀਤੇ ਜਾਵੈਂ ਨਾਹੀ,*
*ਜਿਨ ਕੇ ਸਾਹਿਬ ਆਪ ਪਨਾਹੀਂ।' ੧੨।*

ਜ਼ਕਰੀਆ ਖ਼ਾਨ ਨੇ ਇਸ਼ਾਰਾ ਸਮਝਿਆ ਅਤੇ ਇਕ ਟਕ ਸਿੱਖਾਂ ਨੂੰ ਖ਼ਤਮ ਕਰਨ ਦੇ ਉਪਰਾਲੇ ਕਰਨ ਲੱਗਾ। ਭਰੇ ਦਰਬਾਰ ਜ਼ਕਰੀਆ ਨੇ ਐਸਾ ਐਲਾਨ ਕੀਤਾ :

*'ਸਿਰ ਪਰ ਹੋਵੈਂ ਜਿਸ ਕੇ ਕੇਸ।*
*ਰਹਿਣ ਨ ਦੇਨੋ ਅਪਨੇ ਦੇਸ।'*

**ਅੰਮ੍ਰਿਤਸਰ ਸਰੋਵਰ ਦਾ ਪੂਰਨਾ ਅਤੇ ਸਿੱਖਾਂ ਦੇ ਸਿਰਾਂ ਦਾ ਮੁੱਲ** : ਜ਼ਕਰੀਆ ਖ਼ਾਨ ਨੂੰ ਯਕੀਨ ਹੋ ਗਿਆ ਸੀ ਕਿ ਉਸ ਦੇ ਰਾਜ ਨੂੰ ਜੇ ਕੋਈ ਖ਼ਤਰਾ ਹੈ ਤਾਂ ਉਹ ਸਿੱਖਾਂ ਕੋਲੋਂ ਹੈ। ਨਾਦਰ ਦੇ ਕਹੇ ਹੋਏ ਸ਼ਬਦ ਉਸ ਦੇ ਕੰਨਾਂ ਵਿਚ ਗੂੰਜ ਰਹੇ ਸਨ ਕਿ ''ਇਨ੍ਹਾਂ ਦਾ ਧਿਆਨ ਰੱਖੀਂ, ਇਨ੍ਹਾਂ ਕੋਲੋਂ ਬਾਦਸ਼ਾਹੀ ਦੀ ਬੂ ਆ ਰਹੀ ਹੈ।'' ਉਸ ਨੇ ਸਾਰੀ ਸਰਕਾਰ ਨੂੰ ਹੀ ਸਿੱਖਾਂ ਦੇ ਮੁਕਾਉਣ ਉੱਤੇ ਲਗਾ ਦਿੱਤਾ। ਚੌਧਰੀਆਂ, ਮੁਕੱਦਮਾਂ ਅਤੇ ਫ਼ੌਜਦਾਰਾਂ ਨੂੰ ਖ਼ਾਸ ਸੁਨੇਹੇ ਭੇਜੇ। ਤਲਵੰਡੀ ਦੇ ਰਾਮਾ ਰੰਧਾਵਾ ਅਤੇ ਛੀਨੇ ਦੇ 'ਕਰਮਾ' ਚੌਧਰੀ ਅਤੇ ਸਾਹਿਬ ਰਾਇ ਸੰਧੂ ਨੌਸ਼ਹਿਰਾ ਢਿਲਵਾਂ ਤਾਂ ਮੂਹਰੇ ਲੱਗ ਕੇ ਅੱਤਿਆਚਾਰ ਕਰਨ ਲੱਗੇ। ਅੰਮ੍ਰਿਤ ਸਰੋਵਰ ਨੂੰ ਪੂਰਨ ਦਾ ਫ਼ਰਮਾਨ ਜਾਰੀ ਕੀਤਾ ਅਤੇ ਮੰਡਿਆਲੀ ਦੇ ਚੌਧਰੀ ਮਸਾਲ-ਉਲ-ਦੀਨ (ਮੱਸਾ ਰੰਘੜ) ਨੂੰ ਖੁਲ੍ਹ ਦਿੱਤੀ ਕਿ ਉਹ ਹਰਿਮੰਦਰ ਸਾਹਿਬ ਦੀ ਬੇਅਦਬੀ ਕਰੇ। ਉਸ ਨੇ ਹਰਿਮੰਦਰ ਸਾਹਿਬ ਵਿਚ ਵੇਸਵਾ ਦੇ ਨਾਚ ਕਰਾਉਣੇ ਅਰੰਭ ਕੀਤੇ ਤੇ ਸ਼ਰਾਬਾਂ ਦੇ ਦੌਰ ਚਲਣ ਲੱਗ ਪਏ। ਤਹਿਮਸ ਮਸਕੀਨ ਦਾ ਇਹ ਵੀ ਕਹਿਣਾ ਹੈ ਕਿ ਸਿੱਖਾਂ ਦੇ ਸਿਰਾਂ ਦੇ ਮੁੱਲ ਵਧਾ ਦਿੱਤੇ ਗਏ ਤੇ ਹੁਣ ਅੱਸੀ ਰੁਪਏ ਤਕ ਜਾ ਪੁੱਜੇ। ਜ਼ਕਰੀਆ ਖ਼ਾਨ ਨੇ ਇਹੋ ਜਿਹਾ ਫ਼ਰਮਾਨ ਵੀ ਜਾਰੀ ਕੀਤਾ ਕਿ 'ਜੋ ਕੋਈ ਸਿੱਖ ਕੋਲੋਂ ਘੋੜਾ ਖੋਹੇਗਾ, ਘੋੜਾ ਉਸੇ ਦਾ ਹੋਵੇਗਾ।' ਸਿੱਖ ਨੂੰ ਮਾਰਨਾ ਕਾਨੂੰਨ ਵਿਚ ਸ਼ਾਮਲ ਕਰ ਦਿੱਤਾ।[2] ਪਿੰਡਾਂ ਦੇ ਪਿੰਡ

---

1. ਅਜ਼ੀਂ ਕੌਮ ਬੂਏ ਬਾਦਸ਼ਾਹੀ ਮੇ ਆਇਦ।

ازیں قوم بوئے بادشاہی مے آید

"ਨਾਦਰ ਕਾਦਰ ਸੋਚ ਪੁਨ ਕਹਿਯੋ ਨਵਾਬਹਿ ਐਸਾ।
ਜੇਕਰ ਹੈ ਸ਼ਹਿ ਐਸ ਹੀ, ਭਾਖਤ ਹੌ ਤੁਮ ਜੈਸਾ।
ਤੋ ਇਹ ਮਾਰੇ ਨ ਮਰੈ, ਜੀਤੇ ਇਨ ਕੌਣ।
ਨਾਹਕ ਸਹਤ ਨ ਦੇਸ਼ ਤੁਮ, ਦੁਖ ਦੇਤ ਇਨ ਜੋਨ।
ਮਾਰਤ ਹੋ ਤੁਮ ਆਪ ਹੀ, ਅਪਨੈ ਪੈਰ ਕੁਠਾਰ।
ਕੁਛ ਦਿਨ ਕੋ ਸਿੰਘ ਹੋਇ ਹੈ ਭੂਪਤ ਮੁਲਕ ਮਝਾਰ।" (ਪੰਥ ਪ੍ਰਕਾਸ਼)

2. ਜੋ ਸਿੰਘਨ ਕੋ ਦਸੈ ਗ੍ਰਾਮ। ਤਾਂਕੋ ਦੇਵੈ ਬਹੁਤ ਇਨਾਮ। ੩।
ਸਿੰਘਨ ਖੂਨ ਮਾਫ਼ ਹਮ ਕੀਨੇ। ਜਿਤ ਲਭੈ ਤਿਤ ਮਾਰਹੁ ਚੀਨੈ।
ਲੂਟ ਕੂਟ ਉਸ ਮਾਫ਼ ਹਮ ਕਰੀ। ਹਮਰੀ ਲਿਖਤ ਏ ਜਾਨੋ ਖਰੀ।

Sri Satguru Jagjit Singh Ji eLibrary NamdhariElibrary@gmail.com

ਸਿੱਖ ਵਸਨੀਕਾਂ ਤੋਂ ਖ਼ਾਲੀ ਹੋ ਗਏ।[1] ਸਿੰਘਾਂ ਨੂੰ ਇਕ ਵਾਰੀ ਫੇਰ ਜੰਗਲੀਂ ਪਹਾੜੀਂ ਅਤੇ ਦੂਰ ਦੁਰਾਡੇ ਟਿਕਾਣੇ ਬਣਾਉਣੇ ਪਏ।

**ਭਾਈ ਮਹਿਤਾਬ ਸਿੰਘ ਅਤੇ ਸੁੱਖਾ ਸਿੰਘ ਜੀ ਨੇ ਮੱਸੇ ਰੰਘੜ ਦਾ ਸਿਰ ਵੱਢਣਾ (੬ ਮਈ, ੧੭੪੦)** : ਸਿੱਖਾਂ ਨੇ ਗੁਰਦੁਆਰੇ ਤੋਂ ਹੀ ਗੁਰੂ ਨੂੰ ਲੱਭਿਆ ਸੀ ਤੇ ਗੁਰੂ ਦੀ ਕ੍ਰਿਪਾ ਨਾਲ ਹੀ ਵਾਹਿਗੁਰੂ ਜੀ ਕਾ ਖ਼ਾਲਸਾ ਬਣਿਆ। ਸੋ ਇਹ ਅਵੱਸ਼ ਸੀ ਕਿ ਉਸ ਦਾ ਪਿਆਰ ਗੁਰਦੁਆਰਿਆਂ ਨਾਲ ਗੁਰੂ ਜਿਤਨਾ ਹੀ ਹੋਵੇ। ਗੁਰਦੁਆਰਾ ਜਿਥੇ ਗੁਣਾਂ ਨੂੰ ਸਿੱਖਣ ਲਈ ਪਾਠਸ਼ਾਲਾ ਹੈ ਉਥੇ ਪੰਥਕ ਕਾਰਜ ਲਈ ਇਕ ਕਿਲ੍ਹੇ ਦਾ ਕੰਮ ਵੀ ਦੇਂਦਾ ਹੈ। ਗੁਰਦੁਆਰੇ ਹੀ ਸਿੱਖੀ ਦਾ ਸੋਮਾ ਹਨ। ਹਰਿਮੰਦਰ ਸਾਹਿਬ ਸੋਮਿਆਂ ਦਾ ਸੋਮਾ ਹੈ। ਗੁਰੂ ਸਾਹਿਬਾਨ ਦੇ ਵੇਲਿਆਂ ਤੋਂ ਹੀ ਇਸ ਸੋਮੇ ਨੂੰ ਬੰਦ ਕਰਨ ਦੀਆਂ ਵਿਉਂਤਾਂ ਹੋਣ ਲੱਗੀਆਂ ਸਨ। ਸੁਲਹੀ ਖ਼ਾਨ, ਸੁਲਬੀ ਖ਼ਾਨ, ਬੀਰਬਲ ਤੇ ਫਿਰ ਆਪੂੰ ਜਹਾਂਗੀਰ ਨੇ ਵੀ ਜਤਨ ਕੀਤੇ। ਜ਼ਕਰੀਆ ਖ਼ਾਨ ਨੇ ਇਸ ਸੋਮੇ ਨੂੰ ਹੁਣ ਬੰਦ ਕਰਨ ਦੀ ਧਾਰ ਲਈ। ਜ਼ਕਰੀਆ ਖ਼ਾਨ 'ਸ਼ਹਿਨਸ਼ਾਹ ਖੁਦੀ ਕੋ ਭਾਖਤ' ਵਾਲੀ ਕੌਮ ਨੂੰ ਮਾਰ ਮੁਕਾਉਣਾ ਚਾਹੁੰਦਾ ਸੀ। ਇਸੇ ਲਈ ਉਸ ਨੇ ਕਈ ਪ੍ਰਕਾਰ ਦੇ ਹੁਕਮ ਚਾੜ੍ਹੇ। ਭਾਈ ਰਤਨ ਸਿੰਘ ਜੀ ਭੰਗੂ ਲਿਖਦੇ ਹਨ ਕਿ ਉਨ੍ਹਾਂ ਹੁਕਮਾਂ ਵਿਚ ਇਕ ਇਹ ਸੀ ਕਿ ਦਰਬਾਰ ਸਾਹਿਬ ਪੂਰ ਦਿੱਤਾ ਜਾਏ।

ਸਿੱਖਾਂ ਦੇ ਸਿਰਾਂ ਦਾ ਮੁੱਲ ਵੀ ਵਧਿਆ। ਸਿੱਖਾਂ ਨੂੰ ਭਾਲ-ਭਾਲ ਸ਼ਹੀਦ ਕੀਤਾ ਜਾ ਰਿਹਾ ਸੀ। ਸ਼ਹੀਦ ਸਿੱਖਾਂ ਦੇ ਗੱਡੇ ਭਰ-ਭਰ ਲਾਹੌਰ ਭੇਜੇ ਜਾਂਦੇ। ਮੀਰ ਮਸਾਲ-ਉਲ-ਦੀਨ (ਮੱਸੇ ਰੰਘੜ) ਨੇ ਅਪ੍ਰੈਲ, ੧੭੪੦ ਨੂੰ ਹਰਿਮੰਦਰ ਸਾਹਿਬ ਵਿਚ ਨਾਚੀਆਂ ਦੇ ਨਾਚ ਕਰਾਉਣੇ ਅਰੰਭ ਕਰ ਦਿੱਤੇ। ਇਹ ਦੁਰਦਸ਼ਾ ਸਿੱਖਾਂ ਤੋਂ ਸਹਾਰੀ ਨਾ ਗਈ। ਸਿੰਘਾਂ ਦੇ ਟਿਕਾਣੇ ਦੂਰ ਛੰਭਾਂ ਜਾਂ ਜੈਪੁਰ ਸਨ। ਭਾਈ ਬੁਲਾਕਾ ਸਿੰਘ ਨਾਮ ਦੇ ਇਕ ਸਿੰਘ ਨੇ ਜੈਪੁਰ ਜਾ ਖ਼ਬਰ ਦੇਣ ਦਾ ਉਪਰਾਲਾ ਕੀਤਾ। ਜਥੇਦਾਰ ਬੁੱਢਾ ਸਿੰਘ ਜੀ ਦੇ ਜੱਥੇ ਵਿਚ ਉਹ ਪੁੱਜੇ।

---

1. ਟੋਲ-ਟੋਲ ਸਿਘਨ ਕੋ ਮਾਰੇ। ਜੈਸੇ ਮਾਰੇ ਟੋਲ ਸ਼ਿਕਾਰੇ।
ਘਰ ਤੇ ਕਢੇ ਸੁ ਬਣ ਤਕੈ, ਬਨ ਤਜ ਨੀਰ ਲੁਕਾਇ।
ਜਲ ਮਹਿ ਲੁਕੈ ਤੋ ਕਹਿ ਬਚੈ, ਕਹੋ ਸਿੰਘ ਕਤ ਜਾਹਿ।

ਅਤੇ

ਗ੍ਰਾਮ ਛੋਡ ਜੁ ਉਜਾੜਨ ਰਹੈਂ।
ਗਿਰਦੇ ਗ੍ਰਾਮ ਉਜਾੜਨ ਚਹੈਂ।
ਤਬ ਸਿੰਘਨ ਕੋ ਭਯੋ ਤਰਾਸ।
ਸਿੰਘਨ ਵਤਨੋ ਛੋਡਯੋ ਵਾਸ। ੯।
ਕੋਊਂ ਜੰਗਲ ਦਖਨ ਰੁੱਕੇ।
ਕੋਊ ਪੂਰਬ ਪਹਾੜਨ ਝੁਕੇ।
ਸਿੰਘ ਕੜਾਕੇ ਸਯੋ ਰਹੈਂ ਦੂਏ ਚੌਥੇ ਦਿਨ ਖਾਹਿੰ।
ਬਿਨਾ ਲੂਨ ਭਾਜੀ ਲਭੈ ਤੌ ਖਾਵੈਂ ਬਹੁਤ ਸਲਾਹਿ।

(ਪ੍ਰਾਚੀਨ ਪੰਥ ਪ੍ਰਕਾਸ਼—ਸਾਖੀ ਖਾਨ ਨਵਾਬ ਕੀ ਖਾਲਸੇ ਦਾ ਪੱਤਾ ਪੱਤਾ ਵੈਰੀ)

Sri Satguru Jagjit Singh Ji eLibrary NamdhariElibrary@gmail.com

ਪੰਜਾਬ ਵਲੋਂ ਆਇਆ ਸਿੰਘ ਜਾਣ ਕੇ ਜਥੇ ਦੇ ਇਕ ਉੱਘੇ ਰੁਕਨ ਭਾਈ ਮਹਿਤਾਬ ਸਿੰਘ ਨੇ ਪੰਜਾਬ ਦੀ ਸਥਿਤੀ ਤੇ ਗੁਰਧਾਮਾਂ ਤੇ ਖ਼ਾਸ ਕਰ ਹਰਿਮੰਦਰ ਦਾ ਹਾਲ ਪੁੱਛਿਆ। ਪਹਿਲਾਂ ਤਾਂ ਉਹ ਕੁਝ ਝਿਜਕੇ ਪਰ ਫਿਰ ਬੁਲਾਕਾ ਸਿੰਘ ਨੇ ਜਿਗਰਾ ਕਰ ਕੇ ਸੁਣਾਇਆ ਕਿ :

*'ਕਹਯੋ ਪੂਛ ਨ ਬਾਤ।*
*ਜਿਮ ਤੁਰਕਨ ਨੇ ਕੀਨੇ ਘਾਤ।*
*ਮੁਖੋਂ ਕਹੌਂ ਮੁਖ ਫਟਤਾ ਜਾਵੈ।*
*ਕੰਨੋਂ ਸੁਨੋ ਤੌਂ ਕੰਨ ਦੁਖਾਵੈ।'*

ਪੰਜਾਬ ਵਿਚ ਸਿੱਖਾਂ ਦਾ ਰਹਿਣਾ ਕਠਨ ਹੋ ਗਿਆ। ਅੰਮ੍ਰਿਤਸਰ ਤੇ ਸ੍ਰੀ ਹਰਿਮੰਦਰ ਸਾਹਿਬ ਦੀ ਬੇਅਦਬੀ ਦੀ ਅਤਿ ਹੋ ਗਈ। ਮੱਸਾ ਰੰਘੜ ਨਾਮੀ ਇਕ ਚੌਧਰੀ ਹਰਿਮੰਦਰ ਸਾਹਿਬ ਵਿਖੇ ਨੀਚਤਾ ਭਰੇ ਕਰਮ ਕਰ ਰਿਹਾ ਹੈ :

*"ਕੀਯੋ ਉਪਦ੍ਰਵ ਤੁਰਕ ਬਡ ਅੰਮ੍ਰਿਤਸਰ ਗੁਰਦੁਆਰ।*
*ਹਰਿਮੰਦਰ ਮੈਂ ਕੰਚਨੀ ਰਖੇ ਤੁਰਕਨ ਕੋ ਸਰਦਾਰ। ੧੫।"*[1]

ਇਹ ਸੁਣਦੇ ਸਾਰ ਹੀ ਭਾਈ ਮਹਿਤਾਬ ਸਿੰਘ ਜੀ ਨੇ ਕਿਹਾ ਕਿ ਇਹ ਦੇਖ ਕੇ ਤੂੰ ਜ਼ਿੰਦਾ ਕਿਉਂ ਮੁੜ ਆਇਓਂ, ਉਥੇ ਹੀ ਕਿਉਂ ਨਾ ਪ੍ਰਾਣ ਤਿਆਗ ਦਿੱਤੇ ?[2] ਭਾਈ ਬੁਲਾਕਾ ਸਿੰਘ ਨੇ ਉਲਟੀ ਗੱਲ ਪਲਟਾ ਕੇ ਮਾਰੀ :

*"ਤੁਮ ਮਰਨੇ ਤੇ ਨਠ ਨਹਿ ਆਏ? ਉਨ ਕੋ ਦੇਤ ਉਲਾਂਭਾ ਕਾਹੇ?*
*ਤੁਮ ਭਜ ਤੁਰਕਨ ਪ੍ਰਾਨ ਬਚਏ। ਤੁਮਰੇ ਜੈਸੇ ਸਭ ਉਇ ਭਏ। ੧੯।*
*ਮਰਨੋ ਡਰ ਕੇ ਸਭ ਨਠ ਗਏ। ਊਹਾਂ ਸਿੰਘ ਕੋ ਦ੍ਰਿਸ਼ਟ ਨ ਪਏ।*
*ਊਹਾਂ ਸਿੰਘ ਕੋ ਸੁਨੀਅਤ ਨਾਹੀ। ਕਰਤ ਮਸਖਰੀ ਸਿੰਘਨ ਤਾਈ। ੨੦।"*

ਜ਼ਕਰੀਆ ਬੜੇ ਹੰਕਾਰ ਦੇ ਬੋਲ ਬੋਲਦਾ ਹੈ ਅਤੇ ਕਹਿ ਰਿਹਾ ਹੈ ਕਿ : ਉਹ ਸਿੱਖ ਨਹੀਂ ਰਹੇ ਜੋ ਅਣਖ ਲਈ ਲੜ ਮਰਦੇ ਸਨ। ਇਹ ਸਿੱਖ ਕੇਵਲ ਬਹਿਰੂਪ ਦੇ ਸਿੰਘ ਹਨ। ਤੁਸੀਂ ਤਾਂ ਜਾਨਾਂ ਬਚਾ ਕੇ ਇਥੇ ਤੁਰ ਆਏ ਹੋ, ਪਰ ਪੰਜਾਬ ਵਿਚ ਜਿਤਨੇ ਰਹਿ ਗਏ ਹਨ,

---

1. ਪ੍ਰਾਚੀਨ ਪੰਥ ਪ੍ਰਕਾਸ਼ (ਭਾਈ ਰਤਨ ਸਿੰਘ)
ਗਿਆਨੀ ਗਿਆਨ ਸਿੰਘ ਜੀ ਨੇ ਵਿਸਥਾਰ ਨਾਲ ਲਿਖਿਆ ਹੈ :
"ਮੱਸਾ ਨਾਮ ਰੰਘੜ ਗੁਰੂ ਕੇ ਹਰਿਮੰਦਰ ਮੇਂ,
ਬੈਠ ਸੋ ਪਲੰਘ ਪਰ ਸਭਾ ਨਿਜ ਲਾਇ ਹੈ।
ਦਿਨ ਕੋ ਤੋ ਕਰਾਵੈ ਤਹਾਂ ਕੰਚਨੀ ਕੋ ਨਾਚ ਨਿਤ,
ਸੋਵਤ ਨਿਸਾ ਕੋ ਸੰਗ ਬੇਸਵਾ ਰਖਾਇ ਹੈ।
ਉਡਤ ਸ਼ਰਾਬ ਤੈ ਕਬਾਬ ਸਭਾ ਤੁਰਕਨ ਮੈ
ਪੀਵਤ ਹੁਕੇ ਵਹਿ ਖੁਕੈ ਮਨ ਭਾਇ ਹੈ।"
2. ਬੋਲਯੋ, ਤੁਮ ਹਾਲ ਯਾਹਿ ਦੇਖਨੈ ਸੈ ਜਰਯੋ ਹਾਇ,
ਮਾਰਯੋ ਕਯੋ ਨਸਾਇ, ਆਇ ਜੀਵਤਾ ਤਜਾਇ ਹੈਂ।

ਉਹ ਕੋਈ ਘੱਟ ਨਹੀਂ ਕਰ ਰਹੇ।[1] ਸ਼ਹੀਦੀਆਂ ਪਾ ਰਹੇ ਹਨ। ਅਕਾਲ-ਅਕਾਲ ਬੋਲ ਸੀਸ ਚੜ੍ਹਾ ਰਹੇ ਹਨ ਪਰ ਤੁਹਾਡੇ ਵਰਗੇ ਕਾਇਰ ਨਹੀਂ :

*'ਕਯਾ ਤੈ ਨਠ ਨਹਿ ਪੌਰਖ ਗਵਾਯੋ।'*

ਇਸ ਬੋਲੀ ਨੇ ਭਾਈ ਮਹਿਤਾਬ ਸਿੰਘ ਨੂੰ ਗੋਲੀ ਵਾਂਗ ਵਿੰਨ੍ਹਿਆ। ਗੱਲਾਂ ਨੇ ਬਿੱਛੂ ਵਾਂਗ ਡੱਸਿਆ ਤੇ ਉਥੇ ਹੀ ਕਿਰਪਾਨ ਧੂ ਲਈ ਤੇ 'ਅਕਾਲ-ਅਕਾਲ' ਦੇ ਜੈਕਾਰੇ ਗਜਾਏ।[2] ਜਿਵੇਂ ਮਹਿਤਾਬੀ ਨੂੰ ਅੱਗ ਲਗਾ ਦਿਓ ਤਾਂ ਭੜਕ ਉਠਦੀ ਹੈ ਤਿਵੇਂ ਹੀ ਭਾਈ ਮਹਿਤਾਬ ਸਿੰਘ ਜੀ ਨੂੰ ਸਿੰਘਾਂ ਦੀ ਬੋਲੀ ਨੇ ਭੜਕਾ ਦਿੱਤਾ। ਅਣਖ ਨੂੰ ਵੰਗਾਰ ਪੈ ਜਾਏ ਤਾਂ ਸਿੱਖ ਨਹੀਂ ਟਿਕਦਾ। ਭਾਈ ਸੁੱਖਾ ਸਿੰਘ ਜੀ[3] ਨੇ ਵੀ ਨਾਲ ਜਾਣ ਦਾ ਚਾਅ ਪ੍ਰਗਟ ਕੀਤਾ ਅਤੇ ਕਿਹਾ :

*'ਜੇ ਕਰ ਸੀਸ ਲਗੇ ਗੁਰ ਅਰਥ।*
*ਧੰਨ ਜਨਮ ਧੰਨ ਮਰਣ ਸਮਰਥ।'* (ਪ੍ਰਾਚੀਨ ਪੰਥ ਪ੍ਰਕਾਸ਼)

ਦੋਵੇਂ ਯੋਧੇ ਖ਼ਾਲਸੇ ਦੀ ਅਸ਼ੀਰਵਾਦ ਲੈ ਕੇ ਪੰਜਾਬ ਵਲ ਚੱਲ ਪਏ। ਗਰਮੀ ਕਹਿਰਾਂ ਦੀ ਸੀ। ਭਾਦੋਂ ਦਾ ਹੁੱਸੜ ਸੀ, ਪਰ ਸਿੰਘ ਵਧਦੇ ਹੀ ਗਏ ਤੇ ਰਾਹ ਵਿਚ ਬਹੁਤ ਘੱਟ ਪੜਾਉ ਕੀਤੇ। ਅੰਮ੍ਰਿਤਸਰ ਪੁੱਜ ਕੇ ਉਨ੍ਹਾਂ ਵਿਉਂਤ ਬਣਾਈ ਅਤੇ ਠੀਕਰੀਆਂ ਦੀਆਂ ਦੋ ਥੈਲੀਆਂ ਭਰ ਲਈਆਂ ਤੇ ਮੂੰਹ ਢਕ ਲਏ। ਇੰਜ ਜਾਪਦਾ ਸੀ ਕਿ ਕੋਈ ਟਕੇ ਤਾਰਨ ਆਏ ਹਨ। ਗੁਰੂ ਸੂਰਾ ਉਨ੍ਹਾਂ ਦੀ ਪਿੱਠ ਉੱਤੇ ਸੀ। ਗੁਰੂ ਨੇ ਐਸੀ ਬਿਧ ਬਣਾਈ ਕਿ ਹਨੇਰੀ

---

1. "ਜਾਨ ਤੈ ਬਚਾਇ ਜਿਮ ਦੇਸ ਤਜ ਆਯੋ ਧਾਈ।
ਤੈਸੇ ਹਮ ਤੁਮ ਸਮ ਔਰ ਨ ਰਹਾਏ ਹੈਂ।"
ਉਹ ਸਿੱਖ ਨਹੀਂ ਲੱਭਦੇ :
ਜੰਗ ਜੋ ਮਚਾਵਤੇ ਥੇ, ਲੂਟ ਕੂਟ ਖਾਵਤੇ ਥੇ
ਤੁਰਕਨ ਕੋ ਘਾਵਤੇ ਥੇ, ਨਿਤ ਪ੍ਰਤਿ ਧਾਇ ਕੇ।
ਜਤੀ ਸਤੀ ਹਠੀ ਤਪੀ ਅਗੇ ਹਤੇ ਸਿੰਘ ਜੋਊ,
ਬਸੇ ਸੋਊ ਅਬਿ ਸਭਿ ਗੁਰ ਪਰਿ ਜਾਇ ਕੈ॥ ੨੯॥
ਉਹ ਹੁਣ ਚਲੇ ਗਏ ਜੋ :
ਲੇਵਤੇ ਸ਼ਹੀਦੀ, ਜਮ ਜਾਲਤੇ ਰਸੀਦੀ ਜੋਊ,
ਸਿਰੋਂ ਪਰੋਂ ਰਾਖਤੇ ਥੇ ਡੇਰਾ, ਰਹੇ ਜਾਵਤੇ।
ਅਬ ਹਮ ਤੁਮ ਜੈਸੇ ਰਹੇ ਹੈਂ ਜਗਤ ਮਾਹਿ,
ਕਰਨੀ ਕੇ ਸਜਾਰ, ਨਾਮ ਸਿੰਘ ਹੈਂ ਕਹਾਵਤੇ।
ਸੁਧਾ ਛਕਿ ਕੀਓ ਖਵਾਰੇ, ਆਏ ਤਜ ਗੁਰਦੁਆਰੇ,
ਫਿਰਤ ਲੁਕਤ ਸਾਰੇ ਜਾਨ ਕੋ ਬਚਾਵਤੇ॥ ੩੦॥ (ਪੰਥ ਪ੍ਰਕਾਸ਼—ਉਤ੍ਰਾਰਧ ਬਿਸ੍ਰਾਮ ੩੧)
2. ਯਹ ਸੁਨ ਸਿੰਘ ਜੀ ਚਿਪ ਲੱਗੀ ਜਨ ਕਰ ਬਿਛੂ ਡਾਂਕ।
ਤਨ ਮਨ ਅਚਬੀ ਬਹੁ ਲੱਗੀ ਚਿਤ ਧਾਰਯੋ ਮਨ ਨਿਧਾਂਕ। ੨੩।
3. ਭਾਈ ਸੁੱਖਾ ਸਿੰਘ ਜੀ ਦਾ ਪਿੰਡ ਵੀ ਮਾੜੀ ਕੰਬੋ (ਅੰਮ੍ਰਿਤਸਰ) ਹੀ ਸੀ।

ਚਲ ਪਈ।[1] ਘੋੜੇ ਸਰਪਟ ਦੁੜਾਈ ਉਹ ਪਰਕਰਮਾ ਪੁੱਜੇ। ਅਰਦਾਸ ਕੀਤੀ, 'ਹੇ ਮਾਲਕ, ਸੇਵਕਾਂ ਦੀ ਲਾਜ ਰੱਖਣੀ ਅਤੇ ਬਖ਼ਸ਼ਿਸ਼ ਕਰਨੀ ਕਿ ਮੱਸੇ ਦਾ ਸਿਰ ਕੱਟ ਕੇ ਬਗ਼ੈਰ ਅਟਕਾ ਦੇ ਵਾਪਸ ਪੁੱਜ ਸਕੀਏ' :

*'ਕ੍ਰਿਪਾ ਕਰੋ, ਕੋਈ ਸਤਿਗੁਰੂ! ਬਾਤ ਬਨਾਉ।*
*ਜਾਇ ਮਸੈ ਕੋ ਸਿਰ ਕਟੈਂ, ਨਹਿ ਰਸਤੇ ਹੁਇ ਅਟਕਾਉ।'*

ਫਿਰ ਬੇਅਦਬੀ ਦੀ ਭੁੱਲ ਦੀ ਖਿਮਾ ਮੰਗੀ। ਧੁੱਪ ਤੇ ਧੂੜ ਕਰ ਕੇ ਸਾਰੇ ਸਿਪਾਹੀ ਤੇ ਫ਼ੌਜੀ ਇਕ ਪਾਸੇ ਆਰਾਮ ਕਰ ਰਹੇ ਸਨ। ਬਗ਼ੈਰ ਰੁਕਾਵਟ ਦੋਵੇਂ ਦਰਸ਼ਨੀ ਡਿਉਢੀ ਤਕ ਪੁੱਜ ਗਏ। ਘੋੜਿਆਂ ਨੂੰ ਲਾਚੀ ਬੇਰੀ ਨਾਲ ਬੰਨ੍ਹ ਦਿੱਤਾ ਤੇ ਠੀਕਰੀਆਂ ਨਾਲ ਭਰੀਆਂ ਥੈਲੀਆਂ ਚੁੱਕ ਲਈਆਂ। ਨੇਜ਼ੇ ਦਰਵਾਜ਼ੇ ਨਾਲ ਅਟਕਾ ਦਿੱਤੇ। ਕਿਰਪਾਨਾਂ ਕੋਲ ਹੀ ਰੱਖੀਆਂ। ਬਗ਼ੈਰ ਝਿਜਕ ਦੇ ਹੀ ਹਰਿਮੰਦਰ ਸਾਹਿਬ ਪੁੱਜ ਗਏ। ਭਾਈ ਮਹਿਤਾਬ ਸਿੰਘ ਤੇ ਸੁੱਖਾ ਸਿੰਘ ਨੇ ਡਿੱਠਾ ਕਿ ਨਾਚੀਆਂ ਨਾਚ ਕਰ ਰਹੀਆਂ ਹਨ ਤੇ ਮੱਸਾ ਹੁੱਕਾ ਪੀ ਰਿਹਾ ਹੈ।[2] ਸਿੰਘਾਂ ਲਈ ਜਰਨਾ ਕਠਨ ਸੀ, ਪਰ ਨੀਤੀ ਵਸ ਚੁੱਪ ਰਹੇ ਤੇ ਅੱਗੇ ਵਧੇ। ਸਾਰੀ ਮਜਲਸ ਉਸੇ ਤਰ੍ਹਾਂ ਆਪਣੀ ਐਸ਼ ਇਸ਼ਰਤ ਵਿਚ ਜੁਟੀ ਰਹੀ। ਮਜਲਸ ਅਤੇ ਕਰਮਚਾਰੀ ਦਰਬਾਰੀਆਂ ਨੇ ਇਹ ਸਮਝਿਆ ਕਿ ਕੋਈ ਚੌਧਰੀ ਕਰ ਤਾਰਨ ਆਏ ਹਨ। ਸਿੰਘਾਂ ਨੇ ਅੱਗੇ ਹੋ ਕੇ ਜ਼ੋਰ ਨਾਲ ਥੈਲੀਆਂ ਸੁੱਟ ਦਿੱਤੀਆਂ ਤਾਂ ਮੱਸੇ ਨੇ ਝੁਕ ਕੇ ਦੇਖਿਆ। ਉਸ ਦੇ ਸਿਰ ਝੁਕਾਣ ਦੀ ਢਿੱਲ ਸੀ ਕਿ ਭਾਈ ਮਹਿਤਾਬ ਸਿੰਘ ਨੇ ਤਲਵਾਰ ਖਿੱਚ ਕੇ ਮੱਸੇ ਦਾ ਸਿਰ ਉਤਾਰ ਲਿਆ। ਇਕੋ ਝਟਕੇ ਨਾਲ ਇਵੇਂ ਸਿਰ ਉਤਾਰ ਲਿਆ, ਜਿਵੇਂ ਘੁਮਿਆਰ ਚਕ ਉੱਤੋਂ ਭਾਂਡਾ ਉਤਾਰਦਾ ਹੈ[3] ਜਾਂ ਵੇਲ ਨਾਲੋਂ ਖਿੱਚ ਕਦੂ ਉਤਾਰਿਆ ਜਾਂਦਾ ਹੈ।[4] ਸਿਰ ਚੁੱਕ ਉਹ ਬਾਹਰ ਆ ਗਏ। ਡਿਉਢੀ 'ਤੇ ਆ ਕੇ ਸਿਰ ਨੇਜ਼ੇ ਉੱਤੇ ਟੰਗ ਲਿਆ। ਫ਼ੌਜਾਂ ਦੇ ਤਿਆਰ ਹੋਣ ਵੇਲੇ ਤਕ ਕਾਫ਼ੀ ਦੂਰ ਤਕ ਨਿਕਲ ਗਏ। ਵਾਟ ਕਰਦੇ ਉਹ ਬੀਕਾਨੇਰ ਪੁੱਜੇ ਤੇ ਸਿਰ ਸੰਗਤਾਂ ਤੇ

---

1. ਸੋਊ ਸਤਿਗੁਰੂ ਬਿਧ ਬਨਾਈ।
ਸਿੱਖਰ ਦੁਪਹਿਰੀ ਮੈ ਬਣ ਆਈ।
ਵਗੀ ਪਵਨ ਬਹੁ ਘਟਾ ਉਡਾਨਾ।
ਇਮਕਰ ਕੀਨੋ ਮੁਖ ਛਿਪਾਨਾ। ੩੦।
2. ਜਾਇ ਹਰਿਮੰਦਰ ਕੇ ਅੰਦਰ ਨਿਹਾਰਯੋ ਤਿਨੈ,
ਕੰਚਨੀ ਨਾਚਤ ਰਾਗ ਸਾਰੰਗ ਉਚਾਰ ਕੈ।
ਮੁਗ਼ਲਯੋਂ ਕੀ ਮਜਲਸ ਨਾਚਤੀ ਥੀ ਨਿਹਾਰ ਰਹੀ
ਮਸਾ ਹੁਕਾ ਪੀਏ ਬੈਠਾ ਮੰਚ ਪੈ ਸੁਧਾਰ ਕੈ।"
3. "ਝੁਕ ਕਰ ਝਾਤ ਜਬ ਮਸੇ ਪਾਈ
ਥੈਲੀ ਦਿਸ ਤਬਹੀ ਮਤਾਬ ਸਿੰਘ ਵਖਤ ਵਿਚਾਰਯੋ।
ਖੈਂਚ ਤਲਵਾਰ ਮਾਰ ਮਸੇ ਕਾ ਉਤਾਰ ਸਿਰ ਡਾਰਯੋ।
ਘੁਮਯਾਰ ਜਿਮ ਬਧਨਾ ਉਤਾਰਯੋ।
4. ਮਸੇ ਕੋ ਇਮ ਸੀਸ ਉਤਾਰਯੋ।
ਜਨ ਕਰ ਬੇਲੋਂ ਕਦੂਆ ਟਾਰਯੋ। ੩੯। (ਪ੍ਰਾਚੀਨ ਪੰਥ ਪ੍ਰਕਾਸ਼)

ਜਥੇਦਾਰ ਦੇ ਸਾਹਮਣੇ ਜਾ ਰੱਖਿਆ। ਸਿੰਘਾਂ ਨੇ ਜੈਕਾਰੇ ਗਜਾਏ :

*"ਸਿੰਘ ਗਏ ਬੀਕਾਨੇਰ ਹੇਰ ਪੰਥ ਥੀਓ ਖ਼ੁਸ਼ੀ,*
*ਬਿਨਾਂ ਦੇਰ ਸਿੰਘਨ ਗਜਾਈ ਫਤੇ ਜਾਇ ਹੈ।*
*ਸਭ ਕੋ ਮਝਾਰੀ ਬੁੱਢਾ ਸਿੰਘ ਕੇ ਆਗਾਰੀ,*
*ਸਿਰ ਦੀਓ ਧਰ ਮੱਸੇ ਕਾ ਨਿਹਾਰ ਮੋਦ ਥਾਏ ਹੈ।"*

ਭਾਈ ਮਹਿਤਾਬ ਸਿੰਘ ਤੇ ਸੁੱਖਾ ਸਿੰਘ ਨੇ ਇਹ ਕਾਰਨਾਮਾ ਕਰ ਕੇ ਸਿੰਘਾਂ ਵਿਚ ਨਵੀਂ ਜਾਗ੍ਰਤ ਭਰ ਦਿੱਤੀ ਤੇ ਦੋਖੀਆਂ ਨੂੰ ਘਬਰਾਹਟ ਵਿਚ ਪਾ ਦਿੱਤਾ।

**ਭਾਈ ਮਹਿਤਾਬ ਸਿੰਘ ਜੀ ਮੀਰਾਂ ਕੋਟੀਆ :** ਇਹ ਠੀਕ ਰਹੇਗਾ ਕਿ ਦੋਵੇਂ ਸੂਰਮਿਆਂ ਭਾਈ ਮਹਿਤਾਬ ਸਿੰਘ ਤੇ ਸੁੱਖਾ ਸਿੰਘ ਜੀ ਦਾ ਸੰਖੇਪ ਜਿਹਾ ਹਾਲ ਲਿਖ ਦਿੱਤਾ ਜਾਏ। ਭਾਈ ਮਹਿਤਾਬ ਸਿੰਘ ਦੇ ਪੋਤਰੇ ਹੀ ਭਾਈ ਰਤਨ ਸਿੰਘ ਜੀ ਭੰਗੂ ਸਨ। ਮੀਰਾਂ ਕੋਟ, ਸ੍ਰੀ ਅੰਮ੍ਰਿਤਸਰ ਤੋਂ ਤਿੰਨ ਕੋਹ ਦੂਰ ਪਿੰਡ ਹੈ। ਭਾਈ ਸਾਹਿਬ ਬੜੇ ਬਹਾਦਰ ਤੇ ਦ੍ਰਿੜ੍ਹ ਇਰਾਦੇ ਦੇ ਮਾਲਕ ਸਨ। ਜਦ ਮੱਸੇ ਦੇ ਟੱਬਰ ਨੇ ਲਾਹੌਰ ਜਾ ਪੁਕਾਰ ਕੀਤੀ ਤਾਂ ਨੂਰ ਦੀਨ ਸਰਾਂ ਦੇ ਫ਼ੌਜਦਾਰ ਨੂੰ ਹੁਕਮ ਹੋਇਆ ਕਿ ਮਹਿਤਾਬ ਸਿੰਘ ਨੂੰ ਹਾਜ਼ਰ ਕਰੋ। ਪਿੰਡ ਦੇ ਸਰਪੰਚ ਨੱਥਾ ਖਹਿਰਾ ਨੂੰ ਪਕੜ ਮੰਗਵਾਇਆ। ਉਸ ਕਿਹਾ ਕਿ ਮਹਿਤਾਬ ਸਿੰਘ ਤਾਂ ਪਿੰਡ ਛੱਡ ਗਏ ਹਨ, ਕਦੇ ਆਏ ਨਹੀਂ। ਮਹਿਤਾਬ ਸਿੰਘ ਜੀ ਜੈਪੁਰ ਚਲੇ ਗਏ ਸਨ, ਇਹ ਸਭ ਜਾਣਦੇ ਸਨ। ਉਨ੍ਹਾਂ ਦੇ ਪੁੱਤਰ ਨੂੰ ਪਕੜਨ ਦਾ ਹੁਕਮ ਹੋਇਆ। ਪੰਚ ਨੱਥਾ ਖਹਿਰਾ ਨੇ ਕਿਹਾ ਕਿ ਹਾਜ਼ਰ ਤਾਂ ਕਰ ਦੇਂਦਾ ਹਾਂ ਪਰ ਵਾਇਦਾ ਕਰੋ ਕਿ ਕੁਝ ਨਹੀਂ ਆਖੋਗੇ। ਵਾਇਦਾ ਲੈ ਕੇ ਜਦ ਨੱਥਾ ਪਿੰਡ ਆਇਆ ਤਾਂ ਬੱਚੇ ਨੂੰ ਦੇਖ ਕੇ ਚਿੱਤ ਆਈ ਕਿ ਉਹ ਜ਼ਾਲਮ ਤਾਂ ਮਾਸੂਮ ਨੂੰ ਮਾਰ ਦੇਣਗੇ। ਪੰਚ ਦਾ ਇਹ ਫ਼ਰਜ਼ ਨਹੀਂ ਕਿ ਅਜਾਈਂ ਕਿਸੇ ਦੀ ਜਾਨ ਜਾਣ ਦੇਵੇ। ਬਾਲਕ ਨੂੰ ਕੰਧੇ ਚੁੱਕ ਕੇ, ਕੰਧ ਟੱਪੀ ਤੇ ਪੰਜਾਂ ਹੋਰਾਂ ਨਾਲ ਕਾਮੋਦੀ ਦੇ ਰਾਹ ਨਿਕਲ ਗਿਆ। ਉਨ੍ਹਾਂ ਪੰਜਾਂ ਵਿਚ ਇਕ ਨੱਥਾ ਦਾ ਆਪਣਾ ਪੁੱਤਰ, ਭਾਣਜਾ, ਇਕ ਕੰਮੀ ਤੇ ਇਕ ਪਹਿਰੇਦਾਰ ਸੀ। ਨਿਰੰਜਨੀਏ ਹਰਿਭਗਤ ਨੂੰ ਸੂਹ ਮਿਲ ਗਈ। ਉਸ ਫ਼ੌਜ ਚੜ੍ਹਾ ਆਂਦੀ। ਨੱਥਾ ਨੇ ਸਾਥੀਆਂ ਨੂੰ ਕਿਹਾ ਕਿ ਤੁਸੀਂ ਰਾਇ ਸਿੰਘ ਨੂੰ ਲੈ ਜਾਓ, ਮੈਂ ਫ਼ੌਜ ਨਾਲ ਮੱਥਾ ਲਾਉਂਦਾ ਹਾਂ। ਐਸੇ ਜੂਝੇ ਕਿ ਸਭ ਫ਼ੌਜੀ ਨੱਸ ਗਏ। ਨੱਥਾ ਵੱਡਾ ਤੀਰ-ਅੰਦਾਜ਼ ਸੀ। ਉਸ ਦਾ ਤੀਰ ਚਾਰ ਕੋਹ ਮਾਰ ਕਰਦਾ ਸੀ। ਹੋਰ ਫ਼ੌਜ ਆਈ। ਘਿਰੇ ਹੋਏ ਨੱਥੇ ਦੀ ਕਮਾਨ ਵੀ ਟੁੱਟ ਗਈ। ਤਲਵਾਰ ਲੈ ਲੜਿਆ। ਚਲਦੀਆਂ ਬੰਦੂਕਾਂ ਵਿਚ ਰਾਇ ਸਿੰਘ ਫੁਰਤੀ ਨਾਲ ਬਚ ਜਾਂਦਾ। ਰਾਇ ਸਿੰਘ ਤੇ ਵਾਰ ਕੀਤਾ ਪਰ ਜ਼ਰਾ ਕੁ ਬਚਾਵਾਂ ਲੱਗਾ ਸੀ। ਫ਼ੌਜੀਆਂ ਜਾਣਿਆ ਮਰ ਗਿਆ ਹੈ। ਮੁਰਦਾ ਸਮਝ ਛੱਡ ਗਏ। ਇਕ ਕੰਬੋ ਬੀਬੀ ਨੇ ਦੇਖਿਆ ਤੇ ਟੋਕਰੀ ਪਾ ਕੇ ਲੈ ਗਈ। ਜਰਾਹ ਕੋਲੋਂ ਜ਼ਖ਼ਮ ਸਿਲਵਾਏ ਤੇ ਉਹ ਬਚ ਗਏ। ਭਾਈ ਰਾਇ ਸਿੰਘ ਕਰੋੜ ਸਿੰਘੀਆ ਮਿਸਲ ਵਿਚ ਸ਼ਾਮਲ ਹੋ ਗਏ।

ਰਾਇ ਸਿੰਘ ਦੀ ਕਰਨੀ ਤੇ ਜਥੇਦਾਰ ਸ਼ਾਮ ਸਿੰਘ ਐਸੇ ਪ੍ਰਸੰਨ ਹੋਏ ਕਿ ਉਨ੍ਹਾਂ ਆਪਣੀ ਬੇਟੀ ਦਾ ਰਿਸ਼ਤਾ ਵੀ ਇਨ੍ਹਾਂ ਨਾਲ ਕਰ ਦਿੱਤਾ। ਸਰਹੰਦ ਦੀ ਵੰਡ (੧੭੬੪) ਵੇਲੇ ਰਾਇ ਸਿੰਘ ਨੇ ਸਮਰਾਲਾ ਦੇ ਇਲਾਕੇ ਕਈ ਪਿੰਡਾਂ ਤੇ ਕਬਜ਼ਾ ਕਰ ਲਿਆ। ਅਜੇ ਵੀ ਇਨ੍ਹਾਂ ਦੀ

ਸੰਤਾਨ ਭੜੀ ਤੇ ਕੋਟ ਬਾਦਲਾ ਵਿਚ ਰਹਿੰਦੀ ਹੈ।

ਭਾਈ ਰਤਨ ਸਿੰਘ ਜੀ ਭੰਗੂ ਰਾਇ ਸਿੰਘ ਦੇ ਹੀ ਪੁੱਤਰ ਸਨ, ਜਿਨ੍ਹਾਂ ਪ੍ਰਾਚੀਨ ਪੰਥ ਪ੍ਰਕਾਸ਼ ਵਰਗੀ ਕੀਮਤੀ ਇਤਿਹਾਸਕ ਪੁਸਤਕ ਲਿਖੀ।

ਉਧਰ ਮਹਿਤਾਬ ਸਿੰਘ ਸਿੱਖ ਫ਼ੌਜਾਂ ਨਾਲ ਰਲ ਕੇ ਸੂਰਮਗਤੀ ਦੇ ਕਾਰਨਾਮੇ ਕਰਦੇ ਰਹੇ, ਪਰ ਭਾਈ ਤਾਰੂ ਸਿੰਘ ਜੀ ਦੀ ਸ਼ਹਾਦਤ ਸਮੇਂ ਮਨ ਬਣਾ ਲਿਆ ਕਿ ਸ਼ਹੀਦੀ ਪਾਉਣੀ ਹੈ। ਆਪੂੰ ਸ਼ਹਾਦਤ ਲਈ। ਬਾਂਹ 'ਤੇ ਬਾਂਹ ਰੱਖ ਕੇ ਵਿਚ ਕਿੱਲੇ ਗੱਡ ਦਿੱਤੇ ਗਏ। ਪਿਛੋਂ ਚਰਖੜੀ ਚਾੜ੍ਹ ਸ਼ਹੀਦ ਕੀਤੇ ਗਏ। ਜਦ ਆਖ਼ਰੀ ਮੰਗ ਮੰਗਣ ਲਈ ਕਿਹਾ ਤਾਂ ਫ਼ਰਮਾਇਆ :

'ਭਾਈ ਤਾਰੂ ਸਿੰਘ ਜੀ ਦੇ ਦਰਸ਼ਨ ਕਰਾ ਕੇ ਬੇਸ਼ੱਕ ਚਰਖੜੀ ਚਾੜ੍ਹ ਸ਼ਹੀਦ ਕਰ ਦਿਓ।' ਕਿਉਂਕਿ ਸ਼ਹੀਦੀ ਲੈਣ ਲਈ ਤਿਆਰੇ ਕੱਸਣ ਵੇਲੇ ਇਹ ਹੀ ਪ੍ਰਣ ਕੀਤਾ ਸੀ :

*ਹਮਰੋ ਉਸ ਕੋ (ਤਾਰੂ ਸਿੰਘ ਜੀ) ਹੁਤੋ ਸਨੇਹ।*
*ਉਸ ਹੀ ਸੰਗ ਮਿਲ ਤਜੀਏ ਦੇਹ। ੧੬।*

**ਭਾਈ ਸੁੱਖਾ ਸਿੰਘ ਜੀ ਮਾੜੀ ਕੰਬੋ** : ਆਪ ਜੀ ਦੇ ਵੱਡਕੇ ਤਰਖਾਣਾ ਕੰਮ ਕਰਦੇ ਸਨ। ਪਿੰਡ ਮਾੜੀ ਕੰਬੋ ਸੀ। ਬਾਰਾਂ ਵਰ੍ਹੇ ਦੇ ਸਨ ਕਿ ਅੰਮ੍ਰਿਤ ਛਕ ਲਿਆ। ਜਿਥੇ ਵੀ ਸੰਗਤ ਜੁੜਦੀ ਉਚੇਚਾ ਪੁੱਜਦੇ। ਕਿਸੇ ਸਿੰਘ ਦਾ ਪਿੰਡ ਆਉਣਾ ਸੁਣਦੇ ਤਾਂ ਰੱਜ ਕੇ ਟਹਿਲ ਕਰਦੇ। ਮੁਗ਼ਲਾਂ ਨੂੰ ਪਤਾ ਲੱਗਾ ਤਾਂ ਘਰ ਤੇ ਛਾਪਾ ਮਾਰਿਆ। ਉਹ ਬਾਹਰ ਗਏ ਹੋਏ ਸਨ। ਤਾੜਨਾ ਕਰ ਕੇ ਸਿਪਾਹੀ ਤਾਂ ਚਲੇ ਗਏ, ਪਰ ਮਾਤਾ ਪਿਤਾ ਫ਼ਿਕਰਮੰਦ ਹੋਏ। ਉਨ੍ਹਾਂ ਬੜਾ ਸਮਝਾਇਆ : ਸਾਨੂੰ ਸਿੰਘਾਂ ਨਾਲ ਕੀ ? ਅਸੀਂ ਕਿਰਤੀ, ਸਾਨੂੰ ਪਾਤਸ਼ਾਹੀਆਂ ਨਾਲ ਕੀ ? ਦਿਹਾੜੀ ਮਿਲ ਜਾਏ ਤਾਂ ਬੜੀ ਗੱਲ ਹੁੰਦੀ ਹੈ। ਘਰ ਲਿਆ ਕੇ ਰਾਤੀਂ ਕੁਝ ਪਿਆਲ ਕੇ ਬੇਹੋਸ਼ੀ ਵਿਚ ਕੇਸ ਕਤਲ ਕਰਵਾ ਦਿੱਤੇ। ਜਦ ਸੁੱਖਾ ਸਿੰਘ ਦੀ ਹੋਸ਼ ਪਰਤੀ ਤਾਂ ਬਾਪ ਨੂੰ ਮਾਰਨ ਲਈ ਦੌੜੇ ਪਰ ਫਿਰ ਖੂਹ ਵਿਚ ਛਾਲ ਮਾਰ ਦਿੱਤੀ। ਭਰਾ ਨੇ ਕੱਢਿਆ ਤੇ ਸਾਰਿਆਂ ਨੇ ਪਿਤਾ ਦੀ ਲਾਹ ਪਾਹ ਕੀਤੀ। ਇਕ ਸਿੱਖ ਨੇ ਜਦ ਇਹ ਦਸ਼ਾ ਦੇਖੀ ਤਾਂ ਸੁੱਖਾ ਸਿੰਘ ਜੀ ਨੂੰ ਕਿਹਾ ਕਿ ਜੇ ਮਰਨਾ ਮਿਥ ਹੀ ਲਿਆ ਤਾਂ ਸ਼ਹੀਦੀ ਪਾ। ਵਿਅਰਥ ਕਿਉਂ ਜਾਨ ਗਵਾਂਦਾ ਹੈਂ :

*'ਮਰਨਾ ਹੈ ਮਰ ਤੁਰਕਨ ਸਿਰ ਚਰ।*
*ਔਰ ਮੌਤ ਕਯੋਂ ਮਰੇ ਵਯਰਥ ਕਰ।'*

ਬੜੀ ਦ੍ਰਿੜ੍ਹਤਾ ਆਈ। ਪੈਂਚ ਦੀ ਘੋੜੀ ਲੈ ਕੇ ਜਥੇਦਾਰ ਸ਼ਾਮ ਸਿੰਘ ਦੇ ਜਥੇ ਆ ਰਲੇ। ਉਨ੍ਹਾਂ ਕੋਲੋਂ ਫਿਰ ਅੰਮ੍ਰਿਤ ਛਕਿਆ। ਜਥੇਦਾਰ ਨੇ ਪਿਆਰ ਪੁੱਤਰਾਂ ਵਾਲਾ ਦਿੱਤਾ।

ਪਹਿਲਾਂ ਖ਼ਿਆਲ ਆਇਆ ਕਿ ਪੈਂਚ ਨੂੰ ਘੋੜੀ ਦਾ ਮੁੱਲ ਜ਼ਰੂਰ ਤਾਰਨਾ ਚਾਹੀਦਾ ਹੈ। ਲਾਹੌਰ ਜੌਹਰੀ ਬਾਜ਼ਾਰ ਵਿਚ ਜਿਥੇ ਤੁਰਕ ਮੋਹਰਾਂ ਦੀਆਂ ਥੈਲੀਆਂ ਲੈ ਘੁੰਮ ਰਹੇ ਸਨ, ਥੈਲੀ ਉੜਾਈ ਅਤੇ ਘੋੜੀ ਦੀ ਕੀਮਤ ਪਿੰਡ ਭੇਜੀ। ਜੋ ਬਾਕੀ ਰੁਪਏ ਬਚੇ ਉਹ ਲੰਗਰ ਪਾ ਦਿੱਤੇ। ਇਤਨਾ ਉਤਸ਼ਾਹ ਸੀ, ਜੋ ਅੜਦਾ ਉਸ ਨੂੰ ਮਾਰ ਮੁਕਾਂਦੇ :

---

1. ਪ੍ਰਾਚੀਨ ਪੰਥ ਪ੍ਰਕਾਸ਼।

*"ਉਹ ਮਾਰ ਹਟਾਵੈ ਜੋ ਗੈਲੇ ਪਾਹਿ।"*

ਸਾਰੇ ਸ਼ਸਤਰ ਚਲਾਉਣੇ ਆਉਂਦੇ ਸਨ। ਸ਼ੇਰ ਵਾਂਗੂੰ ਝਪਟਦੇ ਤੇ ਫਿਰ ਜਥੇ ਨਾਲ ਰਲ ਵੀ ਜਾਂਦੇ। ਨਿਸ਼ਾਨਚੀ ਵੀ ਕਮਾਲ ਦੇ ਸਨ। ਘੋੜੇ ਤੇ ਚੜ੍ਹੇ ਹੀ ਤੀਰ, ਬੰਦੂਕ ਦਾ ਵਾਰ ਕਰ ਸਕਦੇ ਸਨ। ਸੇਵਾ ਵੀ ਅਟੁੱਟ ਕਰਦੇ। ਲੰਗਰ ਵਿਚ ਲੱਕੜਾਂ ਕੱਟ ਕੇ ਲਿਆਂਦੇ। ਪਿਆਸਿਆਂ ਨੂੰ ਜਲ ਮਸ਼ਕ ਰਾਹੀਂ ਪਿਲਾਂਦੇ। ਕਿਸੇ ਨੂੰ ਭੁੱਖਾ ਵੇਖਦੇ ਤਾਂ ਪੁੱਜ ਕੇ ਰੋਟੀ ਖੁਆਲਦੇ। ਥੱਕਿਆਂ ਦੀ ਮੁੱਠੀ-ਚਾਪੀ ਕਰਦੇ। ਆਪ ਗੜਵੇ ਵਿਚ ਪਾਣੀ ਰੱਖ ਦਾਤਨ ਕਰਾਂਦੇ। ਇਸ਼ਨਾਨ ਕਰਾਂਦੇ। ਕੀਰਤਨ ਵੀ ਆਪ ਕਰਦੇ। ਕਿਸੇ ਕਮਰ-ਕਸਾ ਘੱਟ ਹੀ ਖੁਲ੍ਹਿਆ ਦੇਖਿਆ ਸੀ। ਬੜੀ ਚੜ੍ਹਤ ਸੀ ਭਾਈ ਸੁੱਖਾ ਸਿੰਘ ਜੀ ਦੀ। ਘਰ ਲੜਕੀ ਹੋਈ ਪਰ ਦੇਵਨੇਤ ਜੰਮਦਿਆਂ ਹੀ ਮਰ ਗਈ। ਪੰਥ ਨੇ ਬੜਾ ਰੋਸ ਮਨਾਇਆ ਤੇ ਛੇਕ ਦਿੱਤਾ। ਉਨ੍ਹਾਂ ਬੜਾ ਕਿਹਾ ਕਿ ਉਹ ਤਾਂ ਜਥੇ ਵਿਚ ਸਨ, ਪਰ ਕਿਸੇ ਸੁਣੀ ਨਾ। ਇਹਨਾਂ ਨੇ ਮੁਗ਼ਲਾਂ ਦੇ ਟਾਕਰੇ ਇਕ ਵਾਰੀ ਇਕੱਲਿਆਂ ਹੀ ਇਕ ਗ੍ਰਾਂਡੀਲ ਮੁਗ਼ਲ ਜਰਨੈਲ ਉਤੇ, ਜਿਸ ਨੇ ਸੰਜੋਅ ਨਾਲ ਆਪਣੇ ਆਪ ਨੂੰ ਢਕਿਆ ਹੋਇਆ ਸੀ, ਐਸਾ ਵਾਰ ਕੀਤਾ ਕਿ ਥਾਂ ਹੀ ਚਿੱਤ ਹੋ ਗਿਆ। ਪੰਥ ਨੇ ਸਿਰੋਪਾ ਬਖ਼ਸ਼ਿਆ ਪਰ ਕਹਿਣ ਲੱਗੇ ਕਿ ਵੱਡੀ ਮਿਹਰ ਇਹ ਹੈ ਕਿ ਜੋ ਦੋਸ਼ ਕੁੜੀ ਮਾਰ ਦਾ ਲੱਗਾ ਹੈ, ਇਸ ਨੂੰ ਹਟਾਓ। ਪੰਥ ਨੇ ਬਖਸ਼ਿਆ ਤੇ ਘੋੜੇ ਵੀ ਦਿੱਤੇ। ਨੂਰ ਦੀਨ ਦੀ ਸਰਾਂ, ਸੰਘਰ ਕੋਟ, ਮਜੀਠਾ ਤੇ ਕਬਜ਼ੇ ਕੀਤੇ। ਕਰਮੇ ਛੀਨੇ ਨੂੰ ਸਜ਼ਾ ਵੀ ਇਨ੍ਹਾਂ ਹੀ ਦਿੱਤੀ। ਅੰਮ੍ਰਿਤਸਰ ਇਹ ਉਸ ਸਮੇਂ ਦਿਨ ਦਿਹਾੜੇ, ਸਾਰਿਆਂ ਸਾਹਮਣੇ ਇਸ਼ਨਾਨ ਕਰਨ ਗਏ, ਜਦ ਕਾਜ਼ੀ ਦੇ ਕਹਿਣ ਤੇ ਕਿ ਇਹ ਸਾਰਾ ਪ੍ਰਤਾਪ ਸ੍ਰੀ ਅੰਮ੍ਰਿਤਸਰ ਦਾ ਹੈ, ਪਹਿਰੇ ਲਗਵਾ ਦਿੱਤੇ ਸਨ। ਮੁਗ਼ਲ ਬੰਦੂਕਚੀ ਉੱਚੀਆਂ ਮਮਟੀਆਂ ਤੇ ਬਿਠਲਾ ਦਿੱਤੇ। ਆਪ ਜੀ ਨੇ ਫ਼ੌਜਦਾਰ ਨੂੰ ਲਿਖਿਆ ਕਿ :

*ਰਾਤ ਨ੍ਹਾਉਂ ਤਬ ਚੋਰ।*
*ਨ੍ਹਾਵੋਂਗੇ ਮੈ ਦਿਨ ਬਿਖੈ।*
*ਸ੍ਰੀ ਅੰਮ੍ਰਿਤਸਰ ਕੇ ਜ਼ੋਰ।*

ਸਰਾਂ ਪਾਸਿਉਂ ਦੁਪਹਿਰ ਪਿੱਛੋਂ ਸ੍ਰੀ ਅੰਮ੍ਰਿਤਸਰ ਆਏ। ਇਸ਼ਨਾਨ ਕੀਤਾ। ਘੋੜੇ ਨੂੰ ਵੀ ਟੁਭਕੀ ਲਵਾਈ। ਫਿਰ ਤੇਗ ਕੱਢ ਕੇ ਲਲਕਾਰਿਆ :

*ਆਵੋ ਕੋ ਸਨਮੁਖ ਹਮ ਪਾਹੀ।*
*ਨਹੀਂ ਤੋ ਭਜੋ ਛਡ ਹਮਰੋ ਰਾਹੀ।*

ਬੱਸ ਐਸਾ ਸੁਣਨਾ ਸੀ ਕਿ ਸਾਰੇ ਭੱਜ ਗਏ। ਮਾੜੀ ਪਿੰਡ 'ਤੇ ਹੱਲਾ ਬੋਲਿਆ, ਪਰ ਇਕ ਸਿੱਖ ਵੀ ਅੜ ਜਾਏ ਤਾਂ ਫ਼ੌਜ ਭੱਜ ਜਾਂਦੀ ਸੀ। ਸਿੰਘਾਂ ਦਾ ਨਾਅਰਾ ਇਹ ਹੁੰਦਾ ਸੀ :

*ਪੀਛੈ ਫਿਰੈ ਜੁ ਗੀਦੀ ਕਹਾਵੈ।*
*ਆਗੈ ਮਰੈ ਪਤਿਸਾਹੀ ਪਾਵੈ।*

ਇਕ ਸਿੱਖ ਨੇ ਅੱਗੇ ਵਧ ਫ਼ੌਜਦਾਰ ਦਾ ਸਿਰ ਹੀ ਉਤਾਰ ਆਂਦਾ। ਦੋ ਮਰਦੇ ਸੌ ਸਿੰਘ ਸਜ ਆ ਜਾਂਦੇ :

*'ਹੁਤੋ ਖਾਲਸੋ ਸੁੰਮੋਵਾਨੀ।'*

ਇਹ ਨਿਰਾਲਾ ਸੋਮਾ ਹੈ, ਜੋ ਸੁੱਕਦਾ ਹੀ ਨਹੀਂ।

ਭਾਈ ਸੁੱਖਾ ਸਿੰਘ ਜੀ ਜੂਝਦੇ ਹੀ, ਸੰਨ ੧੭੫੧ ਵਿਚ ਸ਼ਹੀਦ ਹੋਏ।

**ਅੱਤਿਆਚਾਰਾਂ ਦਾ ਜ਼ੋਰ ਤੇ ਸ਼ਹੀਦੀਆਂ ਦਾ ਲੰਮਾ ਚੱਕਰ** : ਮੱਸੇ ਰੰਘੜ ਦਾ ਸਿਰ ਵੱਢਣ ਦੇ ਸਾਕੇ ਨੇ ਜ਼ਕਰੀਆ ਖ਼ਾਨ ਨੂੰ ਅਹਿਸਾਸ ਕਰਾਇਆ ਕਿ ਉਸ ਦੇ ਉਠਾਏ ਕਦਮ ਕਾਫ਼ੀ ਨਹੀਂ ਸਨ। ਆਪ ਨਿਗਰਾਨ ਬਣ ਕੇ ਮੁਹਿੰਮ ਦੀ ਸਰਕਰਦਗੀ ਕਰਨੀ ਜ਼ਰੂਰੀ ਹੈ। ਮਾਝੇ ਵਿਚੋਂ ਸਿੱਖਾਂ ਨੂੰ ਮਾਰ ਮੁਕਾਉਣ ਦਾ ਕੰਮ ਉਸ ਆਪਣੇ ਜ਼ਿੰਮੇ ਲਿਆ ਤੇ ਦੁਆਬੇ ਦਾ ਕੰਮ ਅਦੀਨਾ ਬੇਗ਼ ਨੂੰ ਦਿੱਤਾ।[1] ਦਰਬਾਰ ਸਾਹਿਬ ਦੇ ਦਰਸ਼ਨ ਇਸ਼ਨਾਨ ਉੱਤੇ ਕਰੜੀ ਪਾਬੰਦੀ ਲਗਾ ਦਿੱਤੀ। ਫ਼ਰਮਾਨ ਰਾਹੀਂ ਸਿੱਖ ਹੋਣਾ ਜੁਰਮ ਕਰਾਰ ਦੇ ਦਿੱਤਾ ਗਿਆ।[2] ਕੁਝ ਸਮੇਂ ਵਿਚ ਸ਼ਹੀਦੀਆਂ ਦਾ ਅਜਿਹਾ ਚੱਕਰ ਚਲਿਆ ਜਿਸ ਦੀ ਯਾਦ ਅਜੇ ਤਕ ਸਿੱਖਾਂ ਦੇ ਮਨਾਂ ਵਿਚ ਤਾਜ਼ਾ ਹੈ। ਸਾਡੀ ਨਿਤ ਦੀ ਅਰਦਾਸ ਦੇ ਇਹ ਸ਼ਬਦ ''ਜਿਨ੍ਹਾਂ ਸਿੰਘ ਸਿੰਘਣੀਆਂ ਨੇ ਧਰਮ ਹੇਤ ਸੀਸ ਦਿੱਤੇ, ਬੰਦ ਬੰਦ ਕਟਾਏ, ਖੋਪਰੀਆਂ ਲੁਹਾਈਆਂ, ਚਰਖੜੀਆਂ ਤੇ ਚੜ੍ਹੇ, ਆਰਿਆਂ ਨਾਲ ਚਿਰਾਏ ਗਏ, ਗੁਰਦੁਆਰਿਆਂ ਦੀ ਸੇਵਾ ਲਈ ਕੁਰਬਾਨੀਆਂ ਕੀਤੀਆਂ, ਧਰਮ ਨਹੀਂ ਹਾਰਿਆ, ਸਿੱਖੀ ਕੇਸਾਂ ਸਵਾਸਾਂ ਨਾਲ ਨਿਬਾਹੀ'', ਉਸ ਅਤਿਆਚਾਰਾਂ ਨਾਲ ਭਰੇ ਸਮੇਂ ਦੀ ਹੀ ਯਾਦ ਹੈ।

**ਬਾਬਾ ਬੋਤਾ ਸਿੰਘ ਦੀ ਸ਼ਹਾਦਤ (ਸਿੰਘਨ ਕੀ ਨਿੰਦਿਆ ਸੁਨਤ ਜਿਨ ਕੀਨੋ ਸੀਸ ਕੁਰਬਾਨ)** : ਜਦ ਸਾਰੇ ਪੰਜਾਬ ਵਿਚ ਇਹ ਫ਼ਰਮਾਨ ਜਾਰੀ ਕੀਤਾ ਗਿਆ ਕਿ ਸਿੱਖ ਹੋਣਾ ਜੁਰਮ ਹੈ ਅਤੇ ਇਹ ਐਲਾਨ ਢੰਡੋਰੇ ਰਾਹੀਂ ਪੰਜਾਬ ਦੇ ਪਿੰਡਾਂ ਵਿਚ ਸੁਣਾਇਆ ਗਿਆ ਤਾਂ ਉਸ ਵੇਲੇ ਕਈ ਸੂਰਮਗਤੀ ਦੀਆਂ ਘਟਨਾਵਾਂ ਸਿੱਖ ਇਤਿਹਾਸ ਵਿਚ ਹੋਈਆਂ, ਜਿਨ੍ਹਾਂ ਨੂੰ ਹੁਣ ਵੀ ਪੜ੍ਹ ਸੁਣ ਕੇ ਜੀਵਨ ਰੌ ਨਵੇਂ ਸਿਰਿਉਂ ਦੌੜ ਪੈਂਦੀ ਹੈ। ਫ਼ਾਰਸਟਰ ਦਾ ਕਥਨ ਹੈ : ''ਭਾਵੇਂ ਅੰਮ੍ਰਿਤਸਰ ਦੇ ਦਰਸ਼ਨ ਇਸ਼ਨਾਨ ਉੱਤੇ ਕਰੜੀ ਪਾਬੰਦੀ ਸੀ ਪਰ ਫਿਰ ਵੀ ਕਈ ਸਿੱਖ ਜਾਨਾਂ ਹੂਲ ਕੇ ਅੰਮ੍ਰਿਤਸਰ ਪੁੱਜਦੇ, ਇਸ਼ਨਾਨ ਕਰਦੇ ਅਤੇ ਆਪਣੇ ਘੋੜਿਆਂ ਨੂੰ ਦੌੜਾਂਦੇ ਦੇਖੇ ਜਾ ਸਕਦੇ ਸਨ।'' ਇਸੇ ਹੀ ਸਮੇਂ ਬਾਬਾ ਬੋਤਾ ਸਿੰਘ ਜੀ ਦੀ ਸ਼ਹਾਦਤ ਹੋਈ ਜੋ ਸਿੱਖੀ ਆਚਰਣ ਤੇ ਸੂਰਮਗਤੀ ਦੀ ਇਕ ਉੱਚੀ ਮਿਸਾਲ ਹੈ।

ਬਾਬਾ ਬੋਤਾ ਸਿੰਘ ਆਪਣੇ ਸਾਥੀ ਭਾਈ ਗਰਜਾ ਸਿੰਘ ਸਮੇਤ ਪਿੰਡਾਂ ਵਿਚ ਵਿਚਰ ਰਹੇ ਸਨ ਕਿ ਉਨ੍ਹਾਂ ਦੇ ਕੰਨਾਂ ਵਿਚ ਸਿੱਖਾਂ ਦੇ ਖ਼ਤਮ ਹੋਣ ਦੀ ਸਰੋਤ ਪਈ। ਦੋ ਮੁਸਲਮਾਨਾਂ ਨੇ ਇਨ੍ਹਾਂ ਨੂੰ ਦੇਖ ਕੇ ਇਸ ਭਾਵ ਦੀ ਗੱਲ ਕੀਤੀ ਕਿ ਢੰਡੋਰਾ ਤਾਂ ਪਿਆ ਹੁੰਦਾ ਸੀ ਕਿ 'ਸਭ ਖਾਲਸਾ ਮਾਰ੍ਹਾ' ਪਰ ਇਹ ਤਾਂ ਅਜੇ ਵੀ ਫਿਰਦੇ ਦਿਖਾਈ ਦੇ ਰਹੇ ਹਨ ਤਾਂ ਦੂਜੇ

1. ਅਦੀਨਾ ਬੇਗ ਦੇ ਜਲੰਧਰ ਦਾ ਇੰਚਾਰਜ ਬਣਨ ਨਾਲ ਸਿੱਖਾਂ ਨੂੰ ਕੁਝ ਸਾਹ ਆ ਗਿਆ। ਸਿੱਖ ਮਾਝਾ ਛੱਡ ਕੇ 'ਦੁਆਬਾ' ਵਿਚ ਆ ਗਏ। ਅਦੀਨਾ ਬੇਗ਼ ਸਿੱਖਾਂ ਨੂੰ ਮੂਲੋਂ ਮੁਕਾਉਣਾ ਆਪਣੀ ਨੀਤੀ ਦੇ ਅਨੁਕੂਲ ਨਹੀਂ ਸੀ ਸਮਝਦਾ। ਉਹ ਇਹ ਸਮਝਦਾ ਸੀ ਕਿ ਸਿੱਖਾਂ ਦੀ ਹੋਂਦ ਨੇ ਹੀ ਉਸ ਨੂੰ ਉੱਚ ਪਦਵੀ ਉੱਤੇ ਲਗਾਇਆ ਹੈ। ਉਹ ਜ਼ਕਰੀਆ ਖ਼ਾਨ ਦੀਆਂ ਅੱਖਾਂ ਵਿਚ ਧੂੜ ਪਾਉਣ ਲਈ ਸਮੇਂ-ਸਮੇਂ ਸਿੱਖਾਂ ਦੇ ਸਿਰ ਲਾਹੌਰ ਭੇਜ ਦਿਆ ਕਰਦਾ ਸੀ।
2. ਖ਼ੁਸ਼ਵਕਤ ਰਾਇ ਦਾ ਕਹਿਣਾ ਹੈ ਕਿ ਪਤਾ ਨਹੀਂ ਸਿੱਖ ਕਿਹੜੀ ਮਿੱਟੀ ਦੇ ਬਣੇ ਹੋਏ ਸਨ ਕਿ ਕਦੀ ਘਬਰਾਉਂਦੇ ਹੀ ਨਹੀਂ ਸਨ। ਜੰਗਲਾਂ ਦੇ ਕੰਦ ਮੂਲ ਖਾ ਕੇ ਵੀ ਇਤਨੇ ਰਿਸ਼ਟ ਪੁਸ਼ਟ ਸਨ ਕਿ ਜ਼ਕਰੀਆ ਖ਼ਾਨ ਨੂੰ ਸਾਰੀ ਉਮਰ ਹੀ ਵਖਤ ਪਾਈ ਰੱਖਿਆ।

Sri Satguru Jagjit Singh Ji eLibrary NamdhariElibrary@gmail.com

ਨੇ ਕਿਹਾ : 'ਇਹ ਬਹਿਰੂਪੀਏ' ਹੋਣਗੇ ਜਾਂ 'ਕਾਇਰ ਕੂਰ'।[1] ਕਿਉਂਕਿ ਖ਼ਾਲਸੇ ਤਾਂ ਅੱਗੇ ਵਧ ਮਰਦੇ ਅਤੇ ਸੀਸ ਲਗਾ ਖ਼ੁਸ਼ੀਆਂ ਲੈਂਦੇ ਹਨ।

*ਖਾਲਸਾ ਸੋਊ ਜੁ ਨਿਤ ਜੰਗ ਕਰੈ, ਖਾਲਸਾ ਸੋਊ ਨ ਮਰਨ ਤੇ ਡਰੈ।*
*ਖਾਲਸਾ ਸੋਊ ਜੁ ਦੰਗਾ ਮਚਾਵੈ, ਖਾਲਸਾ ਸੋਊ ਜੋ ਸੀਸ ਲਗਾਵੈ।*

ਇਹ ਬੋਲੀ ਦੋਵਾਂ ਸਿੱਖਾਂ ਕੋਲੋਂ ਸਹਾਰੀ ਨਾ ਗਈ। ਬਾਬਾ ਜੀ ਉਥੇ ਹੀ ਨੂਰਦੀਨ-ਸਰਾਂ, ਜੋ ਜਰਨੈਲੀ ਸੜਕ ਉੱਤੇ ਸੀ, ਖੜ੍ਹੇ ਹੋ ਗਏ ਅਤੇ ਇਹ ਕਿਹਾ :

*ਸੀਸ ਲਗੈ ਚਰਚਾ ਹੋਇ।*
*ਜਗ ਯੌਂ ਜਾਨੈ ਖਾਲਸਾ ਸੋਇ।*

ਇਹ ਵੀ ਪਰਗਟ ਹੋ ਜਾਏਗਾ ਕਿ ਸਿੰਘ ਪਾਤਸ਼ਾਹੀ ਦਾਅਵਾ ਉਸੇ ਤਰ੍ਹਾਂ ਕਰ ਰਹੇ ਹਨ। ਉੱਚੀ-ਉੱਚੀ ਦੋਵਾਂ ਨੇ 'ਸਤਿ ਸ੍ਰੀ ਅਕਾਲ' ਦੇ ਜੈਕਾਰੇ ਛੱਡੇ ਅਤੇ ਹੱਥ ਵਿਚ ਸੋਟਾ ਲੈ ਕੇ ਇਕ ਪੁਲੀ ਤੇ ਖੜ੍ਹੇ ਹੋ ਮਾਲੀਆ ਉਗ੍ਰਾਹੁਣ ਲੱਗ ਪਏ। ਹਰ ਗੱਡੇ ਵਾਲੇ, ਖੋਤੇ ਵਾਲੇ ਤੇ ਲੰਘਣ ਵਾਲੇ ਕੋਲੋਂ ਕਰ ਉਗ੍ਰਾਹੁਣ ਲੱਗੇ। ਆਪਣੀ ਖੁੱਲ੍ਹੀ-ਡੁੱਲ੍ਹੀ ਬੋਲੀ ਵਿਚ ਬਾਬਾ ਬੋਤਾ ਸਿੰਘ ਨੇ ਲਾਹੌਰ ਦੇ ਨਵਾਬ ਨੂੰ ਚਿੱਠੀ ਵੀ ਲਿਖੀ ਤਾਂ ਕਿ ਸਿੱਖਾਂ ਦੀ ਹੋਂਦ ਦਾ ਪਤਾ ਲੱਗ ਜਾਏ :

*"ਚਿੱਠੀ ਲਿਖੈ ਯੌਂ ਸਿੰਘ ਬੋਤਾ।*
*ਹੱਥ ਹੈ ਸੋਟਾ।*
*ਵਿਚ ਰਾਹਿ ਖੜੋਤਾ।*
*ਆਨਾ ਲਾਯਾ ਗੱਡੇ ਨੂੰ*
*ਪੈਸਾ ਲਾਯਾ ਖੋਤਾ।*
*ਆਖ ਭਾਬੀ[2] ਖਾਨੋ ਨੂੰ*
*ਯੌਂ ਆਖੈ ਸਿੰਘ ਬੋਤਾ। ੧੪।* (ਭਾਈ ਰਤਨ ਸਿੰਘ)

ਇਹ ਚਿੱਠੀ ਇਸ ਗੱਲ ਦੀ ਸੂਚਕ ਸੀ ਕਿ ਸਿੱਖ ਅਜੇ ਜ਼ਿੰਦਾ ਹਨ ਅਤੇ ਇਕੱਲਾ ਬੋਤਾ ਸਿੰਘ ਇਤਨਾ ਸ਼ਕਤੀਵਾਨ ਹੈ ਕਿ ਉਸ ਦੇ ਰਾਜ ਵਿਚ ਹਕੂਮਤ ਕਾਇਮ ਕਰ ਸਕਦਾ ਹੈ। ਜਦ ਇਸ ਤਰ੍ਹਾਂ ਬਾਬਾ ਜੀ ਦਾ ਉਗਰਾਹੀ ਕਰਨ ਦਾ ਪਤਾ ਤਰਨਤਾਰਨ ਦੇ ਫ਼ੌਜਦਾਰ ਨੂੰ ਲੱਗਾ ਤਾਂ ਉਸ ਫ਼ੌਜ ਚੜ੍ਹਾ ਆਂਦੀ। ਦੋਹਾਂ ਸੂਰਮਿਆਂ ਨੇ ਪਿੱਠਾਂ ਜੋੜ ਲਈਆਂ ਤੇ ਡਟ ਗਏ।[3] ਬੋਤਾ ਸਿੰਘ ਪਾਸ ਸੋਟਾ ਤੇ ਤਲਵਾਰ ਸੀ ਤੇ ਭਾਈ ਗਰਜਾ ਸਿੰਘ ਕੋਲ ਕੇਵਲ ਇਕ ਨੇਜ਼ਾ ਸੀ। ਇਸ ਨੂੰ ਦੇਖ ਫ਼ੌਜਦਾਰ ਨੇ ਕਿਹਾ : ਕਿਉਂ ਅਵਾਈਂ ਜਾਨ ਗਵਾਂਦੇ ਹੋ?

---

1. ਉਨ੍ਹਾਂ ਦਿਨਾਂ ਵਿਚ ਬਹਿਰੂਪ ਧਾਰਨ ਦਾ ਬਹੁਤਾ ਹੀ ਰਿਵਾਜ ਸੀ ਤੇ ਸਿੱਖ ਦਾ ਬਹਿਰੂਪ ਚੰਗੀ ਆਮਦਨ ਦਾ ਵਸੀਲਾ ਸੀ।
2. "ਭਾਬੀ ਖਾਨੋ ਦਾ ਲਿਖਣਾ ਜ਼ਕਰੀਆ ਖਾਨ ਨੂੰ ਇਹ ਪ੍ਰਗਟਾਉਣਾ ਸੀ ਕਿ ਤੇਰੀ ਤਾਕਤ ਦੇਖ ਲਈ। ਭਾਬੀ ਮਖ਼ੌਲ ਵਜੋਂ ਲਿਖਿਆ ਸੀ। ਕਈਆਂ ਦਾ ਕਹਿਣਾ ਹੈ ਕਿ ਜ਼ਕਰੀਆ ਦੀ ਬੇਗਮ, ਬੋਤਾ ਸਿੰਘ ਦੇ ਪਿੰਡ ਦੀ ਸੀ।
3. ਦੋਊਨ ਸਿੰਘਨ ਲਈ ਪਿਠ ਜੋੜ। ਸੋਟਨ ਸੋਂ ਦਏ ਘੋੜੇ ਮੋੜ। ੩੨। (ਸਾਖੀ ਬੋਤਾ ਸਿੰਘ ਸ਼ਹੀਦ ਕੀ)

Sri Satguru Jagjit Singh Ji eLibrary NamdhariElibrary@gmail.com

ਸਾਡੇ ਨਾਲ ਚਲੋ, ਨਵਾਬ ਨਾਲ ਮਿਲਾ ਕੇ ਇਨਾਮ ਵੀ ਦਿਵਾਂਦਾ ਹਾਂ ਤੇ ਜਾਨ ਬਖ਼ਸ਼ੀ ਵੀ। ਕੈਸਾ ਜੁਰਅੱਤ ਭਰਿਆ ਉੱਤਰ ਦੋਹਾਂ ਨੇ ਦਿੱਤਾ :

*ਹਮ ਕਬ ਜਾਨ ਬਚਾਵੈਂ,*
*ਹਮ ਤੌ ਮਰਨਾ ਆਪ ਤਕਾਵੈਂ।*
*ਸਾਡੇ ਨਾਲ 'ਝਬ ਲੜੋ।' ਦੇਰੀ ਨਾਹੇ ਲਗਾਓ।*

ਸਾਡਾ ਸੋਟਾ ਹੀ ਕਾਫ਼ੀ ਹੈ, ਮੁਕਾਬਲੇ ਲਈ। ਜਦ ਬੰਦੂਕ ਦਾ ਵਾਰ ਹੁੰਦਾ ਤਾਂ ਇਹ ਛਾਲ ਮਾਰ ਹੇਠਾਂ ਜਾਂ ਉਤਾਂਹ ਹੋ ਜਾਂਦੇ ਤੇ ਤੀਰਾਂ ਨੂੰ ਰੋਕ ਕਹਿੰਦੇ :

ਕੈਸੇ ਘਟੀਆ ਤੀਰ ਰੱਖੇ ਹਨ 'ਜੋ ਹਮਰੋ ਚੀਰ ਨ ਸਕੈ ਸਰੀਰ।' ਸੋਟਿਆਂ ਨਾਲ ਹੀ ਘੋੜੇ ਮੋੜ ਸੁਟੇ। ਫ਼ੌਜੀਆਂ ਨੇ ਟੰਗਾਂ ਦਾ ਨਿਸ਼ਾਨਾ ਬੰਨ੍ਹ ਗੋਲੀਆਂ ਚਲਾਈਆਂ ਤਾਂ ਸਿੰਘ ਬੈਠ ਕੇ ਹੀ ਲੜਨ ਲੱਗੇ। ਲਾਲੀਆਂ ਚੜ੍ਹੀਆਂ ਹੋਈਆਂ ਸਨ ਸਿੰਘਾਂ ਨੂੰ ਜਦ ਅੱਖਾਂ ਵਿਚ ਅੱਖਾਂ ਪਾ ਕੇ ਲੜਦੇ ਤਾਂ ਦੁਸ਼ਮਣ ਭਜ ਜਾਂਦੇ।

*"ਸਨਮੁਖ ਸੂਰੇ ਭਿੜਤ ਹੈਂ, ਆਂਖਨ ਆਂਖ ਮਿਲਾਇ।*
*ਲਾਲੀ ਮੁਖ, ਭੁਜ ਫ਼ਰਕ ਹੈਂ, ਮੁਖ ਤਲਵਾਰਾਂ ਖਾਇ।੪੦।*

ਦੋਹਾਂ ਦੇ ਟੋਟੇ ਕਰ ਦਿੱਤੇ ਗਏ ਪਰ ਸੂਰਮਿਆਂ ਪੈਰ ਪਿਛਾਂਹ ਨਾਂਹ ਹਟਾਇ।

ਇਸ ਸ਼ਹਾਦਤ[1] ਨੇ ਜੁਰਅੱਤ ਦੀ ਹੱਦ ਦਰਸਾ ਦਿੱਤੀ।

**ਭਾਈ ਤਾਰੂ ਸਿੰਘ ਜੀ ਦੀ ਸ਼ਹਾਦਤ** : ਜ਼ਕਰੀਆ ਖ਼ਾਨ ਅਤਿਆਚਾਰ ਕਰਨ ਵਿਚ ਅਤਿ ਕਰ ਰਿਹਾ ਸੀ ਤਾਂ ਸਿੱਖ ਵੀ ਆਪਣੇ ਆਚਰਣ ਦੇ ਸਿਖਰ ਨੂੰ ਛੂਹ ਰਹੇ ਸਨ। ਜਦ ਜੰਗਲਾਂ ਵਿਚ ਵੱਸਦੇ ਸਿੱਖਾਂ ਦਾ ਪਕੜਨਾ, ਮਾਰਨਾ ਤੇ ਪਤਾ ਕਰਨਾ ਮੁਸ਼ਕਲ ਹੋ ਗਿਆ ਤਾਂ ਬੇਦੋਸ਼ੇ, ਆਰਾਮ ਨਾਲ ਟਿਕੇ, ਘਰੀਂ ਵੱਸਦੇ, ਖੇਤੀ-ਬਾੜੀ ਵਿਚ ਜੁਟੇ, ਮਿਲਵਰਤਣੀਏ ਸਿੱਖਾਂ ਉੱਤੇ ਉਸ ਗੁੱਸਾ ਕੱਢਣਾ ਸ਼ੁਰੂ ਕੀਤਾ।

ਘਰਾਂ ਦੇ ਘਰ ਉਜਾੜੇ ਗਏ। ਭਾਈ ਤਾਰੂ ਸਿੰਘ ਜੀ ਪੂਲਾ ਪਿੰਡ ਦੇ ਵਸਨੀਕ ਸਨ। ਇਹ ਪੰਝੀ ਸਾਲਾਂ ਦੇ ਨੌਜਵਾਨ ਸਨ, ਪਰ ਸਿੱਖੀ ਰਹਿਤ-ਮਰਯਾਦਾ ਅਤੇ ਆਚਰਣ ਵਿਚ ਇਨ੍ਹਾਂ ਦਾ ਕੋਈ ਸਾਨੀ ਨਹੀਂ ਸੀ। ਆਉਂਦੇ ਜਾਂਦੇ ਸਿੱਖ ਦੀ ਮਦਦ ਕਰਦੇ, ਲੋੜਵੰਦ ਜਾਣ ਕੇ ਪ੍ਰਸ਼ਾਦ ਛਕਾਉਂਦੇ। ਜੋ ਕੁਝ ਖੇਤੀ ਬਾੜੀ ਤੋਂ ਬਣਦਾ ਉਹ ਆਪਣੇ ਭਰਾਵਾਂ ਨੂੰ ਦੂਰ ਵੱਸਦੇ ਜੰਗਲਾਂ ਵਿਚ ਪਹੁੰਚਾ ਦੇਂਦੇ। ਭਾਈ ਤਾਰੂ ਸਿੰਘ ਜੀ ਦੀ ਭੈਣ ਅਤੇ ਮਾਤਾ ਵੀ ਨਾਲ ਰਲ ਕੇ ਸਿੰਘਾਂ ਦੀ ਸੇਵਾ ਕਰਦੀਆਂ ਸਨ। ਹਰ ਭਗਤ ਨਿਰੰਜਨੀ ਨੂੰ ਜ਼ਕਰੀਆ ਨੇ ਪੁੱਛਿਆ ਕਿ ਇਤਨਾ ਮਾਰਦੇ ਹਾਂ ਇਹ ਵਧੀ ਕਿਵੇਂ ਜਾਂਦੇ ਹਨ। ਨਾ ਖੇਤੀ ਹੈ ਅਤੇ ਨਾ ਕੋਈ ਵਪਾਰ, ਗੁਰਦੁਆਰੇ ਚੜ੍ਹਾਵੇ, ਚੜ੍ਹਤ ਤੇ ਵੀ ਪਾਬੰਦੀ ਲਗਾ ਦਿੱਤੀ ਹੈ, ਲੰਗਰ ਕੌਣ ਪਹੁੰਚਾਂਦਾ ਹੈ ? ਤਾਂ ਨਿਰੰਜਨੀਆਂ ਨੇ ਕਿਹਾ, ਅਜੇ ਵੀ ਅਜਿਹੇ ਸਿੱਖ ਹਨ ਜੋ :

*'ਆਪ ਸਹੈ ਵਹ ਨੰਗ ਅਰ ਭੁੱਖ।*
*ਦੇਖ ਸਕੈਂ ਨਹਿ ਸਿੰਘਨ ਦੁੱਖ।'*

---

1. ਬਾਬਾ ਬੋਤਾ ਸਿੰਘ ਜੀ ਦਾ ਸ਼ਹੀਦ ਗੰਜ ਅੰਮ੍ਰਿਤਸਰ ਬਾਬਾ ਦੀਪ ਸਿੰਘ ਜੀ ਦੇ ਸ਼ਹੀਦੀ ਅਸਥਾਨ ਚਾਟੀਵਿੰਡ ਕੋਲ ਹੈ।

Sri Satguru Jagjit Singh Ji eLibrary NamdhariElibrary@gmail.com

*ਆਪ ਗੁਜ਼ਾਰੈਂ ਅਗਨੀ ਨਾਲ।*
*ਸਿੰਘਨ ਘਲੈਂ ਪੁਸ਼ਾਕ ਸਿਵਾਲ।*

ਪੰਜਾਬੋਂ ਬਾਹਰ ਵਸਦੇ ਸਿੰਘ ਭਾਵੇਂ ਦੂਰ ਬੈਠੇ ਹਨ ਪਰ ਉਹ ਜੋ ਕਮਾਂਦੇ ਹਨ, ਬਹੁਤਾ ਹਿੱਸਾ ਸਿੰਘਾਂ ਨੂੰ ਪਹੁੰਚਾਂਦੇ ਹਨ। ਉਸ ਵੇਲੇ ਜ਼ਕਰੀਆ ਨੇ ਵੀ ਨਾਦਰ ਵਾਂਗ ਹੀ ਕਿਹਾ ਕਿ ਅਸੀਂ ਤਾਂ ਫਿਰ ਪੰਥ ਨੂੰ ਮਾਰ ਨਹੀਂ ਸਕਦੇ। ਰੱਬ ਹੀ ਮਾਰੇ ਤਾਂ ਮਾਰੇ।

ਪਰ ਨਵਾਬ ਨੇ ਫਿਰ ਵੀ ਕਿਹਾ ਕਿ ਅਜਿਹਾ ਕੋਈ ਦਿਖਾ ਤਾਂ ਸਹੀ। ਉਸ ਕਿਹਾ : ਭਾਈ ਤਾਰੂ ਸਿੰਘ ਜੀ ਅਜਿਹੇ ਹਨ। ਉਨ੍ਹਾਂ ਦੀ ਭੈਣ ਤੇ ਮਾਂ ਵੀ ਅੱਗੇ ਹੋ ਕੇ ਸਿੰਘਾਂ ਦੀ ਮਦਦ ਕਰਦੇ ਹਨ :

*'ਆਪ ਖਾਇ ਵਹਿ ਰੁੱਖੀ ਮਿੱਸੀ।*
*ਮੋਟਾ ਪਹਿਰਹਿ ਆਪ ਰਹਿ ਲਿੱਸੀ।*
*ਅਪਨੋ ਤਨ ਪੇਟ ਰਖ ਕੈ ਊਣੀ।*
*ਦੇਤ ਔਰ ਕੋ ਚਬਨ ਚਬੂਨੀ।'*

ਯਾਤਰੀਆਂ ਵਾਂਗ ਪੰਡ ਚੁੱਕ ਕੇ ਸਿੰਘਾਂ ਪਾਸ ਟਿਕਾਣਿਆਂ ਤੇ ਪਹੁੰਚਾ ਆਂਵਦੇ ਹਨ। ਭੈਣ ਭਰਾ ਨੂੰ ਮੁਗ਼ਲ ਪਕੜ ਕੇ ਲੈ ਗਏ। ਭੈਣ ਨੂੰ ਲਾਹੌਰ ਦੇ ਸਿਰਕੱਢ ਹਿੰਦੂਆਂ ਨੇ ਦਾਮ ਦੇ ਕੇ ਛੁਡਵਾ ਲਿਆ।[1]

ਹਿੰਦੂਆਂ ਦੀ ਸੋਚਣੀ ਇਹ ਸੀ ਕਿ ਗਊ ਬ੍ਰਾਹਮਣ ਨਾਲੋਂ ਸੌ ਗੁਣਾ ਵੱਡਾ ਪੁੰਨ ਹੈ ਕਿਸੇ ਸਿੱਖ ਨੂੰ ਜ਼ਾਲਮ ਦੇ ਪੰਜੇ ਤੋਂ ਛੁਡਾਉਣਾ :

*ਸਿੱਖ ਛੁਡਾਵਨ ਹੈ ਬਡ ਧਰਮ।*
*ਗਊ ਬ੍ਰਾਹਮਣ ਤੇ ਸੌ ਗੁਨੋਂ ਕਰਮ।*

ਭਾਈ ਤਾਰੂ ਸਿੰਘ ਜੀ ਨੂੰ ਛੁਡਾਉਣ ਲਈ ਜਤਨ ਕੀਤੇ ਪਰ ਭਾਈ ਜੀ ਨੇ ਕਿਹਾ ਉਨ੍ਹਾਂ ਦਾ ਫ਼ਿਕਰ ਨ ਕਰੋ। ਹੁਣ ਸੀਸ ਦੀਏ ਬਿਨ ਇਹ ਰਾਜ ਨਹੀਂ ਉਲਟਣਾ। ਗੁਰੂ ਹਰਿ ਕ੍ਰਿਸ਼ਨ ਜੀ ਨੇ ਦਿੱਲੀ ਸੀਸ ਦਿੱਤਾ, ਗੁਰੂ ਤੇਗ਼ ਬਹਾਦਰ ਜੀ ਨੇ 'ਆਪ ਜਾਇ ਦਿੱਲੀ ਖਈ, ਤੁਰਕਨ ਤੇ ਤਲਵਾਰ' ਅਤੇ ਕਲਗੀਧਰ ਨੇ ਸਣ ਪਰਵਾਰ ਦੇਹਿ ਗਵਾਈ ਤਾਂ ਮੁਗ਼ਲਾਂ ਦੀ ਕਲਾ ਢਿੱਲੀ ਹੋਈ। ਹੁਣ ਸ਼ਹੀਦੀ ਪਾ ਕੇ ਦਰਗਾਹ ਹਲਚਲ ਮਚਾਉਣੀ ਹੈ ਤੇ ਨਵਾਬ ਦਾ ਨਾਸ ਕਰਨਾ ਹੈ। ਨਵਾਬ ਨੇ ਇਹ ਸੁਣ ਕਿਹਾ ਕਿ 'ਜੁੱਤੀਆਂ ਨਾਲ ਕੇਸ ਝਾੜ ਦਿਆਂਗਾ।' ਸੁਭਾਵਕ ਹੀ ਭਾਈ ਤਾਰੂ ਸਿੰਘ ਜੀ ਨੇ ਕਿਹਾ ਕਿ ਜੁੱਤੀ ਤੇਰੇ ਸਿਰ ਹੀ ਪੈਣੀ ਹੈ। ਨਾਈ ਬੁਲਾਏ ਪਰ ਉਹ ਤੇਜ ਪ੍ਰਤਾਪ ਦੇਖ ਨੇੜੇ ਨਾ ਹੋਣ। ਮੋਚੀ ਬੁਲਾਏ ਤੇ ਕਿਹਾ ਕਿ 'ਖੋਪਰੀ ਸਾਥ ਦੇਹੁ ਬਾਲ ਉਤਾਰੇ।' ਆਪ ਜੀ ਅਕਾਲ ਅਕਾਲ ਜਪਦੇ ਰਹੇ। ਮੁਖੋਂ ਸੀ ਨਾ ਕੀਤੀ। ਜਦ ਖੋਪਰੀ ਉਤਾਰੀ ਜਾ ਰਹੀ ਸੀ, ਸਾਰਾ ਸਰੀਰ ਹੀ ਲਹੂ ਲੁਹਾਨ ਹੋ ਗਿਆ। ਇੰਜ ਜਾਪੇ ਜਿਵੇਂ ਲਹੂ ਵਿਚ ਹੀ ਇਸ਼ਨਾਨ ਹੋ ਰਿਹਾ ਹੈ। ਇਸ ਦੌਰਾਨ ਨਵਾਬ ਜ਼ਕਰੀਆ ਖ਼ਾਨ ਦਾ

1. ਭੈਣ ਸਾਥ ਥੀ ਸੋ ਫੜੀ ਆਈ।
ਸੋ ਦਮ ਦੈ ਲੋਕਨ ਛੁਡਵਾਈ। ੩੦।

Sri Satguru Jagjit Singh Ji eLibrary NamdhariElibrary@gmail.com

ਪੇਸ਼ਾਬ ਬੰਦ ਹੋ ਗਿਆ। 'ਘੋ ਤੜਫੇ ਜਿਮ ਜਲ ਮਛੀ।' ਸਭ ਇਲਾਜ ਕਰ ਥੱਕੇ। ਉਸ ਫਿਰ ਸਰਦਾਰ ਸੁਬੇਗ ਸਿੰਘ ਜੀ ਦੀ ਓਟ ਤੱਕੀ। ਸਰਦਾਰ ਸੁਬੇਗ ਸਿੰਘ ਜੀ ਆਪੂੰ ਆਏ ਤੇ ਬਚਨ ਵਾਪਸ ਲੈਣ ਲਈ ਕਿਹਾ ਤਾਂ ਭਾਈ ਤਾਰੂ ਸਿੰਘ ਜੀ ਨੇ ਕਿਹਾ : 'ਦੁਸ਼ਟ ਨੂੰ ਮਰਨ ਦੇਹ' ਪਰ ਭਾਈ ਸੁਬੇਗ ਸਿੰਘ ਜੀ ਨੇ ਕਿਹਾ ਕਿ ਸੁਖਮਨੀ ਦਾ ਵਾਕ ਹੈ : 'ਨਾਨਕ ਸੰਤ ਭਾਵੈ ਤਾ ਉਸ ਕਾ ਭੀ ਹੋਇ ਮੋਖ।' ਭਾਈ ਜੀ ਨੇ ਕਿਹਾ ਕਿ ਹੁਣ ਜ਼ਕਰੀਆ ਦੀ ਮਦਦ ਸਾਧ ਸੰਗਤ ਹੀ ਕਰ ਸਕਦੀ ਹੈ। ਭਾਈ ਜੀ ਨੇ ਸਿੰਘਾਂ ਨੂੰ ਇਹ ਹੀ ਜਾ ਕੇ ਕਿਹਾ ਕਿ ਉਸ ਖ਼ਾਲਸੇ ਦੀ ਓਟ ਤੱਕੀ ਹੈ ਤੇ ਜੇ 'ਨਹਿ ਸ਼ਕਤਿ ਦਿਖਾਲੇ ਖਾਲਸੋ, ਤੌ ਲਗੈ ਖਾਲਸੇ ਖੋਟ।' ਕੁਝ ਨੇ ਵਿਚੋਂ ਕਹਿ ਦਿੱਤਾ ਕਿ ਨਵਾਬੀ ਵਾਪਸ ਕਰੋ ਤਾਂ ਨਵਾਬ ਕਪੂਰ ਸਿੰਘ ਗੁੱਸੇ ਵਿਚ ਹੀ ਬੋਲੇ : ਕਦੇ ਮੰਗਿਆਂ ਵੀ ਰਾਜ ਮਿਲੇ ਹਨ। ਪੰਜਾਬ ਸਾਰਾ ਸਾਡਾ ਹੋਯਾ, ਕਿ ਹੋਆ। ਲਾਹੌਰ ਮਾਰੀ ਕਿ ਮਾਰੀ।

*"ਮਾਂਗਯੋ ਰਾਜ ਕਿਨ ਹਮ ਕੂ ਦੀਆ।*
*ਸਭੈ ਪਿੰਡ ਅਬ ਹੋਇ ਹਮਾਰੇ।*
*ਜਬ ਹਮ ਲੇਹਿੰ ਲਹੌਰੇ ਮਾਰੈ।"*

ਸੋ ਪੰਥ ਨੇ ਇਹ ਹੀ ਨਿਰਣਾ ਦਿੱਤਾ ਕਿ ਭਾਈ ਤਾਰੂ ਸਿੰਘ ਜੀ ਦੀ ਹੀ ਜੁੱਤੀ ਜ਼ਕਰੀਆ ਖ਼ਾਨ ਦੇ ਸਿਰ ਮਾਰਿਆਂ ਇਹ ਕਸ਼ਟ ਘੱਟ ਜਾਏਗਾ। ਅਜਿਹਾ ਹੀ ਕੀਤਾ ਗਿਆ। ਭਾਈ ਜੀ ੨੨ ਦਿਨ ਐਸੀ ਅਵਸਥਾ ਵਿਚ ਵਿਚਰੇ ਅਤੇ ਵਾਹਿਗੁਰੂ ਦਾ ਜਾਪ ਕਰਦੇ ਰਹੇ।

ਪਹਿਲੀ ਜੁਲਾਈ, ੧੭੪੫ ਨੂੰ ਜ਼ਕਰੀਆ ਖ਼ਾਨ ਦੀ ਮ੍ਰਿਤੂ ਹੋ ਗਈ। ਉਸ ਉਪਰੰਤ ਕੁਝ ਲੋਕੀਂ ਚਲ ਕੇ ਭਾਈ ਤਾਰੂ ਸਿੰਘ ਕੋਲ ਆਏ ਵੀ ਕਿ ਉਨ੍ਹਾਂ ਦਾ ਪ੍ਰਣ ਪੂਰਾ ਹੋ ਗਿਆ। ਸੋ ਉਹ ਆਗਿਆ ਦੇਣ ਤਾਂ ਖੋਪਰ ਜੋੜ ਦਿੱਤਾ ਜਾਏ। ਭਾਈ ਤਾਰੂ ਸਿੰਘ ਜੀ ਨੇ ਕਿਹਾ ਕਿ ਉਹ ਹੁਣ ਦੁਨੀਆ ਨਾਲੋਂ ਰਿਸ਼ਤਾ ਤੋੜ ਚੁੱਕੇ ਹਨ, ਇਹ ਹੀ ਅਰਦਾਸ ਕਰੋ ਕਿ ਨਿਭੈ ਲਾਜ ਸਿੱਖੀ ਕੀ ਓੜੈ। ਸੋ ਉਨ੍ਹਾਂ ਵੀ ਸੁਆਸ ਛੱਡ ਦਿੱਤੇ।[1] ਬੜੀ ਭਾਵ-ਪੂਰਤ ਗਵਾਹੀ ਬੰਸਾਵਲੀ ਨਾਮਾ ਦੇ ਕਰਤਾ ਭਾਈ ਕੇਸਰ ਸਿੰਘ ਛਿੱਬਰ ਨੇ ਦਿੱਤੀ ਹੈ। ਉਹ ਸਮਕਾਲੀ ਸਿੰਘਾਂ ਦੇ ਬ੍ਰਿਤਾਂਤ ਦੇ ਚਰਨ ਚੌਦਾਂ ਵਿਚ ਲਿਖਦਾ ਹੈ :

*ਇਕ ਸਿਖ ਤਾਰੂ ਸਿੰਘ ਮਾਝੇ ਦਾ,*
*ਪਕੜਿਆ ਆਇਆ ਲਾਹੌਰ।*
*ਸਿਰੋਂ ਉਤਾਰੀ ਖਲੜੀ ਸਮੇਤ ਕੇਸਾਂ ਅੰਖੌੜ।*
*ਸਿਖ ਹੇਠ ਬਧਾ ਜਪ ਪੜ੍ਹਦਾ ਰਹਿਆ।*
*ਸਿਰ ਉਪਰੋਂ ਖਲੜੀ ਸਮੇਤ ਕੇਸ਼ ਲਹਾ ਲਇਆ।*
*ਫਿਰ ਤਿਸ ਨੂੰ ਛਡਿਉ ਨੇ ਕੈਦ ਵਿਚ ਪਾਇ।*
*ਦਿਨ ਪੰਜਵੈ ਤੁਰਕ ਦਾ ਨਾਸ*
*ਵਾਹਿਗੁਰੂ ਦਿਤਾ ਕਰਾਇ।*

---

1. ਜਿਸ ਕੈ ਮਨ ਮੈਂ ਭੈ ਗੁਰੂ, ਤਿਸ ਭੈ ਜਮ ਕਾ ਨਾਹਿ।
ਜਿਸ ਕੈ ਹੱਥ ਮਿਸਾਲ ਹੈ ਕੀ ਕਰੂਗ ਅੰਧੇਰੋ ਤਾਂਹਿ। ੭।

Sri Satguru Jagjit Singh Ji eLibrary NamdhariElibrary@gmail.com

*ਪਹਿਲੇ ਮੂਇਆ ਨਬਾਬੁ,*
*ਪਿਛੈ ਤਾਰੂ ਸਿੰਘ ਚਲਿਆ।*

ਇਸ ਸ਼ਹੀਦੀ ਬਾਅਦ ਆਮ ਸੰਗਤਾਂ ਇਹ ਹੀ ਕਹਿੰਦੀਆਂ ਸਨ :

*ਕਲਾ ਖਾਲਸੇ ਊਚੀ ਭਈ।*
*ਤੁਰਕਨ ਕਲਾ ਨੀਚੀ ਹੋ ਗਈ।*
*ਧੰਨ ਮਾਤਾ-ਪਿਤਾ, ਧੰਨ ਉਸ ਭਾਈ।*
*ਸਿਖੀ ਰਖੀ ਔ ਦੇਹ ਗਵਾਈ।*

ਜੇ ਭਾਈ ਤਾਰੂ ਸਿੰਘ ਜੀ ਦੀ ਸ਼ਹਾਦਤ ਜ਼ੁਲਮਾਂ ਦੀ ਅਤਿ ਸੀ ਤਾਂ ਉਹ ਜ਼ੁਲਮ ਦਾ ਅੰਤ[1] ਵੀ ਨਾਲ ਹੀ ਸਾਬਤ ਹੋਈ।

*'ਲਖ ਸਿਖਾਂ ਦੇ ਤੁਰਕਾਂ ਪਕੜ ਮੁਕਾਏ।*
*ਪਰ ਪੰਥ ਡਾਢੇ ਪੁਰਖ ਦਾ ਵਧਦੋ ਜਾਇ।'*

**ਭਾਈ ਸੁਬੇਗ ਸਿੰਘ, ਸ਼ਹਿਬਾਜ਼ ਸਿੰਘ ਦੀ ਸ਼ਹਾਦਤ** : ਭਾਈ ਸੁਬੇਗ ਸਿੰਘ ਜੰਬਰ[2] ਪਿੰਡ ਦੇ ਰਹਿਣ ਵਾਲੇ ਸਨ ਤੇ ਸਰਕਾਰੀ ਠੇਕੇਦਾਰ ਸਨ ਅਤੇ ਇਨ੍ਹਾਂ ਦੀ ਸਰਕਾਰ ਤੱਕ ਚੰਗੀ ਪਹੁੰਚ ਸੀ। ਫ਼ਾਰਸੀ ਪੜ੍ਹੇ ਲਿਖੇ ਸਨ ਤੇ ਕਚਹਿਰੀ ਵਿਚ ਬੈਠ ਵਕਾਲਤ ਕਰਦੇ ਸਨ। ਸਿੱਖੀ ਆਚਰਣ ਤੇ ਰਹਿਤ ਵਿਚ ਪੂਰੇ ਤੇ ਸਿੱਖੀ ਦਰਦ ਰੱਖਦੇ ਸਨ। ਪੰਥ ਨੂੰ ਹਰ ਖ਼ਤਰੇ ਤੋਂ ਪਹਿਲਾਂ ਹੀ ਆਗਾਹ ਵੀ ਕਰ ਦੇਂਦੇ ਸਨ।

*'ਪੰਥ ਖਾਤਰ ਤਨ ਮਨ ਧਨ ਲਾਵੈ।*
*ਨਹਿ ਪੁੱਤਰ ਪੋਤਰੇ ਕੇ ਹੇਤ ਰਖਾਵੈ।'*

ਭਾਵੇਂ ਸਰਕਾਰੀ ਠੇਕੇਦਾਰ ਸਨ ਪਰ ਸਿੱਖ ਇਨ੍ਹਾਂ ਨੂੰ ਇੱਜ਼ਤ ਦੀ ਨਿਗਾਹ ਨਾਲ ਦੇਖਦੇ ਸਨ। ਜ਼ਕਰੀਆ ਖ਼ਾਨ ਨੇ ਜਦ ਜਾਗੀਰ ਦੇਣ ਦਾ ਫੈਸਲਾ ਕੀਤਾ ਸੀ ਤਾਂ ਜਾਗੀਰ ਤੇ ''ਨਵਾਬ'' ਦਾ ਖ਼ਤਾਬ ਭਾਈ ਸੁਬੇਗ ਸਿੰਘ ਹੱਥੀਂ ਹੀ ਭੇਜਿਆ ਸੀ। ਜਦ ਜ਼ੁਲਮਾਂ ਦਾ

---

1. ਜ਼ਕਰੀਆ ਖ਼ਾਨ ਪਹਿਲੀ ਜੁਲਾਈ, ੧੭੪੫ ਨੂੰ ਮਰਿਆ। ਖ਼ੁਸਵਕਤ ਰਾਇ, ਸੋਹਣ ਲਾਲ, ਅਲੀ-ਉਲ-ਦੀਨ, ਕਨਿੰਘਮ ਨੇ ਵੀ ਗਵਾਹੀ ਭਰੀ ਹੈ।
ਅਠਾਰਾਂ ਸੈ ਦੋ ਊਪਰੈ ਸਾਲ ਜੁ ਬਿਕਰਮ ਰਾਇ।
ਖ਼ਾਨ ਬਹਾਦਰ ਮਾਰਿਓ ਤਾਰੂ ਸਿੰਘ ਘਿਸਟਾਇ।
'ਕੁਪਾ ਰੁੜ੍ਹਿਓ' ਲੋਕਨ ਕਹਯੋ।
ਹਿੰਦਵਨ ਕੇ ਦਿਲ ਭਈ ਬਧਾਈ।
ਸਿੱਖੀ ਕੀ ਗੁਰ ਪੈਜ ਰਖਾਈ। (ਪ੍ਰਾਚੀਨ ਪ੍ਰਕਾਸ਼)
2. ਹੇਠਾਂ ਧਰਤੀ ਉਤੇ ਅੰਬਰ।
ਵਿਚ ਬੋਲੇ ਸੁਬੇਗ ਸਿੰਘ ਜੰਬਰ।
ਸੁਬੇਗ ਸਿੰਘ ਜੰਬਰ ਭਯੋ।
ਸਿੱਖੀ ਮਧ ਮਜ਼ਬੂਤ।
ਜੰਬਰ ਲਾਹੌਰ ਜ਼ਿਲ੍ਹੇ, ਤਹਿਸੀਲ ਚੂਣੀਆਂ, ਥਾਣਾ ਛਾਂਗਾ ਮਾਂਗਾ ਦਾ ਪਿੰਡ ਹੈ। ਸਟੇਸ਼ਨ ਛਾਂਗਾ ਮਾਂਗਾ ਤੋਂ ੫ ਮੀਲ ਹੈ। ਪੰਜਵੇਂ ਪਾਤਸ਼ਾਹ ਨੇ ਇਸ ਪਿੰਡ ਚਰਨ ਪਾਏ ਸਨ।

Sri Satguru Jagjit Singh Ji eLibrary NamdhariElibrary@gmail.com

ਚੱਕਰ ਯਾਹੀਆ ਖ਼ਾਨ ਨੇ ਚਲਾਇਆ ਤਾਂ ਇਨ੍ਹਾਂ ਨੂੰ ਵੀ ਨਾ ਛੋੜਿਆ ਗਿਆ। ਆਪ ਜੀ ਦਾ ਲੜਕਾ ਲਾਹੌਰ ਕਾਜ਼ੀ ਕੋਲ ਪੜ੍ਹਦਾ ਸੀ। ਕਾਜ਼ੀ ਨੇ ਸਰਦਾਰ ਸ਼ਹਿਬਾਜ਼ ਸਿੰਘ ਨੂੰ ਮੁਸਲਮਾਨ ਬਣਾਉਣਾ ਚਾਹਿਆ। ਜਦ ਸ਼ਹਿਬਾਜ਼ ਸਿੰਘ ਨੇ ਅੱਗੋਂ ਤਾੜਿਆ ਤਾਂ ਕਾਜ਼ੀ ਨੇ ਹਕੀਕਤ ਰਾਇ ਵਾਂਗੂੰ ਇਲਜ਼ਾਮ ਲਗਾਇਆ ਕਿ ਇਸ ਬੱਚੇ ਨੇ ਹਜ਼ਰਤ ਮੁਹੰਮਦ ਸਾਹਿਬ ਦੀ ਲੜਕੀ ਫਾਤਮਾ ਸਬੰਧੀ ਮਾੜੇ ਸ਼ਬਦ ਬੋਲੇ ਹਨ। ਸ਼ਹਿਬਾਜ਼ ਸਿੰਘ ਜੀ ਨੂੰ ਚਰਖੀ ਉੱਤੇ ਚੜ੍ਹਾ ਕੇ ਸ਼ਹੀਦ ਕਰਨ ਦਾ ਹੁਕਮ ਦਿੱਤਾ ਗਿਆ। ਜਦ ਚਰਖੜੀ ਚਾੜ੍ਹ ਮਾਰਨ ਦਾ ਹੁਕਮ ਮਿਲਿਆ ਤਾਂ ਬੜੇ ਸਹਿਜ ਵਿਚ ਕਿਹਾ :

*ਧਨ ਘੜੀ ਧਨ ਚਰਖੜੀ,*
*ਧਨ ਨਿਆਉ ਤੁਮਾਰਾ।*
*ਧਰਮ ਹੇਤ ਹਮ ਚੜਹਿ ਚਰਖੜੀ,*
*ਧਨ ਵਜੂਦ ਹਮਾਰਾ।*
*ਹਮ ਤੋ ਗੁਰ ਕੇ ਸਿੱਖ ਸਦਾਵੈਂ।*
*ਗੁਰ ਕੇ ਹੇਤ ਪ੍ਰਾਣ ਭਲ ਜਾਵੈਂ।*

ਜਦ ਸਰਦਾਰ ਸੁਬੇਗ ਸਿੰਘ ਨੇ ਰੋਸ ਪ੍ਰਗਟ ਕੀਤਾ ਤਾਂ ਉਨ੍ਹਾਂ ਨੂੰ ਵੀ ਨਾਲ ਗ੍ਰਿਫ਼ਤਾਰ ਕੀਤਾ ਗਿਆ ਅਤੇ ਚਰਖੜੀ ਚਾੜ੍ਹਨ ਦਾ ਹੁਕਮ ਦਿੱਤਾ। ਉਨ੍ਹਾਂ ਦੀ ਗ੍ਰਿਫ਼ਤਾਰੀ ਦੇ ਦੌਰਾਨ ਹੀ ਜ਼ਕਰੀਆ ਖ਼ਾਨ ਮਰ ਗਿਆ। ਉਸ ਦਾ ਪੁੱਤਰ ਯਾਹੀਆ ਖ਼ਾਨ ਗਵਰਨਰ ਬਣਿਆ।

ਇਕ ਸਿੱਖ ਇਤਿਹਾਸਕਾਰ ਦਾ ਕਹਿਣਾ ਹੈ ਕਿ ਯਾਹੀਆ ਨੇ ਸਿੱਖਾਂ ਨੂੰ ਨਾਲ ਮਿਲਾਉਣ ਲਈ ਪਹਿਲਾਂ ਕੁਝ ਪਾਬੰਦੀਆਂ ਢਿੱਲੀਆਂ ਕੀਤੀਆਂ। ਸਿੱਖ ਇਤਿਹਾਸਕਾਰਾਂ ਦਾ ਇਹ ਵੀ ਕਹਿਣਾ ਹੈ ਕਿ ਸੁਬੇਗ ਸਿੰਘ ਜੀ ਨੂੰ ਲਾਹੌਰ ਦਾ ਕੋਤਵਾਲ ਵੀ ਬਣਾਇਆ ਗਿਆ, ਪਰ ਇਹ ਸਭ ਜ਼ਕਰੀਆ ਖ਼ਾਨ ਦੀ ਮੌਤ ਦੀ ਖ਼ੁਸ਼ੀ ਵਿਚ ਸਿੱਖ ਇਤਿਹਾਸਕਾਰਾਂ ਦਾ ਚਾਅ ਹੀ ਸੀ ਜੋ ਉਹ ਪ੍ਰਗਟ ਕਰ ਰਹੇ ਸਨ। ਗੱਲ ਇੰਜ ਜਾਪਦੀ ਹੈ ਕਿ ਜਲਦੀ ਹੀ ਜ਼ਕਰੀਆ ਖ਼ਾਨ ਦੀ ਮੌਤ ਹੋ ਜਾਣ ਕਾਰਨ ਸ਼ਹਾਦਤ ਕੁਝ ਅਗੇਰੇ ਪੈ ਗਈ। ਯਾਹੀਆ ਨੇ ਚਰਖੀ ਉੱਤੇ ਚੜ੍ਹਾ ਕੇ ਮਾਰਨ ਦਾ ਹੁਕਮ ਕਾਇਮ ਰੱਖਿਆ। ਦੋਨੋਂ ਬਾਪ ਬੇਟਾ, 'ਅਕਾਲ' 'ਅਕਾਲ' ਕਹਿੰਦੇ ਚਰਖੀ ਦੇ ਤਸੀਹੇ ਝੱਲ ਰਹੇ ਸਨ।[1] ਜਦ ਦੀਨ ਕਬੂਲ ਕਰਨ ਜਾਂ ਇਸੇ ਤਰ੍ਹਾਂ ਮਾਰੇ ਜਾਣ ਦੀ ਗੱਲ ਕਈ ਵਾਰੀ ਦੁਹਰਾਈ ਗਈ ਤਾਂ ਆਪ ਜੀ ਨੇ ਕਿਹਾ ਕਿ ਜੇ ਮਰਨੋਂ ਡਰ ਕੇ ਦੀਨ ਵਿਚ ਆਉਣਾ ਹੈ ਤਾਂ ਕੀ ਫਿਰ ਮੌਤ ਨਹੀਂ ਆਉਣੀ।

*'ਮਰਨੋ ਡਰ ਹਮ ਦੀਨ ਮੋ ਕਰੋਂ।*
*ਹੋਇ ਦੀਨ ਮੈ ਫਿਰ ਨਹਿ ਮਰੋਂ।'*

ਭਾਈ ਸ਼ਹਿਬਾਜ਼ ਸਿੰਘ ਦੀ ਪਹਿਲਾਂ ਤਾਂ ਉੱਚੀ ਉੱਚੀ ਅਕਾਲ ਅਕਾਲ ਦੀ ਆਵਾਜ਼ ਆਉਂਦੀ ਰਹੀ ਅਤੇ ਭਾਈ ਸੁਬੇਗ ਸਿੰਘ, 'ਧਨ ਹੈਂ ਤੂੰ ਬੇਟਾ' ਕਹਿੰਦੇ ਰਹੇ। ਪਰ ਫਿਰ ਆਵਾਜ਼ ਹੌਲੀ ਪੈ ਗਈ। ਸਰਦਾਰ ਸ਼ਾਹਿਬਾਜ਼ ਸਿੰਘ ਨਿਢਾਲ ਹੋ ਗਏ।

---

1. (ਊਚੇ ਚਾੜ੍ਹ ਫਿਰ ਬਹੁਤ ਘੁਮਾਇਆ। ਵਾਹਿਗੁਰੂ ਤਿਨ ਨਹਿ ਭੁਲਾਇਆ।
ਜਯੋ ਜਯੋ ਮੁਖ ਤੇ ਗੁਰੂ ਉਚਾਰੇ। ਅਕਾਲ ਅਕਾਲ ਕਰ ਊਚ ਪੁਕਾਰੇ।)

Sri Satguru Jagjit Singh Ji eLibrary NamdhariElibrary@gmail.com

ਉਨ੍ਹਾਂ ਨੂੰ ਚਰਖੜੀ ਤੋਂ ਉਤਾਰ ਹੋਸ਼ ਵਿਚ ਆਂਦਾ ਅਤੇ ਫਿਰ ਸੱਭ ਕਾਜ਼ੀ ਰਲ ਸਮਝਾਉਣ ਲੱਗੇ : ਤੇਰੀ ਉਮਰ ਖਾਣ ਪੀਣ ਦੀ ਹੈ। ਪਿਉ ਤੇਰਾ ਖਾ ਹੰਢਾ ਚੁੱਕਾ ਹੈ, ਜਾਗੀਰ ਲੈ। ਅਨੰਦ ਮਾਣ। ਇਧਰ ਪਿਤਾ ਨੂੰ ਸਮਝਾਉਣ ਕਿ ਪੁੱਤਰ ਰੱਖ ਲੈ, ਜੜ੍ਹ ਰਹਿ ਜਾਸੀ। ਸਰਦਾਰ ਸੁਬੇਗ ਸਿੰਘ ਜੀ ਨੇ ਸਭ ਨੂੰ ਉੱਚਾ ਸੁਣਾ ਕੇ ਕਿਹਾ : ਤੁਸੀਂ ਠੀਕ ਕਹਿੰਦੇ ਹੋ ਅਤੇ ਮੈਂ ਵੀ ਤੁਹਾਨੂੰ ਸਾਫ਼ ਕਹਿਣਾ ਚਾਹੁੰਦਾ ਹਾਂ :

*ਸਿਖ ਕਾਜ ਸੁ ਗੁਰੂ ਹਮਾਰੇ।*
*ਸੀਸ ਦੀਉ ਨਿਜ ਸਣ ਪਰਵਾਰੇ। ੨੭।*
*ਹਮ ਕਾਰਨ ਗੁਰ ਕੁਲਹਿ ਗਵਾਈ।*
*ਹਮ ਕੁਲ ਰਾਖੈਂ ਕੌਣ ਬਡਾਈ।*

(ਪ੍ਰਾਚੀਨ ਪੰਥ ਪ੍ਰਕਾਸ਼, ਸਾਖੀ ਸੁਬੇਗ ਸਿੰਘ ਜੰਬਰ ਕੀ)

ਇਹ ਦੇਖ ਕੇ ਕਿ ਪੁੱਤਰ ਸਾਹਮਣੇ ਦ੍ਰਿੜ੍ਹਤਾ ਦੀਆਂ ਗੱਲਾਂ ਕਰਦਾ ਹੈ, ਸੋ ਹੁਕਮ ਦਿੱਤਾ ਕਿ ਪੁੱਤਰ ਨੂੰ ਵੱਖਰਾ ਲੈ ਜਾ ਕੇ ਤਸੀਹੇ ਦਿਓ। ਬੜਾ ਸਤਾਇਆ ਘੁਮਾਇਆ, ਸ਼ਹਿਬਾਜ਼ ਸਿੰਘ ਨੂੰ। ਜਦ ਆਵਾਜ਼ ਬਿਲਕੁਲ ਹੀ ਬੰਦ ਹੋ ਗਈ ਤਾਂ ਸੁਬੇਗ ਸਿੰਘ ਜੀ ਨੇ ਸ਼ੁਕਰ ਕੀਤਾ ਪਰ ਨਾਲ ਹੀ ਦਿਲ ਵਿਚ ਆਇਆ ਕਿ ਹੈ ਕੋਈ ਅਜਿਹਾ ਸਿੱਖ ਜਿਸ ਨੇ ਪੁੱਤਰ ਸਾਹਮਣੇ ਚਿਰਾਇਆ ਹੋਵੇ। ਉਧਰ ਨੀਰ ਛਿੜਕ ਬੱਚੇ ਨੂੰ ਹੋਸ਼ ਲੈ ਆਂਦੀ ਤੇ ਕਹਿਣਾ ਸ਼ੁਰੂ ਕੀਤਾ ਕਿ ਤੇਰਾ ਨਵਾਂ ਜਨਮ ਹੋਇਆ ਹੈ। ਤੂੰ ਰੱਖ ਵਿਖਾਈ ਹੈ। ਜੋ ਹਿੰਦੂ ਤੋਂ ਮੁਸਲਮਾਨ ਬਣੇ ਲੋਕ ਸਨ, ਉਨ੍ਹਾਂ ਨੂੰ ਪਾਸ ਬਿਠਾ ਲਿਆ। ਗੱਲਾਂ ਵਿਚ ਲਗਾ ਲਿਆ ਤੇ ਸ਼ਹਿਬਾਜ਼ ਸਿੰਘ ਨੇ ਸਿਰ ਸੁੱਟ ਦਿੱਤਾ। ਆਪੂੰ ਨਵਾਬ ਨੇ ਜਾ ਕੇ ਖ਼ਬਰ ਸੁਬੇਗ ਸਿੰਘ ਜੀ ਨੂੰ ਸੁਣਾਈ। ਉਨ੍ਹਾਂ ਯਕੀਨ ਨ ਕੀਤਾ। ਕੋਲ ਲੈ ਗਏ ਤਾਂ ਭਾਈ ਜੀ ਨੇ ਬੇਟੇ ਵੱਲ ਨੈਣ ਭਰ ਕੇ ਤੱਕਿਆ।[1] ਜੁੱਤੀ ਉਤਾਰ ਛੁਹਾਈ ਤਾਂ ਬੇਟਾ ਉੱਚੀ ਉੱਚੀ 'ਅਕਾਲ ਅਕਾਲ' ਬੋਲਣ ਲੱਗ ਪਿਆ ਅਤੇ ਸਰਦਾਰ ਸ਼ਹਿਬਾਜ਼ ਸਿੰਘ ਨੇ ਉੱਚੀ ਜਿਹੀ ਕਿਹਾ :

*ਅਪਨਾ ਕਲਮਾ ਹਮੇ ਪਿਯਾਰਾ।*
*ਸਤਿਨਾਮ ਜੋ ਗੁਰ ਤੇ ਲੀਯਾ।*
*ਵਾਹਿਗੁਰੂ ਗੁਰ ਕਲਮਾ ਦੀਆ।*

ਹੁਣ ਹੋਰ ਜੋਸ਼ [2] ਨਾਲ ਦੋਹਾਂ ਨੂੰ ਚਰਖੜੀ ਤੇ ਜਲਾਦਾਂ ਚਾੜ੍ਹਿਆ ਅਤੇ ਤਦ ਤਕ ਨ ਉਤਾਰਿਆ, ਜਦ ਤਕ ਦੋਵੇਂ ਸ਼ਹੀਦ ਨ ਹੋ ਗਏ।

---

1. (ਤਬ ਤਿਨ ਪਨਹੀ ਪਗੋਂ ਉਤਾਰੀ।
ਚਰਨ ਛੁਹਾਇ ਦਯੋ ਇਕ ਬਾਰੀ।
'ਅਕਾਲ ਅਕਾਲ' ਕਹਿ ਬਚਨ ਉਚਾਰਾ।
ਮੇਟਯੋ ਖਾਲਸੇ ਲੇਖ ਬਿਕਾਰਾ।
ਸਤਿਨਾਮ ਕਹਿ ਕਰਤਾ ਪੁਰਖ।
ਮਿਟ ਗਏ ਹਰਫ਼ ਜੁ ਹੋਣੇ ਤੁਰਕ। ੪੮। (ਪ੍ਰਾਚੀਨ ਪੰਥ ਪ੍ਰਕਾਸ਼)

2. ਤਬ ਨਵਾਬ ਮਨ ਆਯੋ ਰੋਸ।
ਮਾਰੋ ਲੜਕੇ ਕੋ ਕਰ ਜੋਸ਼।

ਇਸ ਸ਼ਹਾਦਤ ਨੇ ਆਮ ਸਿੱਖਾਂ ਤੇ ਇਹ ਪ੍ਰਗਟ ਕਰ ਦਿੱਤਾ ਕਿ ਉਨ੍ਹਾਂ ਦੀ ਵੀ ਜਾਨ ਮਾਲ ਮਹਿਫੂਜ਼ ਨਹੀਂ ਹੈ। ਪੰਥ ਨਾਲੋਂ ਕੱਟ ਦੂਰ ਰਹਿਣਾ ਸੋਭਦਾ ਨਹੀਂ।

**ਹੋਰ ਸ਼ਹੀਦੀਆਂ :** ਇਸੇ ਸਮੇਂ ਹੋਰ ਕਈ ਪ੍ਰਸਿੱਧ ਸ਼ਹਾਦਤਾਂ ਹੋਈਆਂ। ਸਹਿਸਰ ਦੇ ਵਸਨੀਕ ਭਾਈ ਦਿਆਲ ਸਿੰਘ, ਭਾਈ ਹੀਰਾ ਸਿੰਘ ਰੰਘੜ ਨੰਗਲ, ਭਾਈ ਰੂਪ ਸਿੰਘ ਖੁੱਡੀਆਂ ਵਾਲੇ, ਭਾਈ ਤੇਗ ਸਿੰਘ ਮਹਿਤਾਬਕੋਟ, ਭਾਈ ਸਦਨ ਸਿੰਘ, ਭਾਈ ਤਕੜਾ ਸਿੰਘ, ਭਾਈ ਬਹਾਦਰ ਸਿੰਘ, ਬੁਲਾਕਾ ਸਿੰਘ, ਭਾਈ ਪਹਾੜਾ ਸਿੰਘ ਨੂੰ ਨਖਾਸ ਚੌਕ ਵਿਚ ਸ਼ਹੀਦ ਕੀਤਾ ਗਿਆ।

**ਭਾਈ ਹਕੀਕਤ ਰਾਇ ਦੀ ਸ਼ਹਾਦਤ :** ਭਾਈ ਹਕੀਕਤ ਰਾਇ ਦੇ ਦਾਦਾ ਭਾਈ ਨੰਦ ਲਾਲ ਪੁਰੀ ਗਲੋਟੀਆਂ ਖ਼ੁਰਦ (ਸਿਆਲਕੋਟ) ਦੇ ਰਹਿਣ ਵਾਲੇ ਸਨ। ਜਦ ਗੁਰੂ ਹਰਿ ਰਾਇ ਜੀ ਗਲੋਟੀਆਂ ਪੁੱਜੇ ਤਾਂ ਭਾਈ ਜੀ ਨੇ ਸੱਤਵੇਂ ਪਾਤਸ਼ਾਹ ਦੇ ਦਰਸ਼ਨ ਕੀਤੇ ਤੇ ਉਪਦੇਸ਼ ਮੰਗਿਆ ਜਿਸ ਰਾਹੀਂ ਉਹ ਵੀ ਸਿੱਖੀ ਪਾ ਸਕਣ। ਗੁਰੂ ਹਰਿ ਰਾਇ ਜੀ ਨੇ ਫ਼ਰਮਾਇਆ : ਤਿੰਨ ਗੱਲਾਂ ਨਹੀਂ ਕਰੇਂਗਾ ਤਾਂ ਤੇਰੇ ਘਰ ਧਰਮ ਰਹੇਗਾ। ਇਕ ਟੋਪੀ ਨ ਪਹਿਨਣੀ। ਦੂਜੇ, ਤਮਾਕੂ ਨ ਪੀਣਾ, ਤੀਜੇ, ਕੇਸ ਕਤਲ ਨ ਕਰਾਉਣੇ। ਭਾਈ ਨੰਦ ਲਾਲ ਜੀ ਨੇ ਤਿੰਨੇ ਗੱਲਾਂ ਪੱਲੇ ਬੰਨ੍ਹੀਂ ਰੱਖੀਆਂ ਤੇ ਉਨ੍ਹਾਂ ਦਾ ਨਾਂ ਹੀ 'ਧਰਮੀ' ਪੈ ਗਿਆ। ਉਨ੍ਹਾਂ ਦੇ ਪੁੱਤਰ ਭਾਈ ਬਾਘ ਮਲ ਭਾਵੇਂ ਅਮੀਰ ਬੇਗ ਦੀ ਕਚਹਿਰੀ ਅਹਿਲਕਾਰ ਸਨ, ਪਰ ਸਿੰਘਾਂ ਨਾਲ ਹਮਦਰਦੀ ਰੱਖਦੇ ਸਨ ਅਤੇ ਰਸਦ-ਰਕਮ ਤੇ ਲੁੜੀਂਦੀਆਂ ਖ਼ਬਰਾਂ ਪੁਜਾਂਦੇ ਰਹਿੰਦੇ ਸਨ। ਉਨ੍ਹਾਂ ਦੇ ਘਰ ਮਾਈ ਗੌਰਾਂ[1] ਦੀ ਕੁਖੋਂ ਹਕੀਕਤ ਰਾਇ ਦਾ ਜਨਮ ਹੋਇਆ। ਬੀਬੀ ਗੌਰਾਂ ਤੇ ਬੀਬੀ ਕੌਰਾਂ ਦੋ ਭੈਣਾਂ ਭਾਈ ਲਛੀਰਾਮ ਸਿੰਘ ਜੀ ਦੀਆਂ ਪੁੱਤਰੀਆਂ ਸਨ। ਕੌਰਾਂ ਦੂਜੇ ਭਰਾ ਭਾਗ ਮਲ ਨਾਲ ਵਿਆਹੀ ਹੋਈ ਸੀ। ਹਕੀਕਤ ਰਾਇ ਦੇ ਮਾਮੇ ਭਾਈ ਅਰਜਨ ਜੀ ਨੂੰ ਸ਼ਹੀਦ ਕੀਤਾ ਗਿਆ।

ਜਦ ਜ਼ਕਰੀਆ ਖ਼ਾਨ ਨੇ ਇਹ ਫ਼ੈਸਲਾ ਕੀਤਾ ਕਿ ਸਿੰਘਾਂ ਤਕ ਮਦਦ ਪਹੁੰਚਾਣ ਵਾਲਾ ਵੀ ਉਤਨਾ ਹੀ ਦੋਸ਼ੀ ਹੋਵੇਗਾ ਤਾਂ ਸਰਕਾਰੀ ਕਰਮਚਾਰੀਆਂ ਨੇ ਭਾਈ ਬਾਘ ਮੱਲ ਨੂੰ ਤੰਗ ਕਰਨਾ ਅਰੰਭ ਕਰ ਦਿੱਤਾ। ਭਾਈ ਹਕੀਕਤ ਰਾਇ ਜੀ ਦੀ ਸ਼ਾਦੀ ਬਟਾਲਾ ਦੇ ਸਰਦਾਰ ਕਿਸ਼ਨ ਸਿੰਘ ਦੀ ਲੜਕੀ ਨਾਲ ਹੋਈ ਸੀ। ਉਂਜ ਤਾਂ ਇਹ ਸ਼ਾਦੀ ਵਾਲਾ ਬਹਾਨਾ ਹੀ ਕਾਫ਼ੀ ਸੀ ਪਰ ਗੱਲ ਇਹ ਬਣਾਈ ਗਈ ਕਿ ਹਕੀਕਤ ਰਾਇ ਨੇ ਹਜ਼ਰਤ ਮੁਹੰਮਦ ਸਾਹਿਬ ਦੀ ਸ਼ਾਨ ਵਿਚ ਕੁਬੋਲ ਬਚਨ ਬੋਲੇ ਹਨ। ਆਪ ਜੀ ਨੂੰ ਗ੍ਰਿਫ਼ਤਾਰ ਕਰਕੇ ਲਾਹੌਰ ਭੇਜ ਦਿੱਤਾ ਗਿਆ। ਜਦ ਉਨ੍ਹਾਂ ਨੂੰ ਸ਼ਹੀਦ ਕਰਨ ਦੀ ਖ਼ਬਰ ਲਾਹੌਰ ਫੈਲੀ ਤਾਂ ਦੀਵਾਨ ਸੂਰਤ ਸਿੰਘ, ਲਾਲਾ ਦਰਗਾਹੀ ਮੱਲ ਅਤੇ ਜਮਾਂਦਰ ਕਸੂਰ ਬੇਗ ਵੀ ਜ਼ਕਰੀਆ ਖ਼ਾਨ ਪਾਸ ਗਏ ਕਿ ਹਕੀਕਤ ਨੂੰ ਛੱਡ ਦਿੱਤਾ ਜਾਏ, ਪਰ ਜ਼ਕਰੀਆ ਖ਼ਾਨ ਨੇ ਇਕ ਨ ਸੁਣੀ। ਉਨ੍ਹਾਂ ਨੂੰ ਸਿੰਘਾਂ ਨਾਲ ਹੀ ਸ਼ਹੀਦ ਕਰ ਦਿੱਤਾ ਗਿਆ ਤੇ ਸੰਸਕਾਰ ਸ਼ਾਹ ਬਲਾਵਲ ਦੇ ਮਕਬਰੇ ਲਾਗੇ ਕੀਤਾ।

ਵਾਰ ਹਕੀਕਤ ਰਾਇ ਧਰਮੀ ਵਿਚ ਭਾਈ ਅਗਰਾ ਸਿੰਘ ਸੇਠੀ ਨੇ ਸ਼ਹਾਦਤ ਬਾਰੇ ਲਿਖਿਆ ਹੈ :

1. ਭਾਈ ਕਨ੍ਹਈਆ ਜੀ ਦੀ ਪੋਤਰੀ ਸੀ।

Sri Satguru Jagjit Singh Ji eLibrary NamdhariElibrary@gmail.com

*ਚਾਰ ਘੜੀ ਫਿਰ ਸਤਿਗੁਰ ਸਿਮਰਿਆ*
*ਸਿਰ ਪਰ ਚੀਰਾ ਧਰਿਆ।*
*ਅਖੀਂ ਲਾਲ ਗੁਲਾਲੇ ਹੋਈਆਂ*
*ਰੰਗ ਅਜਬ ਪ੍ਰੇਮ ਦਾ ਚੜ੍ਹਿਆ।*
*ਜੋ ਵੇਖੇ ਸੂਰਤਿ ਧਰਮੀ ਦੀ,*
*ਅੰਦਰ ਆਹ ਦਾ ਭਰਿਆ।*
*ਕਹੁ ਜੀ! ਲਿਸ਼ਕਨ ਤੇਗਾਂ ਤੇ ਤਲਵਾਰੀਂ,*
*ਧਰਮੀ ਮੂਲ ਨ ਡਰਿਆ।*
*ਜਬ ਦਿਤੀ ਜਾਨ ਹਕੀਕਤ ਨੇ,*
*ਤਬ ਹੋਇਆ ਧਰਮ ਸਹਾਈ।*
*ਵਿਚ ਲਾਹੌਰ ਦੇ ਮਾਤਮ ਹੋਇਆ*
*ਕਿਆ ਕੋਈ ਆਖ ਸੁਣਾਈ।*
*ਸੂਰਜ ਗਮ ਪਰ ਆਇਆ ਹੈ*
*ਮਹਲਾਂ ਪਰ ਫਿਰੀ ਸਿਆਹੀ।*
*ਕਹੁ ਜੀ! ਧਉਲ ਧਰਮ ਦਾ ਕੰਬ ਗਿਆ*
*ਜਿਸ ਧਰਤੀ ਸਭ ਹਿਲਾਈ।*

ਹਕੀਕਤ ਰਾਇ ਦੇ ਸਹੁਰੇ ਸਰਦਾਰ ਕਿਸ਼ਨ ਸਿੰਘ ਉੱਪਲ ਤੇ ਉਸ ਦੇ ਭਰਾਵਾਂ ਮੱਲ ਸਿੰਘ ਤੇ ਡਲ ਸਿੰਘ ਅਤੇ ਹੋਰ ਸਿੰਘਾਂ ਨੂੰ ਜਦੋਂ ਇਸ ਸ਼ਹਾਦਤ ਦਾ ਪਤਾ ਲੱਗਾ ਤਾਂ ਸਿੰਘਾਂ ਨੇ ਸਿਆਲਕੋਟ ਤੇ ਹੱਲਾ ਬੋਲ ਦਿੱਤਾ ਤੇ ਕਾਜ਼ੀ ਜਿਸ ਨੇ ਫਤਵਾ ਦਿੱਤਾ ਸੀ, ਨੂੰ ਮਾਰ ਮੁਕਾਇਆ ਤੇ ਫ਼ੌਜਦਾਰ ਅਮੀਰ ਖ਼ਾਨ, ਜੋ ਹਕੀਕਤ ਰਾਇ ਨੂੰ ਲਾਹੌਰ ਲੈ ਗਿਆ ਸੀ, ਦਾ ਸਿਰ ਵੱਢਿਆ ਅਤੇ ਬਟਾਲੇ ਸ਼ਹਿਰ ਵੱਢੇ ਸਿਰ ਨੂੰ ਘੁਮਾਇਆ।

**ਭਾਈ ਭਲੇ ਰਾਮ ਦੀ ਬੀਰਤਾ** : ਮੁਲਤਾਨ ਦੇ ਨੇੜੇ ਨੂਰ ਪੁਰ ਵਿਚ ਅੱਡਨ ਸ਼ਾਹੀ ਭਾਈ ਭਲਾ ਰਾਮ ਦਾ ਟਿਕਾਣਾ ਸੀ। ਭਾਈ ਜੀ ਜਿਥੇ ਨਾਮ ਸਿਮਰਨ ਦੀ ਮੂਰਤ ਸਨ, ਉਥੇ ਜੁਰਅੱਤ ਦਾ ਵੀ ਮੁਜੱਸਮਾ ਸਨ। ਜੋ ਚੜ੍ਹਤ ਜਾਂ ਪ੍ਰਸ਼ਾਦ ਆਵੇ ਉਹ ਸਿੰਘਾਂ ਨੂੰ ਪਹੁੰਚਾ ਦੇਂਦੇ। ਲੰਗਰ ਵੀ ਸਦਾ ਵਰਤਦਾ ਰਹਿੰਦਾ। ਦੀਵਾਨ ਵੀ ਸਜਦੇ। ਉਨ੍ਹਾਂ ਦੇ ਪ੍ਰਚਾਰ ਸਦਕਾ ਸਾਰੇ ਨਗਰ ਤੇ ਇਲਾਕੇ ਵਿਚ ਗੁਰਮਤਿ ਦੀ ਜਾਗ ਲੱਗੀ। ਸੰਗਤਾਂ ਵਿਚ ਉਤਸ਼ਾਹ ਹਰ ਵੇਲੇ ਭਰਿਆ ਰਹਿੰਦਾ ਅਤੇ ਕਈ ਸੂਰਮੇ ਜੂਝਨ ਲਈ ਤਿਆਰ ਰਹਿੰਦੇ। ਮੁਲਤਾਨ ਦੇ ਨਾਜ਼ਮ ਨੇ ਨੂਰ ਪੁਰ ਚੜ੍ਹਾਈ ਕਰਨ ਦਾ ਹੁਕਮ ਭੇਜਿਆ। ਉਹ ਵੀ ਇਹ ਪ੍ਰਗਟ ਕਰਨਾ ਚਾਹੁੰਦਾ ਸੀ ਕਿ ਲਾਹੌਰ ਦੀ ਨੀਤੀ ਨਾਲ ਉਹ ਸਹਿਮਤ ਹੈ। ਨੂਰਪੁਰ ਦੇ ਲੋਕਾਂ ਟਾਕਰੇ ਦੀ ਤਿਆਰੀ ਕੀਤੀ, ਪਰ ਮੁਲਤਾਨ ਦੀ ਫ਼ੌਜ ਦੇਖ ਕੇ ਹੌਸਲੇ ਢਾਹ ਬੈਠੇ। ਭਾਈ ਭਲਾ ਰਾਮ ਜੀ ਨੇ ਕਿਲ੍ਹੇ ਵਿਚ ਘਿਰੀ ਇਲਾਕੇ ਦੀ ਫ਼ੌਜ ਨੂੰ ਡਟਣ ਲਈ ਕਿਹਾ। ਔਰਤਾਂ ਨੇ ਵੀ ਫਿਟਕਾਰ ਪਾਈ ਕਿ ਸ਼ਸਤਰ ਤੇ ਤਲਵਾਰਾਂ ਸਾਨੂੰ ਦਿਓ ਜੋ ਅਸੀਂ ਜਾਇ ਲੜਾਂਗੀਆਂ, ਤੁਸੀਂ ਘਰ ਬੈਠੋ। ਭਾਈ ਭਲੇ ਰਾਮ ਜੀ ਨੇ ਆਪੂੰ ਸੋਟਾ ਲੈ ਕੇ ਫ਼ੌਜਾਂ ਤੇ ਧਾਵਾ ਬੋਲਿਆ। ਸੂਰਮੇ ਸੰਤ

Sri Satguru Jagjit Singh Ji eLibrary NamdhariElibrary@gmail.com

ਨੂੰ ਜੂਝਦਾ ਦੇਖ ਇਲਾਕੇ ਦੇ ਲੋਕ ਤੇ ਸਿਪਾਹੀ ਟੁੱਟ ਕੇ ਪਏ। ਮੁਲਤਾਨ ਦੀਆਂ ਫ਼ੌਜਾਂ ਨੂੰ ਹਾਰ ਦੇ ਕੇ ਬੰਦੀ ਬਣਾਇਆ। ਬੰਦੀਆਂ ਨੂੰ ਭਾਈ ਭਲਾ ਰਾਮ ਜੀ ਨੇ ਆਜ਼ਾਦ ਕਰਵਾਇਆ। ਅਬਦਾਲੀ ਨੇ ਵੀ ਇਸ ਪਿੰਡ ਤੇ ਹੱਲਾ ਕੀਤਾ, ਪਰ ਜਦ ਵੀ ਹਮਲਵਾਰ ਆਉਂਦੇ, ਭਾਂਜ ਖਾਂਦੇ।

**ਜਲੰਧਰ ਦੁਆਬ ਦੇ ਸਿੰਘਾਂ ਦੀ ਹਾਲਤ** : ਜ਼ਕਰੀਆ ਖ਼ਾਨ ਆਪ ਮਾਝੇ ਵਿਚ ਸਿੱਖਾਂ ਵਿਰੁੱਧ ਮੁਹਿੰਮ ਦੀ ਅਗਵਾਈ ਕਰ ਰਿਹਾ ਸੀ ਇਸ ਲਈ ਮਾਝੇ ਦੇ ਇਲਾਕੇ ਵਿਚ ਸਿੱਖਾਂ ਦਾ ਖੁਲ੍ਹੀ ਤਰ੍ਹਾਂ ਰਹਿਣਾ ਇਕ ਕਠਿਨ ਜਿਹੀ ਗੱਲ ਬਣ ਗਈ ਸੀ। ਹਲ ਵਾਹੁੰਦੇ, ਖੇਤੀ-ਬਾੜੀ ਕਰਦੇ, ਵਿਉਪਾਰ ਵਿਚ ਰੁੱਝੇ ਅਤੇ ਖ਼ਾਸ ਕਰ ਮਿਲਵਰਤਣੀਏ (ਚਕਰੈਲ) ਵੀ ਜ਼ਕਰੀਆ ਖ਼ਾਨ ਦੇ ਅਤਾਬ ਤੋਂ ਨਾ ਬਚ ਸਕੇ। ਬੁੱਢਾ ਦਲ ਅਤੇ ਉਸ ਦੇ ਜਥੇਦਾਰ ਮਾਲਵਾ ਜਾ ਟਿਕੇ ਸਨ। ਨਵਾਬ ਕਪੂਰ ਸਿੰਘ ਵੀ ਉਥੇ ਹੀ ਸਿੱਖੀ ਨੂੰ ਵਧਾਣ ਅਤੇ ਜਥੇਬੰਦੀ ਨੂੰ ਮਜ਼ਬੂਤ ਕਰਨ ਵਿਚ ਲੱਗੇ ਹੋਏ ਸਨ। 'ਤਰਨਾ ਦਲ' ਦੇ ਆਗੂਆਂ ਨੇ ਦੁਆਬ ਨੂੰ ਆਪਣਾ ਰਣ ਖੇਤਰ ਬਣਾ ਲਿਆ। ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਨੇ ਤਾਂ ਅਦੀਨਾ ਬੇਗ ਨਾਲ ਇਕ ਕਿਸਮ ਦਾ ਗਠ-ਜੋੜ ਵੀ ਕਰ ਲਿਆ ਸੀ, ਜਿਸ ਦਾ ਸਦਕਾ ਹੁਸ਼ਿਆਰਪੁਰ ਤੇ ਇਰਦ ਗਿਰਦੇ ਇਲਾਕੇ ਵਿਚ ਸਿੱਖ ਖੁਲ੍ਹੀ ਤਰ੍ਹਾਂ ਫਿਰ ਸਕਦੇ ਸਨ। ਅਦੀਨਾ ਬੇਗ ਵੀ ਸਿੱਖਾਂ ਨਾਲ ਵਿਗਾੜਨਾ ਨਹੀਂ ਚਾਹੁੰਦਾ ਸੀ। ਉਹ ਸਮਝਦਾ ਸੀ ਕਿ ਸਿੱਖਾਂ ਦੀ ਤਾਕਤ ਬਿਲਕੁਲ ਘੱਟ ਜਾਣ ਨਾਲ ਉਸ ਦੀ ਲੋੜ ਤੇ ਕਦਰ ਘੱਟ ਜਾਏਗੀ। ਜਾਣ ਬੁਝ ਕੇ ਉਹ ਰੂਪ ਵਟਾ ਲੈਂਦਾ ਸੀ ਅਤੇ ਸਿੱਖਾਂ ਨੂੰ ਮੌਕਾ ਦਿੰਦਾ ਸੀ ਕਿ ਉਹ ਆਪਣੇ ਹੱਥ ਦਿਖਾਣ। ਜ਼ਕਰੀਆ ਖ਼ਾਨ ਪਾਸ ਕਾਰਵਾਈ ਪਾਉਣ ਲਈ ਕਦੇ ਕਦਾਈਂ ਸਿੱਖਾਂ ਦੇ ਸਿਰ ਲਾਹੌਰ ਭੇਜ ਦਿੱਤਾ ਕਰਦਾ ਸੀ। ਬਰਾਊਨ ਲਿਖਦਾ ਹੈ : ''ਅਦੀਨਾ ਬੇਗ ਨੇ ਆਪਣੀ ਲੋੜ ਦਾ ਅਹਿਸਾਸ ਕਰਾਈ ਰੱਖਿਆ ਅਤੇ ਆਪਣੀ ਮਹੱਤਤਾ ਘਟਣ ਨਾ ਦਿੱਤੀ।''[1]

**ਮਾਲਵੇ ਵਿਚ ਸਿੱਖਾਂ ਦੀ ਤਾਕਤ** : ਲਾਹੌਰ ਵਿਚ ਬੇਸ਼ੱਕ ਸਿੱਖਾਂ ਉੱਤੇ ਸਖ਼ਤ ਪਾਬੰਦੀ ਸੀ ਅਤੇ ਜਲੰਧਰ ਦੁਆਬ ਵਿਚ ਖੁਲ੍ਹ ਨਹੀਂ ਸੀ, ਪਰ ਮਾਲਵਾ ਐਸਾ ਇਲਾਕਾ ਸੀ ਜਿਥੇ ਸਿੱਖਾਂ ਨੇ ਨਾ ਸਿਰਫ਼ ਖੁਲ੍ਹ ਹਾਸਲ ਕਰ ਲਈ ਸੀ ਸਗੋਂ ਮੱਲਾਂ ਤੇ ਮਾਰਾਂ ਵੀ ਮਾਰ ਰਹੇ ਸਨ। ਦਿੱਲੀ ਦੀ ਹਕੂਮਤ ਇਤਨੀ ਕਮਜ਼ੋਰ ਹੋ ਗਈ ਸੀ ਕਿ ਦਿੱਲੀ ਤੋਂ ਬਾਹਰ ਦਖ਼ਲ ਦੇਣ ਜੋਗੀ ਨਹੀਂ ਸੀ ਰਹੀ। ਸਿੱਖਾਂ ਨਾਲ ਨਜਿੱਠਣਾ ਉਸ ਦੇ ਵੱਸ ਦਾ ਰੋਗ ਨਹੀਂ ਸੀ ਰਿਹਾ। ਬਾਬਾ ਆਲਾ ਸਿੰਘ ਨੇ ਆਪਣਾ ਪ੍ਰਭਾਵ ਖੇਤਰ ਵਧਾ ਲਿਆ ਸੀ। ਨਵਾਬ ਕਪੂਰ ਸਿੰਘ ਜੀ ਦੀ ਹੋਂਦ ਵੀ ਬਹੁਤ ਸੁਖਾਵੀਂ ਸਾਬਤ ਹੋ ਰਹੀ ਸੀ। ਇਸੇ ਦੌਰਾਨ ਜ਼ਕਰੀਆ ਖ਼ਾਨ ਦੀ ਮੌਤ ਹੋ ਗਈ।

*****

1. India Tracts, Browne, p. 13.

Sri Satguru Jagjit Singh Ji eLibrary NamdhariElibrary@gmail.com

# ਛੋਟਾ ਘੱਲੂ-ਘਾਰਾ

## ੧੧

**ਜ਼ਕਰੀਆ ਖ਼ਾਨ ਦੀ ਮੌਤ ਅਤੇ ਪੰਜਾਬ ਵਿਚ ਨਵਾਬੀ ਦਾ ਝਗੜਾ :** ਜ਼ਕਰੀਆ ਖ਼ਾਨ ਨੇ ਅਜੇ ਨਿਰਨਾ ਲਿਆ ਹੀ ਸੀ ਕਿ ਜੰਗਲਾਂ ਨੂੰ ਕੱਟ ਕੇ ਸਾਫ਼ ਕਰ ਦਿੱਤਾ ਜਾਏ ਤਾਂ ਉਸ ਦੀ ਪਹਿਲੀ ਜੁਲਾਈ ੧੭੪੫ ਨੂੰ ਮੌਤ ਹੋ ਗਈ। ਜ਼ਕਰੀਆ ਖ਼ਾਨ ਦੇ ਤਿੰਨ ਪੁੱਤਰ ਸਨ। ਤਿੰਨੇ ਹੀ ਆਪਣੇ ਆਪ ਨੂੰ ਯੋਗ ਵਾਰਸ ਤੇ ਦਾਅਵੇਦਾਰ ਗਿਣਦੇ ਸਨ। ਸਭ ਤੋਂ ਵੱਡੇ ਦਾ ਨਾਮ ਯਾਹੀਆ ਖ਼ਾਨ ਸੀ, ਦੂਜੇ ਦਾ ਨਾਮ ਹਿਯਾਤ ਉੱਲਾ ਖ਼ਾਨ (ਉਸ ਨੂੰ ਸ਼ਾਹਨਵਾਜ਼ ਖ਼ਾਨ ਵੀ ਕਹਿੰਦੇ ਸਨ) ਤੇ ਤੀਜੇ ਦਾ ਨਾਮ ਮੀਰ ਬੱਕੀਯ ਸੀ। ਜ਼ਕਰੀਆ ਖ਼ਾਨ ਦੀ ਬੇਗਮ, ਮੁਹੰਮਦ ਅਮੀਨ ਖ਼ਾਨ[1] ਦੀ ਬੇਟੀ ਅਤੇ ਵਜ਼ੀਰ ਕਮਰ-ਉਦ-ਦੀਨ[2] ਦੀ ਭੈਣ ਸੀ। ਯਾਹੀਆ ਖ਼ਾਨ ਆਪਣੇ ਮਾਮਾ ਕਮਰ-ਉਦ-ਦੀਨ ਦਾ ਜੁਆਈ ਵੀ ਸੀ। ਯਾਹੀਆ ਆਪਣੇ ਪਿਤਾ ਜ਼ਕਰੀਆ ਖ਼ਾਨ ਦੀ ਮੌਤ ਸਮੇਂ ਦਿੱਲੀ ਹੀ ਸੀ। ਕਮਰ-ਉਦ-ਦੀਨ ਇਸੇ ਕੋਸ਼ਿਸ਼ ਵਿਚ ਸੀ ਕਿ ਯਾਹੀਆ ਨੂੰ ਲਾਹੌਰ ਦਾ ਨਾਜ਼ਮ ਨਿਯਤ ਕਰ ਦਿੱਤਾ ਜਾਏ। ਉਸ ਨੇ ਯਾਹੀਆ ਨੂੰ ਛੇਤੀ ਲਾਹੌਰ ਪੁੱਜਣ ਲਈ ਕਿਹਾ ਤੇ ਪਿੱਛੋਂ ਫ਼ਰਮਾਣ ਭੇਜਣ ਦਾ ਵਾਅਦਾ ਕੀਤਾ। ਬੜੀ ਮੁਸ਼ਕਲ ਨਾਲ ਉਸ ਫ਼ਰਮਾਨ ਹਾਸਲ ਕੀਤਾ ਕਿ ਪੰਜਾਬ ਦਾ ਨਾਜ਼ਮ ਤਾਂ ਕਮਰ-ਉਦ-ਦੀਨ ਹੋਵੇਗਾ ਤੇ ਨਾਇਬ ਯਾਹੀਆ ਖ਼ਾਨ।

ਹਿਯਾਤ-ਉੱਲਾ-ਖ਼ਾਨ (ਸ਼ਾਹ ਨਵਾਜ਼ ਖ਼ਾਨ) ਜਲੰਧਰ ਦੁਆਬ ਦਾ ਹਾਕਮ ਸੀ। ਜਦ ਉਹ ੨੧ ਨਵੰਬਰ, ੧੭੪੫ ਨੂੰ ਲਾਹੌਰ ਪੁੱਜਾ ਤਾਂ ਯਾਹੀਆ ਖ਼ਾਨ ਪੂਰਨ ਤੌਰ ਤੇ ਅਧਿਕਾਰ ਜਮਾ ਚੁੱਕਾ ਸੀ। ਭਰਾਵਾਂ ਦੀ ਤੂੰ-ਤੂੰ ਮੈਂ-ਮੈਂ ਵੀ ਹੋਈ, ਪਰ ਸ਼ਾਹ ਨਵਾਜ਼ ਬਟਾਲੇ ਵੱਲ ਚਲਾ ਗਿਆ।

ਤੀਜਾ ਪੁੱਤਰ, ਮੀਰ ਬੱਕੀਯ ਮੁਲਤਾਨ ਦਾ ਗਵਰਨਰ ਸੀ, ਉਹ ਇਨ੍ਹਾਂ ਝਗੜਿਆਂ ਵਿਚ ਨਹੀਂ ਸੀ ਪੈਣਾ ਚਾਹੁੰਦਾ। ਉਸ ਦੀ ਇਤਨੀ ਹੀ ਇੱਛਾ ਸੀ ਕਿ ਮੁਲਤਾਨ ਦੀ ਨਵਾਬੀ ਉਸ ਪਾਸ ਰਹੇ।

---

1. ਜੋ ਸੱਯਦ ਭਰਾਵਾਂ ਨੂੰ ਮਾਰਨ ਉਪਰੰਤ ਆਪੂੰ ਵੀ ਛੇਤੀ ਹੀ ਬਿਮਾਰੀ ਕਾਰਨ 17 ਜਨਵਰੀ, 1721 ਨੂੰ ਮਰ ਗਿਆ।
2. ਉਸ ਦਾ ਅਸਲ ਨਾਮ ਮੀਰ ਮੁਹੰਮਦ ਫ਼ਜ਼ਲ ਸੀ। 1724 ਵਿਚ ਉਸ ਨੇ ਵਜ਼ਾਰਤ ਦਾ ਕੰਮ ਸੰਭਾਲਿਆ ਸੀ।



Sri Satguru Jagjit Singh Ji eLibrary NamdhariElibrary@gmail.com

ਸ਼ਾਹ ਨਵਾਜ਼ ਖ਼ਾਨ, ਬਟਾਲੇ ਤੋਂ ਜਲੰਧਰ ਜਾ ਕੇ ਸਿੱਖਾਂ ਦੀ ਸਹਾਇਤਾ ਵੀ ਕਰਦਾ ਰਿਹਾ। ਇਧਰ ਯਾਹੀਆ ਖ਼ਾਨ ਨੇ ਨਜ਼ਾਮਤ ਲੈਂਦੇ ਸਾਰ ਵਾਗ ਡੋਰ ਲਖਪਤ ਰਾਇ ਹੱਥ ਪਕੜਾ ਦਿੱਤੀ।

**ਸਿੱਖਾਂ ਦਾ ਯਾਹੀਆ-ਸ਼ਾਹ ਨਵਾਜ਼ ਦੇ ਝਗੜੇ ਤੋਂ ਲਾਭ ਉਠਾਉਣਾ** : ਲਾਹੌਰ ਦੀ ਹਕੂਮਤ ਜਿਤਨੀ ਕਮਜ਼ੋਰ ਹੋਵੇ ਸਿੱਖ ਉਤਨਾ ਹੀ ਆਪਣਾ ਭਲਾ ਸਮਝਦੇ ਸਨ। ਸਿੱਖ ਸਦਾ ਇਸ ਤਾਕ ਵਿਚ ਰਹਿੰਦੇ ਸਨ ਕਿ ਕਦ ਹਕੂਮਤ ਢਿੱਲੀ ਤੇ ਕਮਜ਼ੋਰ ਹੋਵੇ ਤੇ ਉਹ ਸਾਜ਼ਿਸ਼ੀਆਂ ਤੇ ਦੋਖੀਆਂ ਨੂੰ ਸਜ਼ਾਵਾਂ ਦੇਣ। ਉਹ ਮੌਕਾ ਜ਼ਕਰੀਆ ਖ਼ਾਨ ਦੀ ਮੌਤ ਅਤੇ ਤਿੰਨਾਂ ਭਰਾਵਾਂ ਦੇ ਝਗੜੇ ਕਾਰਨ ਹੱਥ ਆਇਆ। ਸਿੱਖਾਂ ਨੇ ਆਪਣਾ ਮੂੰਹ ਅੰਮ੍ਰਿਤਸਰ ਤੇ ਲਾਹੌਰ ਵੱਲ ਫੇਰ ਮੋੜਿਆ। ਸਿੱਖਾਂ ਦੇ ਘੋੜੇ ਲਾਹੌਰ ਦੇ ਆਲੇ ਦੁਆਲੇ ਫਿਰਦੇ ਆਮ ਦੇਖੇ ਜਾ ਸਕਦੇ ਸਨ। ਸਿੱਖਾਂ ਦੇ ਜਥੇ ਰੋੜ੍ਹ ਸਾਹਿਬ (ਐਮਨਾਬਾਦ) ਦਰਸ਼ਨ ਕਰਨ ਜਾਂਦੇ ਹੁਣ ਦੇਖੇ ਜਾ ਸਕਦੇ ਸਨ। ਲਾਹੌਰ ਬੇਗਮਪੁਰਾ ਮਾਰ ਕਰ ਕੇ ਆਪਣੀ ਹੋਂਦ ਦਾ ਇਹਸਾਸ ਵੀ ਕਰਾ ਜਾਂਦੇ। ਸਿੰਘ ਇਸ ਤਰ੍ਹਾਂ ਆਪਣਾ ਪਾਤਸ਼ਾਹੀ ਦਾਅਵਾ ਲਾਹੌਰ ਨੇੜੇ ਆ ਕੇ ਦਰਸਾ ਜਾਂਦੇ :

*ਸਿੰਘ ਭੀ ਰਖੈ ਪਤਿਸ਼ਾਹੀ ਦਾਵਾ।*
*ਮਾਰੈਂ ਤੁਰਕਨ ਕਰ ਕੇ ਧਾਵਾ।*

ਸੋ ਜਿਥੇ ਵੀ ਤੁਰਕਾਂ ਦੇ ਕੈਂਪ ਹੁੰਦੇ ਸਿੰਘ ਹਮਲਾ ਕਰ ਕੇ ਲੁਕ ਜਾਂਦੇ। ਲੁਕਦੇ ਵੀ ਉਥੇ ਜਿਥੇ ਮੁਗ਼ਲ ਫ਼ੌਜਾਂ ਪੁੱਜ ਨਾ ਸਕਣ। ਇਸ ਤਰ੍ਹਾਂ 'ਲਾਹੌਰ ਗਿਰਦ ਤਿਨ ਦਯੋ ਉਜਾੜੀ।'

ਅਨੰਦਰਾਮ, ਜੋ ਦਿੱਲੀ ਦੇ ਵਜ਼ੀਰ ਕਮਰ-ਉਦ-ਦੀਨ ਦਾ ਮੁਨਸ਼ੀ ਸੀ, ਨੇ ਲਿਖਿਆ ਹੈ ਕਿ ਸਿੱਖ ਜੋ ਪਹਿਲਾਂ ਛੁੱਪ ਕੱਟੀ ਵਿਚ ਦਿਨ ਕੱਟਦੇ ਸਨ, ਹੁਣ ਆਪਣੇ ਘੁਰਨਿਆਂ ਤੋਂ ਨਿਕਲ ਆਏ ਤੇ ਲਾਹੌਰ ਤਕ ਮਾਰ ਕਰ ਉਜਾੜਾ ਪਾਉਣ ਲੱਗੇ।

**੨੫ ਜਥੇ ਤੇ ਜਥੇਦਾਰ ਨਿਯਤ ਕਰਨੇ** : ਜ਼ਕਰੀਆ ਖ਼ਾਨ ਦੀ ਮੌਤ ਉਪਰੰਤ ਨਵਾਬ ਕਪੂਰ ਸਿੰਘ ਨੇ ੧੪ ਅਕਤੂਬਰ, ੧੭੪੫ ਨੂੰ ਆਪਣੇ ਜਥੇ ਤੋਂ ਇਲਾਵਾ ੨੪ ਹੋਰ ਜਥੇ ਤੇ ਜਥੇਦਾਰ ਨਿਯਤ ਕੀਤੇ : ਪੰਝੀ ਜਥੇਦਾਰਾਂ ਦੇ ਨਾਮ ਇਹ ਹਨ :—

੧. ਸਃ ਸ਼ਾਮ ਸਿੰਘ ਨਾਰੋਕੇ, ੨. ਸਃ ਗੁਰਬਖਸ਼ ਸਿੰਘ ਕਲਸੀਆਂ, ੩. ਸਃ ਕਰਮ ਸਿੰਘ ਪੈਜਗੜ੍ਹ, ੪. ਸਃ ਕਰੋੜਾ ਸਿੰਘ, ੫. ਸਃ ਨੌਧ ਸਿੰਘ ਸ਼ੁਕਰਚੱਕ, ੬. ਸਃ ਗੁਰਦਿਆਲ ਸਿੰਘ ਡੱਲੇਵਾਲ, ੭. ਸਃ ਚੰਦਾ ਸਿੰਘ ਸ਼ੁਕਰਚੱਕ, ੮. ਸਃ ਕਾਲਾ ਸਿੰਘ ਕੰਗ, ੯. ਸਃ ਖ਼ਿਆਲਾ ਸਿੰਘ, ੧੦. ਸਃ ਧਰਮ ਸਿੰਘ, ੧੧. ਸਃ ਜੱਸਾ ਸਿੰਘ ਆਹਲੂਵਾਲੀਆ, ੧੨. ਸਃ ਹਰੀ ਸਿੰਘ ਭੰਗੀ, ੧੩. ਬਾਬਾ ਦੀਪ ਸਿੰਘ, ੧੪. ਨਵਾਬ ਕਪੂਰ ਸਿੰਘ, ੧੫. ਸਃ ਜੈ ਸਿੰਘ, ੧੬. ਸਃ ਸਦਾ ਸਿੰਘ, ੧੭. ਸਃ ਹੀਰਾ ਸਿੰਘ ਨਕਈ, ੧੮. ਸਃ ਅੱਘੜ ਸਿੰਘ, ੧੯. ਸਃ ਸੁੱਖਾ ਸਿੰਘ ਮਾੜੀਕੰਬੋ, ੨੦. ਸਃ ਮਦਨ ਸਿੰਘ, ੨੧. ਸਃ ਬਾਘ ਸਿੰਘ ਹਲੂਵਾਲੀਆ, ੨੨. ਸਃ ਛੱਜਾ ਸਿੰਘ ਪੰਜਵੜ, ੨੩. ਸਃ ਧੀਰ ਸਿੰਘ ਮਜ਼੍ਹਬੀ, ੨੪. ਕਰਮ ਸਿੰਘ ਨਾਰਲੀ ਅਤੇ ੨੫. ਸਃ ਭੂਪਾ ਸਿੰਘ। ਹਰ ਸਿੱਖ ਲਈ ਤਲਵਾਰ, ਘੋੜਾ ਤੇ ਬੰਦੂਕ ਰੱਖਣੀ ਜ਼ਰੂਰੀ ਕਰ ਦਿੱਤੀ ਗਈ। ਇਤਨੇ ਜਥੇ ਬਣਨ ਦਾ ਕਾਰਨ ਦੇਂਦੇ ਪੰਥ ਪ੍ਰਕਾਸ਼ ਦਾ ਲਿਖਾਰੀ ਕਹਿੰਦਾ ਹੈ ਕਿ ਕੋਈ ਵੀ ਉੱਦਮੀ ਤੇ ਸੂਰਮਾ ਸਿੰਘ ਦਸ ਪੰਜ ਸਿਰਲੱਥ ਨਾਲ ਰਲਾ ਕੇ ਜਥਾ ਬਣਾ ਲੈਂਦਾ ਸੀ ਅਤੇ ਉਨ੍ਹਾਂ ਦੇ ਕਾਰਨਾਮੇ

Sri Satguru Jagjit Singh Ji eLibrary NamdhariElibrary@gmail.com

ਦੇਖ ਹੋਰ ਸਿੰਘ ਆ ਬਣਦੇ ਤੇ ਰਲਦੇ ਸਨ :

*"ਜੋਊ ਜੋਊ ਸਿੰਘ ਉਦਮੀ ਹੋਇ।*
*ਦਸ ਪੰਜ ਰਲ ਕੇ ਦੌੜੇਂ ਸੋਇ।"*

**ਜਸਪਤ ਰਾਇ ਦਾ ਕਤਲ** : ਜਸਪਤ ਰਾਇ, ਐਮਨਾਬਾਦ ਦਾ ਫ਼ੌਜਦਾਰ ਸੀ। ਯਾਹੀਆ ਖ਼ਾਨ ਨੇ ਤਾਕਤ ਹੱਥ ਵਿਚ ਲੈਂਦੇ ਸਾਰ ਹੀ ਦੀਵਾਨ ਲਖਪਤ ਰਾਇ ਨੂੰ ਦੀਵਾਨ ਥਾਪਿਆ। ਜਸਪਤ ਰਾਇ, ਲਖਪਤ ਰਾਇ ਦਾ ਵੱਡਾ ਭਰਾ ਸੀ। ਜਦ ਲਖਪਤ ਰਾਇ ਨੇ ਸਿੱਖਾਂ ਦਾ ਰੋੜੀ ਸਾਹਿਬ ਜੁੜਨਾ ਸੁਣਿਆ ਤਾਂ ਉਸ ਖ਼ਾਸ ਹਦਾਇਤਾਂ ਜਸਪਤ ਰਾਇ ਵੱਲ ਭੇਜੀਆਂ। ਜਸਪਤ ਰਾਇ ਨੇ ਇਕੱਠੇ ਸਿੱਖਾਂ ਉੱਤੇ ਹੱਲਾ ਕਰ ਦਿੱਤਾ, ਪਰ ਭਾਈ ਰਤਨ ਸਿੰਘ ਭੰਗੂ ਦਾ ਕਥਨ ਹੈ ਕਿ ਸਿੱਖਾਂ ਨੇ ਜਸਪਤ ਰਾਇ ਨੂੰ ਇਕ ਚਿੱਠੀ ਰਾਹੀਂ ਸ਼ਹਿਰ ਵਿਚੋਂ ਰਸਦ ਪਾਣੀ ਖ਼ਰੀਦ ਕੇ ਲੰਗਰ ਛਕਣ ਉਪਰੰਤ ਚਲੇ ਜਾਣ ਦੀ ਗੱਲ ਕਹੀ। ਸਿੰਘਾਂ ਲਿਖਿਆ ਇਹ ਸੀ ਕਿ :

*'ਹਮਰਾ ਤੁਮਰਾ ਬੈਰ ਸੁ ਨਾਹੀ।*
*ਬੈਰ ਹਮਾਰਾ ਤੁਰਕਨ ਤਾਂਈ।'*

ਜਸਪਤ ਜਾਤਾ ਕਿ ਸਿੰਘ ਕਮਜ਼ੋਰ ਹਨ ਅਤੇ ਬੜੇ ਹੰਕਾਰ ਦੇ ਸ਼ਬਦ ਬੋਲੇ ਕਿ ਤੁਹਾਨੂੰ ਹੁਣੇ ਸੀਸ ਮੁੰਨ ਜੱਟ ਬਣਾਂਦਾ ਹਾਂ ਅਤੇ ਕੇਸਾਂ ਦੇ ਰੱਸੇ ਵੱਟ ਲਾਹੌਰ ਭੇਜਦਾ ਹਾਂ :

*'ਸੀਸ ਮੁੰਨੋ ਤੁਮ ਜਾਟ ਬਨਾਵੋਂ।*
*ਤੁਮਰੇ ਬਾਲ ਮਾਲ, ਬਣਾਵੋਂ।'*

'ਮੈਂ ਤਾਂ ਤੁਹਾਡੀ ਭਾਲ ਵਿਚ ਫਿਰ ਰਿਹਾ ਹਾਂ, ਤੁਸੀਂ ਰਸਦਾਂ ਚਾਹੁੰਦੇ ਹੋ।' ਅਤੇ ਉਸੇ ਵਕਤ ਸਿੱਖਾਂ ਨੂੰ ਸ਼ਹਿਰ, ਗੁਰਦੁਆਰਾ ਖ਼ਾਲੀ ਕਰਨ ਦਾ ਹੁਕਮ ਦਿੱਤਾ। ਸਿੱਖ ਕਈ ਦਿਨਾਂ ਦੇ ਭੁੱਖੇ ਸਨ। ਉਹਨਾਂ ਉਥੋਂ ਜਾਣਾ ਮੁਨਾਸਬ ਨਾ ਸਮਝਿਆ। ਜਸਪਤ ਰਾਇ ਨੇ ਰੋਹ ਵਿਚ ਹੱਲਾ ਕਰ ਦਿੱਤਾ। ਸਿੱਖ ਵੀ ਟਾਕਰੇ ਤੇ ਡਟ ਗਏ ਅਤੇ ਕਿਹਾ : ਮੂਰਖ ਜਸਪਤ ਰਾਇ ਨੇ ਸੁੱਤੇ ਸ਼ੇਰ ਦੀ ਮੁੱਛ ਨੂੰ ਹੱਥ ਪਾਇਆ ਹੈ :

*'ਸ਼ੇਰ ਜਗਾਯੋ ਫੜ ਮੁਛਲ ਸੋਤ।'*

ਜਸਪਤ ਰਾਇ ਹਾਥੀ ਉੱਤੇ ਚੜ੍ਹਿਆ, ਫ਼ੌਜਾਂ ਨੂੰ ਹਮਲਾ ਕਰਨ ਦੇ ਹੁਕਮ ਦੇ ਰਿਹਾ ਸੀ ਕਿ ਭਾਈ ਨਿਬਾਹੂ ਸਿੰਘ ਨੇ ਅੱਗੇ ਵਧ ਕੇ ਜਸਪਤ ਰਾਇ ਉੱਤੇ ਹਮਲਾ ਕਰ ਦਿੱਤਾ। ਹਾਥੀ ਦੀ ਪੂਛ ਪਕੜ ਕੇ ਹੁੱਦੇ ਵਿਚ ਉਹ ਜਾ ਵੜਿਆ ਅਤੇ ਜਸਪਤ ਰਾਇ ਦਾ ਸਿਰ ਵੱਢ ਆਂਦਾ।[1] ਸ਼ਹਿਰ ਵਿਚੋਂ ਰਸਦ ਪਾਣੀ ਲਿਆ। ਲੰਗਰ ਚਲਾਏ ਅਤੇ ਅੱਗੇ ਚਲੇ ਗਏ। ਜਸਪਤ ਰਾਇ ਦਾ ਸਿਰ ਗੁਸਾਈਂ ਕਿਰਪਾ ਰਾਮ ਬਦੋਂਕੀ ਨੂੰ ੫੦੦ ਰੁਪਏ ਲੈ ਕੇ ਵਾਪਸ ਕੀਤਾ।

**ਲਖਪਤ ਰਾਇ ਦੀ ਕਸਮ** : ਲਖਪਤ ਰਾਇ ਨੇ ਜਦ ਜਸਪਤ ਰਾਇ ਦੀ ਮੌਤ ਦੀ ਖ਼ਬਰ ਸੁਣੀ ਤਾਂ ਲੋਹਾ ਲਾਖਾ ਹੋ ਗਿਆ। ਭਰੇ ਦਰਬਾਰ ਵਿਚ ਲਖਪਤ ਰਾਇ ਨੇ ਪਗੜੀ ਉਤਾਰੀ ਤੇ ਪਾਨ ਦਾ ਬੀੜਾ ਚੁੱਕ ਕੇ ਕਸਮ ਉਠਾਈ ਕਿ "ਉਸ ਦਿਨ ਤਕ ਪਗੜੀ ਸਿਰ

1. ਨਿਬਾਹੂ ਸਿੰਘ ਗਜ ਪੈ ਚੜ੍ਹਯੋ ਮਾਰ ਤੇਗ ਦਿਓ ਸੁਟ।

Sri Satguru Jagjit Singh Ji eLibrary NamdhariElibrary@gmail.com

ਉੱਤੇ ਨਹੀਂ ਰੱਖਾਂਗਾ ਜਦ ਤਕ ਸਿੱਖਾਂ ਨੂੰ ਨਹੀਂ ਮੁਕਾ ਲੈਂਦਾ।'' ਵੱਡੇ ਹੰਕਾਰ ਵਿਚ ਉਸ ਕਿਹਾ : ''ਸਿੱਖੀ ਇਕ ਖੱਤਰੀ (ਗੁਰੂ ਨਾਨਕ) ਨੇ ਸ਼ੁਰੂ ਕੀਤੀ ਸੀ। ਹੁਣ ਇਕ ਖੱਤਰੀ ਹੀ ਮੁਕਾਵੇਗਾ। ਉਸ ਸਮੇਂ ਤਕ ਖੱਤਰੀ ਨਹੀਂ ਕਹਿਲਾਵਾਂਗਾ ਜਦ ਤਕ ਸਿੱਖੀ ਮੁਕਾ ਨਹੀਂ ਲੈਂਦਾ। ਸਿੱਖਾਂ ਦੇ ਸਿਰਾਂ ਵਿਚ ਕੈਂਚੀਆਂ ਫੇਰਾਂਗਾ ਤੇ ਇਨ੍ਹਾਂ ਦਾ ਨਾ ਕੋਈ ਨਹੀਂ ਲਵੇਗਾ। ਉਤਨੀ ਦੇਰ ਤਕ ਪਗੜੀ ਵੀ ਸਿਰ ਨਹੀਂ ਬੰਨ੍ਹਾਂਗਾ।'' ਨਵਾਬ ਯਾਹੀਆ ਖ਼ਾਨ ਨੇ 'ਯਿਹ ਅੱਛੀ ਕਾਰ' ਕਹਿ ਹੱਲਾ ਸ਼ੇਰੀ ਦਿੱਤੀ। ਆਪਣੇ ਕੰਮ ਦਾ ਅਰੰਭ ਕਰਨ ਲਈ ਲਾਹੌਰ ਸ਼ਹਿਰ ਦੇ ਸਾਰੇ ਵਸਨੀਕ ਸਿੱਖ ਪਕੜ ਮੰਗਾਏ ਤੇ ੧੦ ਮਾਰਚ, ੧੭੪੬ ਦੀ ਤਰੀਕ ਨਿਯਤ ਕੀਤੀ ਗਈ ਕਿ ਉਨ੍ਹਾਂ ਸਭਨਾਂ ਦੇ ਖੋਪਰ ਉਤਾਰ ਸ਼ਹੀਦ ਕਰ ਦਿਤਾ ਜਾਏ। ਐਸੀ ਭਿਆਨਕ ਖ਼ਬਰ ਸੁਣ ਕੇ ਸ਼ਹਿਰੀ ਪਤਵੰਤੇ ਹਿੰਦੂ, ਗੁਸਾਈਂ ਜਗਤ ਭਗਤ ਦੀਵਾਨ ਕੌੜਾ ਮਲ,[2] ਦੀਵਾਨ ਲਛੀ ਰਾਮ, ਸੂਰਤ ਸਿੰਘ, ਦੀਵਾਨ ਦੇਸ ਰਾਜ, ਚੌਧਰੀ ਜਵਾਹਰ ਮੱਲ ਦੀ ਅਗਵਾਈ ਹੇਠਾਂ ਲਖਪਤ ਰਾਇ ਨੂੰ ਬੇਦੋਸਿਆਂ ਦੇ ਖ਼ੂਨ ਕਰਨ ਤੋਂ ਰੋਕਣ ਆਏ ਅਤੇ ਇਥੋਂ ਤਕ ਕਿਹਾ ਕਿ ਸਾਡੀ ਖ਼ਾਤਰ ਛੱਡ ਦਿਓ।

*'ਸਭ ਮਿਲ ਜਾਏ ਕਹਿ ਗਏ ਏਹੁ।*
*ਹਮ ਖਾਤਰ ਛਡ ਸਿੰਘਨ ਦੇਹੁ।'*

ਪਰ ਲਖਪਤ ਨੇ ਇਕ ਨਾ ਸੁਣੀ ਤੇ ਕਿਹਾ ਕਿ ਰੱਬ ਵੀ ਆਖੇ ਤਾਂ ਨਹੀਂ ਛੱਡਾਂਗਾ। ਉਨ੍ਹਾਂ ਇਹ ਵੀ ਕਿਹਾ ਕਿ ੧੦ ਮਾਰਚ ਨੂੰ ਸੋਮਾਵਤੀ ਅਮਾਵਸ ਹੈ ਉਸ ਦਿਨ ਮਾਰਨਾ ਵੀ ਠੀਕ ਨਹੀਂ, ਪਰ ਉਸ ਆਪਣਾ ਦ੍ਰਿੜ੍ਹ ਇਰਾਦਾ ਦੱਸਿਆ ਅਤੇ ਸਾਰੇ ਸਿੱਖ ਸ਼ਹੀਦ ਕਰ ਦਿੱਤੇ ਗਏ। ਜੇ ਕੋਈ ਜਸਪਤ ਰਾਇ ਦੀ ਪਰਚੋਣੀ ਕਰਨ ਵੀ ਆਇਆ ਤਾਂ ਸਿੱਖਾਂ ਨੂੰ ਮਾਰਨ ਲਈ ਨਾਲ ਟੂਰਨ ਲਈ ਕਿਹਾ।

**ਯਾਹੀਆ ਖ਼ਾਨ ਦੇ ਹੋਰ ਕਰੜੇ ਹੁਕਮ :** ਯਾਹੀਆ ਖ਼ਾਨ ਤਾਂ ਅੱਗੇ ਹੀ ਐਸੇ ਸਾਥੀ ਦੀ ਤਲਾਸ਼ ਵਿਚ ਸੀ ਜੋ ਸਿੱਖਾਂ ਨਾਲ ਨਜਿੱਠ ਸਕੇ। ਲਖਪਤ ਰਾਇ ਦੀ ਹੋਂਦ ਵਿਚ ਉਸ ਆਪਣਾ ਕੰਮ ਹੁੰਦਾ ਦੇਖਿਆ। ਉਹ ਲਖਪਤ ਰਾਇ ਦੇ ਇਸ਼ਾਰੇ ਉੱਤੇ ਟੂਰਨ ਲੱਗਾ। ਯਾਹੀਆ ਖ਼ਾਨ ਨੇ ਵੀ ਸਖ਼ਤ ਤੋਂ ਸਖ਼ਤ ਹੁਕਮ ਕੱਢੇ। ਢੰਡੋਰੇ ਦੇ ਰਾਹੀਂ ਇਹ ਖ਼ਬਰ ਪਹੁੰਚਾਈ ਗਈ ਕਿ ਜਿੱਥੇ ਵੀ ਸਿੱਖ ਮਿਲੇ ਉਸ ਨੂੰ ਪਕੜ ਕੇ ਰਾਜ ਦਰਬਾਰ ਵਿਚ ਪੇਸ਼ ਕੀਤਾ ਜਾਏ। ਕੋਈ

---

1. ਢਿਗ ਨਵਾਬ ਦਈ ਪਗ ਡਾਰ।
ਫੇਰ ਆਨ ਮੈਂ ਬੰਧੋਂਗੋ,
ਸਿੰਘਨ ਕੋ ਪੰਥ ਗਾਰ। (ਪ੍ਰਾਚੀਨ ਪੰਥ ਪ੍ਰਕਾਸ਼)
2. ਦੀਵਾਨ ਕੌੜਾ ਮੱਲ ਨੇ ਸਿੱਖ ਵਸਨੀਕਾਂ ਨੂੰ ਸ਼ਹਿਰ ਛੱਡਣ ਦੀ ਪ੍ਰੇਰਨਾ ਵੀ ਘੱਲੀ ਸੀ ਪਰ ਉਹ ਦੇਰ ਨਾਲ ਮਿਲਣ ਕਰ ਕੇ ਕੋਈ ਵੀ ਸ਼ਹਿਰ ਛੱਡ ਨਾ ਸਕਿਆ।
3. ਹੋਰ ਪਤਵੰਤੇ ਇਹ ਸਨ "ਕੁੰਜਾ ਮੱਲ, ਹਰੀ ਮਲ, ਦਿਲੋ ਰਾਮ, ਸੁਖੂ ਮੱਲ ਬੈਹਲ ਮੱਲ, ਕਸ਼ਮੀਰੀ ਮੱਲ, ਹਰੀ ਸਿੰਘ, ਗੁਲਜ਼ਾਰ ਸਿੰਘ ਅਤੇ ਭਾਈ ਦੇਸ ਰਾਜ।
ਦਿਲੋ ਰਾਮ ਔ ਹਰੀ ਮੱਲ ਔ ਆਯੋ ਬਹਲੋ ਮੱਲ।
ਹਰੀ ਸਿੰਘ, ਗੁਲਜ਼ਾਰ ਸਿੰਘ ਭਾਈ ਦੇਸ ਰਾਜ ਯੋਂ ਚੱਲ।

Sri Satguru Jagjit Singh Ji eLibrary NamdhariElibrary@gmail.com

ਸ਼ਖ਼ਸ ਗੁੜ[1] ਨੂੰ ਗੁੜ ਨਾ ਆਖੇ, ਗੁੜ ਕਿਹਾਂ 'ਗੁਰੂ' ਯਾਦ ਆ ਜਾਂਦਾ ਹੈ ਤੇ ਗੁਰੂ ਯਾਦ ਆਇਆਂ ਗੁਰੂ ਗੋਬਿੰਦ ਸਿੰਘ, ਗੁਰੂ ਗੋਬਿੰਦ ਸਿੰਘ ਦੇ ਨਾਮ ਨਾਲ ਜਜ਼ਬਾ ਭੜਕਦਾ ਹੈ, ਇਸ ਲਈ ਗੁੜ ਨੂੰ ਰੋੜੀ ਜਾਂ ਭੇਲੀ ਆਖੋ। ਕੋਈ ਸ਼ਖ਼ਸ ਪੁਸਤਕ ਨੂੰ ਗ੍ਰੰਥ ਨਾ ਆਖੇ, ਗ੍ਰੰਥ ਆਖਿਆਂ ਸਿੱਖਾਂ ਦਾ 'ਗੁਰੂ ਗ੍ਰੰਥ ਸਾਹਿਬ' ਚੇਤੇ ਆ ਜਾਂਦਾ ਹੈ ਤੇ 'ਗ੍ਰੰਥ ਸਾਹਿਬ' ਚੇਤੇ ਆਇਆਂ ਸਿੱਖੀ ਵਿਚ ਵਾਧਾ ਹੁੰਦਾ ਹੈ। ਸਾਰੇ ਗ੍ਰੰਥ ਨੂੰ ਪੋਥੀ ਆਖਣ। ਗੁਰੂ ਗ੍ਰੰਥ ਸਾਹਿਬ ਲੱਭ-ਢੂੰਡ ਅਗਨੀ ਵਿਚ ਪਾ ਸਾੜੇ ਗਏ। ਕੁਝ ਦਰਿਆ ਤੇ ਖੂਹਾਂ ਵਿਚ ਸੁੱਟ ਦਿੱਤੇ ਗਏ। ਅੰਮ੍ਰਿਤ ਸਰੋਵਰ ਨੂੰ ਮਿੱਟੀ ਨਾਲ ਪੂਰ ਦਿੱਤਾ ਗਿਆ। ਇਹ ਛੋਟੇ ਘੱਲੂਘਾਰੇ ਦਾ ਅਰੰਭ ਸੀ।

**ਛੋਟਾ ਘੱਲੂਘਾਰਾ** : ਲਖਪਤ ਰਾਇ ਲਾਹੌਰ ਦੇ ਵਸਨੀਕਾਂ ਨੂੰ ਸ਼ਹੀਦ ਕਰਨ ਉਪਰੰਤ ਅੰਮ੍ਰਿਤਸਰ ਵਲ ਵਧਿਆ। ਅੰਮ੍ਰਿਤਸਰ ਵੀ ਇਕ ਦਮ ਫ਼ੌਜਾਂ ਦਾ ਹੱਲਾ ਹੋ ਜਾਣ ਕਾਰਨ ਸਿੱਖ ਟਿਕਾਣਿਆਂ ਵੱਲ ਨਾ ਜਾ ਸਕੇ। ਇਹ ਹੀ ਸੋਚ ਬਣੀ ਕਿ ਕਾਹਨੂੰਵਾਨ ਦੇ ਛੰਭਾਂ ਵੱਲ ਚਲਿਆ ਜਾਏ। ਉਥੇ ਹੀ ਬਚ ਜਾਣ ਦੀ ਕੋਈ ਸੂਰਤ ਨਿਕਲ ਸਕਦੀ ਹੈ। ਕਾਹਨੂੰਵਾਨ ਦੇ ਛੰਭਾਂ ਵੱਲ ਜਾਂਦੇ ਹੀ ਰਸਤੇ ਵਿਚ ਫ਼ੌਜਾਂ ਨੇ ਰੋਕ ਪਾ ਕੇ ਸਿੱਖਾਂ ਦੀ ਵਹੀਰ ਦਾ ਮੂੰਹ ਰਾਵੀ ਵੱਲ ਕਰ ਦਿੱਤਾ। ਲਖਪਤ ਰਾਇ ਨੇ ਜੰਗਲ ਕਟਵਾਣੇ ਅਰੰਭ ਕਰ ਦਿੱਤੇ ਤੇ ਝਲ ਸਾੜ ਕੇ ਤੋਪਾਂ ਸੇਧ ਕੇ ਸਿੰਘਾਂ ਤੇ ਚਲਾਈਆਂ। ਭਾਈ ਰਤਨ ਸਿੰਘ ਜੀ ਲਿਖਦੇ ਹਨ :

*"ਤਬਹਿ ਦੀਵਾਨ ਬਿਲਦਾਰ ਬੁਲਾਏ।*
*ਬਿਕਟ ਠੌਰ ਤਹਿ ਰਾਹ ਬਨਵਾਏ।*
*ਝਲ ਗਾੜ੍ਹੇ ਤਹਿ ਫੂਕ ਜਲਾਵੈ।*
*ਸੇਧ ਪੁਰੇ ਤੁਰ ਤੋਪ ਚਲਾਵੈ"॥ ੫੦॥*
*ਤਬ ਸਿੰਘਨ ਕੋ ਬਹੁਤ ਸਤਾਯਾ।*
*ਖਾਣੇ ਨੂੰ ਕੁਛ ਹੱਥ ਨਾ ਆਯਾ।*

ਸਿੰਘਾਂ ਫ਼ੈਸਲਾ ਕਰ ਲਿਆ ਕਿ ਝੱਲਾਂ ਵਿਚ ਲੁਕਿਆਂ ਸ਼ਹੀਦੀਆਂ ਲੈਣੀਆਂ ਠੀਕ ਨਹੀਂ। ਸੋ ਸੂਰਮੇ ਝੱਲਾਂ ਤੋਂ ਬਾਹਰ ਆ ਗਏ। ਪਰ ਕੁਝ ਵੱਡਿਆਂ ਨੇ ਸਲਾਹ ਦਿੱਤੀ ਕਿ ਤੁਹਾਡੀ ਕੁਰਬਾਨੀ ਅਥਾਹ ਹੈ ਪਰ ਸਿਆਣਪ ਇਸ ਵਿਚ ਹੈ ਕਿ ਦਾਅ ਨਾਲ ਲੜਿਆ ਜਾਏ,

*ਭਜ ਭਜ ਲੜਨੋ ਨਹਿ ਕਿਛ ਪਾਪ।*

ਇਸ ਵਿਉਂਤ ਨਾਲ ਸਿੰਘ ਚੁੱਪ ਬੈਠੇ ਰਹਿੰਦੇ ਅਤੇ ਜਦ ਸਿਪਾਹੀ ਉਸ ਥਾਂ ਪੁੱਜ ਜਾਂਦੇ

1. ਪੰਥ ਪ੍ਰਕਾਸ਼ ਭਾਈ ਰਤਨ ਸਿੰਘ ਭੰਗੂ ਦੇ ਲਿਖੇ ਅਨੁਸਾਰ,
"ਗੁੜ ਕੇ ਕਹਨੇ ਗੁਰ ਕਹੈਂ
ਰੋੜੀ ਧ੍ਰਾਯੋ ਨਾਮ।"
"ਗੁੜ ਕਹਣੇ ਮੈਂ ਗੁਰ ਸੁਨਯੋ
ਨਾਨਕ ਕੋ ਨਾਨੂ ਕਹਿਵਾਯੋ।"
ਨਾਨਕ ਬਾਣੀ ਸੁਨੈ ਜੁ ਕਾਨ।
ਤਹਿ ਕਰਾਵੋ ਮੁਸਲਮਾਨ।

Sri Satguru Jagjit Singh Ji eLibrary NamdhariElibrary@gmail.com

ਜਿਥੇ ਤੋਪਾਂ, ਘੋੜੇ ਜਾਂ ਜੰਬੂਰੇ ਨਹੀਂ ਪੁੱਜ ਸਕਦੇ ਸਨ ਤਾਂ ਡਟ ਕੇ ਫੌਜ ਦੀ ਟੁਕੜੀ ਦਾ ਸਫਾਇਆ ਕਰ ਦੇਂਦੇ। ਵਿਚਾਰ ਇਹ ਬਣੀ ਕਿ ਬਸੌਲੀ ਦੀਆਂ ਪਹਾੜੀਆਂ ਵਿਚ ਪਨਾਹ ਲਈ ਜਾਏ। ਇਕ ਪਹਾੜੀਆਂ ਅਤੇ ਦੂਜੇ ਹਿੰਦੂ ਵਸੋਂ। ਪਰ ਉਥੇ ਪਹਿਲਾਂ ਹੀ ਫੌਜਾਂ ਨੂੰ ਲਾਹੌਰ ਤੋਂ ਸ਼ਾਹੀ ਫੁਰਮਾਨ ਪੁੱਜ ਚੁੱਕਾ ਸੀ ਕਿ ਕਿਸੇ ਕਿਸਮ ਦੀ ਪਨਾਹ ਜਾਂ ਮਦਦ ਸਿੱਖਾਂ ਨੂੰ ਨਾ ਦਿਤੀ ਜਾਏ। 'ਬਸੌਲੀ' ਵਿਚ ਸਿੱਖਾਂ ਦਾ ਸਵਾਗਤ ਗੋਲੀਆਂ ਅਤੇ ਪੱਥਰਾਂ ਨਾਲ ਹੋਇਆ। ਸਿੱਖਾਂ ਨੇ ਆਪਣੇ ਆਪ ਨੂੰ ਚਾਰੇ ਪਾਸਿਉਂ ਘਿਰੇ ਹੋਏ ਪਾਇਆ। ਸੱਜੇ ਪਾਸੇ ਰਾਵੀ, ਪਿਛੇ ਫੌਜ, ਅੱਗੇ ਫੌਜ ਅਤੇ ਸਾਹਮਣੇ ਪਹਾੜੀ ਤੇ ਉਤੋਂ ਪੱਥਰਾਂ ਤੇ ਗੋਲੀਆਂ ਦੀ ਵਰਸ਼ਾ। ਨਾ ਰਸਦ, ਨਾ ਪਾਣੀ, ਨਾ ਤੋਪਾਂ, ਨਾ ਬਾਰੂਦ ਘੋੜੇ ਥੱਕੇ ਮਾਂਦੇ ਤੇ ਫਿਰ ਪਹਾੜ ਦੀਆਂ ਚੜ੍ਹਾਈਆਂ। ਸ਼ਸ਼ਤਰ ਕੱਟ ਕੱਟ ਕੇ ਅਤੇ ਲੜ-ਲੜ ਕੇ ਖੁੰਡੇ ਹੋ ਗਏ ਸਨ। ਕਮਾਨਾਂ ਕਮਜ਼ੋਰ ਹੋ ਗਈਆਂ ਤੇ ਤੀਰ ਮੁੱਕ ਗਏ। ਨੇਜ਼ਿਆਂ ਦੇ ਫਾਲੇ ਦੁਸ਼ਮਣਾਂ ਦੇ ਤਨਾਂ ਵਿਚ ਰਹਿ ਗਏ ਸਨ ਤੇ ਹੋਰ ਘੜਨ ਵਾਲੇ ਘਾੜੇ ਨਹੀਂ ਸਨ। ਭਾਈ ਰਤਨ ਸਿੰਘ ਜੀ ਨੇ ਦਿਲ-ਚੀਰਵੀਂ ਤਸਵੀਰ ਖਿੱਚੀ ਹੈ—

*ਨਹਿ ਡੇਰੋ ਸਿੰਘ ਕਰਨਾ ਮਿਲੈ।*
*ਕਹੂੰ ਰਾਤ, ਕਹੂੰ ਦਿਨ ਹੂੰ ਚਲੈ।*
*ਨਹਿ ਸਿੰਘਨ ਕਛੁ ਰਹਿਓ ਪੱਲੈ।*
*ਭਾਰ ਬ੍ਰਦਾਰੀ ਬਿਨ ਕਯਾ ਚਲੈ।੫੪।*
*ਗੋਲੀ ਦਾਰੂ ਕਹੂੰ ਪਹੁੰਚੇ ਨਾਹੀ।*
*ਕਾ ਸੌਂ ਸਿੰਘ ਸੁ ਕਰੈ ਲਰਾਈ।*
*ਸ਼ਸਤ੍ਰ ਕਾਟਤ ਖੁੰਢੇ ਹੋਇ।*
*ਰਾਤ ਦਿਵਸ ਸਿੰਘ ਨਾਹੀ ਸੋਏ।੫੫।*
*ਗਈ ਕਮਾਨ ਟੂਟ ਸੋ ਚਲਤੀ ।*
*ਤੀਰ ਮੁਕੇ ਫਿਰ ਮਿਲੇ ਨ ਭਰਤੀ।*
*ਨੇਜ਼ੋ ਫਲ ਰਹੇ ਦੁਸ਼ਮਣ ਤਨ ਮੇਂ।*
*ਘਾੜੂ ਲਭੇ ਸੁ ਨਾਹੀ ਬਨ ਮੇਂ।੫੬।*
*ਬਿਨ ਦਾਣੇ ਭਏ ਘੋੜੇ ਮਾੜੇ।*
*ਬਿਨ ਬਸਤਰ ਤਨ ਧੂਪ ਸੁ ਸਾੜੇ।*
*ਆਟਾ, ਦਾਣਾ ਨਾਹੀ ਕਯਾ ਪਾਵੈ।*
*ਪਾਣੀ ਵੀ ਤਹਿੰ ਹੱਥ ਨਾ ਆਵੈ।।੫੭।।*

ਇਹ ਵਿਚਾਰ ਬਣੀ ਕਿ ਇਕ ਜਥਾ ਪਹਾੜੀ ਚੜ੍ਹੇ, ਦੂਜਾ ਰਾਵੀ ਪਾਰ ਕਰੇ, ਤੀਜੇ ਭਾਈ ਸੁੱਖਾ ਸਿੰਘ ਮਾੜੀ ਕੰਬੋ ਦੀ ਅਗਵਾਈ ਹੇਠਾਂ ਲਖਪਤ ਰਾਇ ਦਾ ਟਾਕਰਾ ਕਰੇ। ਕਈ ਪਹਾੜੀਂ ਚੜ੍ਹ ਗਏ।

ਸਰਦਾਰ ਗੁਰਦਿਆਲ ਸਿੰਘ ਡੱਲੇਵਾਲ ਅਤੇ ਉਸ ਦੇ ਭਰਾ ਹਰਦਿਆਲ ਸਿੰਘ ਨੇ ਰਾਵੀ ਦਾ ਬਹਾਉ ਦੇਖਣ ਲਈ ਘੋੜੇ ਠੇਲ੍ਹੇ ਹੀ ਸਨ ਕਿ ਗੋਤਾ ਖਾ ਗਏ, ਉਨ੍ਹਾਂ ਦਾ ਕੁਝ

ਪਤਾ ਨਾ ਲੱਗ ਸਕਿਆ। ਦੂਜੇ ਪਾਸੇ ਰਾਵੀ ਲੰਘਣੀ ਇਕ ਔਖੀ ਗੱਲ ਹੋ ਗਈ। ਸੋ ਇਹ ਹੀ ਵਿਚਾਰ ਬਣੀ ਕਿ ਪੈਦਲ ਜਥੇ ਪਹਾੜੀਆਂ ਟੱਪ ਕੇ ਕੁੱਲੂ ਤੇ ਮੰਡੀ ਵੱਲ ਨਿਕਲ ਜਾਣ ਅਤੇ ਜੋ ਘੋੜਿਆਂ ਉੱਤੇ ਹਨ ਉਹ ਪਿੱਛੇ ਮੁੜ ਕੇ ਟਾਕਰਾ ਕਰਨ। ਸੋ ਇਸੇ ਤਰ੍ਹਾਂ ਕੁਝ ਤਾਂ ਪਹਾੜੀਆਂ ਉੱਤੇ ਚੜ੍ਹ ਗਏ ਤੇ ਮੁਸੀਬਤਾਂ ਝਾਗ ਕੇ ਤਕਰੀਬਨ ਛੇ ਮਹੀਨਿਆਂ ਉਪਰੰਤ ਕੀਰਤਪੁਰ ਆ ਸਿੱਖਾਂ ਨੂੰ ਮਿਲੇ। ਜੋ ਬਾਕੀ ਸਿੰਘ ਰਹਿ ਗਏ ਉਹਨਾਂ ਨਿਰਣਾ ਕੀਤਾ ਕਿ ਗੋਲਕਾਰ ਕਿਲ੍ਹੇ ਦੀ ਸ਼ਕਲ ਬਣਾ ਕੇ ਲਖਪਤ ਰਾਇ ਦੀਆਂ ਫ਼ੌਜਾਂ 'ਤੇ ਹੱਲਾ ਬੋਲ ਦਿੱਤਾ ਜਾਏ। ਗੁਰੂ ਦਾ ਬਚਨ ਵੀ ਹੈ ਕਿ ਜੋ ਸਨਮੁਖ ਹੋ ਕੇ ਸਿੱਧਾ ਲੜੇਗਾ ਉਸ ਵਿਚ ਸਵਾ ਲੱਖ ਫ਼ੌਜ ਜਿਤਨਾ ਬਲ ਹੋਵੇਗਾ :

*"ਸਿਧੋ ਮੁਖ ਕਰ ਮਰੈ ਜੁ ਸੂਰਾ।*
*ਸਵਾ ਲਾਖ ਮੈਂ ਲੇਉਗ ਪੂਰਾ।"*

ਸੋ ਮਤਾ ਪਕਾਇਆ :

*"ਸਭ ਹਟੈ ਪੀਛੈ ਖਾਲਸਾ ਜੀ, ਬਾਂਧ ਕਰ ਸਭ ਗੋਲ।*
*ਇਕ ਵਾਰ ਵੱਟ ਕਸੀਸ, ਬਿਸਵੇ ਬੀਸ ਹੱਲਾ ਬੋਲ।*
*ਬਲ ਧਾਰ ਅਸਵ ਵਧਾਇਕੈ, ਦਲ ਲਖੋ ਤੁਰਕੀ ਧਾਇ।*
*ਜੋ ਨਿਕਸੁ ਜੈਹੈ ਰਾਜ ਲੈਹੈ, ਮਰੈ ਗੁਰਪੁਰਿ ਜਾਇ॥ ੫੮॥*[1]

ਇਸ ਮਤੇ ਅਨੁਸਾਰ ਖਾਲਸੇ ਨੇ ਸਿੱਧੀ ਟੱਕਰ ਜਾ ਮਾਰੀ। ਸ਼ੇਰਾਂ ਵਾਂਗ ਉਹ ਗਰਜੇ, ਮੋਰਾਂ ਵਾਂਗ ਉਹ ਪੈਲਾਂ ਪਾਉਂਦੇ ਵੈਰੀਆਂ ਦੀਆਂ ਕਤਾਰਾਂ ਤੋਰੀਆਂ ਵਾਂਗ ਵੇਲਾਂ ਨੂੰ ਚੀਰ ਕੇ ਨਿਕਲ ਗਏ। ਗੁਰੂ ਨੇ ਸਿੰਘਾਂ ਦੀ ਇਵੇਂ ਰੱਖਿਆ ਕੀਤੀ ਜਿਵੇਂ ਬੱਤੀ ਦੰਦਾਂ ਵਿਚ ਜੀਭ ਨੂੰ ਕੁਝ ਨਹੀ ਹੁੰਦਾ :

*ਕਹਿਰ ਜਿਉ ਭਭਕਾਰ, ਇਤ ਉਤ, ਸਿੰਘ ਪਰੋਂ ਬਲ ਧਾਰਿ ਰਿਸਾਈ।*
*ਸਿੰਘ ਸ਼ਹੀਦ ਚਹੈ ਸਭ ਹੋਵਨ, ਤੁਰਕ ਲਰੈ ਨਿਜ ਜਾਨ ਬਚਾਈ।*
*ਮਾਰ ਸਥਾਰ ਕਰੈਂ ਤਲਵਾਰ, ਖੋਜ ਫਿਰੈਂ ਲਖੁ ਦੁਸ਼ਟ ਕੇ ਤਾਈ।*
*ਰਾਖਤ ਸਿੰਘ ਕੋ ਗੁਰ ਯੌਂ, ਜਿਮ ਦਾਂਤਿਨ ਪਾਂਤਿਨ ਜੀਭ ਰਹਾਈ॥ ੬੩॥*

ਨਵਾਬ ਕਪੂਰ ਸਿੰਘ ਜੀ ਅਗਵਾਈ ਕਰ ਰਹੇ ਸਨ, ਸਰਦਾਰ ਜੱਸਾ ਸਿੰਘ ਜੀ ਇਕ ਸਿਰੇ ਨੂੰ ਸਾਂਭ ਰਹੇ ਸਨ ਤੇ ਸਰਦਾਰ ਸੁੱਖਾ ਸਿੰਘ ਜੀ ਅੱਗੇ ਵਧ ਕੇ ਮੋਹਰਲਾ ਪੱਖ ਤੋੜ ਰਹੇ ਸਨ। ਨੇੜੇ ਹੀ ਸੀ ਕਿ ਸਰਦਾਰ ਸੁੱਖਾ ਸਿੰਘ ਲਖਪਤ ਰਾਇ ਨੂੰ ਮਾਰ ਮੁਕਾਉਂਦੇ ਕਿ ਉਹਨਾਂ ਦੇ ਘੋੜੇ ਨੂੰ ਤੋਪ ਦਾ ਇਕ ਐਸਾ ਗੋਲਾ ਲੱਗਾ ਕਿ ਉਹਨਾਂ ਦੀ ਲੱਤ ਸਖ਼ਤ ਜ਼ਖਮੀ ਹੋ ਗਈ ਤੇ ਉਹ ਪਿੱਛੇ ਹਟ ਗਏ। ਪਿੱਛੋਂ ਲੱਤ ਵੱਢ ਕੇ ਲੱਕੜ ਦੀ ਲਗਾਈ ਗਈ।

ਸਰਦਾਰ ਜੱਸਾ ਸਿੰਘ ਜੀ ਦੇ ਪੱਟ ਵਿਚ ਵੀ ਗੋਲੀ ਲੱਗੀ ਪਰ ਆਪ ਜੀ ਨੇ ਪੱਟ ਨੂੰ ਹੰਨੇ ਨਾਲ ਬੰਨ੍ਹ ਲਿਆ ਤੇ ਉਸੇ ਤਰ੍ਹਾਂ ਲੜਦੇ ਰਹੇ, ਜਿਵੇਂ ਸੱਟ ਲੱਗੀ ਹੀ ਨਹੀਂ ਹੁੰਦੀ। ਨਵਾਬ ਕਪੂਰ ਸਿੰਘ ਜੀ ਤੇ ਸਿੱਧਾ ਵਾਰ ਹੋਇਆ ਪਰ ਗੁਰੂ ਕ੍ਰਿਪਾ ਨਾਲ ਉਹ ਬਚ ਗਏ।

---

1. ਪੰਥ ਪ੍ਰਕਾਸ਼, ਕ੍ਰਿਤ ਗਿਆਨੀ ਗਿਆਨ ਸਿੰਘ (ਉਤ੍ਰਾਰਧ ਬਿਸ੍ਰਾਮ ੩੫)।

Sri Satguru Jagjit Singh Ji eLibrary NamdhariElibrary@gmail.com

ਇਹ ਮਨਸੂਬਾ ਬਣਾਇਆ ਕਿ ਹੁਣ ਤਾਂ ਖਿੰਡ ਪੁੰਡ ਜਾਓ ਤੇ ਫਿਰ ਇਕੱਠੇ ਹੋ ਕੇ 'ਮਾਝੇ ਆਣ ਮਚਾਵੋ ਸ਼ੋਰ।' ਢੰਗ ਇਹ ਵਰਤੋ :

*"ਮੁੜ ਮੁੜ ਲੜੋ, ਔ ਤੁਰਦੇ ਜਾਵੋ।*
*ਘੋਰ ਵੱਡਾ ਕੋ ਝਲ ਤਕਾਵੋ।"*

ਜੂਝਦੇ, ਕੱਟਦੇ, ਕਟੀਂਦੇ ਸਿੰਘ ਰਾਵੀ ਪਾਰ ਕਰ ਗਏ।

ਇਹ ਘਟਨਾ ਪਹਿਲੀ ਜੂਨ, ੧੭੪੬ ਨੂੰ ਹੋਈ। ਬਾਕੀ ਸਿੱਖ ਜੋ ਦੋ ਹਜ਼ਾਰ ਦੇ ਕਰੀਬ ਸਨ, ਪੂਰਬੀ ਕਿਨਾਰੇ ਤੋਂ ਰਾਵੀ ਪਾਰ ਕਰ ਕੇ ਰੇਤਲੇ ਮੈਦਾਨ ਵਿਚ ਨਿਕਲ ਗਏ। ਕੈਸੀ ਮਾਰੂ ਦਸ਼ਾ ਸੀ ਕਿ :

*ਅਗਲੇ ਕਹੈਂ ਪਿਛਲੇ ਭਲੇ,*
*ਪਿਛਲੇ ਅਗਾਂਹ ਤਕਾਹਿਂ।*
*ਕੋਊ ਕਿਸੈ ਨ ਕਹਿ ਸਕੈ,*
*ਲਗੈ ਰਾਹ ਤਹਿਂ ਜਾਹਿਂ॥ ੯੨॥*

ਭਾਈ ਰਤਨ ਸਿੰਘ ਜੀ ਲਿਖਦੇ ਹਨ :

*ਬੇਟਾ ਮਿਲਯੋ ਨ ਬਾਪ ਕੋ*
*ਭਾਈ ਮਿਲਯੋ ਨ ਭਾਈ।*

ਪਹਿਲੀ ਜੂਨ ਨੂੰ ਛੋਟੇ ਘੱਲੂਘਾਰੇ ਦਾ ਅਰੰਭ ਸੀ ਤੇ ਦੁੱਖ ਭੁੱਖ ਦੀਆਂ ਮਾਰਾਂ ਸ਼ੁਰੂ ਹੋਈਆਂ ਸਨ। ਰੇਤਲੇ ਮੈਦਾਨਾਂ ਨੂੰ ਜੇਠ ਹਾੜ ਦੀਆਂ ਧੁੱਪਾਂ ਵਿਚ ਪਾਰ ਕਰ ਕੇ ਬਿਆਸ ਤਕ ਪੁੱਜਣਾ ਇਕ ਹੋਰ ਔਖੀ ਘਾਟੀ ਸੀ :

*ਬਹੁਤ ਸੁ ਘਨੀ ਬਰੇਤੀ ਆਈ।*
*ਜਨ ਕਰ 'ਤਤੀ ਤਵੀ' ਬਿਛਾਈ। ੧੫੨।*

ਸਿੱਖਾਂ ਪਗੜੀਆਂ ਉਤਾਰ ਕੇ ਪੈਰਾਂ[1] ਵਿਚ ਬੰਨ੍ਹੀਆਂ ਤੇ ਧੁੱਪਾਂ ਤਨ ਬਦਨ ਤੇ ਸਹਾਰਦੇ ਤੁਰੀ ਗਏ। ਸ੍ਰੀ ਹਰਿਗੋਬਿੰਦਪੁਰ ਦੇ ਲਾਗੇ ਤੋਂ ਬਿਆਸ ਪਾਰ ਕਰ ਗਏ। ਕਈ ਦਿਨਾਂ ਦੇ ਭੁੱਖੇ[2] ਹੋਣ ਕਾਰਨ ਆਪਣੀਆਂ ਢਾਲਾਂ ਨੂੰ ਤਵੇ ਬਣਾ ਕੇ ਰੋਟੀਆਂ ਪਕਾਉਣ ਲੱਗੇ। ਅੱਗ ਦੀ ਥਾਂ ਤਪਦੀ ਰੇਤ ਵਿਚ ਢਾਲਾਂ ਗਰਮ ਕਰਨ ਲਈ ਰੱਖੀਆਂ ਤਾਂ ਕਿ ਢਾਲਾਂ ਉੱਤੇ ਰੋਟੀ ਪਕਾਈ ਜਾ ਸਕੇ। ਅਜੇ ਰੋਟੀਆਂ ਪਕਾਉਣ ਹੀ ਲੱਗੇ ਸਨ ਕਿ ਪਠਾਣਾਂ ਦੇ ਇਕ ਦਸਤੇ ਨੇ ਹਮਲਾ ਕਰ ਦਿੱਤਾ। ਉਹ ਪਠਾਣਾਂ ਨਾਲ ਸਿੱਝ ਸਕਦੇ ਸਨ ਪਰ ਉਹਨਾਂ ਨੂੰ ਇਹ ਖ਼ਬਰ

---

1. ਫ਼ਾਰ ਫ਼ਾਰ ਕਪਰੇ ਤਨ ਕੋਰੇ, ਬਾਧੈ ਨਿਜ ਨਿਜ ਪਰਾਨ ਚੁਫੇਰੇ।
ਤਊ ਭੀ ਜਰੈ ਚਰਨ ਘਤਿ ਗੋਰੇ, ਚਿਲ ਚਲਾਇ ਸਿੰਘ ਆਗੈ ਦੌਰੈ।
ਭੁੱਖਾ ਤਿਖਾ ਕਰ ਭਏ ਲਚਾਰੀ, ਘਾਰਾ ਕਰੈ ਉਪਰ ਤੇ ਭਾਰੀ।
ਯਾ ਬਿਧਿ ਪਾਇ ਮੁਸੀਬਤ ਕੇਤੀ, ਦਲ ਸਿੰਘਨ ਕਾ ਲਖਯੋ ਬਰੇਤੀ।

2. ਔਧੀ ਮੌਤ ਮੁਸਾਫ਼ਰੀ, ਸਾਰੀ ਮੌਤ ਸੁ ਭੁਖ।
ਊਹਾਂ ਆਇ ਦੋਊ ਮਿਲੀ, ਯਹਿ ਭਯੋ ਖਾਲਸੇ ਦੁੱਖ। ੫੮।

(ਪ੍ਰਾਚੀਨ ਪੰਥ ਪ੍ਰਕਾਸ਼)

ਵੀ ਪੁੱਜ ਚੁੱਕੀ ਸੀ ਕਿ ਲਖਪਤ ਰਾਇ ਹੋਰ ਫੌਜਾਂ ਨਾਲ ਪਿੱਛੇ ਆ ਰਿਹਾ ਹੈ। ਸਿੱਖ ਸਤਲੁਜ ਪਾਰ ਕਰਨ ਲਈ ਆਲੀਵਾਲ ਵੱਲ ਭੱਜ ਉੱਠੇ।[1] ਸਤਲੁਜ ਪਾਰ ਕਰਕੇ ਮਾਲਵਾ ਦੀ ਧਰਤੀ ਜਾ ਪੁੱਜੇ। ਮਾਲਵੇ ਦੇ ਸਿੰਘਾਂ ਚੰਗੀ ਦੇਖ ਭਾਲ ਕੀਤੀ ਅਤੇ ਜਥਿਆਂ ਨੂੰ ਵੰਡ ਕੇ ਸੇਵਾ ਕੀਤੀ। ਜੈਤੋ—ਸਰਦਾਰ ਸੁੱਖਾ ਸਿੰਘ, ਕੋਟਕਪੂਰਾ—ਸਰਦਾਰ ਜੱਸਾ ਸਿੰਘ, ਵਿੰਝੂ ਕੇ—ਸਰਦਾਰ ਤਰਲੋਕ ਸਿੰਘ ਧਿੰਗ, ਦਯਾਲਪੁਰੇ—ਭਾਈ ਹਰੀ ਸਿੰਘ ਭੰਗੀ, ਬਠਿੰਡੇ—ਨਕਈ ਸਰਦਾਰ, ਦਮਦਮੇ ਸਾਹਿਬ—ਬਾਬਾ ਦੀਪ ਸਿੰਘ, ਨਵਾਬ ਕਪੂਰ ਸਿੰਘ—ਬਰਨਾਲੇ ਅਤੇ ਸਰਦਾਰ ਚੜ੍ਹਤ ਸਿੰਘ ਪਕੇ-ਪਥਰਾਲੇ। ਇਸ ਤਰ੍ਹਾਂ ਖਿੰਡ ਕੇ ਕੁਝ ਦਿਨ ਕੱਟੇ। ਲਖਪਤ ਰਾਇ ਵੀ ਵਾਪਸ ਮੁੜ ਗਿਆ ਸੀ ਕਿਉਂਜੋ ਉਹ ਖ਼ਿਆਲ ਕਰਦਾ ਸੀ ਕਿ ਸਿੱਖਾਂ ਦੀ ਕਮਰ ਤੋੜ ਦਿੱਤੀ ਗਈ ਹੈ। ਨਾਲੇ ਲਾਹੌਰ ਦੇ ਹਾਲਾਤ ਮੁੜਨ ਦੀ ਪ੍ਰੇਰਨਾ ਕਰ ਰਹੇ ਸਨ। ਇਸ ਘੱਲੂ-ਘਾਰੇ ਵਿਚ ੧੦,੦੦੦[2] ਦੇ ਕਰੀਬ ਸਿੱਖਾਂ ਦਾ ਜਾਨੀ ਨੁਕਸਾਨ ਹੋਇਆ ਅਤੇ ਇਹ ਘੱਲੂਘਾਰਾ ੩੦ ਜੂਨ ਤਕ ਹੁੰਦਾ ਰਿਹਾ। ਇਸ ਲੜਾਈ ਵਿਚ ਬਹੁਤ ਭਾਰੀ ਨੁਕਸਾਨ ਹੋਣ ਕਰ ਕੇ ਸਿੱਖ ਇਸ ਨੂੰ ਛੋਟਾ ਘਲੂਘਾਰਾ ਕਹਿੰਦੇ ਹਨ। ਵੱਡਾ ਘਲੂਘਾਰਾ ਅਬਦਾਲੀ ਦੇ ਵੇਲੇ ੫ ਫਰਵਰੀ, ੧੭੬੨ ਨੂੰ ਹੋਇਆ। ਕਈ ਸਿੱਖਾਂ ਦੇ ਸਿਰਾਂ ਦੇ ਗੱਡੇ ਭਰ ਕੇ ਲਖਪਤ ਰਾਇ ਲਾਹੌਰ ਲੈ ਗਿਆ। ਉਥੇ ਹੀ ਸਿਰਾਂ ਦਾ ਮੀਨਾਰ ਉਸਾਰਿਆ। ਕਈ ਸੌ ਜਿਊਂਦੇ ਵੀ ਪਕੜ ਕੇ ਲੈ ਗਿਆ ਅਤੇ ਉਹਨਾਂ ਨੂੰ ਘੋੜਿਆਂ ਦੀ ਮਾਰਕੀਟ (ਨਖਾਸ) ਦੇ ਲਾਗੇ ਸ਼ਹੀਦ ਕੀਤਾ, ਜਿਥੇ ਅੱਜ ਕਲ੍ਹ ਸ਼ਹੀਦ ਗੰਜ ਹੈ।[3]

**ਯਾਹੀਆ ਖ਼ਾਨ ਦੀ ਹਾਰ ਤੇ ਸ਼ਾਹ ਨਵਾਜ਼ ਖ਼ਾਨ ਦੀ ਜਿੱਤ** : ਲਖਪਤ ਰਾਇ ਅਤੇ ਯਾਹੀਆ ਨੇ ਦਿਲ ਦੀ ਭੜਾਸ ਹਜ਼ਾਰਾਂ ਸਿੱਖਾਂ ਨੂੰ ਸ਼ਹੀਦ ਕਰ ਕੇ ਕੱਢ ਲਈ, ਪਰ ਲਖਪਤਿ ਰਾਇ ਦਾ ਅੰਤ ਵੀ ਨੇੜੇ ਆ ਗਿਆ ਜਦ ਯਾਹੀਆ ਖ਼ਾਨ ਆਪਣੇ ਭਰਾ ਸ਼ਾਹ ਨਵਾਜ਼

1. ਉਸ ਦਰਦਨਾਕ ਹਾਲਤ ਨੂੰ ਗਿਆਨੀ ਗਿਆਨ ਸਿੰਘ ਨੇ ਇਸ ਤਰ੍ਹਾਂ ਦਰਸਾਇਆ ਹੈ :
   "ਫਿਡਾ ਜੈਸਾ ਟਟੂਆ ਜੁਲਫ਼ੂ ਕਾ ਕਾਠੀ ਪਾਇ,
   ਰਸੜੂ ਲਗਾਮ ਤੇ ਰਸੜੂ ਰਕਾਬ ਜੂ।
   ਪਾਟਿਆ ਸਾ ਕਛੜੂ ਤੇ ਨੀਲ ਸਾ ਚਾਦਰੂ
   ਡੂਚੋਂ ਜੈਸਾ ਪਗੜੂ ਬਣਾਇਆ ਸਿਰਤਾਜ ਜੂ।
   ਟੁਟਿਆ ਜੈਸਾ ਤੋਗੜੂ ਤੇ ਲੀਰੜੂ ਮਿਆਨ ਜਾ ਕੋ,
   ਗਰ ਸਰ ਗਾਤਰਾ ਬਣਾਇਆ ਸਭ ਸਾਜ ਜੂ।
   ਨਾਮ ਤੇ ਅਕਾਲੜੂ ਸੋ ਫਿਰੈ ਬੁਰੇ ਹਾਲੜੂ ਸੋ,
   ਲੂਟ ਕੂਟ ਖਾਵਣੇ ਕੋ ਡਾਢੇ ਉਸਤਾਦ ਜੂ।"
2. ਪ੍ਰਾਚੀਨ ਪੰਥ ਪ੍ਰਕਾਸ਼ ਦਾ ਲਿਖਣਾ ਹੈ, ਕੋਈ ਕਹਿੰਦਾ, 40 ਹਜ਼ਾਰ ਵਿਚੋਂ ਮਸਾਂ ਛੇ ਸੱਤ ਹਜ਼ਾਰ ਬਚੇ ਤੇ ਕੋਈ 85 ਹਜ਼ਾਰ ਵਿਚੋਂ 40 ਹਜ਼ਾਰ ਸ਼ਹੀਦ ਹੋਏ ਪਰ ਪੱਕੀ ਗਿਣਤੀ ਨਹੀਂ ਹੋ ਸਕਦੀ, 'ਪਰਤ ਨਹੀਂ ਕਛੂ ਗਿਣਤੀ ਗਹੀ।' ਅੰਦਾਜ਼ਾ ਦਸ ਹਜ਼ਾਰ ਦਾ ਹੈ।
3. ਅਲੀ-ਉਦ-ਦੀਨ :
   ਜਦ ਗੁਰਦੁਆਰਾ ਸ਼ਹੀਦ ਗੰਜ ਦੇ ਝਗੜੇ ਬਾਅਦ ਗੁਰਦੁਆਰਾ ਫਿਰ ਬਣਾਉਣ ਦਾ ਵਿਚਾਰ ਸੰਨ 1932 ਵਿਚ ਹੋਇਆ ਤਾਂ ਵੱਡੀ ਬਿਲਡਿੰਗ ਢਾਹੀ ਗਈ। ਇਮਾਰਤ ਦੇ ਡਿੱਗਣ ਨਾਲ ਬੇਅੰਤ ਸਿੱਖਾਂ ਦੀਆਂ ਖੋਪਰੀਆਂ ਤੇ ਹੱਡੀਆਂ ਨਿਕਲੀਆਂ ਸਨ। ਪਾਕਿਸਤਾਨ ਬਣਨ ਬਾਅਦ ਜਦ ਮੈਂ ਲਾਹੌਰ ਗਿਆ ਸਾਂ ਤਾਂ ਸ਼ਹੀਦਾਂ ਦੀਆਂ ਅਸਥੀਆਂ ਉਥੇ ਨ ਦੇਖ ਸਕਿਆ।

Sri Satguru Jagjit Singh Ji eLibrary NamdhariElibrary@gmail.com

ਖ਼ਾਨ ਦੇ ਹੱਥੋਂ ਹਾਰ ਖਾ ਕੇ ਨੱਸ ਗਿਆ। ਸ਼ਾਹ ਨਵਾਜ਼ ਖ਼ਾਨ ਜਲੰਧਰ ਦਾ ਨਵਾਬ ਸੀ, ਪਰ ਜਦ ਉਸ ਨੂੰ ਜ਼ਕਰੀਆ ਖ਼ਾਨ ਦੀ ਮੌਤ ਉਪਰੰਤ ਗਵਰਨਰੀ ਮਿਲਦੀ ਨਾ ਦਿਸੀ ਤਾਂ ਉਸ ਨੇ ਬਗ਼ਾਵਤ ਕਰ ਦਿੱਤੀ। ਉਹ ਇਹ ਵੀ ਜਾਣਦਾ ਸੀ ਕਿ ਦਿੱਲੀ ਦੀ ਹਕੂਮਤ ਕਿਸੇ ਤਰ੍ਹਾਂ ਵੀ ਉਸ ਦੀ ਮਦਦ ਨਹੀਂ ਕਰਨ ਲੱਗੀ ਕਿਉਂ ਜੋ ਯਾਹੀਆ ਖ਼ਾਨ ਕਮਰੁਦੀਨ (ਗਵਰਨਰ ਪੰਜਾਬ) ਦਾ ਜੁਆਈ ਹੈ। ਸ਼ਾਹ ਨਵਾਜ਼ ਖ਼ਾਨ ਨੇ ਮਨ ਬਣਾਇਆ ਕਿ ਸਿੱਖ ਜੋ ਇਸ ਵੇਲੇ ਲਖਪਤ ਰਾਇ ਤੇ ਯਾਹੀਆ ਖ਼ਾਨ ਦਾ ਸ਼ਿਕਾਰ ਹੋ ਰਹੇ ਹਨ ਉਹਨਾਂ ਦੀ ਮਦਦ ਕੀਤੀ ਜਾਏ। ਐਸਾ ਕਰਨ ਨਾਲ ਇਕ ਤਾਂ ਯਾਹੀਆ ਖ਼ਾਨ ਕਮਜ਼ੋਰ ਹੋਵੇਗਾ, ਦੂਜਾ ਸਿੱਖਾਂ ਦੀ ਹਮਦਰਦੀ ਲਈ ਜਾ ਸਕੇਗੀ। ਸ਼ਾਹ ਨਵਾਜ਼ ਖ਼ਾਨ ਨੇ ਸਿੱਖਾਂ ਨੂੰ ਵਕਤ ਸਿਰ ਘੱਲੂਘਾਰੇ ਤੋਂ ਪਹਿਲਾਂ ਯਾਹੀਆ ਦੇ ਮਾੜੇ ਮਨਸੂਬੇ ਦੀ ਸੂਹ ਵੀ ਦਿੱਤੀ ਅਤੇ ਆਪਣੀਆਂ ਫ਼ੌਜਾਂ, ਯਾਹੀਆ ਪੁਰ ਲਖਪਤ ਰਾਇ ਦੀਆਂ ਫ਼ੌਜਾਂ ਨੂੰ ਰੁਕਾਵਟ ਪਾਉਣ ਲਈ ਵੀ ਭੇਜੀਆਂ। ਇਸੇ ਡਰ ਨੇ ਲਖਪਤ ਰਾਇ ਨੂੰ ਵਾਪਸ ਮੁੜਨ ਲਈ ਮਜਬੂਰ ਕੀਤਾ ਸੀ। ਸ਼ਾਹ ਨਵਾਜ਼ ਖ਼ਾਨ ਇਤਨਾ ਮਜ਼ਬੂਤ ਹੋ ਗਿਆ ਕਿ ਉਸ ਦੀਵਾਨ ਕੌੜਾ ਮੱਲ ਦੀ ਮਦਦ ਨਾਲ ਯਾਹੀਆ ਖ਼ਾਨ ਨੂੰ ਗ੍ਰਿਫਤਾਰ ਕਰ ਲਿਆ। ਗ੍ਰਿਫਤਾਰੀ ਵਿਚੋਂ ਯਾਹੀਆ ਖ਼ਾਨ ਭੱਜ ਉੱਠਿਆ ਤੇ ਦਿੱਲੀ ਜਾ ਕੇ ਸਾਰੇ ਹਾਲਾਤ ਦੱਸੇ। ਸ਼ਾਹ ਨਵਾਜ਼ ਖ਼ਾਨ ਲਾਹੌਰ ਦਾ ਗਵਰਨਰ ਬਣ ਬੈਠਾ ਅਤੇ ਦੀਵਾਨ ਕੌੜਾ ਮੱਲ ਨੂੰ ਉਸ ਆਪਣਾ ਦੀਵਾਨ ਥਾਪਿਆ। ਕਮਰ-ਦੀਨ ਨੇ ਸ਼ਾਹ ਨਵਾਜ਼ ਖ਼ਾਨ ਨੂੰ ਨਵਾਬੀ ਛੱਡਣ ਲਈ ਕਰੜੇ ਸ਼ਬਦਾਂ ਵਿਚ ਲਿਖਿਆ। ਪਰ ਸ਼ਾਹ ਨਵਾਜ਼ ਖ਼ਾਨ ਨੇ ਇਕ ਨ ਸੁਣੀ। ਦਿੱਲੀ ਦੀ ਹਕੂਮਤ ਨੇ ਸਨਦ ਨ ਭੇਜੀ ਪਰ ਸ਼ਾਹ ਨਵਾਜ਼ ਖ਼ਾਨ ਸਨਦ ਆਉਂਦੀ ਨਾ ਦੇਖ ਕੇ ਹੋਰ ਪਾਸੇ ਕਾਬਲ ਵੱਲ ਦੇਖਣ ਲੱਗਾ।

**ਸਿੱਖਾਂ ਦਾ ਦੀਵਾਲੀ ਨੂੰ ਜੁੜਨਾ :** ਜੂਨ ੧੭੪੬ ਤੋਂ ਬਾਅਦ ਸ਼ਾਹ ਨਵਾਜ਼ ਖ਼ਾਨ ਅਤੇ ਯਾਹੀਆ ਖ਼ਾਨ ਐਸੇ ਝਗੜੇ ਵਿਚ ਰੁਝੇ ਕਿ ਸਿੱਖਾਂ ਵਲੋਂ ਉੱਕਾ ਹੀ ਧਿਆਨ ਹੱਟ ਗਿਆ। ਸਿੱਖਾਂ ਨੂੰ ਛੋਟੇ ਘੱਲੂਘਾਰੇ ਵਿਚ ਤਗੜੀ ਸੱਟ ਵੱਜੀ ਸੀ, ਪਰ ਨਵਾਬੀ ਲਈ ਲੜਦੇ ਭਰਾਵਾਂ ਦੇ ਝਗੜੇ ਨੂੰ ਗਨੀਮਤ ਸਮਝ ਕੇ ਛੁਪਨਗਾਹਾਂ ਵਿਚੋਂ ਨਿਕਲ ਕੇ ਮੈਦਾਨਾਂ ਵਿਚ ਆ ਗਏ। ਤਰੁਨਾ ਦਲ ਖਾਸ ਤੌਰ ਉੱਤੇ ਤੇਜ਼ ਹੋ ਗਿਆ। ਬੁੱਢਾ ਦਲ ਦੇ ਜਥੇਦਾਰ ਨਵਾਬ ਕਪੂਰ ਸਿੰਘ ਵੀ ਅੰਮ੍ਰਿਤਸਰ ਵੱਲ ਟੁਰ ਪਏ। ਦੀਵਾਲੀ ਸਿੱਖਾਂ ਅੰਮ੍ਰਿਤਸਰ ਹੀ ਮਨਾਈ। ਉਥੇ ਹੀ ਸਿੱਖਾਂ ਨੂੰ ਖ਼ਬਰ ਪੁੱਜੀ ਕਿ ਲਖਪਤ ਰਾਇ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਸਿੱਖਾਂ ਨੇ ਸ਼ਾਹ ਨਵਾਜ਼ ਕੋਲੋਂ ਲਖਪਤ ਰਾਇ ਦੀ ਮੰਗ ਕੀਤੀ। ਸਿੰਘਾਂ ਇਹ ਵੀ ਫੈਸਲਾ ਕੀਤਾ ਕਿ ਅੰਮ੍ਰਿਤਸਰ ਦੀ ਰੱਖਿਆ ਲਈ ਰਾਮ ਰੌਣੀ ਬਣਾਈ ਜਾਏ ਕਿਉਂਕਿ ਬਿਨਾਂ ਆਸਰੇ ਤਾਂ ਸ਼ੇਰ ਵੀ ਨਹੀਂ ਲੜਦਾ। ਫਿਰ ਇਥੇ ਗੁਰੂ ਚਰਨਾਂ ਵਿਚ ਸ਼ਹੀਦ ਹੋਣ ਦਾ ਮਜ਼ਾ ਹੀ ਹੋਰ ਹੋਵੇਗਾ। ਪਰ ਅਜੇ ਲਾਹੌਰ ਦਾ ਝਗੜਾ ਇਕ ਪਾਸੇ ਨਹੀਂ ਸੀ ਮੁੱਕਿਆ, ਇਸ ਲਈ ਇਹ ਫ਼ੈਸਲਾ ਵਿਸਾਖੀ ਉੱਤੇ ਪਾ ਦਿੱਤਾ ਗਿਆ। ਜਦ ਮਾਰਚ ੧੭੪੭ ਵਿਚ ਸ਼ਾਹ ਨਵਾਜ਼ ਖ਼ਾਨ ਦਾ ਲਾਹੌਰ 'ਤੇ ਕਬਜ਼ਾ ਹੋ ਗਿਆ ਤੇ ਉਸਨੇ ਸਿੱਖਾਂ ਨੂੰ ਛੇੜਨਾ ਠੀਕ ਨ ਜਾਣਿਆ ਤਾਂ ਦੀਵਾਲੀ ਤੇ ਰੌਣੀ ਬਣਾਉਣ ਦੇ ਫ਼ੈਸਲੇ ਨੂੰ ਅਮਲੀ ਜਾਮਾ ਪਹਿਨਾਣ ਲਈ ਗੁਰਮਤਾ ਕਰ ਦਿੱਤਾ। ਬਿਬੇਕਸਰ, ਰਾਮਸਰ ਦੀ ਪਾਵਨ ਥਾਂ ਚੁਣੀ ਗਈ। ਇਕ ਤਾਂ ਭਾਈ ਸੁੱਖਾ ਸਿੰਘ ਨੇ ਦੱਸਿਆ ਕਿ ਉਥੇ ਉਸ ਨੇ ਇਕ ਦਿਨ ਇਕ ਬਕਰੀ ਨੂੰ ਬਘਿਆੜ ਨਾਲ ਲੜਦੇ ਤੇ ਭਜਾਂਦੇ ਡਿੱਠਾ ਹੈ।[1] ਦੂਜੇ ਉਥੇ ਲਾਗੇ ਰਾਮਸਰ ਹੀ ਸੁਖਮਨੀ ਸਾਹਿਬ ਤੇ ਗੁਰੂ ਗ੍ਰੰਥ

Sri Satguru Jagjit Singh Ji eLibrary NamdhariElibrary@gmail.com

ਸਾਹਿਬ ਦੀ ਰਚਨਾ ਕੀਤੀ ਗਈ ਸੀ।

**ਰਾਮ ਰੌਣੀ ਬਣਾਉਣੀ** : ਰਾਮ ਰੌਣੀ ਬਣਾਉਣ ਲਈ ਸਰਦਾਰ ਜੱਸਾ ਸਿੰਘ 'ਇਛੋਗਿਲ' ਦੀ ਡਿਊਟੀ ਲਗਾਈ ਗਈ।[2] ਸਿੱਖਾਂ ਬੜੇ ਚਾਅ ਨਾਲ ਰਾਮਸਰ ਦੇ ਲਾਗੇ ਗੜ੍ਹੀ ਖੜ੍ਹੀ ਕਰ ਦਿੱਤੀ। ਕਿਸ ਚਾਅ ਤੇ ਉਤਸ਼ਾਹ ਨਾਲ ਰੌਣੀ ਬਣਾਈ ਉਸ ਦਾ ਜ਼ਿਕਰ ਪ੍ਰਾਚੀਨ ਪੰਥ ਪ੍ਰਕਾਸ਼ ਨੇ ਇਸ ਤਰ੍ਹਾਂ ਕੀਤਾ ਹੈ :

*"ਆਪੈ ਰਾਜ ਸਿੰਘ ਆਪੇ ਮਜੂਰ।*
*ਬਡੇ ਭੁਜੰਗੀ ਦਿਲ ਕੇ ਸੂਰ॥ ੧੫॥*
*ਆਪੇ ਪੀਸੈਂ ਆਪ ਪਕਾਵੈਂ।*
*ਤੇਤੋ ਬਡੇ ਸਰਦਾਰ ਕਹਾਵੈਂ।*
*ਜੋਊ ਕਰੈ ਸਿੰਘ ਬਹੁਤੋ ਕੰਮ।*
*ਧੰਨ ਧੰਨ ਕਹੈਂ, ਸਿੰਘ ਤਿਸੈ ਜੰਮ। ੧੬।*
*ਕੋਊ ਕਰੇ ਨ ਕਿਸੀ ਸ਼ਰੀਕਾ।*
*ਕੋਈ ਨ ਸੁਨਾਵੈ ਦੁਖ ਨਿਜ ਜੀ ਕਾ।*
*ਕੰਧ ਬਣਾਵੈ ਦੌੜ ਦੌੜ।*

ਗੜ੍ਹ ਦਾ ਨਾਮ ਰਾਮ ਰੌਣੀ ਰੱਖਿਆ ਗਿਆ ਕਿਉਂ ਜੋ ਸਿੱਖ ਕਿਸੇ ਵੇਲੇ ਵੀ ਵਾਹਿਗੁਰੂ ਦੀ ਪਨਾਹ ਤੋਂ ਬਗੈਰ ਹੋਰ ਕੁਝ ਨਹੀਂ ਸਨ ਮੰਗਦੇ ਤੇ ਮੰਨਦੇ। ਸਰਦਾਰ ਜੱਸਾ ਸਿੰਘ ਨੇ ਦਿਨ ਰਾਤ ਕਰਕੇ ਮਹੀਨੇ ਵਿਚ 'ਰਾਮ ਰੌਣੀ' ਖੜ੍ਹੀ ਕਰ ਦਿੱਤੀ। ਬਾਅਦ ਵਿਚ ਉਨ੍ਹਾਂ ਦੀ ਸਲਾਹ ਨਾਲ ਕੱਚੀ ਗੜ੍ਹੀ ਨੂੰ ਪੱਕਾ ਗੜ੍ਹ ਬਣਾ ਦਿੱਤਾ ਗਿਆ। ਕਸੂਰ 'ਤੇ ਵੀ ਸਿੱਖਾਂ ਹੱਲਾ ਬੋਲਿਆ। ਸਿੱਖਾਂ ਨੇ ਫਿਰ ਅੰਮ੍ਰਿਤਸਰ ਨੂੰ ਕੇਂਦਰ ਬਣਾ ਲਿਆ, ਪਰ ਜਲਦੀ ਹੀ ਇਕ ਹੋਰ ਤਾਕਤ ਪੰਜਾਬ ਵੱਲ ਵਧਣ ਲੱਗੀ ਜਿਸ ਨੇ ਸਾਰਾ ਧਿਆਨ ਖਿੱਚ ਲਿਆ।

ਉਹ ਤਾਕਤ ਅਹਿਮਦ ਸ਼ਾਹ ਅਬਦਾਲੀ ਸੀ ਬੜੀ ਭਾਵ ਪੂਰਤ ਤੁਕ ਲਿਖੀ ਹੈ ਭਾਈ ਰਤਨ ਸਿੰਘ ਜੀ ਭੰਗੂ ਨੇ ਕਿ :

*'ਕਰਤੇ ਨੇ ਹੁਣ ਖੇਲ ਰਚਾਇਆ*
*ਕਾਬਲਹੁ ਹਮਲਾ ਕਰਾਇਆ*
*ਜਿਮ ਕੰਟੇ ਸੋ ਕੰਟਾ ਨਿਕਾਰਨ*
*ਤਿਮ ਤੁਰਕਨ ਨੂੰ ਤੁਰਕ ਸੁਗਾਰਨ।'*

*****

---

1. ਢਿਗ ਰਾਮ-ਸਰ ਕੇ ਸਿਖੀ ਮੇ ਤਿਹ ਰਚੋ ਦੁਰਗ ਸੁਧਾਰ॥ ੬੯॥
ਇਕ ਅਜਾ ਸਾਥ ਬਘਿਆੜ ਕੇ, ਥੀ ਰਹੀ ਲਰ ਭਰ ਭਾਈ। (ਪੰਥ ਪ੍ਰਕਾਸ਼ ਗਿਆਨੀ ਗਿਆਨ ਸਿੰਘ)
ਬਿਬੇਕ-ਸਰ ਗੁਰੂ ਹਰਿਗੋਬਿੰਦ ਜੀ ਨੇ ਉਸਾਰਿਆ ਸੀ। ਉਥੇ ਬਾਬਾ ਬੁੱਢਾ ਜੀ ਨੇ 'ਬਿਬੇਕ' ਦੇ ਬਚਨ ਕੀਤੇ ਸਨ। (ਗੁਰ ਬਿਲਾਸ ਪਾਤਸ਼ਾਹੀ ਛੇਵੀਂ)
2. ਇਹ ਸਰਦਾਰ ਜੱਸਾ ਸਿੰਘ ਇਛੋਗਿਲ ਹੀ ਬਾਅਦ ਵਿਚ ਰਾਮਗੜ੍ਹੀਆ ਹੋ ਪ੍ਰਸਿੱਧ ਹੋਏ। 'ਰਾਮ ਰੌਣੀ' ਦਾ ਨਾਮ 'ਗੜ੍ਹ' ਪੈ ਗਿਆ ਤੇ ਸਰਦਾਰ ਜੱਸਾ ਸਿੰਘ ਜੀ ਨੇ ਇਹ ਗੜ੍ਹ ਬਣਾਇਆ ਸੀ ਉਨ੍ਹਾਂ ਦਾ ਨਾਮ ਰਾਮ ਗੜ੍ਹੀਆ ਪਿਆ। ਅੰਮ੍ਰਿਤਸਰ ਦੀ ਰੱਖਿਆ ਕਰਨ ਵਾਲੇ ਕਿਲ੍ਹੇ ਨੂੰ 'ਰਾਮਗੜ੍ਹ' ਕਿਹਾ ਜਾਂਦਾ ਸੀ।

Sri Satguru Jagjit Singh Ji eLibrary NamdhariElibrary@gmail.com

# ਅਬਦਾਲੀ ਦੇ ਹਮਲੇ

## (੧੭੪੮ ਤੋਂ ੧੭੬੧ ਤੱਕ)

੧੨

**ਨਾਦਰ ਸ਼ਾਹ ਦਾ ਕਤਲ ਤੇ ਅਹਿਮਦ ਸ਼ਾਹ ਦਾ ਰਾਜ ਸੰਭਾਲਣਾ**—ਇਧਰ ਹਿੰਦੁਸਤਾਨ ਵਿਚ ਦਿੱਲੀ ਤੇ ਲਾਹੌਰ ਵਿਚਕਾਰ ਝਗੜੇ ਵਧ ਰਹੇ ਸਨ ਤੇ ਉਧਰੋਂ ਇਕ ਹੋਰ ਤਾਕਤ ਦਿੱਲੀ ਤੇ ਲਾਹੌਰ ਉੱਤੇ ਆਫ਼ਤ ਬਣ ਕੇ ਆ ਰਹੀ ਸੀ। ੧੭੪੭ ਵਿਚ ਨਾਦਰ ਸ਼ਾਹ ਨੂੰ ਗਲਜ਼ਈਆਂ ਨੇ ਸੁੱਤੇ ਪਏ ਨੂੰ ਕਤਲ ਕਰ ਦਿੱਤਾ। ਅਹਿਮਦ ਸ਼ਾਹ ਨੇ ਮੌਕਾ ਸੰਭਾਲ ਲਿਆ। ਈਰਾਨ ਵੱਲ ਤਾਂ ਉਹ ਕਾਮਯਾਬ ਨਾ ਹੋਇਆ ਪਰ ਕਾਬਲ ਕੰਧਾਰ ਨਾਦਰ ਦੇ ਰਾਜ ਉੱਤੇ ਆਪਣਾ ਕਬਜ਼ਾ ਜਮਾ ਲਿਆ। ਨਾਦਰ ਸ਼ਾਹ ਨੂੰ ਸ਼ੁਰੂ ਵਿਚ ਹੀ ਅਹਿਮਦ ਸ਼ਾਹ ਗੁਣਾਂ ਕਾਰਨ ਜਚਿਆ ਸੀ। ਨਾਦਰ ਕੋਲ ਅਬਦਾਲੀ ਗ਼ੁਲਾਮ ਦੀ ਹੈਸੀਅਤ ਵਿਚ ਆਇਆ ਸੀ ਤੇ ਆਪਣੇ ਗੁਣਾਂ ਸਹਾਰੇ ਵਧਦਾ ਵਧਦਾ ਕਮਾਂਡਰ ਦੇ ਅਹੁਦੇ ਤੱਕ ਪੁੱਜ ਗਿਆ। ਨਾਦਰ ਸ਼ਾਹ ਨੇ ਇਕ ਵਾਰੀ ਅਹਿਮਦ ਸ਼ਾਹ ਦੇ ਬਾਰੇ ਕਿਹਾ ਸੀ ਕਿ 'ਅਹਿਮਦ ਜਿਹਾ ਇਨਸਾਨ ਉਸ ਹਿੰਦੁਸਤਾਨ, ਈਰਾਨ ਤੇ ਤੂਰਾਨ ਵਿਚ ਨਹੀਂ ਡਿੱਠਾ।' ਕਬਜ਼ਾ ਕਰਨ ਉਪਰੰਤ ਅਹਿਮਦ ਸ਼ਾਹ ਨੇ ਆਪਣੇ ਨਾਮ ਦੇ ਸਿੱਕੇ ਜਾਰੀ ਕਰ ਦਿੱਤੇ।

ਅਹਿਮਦ, ਨਾਦਰ ਸ਼ਾਹ ਨਾਲ ਜਦ ਹਿੰਦੁਸਤਾਨ ਆਇਆ ਸੀ ਤੇ ਉਸ **ਆਪ ਮੁਗ਼ਲ ਸਾਮਰਾਜ ਦੀ ਕਮਜ਼ੋਰੀ, ਸ਼ਹਿਨਸ਼ਾਹ ਦੀ ਬੁਜ਼ਦਿਲੀ, ਵਜ਼ੀਰਾਂ ਦਾ ਅਵੇਸਲਾਪਨ, ਅਹਿਲਕਾਰਾਂ ਦੀ ਲਾ-ਪ੍ਰਵਾਹੀ ਅਤੇ ਥਾਂ ਥਾਂ ਬਗ਼ਾਵਤ ਦੇ ਚਿੰਨ੍ਹ ਦੇਖੇ ਸਨ।**[1] ਕੰਧਾਰ, ਕਾਬਲ ਤੇ ਪਿਸ਼ਾਵਰ ਉੱਤੇ ਕਬਜ਼ੇ ਉਪੰਰਤ ਅਬਦਾਲੀ ਨੇ ਆਪਣਾ ਅਗਲਾ ਨਿਸ਼ਾਨਾ ਹਿੰਦੁਸਤਾਨ ਮਿਥਿਆ। ਹਿੰਦੁਸਤਾਨ ਉੱਤੇ ਹਮਲਾਵਰ ਹੋਣਾ ਉਸ ਲਈ ਕੋਈ ਵੱਡੀ ਗੱਲ ਨਹੀਂ ਸੀ। ਅਫ਼ਗਾਨਿਸਤਾਨ ਦੇ ਲੋਕੀਂ ਉਸ ਦੀ ਪਿੱਠ ਉੱਤੇ ਸਨ, ਖ਼ੈਬਰ ਪਾਸ ਦੇ ਕਬਾਇਲੀ ਉਸ ਦੇ ਹੁਕਮ ਵਿਚ ਟੁਰਦੇ ਸਨ ਤੇ ਹਿੰਦੁਸਤਾਨ ਦੇ ਨਿੱਤ ਹੁੰਦੇ ਝਗੜੇ ਉਸ ਲਈ ਅਗਲਾ ਰਸਤਾ ਸਾਫ਼ ਕਰ ਰਹੇ ਸਨ।

**ਸ਼ਾਹ ਨਵਾਜ਼ ਖ਼ਾਨ ਦਾ ਅਬਦਾਲੀ ਨੂੰ ਹਿੰਦੁਸਤਾਨ ਉੱਤੇ ਹਮਲੇ ਦਾ ਸੱਦਾ :** ਅਹਿਮਦ ਸ਼ਾਹ ਅਜੇ ਹਮਲਾ ਕਰਨ ਦੀ ਸੋਚ ਹੀ ਰਿਹਾ ਸੀ ਕਿ ਸ਼ਾਹ ਨਵਾਜ਼ ਖ਼ਾਨ ਨੇ ਅਹਿਮਦ ਸ਼ਾਹ ਨੂੰ ਹਿੰਦੁਸਤਾਨ ਤੇ ਹਮਲਾ ਕਰਨ ਦਾ ਸੱਦਾ ਦੇ ਦਿੱਤਾ। ਹੁਣ ਅਬਦਾਲੀ ਦੇ ਰਸਤੇ ਵਿਚ ਕੋਈ ਰੁਕਾਵਟ ਨਹੀਂ ਸੀ। ੧੭੪੮ ਤੋਂ ੧੭੬੭ ਤੱਕ ਉਸ ਲਗਾਤਾਰ ਹਮਲੇ

1. ਸਿਆਰੁਲਮੁਤਾਖਰੀਨ।



Sri Satguru Jagjit Singh Ji eLibrary NamdhariElibrary@gmail.com

ਕਰਕੇ ਹਿੰਦੁਸਤਾਨ ਦੀ ਮੁਗ਼ਲ ਹਕੂਮਤ ਨੂੰ ਜੜ੍ਹੋਂ ਉਖੇੜ ਦਿੱਤਾ।

ਅਬਦਾਲੀ ਦੇ ਹਮਲਾ ਕਰਨ ਦੇ ਕਈ ਹੋਰ ਕਾਰਨ ਵੀ ਇਤਿਹਾਸਕਾਰਾਂ ਨੇ ਲਿਖੇ ਹਨ। ਐਲਫ਼ਿਨਸਟਨ ਦਾ ਕਹਿਣਾ ਹੈ : ''ਅਬਦਾਲੀ ਦਾ ਖ਼ਿਆਲ ਸੀ ਕਿ ਬਾਹਰ ਦੇ ਹਮਲੇ ਅਤੇ ਜਿੱਤਾਂ ਉਸ ਦੀ ਘਰ ਵਿਚ ਤਾਕਤ ਮਜ਼ਬੂਤ ਕਰਨ ਵਿਚ ਸਹਾਇਕ ਹੋਣਗੀਆਂ। ਭਾਵੇਂ ਉਹ ਅਮਲੀ ਤੌਰ ਤੇ ਬਾਦਸ਼ਾਹ ਸੀ, ਪਰ ਉਹ ਜਾਣਦਾ ਸੀ ਕਿ ਬਾਦਸ਼ਾਹ ਉਹ ਨਿਰੋਲ ਤਾਕਤ ਦੇ ਜ਼ੋਰ ਨਾਲ ਬਣਿਆ ਸੀ। ਹਮਲੇ ਕਰ ਕੇ ਹੀ ਅਫ਼ਗਾਨਾਂ ਦੀ ਸੰਮਤੀ ਨਾਲ ਲੈ ਸਕੇਗਾ। ਦੂਜੇ, ਫ਼ੌਜ ਦੀ ਗਿਣਤੀ ਇਤਨੀ ਵਧ ਗਈ ਸੀ ਕਿ ਹਮਲੇ ਹੀ ਉਸ ਦਾ ਖ਼ਰਚ ਕੱਢ ਸਕਦੇ ਸਨ। ਇਨਾਮ ਸਨਮਾਨ ਦੇਣ ਲਈ ਚੰਗਾ ਖ਼ਜ਼ਾਨਾ ਹੱਥ ਆ ਜਾਣ ਦੀ ਸੰਭਾਵਨਾ ਸੀ। ਨਾਦਰ ਦੇ ਹਮਲੇ ਵੇਲੇ ਹਿੰਦੁਸਤਾਨ ਦੀ ਦੌਲਤ ਨੂੰ ਉਸ ਨਜ਼ਰ ਭਰ ਕੇ ਦੇਖ ਲਿਆ ਸੀ। ਤੀਜੇ, ਅਫ਼ਗਾਨਾਂ ਦੇ ਲਾਲਚੀ ਸੁਭਾਅ ਤੋਂ ਉਹ ਜਾਣੂ ਸੀ। ਉਨ੍ਹਾਂ ਦੀ ਹਵਸ ਸਿਰਫ਼ ਹਿੰਦੁਸਤਾਨ ਉੱਤੇ ਹਮਲਾ ਕਰਕੇ ਹੀ ਪੂਰੀ ਹੋ ਸਕਦੀ ਸੀ। ਚੌਥੇ, ਅਫ਼ਗਾਨਾਂ ਦੇ ਲੀਡਰਾਂ ਨੂੰ ਮੁਹਿੰਮਾਂ ਉੱਤੇ ਨਾਲ ਲੈ ਜਾਣ ਕਾਰਨ ਉਹ ਮਿਲਟਰੀ ਦੇ ਕਾਨੂੰਨ ਦੀ ਮਰਯਾਦਾ ਵਿਚ ਬੱਝ ਜਾਣਗੇ ਤੇ ਫ਼ਰਮਾਬਰਦਾਰੀ ਦਾ ਗੁਣ ਅਪਣਾ ਲੈਣਗੇ।''[1]

ਇਨ੍ਹਾਂ ਹਮਲਿਆਂ ਨੇ ਭਾਵੇਂ ਅਫ਼ਗਾਨਿਸਤਾਨ ਉੱਤੇ ਕੋਈ ਡੂੰਘਾ ਅਸਰ ਨਾ ਛੱਡਿਆ ਹੋਵੇ, ਪਰ ਪੰਜਾਬ ਤੇ ਸਿੱਖ ਇਤਿਹਾਸ ਉੱਤੇ ਇਨ੍ਹਾਂ ਹਮਲਿਆਂ ਦੇ ਅਮਿਟ ਪ੍ਰਭਾਵ ਪਏ।

**ਸ਼ਾਹ ਨਵਾਜ਼ ਖ਼ਾਨ ਦੀ ਅਹਿਮਦ ਸ਼ਾਹ ਨਾਲ ਸੰਧੀ** : ਸ਼ਾਹ ਨਵਾਜ਼ ਖ਼ਾਨ ਦੇ ਦਿਲ ਵਿਚ ਇਹ ਗੱਲ ਬੈਠ ਗਈ ਸੀ ਕਿ ਕਰਮ-ਉੱਦੀਨ ਕਦੇ ਵੀ ਆਪਣੇ ਜੁਆਈ ਯਾਹੀਆ ਦੇ ਮੁਕਾਬਲੇ ਉਸ ਦੀ ਮਦਦ ਨਹੀਂ ਕਰੇਗਾ। ਇਸ ਵਹਿਮ ਨੂੰ ਯਕੀਨ ਵਿਚ ਬਦਲਣ ਲਈ ਅਦੀਨਾ ਬੇਗ ਨੇ ਖ਼ੂਬ ਕੰਨ ਭਰੇ। ਅਦੀਨਾ ਬੇਗ ਨੇ ਸ਼ਾਹ ਨਵਾਜ਼ ਖ਼ਾਨ ਦਾ ਮਨ ਬਣਾਇਆ ਕਿ ਜੇ ਦਿੱਲੀ ਸਾਥ ਨਹੀਂ ਦਿੰਦੀ ਤਾਂ ਨਾ ਦੇਵੇ, ਕਾਬਲ ਨੂੰ ਨਾਲ ਮਿਲਾ ਕੇ ਸਦਾ ਲਈ ਰਾਜ ਪੱਕਾ ਕਰ ਲੈਣਾ ਚਾਹੀਦਾ ਹੈ। ਉਧਰੋਂ ਅਹਿਮਦ ਸ਼ਾਹ ਪਿਸ਼ਾਵਰ ਤੱਕ ਪੁੱਜ ਚੁੱਕਾ ਸੀ। ਸ਼ਾਹ ਨਵਾਜ਼ ਖ਼ਾਨ ਨੇ **ਕਾਸਦ ਭੇਜੇ ਕਿ 'ਤਖ਼ਤ ਅਹਿਮਦ ਦਾ ਅਤੇ ਵਜ਼ੀਰੀ ਸ਼ਾਹ ਨਵਾਜ਼ ਦੀ।'** ਨਾਲ ਹੀ ਸ਼ਾਹ ਨਵਾਜ਼ ਖ਼ਾਨ ਨੇ ਹਮਲਾ ਕਰਨ ਦੀ ਸੂਰਤ ਵਿਚ ਫ਼ੌਜਾਂ ਦੀ ਸਹਾਇਤਾ ਕਰਨ ਦਾ ਯਕੀਨ ਵੀ ਦਿਲਵਾਇਆ। ਅਹਿਮਦ ਸ਼ਾਹ ਮੰਨ ਗਿਆ ਕਿਉਂਕਿ ਵਜ਼ੀਰੀ ਦੇਣ ਵਿਚ ਉਸ ਨੂੰ ਕੋਈ ਹਿਚਕਚਾਹਟ ਨਹੀਂ ਸੀ। ਸ਼ਾਹ ਨਵਾਜ਼ ਖ਼ਾਨ ਦੀਆਂ ਫ਼ੌਜਾਂ ਨੇ ਸਿੰਧ ਪਾਰ ਕਰਨ ਵਿਚ ਅਬਦਾਲੀ ਦੀ ਸਹਾਇਤਾ ਕੀਤੀ। ਸ਼ਾਹ ਨਵਾਜ਼ ਨੇ ਦਿੱਲੀ ਨਾਲ ਸੰਬੰਧ ਤੋੜ ਲਏ ਅਤੇ 'ਮੁਹੰਮਦ ਸ਼ਾਹ ਦਾ ਫ਼ਰਮਾਬਰਦਾਰ ਚਾਕਰ' ਦੇ ਅੱਖਰ ਸਿੱਕਿਆਂ ਤੋਂ ਮਿਟਾ ਦਿੱਤੇ। ਮੋਹਰ ਦੇ ਕਿਨਾਰਿਆਂ ਉੱਤੇ ਮੁਹੰਮਦ ਸ਼ਾਹ ਦੇ ਵੱਡਿਆਂ ਦੇ ਨਾਮ ਮਿਟਵਾ ਕੇ ੧੨ ਇਮਾਮਾਂ ਦੇ ਨਾਮ ਖੁਦਵਾਏ ਤੇ ਆਪਣੇ ਆਪ ਨੂੰ ਸ਼ੀਆ ਕੌਮ ਦਾ ਅੰਗ ਪ੍ਰਗਟ ਕੀਤਾ।

**ਕਮਰਦੀਨ ਦਾ ਦਖ਼ਲ ਦੇਣਾ ਤੇ ਸੰਧੀ ਟੁੱਟਣੀ** : ਉਧਰ ਅਹਿਮਦ ਸ਼ਾਹ ਅਤੇ ਅਦੀਨਾ ਬੇਗ਼ ਦੀ ਗੱਲ ਪੱਕੀ ਹੋਈ ਸੀ ਕਿ ਅਦੀਨਾ ਬੇਗ਼ ਨੇ ਸਾਰੀ ਗੱਲਬਾਤ ਵਜ਼ੀਰ ਕਮਰ ਦੀਨ

---

1. Account of the Kingdom of Kabul. Vol. II, P. 283

Sri Satguru Jagjit Singh Ji eLibrary NamdhariElibrary@gmail.com

ਨੂੰ ਪਹੁੰਚਾ ਦਿੱਤੀ। ਅਦੀਨਾ ਬੇਗ਼ 'ਜਿਸ ਨੂੰ ਆਦਮੀ ਦੇ ਰੂਪ ਵਿਚ ਸ਼ੈਤਾਨ ਕਿਹਾ ਜਾਂਦਾ ਹੈ' ਅਤੇ ਮੁਸਲਮਾਨਾਂ ਵਿਚ ਨਾਰਦ ਮੁਨੀ, ਉਹ ਇਸ ਘਟਨਾ ਤੋਂ ਲਾਭ ਉਠਾਉਣਾ ਚਾਹੁੰਦਾ ਸੀ। ਕਮਰ ਦੀਨ ਸਾਰੀ ਗੱਲ ਸੁਣ ਕੇ ਬਹੁਤ ਘਬਰਾਇਆ, ਪਰ ਉਸ ਮੌਕੇ ਨੂੰ ਸੰਭਾਲਿਆ ਅਤੇ ਨਵਾਬੀ ਦੇਣੀ ਪ੍ਰਵਾਨ ਕਰਕੇ ਸ਼ਾਹ ਨਵਾਜ਼ ਖ਼ਾਨ ਨੂੰ ਪੱਕਿਆਂ ਕਰ ਦਿੱਤਾ। ਐਸੀ ਹਾਲਤ ਵਿਚ ਸ਼ਾਹ ਨਵਾਜ਼ ਖ਼ਾਨ ਨੇ ਅਬਦਾਲੀ ਨਾਲ ਤੋੜਨੀ ਹੀ ਠੀਕ ਜਾਣੀ। ਜਦ ਅਬਦਾਲੀ ਦੇ ਕਾਸਦ ਲਾਹੌਰ ਦਰਬਾਰ ਪੁੱਜੇ ਕਿ ਅਗਲਾ ਪ੍ਰੋਗਰਾਮ ਬਣਾਇਆ ਜਾਏ ਤਾਂ ਸ਼ਾਹ ਨਵਾਜ਼ ਖ਼ਾਨ ਨੇ ਭਰੇ ਦਰਬਾਰ ਵਿਚ ਕਾਸਦ ਦੀ ਬੇਇੱਜ਼ਤੀ ਕੀਤੀ। ਇਕ ਨੂੰ ਜਲੀਆਂ ਕਟੀਆਂ ਸੁਣਾਈਆਂ ਤੇ ਦੂਸਰੇ ਸਾਬਰ ਸ਼ਾਹ ਦੇ ਮੂੰਹ ਵਿਚ ਗਰਮ ਸਿੱਕਾ ਢਾਲ ਕੇ ਪਾਇਆ। ਸਾਬਰ ਸ਼ਾਹ ਦੇ ਵਡੇਰੇ ਲਾਹੌਰ ਦੇ ਸਨ ਤੇ ਉਨ੍ਹਾਂ ਦੇ ਦਾਦਾ ਘੋੜਿਆਂ ਦੇ ਹਕੀਮ ਸਨ ਜੋ ਕਾਬਲ ਜਾ ਕੇ ਵੱਸੇ ਸਨ। ਉਨ੍ਹਾਂ ਪਿਛੋਂ ਕੰਮ ਕਾਜ ਛੱਡ ਕੇ ਦਰਵੇਸ਼ੀ ਧਾਰ ਲਈ। ਉਨ੍ਹਾਂ ਦਾ ਪੁੱਤਰ ਸਾਬਰ ਵੀ ਫ਼ਕੀਰ ਹੋ ਗਿਆ ਤੇ ਪ੍ਰਸਿੱਧੀ ਪਾਈ। ਸਾਬਰ ਸ਼ਾਹ ਨੇ ਨਾਦਰ ਦੇ ਹੁੰਦਿਆਂ ਹੀ ਅਬਦਾਲੀ ਨੂੰ ਬਾਦਸ਼ਾਹ ਹੋਣ ਦੀ ਅਸੀਸ ਦਿੱਤੀ ਸੀ। ਅਬਦਾਲੀ ਸਦਾ ਸਾਬਰ ਸ਼ਾਹ ਨੂੰ ਨਾਲ ਰੱਖਦਾ ਸੀ।

ਸਾਬਰ ਸ਼ਾਹ ਨੇ ਸ਼ਾਹ ਨਵਾਜ਼ ਖ਼ਾਨ ਨੂੰ ਬਹੁਤ ਸਮਝਾਇਆ ਕਿ ਕੀਤੀ ਸੰਧੀ 'ਤੇ ਪਹਿਰਾ ਦੇਵੇ ਪਰ ਲਾਹੌਰ ਇਹ ਹਵਾਈ ਉਡਾ ਦਿੱਤੀ ਗਈ ਸੀ ਕਿ ਅਹਿਮਦ ਸ਼ਾਹ ਕੋਲ ਤੋਪਖ਼ਾਨਾ ਘੱਟ ਹੈ ਇਸ ਲਈ ਉਸ ਨੇ 'ਜਾਦੂਗਰ' ਭੇਜਿਆ ਹੈ ਕਿ ਲਾਹੌਰ ਦਾ ਤੋਪਖ਼ਾਨਾ ਬਰਬਾਦ ਕਰ ਦਿੱਤਾ ਜਾਵੇ। ਉਸ ਦੇ ਮੂੰਹ ਵਿਚ ਇਸੇ ਕਰਕੇ ਗਰਮ ਸਿੱਕਾ ਪਾਇਆ ਗਿਆ ਸੀ। ਇਨ੍ਹਾਂ ਹਰਕਤਾਂ ਨੇ ਤਾਂ ਬਲਦੀ ਉੱਤੇ ਤੇਲ ਵਾਲਾ ਕੰਮ ਕੀਤਾ। ਸ਼ਾਹ ਨਵਾਜ਼ ਖ਼ਾਨ ਅਬਦਾਲੀ ਨੂੰ ਰਸਤਾ ਦੱਸ ਚੁੱਕਾ ਸੀ ਤੇ ਉਹ ਮਾਰ ਧਾੜ ਕਰਦਾ ਲਾਹੌਰ ਵੱਲ ਵਧਿਆ। ਅਬਦਾਲੀ ਦੇ ਟਾਕਰੇ ਲਈ ਸ਼ਾਹ ਨਵਾਜ਼ ਖਾਨ ਨੇ ਫ਼ੌਜਾਂ ਭੇਜੀਆਂ, ਪਰ ਉਸ ਦੀਆਂ ਫ਼ੌਜਾਂ ਅਫ਼ਗਾਨਾਂ ਦੇ ਮੁਕਾਬਲੇ ਟਿਕ ਨਾ ਸਕੀਆਂ। ਜਨਵਰੀ ੧੨, ੧੭੪੮ ਨੂੰ ਅਬਦਾਲੀ ਜੇਤੂ ਦੇ ਤੌਰ ਉੱਤੇ ਲਾਹੌਰ ਵਿਚ ਦਾਖਲ ਹੋਇਆ। ਅਦੀਨਾ ਬੇਗ ਤੇ ਸ਼ਾਹ ਨਵਾਜ਼ ਖ਼ਾਨ ਦਿੱਲੀ ਵੱਲ ਖ਼ਜ਼ਾਨੇ ਸਾਂਭ ਭੱਜ ਉੱਠੇ। ਅਹਿਮਦ ਸ਼ਾਹ ਨੇ ਲਾਹੌਰ ਦਾ ਕਤਲੇਆਮ ਕਰਨ ਦਾ ਹੁਕਮ ਦਿੱਤਾ। ਕਿਤਨੇ ਹੀ ਬੇਦੋਸ਼ੇ ਮਾਰੇ ਗਏ। ਲਾਹੌਰ ਦੀ ਇਕ ਦਿਨ ਵਿਚ ਹੀ ਸ਼ਕਲ ਬਦਲ ਗਈ। ਇਹ ਸਭ ਦੇਖ ਸ਼ਾਮ ਨੂੰ ਮੀਰ ਮੋਮਨ ਖ਼ਾਨ, ਜਮੀਲ-ਉਲ-ਦੀਨ, ਅਮੀਰ ਨਿਆਸਤ ਖ਼ਾਨ ਬੁਖ਼ਾਰੀ, ਦੀਵਾਨ ਲਖਪਤ ਰਾਇ ਤੇ ਦੀਵਾਨ ਸੂਰਤ ਸਿੰਘ, ਸ਼ਾਹ ਪਾਸ ਹਾਜ਼ਰ ਹੋਏ ਤੇ ੩੦ ਲੱਖ ਦਾ ਨਜ਼ਰਾਨਾ ਰੱਖਿਆ ਤੇ ਲਾਹੌਰ ਦਾ ਕਤਲੇਆਮ ਬੰਦ ਕਰਨ ਦੀ ਬੇਨਤੀ ਕੀਤੀ। ਉਸ ਦੀ ਆਗਿਆ ਨਾਲ ਕਤਲੇਆਮ ਬੰਦ ਹੋਇਆ ਤੇ ਅਬਦਾਲੀ ਦੇ ਨਾਂ ਦਾ ਸਿੱਕਾ ਢਾਲਿਆ ਗਿਆ ਤੇ ਖੁਤਬਾ ਵੀ ਪੜ੍ਹਿਆ ਗਿਆ। ਅਬਦਾਲੀ ਨੇ ਕਸੂਰ ਦੇ ਜਮਾਲ ਖ਼ਾਨ ਨੂੰ ਗਵਰਨਰ, ਮੋਮਨ ਖ਼ਾਨ ਨੂੰ ਡਿਪਟੀ ਅਤੇ ਲਖਪਤ ਰਾਇ ਨੂੰ ਦੀਵਾਨ ਥਾਪਿਆ। ਅਬਦਾਲੀ ਆਪ ਦਿੱਲੀ ਵੱਲ ਵਧਿਆ।

**ਸ਼ਾਹੀ ਫ਼ੌਜਾਂ ਨਾਲ ਟਾਕਰਾ ਅਤੇ ਅਬਦਾਲੀ ਦਾ ਵਾਪਸ ਮੁੜਨਾ** : ਸਰਹੰਦ ਦੇ ਨਵਾਬ ਅਲੀ ਮੁਹੰਮਦ ਖ਼ਾਨ ਰੁਹੇਲਾ ਨੇ ਅਬਦਾਲੀ ਦਾ ਆਉਣਾ ਸੁਣ ਕੇ ਸਰਹੰਦ ਖ਼ਾਲੀ ਕਰ ਦਿੱਤਾ ਤੇ ਸਰਹੰਦ ਦੁਰਾਨੀ ਦੇ ਕਬਜ਼ੇ ਚਲਾ ਗਿਆ, ਪਰ ਵਜ਼ੀਰ ਕਮਰ ਦੀਨ ਟਾਕਰੇ ਲਈ

Sri Satguru Jagjit Singh Ji eLibrary NamdhariElibrary@gmail.com

ਤਿਆਰ ਹੋ ਚੁੱਕਾ ਸੀ। ਮਨੂਪੁਰ ਦੇ ਅਸਥਾਨ ਉੱਤੇ ਭਿਆਨਕ ਜੰਗ ਹੋਈ। ਕਮਲ ਦੀਨ ਵਜ਼ੀਰ ੭੦ ਹਜ਼ਾਰ ਦੇ ਕਰੀਬ ਫ਼ੌਜਾਂ ਲੈ ਕੇ ਪੁੱਜਾ। ਦੁਰਾਨੀ ਟਾਕਰਾ ਨਾ ਕਰ ਸਕਿਆ। ਭਾਵੇਂ ਵਜ਼ੀਰ ਕਮਰ ਦੀਨ [1] ਆਪ ਤਾਂ ਇਸ ਜੰਗ ਵਿਚ ਕੰਮ ਆਇਆ ਪਰ ਉਸ਼ ਦੇ ਪੁੱਤਰ ਮੀਰ-ਮਿਯੁਨ-ਉਲ-ਮਲਕ (ਜੋ ਸਿੱਖ ਇਤਿਹਾਸ ਵਿਚ ਮੀਰ ਮੰਨੂੰ ਦੇ ਨਾਮ ਨਾਲ ਯਾਦ ਕੀਤਾ ਜ਼ਾਂਦਾ ਹੈ) ਨੇ ਚੰਗੇ ਹੱਥ ਦਿਖਾਏ। ਬਾਬਾ ਆਲਾ ਸਿੰਘ ਦੀਆਂ ਫ਼ੌਜਾਂ ਨੇ ਵੀ ਮੁਗਲਾਂ ਦੀ ਮਦਦ ਕੀਤੀ। ਅਬਦਾਲੀ ਨੇ ਲਾਹੌਰ ਤੋਂ ਲਿਆਂਦੀਆਂ ਤੋਪਾਂ ਨੂੰ ਇਸਤੇਮਾਲ ਕਰਨਾ ਚਾਹਿਆ ਪਰ ਤੋਪਾਂ ਨੇ ਸਗੋਂ ਅਬਦਾਲੀ ਦੀਆਂ ਫ਼ੌਜਾਂ ਦਾ ਹੀ ਨੁਕਸਾਨ ਕੀਤਾ। ਅਬਦਾਲੀ ਹਾਰ ਖਾ ਕੇ ਵਾਪਸ ਮੁੜ ਗਿਆ ਤੇ ਮੀਰ ਨੂੰ ਲਾਹੌਰ ਅਤੇ ਮੁਲਤਾਨ ਦਾ ਗਵਰਨਰ ਥਾਪਿਆ ਗਿਆ। ਇਹ ਜੰਗ ੧੫ ਮਾਰਚ ੧੭੪੮ ਨੂੰ ਹੋਈ।

**ਸਿੱਖਾਂ ਦਾ ਵਿਸਾਖੀ ਨੂੰ ਜੁੜਨਾ** : ਸਿੱਖਾਂ ਨੇ ਮੌਕੇ ਅਤੇ ਹਾਲਾਤ ਦਾ ਖ਼ੂਬ ਫ਼ਾਇਦਾ ਉਠਾਇਆ। ਦਿੱਲੀ ਤੇ ਲਾਹੌਰ ਦੇ ਕਮਜ਼ੋਰ ਹੋਣ ਕਾਰਨ ਸਿੱਖ ਦੂਰ-ਦੁਰਾਡਿਆਂ ਤੋਂ ਅੰਮ੍ਰਿਤਸਰ ਵੱਲ ਟੁਰ ਪਏ। ਨਾਦਰ ਦੇ ਹਮਲੇ ਨੇ ਮੁਗ਼ਲਾਂ ਦੀ ਹਕੂਮਤ ਦੀ ਕਮਜ਼ੋਰੀ ਪ੍ਰਗਟ ਕਰ ਦਿੱਤੀ ਤੇ ਢਾਂਚਾ ਐਸਾ ਵਿਗੜ ਗਿਆ ਕਿ ਉਹ ਮੁੜ ਆਪਣੇ ਪੈਰਾਂ ਉੱਤੇ ਖੜ੍ਹਾ ਨਾ ਹੋ ਸਕਿਆ। ਪੰਜਾਬ ਦੇ ਹਾਲਾਤ ਵੀ ਐਸੇ ਵਿਗੜ ਗਏ ਸਨ ਕਿ ਸਿੱਖਾਂ ਨੂੰ ਉਸ ਵਿਚ ਆਪਣੀ ਜਥੇਬੰਦੀ ਤੇ ਹੋਂਦ ਨੂੰ ਮਜ਼ਬੂਤ ਕਰਨ ਦਾ ਚੰਗਾ ਮੌਕਾ ਹੱਥ ਆਇਆ।

**ਅਬਦਾਲੀ ਨੂੰ ਭਾਜੜਾਂ** : ਸਰਦਾਰ ਚੜ੍ਹਤ ਸਿੰਘ ਸ਼ੁਕਰਚਕੀਆ ਨੇ ਮੁੜਦੇ ਤੇ ਭੱਜਦੇ ਦੁਰਾਨੀ ਦੇ ਦਸਤਿਆਂ ਨੂੰ ਲੁੱਟਿਆ। ਸਿੰਧ ਪਾਰ ਤਕ ਸਰਦਾਰ ਸ਼ੁਕਰਚਕੀਆ ਨੇ ਪਿੱਛਾ ਕਰ ਕੇ ਅਬਦਾਲੀ ਨੂੰ ਭਾਜੜ ਪਾਈ ਰੱਖੀ। ਕਿਤਨੇ ਹੀ ਘੋੜੇ ਅਤੇ ਬਹੁਤ ਖਜ਼ਾਨਾ ਲੁੱਟ ਕੇ ਉਹ ਲਿਆਏ। ਇਕ ਹੋਰ ਜਥਾ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਦੀ ਅਗਵਾਈ ਹੇਠਾਂ ਹੋਲਾ ਮਹੱਲਾ ਮਨਾਉਣ ਲਈ ਅਨੰਦਪੁਰ ਸਾਹਿਬ, ੫ ਮਾਰਚ ੧੭੪੮ ਨੂੰ ਪੁੱਜਾ। ਅਬਦਾਲੀ ਵੀ ਸਰਹੰਦ ਪੁੱਜ ਚੁੱਕਾ ਸੀ ਤੇ ਸਿੱਖ ਬੜੇ ਗਹੁ ਨਾਲ ਸਾਰੇ ਹਾਲਾਤ ਦੇਖ ਰਹੇ ਸਨ। ਜਦ ਅਬਦਾਲੀ ਹਾਰ ਖਾ ਕੇ ਵਾਪਸ ਮੁੜਿਆ ਤਾਂ ਸਿੱਖ ਵੀ ਅੰਮ੍ਰਿਤਸਰ ਵਿਸਾਖੀ ਮਨਾਉਣ ਲਈ ਪੁੱਜ ਗਏ। ਅਦੀਨਾ ਬੇਗ ਨੇ ਹੁਸ਼ਿਆਰਪੁਰ ਰੋਕ ਪਾਉਣੀ ਚਾਹੀ ਪਰ ਸਿੱਖ ਅੱਗੇ ਹੀ ਵਧਦੇ ਗਏ। ਅੰਮ੍ਰਿਤਸਰ ਦੇ ਫ਼ੌਜਦਾਰ ਸਲਾਬਤ ਖਾਨ ਨੇ ਵੀ ਰੋਕਣਾ ਚਾਹਿਆ ਪਰ ਸਿੰਘਾਂ ਨੇ ਹਾਰ ਦੇ ਕੇ ਅੰਮ੍ਰਿਤਸਰ ਦੇ ਜ਼ਿਲ੍ਹੇ ਉੱਤੇ ਕਬਜ਼ਾ ਕਰ ਲਿਆ। ਵਿਸਾਖੀ ੨੯, ਮਾਰਚ ੧੭੪੮ ਨੂੰ ਸੀ। ਸੋ ਕੁਝ ਦਿਨ ਬਾਕੀ ਹੋਣ ਕਰ ਕੇ ਸਰਬਤ ਖਾਲਸੇ ਨੂੰ ਜੁੜਨ ਲਈ ਸੱਦੇ ਭੇਜੇ ਗਏ।

**ਦਲ ਖ਼ਾਲਸਾ ਬਣਾਉਣਾ** : ਨਵਾਬ ਕਪੂਰ ਸਿੰਘ ਜੀ ਦੀ ਦੂਰ-ਦ੍ਰਿਸ਼ਟੀ ਅਬਦਾਲੀ ਦੀ ਹਾਰ ਵਿਚ ਨਵਾਂ ਖ਼ਤਰਾ ਮਹਿਸੂਸ ਕਰ ਰਹੀ ਸੀ ਅਤੇ ਟਾਕਰੇ ਲਈ ਮਜ਼ਬੂਤ ਜਥੇਬੰਦੀ ਤੇ ਨਵੀਂ ਲੀਡਰਸ਼ਿਪ ਦੀ ਜ਼ਰੂਰਤ ਸੀ। ਨਵਾਬ ਕਪੂਰ ਸਿੰਘ ਆਉਣ ਵਾਲੇ ਸਮੇਂ ਦੀ ਵਾਗਡੋਰ ਹੋਰ ਹੱਥਾਂ ਵਿਚ ਦੇ ਕੇ ਸਿਰਫ਼ ਸੇਵਾ ਕਰਨਾ ਲੋਚਦੇ ਸਨ ਅਤੇ ਤਰੁਨਾ ਦਲ ਦੇ ਆਗੂ ਨੂੰ ਸਮੁੱਚੀ ਕੌਮ ਦਾ ਜਥੇਦਾਰ ਬਣਾਉਣਾ ਯੋਗ ਸਮਝਦੇ ਸਨ। ਨਵਾਬ ਕਪੂਰ ਸਿੰਘ ਜੀ

---

1. ਕਮਰ ਦੀਨ ਨਮਾਜ਼ ਪਿਆ ਪੜ੍ਹਦਾ ਸੀ ਕਿ ਗੋਲਾ ਵੱਜਿਆ।

Sri Satguru Jagjit Singh Ji eLibrary NamdhariElibrary@gmail.com

ਨੇ ਇਹ ਵੀ ਮਹਿਸੂਸ ਕੀਤਾ ਕਿ ਵਧਦੇ ਵੱਧਦੇ ਜੱਥੇ ੬੫ ਤੱਕ ਪੁੱਜ ਚੁੱਕੇ ਸਨ ਤੇ ਹੋਰ ਵਧੀ ਹੀ ਜਾ ਰਹੇ ਸਨ। ਸਾਰਿਆਂ ਜਥਿਆਂ ਨੂੰ ਤੋੜ ਕੇ ਇਕੋ ਹੀ ਜਥੇਬੰਦੀ ਦੀ ਜ਼ਰੂਰਤ ਹੈ ਤੇ ਫਿਰ ਉਸ ਨੂੰ ਕੁਝ ਜਥਿਆਂ ਵਿਚ ਵੰਡਣ ਨਾਲ ਏਕਤਾ ਬਣੀ ਰਹੇਗੀ। ਵੱਖ-ਵੱਖ ਅਬਦਾਲੀ ਦਾ ਟਾਕਰਾ ਕਰਨਾ ਯੋਗ ਨਹੀਂ। ਸੋ ਨਵਾਬ ਕਪੂਰ ਸਿੰਘ ਨੇ ਇਕੋ ਜਥੇਬੰਦੀ, ਦਲ ਖਾਲਸਾ ਬਣਾਉਣ ਦਾ ਐਲਾਨ ਕੀਤਾ। ਸਮੁੱਚੀ ਕੌਮ ਦੀ ਅਗਵਾਈ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਦੇ ਹਵਾਲੇ ਕਰ ਕੇ ਕੌਮ ਨੂੰ ਜਥੇਦਾਰ ਦਾ ਹੁਕਮ ਮੰਨਣ ਤੇ ਉਹਦੇ ਹੁਕਮ ਉੱਤੇ ਟੁਰਨ ਲਈ ਕਿਹਾ। ਕਨਿੰਘਮ ਨੇ ਇਸ ਸਿਲਸਿਲੇ ਵਿਚ ਲਿਖਿਆ ਹੈ ਕਿ ਧਰਮ ਤੇ ਅਟੁੱਟ ਵਿਸ਼ਵਾਸ ਤੇ ਗੁਰ ਭਗਤੀ ਤੋਂ ਸਿਵਾ ਸਿੱਖ ਜਥੇਬੰਦੀ ਦਾ ਹੋਰ ਕੋਈ ਅੱਡ ਅਸੂਲ ਨਹੀਂ ਸੀ। ਸਿੱਖਾਂ ਦਾ ਪੱਕਾ ਵਿਸ਼ਵਾਸ ਸੀ ਕਿ ਸਿਰਫ਼ ਵਾਹਿਗੁਰੂ ਹੀ ਉਨ੍ਹਾਂ ਦਾ ਮਦਦਗਾਰ ਤੇ ਨਿਰੋਲ ਨਿਆਂਕਾਰ ਹੈ ਅਤੇ ਉਹ ਹੀ ਹਰ ਸਮੇਂ ਅੰਗ-ਸੰਗ ਹੈ। ਸਭ ਦਾ ਇਕੋ ਧਰਮ ਸੀ ਤੇ ਧਾਰਨਾ ਇਹ ਕਿ ਸਰਬਤ ਦਾ ਭਲਾ ਹੋਵੇ। ਇਸ ਨਿਸ਼ਾਨੇ ਨੂੰ ਮੁੱਖ ਰੱਖਦੇ ਉਹ ਜੁੱਟ ਜਾਂਦੇ ਤੇ ਜੂਝਦੇ। ਗੁਰੂ ਗੋਬਿੰਦ ਸਿੰਘ ਜੀ ਦੀ ਦਿੱਤੀ ਕ੍ਰਿਪਾਨ ਦੀ ਠੀਕ ਵਰਤੋਂ ਉਹ ਜਾਣਦੇ ਸਨ।'

ਗਾਰਡਨ ਨੇ ਆਪਣੀ ਪੁਸਤਕ 'ਦੀ ਸਿੱਖਸ' [1] ਵਿਚ ਲਿਖਿਆ ਹੈ : ਸਰਦਾਰਾਂ ਨੇ ਸਰਬ ਸੰਮਤੀ ਨਾਲ ਇਹ ਫੈਸਲਾ ਕੀਤਾ ਕਿ ਸਮੇਂ-ਸਮੇਂ ਧਰਮ ਤੇ ਰਾਜਨੀਤਕ ਫੈਸਲੇ ਕਰਨ ਲਈ ਸਾਡੇ ਵਿਚੋਂ ਹੀ ਇਕ ਆਗੂ ਹੋਵੇ ਜਿਸ ਨੂੰ ਸਮੁੱਚੀ ਕੌਮ ਚੁਣੇ ਅਤੇ ਚੋਣ ਸ੍ਰੀ ਅੰਮ੍ਰਿਤਸਰ ਹੀ ਹੋਵੇ। ਇਸ ਤਰ੍ਹਾਂ ਲੋਕ ਰਾਜ ਵਾਲੀ ਸ਼ਕਤੀ ਵੀ ਸਿੱਖਾਂ ਵਿਚ ਆ ਗਈ। ਅੰਮ੍ਰਿਤਸਰ ਅਕਾਲੀਆਂ ਦਾ ਇਕ ਕੌਮੀ ਦਲ ਵੀ ਬਣ ਗਿਆ ਜਿਸ ਦਾ ਮੁੱਖ ਮੰਤਵ ਖਾਲਸੇ ਵਿਚ ਕੁਰੀਤੀਆਂ ਨੂੰ ਨਾ ਆਵਣ ਦੇਣਾ, ਧਰਮ ਦੀ ਰੱਖਿਆ ਗ਼ਲਤ ਕਾਰਜ ਕਰਨ ਵਾਲੇ ਨੂੰ ਟੋਕਣਾ ਅਤੇ ਗੰਗਾ ਜਮਨੀ ਖ਼ਿਆਲਾਂ ਵਾਲੇ ਢਿਲੜ ਨਾ ਪੈਦਾ ਹੋਣ ਦੇਣਾ ਸੀ। ਐਸਾ ਦਲ ਰਾਵਾਂ ਲੈ ਦੇ ਕੇ, ਸੋਧਾਂ ਕਰਕੇ, ਅਗਵਾਈ ਦੇ ਕੇ, ਕੌਮ ਨੂੰ ਆਉਣ ਵਾਲੇ ਖ਼ਤਰਿਆਂ ਤੋਂ ਸੁਚੇਤ ਕਰਕੇ ਧਰਮ ਦਾ ਚਾਅ ਉਚੇਚੇ ਤੌਰ ਤੇ ਪੈਦਾ ਕਰਦਾ ਸੀ। ਦਲ ਖਾਲਸਾ [2] ਨੂੰ ਸਵਤੰਤਰ ਰਾਜ ਕਿਹਾ। ਦਲ ਖ਼ਾਲਸਾ ਨੂੰ ਗਿਆਰਾਂ ਜਥਿਆਂ ਵਿਚ ਵੰਡ ਕੇ ਜਥੇਦਾਰ ਵੀ ਨਿਯਤ ਕੀਤੇ। ਗਿਆਰਾਂ ਜਥੇ ਇਹ ਸਨ :

| | | |
|---|---|---|
| ੧. | ਜਥਾ ਫੈਜ਼ਲ ਪੁਰੀਆ | –ਨਵਾਬ ਕਪੂਰ ਸਿੰਘ। |
| ੨. | ਜਥਾ ਆਹਲੂਵਾਲੀਆ | –ਸਰਦਾਰ ਜੱਸਾ ਸਿੰਘ ਆਹਲੂਵਾਲੀਆ। |
| ੩. | ਜਥਾ ਸ਼ੁਕਰਚਕੀਆ | –ਬਾਬਾ ਨੌਧ ਸਿੰਘ। |
| ੪. | ਜਥਾ ਭੰਗੀਆਂ | –ਹਰੀ ਸਿੰਘ ਭੰਗੀ। |
| ੫. | ਜਥਾ ਨਿਸ਼ਾਨ ਵਾਲੀਆਂ | –ਦਸੌਂਧਾ ਸਿੰਘ। |
| ੬. | ਜਥਾ ਕਨ੍ਹਈਆ | –ਜੈ ਸਿੰਘ ਕਾਨ੍ਹਾ। |
| ੭. | ਜਥਾ ਨਕਈਆਂ | –ਹੀਰਾ ਸਿੰਘ ਨਕਈ। |

1. ਦੀ ਸਿੱਖਸ, ਪੰਨਾ 36.
2. ਪ੍ਰਾਚੀਨ ਪੰਥ ਪ੍ਰਕਾਸ਼, ਭਾਈ ਰਤਨ ਸਿੰਘ ਭੰਗੂ।

Sri Satguru Jagjit Singh Ji eLibrary NamdhariElibrary@gmail.com

੮. ਜਥਾ ਡੱਲੇਵਾਲੀਆਂ —ਗੁਲਾਬ ਸਿੰਘ ਡਲੇਵਾਲ।
੯. ਜਥਾ ਸ਼ਹੀਦ —ਬਾਬਾ ਦੀਪ ਸਿੰਘ।
੧੦. ਜਥਾ ਕਰੋੜੀਆਂ —ਕਰੋੜਾ ਸਿੰਘ।
੧੧. ਜਥਾ ਸਿੰਘਾਣੀਆਂ (ਰਾਮਗੜ੍ਹੀਆ) —ਨੰਦ ਸਿੰਘ ਸਿੰਘਾਣੀਆ।

ਵੈਸਾਖੀ ਵਾਲੇ ਦਿਨ ਇਤਿਹਾਸਕ ਗੁਰਮਤਾ ਵੀ ਕੀਤਾ ਗਿਆ ਕਿ **ਪੰਜਾਬ ਸਿੱਖਾਂ ਦਾ ਹੈ; ਇਸ ਨੂੰ ਨਾ ਕਦੇ ਅਫ਼ਗਾਨ ਸਾਮਰਾਜ ਦਾ ਹਿੱਸਾ ਬਣਨ ਦਿੱਤਾ ਜਾਏਗਾ ਅਤੇ ਨਾ ਹੀ ਮੁਗ਼ਲਾਂ ਦੇ ਅਧੀਨ ਰਹਿਣ ਦਿੱਤਾ ਜਾਏਗਾ। ਕਿਸੇ ਬਾਹਰਲੀ ਤਾਕਤ ਦੇ ਹਮਲਾ ਕਰਨ ਦੀ ਸੂਰਤ ਵਿਚ ਡੱਟ ਕੇ ਮੁਕਾਬਲਾ ਕੀਤਾ ਜਾਵੇਗਾ ਅਤੇ ਪੰਜਾਬ ਉੱਤੇ ਹਮਲਾ ਸਿੱਖਾਂ ਉੱਤੇ ਹਮਲਾ ਸਮਝਿਆ ਜਾਵੇਗਾ ਤੇ ਸਿੱਖਾਂ ਨੂੰ ਹਰ ਸਮੇਂ ਤਿਆਰ ਰਹਿਣਾ ਚਾਹੀਦਾ ਹੈ।** ਇਸ ਗੁਰਮਤੇ ਦੀ ਰੌਸ਼ਨੀ ਵਿਚ ਸਿੱਖ ਅਬਦਾਲੀ ਦੇ ਆਉਣ ਵਾਲੇ ਹਮਲਿਆਂ ਦਾ ਟਾਕਰਾ ਵੀ ਕਰਦੇ ਰਹੇ ਅਤੇ ਆਪਣੀ ਹੋਂਦ ਦਰਸਾਉਣ ਲਈ ਪੰਜਾਬ ਦੇ ਵੱਖ-ਵੱਖ ਇਲਾਕਿਆਂ ਵਿਚ ਮੱਲਾਂ ਵੀ ਮਾਰਦੇ ਰਹੇ। ਬਾਰੀ ਦੁਆਬ ਵਿਚ ਸਰਦਾਰ ਜੱਸਾ ਸਿੰਘ ਆਹਲੂਵਾਲੀਆ, ਭਾਈ ਹਰੀ ਸਿੰਘ ਭੰਗੀ ਜਥੇ ਵਾਲੇ, ਕਰੋੜਾ ਸਿੰਘ ਨੇ ਆਪਣਾ ਦਬਦਬਾ ਬਿਠਾ ਲਿਆ। ਜਲੰਧਰ ਦੁਆਬ ਵਿਚ ਸਰਦਾਰ ਬਾਘ ਸਿੰਘ ਹਲੋਵਾਲੀਆ, ਸਰਦਾਰ ਜੱਸਾ ਸਿੰਘ ਆਹਲੂਵਾਲੀਆ ਤੇ ਸਰਦਾਰ ਜੱਸਾ ਸਿੰਘ 'ਰਾਮਗੜ੍ਹੀਆ' ਨੇ ਆਪਣੀ ਧਾਂਕ ਬਿਠਾਈ। ਸਰਦਾਰ ਚੜ੍ਹਤ ਸਿੰਘ ਸ਼ੁਕਰਚਕੀਆ ਨੇ ਗੁਜਰਾਂਵਾਲਾ ਕਿਲ੍ਹਾ ਬਣਾ ਕੇ ਰਚਨਾ ਦੁਆਬ ਵਿਚ ਆਪਣੀ ਹੋਂਦ ਦਿਖਾਈ। ਐਸੀਆਂ ਜਿੱਤਾਂ, ਮੱਲਾਂ ਤੇ ਕਿਲ੍ਹਿਆਂ ਦਾ ਅਸਰ ਇਹ ਹੋਇਆ ਕਿ ਦਲ ਖਾਲਸਾ ਦੀ ਜਥੇਬੰਦੀ ਵੱਧਣ ਲੱਗੀ ਤੇ ਲੋਕ ਸਿੱਖ ਜਥੇਬੰਦੀ ਵਿਚ ਸ਼ਾਮਲ ਹੋਣ ਲੱਗੇ। ਹਰ ਪੁਰਸ਼, ਜੋ ਮੁਗ਼ਲਾਂ ਦੀਆਂ ਸਖ਼ਤੀਆਂ ਤੋਂ ਨਜਾਤ ਹਾਸਲ ਕਰਨਾ ਚਾਹੁੰਦਾ ਸੀ, ਸਿੱਖ ਜਥੇਬੰਦੀ ਵਿਚ ਸ਼ਾਮਲ ਹੋ ਗਿਆ। ਗ਼ੁਲਾਮ ਹੁਸੈਨ [1] ਲਿਖਦਾ ਹੈ : ''ਜਿਸ ਤੇ ਵੀ ਜ਼ੁਲਮ ਹੁੰਦਾ ਉਹ ਸਿਰ ਤੇ ਕੇਸ ਰੱਖ ਲੈਂਦਾ ਤੇ 'ਅਕਾਲ, ਅਕਾਲ' ਦਾ ਨਾਅਰਾ ਮਾਰਦਾ ਗੁਰੂ ਗੋਬਿੰਦ (ਸਿੰਘ) ਦਾ ਸਿੱਖ ਬਣ ਜਾਂਦਾ।''

**ਮੀਰ ਮੰਨੂੰ ਦਾ ਗਵਰਨਰ ਬਣਨਾ ਤੇ ਲਖਪਤ ਰਾਇ ਦੀ ਮੌਤ :** ਅਪ੍ਰੈਲ, ੧੭੪੮ ਵਿਚ ਮੀਰ ਮੰਨੂੰ ਨੇ ਲਾਹੌਰ ਤੇ ਮੁਲਤਾਨ ਦੀ ਨਵਾਬੀ ਸੰਭਾਲੀ। ਮੀਰ ਮੰਨੂੰ ਨੇ ਦੇਖਿਆ ਕਿ ਲਖਪਤ ਰਾਇ ਭਾਵੇਂ ਸਿੱਖਾਂ ਨੂੰ ਮਾਰ ਮੁਕਾਉਣ ਵਿਚ ਤਾਂ ਚੰਗਾ ਸਹਾਇਕ ਹੋ ਸਕਦਾ ਹੈ ਪਰ ਉਸ ਦੇ ਅਹਿਮਦ ਸ਼ਾਹ ਦੁਰਾਨੀ ਨਾਲ ਕੀਤੇ ਗਠਜੋੜ ਨੇ ਮੀਰ ਮੰਨੂੰ ਨੂੰ ਲਖਪਤ ਰਾਏ ਨੂੰ ਸਜ਼ਾ ਦੇਣ ਲਈ ਮਜਬੂਰ ਕਰ ਦਿੱਤਾ। ਮੰਨੂੰ ਨੇ ਆਪਣਾ ਦੀਵਾਨ ਕੌੜਾ ਮਲ ਨੂੰ ਬਣਾਇਆ। ਭਾਈ ਰਤਨ ਸਿਘ ਭੰਗੂ ਦਾ ਕਹਿਣਾ ਹੈ ਕਿ ਸਿੱਖਾਂ ਲਖਪਤ ਰਾਇ ਨੂੰ ਹਵਾਲੇ ਕਰਨ ਦੀ ਮੰਗ ਕੀਤੀ ਤੇ ਉਸ ਦੇ ਬਦਲੇ ਦੀਵਾਨ ਕੌੜਾ ਮੱਲ ਨੂੰ ਮਦਦ ਦਾ ਯਕੀਨ

---

1. ਸਿਆਰੁਲ ਮੁਤਾਖਰੀਨ—ਜਿਲਦ ਤੀਜੀ ਪੰਨਾ, 48।
ਪ੍ਰਾਚੀਨ ਪੰਥ ਪ੍ਰਕਾਸ਼ ਦੇ ਸ਼ਬਦਾਂ ਵਿਚ :
ਸਤਾਇ ਜਟ ਨਰ ਸਿੰਘੀ ਰਲੈਂ।
ਘਰ ਦਰ ਛਡਕੈ ਰਲੈਂ ਸੁ ਦਲੈਂ।

ਦਿਵਾਇਆ। ਲਖਪਤ ਰਾਇ ਨੂੰ ਸਿੱਖਾਂ ਦੇ ਹਵਾਲੇ ਕਰਕੇ ਸਿੱਖਾਂ ਦੀ ਮਦਦ ਲੈਣੀ ਕੋਈ ਮਹਿੰਗਾ ਸੌਦਾ ਨਹੀਂ ਸੀ। ਦੀਵਾਨ ਕੌੜਾ ਮੱਲ ਨੇ ਲਖਪਤ ਰਾਇ ਨੂੰ ਸਿੱਖਾਂ ਦੇ ਹਵਾਲੇ ਕਰ ਦਿੱਤਾ। ਹਰ ਸਿੱਖ ਨੇ ਥੁੱਕਣ ਉਪਰੰਤ ਇਕ-ਇਕ ਜੁੱਤੀ ਮਾਰੀ ਤੇ ਉਹ ਦੁੱਖ ਨਾ ਸਹਿੰਦਾ ਹੋਇਆ ਮਰ ਗਿਆ।

*ਲਖੂ ਦੁਸ਼ਟ ਕਰਮ ਫਲ ਪਾਯੋ।*
*ਚਿਲਚਿਲਾਏ ਰੋਵੈ ਤੜਫੈ ਹੈ।*
*ਆਪਣੇ ਕੀਤੇ ਕੋ ਪਛਤੈਹੈ। ੬੨।*
**ਆਖਰ ਮਰਯੋ ਦੂਖ ਬਹੁ ਪਾਈ।**[1]

ਮੀਰ ਮੰਨੂੰ ਵੀ ਅਜੇ ਸਿੱਖਾਂ ਨਾਲ ਵਿਗਾੜਨਾ ਨਹੀਂ ਸੀ ਚਾਹੁੰਦਾ ਕਿਉਂ ਜੋ ਉਸਨੂੰ ਅਬਦਾਲੀ ਦੇ ਬੱਦਲ ਮੰਡਰਾਉਂਦੇ ਦਿੱਸ ਰਹੇ ਸਨ। ਦੂਜੇ ਲਾਹੌਰ ਉਤੇ ਕਬਜ਼ਾ ਉਸ ਨੇ ਸਿਰਫ ੨੦੦੦ ਘੋੜ-ਸਵਾਰਾਂ ਨਾਲ ਕੀਤਾ ਸੀ। ਮੁਲਤਾਨ ਵਿਚ ਦੁਰਾਨੀ ਦਾ ਨਿਯਤ ਕੀਤਾ ਹੋਇਆ ਗਵਰਨਰ ਜ਼ਹੀਦ ਖ਼ਾਨ ਬੈਠਾ ਸੀ, ਉਸ ਨੂੰ ਹਰਾ ਕੇ ਹੀ ਮੁਲਤਾਨ ਕਬਜ਼ੇ ਵਿਚ ਲਿਆਇਆ ਜਾ ਸਕਦਾ ਸੀ। ਤੀਸਰੇ, ਦਿੱਲੀ ਵਿਚ ਨਵਾਂ ਵਜ਼ੀਰ ਸਫ਼ਦਰ ਜੰਗ, ਮੀਰ ਮੰਨੂੰ ਵਿਰੁੱਧ ਸਾਜ਼ਿਸ਼ਾਂ ਘੜ ਰਿਹਾ ਸੀ। ਮੀਰ ਮੰਨੂੰ ਨੇ ਜਲੰਧਰ ਦੁਆਬੇ ਵਿਚ ਅਦੀਨਾ ਬੇਗ ਨੂੰ ਹੀ ਰਹਿਣ ਦਿੱਤਾ। ਅਦੀਨਾ ਬੇਗ ਵੀ ਸਿੱਖਾਂ ਨਾਲ ਅਜੇ ਵਿਗਾੜਨ ਤੇ ਸਖ਼ਤ ਨੀਤੀ ਅਪਨਾਉਣ ਦੇ ਹੱਕ ਵਿਚ ਨਹੀਂ ਸੀ। ਇਨ੍ਹਾਂ ਕਾਰਨਾਂ ਕਰਕੇ ਮੀਰ ਮੰਨੂੰ ਨੇ ਸਿੱਖਾਂ ਵਿਰੁੱਧ ਕਾਰਵਾਈ ਰੋਕੀ ਰੱਖੀ। ਮੀਰ ਮੰਨੂੰ ਨੇ ਵੀ ਜੰਮੂ ਫ਼ੌਜਾਂ ਭੇਜ ਕੇ ਫੌਜਦਾਰ ਕੋਲੋਂ ਈਨ ਮਨਵਾਈ। ਦੀਵਾਨ ਕੌੜਾ ਮੱਲ ਨੇ ਮੁਲਤਾਨ ਵੀ ਜਿੱਤਿਆ।

**ਅਦੀਨਾ ਬੇਗ ਦਾ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੂੰ ਸੱਦਾ** : ਮੀਰ ਮੰਨੂੰ ਨੇ ਜਦ ਆਪਣੇ ਆਪ ਨੂੰ ਗਵਰਨਰੀ ਦੇ ਅਹੁਦੇ ਤੇ ਮਜ਼ਬੂਤ ਦੇਖਿਆ ਤਾਂ ਉਸ ਅਦੀਨਾ ਬੇਗ ਨੂੰ ਸਿੱਖਾਂ ਵਿਰੁੱਧ ਸਖਤੀ ਕਰਨ ਦਾ ਹੁਕਮ ਦਿੱਤਾ। ਅਦੀਨਾ ਬੇਗ ਨੇ ਪਹਿਲਾਂ ਵਾਂਗ ਹੀ ਨਰਮ ਨੀਤੀ ਅਪਣਾਉਣ ਦਾ ਢੰਗ ਵਰਤਿਆ। ਉਸ ਨੇ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੂੰ ਸੱਦਾ ਭੇਜਿਆ ਕਿ ਉਹ ਆ ਕੇ ਮਿਲੇ ਤੇ ਅਦੀਨਾ ਬੇਗ ਨਾਲ ਰਲ ਕੇ ਸਿੱਖ ਰਾਜ ਕਰਨ ਜਾਂ ਸਿੱਖਾਂ ਨੂੰ ਵੱਖ ਇਲਾਕਾ ਦਿਲਵਾ ਦਿੰਦੇ ਹਾਂ ਜਿਸ ਨੂੰ ਦਿੱਲੀ ਤੇ ਲਾਹੌਰ ਮੰਨ ਲਵੇਗਾ। ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਉੱਤਰ ਦਿੱਤਾ : ''ਸਮਝੌਤਾ ਕਿਸੇ ਵੀ ਸੂਰਤ ਵਿਚ ਨਹੀਂ ਹੋ ਸਕਦਾ ਕਿਉਂਕਿ ਦੋਹਾਂ ਵਿਚ ਖ਼ਿਆਲਾਂ ਦਾ ਬਹੁਤ ਮਤਭੇਦ ਹੈ। ਸਿੱਖ ਉਸੇ ਹੀ ਤਲਵਾਰ ਨਾਲ ਰਾਜ ਬਣਾਉਣਗੇ ਜਿਸ ਨਾਲ ਮੁਗ਼ਲਾਂ ਬਣਾਇਆ ਹੈ। ਮੁਲਾਕਾਤ ਜੰਗ ਦੇ ਮੈਦਾਨ ਵਿਚ ਹੀ ਹੋਵੇਗੀ। ਸ਼ਹੀਦੀਆਂ ਤੇ ਖ਼ੂਨ ਬਹਾਇ ਬਗ਼ੈਰ ਆਜ਼ਾਦੀਆਂ ਨਹੀਂ ਮਿਲਿਆ ਕਰਦੀਆਂ। ਸਿੱਖ ਦੀ ਚਮਕਦੀ ਕ੍ਰਿਪਾਨ ਦੇਖ ਕੇ ਮੁਗ਼ਲ ਅਮਨ ਦੀਆਂ ਗੱਲਾਂ ਕਰਨ ਲੱਗੇ ਹਨ ਤੇ ਜਦ ਇਹ ਕ੍ਰਿਪਾਨ ਚੱਲ ਪਈ ਤਾਂ ਰਾਜ ਕਦਮਾਂ ਵਿਚ ਆਏਗਾ—ਕਿਸੇ ਦੇ ਰਹਿਮ ਨਾਲ ਨਹੀਂ, ਵਾਹਿਗੁਰੂ ਦੀ ਰਹਿਮਤ ਨਾਲ ਹੋਵੇਗਾ। ਜਿਨ੍ਹਾਂ ਦੇ ਮੱਥੇ ਤੇ ਰਬ ਆਪੂੰ ਮੁਲਕ ਲਿਖ ਦੇਵੇ, ਉਹ ਹੋਰਨਾਂ ਪਾਸੋਂ ਕਾਗ਼ਜ਼ ਤੇ ਕੀ ਲਿਖਾਏ।

---

1. ਪੰਥ ਪ੍ਰਕਾਸ਼, ਗਿਆਨੀ ਗਿਆਨ ਸਿੰਘ (ਉਤ੍ਰਾਰਧ ਬਿਸ੍ਰਾਮ 36)

Sri Satguru Jagjit Singh Ji eLibrary NamdhariElibrary@gmail.com

ਜਿਸ ਤੇ ਦੋਹਾਂ ਜਹਾਨਾਂ ਦਾ ਪਾਤਸ਼ਾਹ ਪ੍ਰਸੰਨ ਹੋਵੇ, ਉਸ ਨੂੰ ਹੋਰ ਕਿਸੇ ਖ਼ੁਸ਼ੀ ਦੀ ਲੋੜ ਨਹੀਂ।'' ਜਦ ਅਦੀਨਾ ਬੇਗ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨਾਲ ਗੱਲਬਾਤ ਕਰਨ ਵਿਚ ਕਾਮਯਾਬ ਨਾ ਹੋ ਸਕਿਆ ਤਾਂ ਉਸ ਸਿੱਖਾਂ ਵਿਚ ਪਾੜ ਪਾਉਣ ਲਈ ਸਰਦਾਰ ਜੱਸਾ ਸਿੰਘ 'ਰਾਮਗੜ੍ਹੀਆ' ਨਾਲ ਗੱਲਬਾਤ ਪੱਕੀ ਕਰ ਲਈ। ਸਰਦਾਰ ਜੱਸਾ ਸਿੰਘ ਪੰਥ ਨਾਲ ਗੁੱਸੇ ਸਨ ਕਿਉਂ ਜੋ ਉਨ੍ਹਾਂ ਨੂੰ ਬਗ਼ੈਰ ਸੁਣੇ ਹੀ ਜਥੇਬੰਦੀ ਵਿਚੋਂ ਕੱਢ ਦਿੱਤਾ ਗਿਆ ਸੀ।[1] ਉਨ੍ਹਾਂ ਉਸੇ ਗੁੱਸੇ ਵਿਚ ਹੀ ਅਦੀਨਾ ਬੇਗ ਨਾਲ ਸੰਧੀ ਕਰ ਲਈ। ਅਦੀਨਾ ਬੇਗ ਨੇ ਮੌਕਾ ਚੰਗਾ ਸਮਝ ਕੇ ਅੰਮ੍ਰਿਤਸਰ ਤੇ ਹਮਲਾ ਕਰ ਦਿੱਤਾ।

**ਰਾਮਰੌਣੀ ਨੂੰ ਘੇਰਨਾ :** ੧੭੪੮ ਦੀ ਦੀਵਾਲੀ ਮਨਾਈ ਜਾ ਰਹੀ ਸੀ ਕਿ ਮੀਰ ਮੰਨੂੰ ਨੇ ਮੌਕਾ ਪਛਾਣ ਰਾਮਰੌਣੀ ਨੂੰ ਘੇਰ ਲਿਆ। ਸਿੱਖਾਂ ਫ਼ੌਜਾਂ ਨੂੰ ਰੋਕ ਲਿਆ ਅਤੇ ਬਾਕੀ ਰਾਮਸਰ ਵਿਚੋਂ ਟਾਕਰਾ ਕਰਦੇ ਰਹੇ। ਤਿੰਨ ਮਹੀਨੇ ਘੇਰਾ ਰਿਹਾ ਤੇ ਸੈਂਕੜੇ ਸਿੰਘ ਸ਼ਹੀਦ ਹੋ ਗਏ। ਇਕ ਸ਼ਹੀਦ ਹੁੰਦਾ, ਦੋ ਹੋਰ ਗਾਥਾ ਸੁਣ ਕੇ ਆ ਰਲਦੇ। ਇੰਜ ਜਾਣੋ **'ਜੈਸੇ ਓਗਲ ਨੀਰ'** । ਸਰਦਾਰ ਜੈ ਸਿੰਘ ਕਨ੍ਹਈਆ ਕਿਲ੍ਹੇ ਦੀ ਦੀਵਾਰ ਘੋੜੇ ਸਮੇਤ ਟੱਪ ਜਾਂਦੇ ਤੇ ਫਿਰ ਵਾਪਸ ਵੀ ਆ ਜਾਂਦੇ। ਕਈ ਸੂਰਮਗਤੀ ਦੇ ਕਾਰਨਾਮੇ ਸਿੰਘਾਂ ਕੀਤੇ ਪਰ ਅੰਦਰ ਰਸਦ-ਪਾਣੀ ਮੁੱਕਣ ਕਾਰਨ ਇਹ ਹੀ ਮਤਾ ਪਕਾਇਆ ਕਿ ਜੂਝ ਕੇ ਕਟ ਮਰਨਾ ਹੀ ਠੀਕ ਹੈ। ਜੈਕਾਰਾ ਛੱਡ ਕੇ ਇਸ ਗੱਲ ਦਾ ਪ੍ਰਗਟਾਵਾ ਕੀਤਾ। ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਆਪਣੇ ਸਾਥੀਆਂ ਸਮੇਤ ਅਦੀਨਾ ਬੇਗ ਦੀਆਂ ਫ਼ੌਜਾਂ ਵਿਚ ਸਨ। ਉਨ੍ਹਾਂ ਜਦ ਜੈਕਾਰਿਆਂ ਦੀ ਆਵਾਜ਼ ਸੁਣੀ ਤਾਂ ਭਰਾਵਾਂ ਨਾਲ ਮਿਲਣ ਤੇ ਮਰਨ ਦਾ ਚਾਅ ਜਾਗਿਆ।[2] ਖ਼ੁਸ਼ਵਕਤ ਰਾਇ ਦਾ ਕਹਿਣਾ ਹੈ ਕਿ ਸਿੱਖਾਂ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਨੂੰ ਚਿੱਠੀ ਵੀ ਲਿਖੀ ਕਿ ਉਹ ਵਿਰੋਧੀਆਂ ਦਾ ਪੱਖ ਲੈ ਕੇ ਸਾਡੀ ਤਬਾਹੀ ਦਾ ਕਾਰਨ ਕਿਉਂ ਬਣ ਰਿਹਾ ਹੈ? ਪੰਥ ਦੀ ਖ਼ੁਸ਼ੀ ਲੈ ਤੇ ਪੰਥ ਨਾਲ ਆ ਮਿਲ।' ਅਲੀ-ਉਦ-ਦੀਨ ਨੇ ਇਬਰਤਨਾਮੇ ਵਿਚ ਲਿਖਿਆ ਹੈ ਕਿ 'ਆਪਣੇ ਭਰਾਵਾਂ ਨੂੰ ਸੰਕਟ ਵਿਚ ਪਿਆ ਦੇਖ ਕੇ ਜੱਸਾ ਸਿੰਘ ਦੇ ਦਿਲ ਨੂੰ ਬੜੀ ਖੋਹ ਪਈ। ਉਸ ਨੇ ਇਹ ਜਾਣਿਆ ਕਿ ਸਿੱਖਾਂ ਦੀ ਸ਼ਾਨ ਤੇ ਅਣਖ ਦੀ ਪ੍ਰਤੀਕ ਇਹ ਰਾਮਰੌਣੀ ਉਸ ਵੇਲੇ ਦੁਸ਼ਮਣ ਦੇ ਘੇਰੇ ਵਿਚ ਹੈ, ਇਸ ਲਈ ਉਸ ਨੇ ਆਪਣੇ ਭਰਾਵਾਂ ਨਾਲ ਮਤ ਭੇਦ ਭੁਲਾ ਕੇ ਸਹਾਇਤਾ ਕਰਨ ਦਾ ਪੱਕਾ ਮਨ ਬਣਾ ਲਿਆ। ਸਿੱਟੇ ਵਜੋਂ ਇਕ ਰਾਤ ਢੁਕਵਾਂ ਮੌਕਾ ਦੇਖ ਉਹ ਆਪਣੇ ਸਾਰੇ ਜੱਥੇ

---

1. ਇਹ ਪ੍ਰਚਾਰ ਸੀ ਕਿ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਨੇ ਨਵ-ਜੰਮੀ ਲੜਕੀ ਨੂੰ ਮਾਰ ਦਿੱਤਾ ਹੈ ਪਰ ਘਟਨਾਵਾਂ ਤੇ ਵਾਕਿਆ ਉਲਟ ਸਨ। ਸਰਦਾਰ ਜੱਸਾ ਸਿੰਘ ਦਾ ਦੋਸ਼ ਸਾਬਤ ਨਹੀਂ ਹੋ ਸਕਿਆ ਕਿਉਂਕਿ ਘਟਨਾ ਵਾਲੀ ਰਾਤ ਉਹ ਆਪ ਮੁਹਿੰਮ ਉਤੇ ਸਨ।
2. ਜੱਸਾ ਸਿੰਘ ਭੀ ਸਿੰਘਨ ਕਹਯੋ।
   ਹਮ ਕਬ ਖਾਲਸਯੋਂ ਟੂਟਨ ਚਹਯੋ।
   ਹਮ ਭੀ ਰਲੇਂਗੇ ਖਾਲਸੇ ਨਾਲ।
   ਖਾਲਸੋ ਟੁੱਟੀ ਗੰਢਣ ਵਾਲ॥ ੪੯॥
   ਪ੍ਰਾਚੀਨ ਪੰਥ ਪ੍ਰਕਾਸ਼ ਦਾ ਇਹ ਵੀ ਕਹਿਣਾ ਹੈ ਕਿ ਇਕ ਸਿੱਖ ਵੀ ਗਿਆ ਸੀ ਜਿਸ ਜਾ ਕੇ ਕਿਹਾ ਸੀ :
   **ਪੰਥ ਨਾਲ ਹੋ ਕੇ ਸ਼ਹੀਦੀ ਲੈ।**

Sri Satguru Jagjit Singh Ji eLibrary NamdhariElibrary@gmail.com

ਸਮੇਤ ਕਿਲ੍ਹੇ ਵਿਚ ਜਾ ਵੜਿਆ ਅਤੇ ਉਸ ਦੀ ਰਖਿਆ ਦਾ ਸਾਰਾ ਭਾਰ ਵੀ ਆਪਣੇ ਜ਼ਿੰਮੇ ਲੈ ਲਿਆ। ਅਦੀਨਾ ਬੇਗ ਘਬਰਾ ਗਿਆ।[1] ਮੁਲਤਾਨ ਉਤੇ ਸ਼ਾਹ ਨਵਾਜ਼ ਖ਼ਾਨ ਦੇ ਹਮਲਾ ਕਰਨ ਦੀ ਖਬਰ ਵੀ ਆਈ ਤੇ ਅਦੀਨਾ ਤੇ ਸ਼ਾਹ ਨਵਾਜ਼ ਖ਼ਾਨ ਦੇ ਹਮਲਾ ਕਰਨ ਦੀ ਖਬਰ ਵੀ ਆਈ ਤੇ ਅਦੀਨਾ ਬੇਗ ਨੂੰ ਤੁਰੰਤ ਮੁਹਾਸਿਰਾ ਚੁਕਣ ਦਾ ਹੁਕਮ ਦੀਵਾਨ ਕੌੜਾ ਮੱਲ ਦੀ ਸਲਾਹ ਤੇ ਮੀਰ ਮੰਨੂ ਨੇ ਭੇਜਿਆ। ਇਤਨੇ ਸਮੇਂ ਵਿਚ ਅਬਦਾਲੀ ਦੇ ਹਮਲੇ ਦੀਆਂ ਖ਼ਬਰਾਂ ਆਉਣ ਲੱਗ ਪਈਆਂ।

**ਸ਼ਾਹ ਨਵਾਜ਼ ਖ਼ਾਨ ਦੀ ਹਾਰ ਤੇ ਮੁਲਤਾਨ ਦੀ ਜਿੱਤ :** ਮੀਰ ਮੰਨੂ ਨੂੰ ਅਬਦਾਲੀ ਦੇ ਹਮਲੇ ਦੀ ਖ਼ਬਰ ਦੇ ਨਾਲ ਹੀ ਮੁਲਤਾਨ ਵਿਚ ਸ਼ਾਹ ਨਵਾਜ਼ ਖ਼ਾਨ ਦੀ ਬਗ਼ਾਵਤ ਦੀ ਖੱਬਰ ਪੁੱਜੀ। ਮੀਰ ਮੰਨੂ ਨੇ ਆਪਣੇ ਆਪ ਨੂੰ ਔਕੜਾਂ ਵਿਚ ਘਿਰਿਆ ਦੇਖਿਆ। ਇਸੇ ਕਾਰਨ ਦੀਵਾਨ ਕੌੜਾ ਮੱਲ ਦੇ ਕਹਿਣ ਉਤੇ ਸਿੱਖਾਂ ਵਿਰੁੱਧ ਰਾਮਰੌਣੀ ਦਾ ਘੇਰਾ ਉਠਾ ਲਿਆ। ਦੀਵਾਨ ਕੌੜਾ ਮੱਲ ਨੇ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੂੰ ਮਦਦ ਲਈ ਕਿਹਾ। ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਮਦਦ ਦੇਣੀ ਮੰਨੀ ਕਿਉਂਕਿ ਮੌਕਾ ਐਸਾ ਸੀ ਜਿਸ ਦਾ ਲਾਭ ਉਠਾਉਣਾ ਜ਼ਰੂਰੀ ਸੀ। ਦੀਵਾਨ ਕੌੜਾ ਮੱਲ ਨੇ ਰਾਮਰੌਣੀ ਨੂੰ ਪੱਕਿਆਂ ਕਰਨ ਤੇ ਕਿਲ੍ਹਾ ਬਣਾਉਣ ਦੀ ਛੁੱਟੀ ਵੀ ਲੈ ਦਿੱਤੀ। ਨਾਲ ਹੀ ਪੱਟੀ ਤੇ ਝਬਾਲ ਦੀ ਜਾਗੀਰ ਵੀ ਦਿੱਤੀ। ਸਿੱਖਾਂ ਦੀ ਮਦਦ ਦੀ ਗਰੰਟੀ ਲੈ ਕੇ ਦੀਵਾਨ ਕੌੜਾ ਮੱਲ ਸ਼ਾਹ ਨਵਾਜ਼ ਖ਼ਾਨ ਦੇ ਟਾਕਰੇ ਡਟ ਗਿਆ। ਸਿੱਖਾਂ ਦੇ ਸਿਪਾਹੀ ਨੂੰ ਰੋਜ਼ ਅੱਠ ਆਨੇ ਤੇ ਘੋੜ ਸਵਾਰ ਨੂੰ ਇਕ ਰੁਪਿਆ ਮਿਲਦਾ ਸੀ। ਇਸ ਤੋਂ ਇਲਾਵਾ ਇਹ ਵੀ ਤੈਅ ਹੋਇਆ ਸੀ ਕਿ ਜੋ ਵੀ ਜੰਗ ਦਾ ਮਾਲੇ-ਗਨੀਮਤ ਮਿਲੇ ਉਸ ਦੇ ਸਿੱਖ ਹੀ ਮਾਲਕ ਹੋਣਗੇ।

ਸ਼ਾਹ ਨਵਾਜ਼ ਖ਼ਾਨ ਨੂੰ ਦਿੱਲੀ ਦੇ ਨਵੇਂ ਵਜ਼ੀਰ ਸਫ਼ਦਰ ਜੰਗ ਨੇ ਮਦਦ ਦੇ ਕੇ ਹਮਲਾ ਕਰਵਾਇਆ ਸੀ। ਉਹ ਮੀਰ ਮੰਨੂ ਦੀ ਵਧਦੀ ਤਾਕਤ ਨੂੰ ਦੇਖ ਨਹੀਂ ਸੀ ਸਕਦਾ। ਪਹਿਲਾਂ ਉਸ ਨਾਸਰ ਖ਼ਾਨ, ਜੋ ਕਾਬਲ ਦਾ ਗਵਰਨਰ ਰਹਿ ਚੁੱਕਾ ਸੀ, ਨੂੰ ਚੁਕਿਆ ਕਿ ਉਹ ਆਪਣੇ ਚਾਰ ਮਹਾਲ 'ਸਿਆਲਕੋਟ, ਪਸਰੂਰ, ਗੁਜਰਾਤ ਤੇ ਔਰੰਗਾਬਾਦ' ਬਗ਼ਾਵਤ ਕਰ ਦੇਵੇ। ਉਸ ਦੀ ਬਗ਼ਾਵਤ ਅਸਫਲ ਹੋਈ। ਫਿਰ ਸਫ਼ਦਰ ਜੰਗ ਨੇ ਪੁਰਾਣੇ ਘੁਲਾਟੀਏ ਸ਼ਾਹ ਨਵਾਜ਼ ਖ਼ਾਨ ਨੂੰ ਮੈਦਾਨ ਵਿਚ ਉਤਾਰਿਆ। ਉਹ ੧੫੦੦੦ ਦੀ ਤਗੜੀ ਫ਼ੌਜ ਲੈ ਕੇ ਮੁਲਤਾਨ ਪੁੱਜਾ। ਸਫ਼ਦਰ ਜੰਗ ਨੇ ਉਸ ਨੂੰ ਮੁਲਤਾਨ ਦਾ ਗਵਰਨਰ ਵੀ ਥਾਪ ਦਿੱਤਾ। ਇਹ ਮੀਰ ਮੰਨੂ ਉੱਤੇ ਸਿੱਧੀ ਸੱਟ ਸੀ ਕਿਉਂ ਜੋ ਮੁਲਤਾਨ ਲਾਹੌਰ ਦੇ ਹੇਠਾਂ ਹੀ ਗਿਣਿਆ ਜਾਂਦਾ ਸੀ। ਸ਼ਾਹ ਨਵਾਜ਼ ਖ਼ਾਨ ਲੱਖੀ ਜੰਗਲ ਵਿਚ ਟਿਕੇ ਸਿੱਖਾਂ ਨੂੰ ਚੁੱਕਦਾ ਆਇਆ ਸੀ ਕਿ ਉਹ ਲਾਹੌਰ ਦੇ ਕਰੀਬ ਹਮਲੇ ਕਰਨ, ਉਹ ਵੀ ਮਦਦ ਕਰੇਗਾ। ਸਿੱਖ ਲੱਖੀ ਜੰਗਲ ਤੋਂ ਨਿਕਲ ਕੇ ਪੰਜਾਬ ਵੱਲ ਵਧ ਰਹੇ ਸਨ। ਉਧਰੋਂ ਸ਼ਾਹ ਨਵਾਜ਼ ਖ਼ਾਨ ਨੇ ਮੀਰ ਮੰਨੂ ਨੂੰ ਲਿਖਿਆ

---

1. ਜਬ ਜਸਾ ਸਿੰਘ ਅੰਦਰ ਵੜਾ।
ਤੁਕਰਨ ਸਿਰ ਜਨ ਪਾਣੀ ਪੜਾ॥ ੫੨॥ (ਪ੍ਰਾਚੀਨ ਪੰਥ ਪ੍ਰਕਾਸ਼)
ਉਸ ਦਿਨ ਤੋਂ ਸਰਦਾਰ ਜੱਸਾ ਸਿੰਘ ਦਾ ਨਾਮ ਵੀ ਰਾਮਗੜ੍ਹੀਆ ਪ੍ਰਸਿੱਧ ਹੋ ਗਿਆ।
"ਰਾਮ ਰੌਣੀ ਰਾਮਗੜ੍ਹ ਭਇਓ ਤਿਸ ਦਿਨ ਤੇ ਮਸ਼ਹੂਰ।
ਠੋਕੇ ਰਾਮਗੜ੍ਹੀਏ ਭਏ, ਲੜੇ ਜੋ ਵਕਤ ਜ਼ਰੂਰ।" ॥ ੫੭॥

Sri Satguru Jagjit Singh Ji eLibrary NamdhariElibrary@gmail.com

ਕਿ ਉਹ ਲਾਹੌਰ ਆਪਣੇ ਪਿਤਾ ਜ਼ਕਰੀਆ ਖ਼ਾਨ ਦੀ ਕਬਰ ਤੇ ਸਿਜਦਾ ਕਰਨ ਆ ਰਿਹਾ ਹੈ। ਮੀਰ ਮੰਨੂੰ ਅੰਦਰਲੀ ਸਾਰੀ ਸ਼ਰਾਰਤ ਸਮਝ ਗਿਆ। ਦੀਵਾਨ ਕੌੜਾ ਮੱਲ ਨੂੰ ਫ਼ੌਜ ਦੇ ਕੇ ਲੰਘਾਨਾ ਤੇ ਦੁਰਾਨਾ ਦੇ ਪਿੰਡਾਂ ਲਾਗੇ ਟਾਕਰਾ ਕਰਨ ਲਈ ਭੇਜਿਆ। ਸ਼ਾਹ ਨਵਾਜ਼ ਖ਼ਾਨ ਜੰਗ ਵਿਚ ਹੀ ਮਾਰਿਆ ਗਿਆ। ਉਸ ਦੀ ਕਬਰ ਸ਼ੱਮਸ ਤਬਰੇਜ਼ ਦੇ ਲਾਗੇ ਹੀ ਬਣਾਈ ਗਈ। ਮੀਰ ਮੰਨੂੰ ਇਸ ਜਿੱਤ ਉੱਤੇ ਪ੍ਰਸੰਨ ਹੋਇਆ ਤੇ ਦੀਵਾਨ ਕੌੜਾ ਮੱਲ ਨੂੰ 'ਮਹਾਰਾਜਾ ਬਹਾਦਰ' ਦਾ ਖਿਤਾਬ ਤੇ ਮੁਲਤਾਨ ਦੀ ਗਵਰਨਰੀ ਵੀ ਦਿੱਤੀ। ਇਧਰ ਦੀਵਾਨ ਕੌੜਾ ਮੱਲ ਸ਼ਾਹ ਨਵਾਜ਼ ਖ਼ਾਨ ਨਾਲ ਨਜਿੱਠ ਰਿਹਾ ਸੀ। ਸਿੱਖਾਂ ਨੂੰ ਵੀ ਇਸ ਮੁਲਤਾਨ ਦੀ ਜੰਗ ਵਿਚ ਕਈ ਦੂਰ-ਰਸ ਲਾਭ ਮਿਲੇ। ਸਿੱਖਾਂ ਨੇ ਪਹਿਲੀ ਵਾਰ ਗੁਰੀਲਾ ਜੰਗ ਦੇ ਉਲਟ ਖੁੱਲ੍ਹੇ ਮੈਦਾਨ ਜੰਗ ਲੜੀ ਅਤੇ ਦੇਖੀ। ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਜੰਗ ਦੇ ਦਾਅ ਪੇਚ ਜਥਿਆ ਨੂੰ ਦੱਸੇ।

**ਅਬਦਾਲੀ ਦਾ ਦੂਜਾ ਹਮਲਾ** : ਅਬਦਾਲੀ ਨੇ ਪਹਿਲੀ ਹਾਰ ਨੂੰ ਮਨੋਂ ਵਿਸਾਰਿਆ ਨਹੀਂ ਸੀ ਅਤੇ ਤਿਆਰੀ ਕਰ ਕੇ ਤਕਰੀਬਨ ੯ ਮਹੀਨੇ ਬਾਅਦ ਹਮਲਾ ਕਰ ਦਿੱਤਾ। ਹਮਲਾ ਕਰਨ ਦੇ ਤਿੰਨ ਵੱਡੇ ਕਾਰਨ ਸਨ :

**ਪਹਿਲਾ**, ਮੀਰ ਮੰਨੂੰ ਨੇ ਆਪਣੇ ਪੱਕੇ ਪੈਰ ਪੰਜਾਬ ਵਿਚ ਜਮਾ ਲਏ ਸਨ ਤੇ ਡਰ ਸੀ ਕਿ ਉਹ ਪਿਸ਼ਾਵਰ ਅਤੇ ਲਾਗਲੇ ਇਲਾਕਿਆਂ ਉੱਤੇ ਹਮਲਾ ਨਾ ਕਰ ਦੇਵੇ।

**ਦੂਜਾ**, ਕਾਬਲ ਦੇ ਹਟਾਏ ਗਏ ਗਵਰਨਰ, ਨਾਸਰ ਖ਼ਾਨ ਨੂੰ ਫਿਰ ਨਿਯਤ ਕਰ ਦਿੱਤਾ ਗਿਆ ਸੀ। ਉਸ ਲਾਹੌਰ ਜਾ ਕੇ ਮੀਰ ਮੰਨੂੰ ਕੋਲੋਂ ਮਦਦ ਮੰਗੀ ਸੀ ਤੇ ਮੀਰ ਮੰਨੂੰ ਨੇ ਯਕੀਨ ਦਿਵਾਇਆ ਸੀ ਕਿ ਕਾਬਲ ਦੀ ਮੁਹਿੰਮ ਵਿਚ ਉਹ ਪੂਰੀ ਮਦਦ ਕਰੇਗਾ। ਅਬਦਾਲੀ ਰਲਵੇਂ ਹਮਲੇ ਹੋਣ ਤੋਂ ਪਹਿਲਾਂ ਹੀ ਹਮਲਾ ਕਰਨਾ ਚਾਹੁੰਦਾ ਸੀ।

**ਤੀਜਾ**, ਹਿੰਦੁਸਤਾਨ ਵਿਚ ਮਨੂਪੁਰ ਵਿਚ ਹੋਈ ਹਾਰ ਉਸ ਨੂੰ ਰੜਕਦੀ ਸੀ। ਉਸ ਹਾਰ ਦੇ ਹੁੰਦਿਆਂ ਉਹ ਹਰਾਤ ਨੂੰ ਵੀ ਨਾਲ ਨਹੀਂ ਸੀ ਮਿਲਾ ਸਕਦਾ। ਸੋ ਉਸ ਹਮਲਾ ਕਰ ਦਿੱਤਾ।

ਮੀਰ ਮੰਨੂੰ ਨੇ ਦਿੱਲੀ ਮਦਦ ਲਈ ਲਿਖਿਆ, ਪਰ ਸਫ਼ਦਰ ਜੰਗ ਨੇ ਮਦਦ ਦੇਣ ਦੀ ਥਾਂ ਸ਼ਾਹ ਨਵਾਜ਼ ਖ਼ਾਨ ਨੂੰ ਮੁਲਤਾਨ ਦਾ ਗਵਰਨਰ ਥਾਪ ਕੇ ਨਵੀਂ ਸਿਰਦਰਦੀ ਖੜ੍ਹੀ ਕਰ ਦਿੱਤੀ। ਸਫ਼ਦਰਜੰਗ ਦੀ ਦਿਲੀ ਇੱਛਾ ਸੀ ਕਿ ਮੀਰ ਮੰਨੂੰ ਕਮਜ਼ੋਰ ਹੋ ਜਾਏ ਤੇ ਉਹ ਕੰਡਾ, ਜੋ ਕਈ ਵਰ੍ਹਿਆਂ ਤੋਂ ਵੱਖੀ ਵਿਚ ਚੁੱਭ ਰਿਹਾ ਹੈ, ਨਿਕਲ ਜਾਏ। ਅਹਿਮਦ ਸ਼ਾਹ ਦੁਰਾਨੀ ਨੇ ਆਪਣੀ ਫ਼ੌਜ ਨੂੰ ਦੋ ਹਿੱਸਿਆ ਵਿਚ ਵੰਡਿਆ। ਇਕ ਹਿੱਸੇ ਦੀ ਕਮਾਨ ਉਸ ਆਪ ਸੰਭਾਲੀ ਤਾਂ ਕਿ ਮੀਰ ਮੰਨੂੰ ਦਾ ਟਾਕਰਾ ਕੀਤਾ ਜਾ ਸਕੇ। ਦੂਜੇ, ਜਹਾਨ ਖ਼ਾਨ ਨੂੰ ਨਿਯਤ ਕੀਤਾ ਤਾਂ ਕਿ ਲਾਹੌਰ ਤਕ ਲੜਦਾ ਉਹ ਤਬਾਹੀ ਮਚਾਂਦਾ ਜਾਏ। ਇਸ ਭਗਦੜ ਵਿਚ ਨਵਾਬ ਕਪੂਰ ਸਿੰਘ ਨੇ ਸ਼ਾਹਦਰਾ ਦੀ ਕੋਤਵਾਲੀ ਉੱਤੇ ਕਬਜ਼ਾ ਕਰ ਲਿਆ ਸੀ, ਪਰ ਬਹੁਤੀ ਦੇਰ ਕਬਜ਼ਾ ਟਿਕ ਨਾ ਸਕਿਆ। ਸਿੱਖਾਂ ਨੇ ਲਾਹੌਰ ਵੀ ਲੁੱਟਿਆ। ਜਦ ਮੀਰ ਮੰਨੂੰ ਤੇ ਅਬਦਾਲੀ ਦੀਆਂ ਫ਼ੌਜਾਂ ਟਾਕਰੇ ਵਿਚ ਦੋ ਮਹੀਨੇ ਖੜ੍ਹੀਆਂ ਰਹੀਆਂ ਤਾਂ ਮੀਰ ਮੰਨੂੰ [1] ਨੇ ਅਬਦਾਲੀ

1. ਮੀਰ ਮੰਨੂੰ ਨੇ ਸਮਝੌਤੇ ਲਈ ਪੀਰ ਸ਼ੇਖ ਅਬਦੁਲ ਕਾਦਰ, ਅਲਾਮਾ ਮੌਲਵੀ ਅਬਦੁਲਾ ਅਤੇ ਨਿਜ਼ਾਮ-ਉਦ-ਦੀਨ ਇਸ਼ਰਤ ਨੂੰ ਭੇਜਿਆ। ਅਬਦਾਲੀ ਨੇ ਵੀ ਸ਼ੇਖ ਅਬਦੁਲ ਕਾਦਰ ਤੇ ਮੌਲਵੀ ਦਾ ਬੜਾ ਆਦਰ ਕੀਤਾ।

Sri Satguru Jagjit Singh Ji eLibrary NamdhariElibrary@gmail.com

ਨੂੰ ੧੪ ਲੱਖ ਰੁਪਏ ਸਾਲਾਨਾ 'ਚਾਰ ਮਹਾਲ' [1] ਦਾ ਮਾਲੀਆ ਦੇਣਾ ਪ੍ਰਵਾਨ ਕਰ ਲਿਆ। ਇਸ ਸਮਝੌਤੇ ਉੱਤੇ ਖ਼ੁਸ਼ ਸੀ ਕਿਉਂਕਿ ਹੁਣ ਆਜ਼ਾਦ ਹੋ ਕੇ ਪੰਜਾਬ ਦੀ ਹਕੂਮਤ ਕਰ ਸਕਦਾ ਸੀ। ਦਿੱਲੀ ਦੂਰ ਹੋ ਗਈ ਤੇ ਅਫ਼ਗ਼ਾਨਿਸਤਾਨ ਨੂੰ ਦੂਰ ਰੱਖਣਾ ਉਹ ਮੁਸ਼ਕਲ ਨਹੀਂ ਸੀ ਸਮਝਦਾ।

**ਹਮਲੇ ਦਾ ਅਸਰ** : ਇਸ ਹਮਲੇ ਦਾ ਹੋਰ ਕੋਈ ਅਸਰ ਹੋਇਆ ਹੋਵੇ ਜਾਂ ਨਾ, ਪਰ ਇਕ ਲਾਭ ਜ਼ਰੂਰ ਹੋਇਆ ਕਿ :

*'ਸਿੰਘਨ ਕੋ ਬਿਚ ਲਗ ਗਯੋ ਦਾਇ।'*

ਸਿੰਘ ਸਮਝਦੇ ਸਨ ਕਿ ਸਤਿਗੁਰ ਨੇ ਹੀ ਇਹ ਬਣਤ ਬਣਾਈ ਹੈ ਜੋ ਤੁਰਕਾਂ ਹੱਥੀਂ ਤੁਰਕ ਮਰਵਾ ਰਿਹਾ ਹੈ। [2]

ਦੀਵਾਨ ਕੌੜਾ ਮੱਲ ਦੇ ਹੁੰਦਿਆਂ ਉਹ ਵੱਡੇ ਖ਼ਤਰੇ ਤੋਂ ਬਚੇ ਹੋਏ ਸਨ। ਮੀਰ ਮੰਨੂੰ ਨੂੰ ਉਸ ਚੰਗੀ ਤਰ੍ਹਾਂ ਘਰ ਕਰਾਇਆ ਹੋਇਆ ਸੀ ਕਿ ਸਿੱਖਾਂ ਨਾਲ ਵਿਗਾੜਨਾ ਠੀਕ ਨਹੀਂ ਰਹੇਗਾ। ਅੰਮ੍ਰਿਤਸਰ ਨਵੇਂ ਸਿਰੇ ਤੋਂ ਸਾਫ਼ ਕੀਤਾ ਗਿਆ। ਦੀਵਾਲੀ ਬੜੇ ਉਤਸ਼ਾਹ ਨਾਲ ਮਨਾਈ ਗਈ। ਨਨਕਾਣਾ ਸਾਹਿਬ ਵਿਚ 'ਬਾਲ ਲੀਲਾ' ਗੁਰਦੁਆਰਾ ਵੀ ਦੀਵਾਨ ਕੌੜਾ ਮੱਲ ਨੇ ਤਿੰਨ ਲੱਖ ਰੁਪਏ ਖਰਚ ਕਰ ਕੇ ਬਣਵਾ ਦਿੱਤਾ। ਇਸੇ ਹੀ ਦੌਰਾਨ ਸਿੱਖੀ ਦਾ ਵਾਧਾ ਹੋਇਆ। ਅੱਗੇ ਸਿੱਖ ਹੋਣਾ ਜੁਰਮ ਸੀ ਹੁਣ ਪੁੰਨ ਸਮਝਿਆ ਜਾਣ ਲੱਗਾ। ਜਥੇ ਆਪਣੇ-ਆਪਣੇ ਇਲਾਕੇ ਵਿਚ ਤਗੜੇ ਹੋ ਕੇ ਗੜ੍ਹੀਆਂ ਬਣਾਉਣ ਲੱਗ ਪਏ।

ਮੀਰ ਮੰਨੂੰ ਸਿੱਖਾਂ ਦੀ ਵਧਦੀ ਤਾਕਤ ਦੇਖ ਰਿਹਾ ਸੀ। ਉਸ ਵੀ ਉਚੇਚੇ ਨਿਸ਼ਾਨਚੀ ਤਿਆਰ ਕੀਤੇ ਕਿ ਸਿੱਖਾਂ ਦੀ ਵਧਦੀ ਤਾਕਤ ਰੋਕੀ ਜਾਏ ਪਰ ਇਤਨੇ ਨੂੰ ਅਹਿਮਦ ਸ਼ਾਹ ਅਬਦਾਲੀ ਦਾ ਤੀਜਾ ਹਮਲਾ ਹੋ ਗਿਆ।

**ਅਬਦਾਲੀ ਦਾ ਤੀਸਰਾ ਹਮਲਾ** : ਅਹਿਮਦ ਸ਼ਾਹ ਦੁਰਾਨੀ ਨੇ ਅਨੁਭਵ ਕੀਤਾ ਕਿ ਮੀਰ ਮੰਨੂੰ ਦਾ ਝੁਕਾਅ ਦਿੱਲੀ ਵੱਲ ਹੋ ਰਿਹਾ ਹੈ ਕਿਉਂ ਜੋ ਦੋ ਸਾਲਾਂ ਤੋਂ ਖ਼ਿਰਾਜ ਤੇ ਮਾਲੀਆ ਦੀ ਰਕਮ ਮੀਰ ਮੰਨੂੰ ਨਹੀਂ ਸੀ ਭੇਜ ਰਿਹਾ। [3] ਅਹਿਮਦ ਸ਼ਾਹ ਨੇ ਅਖ਼ੀਰ ੧੭੫੦ ਵਿਚ ਸੁਖਜੀਵਨ ਨੂੰ ਖ਼ਿਰਜ ਦੀ ਰਕਮ ਲੈਣ ਲਈ ਭੇਜਿਆ। ਸੁਖਜੀਵਨ ਨੂੰ ਕੁਝ ਰਕਮ ਦੇ ਕੇ ਟਾਲ ਦਿੱਤਾ ਗਿਆ। ਅਬਦਾਲੀ ਨੇ ਹਾਠੂ ਖ਼ਾਨ ਨੂੰ ਅਕਤੂਬਰ, ੧੭੫੧ ਵਿਚ ਭੇਜਿਆ ਪਰ ਮੀਰ ਮੰਨੂੰ ਵਕਤ ਟਪਾ ਕੇ ਤਾਕਤ ਮਜ਼ਬੂਤ ਕਰ ਕੇ ਕੋਰਾ ਜੁਆਬ ਦੇਣਾ ਚਾਹੁੰਦਾ ਸੀ ਅਤੇ ਦੀਵਾਨ ਕੌੜਾ ਮੱਲ ਦੀ ਮੁਲਤਾਨ ਤੋਂ ਉਡੀਕ ਕਰ ਰਿਹਾ ਸੀ। ਮੀਰ ਮੰਨੂੰ ਨੇ ਇਹ ਬਹਾਨਾ ਲਗਾਇਆ ਕਿ 'ਨਾਸਰ ਖ਼ਾਨ ਫ਼ੌਜਦਾਰੀ ਸਮੇਂ 'ਚਾਰ ਮਹਾਲ' ਨੂੰ ਉਜਾੜ ਗਿਆ ਹੈ ਤੇ

---

1. ਔਰੰਗਾਬਾਦ, ਜੁਗਰਾਤ, ਸਿਆਲਕੋਟ ਤੇ ਪਸਰੂਰ।
2. ਇਤ ਬਿਧਿ ਸਤਿਗੁਰ ਬਾਤ ਬਣਾਵੈ।
   ਤੁਰਕ ਤੇ ਇਮ ਤੁਰਕ ਮਰਾਵੈ। (ਪ੍ਰਾਚੀਨ ਪੰਥ ਪ੍ਰਕਾਸ਼)
3. ਅਹਿਮਦ ਸ਼ਾਹ ਹਰਾਤ ਤੇ ਖੁਰਾਸਾਨ ਵਲੋਂ ਹੁਣ ਵਿਹਲਾ ਹੋ ਚੁੱਕਾ ਸੀ। ਇਸ ਲਈ ਸਾਰਾ ਧਿਆਨ ਹਿੰਦੁਸਤਾਨ ਵੱਲ ਦਿੱਤਾ। ਦੂਸਰੇ, ਖੁਰਾਸਾਨ ਵਿਚ ਅਬਦਾਲੀ ਨੂੰ ਘਿਰਿਆ ਹੋਇਆ ਦੇਖ ਕੇ ਮੀਰ ਮੰਨੂੰ ਲਾਭ ਉਠਾਉਣਾ ਚਾਹੁੰਦਾ ਸੀ ਤੇ ਨਾਸਰ ਖ਼ਾਨ ਦੀ ਬਗ਼ਾਵਤ ਦਾ ਬਹਾਨਾ ਬਣਾਇਆ। ਤੀਸਰੇ, ਦੀਵਾਨ ਕੌੜਾ ਮੱਲ ਮੀਰ ਮੰਨੂੰ ਨੂੰ ਤਗੜਿਆਂ ਕਰ ਰਹੇ ਸਨ।

Sri Satguru Jagjit Singh Ji eLibrary NamdhariElibrary@gmail.com

ਤਿੰਨ ਫ਼ਸਲਾਂ ਹੀ ਉਥੋਂ ਆਈਆ ਹਨ। ਸੁਖਜੀਵਨ ਨੂੰ ਦੋ ਫ਼ਸਲਾਂ ਦਾ ਮਾਲੀਆ ਦੇ ਦਿੱਤਾ ਹੈ।' ਸੋ ਇਕ ਸਾਲ ਦਾ ਮਾਲੀਆ ਬਾਕੀ ਹੈ ਜਿਸ ਵੇਲੇ ਚਾਹੋ, ਭੇਜਿਆ ਜਾ ਸਕਦਾ ਹੈ। ਇਨ੍ਹਾਂ ਗੱਲਾਂ ਬਾਤਾਂ ਵਿਚ ਮੀਰ ਮੰਨੂੰ ਨੂੰ ਚੰਗਾ ਵਕਤ ਮਿਲ ਗਿਆ। ਦੀਵਾਨ ਕੌੜਾ ਮੱਲ ਨੇ ੨੦,੦੦੦ ਦੀ ਫ਼ੌਜ ਤਿਆਰ ਕਰ ਲਈ ਸੀ। ਸਿੱਖਾਂ ਨੂੰ ਇਹ ਕਹਿਕੇ ਉਹ ਨਾਲ ਰੱਖੀ ਆਉਂਦਾ ਸੀ ਕਿ ਦੁਰਾਨੀ ਦੇ ਇਸ ਵਾਰੀ ਹਾਰ ਜਾਣ ਉਪਰੰਤ ਪਰੋਲ, ਕਠੂਆ ਤੇ ਬਸੌਲੀ ਦੇ ਪਹਾੜੀ ਇਲਾਕਿਆਂ ਵਿਚ ਹਕੂਮਤ ਬਣਾਉਣ ਦੀ ਖੁੱਲ੍ਹ ਹੋਵੇਗੀ। ਭਾਈ ਸੰਗਤ ਸਿੰਘ ਤੇ ਸੁੱਖਾ ਸਿੰਘ ਮਾੜੀ ਕੰਬੋ ਵਾਲੇ ਅਗਵਾਈ ਕਰ ਰਹੇ ਸਨ। ਉਨ੍ਹਾਂ ਆਪਣੇ ਕੈਂਪ ਸ਼ਾਲਾਮਾਰ ਬਾਗ਼ ਲਗਾਏ ਤੇ ਯਾਕੀ ਗੇਟ ਉੱਤੇ ਮੋਰਚੇ ਲਾ ਲਏ। ਨਵੰਬਰ, ੧੭੫੧ ਨੂੰ ਅਬਦਾਲੀ ਪਿਸ਼ਾਵਰ ਪੁੱਜ ਗਿਆ। ਸਰਦਾਰ ਜਹਾਨ ਖ਼ਾਨ ਅਟਕ ਤੋਂ ਰੁਹਤਾਸ ਆ ਪੁੱਜਾ। ਮੀਰ ਮੰਨੂੰ ਨੇ ੯ ਲੱਖ ਰੁਪਏ ਭੇਜੇ ਤੇ ਬਾਕੀ ਛੇਤੀ ਭੇਜਣ ਦਾ ਵਿਸ਼ਵਾਸ ਦਿਲਵਾਇਆ। ਦੁਰਾਨੀ ਨੇ ਰੁਪਏ ਕੋਲ ਰੱਖੇ ਅਤੇ ਅੱਗੇ ਵੱਧਦਾ ਗਿਆ। ਵਜ਼ੀਰਾਵਾਦ ਦੇ ਲਾਗੇ ਕੋਟਲਾ ਸੱਯਦਾਂ ਕੈਂਪ ਲਗਾਏ। ਮੀਰ ਮੰਨੂੰ ਵੀ ਸ਼ਾਹਦਰਾ ਤੋਂ ਚਾਰ ਮੀਲ ਦੂਰ ਸਰਾਇ ਬਲਖੀਆਂ ਕੈਂਪ ਲਗਾ ਬੈਠਾ। ਜਹਾਨ ਖ਼ਾਨ ਨੇ ਇਕਾ ਦੁੱਕਾ ਹਮਲੇ ਕੀਤੇ। ਉਨ੍ਹਾਂ ਹਮਲਿਆਂ ਵਿਚ ਹੀ ਭਾਈ ਸੁੱਖਾ ਸਿੰਘ ਮਾੜੀ ਕੰਬੋ ਵਾਲੇ ਸ਼ਹੀਦ ਹੋ ਗਏ। ਭਾਈ ਸੁੱਖਾ ਸਿੰਘ ਜੀ ਇਹ ਕਹਿ ਕੇ ਅੱਗੇ ਵੱਧੇ ਸਨ ਕਿ ਅਹਿਮਦ ਸ਼ਾਹ ਦਾ ਕੋਈ ਪਤਾ ਦੇਵੇ ਤਾਂ ਕਿ ਉਸ ਨਾਲ ਸਿੱਧੇ ਦੋ ਚਾਰ ਹੱਥ ਕਰਾਂ। ਅੱਗੇ ਵਧ ਰਹੇ ਸਨ ਕਿ ਗੋਲੀ ਲੱਗੀ ਅਤੇ ਸ਼ਹੀਦ ਹੋ ਗਏ। ਭਾਈ ਸੁੱਖਾ ਸਿੰਘ ਨੂੰ ਡਿੱਗਦਾ ਦੇਖ ਕੇ ਬਾਕੀ ਨਿਹੰਗ ਸਿੰਘਾਂ ਦੇ ਜਥੇ ਹਮਲਾ ਕਰਨ ਲਈ ਮੁੜੇ ਪਰ ਉਨ੍ਹਾਂ ਨੂੰ ਮੀਰ ਮੰਨੂੰ ਦੀਆਂ ਫ਼ੌਜਾਂ ਨੇ ਜੋ ਦੀਵਾਰਾਂ ਅੰਦਰ ਸਨ, ਨੇ ਗੋਲੀਆਂ ਮਾਰੀਆਂ। ਸਿੰਘਾਂ ਦੇ ਦਿਲ ਟੁੱਟ ਗਏ ਤੇ ਉਹ ਵਾਪਸ ਮੁੜ ਆਏ। ਜਦ ਅਬਦਾਲੀ ਨੇ ਕਾਮਯਾਬੀ ਹੁੰਦੀ ਦੇਖੀ ਤਾਂ ਉਸ ਨੇ ਰਾਜਪੁਰ ਤੋਂ ਰਾਵੀ ਪਾਰ ਕਰ ਕੇ ਲਾਹੌਰ ਉੱਤੇ ਹਮਲਾ ਕਰ ਦਿੱਤਾ ਪਰ ਜਹਾਨ ਖ਼ਾਨ ਦੂਸਰੇ ਪਾਸੇ ਸੀ ਤੇ ਅਹਿਮਦ ਸ਼ਾਹ ਕੋਲ ਵੱਡੀਆਂ ਤੋਪਾਂ ਵੀ ਨਹੀਂ ਸਨ। ਸੋ ਦੋਵੇਂ ਧਿਰਾਂ ਇਕ ਦੂਜੇ ਸਾਹਮਣੇ ਡਟੀਆਂ ਰਹੀਆਂ। ਇਹ ਜਨਵਰੀ, ੧੭੫੨ ਦੀ ਘਟਨਾ ਸੀ। ਇਲਾਕਾ ਅਫ਼ਗਾਨਾਂ ਉਜਾੜ ਦਿੱਤਾ। ਆਟਾ ਦੋ ਰੁਪਏ ਸੇਰ ਵਿਕਣ ਲੱਗਾ ਤੇ ਚਾਰਾ ਦੋ ਰੁਪਏ ਸੇਰ ਵੀ ਨ ਮਿਲਦਾ। ਐਸੀ ਹਾਲਤ ਵਿਚ ਮੀਰ ਮੰਨੂੰ ਨੇ ਆਪਣੇ ਸਾਥੀਆਂ ਦੀ ਸਲਾਹ ਲਈ। ਭਿਖਾਰੀ ਖ਼ਾਨ ਨੇ ਬਗ਼ੈਰ ਸ਼ਰਤ ਤੋਂ ਸਮਝੌਤਾ ਕਰਨ ਦੀ ਰਾਇ ਦਿੱਤੀ। ਅਦੀਨਾ ਬੇਗ ਨੇ ਸਿੱਧਾ ਹਮਲਾ ਕਰਨ ਲਈ ਅਤੇ ਦੀਵਾਨ ਕੌੜਾ ਮੱਲ ਨੇ ਕੁਝ ਸਮਾਂ ਹੋਰ ਉਡੀਕਣ ਲਈ ਕਿਹਾ। ਕੌੜਾ ਮੱਲ ਦਾ ਯਕੀਨ ਸੀ ਕਿ ਸਿੱਧਾ ਹਮਲਾ ਮਹਿੰਗਾ ਪਵੇਗਾ ਤੇ ਕੁਝ ਸਮਾਂ ਹੋਰ ਉਡੀਕਣ ਨਾਲ ਗਰਮੀ ਦੇ ਦਿਨ ਆ ਜਾਣਗੇ। ਅਫ਼ਗਾਨ ਪੰਜਾਬ ਦੀ ਗਰਮੀ ਸਹਾਰ ਨਹੀਂ ਸਕਣਗੇ ਤੇ ਅਬਦਾਲੀ ਨੂੰ ਵਾਪਸ ਮੁੜਨਾ ਪਵੇਗਾ। ਦੀਵਾਨ ਕੌੜਾ ਮੱਲ ਦੀ ਪਰਵਾਹ ਨਾ ਕਰਦੇ ਹੋਏ ੬ ਮਾਰਚ ੧੭੫੨ ਨੂੰ ਹਮਲਾ ਕਰ ਦਿੱਤਾ ਗਿਆ। ਮੀਰ ਮੰਨੂੰ ਨੇ ਹਾਰ ਖਾਧੀ। ਉਸੇ ਮਹਿਮੂਦ ਬੂਟੀ [1] (ਸ਼ਾਲਾਮਾਰ

---

1. ਦੀਵਾਨ ਕੌੜਾ ਮੱਲ ਝੰਗ ਜ਼ਿਲ੍ਹੇ ਦੇ ਵਸਨੀਕ ਸਨ। ਉਨ੍ਹਾਂ ਦੇ ਪਿਤਾ ਦਾ ਨਾਂ ਭਾਈ ਵਲੂ ਰਾਮ ਸੀ। ਉਨ੍ਹਾਂ ਨੇ ਪਹਿਲਾਂ ਜ਼ਕਰੀਆ ਖ਼ਾਨ ਨੂੰ ਸਿੱਖਾਂ ਵਿਰੁੱਧ ਸਿੱਧਾ ਹਮਲਾ ਕਰਨ ਤੋਂ ਰੋਕੀ ਰੱਖਿਆ ਤੇ ਪਿਛੋਂ ਮੀਰ ਮੰਨੂੰ ਨੂੰ ਸਿੱਖਾਂ ਨਾਲ ਸੰਧੀ ਕਰਨ ਲਈ ਮੰਨਵਾ ਲਿਆ ਸੀ। ਸਿੱਖ ਪਿਆਰ ਨਾਲ ਉਨ੍ਹਾਂ ਨੂੰ 'ਮਿੱਠਾ ਮੱਲ' ਕਹਿੰਦੇ ਸਨ।

ਦੇ ਨੇੜੇ) ਦੀ ਲੜਾਈ ਵਿਚ ਦੀਵਾਨ ਕੌੜਾ ਮੱਲ ਵੀ ਮਾਰਿਆ ਗਿਆ ਪਰ ਦੀਵਾਨ ਕੌੜਾ ਮੱਲ ਨੂੰ ਮਾਰਨ ਵਾਲਾ ਕੋਈ ਦੁਸ਼ਮਣ ਨਹੀਂ ਸੀ, ਸਗੋਂ ਅਦੀਨਾ ਬੇਗ ਦਾ ਜ਼ਰਖ਼ਰੀਦ ਬਜ਼ੀਦ ਖ਼ਾਨ ਸੀ। ਸੰਗਤ ਸਿੰਘ ਮਾੜੀ ਕੰਬੋ ਵਾਲੇ ਵੀ ਸ਼ਹੀਦ ਹੋ ਗਏ। ਸ਼ਹਿਰ ਦੇ ਇਰਦ ਗਿਰਦ ਅਹਿਮਦ ਸ਼ਾਹ ਦਾ ਕਬਜ਼ਾ ਸੀ। ਸ਼ਾਹ ਨੇ ਮੀਰ ਮੰਨੂੰ ਨੂੰ ਲਿਖਿਆ ਕਿ ਦੋਵੇਂ ਪਾਸੇ ਮੁਸਲਮਾਨ ਮਰ ਰਹੇ ਹਨ। ਸਿੱਖ ਤੇ ਦੀਵਾਨ ਕੌੜਾ ਮੱਲ ਮਾਰੇ ਜਾ ਚੁੱਕੇ ਹਨ ਸੋ ਹੁਣ ਲੜਨਾ ਫ਼ਜ਼ੂਲ ਹੈ।[1] ਦੀਨੀ ਭਰਾਵਾਂ ਦਾ ਖ਼ੂਨ ਕਰਨਾ ਅਯੋਗ ਹੈ। ਮੀਰ ਮੰਨੂੰ ਰਾਤ ਹੀ ਅਹਿਮਦ ਸ਼ਾਹ ਦੇ ਕੈਂਪ ਜਾ ਪੁੱਜਾ। ਅਹਿਮਦ ਸ਼ਾਹ ਉਸ ਦੀ ਦਲੇਰੀ ਅਤੇ ਬਹਾਦਰੀ ਉੱਤੇ ਖੁਸ਼ ਹੋਇਆ ਅਤੇ ਆਪਣਾ ਬੇਟਾ ਬਣਾ ਕੇ 'ਫ਼ਰਜ਼ੰਦ ਖ਼ਾਨ ਬਹਾਦਰ' ਦਾ ਖ਼ਿਤਾਬ ਦੇ ਕੇ ਖ਼ਿਲਅਤ ਦਿੱਤੀ। ਅਦੀਨਾ ਬੇਗ ਨੂੰ ਕੁਝ ਚਿਰ ਨਜ਼ਰਬੰਦ ਰੱਖਿਆ ਗਿਆ। ਅਹਿਮਦ ਸ਼ਾਹ ਨੇ ਕਲੰਦਰ ਖ਼ਾਨ ਨੂੰ ਦਿੱਲੀ ਭੇਜਿਆ ਕਿ ਜਾ ਕੇ ਕਹਿ ਦੇਵੇ ਕਿ ਉਹ ਹਮਲਾ ਕਰਨ ਲਈ ਆ ਰਿਹਾ ਹੈ। ਹਮਲਾ ਇਸੇ ਸ਼ਰਤ ਵਿਚ ਰੋਕਿਆ ਜਾ ਸਕਦਾ ਹੈ ਜੇ ਲਾਹੌਰ ਤੇ ਮੁਲਤਾਨ ਨੂੰ ਅਫ਼ਗਾਨਿਸਤਾਨ ਨਾਲ ਮਿਲਾ ਦਿੱਤਾ ਜਾਏ। ਦਿੱਲੀ ਨੇ ੧੩ ਅਪ੍ਰੈਲ ਨੂੰ ਇਹ ਮੰਗ ਮੰਨ ਲਈ। ਮੀਰ ਮੰਨੂੰ ਨੂੰ ੩੨ ਲੱਖ ਰੁਪਏ ਦੇਣ ਲਈ ਕਿਹਾ ਗਿਆ। (੧੨ ਲੱਖ ਉਸ ਦੀ ਆਪਣੀ ਜ਼ਿੰਦਗੀ ਦਾ, ੧੦ ਲੱਖ ਰਾਜ ਦਾ, ੧੦ ਲੱਖ ਬਾਕੀ ਹਿੰਦੁਸਤਾਨ ਉੱਤੇ ਹਮਲਾ ਨਾ ਕਰਨ ਦਾ) ੨੬ ਲੱਖ ਤਾਂ ਉਸੇ ਵੇਲੇ ਮੀਰ ਮੰਨੂੰ ਨੇ ਦੇ ਦਿੱਤਾ ਤੇ ਬਾਕੀ ਚਾਰ ਲੱਖ ਸਿੰਧ ਪਾਰ ਹੋਣ ਵੇਲੇ ਦੇਣ ਦਾ ਯਕੀਨ ਦਿਵਾਇਆ। ਅਬਦਾਲੀ ਨੇ ਸੁਖਜੀਵਨ ਅਤੇ ਅਬਦੁਲਾ ਖ਼ਾਨ ਨੂੰ ਭੇਜ ਕੇ ਕਸ਼ਮੀਰ ਵੀ ਅਫ਼ਗਾਨਿਸਤਾਨ ਨਾਲ ਮਿਲਾ ਲਿਆ।

**ਸਫ਼ਦਰ ਜੰਗ ਦੀ ਮਰਹੱਟਿਆਂ ਨਾਲ ਗੱਲਬਾਤ** : ਸਫ਼ਦਰ ਜੰਗ ਅਬਦਾਲੀ ਦੇ ਹੱਲੇ ਵੇਲੇ ਅਵਧ ਗਿਆ ਹੋਇਆ ਸੀ। ਕਲੰਦਰ ਖ਼ਾਨ ਦੀਆਂ ਸਾਰੀਆਂ ਸ਼ਰਤਾਂ ਸਫ਼ਦਰ ਜੰਗ ਨੇ ਮੰਨ ਲਈਆਂ ਸਨ, ਪਰ ਇਸ ਹਾਰ ਦਾ ਬਦਲਾ ਲੈਣਾ ਚਾਹੁੰਦਾ ਸੀ। ਉਸ ਨੇ ਅਬਦਾਲੀ ਦੇ ਟਾਕਰੇ ਮਰਹੱਟਿਆਂ ਨੂੰ ਤਿਆਰ ਕਰਨਾ ਚਾਹਿਆ। ਮਲ੍ਹਾਰ ਰਾਓ ਹੁਲਕਰ ਅਤੇ ਜੈ ਆਪਾ ਸਿੰਧੀਆ ਨਾਲ ਹਮਲਾ ਕਰਨ ਦੀ ਸੂਰਤ ਵਿਚ ਸਾਂਝਾ ਟਾਕਰਾ ਕਰਨ ਦੀ ਸੰਧੀ ਕੀਤੀ। ਉਸ ਮੁਤਾਬਕ ਮਰਹੱਟੇ ਅਬਦਾਲੀ ਨੂੰ ਰੋਕਣ ਅਤੇ ਸਫ਼ਦਰ ਜੰਗ ਤੀਹ ਲੱਖ ਹਮਲਾ ਰੋਕਣ ਲਈ ਤੇ ਵੀਹ ਲੱਖ ਅੰਦਰਲੀ ਗੜਬੜ ਰੋਕਣ ਲਈ ਦੇਵੇਗਾ। ਪੰਜਾਬ, ਸਿੰਧ, ਸਿਆਲਕੋਟ, ਪਸਰੂਰ, ਗੁਜਰਾਤ, ਔਰੰਗਾਬਾਦ, ਹਿਸਾਰ ਦੇ ਇਲਾਕਿਆਂ ਵਿਚੋਂ ਮਰਹੱਟਿਆਂ ਨੂੰ ਚੌਥ ਉਗਰਾਹੁਣ ਦੀ ਆਗਿਆ ਹੋਵੇਗੀ। ਦਿੱਲੀ ਦੇ ਬਾਦਸ਼ਾਹ ਅਹਿਮਦਸ਼ਾਹ ਨੇ ਇਹ ਮੰਨਣ ਤੋਂ ਇਨਕਾਰ ਕਰ ਦਿੱਤਾ। ਸਫ਼ਦਰ ਜੰਗ ਬਹੁਤ ਸ਼ਰਮਿੰਦਾ ਹੋਇਆ, ਪਰ ਨੋਟ ਕਰਨ ਵਾਲੀ ਇਹ ਗੱਲ ਹੈ ਕਿ ਇਹੋ ਜਿਹੀ ਹੀ ਸੰਧੀ ਅਦੀਨਾ ਬੇਗ ਨੇ ਪਿਛੋਂ ੧੭੫੯ ਨੂੰ ਕੀਤੀ।

1. ਤਹਿਮਸ ਖ਼ਾਨ ਦਾ ਕਹਿਣਾ ਹੈ ਕਿ ਅਬਦਾਲੀ ਨੇ ਮੀਰ ਮੰਨੂੰ ਨੂੰ ਲਿਖਿਆ, "ਅੱਜ ਚਾਰ ਮਹੀਨੇ ਹੋ ਗਏ ਹਨ ਜਦ ਦੋਵੇਂ ਪਾਸੇ ਮੁਸਲਮਾਨ ਮਾਰੇ ਜਾ ਰਹੇ ਹਨ। ਹੁਣ ਤੂੰ ਫਿਰ ਤਿਆਰੀ ਕਰ ਕੇ ਲੜਨ ਲਈ ਤਿਆਰ ਹੈਂ। ਕੀ ਇਸ਼ ਤਰ੍ਹਾਂ ਫਿਰ ਲੜਾਈ ਦੌਰਾਨ ਮੁਸਲਮਾਨ ਮਾਰੇ ਜਾਣ ਦੀ ਹਜ਼ਰਤ ਪ੍ਰਵਾਨਗੀ ਦੇਣਗੇ ? ਤੇਰੇ ਲਈ ਸਭ ਤੋਂ ਚੰਗੀ ਗੱਲ ਇਹ ਹੈ ਕਿ ਕਿਸੇ ਭਰੋਸੇਯੋਗ ਕਾਸਦ ਨੂੰ ਨਾ ਭੇਜ ਕੇ ਆਪ ਆ। ਤੈਨੂੰ ਕੈਂਪ ਵਿਚ ਖ਼ੁਸ਼ੀ-ਖੁਸ਼ੀ ਆਉਣਾ ਚਾਹੀਦਾ ਹੈ। ਮੇਰਾ ਝਗੜਾ ਤਾਂ ਦੀਵਾਨ ਕੌੜਾ ਮੱਲ ਨਾਲ ਸੀ। ਤੂੰ ਕਿਲ੍ਹੇ ਵਿਚ ਸੁਖੀ ਵਸ। ਮੇਰਾ ਤੇਰੇ, ਤੇਰੇ ਕਿਲ੍ਹੇ ਨਾਲ ਜਾਂ ਸ਼ਹਿਰ ਨਾਲ ਕੋਈ ਵਾਸਤਾ ਨਹੀਂ।" ਮੀਰ ਮੰਨੂੰ ਨੇ ਇਹ ਚਿੱਠੀ ਪੜ੍ਹ ਕੇ ਆਪ ਅਬਦਾਲੀ ਦੇ ਕੈਂਪ ਵਿਚ ਜਾਣ ਦਾ ਫੈਸਲਾ ਕੀਤਾ ਸੀ।

Sri Satguru Jagjit Singh Ji eLibrary NamdhariElibrary@gmail.com

ਦਿੱਲੀ ਨੇ ਮੀਰ ਮੰਨੂੰ ਨੂੰ ਆਪਣਾ ਫ਼ੈਸਲਾ ਆਪ ਹੀ ਕਰਨ ਦੀ ਖੁੱਲ੍ਹ ਦੇ ਦਿੱਤੀ। ਇਸ ਤਰ੍ਹਾਂ ਮੰਨੂੰ ਪੰਜਾਬ ਦਾ ਮਾਲਕ ਬਣ ਗਿਆ।

## ਮੀਰ ਮੰਨੂੰ ਦੇ ਅੱਤਿਆਚਾਰ

*ਮੰਨੂੰ ਅਸਾਂ ਦੀ ਦਾਤਰੀ, ਅਸੀਂ ਮੰਨੂੰ ਦੇ ਸੋਏ।*
*ਜਿਉਂ ਜਿਉਂ ਮੰਨੂੰ ਵੱਢਦਾ, ਅਸੀਂ ਦੂਣੇ ਚੌਣੇ ਹੋਏ।*

**ਮੀਰ ਮੰਨੂੰ ਦੇ ਅੱਤਿਆਚਾਰ** : ਦਿੱਲੀ ਦੀ ਕਮਜ਼ੋਰ ਹਕੂਮਤ ਮੀਰ ਮੰਨੂੰ ਦਾ ਕੁਝ ਵੀ ਵਿਗਾੜਨ ਜੋਗ ਨਹੀਂ ਸੀ ਰਹੀ। ਅਹਿਮਦ ਸ਼ਾਹ ਦੁਰਾਨੀ ਵੀ ਪੰਜਾਬ ਨੂੰ ਅਫ਼ਗਾਨਿਸਤਾਨ ਨਾਲ ਮਿਲਾ ਕੇ ਮੀਰ ਮੰਨੂੰ ਨੂੰ ਗਵਰਨਰ ਮੰਨ ਕੇ ਦਖ਼ਲ ਦੇਣ ਦੇ ਖਿਆਲ ਵਿਚ ਨਹੀਂ ਸੀ। ਪੰਜਾਬ ਵਿਚ ਕੋਈ ਫ਼ੌਜਦਾਰ ਜਾਂ ਤਾਕਤ ਟਾਕਰੇ ਤੇ ਨਹੀਂ ਸੀ। ਕੇਵਲ ਸਿੱਖ ਹੀ ਸਨ ਜੋ ਯਕੀਨੀ ਖ਼ਤਰਾ ਸਨ। ਦੀਵਾਨ ਕੌੜਾ ਮੱਲ, ਜੋ ਮੀਰ ਮੰਨੂੰ ਉੱਤੇ ਰੋਕ ਸੀ, ਸਾਜ਼ਿਸ਼ੀਆਂ ਦੀ ਗੋਲੀ ਦਾ ਨਿਸ਼ਾਨਾ ਬਣ ਕੇ ਚੱਲ ਵੱਸੇ ਸਨ। ਸਿੱਖਾਂ ਦੀ ਸ਼ਕਤੀ ਨੂੰ ਮੁਕਾਉਣਾ ਮੀਰ ਮੰਨੂੰ ਨੇ ਨੀਤੀ ਦਾ ਜ਼ਰੂਰੀ ਅੰਗ ਬਣਾ ਲਿਆ। ਸਿੱਖ ਵੀ ਦਿੱਲੀ, ਕਾਬਲ ਤੇ ਲਾਹੌਰ ਦੇ ਝਗੜਿਆਂ ਵਿਚ ਇਤਨਾ ਲਾਭ ਉਠਾ ਚੁੱਕੇ ਸਨ ਕਿ ਉਨ੍ਹਾਂ ਸਰਹਿੰਦ, ਥਾਨੇਸਰ ਤੇ ਜੀਂਦ ਦੇ ਇਲਾਕਿਆਂ ਨੂੰ ਖ਼ੂਬ ਲੁੱਟਿਆ ਸੀ। ਸਰਦਾਰ ਚੜ੍ਹਤ ਸਿੰਘ, ਸਯਦ ਕਸਰਾਂ (ਜਿਹਲਮ) ਤੱਕ ਮਾਰਾਂ ਮਾਰ ਰਹੇ ਸਨ। ਮੀਰ ਮੰਨੂੰ ਨੇ ਰਾਜ-ਪ੍ਰਬੰਧ ਸੁਧਾਰਨ ਤੇ ਅਮਨ ਬਹਾਲ ਕਰਨ ਦੇ ਬਹਾਨੇ ਸਿੱਖਾਂ ਤੇ ਅੱਤਿਆਚਾਰ ਕਰਨੇ ਅਰੰਭ ਦਿੱਤੇ।

ਅਦੀਨਾ ਬੇਗ ਨੂੰ ਮੰਨੂੰ ਨੇ ਜਲੰਧਰ ਦਾ ਨਾਇਬ ਬਣਾਇਆ। ਸਿੱਖਾਂ ਵਿਰੁੱਧ ਗਸ਼ਤੀ ਫ਼ੌਜ ਨਿਯਤ ਕੀਤੀ। ਗਸ਼ਤੀ ਦਸਤਿਆਂ ਦੇ ਆਗੂ ਮਜ਼੍ਹਬੀ ਜਨੂੰਨ ਵਾਲੇ ਹਾਜੀ ਤੇ ਮੁੱਲਾਂ ਬਣਾਏ। ਇਕ ਹਜ਼ਾਰ ਨਿਸ਼ਾਨਚੀ ਜੋ ਇਸੇ ਮੰਤਵ ਲਈ ਉਚੇਚੇ ਤਿਆਰ ਕੀਤੇ ਸਨ, ਵੱਖ-ਵੱਖ ਦਸਤਿਆਂ ਨਾਲ ਭੇਜੇ। ਮੀਰ ਮੋਮਨ ਖ਼ਾਨ ਤੇ ਹੁਸੈਨ ਖ਼ਾਨ ਕਸੂਰ ਵਾਲਿਆਂ ਨੂੰ ਸਿੱਖਾਂ ਵਿਰੁੱਧ ਕਾਰਵਾਈ ਕਰਨ ਲਈ ਖ਼ਾਸ ਹਦਾਇਤਾਂ ਦਿੱਤੀਆਂ। ਮੀਰ ਮੰਨੂੰ ਆਪ ਮਾਝੇ ਦੇ ਸਿੱਖਾਂ ਵਿਰੁੱਧ ਕਾਰਵਾਈ ਕਰਨ ਲੱਗਾ। ਉਸ ਇਲਾਕੇ ਦੀ ਕਮਾਨ ਵੀ ਖ਼ੁਦ ਸੰਭਾਲੀ ਅਤੇ ਸਯਦ ਜਮਾਲਦੀਨ ਤੇ ਬਖ਼ਸ਼ੀ ਗ਼ਾਜ਼ੀ ਖ਼ਾਨ ਨੂੰ ਵੀ ਦਸਤੇ ਭੇਜਣ ਲਈ ਕਿਹਾ। ਪਹਾੜਾਂ, ਜੰਗਲਾਂ ਵਿਚ ਖ਼ਾਸ ਤੌਰ ਤੇ ਆਜ਼ਮੂਦਾ ਸਿਪਾਹੀ ਭੇਜੇ ਗਏ। ਰਾਮ ਰੌਣੀ ਵਿਚ ਘਿਰੇ ੯੦੦ ਦੇ ਕਰੀਬ ਸਿੰਘਾਂ ਨੂੰ ਥਾਂ ਉੱਤੇ ਹੀ ਸ਼ਹੀਦ ਕਰ ਦਿੱਤਾ ਗਿਆ। ਸਾਰੇ ਪੰਜਾਬ ਵਿਚ ਥਾਂ ਥਾਂ ਚੌਕੀਆਂ ਨਿਯਤ ਕਰਕੇ ਲਾਹੌਰ ਮੁੜਿਆ ਤੇ ਖ਼ਵਾਜਾ ਮਿਰਜ਼ਾ ਨੂੰ ਸਿੱਖਾਂ ਵਿਰੁੱਧ ਭੇਜਿਆ। ਜਿੱਥੇ ਵੀ ਸਿੱਖ ਮਿਲਿਆ, ਉਸ ਪਕੜਿਆ, ਮਾਰਿਆ ਤੇ ਸ਼ਹੀਦ ਕਰ ਦਿੱਤਾ। ਮੂੰਗਲੀਆਂ ਨਾਲ ਸਿੱਖਾਂ ਦੇ ਸਿਰ ਭੰਨੇ ਗਏ। 'ਨਖਾਸ' ਵਾਲੀ ਥਾਂ ਰੋਜ਼ ਸੈਂਕੜੇ ਸਿੰਘ ਸ਼ਹੀਦ ਹੋਣ ਲੱਗੇ। ਉਸ ਦਸ਼ਾ ਦਾ ਜ਼ਿਕਰ ਭਾਈ ਰਤਨ ਸਿੰਘ ਜੀ ਨੇ ਇਸ ਤਰ੍ਹਾਂ ਕੀਤਾ ਹੈ :

*ਨਿਤ ਵਜ਼ੀਰ ਚੜ੍ਹ ਸਿੰਘਨ ਸ਼ਿਕਾਰ।*
*ਝਾੜੋਂ ਕਮਾਦੋਂ ਕਢ ਲਏ ਮਾਰ।*
*ਜੋ ਸਿੰਘ ਖੇਤੀ ਕਰਨੇ ਵਾਰੇ।*
*ਸੋ ਭੀ ਟੋਲ ਸਿੰਘ ਉਨ ਮਾਰੇ।*

*ਹਾ ਹਾ ਕਾਰ ਭਯੋ ਮਾਝੇ ਮਾਹਿ।*
*ਲੁਕਨ ਜਮਾ ਕਬੀਲਨ ਨਾਹਿ।*[1]

*ਅਦੀਨਾ ਬੇਗ ਵੀ ਦੂਜੇ ਚੌਥੇ ਦਿਨ* ੪੦, ੫੦ ਸਿੰਘਾਂ ਦੇ ਸਿਰ ਭੇਜ ਦੇਂਦਾ ਸੀ। ਅਦੀਨਾ ਬੇਗ ਨੇ ਜਦ ੧੭੫੩ ਦੀ ਵਿਸਾਖੀ ਨਜ਼ਦੀਕ ਆਉਂਦੀ ਸੁਣੀ ਤੇ ਇਹ ਦੇਖ ਲਿਆ ਕਿ ਅੰਮ੍ਰਿਤਸਰ ਸਿੱਖ ਮੀਰ ਮੰਨੂੰ ਦੀ ਹੋਂਦ ਕਰਕੇ ਜੁੜ ਨਹੀਂ ਸਕਣਗੇ ਤਾਂ ਉਸ ਦਾ ਖ਼ਿਆਲ ਅਨੰਦਪੁਰ ਸਾਹਿਬ ਵੱਲ ਗਿਆ। ਸਿੱਖ ਅਨੰਦਪੁਰ ਵਿਸਾਖੀ ਨੂੰ ਜੁੜੇ। ਅਦੀਨਾ ਬੇਗ ਨੇ ਅਚਾਨਕ ਹੀ ਹਮਲਾ ਕੀਤਾ ਤੇ ਕਈ ਸਿੰਘ ਸ਼ਹੀਦ ਹੋ ਗਏ। ਅਦੀਨਾ ਬੇਗ ਵੀ ਸਿੰਘਾਂ ਨੂੰ ਮੁਕੰਮਲ ਤੌਰ ਉੱਤੇ ਮੁਕਾਉਣਾ ਆਪਣੀ ਪਾਲਿਸੀ ਦੇ ਉਲਟ ਗਿਣਦਾ ਸੀ, ਪਰ ਸਿੱਖਾਂ ਨੂੰ ਇਹ ਪ੍ਰਗਟ ਕਰਨਾ ਚਾਹੁੰਦਾ ਸੀ ਕਿ ਜੇ ਅਦੀਨਾ ਬੇਗ ਸਖ਼ਤ ਹੋ ਜਾਏ ਤਾਂ ਕਾਫ਼ੀ ਨੁਕਸਾਨ ਪਹੁੰਚਾ ਸਕਦਾ ਹੈ। ਸਿੱਖਾਂ ਦੀ ਨਜ਼ਰ ਵਿਚ ਕੀਮਤ ਵਧਾਉਣ ਲਈ ਹੀ ਉਸ ਅਨੰਦਪੁਰ ਸਾਹਿਬ ਵਿਸਾਖੀ ਵਾਲੇ ਦਿਨ ਹਮਲਾ ਕੀਤਾ ਸੀ। ਅਦੀਨਾ ਬੇਗ ਆਪਣੇ ਮੰਤਵ ਵਿਚ ਸਫਲ ਸੀ। ਲਾਹੌਰ ਤੋਂ ਇਨਾਮ ਵੀ ਲੈ ਲੈਂਦਾ ਸੀ ਤੇ ਸਿੱਖਾਂ ਨੂੰ ਖੁੱਲ੍ਹ ਵੀ ਦੇ ਦੇਂਦਾ ਸੀ। ਸਰਦਾਰ ਜੱਸਾ ਸਿੰਘ 'ਰਾਮਗੜ੍ਹੀਆ' ਨਾਲ ਤਾਂ ਫੇਰ ਉਸ ਇਕ ਕਿਸਮ ਦੀ ਸੰਧੀ ਵੀ ਕਰ ਲਈ ਸੀ।

ਜਦ ਚੁਣ ਚੁਣ ਕੇ ਨੌਜਵਾਨ, ਬਿਰਧ ਮਾਰੇ ਜਾ ਚੁੱਕੇ ਤਾਂ ਮੀਰ ਮੰਨੂੰ ਨੂੰ ਖ਼ੁਸ਼ ਕਰਨ ਲਈ ਸਿੱਖ ਬੱਚਿਆਂ ਤੇ ਇਸਤਰੀਆਂ ਨੂੰ ਪਕੜ ਕੇ ਭੇਜਣਾ ਸ਼ੁਰੂ ਕੀਤਾ। ਇਹ ਉਹ ਹੀ ਸਮਾਂ ਹੈ ਜਦ ਸਿੱਖ ਮਾਤਾਵਾਂ ਨੇ ਸਵਾ ਸਵਾ ਮਣ ਦੇ ਪੀਸਣੇ ਪੀਸੇ ਤੇ ਬੱਚਿਆਂ ਦੇ ਟੋਟਿਆਂ ਦੇ ਹਾਰ ਗਲਾਂ ਵਿਚ ਪਵਾਏ, ਪਰ ਸਿੱਖੀ ਨੂੰ ਆਂਚ ਨਾ ਆਉਣ ਦਿੱਤੀ।[2]

**ਮੀਰ ਮੰਨੂੰ ਦਾ ਅੰਤ :** ਇਤਨੇ ਜ਼ੁਲਮ ਕਰਨ ਦੇ ਬਾਵਜੂਦ ਸਿੱਖਾਂ ਵਿਚੋਂ ਸਿੱਖੀ ਤੇ ਸਿੱਖੀ ਪਿਆਰ ਮਿਟਾਇਆ ਨਾ ਜਾ ਸਕਿਆ। ਸਿੱਖਾਂ ਦੀ ਚੜ੍ਹਦੀ ਕਲਾ ਸਗੋਂ ਹੋਰ ਹੋਈ। ਜਿਉਂ ਜਿਉਂ ਮੰਨੂੰ ਅੱਤਿਆਚਾਰ ਕਰਦਾ ਸਿੱਖ ਹੋਰ ਗੁਰੂ ਦੇ ਨੇੜੇ ਹੁੰਦੇ ਗਏ ਤੇ ਸ਼ਹੀਦਾਂ ਦਾ ਧਿਆਨ ਧਰ ਕੇ ਮੌਤ ਨੂੰ ਹੱਸ ਹੱਸ ਜੱਫੀਆਂ ਪਾਉਂਦੇ। ਸਿੱਖਾਂ ਕੋਈ ਸ਼ਿਕਵਾ, ਸ਼ਿਕਾਇਤ ਨਾ ਕੀਤੀ ਸਗੋਂ ਇਹ ਅਖਾਣ ਬਣਾ ਲਿਆ, ''ਮੰਨੂੰ ਤਾਂ ਸਾਡੀ ਦਾਤਰੀ ਹੈ, ਅਸੀਂ ਮੰਨੂੰ ਦੇ ਸੋਏ ਹਾਂ, ਜਿਉਂ ਜਿਉਂ ਮੰਨੂੰ ਦੀ ਦਾਤਰੀ ਸਾਨੂੰ ਵੱਢਦੀ ਹੈ ਤਿਉਂ-ਤਿਉਂ ਸੋਇਆਂ ਦੀ ਤਰ੍ਹਾਂ ਅਸੀਂ ਵਧ ਫੁੱਲ ਰਹੇ ਹਾਂ।'' (ਸੋਇਆਂ ਦਾ ਸੁਭਾਅ ਹੈ ਕਿ ਉਨ੍ਹਾਂ ਨੂੰ ਵੱਢੋ ਉਹ ਹੋਰ ਵਧ ਜਾਂਦੇ ਹਨ)।

*"ਮੰਨੂੰ ਅਸਾਂ ਦੀ ਦਾਤਰੀ, ਅਸੀਂ ਮੰਨੂੰ ਦੇ ਸੋਏ।*
*ਜਿਉਂ ਜਿਉਂ ਮੰਨੂੰ ਵੱਢਦਾ ਅਸੀਂ ਦੂਣੇ ਚੌਣੇ ਹੋਏ।"*

ਜਾਂ ਇਹ ਬੋਲਦੇ :

*ਮੀਰ ਮੰਨੂੰ ਦੇ ਸੋਏ।*
*ਉੱਤੋਂ ਉੱਤੋਂ ਲਾਹ ਖੜੇ, ਹੇਠੋਂ ਦੂਣੇ ਹੋਏ।*

---

1. 'He succeeded admirably in his policy of running with the hare and hunting with the hound.'
2. ਗਿਆਨੀ ਗਿਆਨ ਸਿੰਘ, ਪੰਨਾ ੬੩੬-੬੩੭।

Sri Satguru Jagjit Singh Ji eLibrary NamdhariElibrary@gmail.com

ਸਿੱਖਾਂ ਨੂੰ ਆਪਣੀ ਅਰਦਾਸ ਦੇ ਸ਼ਬਦ, "ਜਹਾਂ ਜਹਾਂ ਗੁਰ ਖਾਲਸਾ ਜੀ ਸਾਹਿਬ ਤਹਾਂ ਤਹਾਂ ਰਛਿਆ ਰਿਆਇਤ" ਉਤਸ਼ਾਹ ਦੇ ਕੇ ਇਕ ਦੂਜੇ ਦਾ ਦਰਦ ਵੰਡਾਣ ਲਈ ਪ੍ਰੇਰਨਾ ਦਿੰਦੇ ਸਨ। 'ਮਰਨੇ ਕਾ ਚਾਅ' ਸਿੱਖ ਰਗਾਂ ਵਿਚ ਉਛਾਲੇ ਮਾਰਦਾ ਰਹਿੰਦਾ।[1] 'ਸ੍ਰੀ ਅੰਮ੍ਰਿਤਸਰ ਦੇ ਦਰਸ਼ਨ ਇਸ਼ਨਾਨ' ਲਈ ਪਹਿਰਿਆਂ ਦੇ ਬਾਵਜੂਦ ਸਿੱਖ ਪੁੱਜਦੇ। ਭਾਵੇਂ ਥਾਂ ਹੀ ਸ਼ਹੀਦ ਹੋ ਜਾਂਦੇ ਸਨ। ਪੁਰਾਣਾ ਅਖਾਣ ਹੈ, 'ਪਾਪੀ ਕੇ ਮਾਰਨੇ ਕੋ ਪਾਪ ਮਹਾਂਬਲੀ ਹੈ।' ਪਾਪ ਹੀ ਮਹਾਂਬਲੀ ਮੌਤ ਦਾ ਰੂਪ ਧਾਰ ਕੇ ਪਾਪੀ ਨੂੰ ਮਾਰਨ ਆ ਜਾਂਦਾ ਹੈ। ਮੀਰ ਮੰਨੂੰ ਸਿੱਖਾਂ ਦੇ ਸਿਰਾਂ ਦਾ ਸ਼ਿਕਾਰ ਕਰਨ ਲਈ ਮਲਕਪੁਰ ਕੈਂਪ ਨੂੰ ਮਾਰਨ ਆ ਜਾਂਦਾ ਹੈ। ਮੀਰ ਮੰਨੂੰ ਸਿੱਖਾਂ ਦੇ ਸਿਰਾਂ ਦਾ ਸ਼ਿਕਾਰ ਕਰਨ ਲਈ ਮਲਕਪੁਰ ਕੈਂਪ ਲਗਾਈ ਬੈਠਾ ਸੀ। ਪੰਡੋਰੀ ਪਿੰਡ ਦੇ ਦਾਦੂ ਰਾਮ ਦੇ ਪੋਤਰੇ ਨੂੰ ਪਕੜ ਮੰਗਵਾਇਆ ਕਿ ਤੇਰੇ ਘਰ ਸਿੱਖ ਲੁਕੇ ਹਨ। ਉਸ ਇਨਕਾਰ ਕੀਤਾ। ਉਸ ਨੇ ਸਿੰਘਣੀਆਂ ਨੂੰ ਗੇਰੂਏ ਰੰਗ ਦੇ ਕੱਪੜੇ ਪਵਾ ਕੇ, ਜੋਗਨਾਂ ਬਣਾ ਕੇ ਘਰੀਂ ਲੁਕਾਇਆ ਸੀ। ਹਾਥੀ ਮੰਗਵਾ ਕੇ ਬੱਚਿਆਂ ਨੂੰ ਅੱਗੇ ਸੁਟਿਆ ਗਿਆ, ਪਰ ਹਾਥੀ ਨੇ ਪੈਰ ਨ ਰੱਖਿਆ। ਸਭ ਬਾਲ, ਬਿਰਧ, ਜੁਆਨ, ਔਰਤਾਂ ਘੇਰ ਕੇ ਘੋੜੇ ਤੇ ਸਵਾਰ ਹੋ ਹੁਕਮ ਦੇਣ ਹੀ ਲੱਗਾ ਸੀ ਕਿ ਗੋਲੀ ਨਾਲ ਉਡਾ ਦਿਓ ਕਿ ਇਤਨੇ ਨੂੰ ਇਕ ਇੱਲ ਘੋੜੇ ਨੂੰ ਛੂੰਹਦੀ ਨੱਸ ਗਈ।[2] ਘੋੜਾ ਅਥਰਾ ਹੋ ਗਿਆ। ਮੀਰ ਮੰਨੂੰ ਘੋੜੇ ਤੋਂ ਡਿਗ ਗਿਆ ਪਰ ਪੈਰ ਰਕਾਬ ਵਿਚ ਅੜ ਗਿਆ। ਘੋੜਾ ਮੀਰ ਮੰਨੂੰ ਨੂੰ ਘਸੀਟੀ ਤੁਰੀ ਜਾ ਰਿਹਾ ਸੀ ਤੇ ਘਸੀਟਦੇ ਘਸੀਟਦੇ ਹੀ ੪ ਨਵੰਬਰ ੧੭੫੩ ਨੂੰ ਉਸ ਦੀ ਮੌਤ ਹੋ ਗਈ।

**ਮੀਰ ਮੰਨੂੰ :** ਮੀਰ ਮੰਨੂੰ ਵਜ਼ੀਰ ਕਮਰ-ਉੱਦੀਨ ਦਾ ਪੁੱਤਰ ਸੀ। ਜ਼ਕਰੀਆ ਖ਼ਾਨ ਦੇ ਪੁਤਰਾਂ ਦੇ ਝਗੜੇ ਵੇਲੇ ਸ਼ਾਹ ਆਲਮ ਨੇ ਵਜ਼ੀਰ ਕਮਰਦੀਨ ਨੂੰ ਨਾਮ ਮਾਤਰ ਪੰਜਾਬ ਦਾ ਗਵਰਨਰ ਬਣਾ ਦਿੱਤਾ ਸੀ। ਵਜ਼ੀਰ ਕਮਰਦੀਨ ਸਰਹਿੰਦ ਦੀ ਜੰਗ ਵਿਚ ਮਾਰਿਆ ਗਿਆ। ਮੀਰ ਮੰਨੂੰ ਨੇ ਅਬਦਾਲੀ ਦਾ ਟਾਕਰਾ ਜਾਰੀ ਰੱਖਿਆ ਅਤੇ ਜਿੱਤ ਪ੍ਰਾਪਤ ਕੀਤੀ। ਉਹ ਲਾਹੌਰ ਦਾ ਗਵਰਨਰ ੧੭੪੯ ਵਿਚ ਥਾਪਿਆ ਗਿਆ। ਜਦ ਅਬਦਾਲੀ ਨੇ ਦੂਜੀ ਵਾਰੀ ੧੭੫੦ ਵਿਚ ਹਮਲਾ ਕੀਤਾ ਤਾਂ ਇਸ ਨੇ ਅਬਦਾਲੀ ਨਾਲ ਬਣਾ ਲਈ। ਅਬਦਾਲੀ ਨੇ ਵੀ ਮੀਰ

---

1. ਭਾਈ ਰਤਨ ਸਿੰਘ—ਪੰਨਾ ੩੪੧-੩੪੨। (ਪ੍ਰਾਚੀਨ ਪੰਥ ਪ੍ਰਕਾਸ਼)
2. ਤਹਿਮਸ ਖ਼ਾਨ ਨੇ ਬਿਲਕੁਲ ਹੀ ਹੋਰ ਕਹਾਣੀ ਦਿੱਤੀ ਹੈ। ਉਸ ਦਾ ਕਹਿਣਾ ਹੈ ਕਿ ਮੀਰ ਮੰਨੂੰ ਪਾਖ਼ਾਨੇ ਗਿਆ ਤੇ ਪਾਖ਼ਾਨਾ ਆਇਆ ਨਾ। ਇਸ ਤਰ੍ਹਾਂ ਉਸ ਦੀ ਤਕਲੀਫ ਵਧੀ ਤੇ ਮੌਤ ਹੋ ਗਈ, ਪਰ ਇਹ ਠੀਕ ਨਹੀਂ। ਜੋ ਇਬਰਤ ਨਾਮਾ, ਤਾਰੀਖੇ ਅਹਿਮਦਸ਼ਾਹੀ ਅਤੇ ਸਿੱਖ ਇਤਿਹਾਸਕਾਰਾਂ ਲਿਖਿਆ ਹੈ, ਉਹ ਠੀਕ ਹੈ। ਮੀਰ ਮੰਨੂੰ ਸਿੱਖਾਂ ਦੇ ਸਿਰਾਂ ਦੇ ਸ਼ਿਕਾਰ ਉੱਤੇ ਚੜ੍ਹਿਆ ਸੀ। 'ਪੋਥੀ ਤਾਰੀਖੇ ਸਿੰਘਾਂ' ਨੇ ਘੋੜੇ ਦੇ ਅਥਰੇ ਹੋਣ ਦਾ ਕਾਰਨ ਗੰਨਿਆਂ ਦੇ ਖੇਤ ਵਿਚੋਂ ਫ਼ਾਇਰ ਦੀ ਆਵਾਜ਼ ਲਿਖਿਆ ਸੀ।

ਪ੍ਰਾਚੀਨ ਪੰਥ ਪ੍ਰਕਾਸ਼ :

"ਮਾਰਨ ਚੜ੍ਹਿਓ ਖਾਲਸੈ।
ਮੁਯੋ ਆਪ ਦੁਖ ਪਾਇ।
ਸੀਖ ਪਾਉ ਘੋੜਾ ਭਯੋ ਬਜ਼ੀਰ।
ਗਿਰਯੋ ਭੂਮ ਮਧ ਝੂਮ ਸੁ ਗੀਰ।
ਏਕ ਪੈਰ ਮਧ ਫਸਯੋ ਰਕਾਬ।
ਗਈ ਜਾਨ ਬਹੁ ਪਾਇ ਅਜ਼ਾਬ।

Sri Satguru Jagjit Singh Ji eLibrary NamdhariElibrary@gmail.com

ਮੰਨੂੰ ਵਿਚ ਆਪਣਾ ਦੇਰ ਦਾ ਸੁਪਨਾ ਪੂਰਾ ਹੁੰਦਾ ਦੇਖਿਆ। ਤੀਜੇ ਹਮਲੇ ਵੇਲੇ ਜਦ ਮੀਰ ਮੰਨੂੰ ਰਾਤੋ ਰਾਤ ਅਬਦਾਲੀ ਦੇ ਕੈਂਪ ਵਿਚ ਚਲਾ ਗਿਆ ਤਾਂ ਉਸ ਨੇ ਜੁਰਅੱਤ ਦੀ ਸ਼ਲਾਘਾ ਕੀਤੀ। ਉਨ੍ਹਾਂ ਦੋਹਾਂ ਦੀ ਹੋਈ ਗੱਲਬਾਤ [1] ਨੇ ਤਾਂ ਹੋਰ ਵੀ ਚੰਗਾ ਅਸਰ ਅਬਦਾਲੀ ਉੱਤੇ ਪਾਇਆ। ਅਬਦਾਲੀ ਨੇ 'ਫਰਜ਼ੰਦ ਖ਼ਾਨ ਬਹਾਦਰ' ਦਾ ਖ਼ਿਤਾਬ ਦੇ ਕੇ ਗਵਰਨਰ ਬਣਾ ਦਿੱਤਾ। ਮੀਰ ਮੰਨੂੰ ਅਰੰਭ ਵਿਚ ਸਿੱਖਾਂ ਨਾਲ ਵਿਗਾੜਨੀ ਠੀਕ ਨਹੀਂ ਸੀ ਸਮਝਦਾ। ਦਿੱਲੀ ਦਾ ਡਰ, ਸ਼ਾਹ ਨਵਾਜ਼ ਖ਼ਾਨ ਦੀ ਬਗ਼ਾਵਤ, ਅਬਦਾਲੀ ਦੇ ਹਮਲੇ ਅਤੇ ਦੀਵਾਨ ਕੌੜਾ ਮੱਲ ਦੀਆਂ ਸਲਾਹਾਂ ਉਸ ਨੂੰ ਸਿੱਖਾਂ ਨਾਲ ਵਿਗਾੜਨ ਤੋਂ ਰੋਕਦੀਆਂ ਰਹੀਆਂ। ਜਦ ਦਿੱਲੀ ਤੇ ਕਾਬਲ ਵਲੋਂ ਸੁਰੱਖਿਅਤ ਹੋ ਗਿਆ ਤਾਂ ੧੦ ਮਹੀਨੇ ਸਿੱਖਾਂ ਉੱਤੇ ਉਹ ਅਤਿਆਚਾਰ ਕੀਤੇ ਜਿਨ੍ਹਾਂ ਦੀ ਯਾਦ ਅਜੇ ਵੀ ਸਿੱਖਾਂ ਦੇ ਮਨਾਂ ਵਿਚ ਤਾਜ਼ਾ ਹੈ। ਬੁੱਲ੍ਹੇ ਸ਼ਾਹ ਨੇ ਵੀ ਲਿਖਿਆ :

*"ਦਰ ਖੁੱਲ੍ਹਾ ਹੈ ਹਸ਼ਰ ਆਜ਼ਾਬ ਦਾ।*
*ਬੁਰਾ ਹਾਲ ਹੋਇਆ ਪੰਜਾਬ ਦਾ।"*

ਮੀਰ ਮੰਨੂੰ ਨੇ ਸਿੱਖੀ ਨੂੰ ਖ਼ਤਮ ਕਰਨ ਲਈ ਜੋ ਉਪਾਅ ਕੀਤੇ ਉਹ ਹੀ ਬਾਅਦ ਵਿਚ ਉਸ ਦੇ ਰਾਜ ਦੇ ਵੈਰੀ ਬਣੇ। ਵੱਡੀ ਫ਼ੌਜ ਸਾਂਭਣੀ ਮੁਸ਼ਕਲ ਹੋ ਗਈ। ਖ਼ਜ਼ਾਨਾ ਖ਼ਾਲੀ ਹੋ ਗਿਆ। ਸਿੱਖਾਂ ਦੇ ਜਥੇ ਵਧਣ ਲੱਗੇ ਤੇ ਅਗਾਂਹਵਧੂ ਨੌਜਵਾਨ ਜਥਿਆਂ ਵਿਚ ਸ਼ਾਮਲ ਹੋਣ ਲੱਗੇ। ਸਰ ਜੋਗਿੰਦਰ ਸਿੰਘ ਨੇ ਠੀਕ ਲਿਖਿਆ ਹੈ ਕਿ 'ਇਨਕਲਾਬ ਕਦੇ ਪਿੱਛੇ ਨਹੀਂ ਮੁੜਿਆ ਕਰਦੇ ਤੇ ਫਿਰ ਜੋ ਕੌਮਾਂ ਮਰਨਾ ਜਾਣਦੀਆਂ ਹਨ ਉਹ ਗ਼ੁਲਾਮ ਕਦੇ ਨਹੀਂ ਰਹਿੰਦੀਆਂ। ਨੌਜਵਾਨਾਂ ਨੇ ਸਮਝ ਲਿਆ ਕਿ ਜੇ ਕੋਈ ਉਨ੍ਹਾਂ ਨੂੰ ਜ਼ੁਲਮਾਂ ਤੋਂ ਨਜਾਤ ਦਿਵਾ ਸਕਦਾ ਹੈ, ਤਾਂ ਉਹ ਸਿੱਖਾਂ ਦੀ ਜਥੇਬੰਦੀ ਹੈ। ਸੋ ਉਹ ਲੋਕੀਂ ਜੋ ਲਿਤਾੜੇ ਜਾ ਰਹੇ ਸਨ, ਬੇਦੋਸ਼ੇ ਮਾਰੇ ਜਾ ਰਹੇ ਸਨ, ਅਗਾਂਹ ਵਧੇ ਤੇ ਜਥੇਬੰਦੀ ਵਿਚ ਸ਼ਾਮਲ ਹੋਏ। [2] ਮੀਰ ਮੰਨੂੰ ਉਂਜ ਇਕ ਹੌਸਲੇ ਵਾਲਾ, ਮੌਕਾ ਸੰਭਾਲੂ, ਖਤਰਿਆਂ ਤੋਂ ਨਾ ਝਕਣ ਵਾਲਾ ਤੇ ਖ਼ੁਦਮੁਖ਼ਤਿਆਰ ਪੁਰਸ਼ ਸੀ।

**ਮੀਰ ਮੰਨੂੰ ਉਪਰੰਤ** : ਮੀਰ ਮੰਨੂੰ ਦੀ ਮੌਤ ਦੀ ਖ਼ਬਰ ਸੁਣਦੇ ਸਾਰ ਹੀ ਦਿੱਲੀ ਦੇ

---

1. ਅਹਿਮਦਸ਼ਾਹ : 'ਤੂੰ ਪਹਿਲਾਂ ਈਨ ਮੰਨਣ ਕਿਉਂ ਨਾ ਆਇਆ?'
ਮੀਰ ਮਨੂੰ : 'ਕਿਉਂ ਜੋ ਮੈਂ ਹੋਰ ਕਿਸੇ ਦਾ ਸਾਂ।'
ਅਹਿਮਦਸ਼ਾਹ : 'ਉਹ ਮਾਲਕ ਤੇਰੀ ਮਦਦ ਉਤੇ ਕਿਉਂ ਨਾ ਆਇਆ?'
ਮੀਰ ਮਨੂੰ : 'ਉਹ ਮੈਨੂੰ ਕਾਫ਼ੀ ਤਾਕਤਵਰ ਸਮਝਦਾ ਸੀ ਕਿ ਮੈਂ ਆਪਣੀ ਰੱਖਿਆ ਕਰਨ ਜੋਗਾ ਹਾਂ।'
ਅਹਿਮਦਸ਼ਾਹ : 'ਜੇ ਮੈਂ ਤੇਰੇ ਹੱਥ ਆ ਜਾਂਦਾ ਤਾਂ ਤੂੰ ਕੀ ਕਰਦਾ?'
ਮੀਰ ਮਨੂੰ : 'ਮੈਂ ਤੁਹਾਡਾ ਸਿਰ ਵੱਢ ਕੇ ਦਿੱਲੀ ਆਪਣੇ ਮਾਲਕਾਂ ਨੂੰ ਭੇਜ ਦਿੰਦਾ?'
ਅਹਿਮਦਸ਼ਾਹ : 'ਹੁਣ ਜਦ ਤੂੰ ਮੇਰੇ ਰਹਿਮ ਉੱਤੇ ਹੈਂ, ਮੇਰੇ ਕੋਲੋਂ ਕੀ ਆਸ ਰੱਖਦਾ ਹੈਂ?'
ਮੀਰ ਮੰਨੂੰ : 'ਜੇ ਤੁਸੀਂ ਵਪਾਰੀ ਹੋ ਤਾਂ ਮੈਨੂੰ ਵੇਚ ਦਿਓ, ਜੇ ਕਸਾਈ ਹੋ ਤਾਂ ਮਾਰ ਦਿਓ, ਪਰ ਜੇ ਸ਼ਾਹ ਹੋ ਤਾਂ ਖਿਮਾ ਕਰ ਦਿਓ।'
ਅਹਿਮਦਸ਼ਾਹ : 'ਅੱਲਾ ਰਹਿਮ ਕਰੇ, ਤੈਨੂੰ ਮੁਆਫ਼ ਕੀਤਾ।'

2. The Rise of Sikh Power : Dr. Sinha ਦੀ ਪੁਸਤਕ ਦਾ ਮੁੱਖ ਬੰਧ।

Sri Satguru Jagjit Singh Ji eLibrary NamdhariElibrary@gmail.com

ਅਹਿਮਦ ਸ਼ਾਹ ਨੇ ਆਪਣੇ ਪੁੱਤਰ ਮਹਿਮੂਦ ਸ਼ਾਹ ਨੂੰ ਜੋ ਅਜੇ ੩ ਸਾਲਾਂ ਦਾ ਬਾਲਕ ਸੀ, ਨਵਾਬ ਥਾਪ ਦਿੱਤਾ ਅਤੇ ਨਾਇਬ ਮੀਰ ਮੰਨੂੰ ਦੇ ਦੋ ਸਾਲਾ ਪੁੱਤਰ ਮੁਹੰਮਦ ਅਮੀਨ ਖ਼ਾਨ ਨੂੰ ਬਣਾਇਆ। ਇਹ ਖੇਲ ਕੁਝ ਦਿਨ ਹੀ ਚਲਿਆ ਅਤੇ ਮੀਰ ਮੰਨੂੰ ਦੇ ਭਰਾ ਪੀਰ ਨਿਜ਼ਾਮ-ਉੱਦ-ਦੀਨ ਨੂੰ ਨਵੰਬਰ ੧੭ ਨੂੰ ਗਵਰਨਰ ਥਾਪ ਦਿੱਤਾ। ਨਿਜ਼ਾਮ-ਉੱਦ ਦੀਨ ਦੇ ਲਾਹੌਰ ਨਾ ਹੋਣ ਕਰ ਕੇ ਮੀਰ ਮੋਮਨ ਖ਼ਾਨ ਕਸੂਰ ਦੇ ਹੱਥ ਸਾਰੀ ਤਾਕਤ ਆ ਗਈ। ਭਿਖਾਰੀ ਖ਼ਾਨ ਵੀ ਮੋਮਨ ਖ਼ਾਨ ਦੇ ਨਾਲ ਹੀ ਮਿਲ ਕੇ ਸ਼ਾਸਨ ਚਲਾਉਣ ਲੱਗਾ, ਉਹ ਰੋਜ਼-ਉਦ-ਦਉਲਾ, ਤੁੰਗਬਾਜ਼ ਖ਼ਾਨ ਜੋ ਮੁਹੰਦਮ ਸ਼ਾਹ ਦਾ ਇਕ ਪਤਵੰਤਾ ਸਰਦਾਰ ਸੀ, ਦਾ ਪੁੱਤਰ ਸੀ। ਉਹ ਸੱਯਦ ਭੀਖਣ ਦੇ ਮੁਰੀਦਾਂ ਵਿਚੋਂ ਸੀ ਤੇ ਭਿਖਾਰੀ ਖ਼ਾਨ ਦਾ ਨਾਂ ਸੱਯਦ ਭੀਖਣ ਕਰ ਕੇ ਰੱਖਿਆ ਹੋਇਆ ਸੀ। ਜਲੰਧਰ ਦਾ ਫ਼ੌਜਦਾਰ ਅਦੀਨਾ ਬੇਗ ਨੂੰ ਬਣਾਇਆ ਗਿਆ। ਅਹਿਮਦ ਸ਼ਾਹ ਅਬਦਾਲੀ ਨੇ ਆਪਣੇ ਵਲੋਂ ਅਮੀਨ ਖ਼ਾਨ ਨੂੰ ਗਵਰਨਰ ਮੰਨ ਕੇ ਬਾਕੀ ਸਾਰੇ ਨਾਜ਼ਮ ਉਹ ਹੀ ਮੰਨ ਲਏ। ਅਮੀਨ ਖ਼ਾਨ, ਮਈ ੧੭੫੪ ਵਿਚ ਮਰ ਗਿਆ ਤੇ ਸਾਰੀ ਤਾਕਤ 'ਮੁਰਾਦ ਬੇਗਮ' ਦੇ ਹੱਥ ਆ ਗਈ। ਉਸੇ ਨੂੰ ਹੀ 'ਮੁਗ਼ਲਾਨੀ ਬੇਗ਼ਮ' ਵੀ ਕਿਹਾ ਜਾਂਦਾ ਹੈ। ਉਹ ਇਕ ਨੀਤੀਵਾਨ ਤੇ ਚਾਲਾਕ ਔਰਤ ਸੀ। ਅਹਿਮਦ ਸ਼ਾਹ ਨੇ ਉਸਨੂੰ 'ਆਪਣੀ ਬੇਟੀ' ਵੀ ਕਿਹਾ। ਇਸੇ ਦੌਰਾਨ ਅਹਿਮਦ ਸ਼ਾਹ ਨੂੰ ਹਟਾ ਕੇ ਆਲਮਗੀਰ ਦੂਜੇ ਨੂੰ ਬਾਦਸ਼ਾਹ ਬਣਾਇਆ ਗਿਆ। ਉਸ ਦਾ ਪਹਿਲਾਂ ਨਾਮ ਅਜ਼ੀਜ਼-ਉਦ-ਦੀਨ ਸੀ। ਜਹਾਨਦਾਰ ਸ਼ਾਹ ਦਾ ਉਹ ਪੁੱਤਰ ਸੀ। ਵਜ਼ੀਰ ਗਾਜ਼ੀ-ਉਦ-ਦੀਨ ਖ਼ਾਨ ਨੇ ੨ ਜੂਨ, ੧੭੫੪ ਨੂੰ ਬਾਦਸ਼ਾਹ ਬਣਾਇਆ। ੨੯ ਨਵੰਬਰ, ੧੭੫੯ ਤਕ ਉਹ ਤੱਖ਼ਤ ਤੇ ਬੈਠਾ ਰਿਹਾ। ਗਾਜ਼ੀ-ਉਦ-ਦੀਨ ਨੇ ਉਸ ਨੂੰ ਮਾਰ ਸ਼ਾਹ ਆਲਮ ਨੂੰ ਤਖ਼ਤ ਤੇ ਬਿਠਾਇਆ। ਮੁਹੰਮਦ ਸ਼ਾਹ ਰੰਗੀਲੇ ਦੇ ਬੇਟੇ ਮੀਰ ਮੋਮਨ ਖ਼ਾਨ ਨੂੰ ਉਸ ਲਾਹੌਰ ਦਾ ਗਵਰਨਰ ਬਣਾ ਦਿੱਤਾ, ਪਰ ਮੁਗਲਾਨੀ ਬੇਗਮ ਨੇ ਹਕੂਮਤ ਉਸ ਦੇ ਹਵਾਲੇ ਨਾ ਕੀਤੀ। ਲਾਹੌਰ ਵਿਚ ਹੁਣ ਇਸ ਤਰ੍ਹਾਂ ਹੁੰਦਾ ਕਿ ਸਵੇਰੇ ਅਹਿਲਕਾਰ ਮੀਰ ਮੋਮਨ ਖ਼ਾਨ ਪਾਸ ਜਾਂਦੇ ਤੇ ਫਿਰ ਦੁਪਹਿਰ ਮੁਗਲਾਨੀ ਬੇਗ਼ਮ ਕੋਲ। ਉਹ 'ਮਹਲਾਂ' ਵਿਚੋਂ ਆਪਣੇ ਖ਼ਾਸ ਮਸ਼ੀਰਾਂ, ਮੀਆਂ ਖ਼ੁਸ਼ ਫ਼ਹਮ, ਮੀਆਂ ਅਰਜ਼ ਮੰਦ ਤੇ ਮੀਆਂ ਮਹਾਬਤ ਮੁਮਤਾਜ਼ ਰਾਹੀਂ ਹੁਕਮ ਭੇਜਦੀ ਤੇ ਤਿੰਨਾਂ ਦਾ ਏਕਾ ਨਾ ਹੋਣ ਕਰ ਕੇ ਮੁਗ਼ਲਾਨੀ ਦੇ ਹੁਕਮ ਉਲਟ ਪਲਟ ਹੀ ਹੋ ਜਾਂਦੇ। 'ਮੁਗ਼ਲਾਨੀ ਬੇਗਮ' ਦੇ ਚਲਨ ਬਾਰੇ ਵੀ ਚਰਚਾ ਹੋਣ ਲੱਗੀ। ਬੇਗਮ ਨੇ ਆਪਣੇ ਵਤੀਰੇ ਨਾਲ ਕਈ ਵਫ਼ਾਦਾਰ ਜਰਨੈਲਾਂ ਤੇ ਸਿਪਾਹੀਆਂ ਨੂੰ ਬਾਗ਼ੀ ਹੋਣ ਤੇ ਮਜਬੂਰ ਕਰ ਦਿੱਤਾ। ਉਹ ਗ਼ਲਤ ਆਦਮੀਆਂ ਦੀ ਮਦਦ ਕਰ ਰਹੀ ਸੀ ਤੇ ਨਾ-ਤਜਰਬੇਕਾਰ ਸ਼ੱਕੀ ਪੁਰਸ਼ਾਂ ਹੱਥ ਸ਼ਕਤੀ ਦੇ ਰਹੀ ਸੀ। ਭਿਖਾਰੀ ਖ਼ਾਨ ਨੇ ਬਗ਼ਾਵਤ ਦਾ ਝੰਡਾ ਵੀ ਖੜ੍ਹਾ ਕਰ ਦਿੱਤਾ, ਪਰ ਉਸ ਦੀ ਬਗ਼ਾਵਤ ਸਫ਼ਲ ਨਾ ਹੋ ਸਕੀ। ਉਸ ਨੂੰ ਬੰਦੀ ਪਾ ਮੁਗ਼ਲਾਨੀ ਬੇਗ਼ਮ ਨੇ ਜੁੱਤੀਆਂ ਤੇ ਇੱਟਾਂ ਨਾਲ ਹੀ ਮਰਵਾ ਦਿੱਤਾ। ਭਿਖਾਰੀ ਖ਼ਾਨ ਸਿੱਖਾਂ ਨਾਲ ਦੋਸਤੀ ਬਣਾਉਣ ਦੇ ਹੱਕ ਵਿਚ ਸੀ। ਮੁਗਲਾਨੀ ਬੇਗਮ ਵਿਰੁੱਧ ਉਸ ਸਿੱਖਾਂ ਨੂੰ ਹਥਿਆਰ ਵੀ ਦਿੱਤੇ ਤੇ ਉਹ ਇਹ ਵੀ ਖ਼ਿਆਲ ਬਣਾਈ ਬੈਠਾ ਸੀ ਕਿ ਸਿੱਖਾਂ ਦੀ ਮਦਦ ਨਾਲ ਦਿੱਲੀ ਨੂੰ ਵੀ ਸਜ਼ਾ ਦੇਵੇਗਾ। ਦਿੱਲੀ ਨੇ ਮੋਮਨ ਖ਼ਾਨ ਨੂੰ ਗਵਰਨਰ ਥਾਪਣ ਵੇਲੇ ਭਿਖਾਰੀ ਖ਼ਾਨ ਦਾ ਹੱਕ ਖੋਹਿਆ ਸੀ। ਭਿਖਾਰੀ ਦੇ ਸਿੱਖ ਫ਼ੌਜਾਂ ਨਾਲ ਗੱਠ-ਜੋੜ ਕਾਰਨ ਉਸ ਦੇ ਹਮ-ਮਜ਼ਹਬ ਵੀ ਖ਼ਿਲਾਫ਼ ਹੋ ਗਏ। ਇਸੇ

Sri Satguru Jagjit Singh Ji eLibrary NamdhariElibrary@gmail.com

ਦੌਰਾਨ ਹੀ ਭਿਖਾਰੀ ਖ਼ਾਨ ਗ੍ਰਿਫ਼ਤਾਰ ਹੋਇਆ ਤੇ ਉਸ ਦਾ ਅੰਤ ਹੋ ਗਿਆ।

**ਲਾਹੌਰ ਦਰਬਾਰ ਵਿਚ ਪਾਟੋਧਾੜ :** ਐਮਨਾਬਾਦ ਦੇ ਖ਼ਵਾਜਾ ਮਿਰਜ਼ਾ ਜਾਨ ਨੇ ਇਸ ਪਾਟੋਧਾੜ ਵਿਚ ਲਾਹੌਰ ਉੱਤੇ ਕਬਜ਼ਾ ਕਰ ਲਿਆ ਤੇ ਮੁਗਲਾਨੀ ਬੇਗਮ ਨੂੰ ਬੰਦੀ ਬਣਾ ਲਿਆ। ਮੁਗ਼ਲਾਨੀ ਨੇ ਆਪਣੇ 'ਮਾਮੇ' ਖ਼ਵਾਜਾ ਉਬੈਦ-ਉਲ-ਖ਼ਾਨ ਨੂੰ ਅਬਦਾਲੀ ਕੋਲ ਭੇਜਿਆ ਕਿ ਵਾਸਤਾ ਪਾਏ। ਅਬਦਾਲੀ ਨੇ ਜਹਾਨ ਖ਼ਾਨ ਦੇ ਭਰਾ ਅਮਾਨ ਖ਼ਾਨ ਨੂੰ ਫ਼ੌਜ ਦੇ ਕੇ ਭੇਜਿਆ। ਖ਼ਵਾਜਾ ਮਿਰਜ਼ਾ ਜਾਨ ਨੂੰ ਗ੍ਰਿਫ਼ਤਾਰ ਕੀਤਾ ਗਿਆ ਤੇ ਮੁਗ਼ਲਾਨੀ ਬੇਗ਼ਮ ਨੂੰ ਹਕੂਮਤ ਸੌਂਪ ਕੇ ਉਬੈਦ-ਉਲਾ-ਖ਼ਾਨ ਨੂੰ ਨਾਇਬ ਬਣਾਇਆ। ਉਬੈਦ-ਉਲਾ-ਖ਼ਾਨ ਨੇ ਅਮਾਨ ਦਾ ਕਾਬਲ ਵੱਲ ਮੂੰਹ ਮੋੜਨ ਤੇ ਹੀ ਮੁਗ਼ਲਾਨੀ ਬੇਗ਼ਮ ਨੂੰ ਨਜ਼ਰਬੰਦ ਕਰ ਦਿੱਤਾ। ਉਬੈਦ-ਉਲਾ-ਖ਼ਾਨ ਵੀ ਬਹੁਤੀ ਦੇਰ ਕਾਇਮ ਨਾ ਰਹਿ ਸਕਿਆ। ਉਸ ਨੇ ਪਰਜਾ ਉੱਤੇ ਅਨੇਕਾਂ ਜ਼ੁਲਮ ਢਾਹੇ। ਇਤਨੇ ਅੱਤਿਆਚਾਰ ਕੀਤੇ ਕਿ ਅਖਾਣ ਹੀ ਬਣ ਗਿਆ :

*"ਹਕੂਮਤ ਅਬੈ-ਦੁੱਲਾ।*
*ਨ ਰਹੀ ਚੱਕੀ, ਨ ਰਿਹਾ ਚੁੱਲ੍ਹਾ।"*

ਮੁਗ਼ਲਾਨੀ ਬੇਗਮ ਵੀ ਚੁੱਪ ਕਿਥੋਂ ਰਹਿਣ ਵਾਲੀ ਸੀ। ਉਸ ਨੇ ਦਿੱਲੀ ਦੇ ਵਜ਼ੀਰ ਗ਼ਾਜ਼ੀ-ਉਦ-ਦੀਨ ਨੂੰ ਲਿਖਿਆ ਕਿ ਉਸ ਨੂੰ ਆਪਣੇ 'ਮਾਮੇ' ਦੇ ਪੰਜੇ ਵਿਚੋਂ ਛੁਡਾਏ। ਇਵਜ਼ਾਨੇ ਵਜੋਂ ਆਪਣੀ ਬੇਟੀ 'ਉਮਦਾ ਬੇਗ਼ਮ' ਦੇਣ ਦਾ ਵਾਅਦਾ ਵੀ ਕੀਤਾ। ਉਬੈਦੁੱਲਾ ਨੂੰ ਭਾਵੇਂ ਵਜ਼ੀਰ ਨੇ ਲਾਹੌਰ ਤੋਂ ਨਸਾ ਦਿੱਤਾ ਪਰ ਵਜ਼ੀਰ ਨੂੰ ਦੱਸਿਆ ਗਿਆ ਕਿ ਸਾਰੀ ਬਿਮਾਰੀ ਦੀ ਜੜ੍ਹ ਇਹ ਔਰਤ ਹੀ ਹੈ। ਸੋ ਮੁਗ਼ਲਾਨੀ ਨੂੰ ਗ੍ਰਿਫ਼ਤਾਰ ਕਰ ਕੇ ਪਹਿਲਾਂ ਮੋਮਨ ਖ਼ਾਨ ਆਪ ਗਵਰਨਰ ਬਣਿਆ ਤੇ ਫਿਰ ਅਦੀਨਾ ਬੇਗ ਨੂੰ ਬਣਾਇਆ। ਅਦੀਨਾ ਬੇਗ ਨੇ ਜਲੰਧਰ ਛੱਡਣਾ ਨਾ ਮੁਨਾਸਬ ਕਹਿ ਕੇ ਜਮੀਲ-ਉਦ-ਦੀਨ ਨੂੰ ਲਾਹੌਰ ਦਾ ਨਾਇਬ ਬਣਾ ਦਿੱਤਾ। ਉਬੈਦ-ਉਦ-ਖ਼ਾਨ ਨੱਠ ਕਾਬਲ ਗਿਆ ਅਤੇ ਸਾਰੀ ਦਸ਼ਾ ਅਬਦਾਲੀ ਨੂੰ ਦੱਸੀ ਤੇ ਮੁਗ਼ਲਾਨੀ ਬੇਗਮ ਦਾ ਫਿਰ ਗ੍ਰਿਫ਼ਤਾਰ ਹੋਣਾ ਤੇ ਮੰਦੀ ਹਾਲਤ ਦੱਸ ਕੇ ਅਬਦਾਲੀ ਨੂੰ ਹਮਲਾ ਕਰਨ ਲਈ ਉਕਸਾਇਆ। ਮੁਗ਼ਲਾਨੀ ਨੇ ਵੀ ਦੁੱਖ ਭਰੇ ਕੀਰਨੇ ਪਾ ਭੇਜੇ ਸਨ। ਜੰਗਬਾਜ਼ ਖ਼ਾਨ ਤੇ ਖ਼ਵਾਜਾ ਮਿਰਜ਼ਾ ਜਾਨ ਨੂੰ ਅਬਦਾਲੀ ਨੇ ਫ਼ੌਜ ਦੇ ਕੇ ਭੇਜਿਆ। ਨਵੰਬਰ ੨੪, ੧੭੫੬ ਨੂੰ ਲਾਹੌਰ ਕਬਜ਼ੇ ਵਿਚ ਕੀਤਾ। ਜਮੀਲ-ਉਦ-ਦੀਨ ਨੱਸ ਗਿਆ ਅਤੇ ਫਿਰ ਖ਼ਵਾਜਾ ਉਬੈਦੁਲਾ ਤੇ ਖ਼ਵਾਜਾ ਮਿਰਜ਼ਾ ਜਾਨ ਐਮਨਾਬਾਦ ਵਾਲਾ ਡਿਪਟੀ ਗਵਰਨਰ ਬਣਿਆ।

ਸਿਰਫ਼ ਲਾਹੌਰ ਵਿਚ ਹੀ ਨਹੀਂ, ਸਾਰੇ ਪੰਜਾਬ ਵਿਚ ਹੀ ਲਾ-ਕਾਨੂੰਨੀ ਤੇ ਭਗਦੜ ਮਚੀ ਹੋਈ ਸੀ। ਹਰ ਫ਼ੌਜਦਾਰ ਤੇ ਚੌਧਰੀ ਲਾਹੌਰ ਨੂੰ ਢਿੱਲਿਆਂ ਦੇਖ ਕੇ ਆਪਣਾ ਪ੍ਰਭਾਵ-ਖੇਤਰ ਵਧਾ ਰਿਹਾ ਸੀ। ਅਦੀਨਾ ਬੇਗ ਵੀ ਇਕ ਬਹੁਤ ਵੱਡੀ ਖੇਡ ਖੇਡ ਰਿਹਾ ਸੀ। ਜਲੰਧਰ ਦੁਆਬ ਵਿਖੇ, ਅਲਾਵਲਪੁਰ ਦੇ ਅਫ਼ਗਾਨ, ਤਲਵਨ ਦੇ ਰਾਜਪੂਤ ਆਪਣੇ ਲਈ ਇਲਾਕੇ ਵਲ ਰਹੇ ਸਨ। ਬਟਾਲਾ ਦੇ ਰੰਧਾਵੇ ਅਤੇ ਕਸੂਰ ਦੇ ਅਫ਼ਗਾਨ ਬਾਰੀ ਦੁਆਬ ਵਿਚ ਤਾਕਤ ਪਕੜ ਰਹੇ ਸਨ। ਬਾਜਵੇ, ਰਚਨਾ ਦੁਆਬ ਵਿਚ ਤੇ ਬਰਾਇਚ ਚੱਜ ਵਿਚ ਕਿਲ੍ਹੇ ਬਣਾ ਕੇ ਪਿੰਡ ਲੁੱਟ ਰਹੇ ਸਨ। ਟਿਵਾਣੇ ਤੇ ਗੱਖੜ, ਜਿਹਲਮ ਤੇ ਸਿੰਧ ਵਿਚ ਜ਼ੋਰ ਪਕੜ ਰਹੇ ਸਨ। ਲਾਹੌਰ ਦੀ ਹਕੂਮਤ ਦਾ ਰਾਜ ਲਾਹੌਰ ਜ਼ਿਲ੍ਹੇ ਤਕ ਹੀ ਸੀਮਤ ਸੀ। ਖ਼ਜ਼ਾਨਾ ਖ਼ਾਲੀ ਸੀ ਤੇ ਨਿੱਤ ਦੇ ਕੰਮ ਅਦੀਨਾ ਬੇਗ ਦੇ ਦਿੱਤੇ ਖ਼ਰਚੇ ਨਾਲ ਹੀ ਚਲ ਰਹੇ ਸਨ।

Sri Satguru Jagjit Singh Ji eLibrary NamdhariElibrary@gmail.com

**ਅਬਦਾਲੀ ਦਾ ਚੌਥਾ ਹਮਲਾ :** ਇਸ ਖਲਬਲੀ ਨੂੰ ਨਾ ਮੁੱਕਦਾ ਦੇਖ ਕੇ ਅਬਦਾਲੀ ਨੇ ਚੌਥਾ ਹਮਲਾ ਕਰਨ ਦਾ ਮਨ ਬਣਾ ਲਿਆ। ਮੁਗ਼ਲਾਨੀ ਬੇਗ਼ਮ ਅਜੇ ਵੀ ਲਿਖੀ ਚਲੀ ਜਾ ਰਹੀ ਸੀ ਕਿ ਉਹ ਜ਼ਰੂਰ ਪੰਜਾਬ ਆਵੇ।[1] ਨਾਲ ਹੀ ਨਜੀਬ ਖ਼ਾਨ ਰੁਹੇਲਾ ਸਰਦਾਰ ਨੇ ਵੀ ਹਿੰਦੁਸਤਾਨ ਆਉਣ ਲਈ ਲਿਖਿਆ ਤੇ ਸਭ ਤੋਂ ਵੱਧ ਆਲਮਗੀਰ ਦੂਜੇ ਨੇ ਵੀ ਇਸ ਪ੍ਰਕਾਰ ਦੇ ਸੁਨੇਹੇ ਘਲੇ। ਇਹ ਹਮਲਾ ਨਵੰਬਰ ੧੭੫੬ ਵਿਚ ਕੀਤਾ ਗਿਆ। ਲਾਹੌਰ ਪੁੱਜਦਿਆਂ ਅਬਦਾਲੀ ਦਾ ਸਵਾਗਤ ਕੀਤਾ ਗਿਆ ਕਿਉਂ ਜੋ ਲਾਹੌਰ ਤੇ ਤਾਂ ਪਹਿਲਾਂ ਹੀ ਕਬਜ਼ਾ ਉਸ ਦੇ ਅਹਿਵਾਰੀਆਂ ਦਾ ਸੀ। ਮਾਰਾਂ ਮਾਰਦਾ ਅਬਦਾਲੀ ਜਨਵਰੀ ੨੮, ੧੭੫੭ ਨੂੰ ਲਾਲ ਕਿਲ੍ਹਾ ਵਿਚ ਦਾਖ਼ਲ ਹੋਇਆ। ਅਬਦਾਲੀ ਨੇ ਦਿੱਲੀ ਪੁੱਜ ਆਪਣੇ ਆਪ ਨੂੰ 'ਮਹਿਮਾਨ' ਕਿਹਾ ਤੇ ਸ਼ਹਿਰ ਲੁੱਟਣ ਜਾਂ ਜ਼ੁਲਮ ਕਰਨ ਦੀ ਸਖ਼ਤ ਮਨਾਹੀ ਕੀਤੀ। ਜੇ ਕਿਸੇ ਲੁੱਟ ਮਚਾਣੀ ਚਾਹੀ ਤਾਂ ਉਸ ਰੋਕ ਪਾਈ, ਪਰ ਅਬਦਾਲੀ ਨੇ ਅਮੀਰਾਂ, ਨਵਾਬਾਂ ਤੇ ਸ਼ਾਹੀ ਖ਼ਾਨਦਾਨ ਦੇ ਲੋਕਾਂ ਨੂੰ ਖ਼ੂਬ ਲੁੱਟਿਆ। ਅਬਦਾਲੀ ਦੀ ਨਜ਼ਰ ਸਿਰਫ਼ ਕੀਮਤੀ ਮਾਲ ਤੇ ਸੀ। 'ਮੁਗ਼ਲਾਨੀ ਬੇਗਮ' ਨੇ ਹਰ ਇਕ ਕੋਲ ਜਿੰਨੀ ਮਾਲੀਅਤ ਸੀ, ਦੀ ਦੱਸ ਪਾਈ ਅਤੇ ਅਬਦਾਲੀ ਨੇ ਸਿੱਧੇ ਜਾਂ ਪੁੱਠੇ ਤਰੀਕੇ ਨਾਲ ਮਾਲ ਹਾਸਲ ਕੀਤਾ। ਮੁਗ਼ਲਾਨੀ ਬੇਗਮ ਨੇ ਖ਼ਾਸ ਕਰ ਆਪਣੇ ਭਰਾ ਮੀਰ ਨਜ਼ਾਮ-ਉੱਦੀਨ 'ਇੰਤਜ਼ਾਮ-ਉਦ-ਦਉਲਾ' ਦੇ ਘਰ ਨੂੰ ਲੁੱਟਣ ਲਈ ਕਿਹਾ। ਸਿਰਫ਼ ਉਸ ਦੇ ਘਰੋਂ ਡੇਢ ਕਰੋੜ ਦੀ ਰਕਮ ਨਿਕਲੀ। ਇਤਨੀ ਰਕਮ ਇਕ ਥਾਵੇਂ ਦੇਖ ਕੇ ਅਬਦਾਲੀ ਦੇ ਮੂੰਹੋਂ ਨਿਕਲ ਗਿਆ 'ਸੁਭਾਨ-ਅੱਲਾਹ।' ਇਸੇ ਤਰ੍ਹਾਂ ਸ਼ੱਮਸ-ਉਦ-ਦਉਲਾ, ਕੋਤਵਾਲ ਫ਼ੌਲਾਦ ਖ਼ਾਨ, ਸਾਦ-ਉਦ-ਦੀਨ-ਖ਼ਾਨ ਸਾਮਾ, ਰਾਜਾ ਨਾਗਰ ਮੱਲ, ਹੀਰਾ ਨੰਦ ਜੌਹਰੀ ਦੀਆਂ ਹਵੇਲੀਆਂ ਲੁੱਟਣ ਨਾਲ ਬਹੁਤ ਵੱਡੀ ਰਕਮ ਅਬਦਾਲੀ ਦੇ ਹੱਥ ਆਈ। ਇਸ ਕੀਤੀ ਮਦਦ ਕਾਰਨ ਅਬਦਾਲੀ ਨੇ 'ਸੁਲਤਾਨ ਮਿਰਜ਼ਾ' ਦਾ ਖ਼ਿਤਾਬ ਮੁਗ਼ਲਾਨੀ ਨੂੰ ਦਿੱਤਾ ਪਰ ਮੁਗ਼ਲਾਨੀ ਬੇਗਮ ਤਾਂ ਲਾਹੌਰ ਦੀ ਨਵਾਬੀ ਚਾਹੁੰਦੀ ਸੀ। ਅਬਦਾਲੀ ਦੇ ਜ਼ੋਰ ਦੇਣ ਉਤੇ ਆਲਮਗੀਰ ਨੇ ਆਪਣੀ ਬੇਟੀ ਦਾ ਰਿਸ਼ਤਾ ਵੀ ਸ਼ਹਿਜ਼ਾਦਾ ਤੈਮੂਰ ਨਾਲ ਕਰ ਦਿੱਤਾ। ਆਪ ਅਬਦਾਲੀ ਨੇ ਮੁਹੰਮਦ ਸ਼ਾਹ ਰੰਗੀਲੇ ਦੀ ੧੬ ਸਾਲ ਦੀ ਲੜਕੀ ਹਜ਼ਰਤ ਬੇਗਮ ਨਾਲ ਸ਼ਾਦੀ ਕੀਤੀ। ਆਪਣੇ ਹਰਮ ਵਿਚ ਕਈ ਹੋਰ ਔਰਤਾਂ ਤੇ ਕਨੀਜ਼ਾਂ ਸ਼ਾਮਲ ਕੀਤੀਆਂ। ਅਬਦਾਲੀ ਦੇ ਜਰਨੈਲ ਜਹਾਨ ਖ਼ਾਨ ਨੇ ਹੋਲੀ ਦੇ ਤਿਉਹਾਰ 'ਤੇ ਮੱਥਰਾ ਜਾ ਲੁੱਟ ਮਚਾਈ ਤੇ ਹਿੰਦੂ ਮੰਦਰਾਂ ਨੂੰ ਢਾਹਿਆ। ਬੈਰਾਗੀ ਤੇ ਸੰਨਿਆਸੀਆਂ ਦੇ ਮਠ ਵੀ ਲੁੱਟੇ। ਬਿੰਦ੍ਰਾਬਨ ਉਜਾੜ ਹੀ ਦਿੱਤਾ। ਇਸੇ ਦੌਰਾਨ ਜਮਨਾ ਵਿਚ ਇਤਨਾ ਹੜ੍ਹ ਆਇਆ ਕਿ ਅਬਦਾਲੀ ਦੇ ਕੈਂਪ ਲਾਗੇ ਲਾਸ਼ਾਂ ਤੈਰਨ ਲੱਗੀਆਂ। ਦਿੱਲੀ ਵਬਾ ਫੈਲ ਗਈ ਤੇ ਸੈਂਕੜੇ ਅਫ਼ਗਾਨ ਰੋਜ਼ ਮਰਨ ਲੱਗੇ। ਅਬਦਾਲੀ ਨੇ ਵਾਪਸ ਮੁੜਨਾ ਹੀ ਠੀਕ ਜਾਣਿਆ। ਇਹ ਅੰਦਾਜ਼ਾ ਕੀਤਾ ਜਾਂਦਾ ਹੈ ਕਿ ਜੋ ਮਾਲ ਲੁਟਿਆ ਉਸ ਨੂੰ ਕਾਬਲ ਲੈ ਜਾਣ ਲਈ ੨੮,੦੦੦ ਲਦੂ ਪਸ਼ੂ ਅਤੇ ੮੦,੦੦੦ ਘੋੜਿਆਂ ਦੀ ਵਰਤੋਂ ਕੀਤੀ ਗਈ। ਉਸ ਨੇ ਕਸ਼ਮੀਰ, ਸਿੰਧ, ਪੰਜਾਬ ਅਤੇ ਸਰਹਿੰਦ ਦੇ ਸੂਬੇ ਆਲਮਗੀਰ ਕੋਲੋਂ ਲਿਖਵਾ ਲਏ। ਇਨ੍ਹਾਂ

1. ਮੁਗ਼ਲਾਨੀ ਬੇਗਮ ਨੇ ਸਰਦਾਰ ਜਹਾਨ ਖ਼ਾਨ ਨੂੰ ਦਿਲ-ਚੁਭਵੀਂ ਚਿੱਠੀ ਲਿਖੀ, "ਇਹ ਅਫ਼ਸੋਸ ਦਾ ਮੁਕਾਮ ਹੈ ਕਿ ਜਦ ਰੁਸਤਮ ਤੇ ਅਸਫੰਦ ਖ਼ਾਨ ਵਰਗੇ ਜ਼ਿੰਦਾ ਹਨ ਤੇ ਮੇਰੀ ਇਤਨੀ ਬੇਇਜ਼ਤੀ ਹੋ ਰਹੀ ਹੈ।"

Sri Satguru Jagjit Singh Ji eLibrary NamdhariElibrary@gmail.com

ਇਲਾਕਿਆਂ ਦਾ ਨਵਾਬ ਆਪਣੇ ਪੁੱਤਰ ਤੈਮੂਰ ਤੇ ਨਾਇਬ ਜਹਾਨ ਖ਼ਾਨ ਨੂੰ ਬਣਾਇਆ। ਮੁਗ਼ਲਾਨੀ ਬੇਗਮ ਦੀ ਨਿਰਾਸਤਾ ਦੀ ਹੱਦ ਨ ਰਹੀ। ਉਸ ਦਾ ਖ਼ਿਆਲ ਸੀ ਕਿ ਜਲੰਧਰ, ਜੰਮੂ ਕਸ਼ਮੀਰ ਉਸ ਨੂੰ ਜ਼ਰੂਰ ਕੀਤੀ ਸੇਵਾ ਦੇ ਇਵਜ਼ ਵਜੋਂ ਜਾਏਗਾ। ਇਸ ਇੰਤਜ਼ਾਮ ਨੇ ਉਸ ਦੀਆਂ ਸਾਰੀਆਂ ਉਮੀਦਾਂ ਉੱਤੇ ਪਾਣੀ ਫੇਰ ਦਿੱਤਾ, ਪਰ ਉਹ ਢੀਠ ਔਰਤ ਸੀ ਤੇ ਨਵੇਂ ਸ਼ਿਕਾਰ ਦੀ ਭਾਲ ਵਿਚ ਲੱਗ ਪਈ।

**ਸਿੱਖਾਂ ਦਾ ਇਸ ਪਾਟੋ ਧਾੜ ਵਿਚ ਲਾਭ ਉਠਾਉਣਾ** : ਮੀਰ ਮੰਨੂੰ ਦੀ ਮੌਤ (ਨਵੰਬਰ ੧੭੫੩) ਤੋਂ ਲੈ ਕੇ ਅਬਦਾਲੀ ਦੇ ਚੌਥੇ ਹਮਲੇ (ਨਵੰਬਰ੧੭੫੬) ਤੱਕ ਤਿੰਨ ਸਾਲ ਲਾਹੌਰ ਤੇ ਦਿੱਲੀ ਦੇ ਪਾਟੋਧਾੜ ਦੇ ਸਾਲ ਸਨ। ਚੌਧਰੀ, ਫ਼ੌਜਦਾਰ, ਨਵਾਬ, ਸੂਬੇਦਾਰ ਤੇ ਵਜ਼ੀਰ ਇਕ ਦੂਜੇ ਵਿਰੁੱਧ ਸਾਜ਼ਿਸ਼ ਘੜਣ ਵਿਚ ਰੁਝੇ ਹੋਏ ਸਨ ਤੇ ਲਾਹੌਰ ਇਸ ਪ੍ਰਕਾਰ ਹਕੂਮਤ ਵਜੋਂ ਸੁੰਞਾ ਹੀ ਸੀ। ਸਿੱਖਾਂ ਨੇ ਉਸ ਸਮੇਂ ਵਿਚ ਆਪਣੀ ਜਥੇਬੰਦੀ ਨੂੰ ਨਾ ਸਿਰਫ਼ ਮਜ਼ਬੂਤ ਕੀਤਾ ਸਗੋਂ ਕੁਝ ਇਲਾਕਿਆਂ ਵਿਚ ਮੁਕੰਮਲ ਹਕੂਮਤ ਬਣਾ ਲਈ।[1] ਉਨ੍ਹਾਂ ਨੇ ਰਾਖੀ ਸਿਸਟਮ ਵੀ ਬਣਾਇਆ ਜਿਸ ਅਨੁਸਾਰ ਹਿੰਦੂਆਂ ਤੇ ਮੁਸਲਮਾਨਾਂ ਦੀ, ਖਾਸ ਨਿਯਤ ਕੀਤੀ ਰਕਮ ਦੇਣ ਦੀ ਸੂਰਤ ਵਿਚ ਹਮਲਿਆਂ ਤੋਂ ਰੱਖਿਆ ਕੀਤੀ ਜਾਂਦੀ ਸੀ। ਮੈਲਕਮ ਦਾ ਕਹਿਣਾ ਹੈ, ''ਸਿੱਖਾਂ ਨੇ ਉਸ ਢਹਿੰਦੇ ਸਾਮਰਾਜ ਤੋਂ ਹਰ ਉਹ ਫ਼ਾਇਦਾ ਉਠਾਇਆ ਜੋ ਉਨ੍ਹਾਂ ਨੂੰ ਮਿਲ ਸਕਦਾ ਸੀ। ਉਨ੍ਹਾਂ ਨੇ ਆਪਣੀ ਤਾਕਤ ਵਧਾਈ ਤੇ ਵਧਦੀ ਤਾਕਤ ਨੂੰ ਕਾਇਮ ਰੱਖਿਆ। ਸਿੱਖਾਂ ਦੇ ਜਥਿਆਂ ਨੇ ਆਗੂਆਂ ਦੀ ਅਗਵਾਈ ਹੇਠਾਂ ਹਰ ਪਾਸੇ ਮਾਰ ਕੀਤੀ।[2] ਸਲਾਹ ਇਹ ਠਹਿਰੀ ਕਿ : ਮਾਰੋ ਮੁਲਕ ਕੋਈ ਦੌੜ ਕਰ, ਫਿਰ ਬੈਠੇ ਮਾਲਵੇ ਖਾਹਿ।' ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਜਲੰਧਰ ਵਿਚ ਆਪਣਾ ਰਾਜ ਅਸਥਾਪਨ ਕਰ ਲਿਆ। ਸਰਦਾਰ ਜੈ ਸਿੰਘ ਕਨ੍ਹਈਆ ਤੇ ਸਰਦਾਰ ਜੱਸਾ ਸਿੰਘ ਰਾਮਗੜ੍ਹੀਆਂ ਨੇ ਬਟਾਲਾ ਦੇ ਨਜ਼ਦੀਕ ਇਲਾਕਿਆਂ ਨੂੰ ਆਪਣੇ ਅਸਰ ਵਿਚ ਲੈ ਆਂਦਾ। ਬਾਰੀ ਤੇ ਰਚਨਾ ਦੁਆਬ ਵਿਖੇ ਭੰਗੀ ਜਥੇ ਤੇ ਜਥੇਦਾਰਾਂ ਸਰਦਾਰ ਹਰੀ ਸਿੰਘ, ਸਰਦਾਰ ਝੰਡਾ ਸਿੰਘ, ਲਹਿਣਾ ਸਿੰਘ ਅਤੇ ਗੁੱਜਰ ਸਿੰਘ ਨੇ ਪ੍ਰਭਾਵ ਵਧਾਇਆ। ਨਕਈ ਸਰਦਾਰਾਂ ਨੇ ਰਾਵੀ ਦੇ ਨਾਲ ਲਗਦੇ ਇਲਾਕੇ, ਜਿਸ ਨੂੰ ਕਹਿੰਦੇ ਹੀ ਨਕਈ ਸਨ, ਕਬਜ਼ੇ ਵਿਚ ਕੀਤਾ। ਸਰਦਾਰ ਚੜ੍ਹਤ ਸਿੰਘ ਸ਼ੁਕਰਚਕੀਆ ਨੇ ਜਿਹਲਮ ਤੱਕ ਮਾਰਾਂ ਮਾਰੀਆਂ। ਮਾਰਚ ੧੭੫੭ ਵਿਚ ਜਹਾਨ ਖ਼ਾਨ ਤੇ ਤੈਮੂਰ ਦੇ ਦਸਤਿਆਂ ਨੂੰ ਸਰਹਿੰਦ ਲਾਗੇ ਸਿੱਖਾਂ ਨੇ ਰੋਕ ਪਾ ਕੇ ਆਪਣੀ ਹੋਂਦ ਪ੍ਰਗਟਾਈ। ਇਹ ਵੀ ਲਿਖਿਆ ਮਿਲਦਾ ਹੈ ਕਿ ਮਾਰਾਂ ਮਾਰਦੇ ਜੈਪੁਰ ਤੱਕ ਪੁਜ ਗਏ। ਜੈਪੁਰ ਦੇ ਰਾਜੇ ਨੇ ਵਕੀਲ ਭੇਜਿਆ ਕਿ 'ਅਸੀਂ ਵੀ ਗੁਰੂ ਤੇਗ ਬਹਾਦਰ ਜੀ ਦੇ ਸਿੱਖ ਹਾਂ। ਅਸਾਂ ਰਾਜਿਆਂ ਨੇ ਗੁਰੂ ਦੀ ਸ਼ਰਨ ਲਈ ਸੀ, ਸੋ ਸਾਡਾ ਮੁਲਕ ਨਾ ਉਜਾੜੋ।' ਸਿੰਘ ਵਾਪਸ ਮੁੜ ਆਏ। ਇਹ ਇਤਨਾ ਦਰਸਾ ਗਿਆ ਕਿ ਸਿੱਖਾਂ ਦੀ ਧਾਂਕ ਕਿਤਨੀ ਕੁ ਪੈ ਗਈ ਸੀ।

ਸਿੱਖਾਂ ਨੂੰ ਜਦ ਇਹ ਖ਼ਬਰਾਂ ਪੁੱਜੀਆਂ ਕਿ ਅਠਾਈ ਹਜ਼ਾਰ ਲੱਦੂਆਂ ਅਤੇ ੮੦,੦੦੦

---

1. ਵਾਰਸ ਸ਼ਾਹ ਨੇ ਵੀ ਆਪਣੀ ਪ੍ਰਸਿਧ ਕਿਰਤ 'ਹੀਰ' ਵਿਚ ਇਸ ਗੱਲ ਦਾ ਜ਼ਿਕਰ ਕੀਤਾ ਹੈ :
"ਜਦੋਂ ਦੇਸ ਦੇ ਜਟ ਤਿਆਰ ਹੋਏ।
ਘਰੋ ਘਰੀ ਜਾਂ ਨਵੀਂ ਸਰਕਾਰ ਹੋਈ।"
2. Malcolm P. P. 93

ਘੋੜਿਆਂ ਉਤੇ ਦਿੱਲੀ ਦੀ ਲੁੱਟ ਦਾ ਮਾਲ ਜਾ ਰਿਹਾ ਹੈ ਤਾਂ ਉਨ੍ਹਾਂ ਆਪਣਾ ਹਿੱਸਾ ਲੈਣ ਲਈ ਹਮਲੇ ਕੀਤੇ। ਇਤਨਾ ਸਖ਼ਤ ਹੱਲਾ ਸਿੰਘਾਂ ਨੇ ਕੀਤਾ ਕਿ ਖ਼ਬਰ ਫੈਲ ਗਈ ਕਿ ਤੈਮੂਰ ਵੀ ਪਕੜਿਆ ਗਿਆ ਹੈ। ਦਿੱਲੀ ਤੋਂ ਚਨਾਬ ਤੱਕ ਵੱਖ-ਵੱਖ ਜਥਿਆਂ ਨੇ ਪਿੱਛਾ ਕੀਤਾ। ਅਬਦਾਲੀ ਨੇ ਇਹ ਸਭ ਸੁਣ ਕੇ ਕਿਹਾ, ''ਸਿੱਖਾਂ ਨੂੰ ਉਨ੍ਹਾਂ ਦੀ ਜ਼ਿਆਦਤੀ ਦਾ ਸਵਾਦ ਚਖਾਵਾਂਗਾ।''

**ਕਰਤਾਰਪੁਰ ਗੁਰਦੁਆਰਾ ਥੰਮ੍ਹ ਸਾਹਿਬ ਉੱਤੇ ਹਮਲਾ** : ਸਿੱਖਾਂ ਨੂੰ ਮਜ਼ਾ ਚਖਾਣ ਲਈ ਜਹਾਨ ਖ਼ਾਨ ਅਤੇ ਜਲੰਧਰ ਦੇ ਨਾਸਰ ਅਲੀ ਨੇ ਨਿਜ਼ਾਮ-ਉੱਦੀਨ ਨੂੰ ਕਰਤਾਰਪੁਰ ਦਾ ਗੁਰਦੁਆਰਾ ਲੁੱਟਣ ਲਈ ਤੇ ਉਜਾੜਨ ਲਈ ਕਿਹਾ। ਕਰਤਾਰਪੁਰ ਵਿਚ ਗੁਰੂ ਅਰਜਨ ਸਾਹਿਬ ਦਾ ਸੰਪਾਦ ਕੀਤਾ, ਆਦਿ ਗੁਰੂ ਗ੍ਰੰਥ ਜੀ ਵੀ ਸੀ। ਸੋਢੀ ਵਡਭਾਗ ਸਿੰਘ, ਜੋ ਕਰਤਾਰਪੁਰ ਦਾ ਸਰਬਰਾਹ ਸੀ, ਸ਼ਿਵਾਲਕ ਦੀਆਂ ਪਹਾੜੀਆਂ ਵੱਲ ਚਲਾ ਗਿਆ। ਥੰਮ੍ਹ ਸਾਹਿਬ ਵਢਿਆ ਗਿਆ ਅਤੇ ਗੁਰਦੁਆਰਾ ਫੂਕ ਦਿੱਤਾ ਗਿਆ। ਗਊ ਦੀ ਰੱਤ ਗੁਰਦੁਆਰੇ ਵਿਚ ਵਗਾਈ ਤੇ ਸ਼ਹਿਰ ਦੇ ਵਸਨੀਕਾਂ ਉਤੇ ਜ਼ੁਲਮ ਢਾਹੇ ਗਏ। ਸ੍ਰੀ ਅੰਮ੍ਰਿਤਸਰ ਤੇ ਵੀ ਹਮਲਾ ਕਰਕੇ ਹਰਿਮੰਦਰ ਸਾਹਿਬ ਨੂੰ ਢਾਹਿਆ ਗਿਆ ਤੇ ਪਵਿੱਤਰ ਸਰੋਵਰ ਪੂਰਿਆ ਗਿਆ, ਪਰ ਸਿੱਖ ਫਿਰ ਵੀ ਕਾਬਲ ਵੱਲ ਜਾਂਦੇ ਅਬਦਾਲੀ ਦਾ ਉਸ ਵਕਤ ਤੱਕ ਪਿੱਛਾ ਕਰਦੇ ਰਹੇ ਜਦ ਤੱਕ ਉਹ ਸਿੰਧ ਪਾਰ ਨਾ ਕਰ ਗਿਆ। ਸਿੱਖ ਜਥੇਦਾਰ ਕਾਫ਼ੀ ਮਾਲਾ ਮਾਲ ਹੋਏ।

**ਤੈਮੂਰ ਤੇ ਜਹਾਨ ਖ਼ਾਨ ਦੇ ਸਿੱਖਾਂ ਉੱਤੇ ਹਮਲੇ** : ਅਬਦਾਲੀ ਪੰਜਾਬ ਦੀ ਹਕੂਮਤ ਦੀ ਵਾਗਡੋਰ ਤੈਮੂਰ ਤੇ ਜਹਾਨ ਖ਼ਾਨ ਨੂੰ ਦੇ ਕੇ ਆਪ ਕਾਬਲ ਚਲਾ ਗਿਆ। ਸਿੱਖਾਂ ਨੇ ਆਉਣ ਵਾਲੇ ਸਮੇਂ ਦੀਆਂ ਮੁਸ਼ਕਿਲਾਂ ਦਾ ਟਾਕਰਾ ਕਰਨ ਲਈ ਅੰਮ੍ਰਿਤਸਰ ਇਕੱਠਿਆਂ ਹੋਣ ਦੀ ਵਿਚਾਰ ਕੀਤੀ। ਤੈਮੂਰ ਤੇ ਜਹਾਨ ਖ਼ਾਨ ਸਿੱਖਾਂ ਵਿਰੁੱਧ ਸਿੱਧੀ ਕਾਰਵਾਈ ਕਰਨ ਦੀ ਸੋਚ ਰਹੇ ਸਨ। ਜਦ ਤੈਮੂਰ ਨੂੰ ਪਤਾ ਲੱਗਾ ਕਿ ਸਿੱਖ ਅੰਮ੍ਰਿਤਸਰ ਇਕੱਠੇ ਹੋ ਰਹੇ ਹਨ ਤਾਂ ਉਸ ਨੇ ਸਮੇਂ ਨੂੰ ਗ਼ਨੀਮਤ ਸਮਝ ਕੇ ਹਮਲਾ ਕਰਨ ਦੀ ਸੋਚੀ। ਆਪਣੇ ਹਮਲੇ ਨੂੰ ਮਜ਼ਹਬੀ ਰੰਗਤ ਦੇਣ ਲਈ ਜਹਾਦ ਦਾ ਝੰਡਾ ਝੁਲਾਇਆ। ਹਾਜੀ ਅਤਾ ਖ਼ਾਨ ਨੂੰ ਜਹਾਦੀਆਂ ਦਾ ਮੋਢੀ ਬਣਾਇਆ।

**ਬਾਬਾ ਦੀਪ ਸਿੰਘ ਜੀ ਦੀ ਸ਼ਹਾਦਤ** : ਸਿੱਖਾਂ ਵੀ ਜਦ ਅੰਮ੍ਰਿਤਸਰ ਉਤੇ ਹਮਲੇ ਦੀ ਗੱਲ ਸੁਣੀ ਤਾਂ ਬਾਬਾ ਦੀਪ ਸਿੰਘ ਦੀ ਅਗਵਾਈ ਹੇਠ ਇਕੱਠੇ ਹੋ ਗਏ।

ਬਾਬਾ ਦੀਪ ਸਿੰਘ ਜੀ ਦਾ ਜਨਮ ੨੭ ਜਨਵਰੀ ਸੰਨ ੧੬੮੨ ਪਿੰਡ ਪਹੂ ਵਿੰਡ ਭਾਈ ਭਗਤਾ ਸੰਧੂ ਜ਼ਿਮੀਂਦਾਰ ਅਤੇ ਮਾਤਾ ਜਿਉਣੀ ਦੀ ਕੁੱਖ ਤੋਂ ਹੋਇਆ ਸੀ। ਜਦ ਮਾਤਾ ਪਿਤਾ ਸ੍ਰੀ ਅਨੰਦਪੁਰ ਦਰਸ਼ਨਾਂ ਲਈ ਆਏ ਤਾਂ ਦੀਪ ਸਿੰਘ ਉਥੇ ਹੀ ਗੁਰੂ ਚਰਨਾਂ ਵਿਚ ਟਿਕ ਕੇ ਸੇਵਾ ਕਰਦੇ ਰਹੇ। ਆਪ ਨੇ ਗੁਰੂ ਜੀ ਪਾਸੋਂ ਹੀ ਸ਼ਸਤਰ ਵਿਦਿਆ, ਗੁਰਬਾਣੀ ਦਾ ਅਧਿਐਨ ਤੇ ਹੋਰ ਸਿੱਖਿਆ ਪ੍ਰਾਪਤ ਕੀਤੀ। ਅੰਮ੍ਰਿਤ ਵੀ ਕਲਗੀਧਰ ਹੱਥੋਂ ਛਕਿਆ। ਜਦ ਦਸਮ ਪਿਤਾ ਨੇ ਸਾਹਿਬ ਗੁਰੂ ਗ੍ਰੰਥ ਜੀ ਦਾ ਭਾਵ ਅਰਥ ਟੀਕਾ ਕੀਤਾ ਤਾਂ ਬਾਬਾ ਦੀਪ ਸਿੰਘ ਜੀ ਉਨ੍ਹਾਂ ੪੮ ਸਿੱਖਾਂ ਵਿਚੋਂ ਇਕ ਸਨ ਜਿਨ੍ਹਾਂ ਸਭ ਤੋਂ ਪਹਿਲੇ ਅਰਥ ਸੁਣੇ। ਭਾਈ ਮਨੀ ਸਿੰਘ, ਬਾਬਾ ਰਾਮ ਕੁਇਰ, ਭਾਈ ਧੀਰ ਸਿੰਘ ਰੰਘਰੇਟੇ, ਭਾਈ ਬਿਸ਼ੰਬਰ ਸਿੰਘ ਉਜੈਨ, ਭਾਈ ਧਰਮ ਸਿੰਘ ਭਿੰਡਰਾਂ ਵਾਲੇ ਤੇ ਭਾਈ ਮਲਾਗਰ ਸਿੰਘ ਸੰਤੋਖੀ ਆਪ ਜੀ ਦੇ ਸਹਿਪਾਠੀ ਹੀ ਸਨ। ੧੭੦੪ ਵਿਚ ਜਦ ਅਨੰਦਪੁਰ ਗੁਰੂ ਗੋਬਿੰਦ ਸਿੰਘ ਜੀ ਨੇ

Sri Satguru Jagjit Singh Ji eLibrary NamdhariElibrary@gmail.com

ਛਡਿਆ ਤਾਂ ਆਪ ਆਪਣੇ ਪਿੰਡ ਪਹੂ ਵਿੰਡ ਸਨ। ਸੋ ਗੁਰੂ ਜੀ ਦਾ ਦਮਦਮਾ ਸਾਹਿਬ ਪੁੱਜਣਾ ਸੁਣ ਕੇ ਦਮਦਮਾ ਸਾਹਿਬ ਦਰਸ਼ਨਾ ਲਈ ਗਏ। ਦਮਦਮਾ ਸਾਹਿਬ ਹੀ ਭਾਈ ਮਨੀ ਸਿੰਘ ਜੀ ਨਾਲ ਰਲ ਕੇ ਆਦਿ ਗੁਰੂ ਗ੍ਰੰਥ ਸਾਹਿਬ ਦੀ ਬੀੜ ਫਿਰ ਲਿਖੀ। ਪਿਛੋਂ ਆਪ ਜੀ ਨੇ ਚਾਰ ਹੋਰ ਬੀੜਾਂ ਲਿਖੀਆਂ ਜੋ ਚਾਰ ਤਖ਼ਤਾਂ ਉੱਤੇ ਭੇਜੀਆਂ ਗਈਆਂ। ਆਪਸ ਵਿਚ ਸਿੰਘਾਂ ਦਾ ਕਿਤਨਾ ਪਿਆਰ ਸੀ, ਉਸ ਦੀ ਉਦਾਹਰਨ ਉਹ ਸਮਾਂ ਹੈ ਜਦ ਬਾਬਾ ਦੀਪ ਸਿੰਘ ਜੀ ਲਿਖੀ ਬੀੜ ਦੀ ਸੁਧਾਈ ਹਿਤ ਕਰਤਾਰਪੁਰ ਆਏ ਤਾਂ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਨਾ ਸਿਰਫ਼ ਰੱਖਿਆ ਦਾ ਪ੍ਰਬੰਧ ਕੀਤਾ, ਸਗੋਂ ਲੰਗਰ ਵੀ ਆਪ ਬਣਾ ਕੇ ਪਹੁੰਚਾਏ। ਬਾਬਾ ਜੀ ਉੱਘੇ ਵਿਦਵਾਨ ਸਨ। ਫ਼ਾਰਸੀ ਅੱਖਰਾਂ ਵਿਚ ਵੀ ਆਪ ਜੀ ਨੇ ਗੁਰੂ ਗ੍ਰੰਥ ਸਾਹਿਬ ਦੀ ਬੀੜ ਲਿਖੀ। ਆਪ ਭਾਵੇਂ ਬਹੁਤਾ ਸਮਾਂ ਦਮਦਮਾ ਸਾਹਿਬ ਹੀ ਰਹੇ ਪਰ ਬਾਬਾ ਬੰਦਾ ਸਿੰਘ ਦਾ ਪੰਜਾਬ ਆਉਣਾ ਸੁਣ ਕੇ ਸਰਹੰਦ ਦੀ ਮਾਰ ਵੇਲੇ ਨਾਲ ਸਨ। ਬਾਬਾ ਬੰਦਾ ਸਿੰਘ ਜੀ ਬੜਾ ਆਦਰ ਦੇਂਦੇ ਸਨ। ਪੰਥ ਦੀ ਅਗਵਾਈ ਦਮਦਮਾ ਸਾਹਿਬ ਟਿਕ ਕੇ ਕਰਦੇ ਰਹੇ। ਆਪ ਐਸੇ ਵਿਅਕਤੀ ਸਨ ਜੋ ਗੁਰੂ ਗੋਬਿੰਦ ਸਿੰਘ ਜੀ ਦੇ ਵੇਲੇ ਤੋਂ ਪੰਥ ਦੀ ਅਗਵਾਈ ਕਰ ਰਹੇ ਸਨ। ਜਦ ਅਹਿਮਦ ਸ਼ਾਹ ਅਬਦਾਲੀ ਦੇ ਜਰਨੈਲ ਜਹਾਨ ਖ਼ਾਨ ਦਾ ਦਰਬਾਰ ਸਾਹਿਬ ਨੂੰ ਢਾਹੁਣਾ ਤੇ ਪੂਰਨਾ ਸੁਣਿਆ ਤਾਂ ਆਪ ਜੀ ਨੇ ੭੫ ਸਾਲ ਦੀ ਉਮਰ ਵਿਚ ਖੰਡਾ ਹੱਥ ਲਿਆ ਤੇ ਬਚਨ ਕੀਤਾ—

*"ਸੀਸ ਸੁਧਾਸਰ ਹੇਤ ਕਰ ਦੇਵੇਂਗੇ ਹਮ ਜਾਇ,*
*ਕਰ ਅਰਦਾਸਾ ਟੁਰ ਪਏ ਸਿੰਘ ਜੀ ਫਤਹਿ ਗਜਾਇ।"*

ਅਖੰਡ ਪਾਠ ਕਰਾਉਣ ਦਾ ਜ਼ਿਕਰ ਵੀ ਗਿਆਨੀ ਗਿਆਨ ਸਿੰਘ ਜੀ ਨੇ ਕੀਤਾ ਹੈ।[1]

ਦਮਦਮਾ ਸਾਹਿਬ ਤੋਂ ਟੁਰਨ ਵੇਲੇ ਆਪ ਜੀ ਨਾਲ ਕੇਵਲ ੮ ਸਿੰਘ ਸਨ। ਰਸਤੇ ਵਿਚ ਹੀ ਜਥੇਦਾਰ ਗੁਰਬਖਸ਼ ਸਿੰਘ ਅਨੰਦਪੁਰ ਵਾਲੇ ਆ ਰਲੇ। ਹੋਰ ਵੀ ਜਿਸ ਕਿਸੇ ਸੁਣਿਆ ਉਹ ਨਾਲ ਹੋ ਟੁਰਿਆ। ਬਾਬਾ ਜੀ ਵੰਗਾਰ ਹੀ ਅਜਿਹੀ ਪਾਂਦੇ ਸਨ ਕਿ ਹਰ ਕੋਈ ਨਿਜ ਦਾ ਖਿਆਲ ਛੱਡ ਨਾਲ ਹੋ ਤੁਰਦਾ ਸੀ।

ਬਹਮਨ, ਨੀਹਾਂ ਵਾਲੀ, ਗੁਰੂ ਕੇ ਚੌਂਤਰੇ, ਲੱਖੀ ਜੰਗਲ, ਫੂਲ, ਮਹਿਰਾਜ, ਭੁਚੋ, ਗੋਬਿੰਦਪੁਰਾ, ਕੋਟ ਦਰਾਜ਼ ਵਿਚੋਂ ਕਿਤਨੇ ਹੀ ਸਿੰਘ ਨਾਲ ਹੋ ਰਲੇ, ਹਰੀਕੇ ਪੱਤਣ ਤੱਕ ੪੦੦੦ ਸਿਰ-ਲੱਥ ਸਿੰਘਾਂ ਦਾ ਵੱਡਾ ਜਥਾ ਬਣ ਗਿਆ। ਤਰਨ ਤਾਰਨ ਹੋਰ ਕਿਤਨੇ ਸਿੱਖ ਉਨ੍ਹਾਂ ਦੀ ਅਗਵਾਈ ਹੇਠਾਂ ਇਕੱਠੇ ਹੋ ਗਏ। ਉਥੇ ਹੀ ਬਾਬਾ ਦੀਪ ਸਿੰਘ ਜੀ ਨੇ ਸ਼ਹੀਦੀ ਗਾਨਾ ਬੰਨ੍ਹ ਲਿਆ, ਆਪਣੇ ਖੰਡੇ ਨਾਲ ਲਕੀਰ ਸੰਗਰਾਣਾ ਸਾਹਿਬ[2] ਨੇੜੇ ਖਿੱਚੀ। ਦੇਖਦੇ ਹੀ ਸਾਰੇ ਸਿੰਘ ਸ਼ਹੀਦੀਆਂ ਲਈ ਤਿਆਰ ਹੋ ਗਏ ਅਤੇ ਅਰਦਾਸ ਕੀਤੀ ਕਿ ''ਮਰਾਂ ਤਾਂ ਹਰਿ ਕੈ ਦੁਆਰਿ।'' ਆਪ ਜੀ ਅੰਮ੍ਰਿਤਸਰ ਜਹਾਨ ਖ਼ਾਨ ਦਾ ਪੁੱਜਣਾ ਸੁਣ ਕੇ ਅੰਮ੍ਰਿਤਸਰ ਵੱਲ ਚੱਲ ਪਏ। ਜਹਾਨ ਖ਼ਾਨ ਤਾਂ ਅਜੇ ਹਾਜੀ ਅਤਾ ਖ਼ਾਨ ਨੂੰ ਉਡੀਕਦਾ ਪਿਆ ਸੀ। ਯਕੂਬ ਖ਼ਾਨ ਤੇ ਸਾਬਰ ਅਲੀ ਖ਼ਾਨ ਨੇ ਰਾਹ ਵਿਚ ਹੀ ਰੋਕ ਲਿਆ। ਯਕੂਬ ਖ਼ਾਨ ਤੇ ਬਾਬਾ ਜੀ

---

1. ਸੁਨ ਸਿੰਘ ਪਾਠ-ਅਖੰਡ ਕਰਾਯੋ॥ 13॥ (ਉਤ੍ਰਾਰਧ ਬਿਸ੍ਰਾਮ 50)
2. ਇਥੇ ਹੁਣ ਗੁਰਦੁਆਰਾ ਲਕੀਰ ਸਾਹਿਬ ਹੈ।

Sri Satguru Jagjit Singh Ji eLibrary NamdhariElibrary@gmail.com

ਵਿਚਕਾਰ ਦੁਵੱਲੀ ਜੰਗ ਹੋ ਗਈ। ਪਹਿਲਾਂ ਦੋਹਾਂ ਦੇ ਘੋੜੇ ਜ਼ਖ਼ਮੀ ਹੋਏ ਤੇ ਦੋਵੇਂ ਹੀ ਧਰਤੀ ਤੇ ਆ ਡਿੱਗੇ। ਫਿਰ ਇਕ ਦੂਜੇ ਨਾਲ ਗੁੱਥਮ ਗੁੱਥਾ ਹੋ ਗਏ। ਯਕੂਬ ਖ਼ਾਨ ਦੇ ਸਿਰ ਤੇ ਬਾਬਾ ਜੀ ਨੇ ਇਤਨੇ ਜ਼ੋਰ ਦਾ ਗੁਰਜ ਮਾਰਿਆ ਕਿ ਉਹ ਥਾਂ ਹੀ ਮਰ ਗਿਆ। ਬਾਬਾ ਸੁਰ ਸਿੰਘ ਨੇ ਦੂਜੇ ਅਫ਼ਗ਼ਾਨ ਸਰਦਾਰ ਮੀਰ ਜਹਾਨ ਨੂੰ ਥਾਂ ਹੀ ਰੱਖ ਲਿਆ। ਯਕੂਬ ਖ਼ਾਨ ਨੂੰ ਡਿੱਗਦਾ ਦੇਖ ਕੇ ਇਕ ਹੋਰ ਪਠਾਨ ਅਮਾਨ ਖ਼ਾਨ ਸਾਹਮਣੇ ਆਇਆ। ਦੋਹਾਂ ਨੇ ਇਸ ਫੁਰਤੀ ਨਾਲ ਤਲਵਾਰਾਂ ਚਲਾਈਆਂ ਕਿ ਦੋਵਾਂ ਦੇ ਸਿਰ ਲੱਥ ਗਏ :

ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ :

*ਚਲੀ ਤੇਗ ਅਤਿ ਬੇਗ ਸੈਂ, ਦੋਹੂ ਕੇਰ ਬਲ ਧਾਰ।*
*ਉਤਰ ਗਏ ਸਿਰ ਦੋਹਾਂ ਕੇ, ਪਰਸ ਪਰੇ ਇਕ ਸਾਰ। ੫੬।*

ਅਜੇ ਬਾਬਾ ਜੀ ਡਿੱਗੇ ਹੀ ਸਨ ਕਿ ਇਕ ਸਿੱਖ ਨੇ ਪੁਕਾਰਿਆ :

*"ਢਿਗ ਤੈ ਇਕ ਸਿਖ ਪਿਖਿ ਕਹਯੋ।*
*ਪ੍ਰਣ ਤੁਮ੍ਹਾਰਾ ਦੀਪ ਸਿੰਘ ਰਹਯੋ।*
*ਗੁਰਪੁਰ ਜਾਏ ਸੀਸ ਮੈ ਦੈ ਹਉ।*
*ਸੋ ਤੇ ਦੋਏ[1] ਕੋਸ ਇਸ ਠੈ ਹਉ।" ॥ ੫੭ ॥*
*ਸੁਣ ਸਿੰਘ ਜੀ ਨਿਜ ਪ੍ਰਣ ਸੰਭਾਰਾ।*
*ਨਿਜ ਸਿਰ ਬਾਮ-ਹਾਥ[2] ਨਿਜ ਧਾਰਾ।*
*ਦਹਿਨੇ ਹਾਥ ਤੇਗ ਖਰ ਧਾਰਾ।*
*ਵਜ਼ਨ ਜਾਹਿ ਥਾ ਸੇਰ ਅਠਾਰਾ ॥ ੫੮ ॥*
*ਲਰਤ ਕਬੰਧ ਤੁਰਕ ਗਨ ਸੰਗੈ।*
*(ਅਣਗਿਣਤ ਤੁਰਕਾਂ ਨਾਲ ਧੜ ਲੜਦਾ ਹੈ)*
*ਓਰ ਸੁਧਾ ਸਿਰ ਚਲਿਉ ਨਿਸੰਗੇ।*
*ਗਰਜਤ ਤਰਜਤ ਤਨ ਘਨ ਨਯਾਈ।*
*(ਬਦਲ ਵਾਂਙ ਗਜ ਤੇ ਚਮਕ ਰਹੇ ਸਨ)*
*ਤੁਰਕ ਚਲੇ ਭਗ ਡਰਿ ਅਗਵਾਈ॥ ੫੯ ॥*

ਇਸ ਤਰ੍ਹਾਂ ਹੀ ਭਾਈ ਮਹਿਤ ਸਿੰਘ ਵੀ ਬਗੈਰ ਸੀਸ ਤੋਂ ਲੜੇ।

ਸਾਰੇ ਵੈਰੀ ਹੈਰਾਨ ਹੋਏ ਅਤੇ ਸਿੱਖਾਂ ਦੀਆਂ ਲਾਸ਼ਾਂ ਲੜਦੀਆਂ ਨੇ, ਆਖ ਕੇ ਭੱਜ ਉੱਠੇ।

*ਹੋਰ ਹੈਰਾਨ ਤੁਰਾਨੀ ਰਹੇ।*
*ਹ੍ਵੈ ਭੈ-ਭੀਤ ਚਲੇ ਭਗ ਵਹੇ।*
*ਏਮ ਭਟ-ਭੇਰ ਕਰਤ ਸਿੰਘ ਸੂਰੇ।*
*ਪਹੁੰਚੇ ਜਬੈ ਗੁਰੂ ਚਕ ਸੂਰੇ॥ ੬੪ ॥*

---

1. ਸੰਗਰਾਣਾ ਸਾਹਿਬ ਦਰਬਾਰ ਸਾਹਿਬ ਤੋਂ ਢਾਈ ਮੀਲ ਹੀ ਹੈ।
2. ਖੱਬੇ ਹੱਥ

Sri Satguru Jagjit Singh Ji eLibrary NamdhariElibrary@gmail.com

*ਤਬ ਇਕ ਸਿੰਘ ਨੇ ਐਸ ਉਬਾਚਾ।*
*ਧਨ ਦੀਪ ਸਿੰਘ ਪ੍ਰਣ ਕੀਯੋ ਸਾਚਾ।*
*ਗੁਰਪੁਰਿ, ਤੀਰ ਰਾਮ ਸਰ ਆਏ।*
*ਯਹਿ ਸੁਨ ਸਿੰਘ ਜੀ ਤਹਾਂ ਥਿਰਾਏ॥ ੯੫॥*
*ਨਿਜ ਸਰ ਨਿਜ ਸ੍ਥਲ ਪਰ ਧਰ ਕੇ।*
*ਫਤਹਿ ਗਜਾਈ ਊਚ ਉਚਰ ਕੇ।*

(ਗਿਆਨੀ ਗਿਆਨ ਸਿੰਘ ਜੀ, ਪੰਥ ਪ੍ਰਕਾਸ਼ ਉਤ੍ਰਾਰਧ ਬ੍ਰਿਸਾਮ ੫੦)

ਆਪ ਜੀ ਦਾ ਸਿਰ ਧੜ ਨਾਲੋਂ ਉਤਰ ਹੀ ਚੁੱਕਾ ਸੀ। ਆਪ ਜੀ ਖੰਡਾ ਹੱਥ ਸੰਭਾਲੀ ਵਧਦੇ ਹੀ ਗਏ ਅਤੇ ਜੂਝਦੇ ਲੜਦੇ ਦਰਬਾਰ ਸਾਹਿਬ ਦੀਆਂ ਪ੍ਰਕਰਮਾਂ ਅੰਦਰ ਪੁੱਜੇ।[1] ਬਾਬਾ ਨੌਧ ਸਿੰਘ ਜੀ ਚੱਬੇ ਦੇ ਲਾਗੇ ਸ਼ਹੀਦ ਹੋ ਗਏ। ਭਾਈ ਹਰੀ ਸਿੰਘ, ਭਾਈ ਬੀਰ ਸਿੰਘ ਸੰਗਰਾਣਾ ਸਾਹਿਬ ਸ਼ਹੀਦ ਹੋਏ। ਜਹਾਨ ਖਾਨ ਤਾਂ ਹਾਰ ਹੀ ਚੁੱਕਾ ਸੀ, ਪਰ ਹਾਜੀ ਅਤਾ ਖਾਨ ਨੇ ਤਾਜ਼ਾ ਦਮ ਹਮਲਾ ਕਰਕੇ ਸਿੱਖਾਂ ਨੂੰ ਸ਼ਹੀਦ ਕੀਤਾ ਤੇ ਫਿਰ ਦਰਬਾਰ ਸਾਹਿਬ ਦੀ ਬੇਪਤੀ ਕੀਤੀ। ਸਿੰਘ ਗਿਣਤੀ ਵਿਚ ਭਾਵੇਂ ਥੋੜ੍ਹੇ ਸਨ, ਪਰ ਗੁਰੂ ਕੇ ਬਾਗ ਵਿਚ ਸਰਦਾਰ ਅਘੜ ਸਿੰਘ, ਸਰਦਾਰ ਸੰਤ ਸਿੰਘ, ਸਰਦਾਰ ਸਜਨ ਸਿੰਘ, ਸਰਦਾਰ ਹੀਰਾ ਸਿੰਘ, ਸਰਦਾਰ ਨਿਹਾਲ ਸਿੰਘ, ਸਰਦਾਰ ਬਹਾਦਰ ਸਿੰਘ ਸਮੇਤ ਬਾਬਾ ਬਾਲਾ ਸਿੰਘ, ਬਾਬਾ ਖਿਆਲਾ ਸਿੰਘ ੧੧ ਨਵੰਬਰ, ੧੭੫੭ ਨੂੰ ਸ਼ਹਾਦਤਾਂ ਦਿੱਤੀਆਂ।[2] ਸਿੰਘ ਜਲੰਧਰ ਦੁਆਬ ਵਿਚ ਚਲੇ ਗਏ। ਕੋਟ ਬੁੱਢਾ ਰਾਮਦਾਸ ਦੇ ਚੌਧਰੀ ਨੂੰ ਵੀ ਬਹਾਨਾ ਬਣਾ ਕੇ ਜਹਾਨ ਖਾਨ ਨੇ ਤਸੀਹੇ ਦੇ ਕੇ ਮਾਰਿਆ। ਸਿੱਖਾਂ ਨੇ ਉਸ ਚੌਧਰੀ ਦੇ ਮਾਰੇ ਜਾਣ ਤੇ ਬਹੁਤ ਗੁੱਸਾ ਮਨਾਇਆ।

**ਜਲੰਧਰ ਦੀ ਨਵਾਬੀ ਅਦੀਨਾ ਬੇਗ ਨੂੰ** : ਤੈਮੂਰ ਸ਼ਾਹ ਵੀ ਕੁਝ ਹੀ ਸਮੇਂ ਵਿਚ ਸਮਝ ਗਿਆ ਕਿ ਅਦੀਨਾ ਬੇਗ ਤੋਂ ਬਗੈਰ ਜਲੰਧਰ ਵਿਚ ਕੋਈ ਫੌਜਦਾਰੀ ਦੇ ਪਦ ਨੂੰ ਸੰਭਾਲ ਨਹੀਂ ਸਕਦਾ। ਜੇ ਕਿਸੇ ਹੋਰ ਨੂੰ ਬਣਾ ਵੀ ਦਿੱਤਾ ਤਾਂ ਅਦੀਨਾ ਬੇਗ ਉਸ ਨਵੇਂ ਬਣੇ ਫੌਜਦਾਰ ਨੂੰ ਟੁਰਨ ਤੇ ਟਿਕਣ ਨਹੀਂ ਦੇਵੇਗਾ। ਦੂਜੇ ਦੁਆਬੇ ਵਿਚ ਸਿੱਖ ਸਭ ਤੋਂ ਵੱਧ ਤਾਕਤਵਰ ਸਨ ਤੇ ਉਨ੍ਹਾਂ ਨਾਲ ਕੇਵਲ ਅਦੀਨਾ ਬੇਗ ਹੀ ਨਜਿੱਠ ਸਕਦਾ ਸੀ। ਤੀਸਰੇ, ਅਦੀਨਾ ਬੇਗ ਕੋਲ ਦਸ ਹਜ਼ਾਰ ਫੌਜ ਹਰ ਵਕਤ ਤਿਆਰ ਰਹਿੰਦੀ ਸੀ। ਚੌਥੇ, ਪਿਛਲੇ ੧੫ ਸਾਲ ਤੋਂ ਕਿਸੇ ਨਾ ਕਿਸੇ ਸੂਰਤ ਵਿਚ ਜਲੰਧਰ ਦੁਆਬ ਦਾ ਫੌਜਦਾਰ ਅਦੀਨਾ ਬੇਗ ਹੀ ਰਿਹਾ ਸੀ। ਇਨ੍ਹਾਂ ਗੱਲਾਂ ਨੂੰ ਮੁੱਖ ਰੱਖਦੇ ਹੋਏ ਤੈਮੂਰ ਸ਼ਾਹ ਨੇ ੩੬ ਲੱਖ ਰੁਪਏ ਸਾਲਾਨਾ ਲੈ ਕੇ ਉਸ ਨੂੰ ਜਲੰਧਰ ਦਾ ਨਵਾਬ ਥਾਪ ਦਿੱਤਾ। ਅਦੀਨਾ ਬੇਗ ਨੇ ਵੀ ਇਹ ਸ਼ਰਤ ਮੰਨਵਾਈ ਕਿ ਉਹ ਲਾਹੌਰ ਦਰਬਾਰ ਹਾਜ਼ਰੀ ਭਰਨ ਤੋਂ ਆਜ਼ਾਦ ਹੋਵੇਗਾ, ਪਰ ਆਪਣੇ ਸਾਥੀ 'ਡਿੱਲਾ ਰਾਮ' ਨੂੰ ਲਾਹੌਰ ਦਰਬਾਰ ਰੱਖਣਾ ਮੰਨ ਲਿਆ।

---

1. ਉਥੇ ਅੱਜ ਕਲ੍ਹ ਬਾਬਾ ਦੀਪ ਸਿੰਘ ਜੀ ਦੀ ਸਮਾਧੀ ਹੈ ਤੇ ਸ਼ਹੀਦੀ ਅਸਥਾਨ ਬਾਹਰ ਰਾਮਸਰ ਕੋਲ ਹੈ।
2. ਇਨ੍ਹਾਂ ਸਿੰਘਾਂ ਦਾ ਸ਼ਹੀਦੀ ਅਸਥਾਨ ਗੁਰੂ ਕੇ ਬਾਗ ਗੁਰਦੁਆਰਾ ਮੰਜੀ ਸਾਹਿਬ ਲਾਗੇ ਬਣਿਆ ਹੋਇਆ ਹੈ। ਚਾਟੀਵਿੰਡ ਭਾਈ ਮਹਿਤਾਬ ਸਿੰਘ ਬਿਬੇਕਸਰ—ਬਾਬਾ ਕੌਰਸਿੰਘ, ਬਾਬਾ ਮੰਨਾ ਸਿੰਘ।

Sri Satguru Jagjit Singh Ji eLibrary NamdhariElibrary@gmail.com

**ਅਦੀਨਾ ਬੇਗ ਦੀ ਬਗ਼ਾਵਤ** : ਅਦੀਨਾ ਬੇਗ ਨੇ ਕੁਝ ਚਿਰ ਤਾਂ ਇਹ ਪ੍ਰਬੰਧ ਮੰਨ ਲਿਆ ਪਰ ੩੬ ਲੱਖ ਰੁਪਏ ਦੇਣਾ ਬਹੁਤ ਭਾਰੀ ਰਕਮ ਸੀ। ਦੂਸਰੇ, ਤੈਮੂਰ ਘੜੀ ਮੁੜੀ ਅਦੀਨਾ ਬੇਗ ਨੂੰ ਲਾਹੌਰ ਪੇਸ਼ ਹੋਣ ਲਈ ਕਹਿੰਦਾ ਸੀ। ਅਦੀਨਾ ਬੇਗ ਨੇ ਰੁਪਏ ਦੇਣ ਤੋਂ ਨਾਂਹ ਕਰ ਦਿੱਤੀ ਤੇ ਲਾਹੌਰ ਆਉਣ ਤੋਂ ਵੀ ਇਨਕਾਰ ਕੀਤਾ। ਜਹਾਨ ਖ਼ਾਨ ਨੇ ਡਿੱਲਾ ਰਾਮ ਨੂੰ ਗ੍ਰਿਫਤਾਰ ਕਰ ਲਿਆ। ਮੁਗਲਾਨੀ ਬੇਗਮ ਨੇ ਜ਼ਮਾਨਤ ਦਿੱਤੀ ਕਿ 'ਡਿੱਲਾ ਰਾਮ' ਜਲੰਧਰ ਤੋਂ ਰੁਪਏ ਲੈ ਕੇ ਭੇਜ ਦੇਵੇਗਾ, ਸੋ ਛੱਡ ਦਿੱਤਾ ਗਿਆ। ਹਰ ਕੋਈ ਜਾਣਦਾ ਸੀ ਕਿ ਨਾ ਡਿੱਲਾ ਰਾਮ ਨੇ ਆਉਣਾ ਹੈ ਅਤੇ ਨਾ ਅਦੀਨਾ ਬੇਗ ਨੇ ਰੁਪਏ ਭੇਜਣੇ ਹਨ। ਜਹਾਨ ਖ਼ਾਨ ਨੂੰ ਮੁਗਲਾਨੀ ਬੇਗਮ ਤੇ ਸ਼ੱਕ ਹੋਇਆ। ਉਸ ਨੇ ਮੁਗਲਾਨੀ ਬੇਗਮ ਦੀ ਬੇਪਤੀ ਕੀਤੀ। ਚਾਬਕਾਂ ਨਾਲ ਮਾਰਿਆ ਤੇ ਸਾਰਾ ਜ਼ੇਵਰ ਖੋਹ ਲਿਆ। ਜਹਾਨ ਖ਼ਾਨ ਨੂੰ ਇਕ ਪਾਸੇ ਅਦੀਨਾ ਬੇਗ ਨਾਲ ਨਜਿੱਠਣਾ ਪੈ ਰਿਹਾ ਸੀ। ਦੂਜੇ ਪਾਸੇ ਸਿੱਖ ਤੰਗ ਕਰ ਰਹੇ ਸਨ।

ਸ੍ਰੀ ਅੰਮ੍ਰਿਤਸਰ ਦੀ ਬੇਪਤੀ ਸਿੱਖਾਂ ਨੂੰ ਚੁਭ ਰਹੀ ਸੀ। ਉਨ੍ਹਾਂ ਲਾਹੌਰ ਦੇ ਲਾਗੇ ਨਿਤ ਹਮਲੇ ਕਰਨੇ ਆਪਣੇ ਮਤੇ ਵਿਚ ਸ਼ਾਮਲ ਕਰ ਲਿਆ। ਜਹਾਨ ਖਾਨ ਇਤਨਾ ਘਬਰਾਇਆ ਕਿ ਉਸ ਅਦੀਨਾ ਬੇਗ ਨੂੰ ਮਦਦ ਲਈ ਬੁਲਾਇਆ ਅਤੇ ਰੁਪਏ ਮੁਆਫ ਕਰ ਦਿੱਤੇ, ਪਰ ਅਦੀਨਾ ਬੇਗ ਤਾਂ ਲਾਹੌਰ ਨਾਲੋਂ ਮੁਕੰਮਲ ਤੋੜ ਕੇ ਸਿੱਖਾਂ ਨਾਲ ਬਣਾ ਚੁੱਕਾ ਸੀ।

**ਅਦੀਨਾ ਬੇਗ ਦੀ ਸਿੱਖਾਂ ਨਾਲ ਸੰਧੀ** : ਅਦੀਨਾ ਬੇਗ ਵੀ ਜਾਣਦਾ ਸੀ ਕਿ ਉਸ ਦੀ ਨਾਂਹ ਦਾ ਸਿੱਟਾ ਜਲੰਧਰ 'ਤੇ ਲਾਹੌਰ ਵਲੋਂ ਹਮਲਾ ਹੈ। ਅਦੀਨਾ ਬੇਗ ਨੇ ਉਸ ਮੁਸ਼ਕਲ ਸਮੇਂ ਸਿੱਖਾਂ ਨਾਲ ਦੋਸਤੀ ਕਰਨੀ ਮੁਨਾਸਬ ਸਮਝੀ। ਸਿੱਖਾਂ ਨਾਲ ਦੋਸਤੀ ਦਾ ਹੱਥ ਵਧਾਉਣ ਲਈ ਹੁਸ਼ਿਆਰਪੁਰ ਦੇ ਪਿੰਡ ਮੇੜ੍ਹੀ ਪੁੱਜਾ। ਸੋਢੀ ਵਡਭਾਗ ਸਿੰਘ ਅਤੇ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੂੰ ਮਿਲਿਆ। ਸਿੱਖ ਅਗੇ ਹੀ ਅਫ਼ਗਾਨਾਂ ਦੇ ਜ਼ੁਲਮਾਂ ਦਾ ਦੁੱਖ ਮਹਿਸੂਸ ਕਰ ਰਹੇ ਸਨ। ਅਦੀਨਾ ਬੇਗ ਨੂੰ ਸਿੰਘਾਂ ਯਕੀਨ ਦਿਲਵਾਇਆ ਕਿ ਅਫ਼ਗਾਨਾਂ ਵਿਰੁੱਧ ਲੜਨ ਲਈ ਤਿਆਰ ਹਨ, ਜੇ ਉਨ੍ਹਾਂ ਨੂੰ ਜੰਗ ਦਾ ਜ਼ਰੂਰੀ ਸਾਮਾਨ ਅੱਡ ਪਹੁੰਚਾ ਦਿੱਤਾ ਜਾਏ। ਅਦੀਨਾ ਬੇਗ ਨੇ ਮੂੰਹ ਮੰਗਿਆ ਜੰਗੀ ਸਾਮਾਨ ਪਹੁੰਚਾਇਆ। ਸਾਂਝੀਆਂ ਫ਼ੌਜਾਂ ਜਹਾਨ ਖ਼ਾਨ ਦੇ ਟਾਕਰੇ ਲਈ ਤਿਆਰ ਹੋ ਗਈਆਂ। ਜੰਗ ਵਿਚ ਅਫ਼ਗਾਨਾਂ ਤੇ ਅਦੀਨਾ ਬੇਗ ਦੇ ਸਿਪਾਹੀਆਂ ਦਾ ਅੰਤਰ ਦਰਸਾਉਣ ਲਈ ਇਹ ਇੰਤਜ਼ਾਮ ਕੀਤਾ ਗਿਆ ਕਿ ਕਣਕ ਦੇ ਹਰੇ ਸਿੱਟੇ ਅਦੀਨਾ ਦੇ ਸਿਪਾਹੀ ਆਪਣੇ ਸਿਰਾਂ ਉੱਤੇ ਟੂੰਗੀ ਰੱਖਣਗੇ ਤਾਂ ਕਿ ਸਿੱਖਾਂ ਨੂੰ ਸਿਞਾਨਣ ਵਿਚ ਆਸਾਨੀ ਰਹੇ।

**ਸਰਫ਼ਰਾਜ਼ ਖ਼ਾਨ ਨਾਲ ਜੰਗ** : ਜਹਾਨ ਖ਼ਾਨ ਨੇ ਮੁਲਤਾਨ ਦੇ ਗਵਰਨਰ ਨੂੰ ਜਲੰਧਰ ਦੇ ਫ਼ੌਜਦਾਰ ਸਰਫ਼ਰਾਜ਼ ਖ਼ਾਨ ਤੇ ਬੁਲੰਦ ਖ਼ਾਨ ਦੀ ਮਦਦ ਲਈ ਭੇਜਿਆ। ਸਿੱਖਾਂ ਅਤੇ ਅਦੀਨਾ ਬੇਗ ਦੀਆਂ ਫ਼ੌਜਾਂ, ਜਿਨ੍ਹਾਂ ਦੀ ਗਿਣਤੀ ੨੫,੦੦੦ ਦੇ ਕਰੀਬ ਹੋ ਗਈ ਸੀ, ਜਲੰਧਰ ਵੱਲ ਵਧ ਰਹੀਆਂ ਸਨ। ਫ਼ੌਜਾਂ ਦਾ ਟਾਕਰਾ ਮਾਹਲਪੁਰ (ਹੁਸ਼ਿਆਰਪੁਰ) ਵਿਖੇ ਹੋਇਆ। ਸਿੱਖਾਂ ਨੇ ਰੋਹ ਵਿਚ ਆ ਐਸਾ ਹਮਲਾ ਕੀਤਾ ਕਿ ਸਰਫ਼ਰਾਜ਼ ਖ਼ਾਨ ਨੂੰ ਹੱਥਾਂ ਪੈਰਾਂ ਦੀ ਪੈ ਗਈ। ਭਾਈ ਕਰਮ ਸਿੰਘ ਪੰਜ ਗੜ੍ਹ ਨੇ ਤਾਂ ਕਰਾਰੇ ਹੱਥ ਦਿਖਾਏ। ਬੁਲੰਦ ਖ਼ਾਨ ਉਥੇ ਹੀ ਮਾਰਿਆ ਗਿਆ। ਇਹ ਜੰਗ ਦਸੰਬਰ ੧੭੫੭ ਵਿਚ ਹੋਈ। ਮੁਰਾਦ ਖ਼ਾਨ ਭੱਜ ਉੱਠਿਆ ਤੇ ਮੈਦਾਨ ਸਿੱਖਾਂ ਦੇ ਹੱਥ ਆਇਆ। ਜੇਤੂ ਫ਼ੌਜਾਂ ਨੇ ਜਲੰਧਰ ਜਾ ਲਿਆ।

Sri Satguru Jagjit Singh Ji eLibrary NamdhariElibrary@gmail.com

ਜਲੰਧਰ ਦੇ ਮੁਸਲਮਾਨ ਵਸਨੀਕਾਂ ਨੇ ਸਜ਼ਾਵਾਂ ਦੇਣ ਤੇ ਲੁੱਟ ਕਰਨ ਦੀ ਖੁੱਲ੍ਹ ਦੇ ਦਿੱਤੀ। ਨਾਸਰ ਅਲੀ ਦੀ ਲਾਸ਼ ਨੂੰ ਪੁੱਠਾ ਟੰਗਿਆ ਗਿਆ। ਕਰਤਾਰਪੁਰ ਦੇ ਇਤਿਹਾਸਕ ਗੁਰਦੁਆਰੇ ਦੀ ਫਿਰ ਉਸਾਰੀ ਕੀਤੀ ਗਈ।

**ਸਿੱਖਾਂ ਦਾ ਹੱਥ ਉਪਰ** : ਅਦੀਨਾ ਬੇਗ ਨੇ ਸਿੱਖਾਂ ਨੂੰ ਜਿੱਤ ਦੀ ਖ਼ੁਸ਼ੀ ਵਿਚ ਸਵਾ ਲੱਖ ਰੁਪਏ ਬਤੌਰ ਰਾਖੀ ਦੇ ਦਿੱਤੇ ਤੇ ਆਪ ਸਿਰ ਉੱਤੇ ਕੜਾਹ ਪਰਸ਼ਾਦ ਚੁੱਕ ਕੇ ਸਿੱਖਾਂ ਦੇ ਦਰਬਾਰ ਆਇਆ। ਕੜਾਹ ਪ੍ਰਸ਼ਾਦ ਦੀ ਬੜੀ ਮਹਿਮਾ ਕੀਤੀ ਅਤੇ ਕਿਹਾ :

*'ਹੈ ਯਹ ਬਹਿਸ਼ਤੋਂ ਨਾਨਕ ਜੀ ਆਣਾ।'*

ਆਪਣੇ ਆਪ ਨੂੰ ਉਸ 'ਬੋਧਾ ਸਿੰਘ' ਕਿਹਾ। ਭਾਵ ਕਿ ਉਸ ਦੇ ਕੇਸ ਬੇਸ਼ੱਕ ਨਹੀਂ ਪਰ ਸਿੱਖਾਂ ਦਾ ਇਕ ਸਾਥੀ ਹੈ। ਸਿੱਖਾਂ ਵੀ ਜਿੱਤ ਮਨਾਈ। ਸਿੱਖ ਲਾਹੌਰ ਤੱਕ ਖੁੱਲ੍ਹੀਆਂ ਮਾਰਾਂ ਮਾਰਦੇ ਰਹੇ। ਤੈਮੂਰ ਨੇ ਜਨਵਰੀ ੧੭੫੮ ਨੂੰ ਖਵਾਜਾ ਉਬੈਦੁਲਾ ਖ਼ਾਨ ਨੂੰ ੨੦,੦੦੦ ਦੀ ਫ਼ੌਜ ਦੇ ਕੇ ਘੱਲਿਆ, ਪਰ ਉਸ ਨੂੰ ਵੀ ਮੂੰਹ ਦੀ ਖਾਣੀ ਪਈ। ਅਬਦਾਲੀ ਨੇ ਕਈ ਹੋਰ ਜਰਨੈਲ ਭੇਜੇ, ਪਰ ਉਹ ਸਭ ਨਾਕਾਮ ਹੀ ਮੁੜੇ। ਹਜ਼ਾਰਾਂ ਦੀ ਗਿਣਤੀ ਵਿਚ ਸਿੱਖ ਲਾਹੌਰ ਪੁੱਜਦੇ, ਹਮਲੇ ਕਰਦੇ, ਲੁੱਟਦੇ ਤੇ ਫਿਰ ਵਾਪਸ ਆਪਣੇ ਟਿਕਾਣਿਆਂ ਤੇ ਵੀ ਪੁੱਜ ਜਾਂਦੇ। ਐਸੀ ਦੁਰਦਸ਼ਾ ਹੋ ਗਈ ਕਿ ਲਾਹੌਰ ਦੀ ਹਕੂਮਤ ਨਾਮ ਮਾਤਰ ਹੀ ਰਹਿ ਗਈ। ਇਧਰ ਸਿੱਖ ਲਾਹੌਰ ਵਿਖੇ ਅਫ਼ਗਾਨ ਹਕੂਮਤ ਨੂੰ ਤੰਗ ਕਰ ਰਹੇ ਸਨ, ਉਧਰ ਅਦੀਨਾ ਬੇਗ ਨੇ ਨਵਾਂ ਸ਼ੋਸ਼ਾ ਛੱਡ ਦਿੱਤਾ।

**ਅਦੀਨਾ ਬੇਗ ਦੀ ਮਰਹੱਟਿਆਂ ਨਾਲ ਗੱਲਬਾਤ** : ਅਦੀਨਾ ਬੇਗ ਦਾ ਨਿਸ਼ਾਨਾ 'ਪੰਜਾਬ' ਦੀ ਮਾਲਕੀ ਸੀ। ਉਹ ਜਾਣਦਾ ਸੀ ਕਿ ਸਿੱਖ ਉਸਦੇ ਰਾਹ ਵਿਚ ਰੁਕਾਵਟ ਸਨ। ਇਹ ਇਕ ਤਗੜੇ ਤੇ ਨਵੇਂ ਦੋਸਤ ਦੀ ਭਾਲ ਵਿਚ ਲੱਗਾ ਹੋਇਆ ਸੀ। ਨੀਤੀ ਵੱਸ ਉਹ ਸਿੱਖਾਂ ਨਾਲ ਅਜੇ ਵਿਗਾੜਨਾ ਨਹੀਂ ਸੀ ਚਾਹੁੰਦਾ ਕਿਉਂਕਿ ਪੰਜਾਬ ਦਾ ਮਾਲਕ ਬਣਨ ਤਕ ਅਹਿਮਦ ਸ਼ਾਹ ਅਬਦਾਲੀ ਵੀ ਵੱਡੀ ਰੁਕਾਵਟ ਸੀ। ਅਹਿਮਦ ਸ਼ਾਹ ਅਬਦਾਲੀ ਨੂੰ ਸਿਰਫ਼ ਸਿੱਖਾਂ ਦੀ ਮਦਦ ਨਾਲ ਹਰਾਉਣਾ ਉਹ ਕਠਨ ਜਿਹੀ ਗੱਲ ਗਿਣਦਾ ਸੀ। ਭੇੜਾਂ ਵਿਚ ਤਾਂ ਸਿੱਖਾਂ ਦੇ ਟਾਕਰੇ ਦਾ ਕੋਈ ਨਹੀਂ ਸੀ, ਪਰ ਵੱਡੀ ਜੰਗ ਲਈ ਕਿਸੇ ਵੱਡੀ ਤਾਕਤ ਦੀ ਲੋੜ ਉਸ ਮਹਿਸੂਸ ਕੀਤੀ। ਮੁਗ਼ਲਾਂ ਦੀ ਤਾਕਤ ਮੂਲੋਂ ਹੀ ਮੁੱਕ ਗਈ ਸੀ ਅਤੇ ਮਰਹੱਟੇ ਹੀ ਇਕ ਐਸੀ ਤਾਕਤ ਸਨ ਜੋ ਉਸ ਦੇ ਸੁਪਨੇ ਨੂੰ ਸਾਕਾਰ ਕਰ ਸਕਦੇ ਸਨ। ਦੂਸਰੇ, ਅਦੀਨਾ ਬੇਗ ਜਾਣਦਾ ਸੀ ਕਿ ਸਿੱਖ ਤਾਂ ਆਪਣੇ ਆਪ ਨੂੰ ਪੰਜਾਬ ਦਾ ਅਸਲ ਮਾਲਕ ਗਿਣਦੇ ਸਨ ਤੇ ਮਰਹੱਟੇ ਅਬਦਾਲੀ ਨੂੰ ਹਰਾ ਕੇ ਹਕੂਮਤ ਉਸ ਨੂੰ ਹੀ ਦੇ ਜਾਣਗੇ, ਇਹ ਉਸ ਦਾ ਪੱਕਾ ਯਕੀਨ ਸੀ। ਅਬਦਾਲੀ ਦੇ ਹਮਲੇ ਵੇਲੇ ਐਸਾ ਹੀ ਹੋਇਆ ਸੀ। ਅਦੀਨਾ ਬੇਗ ਨੇ ਮਰਹੱਟਿਆਂ ਦੇ ਆਗੂ ਰਘੂ ਨਾਥ ਰਾਓ [1] ਤੇ ਮਲ੍ਹਾਰ ਰਾਏ ਹੁਲਕਰ ਨਾਲ ਗੱਲ ਬਾਤ ਅਰੰਭੀ। ਉਸ ਨੇ ਮਰਹੱਟਿਆਂ ਨੂੰ ਪੰਜਾਬ ਆਉਣ ਦਾ ਸੱਦਾ ਦਿੱਤਾ ਤੇ ਇਕ ਲੱਖ ਰੁਪਏ ਇਕ ਦਿਨ ਦੇ ਤੇ ੫੦,੦੦੦ ਰੁਪਏ ਪੜਾਅ ਵਾਲੇ ਦਿਨ ਦੇ ਦੇਣੇ ਕੀਤੇ। ਰਘੂਨਾਥ ਨੇ ਇਹ ਮੰਗ ਮੰਨ ਲਈ ਤੇ ਪੰਜਾਬ ਵੱਲ ਵਧ ਪਿਆ। ਮਰਹੱਟੇ ਦਿੱਲੀ ਦੇ ਲਾਗੇ ਹੀ ਸਨ। ਮਰਹੱਟੇ ੯ ਮਾਰਚ, ੧੭੫੮ ਨੂੰ ਸਰਹੰਦ ਪੁੱਜ ਗਏ। ਅਦੀਨਾ ਬੇਗ, ਸਿੱਖ ਫ਼ੌਜਾਂ ਸਮੇਤ

1. ਪੇਸ਼ਵਾ ਬਾਲਾ ਜੀ ਰਾਓ ਦਾ ਭਰਾ।

ਸਰਹੰਦ ਪੁੱਜਾ। ਅਦੀਨਾ ਬੇਗ ਦੋ ਪਾਸੀਂ ਮਾਰ ਕਰਨ ਵਿਚ ਮਾਹਰ ਸੀ। ਅਮਾਦ-ਉਸ-ਸਾਦਤ ਦਾ ਲਿਖਾਰੀ ਬਹੁਤ ਸੁੰਦਰ ਲਿਖਦਾ ਹੈ ਕਿ 'ਅਦੀਨਾ ਬੇਗ ਜਦ ਸਿੱਖਾਂ ਕੋਲ ਪੁੱਜਦਾ ਸੀ ਤਾਂ ਦਾਹੜੀ ਹੱਥ ਲਗਾ ਕੇ ਕਹਿੰਦਾ ਸੀ ਕਿ ਉਹ ਵਿਚੋਂ ਅੜੇ ਤਿਣਕੇ ਨੂੰ ਕੱਢ ਰਿਹਾ ਹੈ ਤੇ ਮਰਹੱਟਿਆਂ ਨੂੰ ਜਾ ਬੋਲਦਾ ਸੀ ਕਿ ਦੇਖੋ ਸਿੱਖ ਕੈਸੇ ਕਾਬੂ ਕੀਤੇ ਹਨ ਪਰ ਉਸੇ ਪਲ ਮਰਹੱਟਿਆਂ 'ਤੇ ਹੱਥ ਚੱਕ ਜਾ ਆਖਦਾ ਸੀ ਕਿ 'ਉਸ ਨੇ ਮਰਹੱਟੇ ਦੇ ਮੂੰਹ ਤੋਂ ਮੱਖੀ ਉਡਾਈ ਹੈ ਪਰ ਸਿੱਖਾਂ ਨੂੰ ਇਹ ਇਹਸਾਸ ਦੇ ਜਾਂਦਾ ਸੀ ਕਿ ਉਸ ਪਾਸ ਮਰਹੱਟਿਆਂ ਵਿਰੁੱਧ ਹੱਥ ਚੁੱਕਣ ਦੀ ਸ਼ਕਤੀ ਹੈ।' ਦੋਹਾਂ ਧਿਰਾਂ ਨੂੰ ਖੁਸ਼ ਕਰਨ ਦਾ ਵੱਲ ਉਸ ਨੂੰ ਆਉਂਦਾ ਸੀ। ਵਕਤ ਨੂੰ ਸੰਭਾਲਣ ਵਿਚ ਉਸ ਜਿਤਨਾ ਪਾਜੀ ਮਿਲਣਾ ਮੁਸ਼ਕਲ ਹੈ। ਅਦੀਨਾ ਬੇਗ ਨੇ (੧੭੪੫ ਤੋਂ ੧੭੫੮) ਦੇ ਬਿਖੜੇ ਤੇ ਉੱਥਲ ਪੁੱਥਲ ਦੇ ਸਮੇਂ ਵੀ ਆਪਣੀ ਹੋਂਦ ਬਣਾਈ ਰੱਖੀ। ਆਪਣੀ ਹੋਂਦ ਦਾ ਅਹਿਸਾਸ ਉਸ ਹਰ ਇਕ ਨੂੰ ਕਰਾਈ ਰਖਿਆ ਜਿਸਦੀ ਸਿਆਸਤ ਵਿਚ ਕੁਝ ਵੀ ਮਹੱਤਾ ਸੀ। ਉਸ ਨੂੰ ਇਹ ਖ਼ਤਰਾ ਵੀ ਖਾਈ ਜਾਂਦਾ ਸੀ ਕਿ ਮਰਹੱਟੇ ਤੇ ਸਿੱਖ ਕਿਤੇ ਮਿਲ ਹੀ ਨਾ ਜਾਣ, ਸੋ ਉਸ ਨੇ ਇਨ੍ਹਾਂ ਦੋ ਤਾਕਤਾਂ ਨੂੰ ਇਕੱਠਿਆਂ ਵੀ ਨਾ ਹੋਣ ਦਿੱਤਾ। ਡਾਕਟਰ ਸਿਨਹਾ ਦਾ ਖ਼ਿਆਲ ਹੈ ਕਿ 'ਜੇ ਮਰਹੱਟੇ ਤੇ ਸਿੱਖ ਮਿਲ ਜਾਂਦੇ ਤਾਂ ਪਾਨੀਪਤ ਦੀ ਤੀਜੀ ਲੜਾਈ ਦੇ ਸਮੇਂ ਨਤੀਜੇ ਹੋਰ ਨਿਕਲਣੇ ਸਨ। ਸਿੱਖਾਂ ਦੇ ਟਾਕਰੇ ਚੰਗੇ ਤੋਂ ਚੰਗਾ ਸ਼ਹਿਨਸ਼ਾਹ ਵੀ ਮਾਰ ਖਾ ਜਾਂਦਾ ਸੀ। ਅਸਲ ਗੱਲ ਇਹ ਹੈ ਕਿ ਸਿੱਖ ਨੂੰ ਦੋ ਵਾਰੀ ਮਾਰਨਾ ਪੈਂਦਾ ਸੀ। ਘਾਇਲ ਹੋਇਆ ਵੀ ਦੁਸ਼ਮਣ ਲਈ ਹਊਆ ਸੀ।' ਦੱਖਣ ਤੇ ਉੱਤਰ ਦਾ ਮੇਲ ਦੁਰਾਨੀ ਲਈ ਮੌਤ ਸਾਬਤ ਹੋ ਸਕਦਾ ਸੀ, ਪਰ ਅਦੀਨਾ ਬੇਗ ਇਹ ਜ਼ਹਿਰ ਕਾਤਲ ਪੀਣ ਲਈ ਤਿਆਰ ਨਹੀਂ ਸੀ। ਸਿਨਹਾ ਦਾ ਖ਼ਿਆਲ ਹੈ "ਭਾਊ ਸਾਹਿਬ ਨੇ ਜਦ ਆਪਣੀਆਂ ਫ਼ੌਜਾਂ ਕੁੰਜਪੁਰੇ ਉਤਾਰੀਆਂ ਤਾਂ ਸਿੱਖਾਂ ਨਾਲ ਸਿੱਧੀ ਗੱਲਬਾਤ ਕਰਨ ਦੀ ਕੋਸ਼ਿਸ਼ ਕੀਤੀ, ਪਰ ਅਦੀਨਾ ਬੇਗ ਦੇ ਪੁੱਜਣ ਕਰਕੇ ਗੱਲ ਨਾ ਹੋ ਸਕੀ।" ਦੁੱਖ ਨਾਲ ਸਿਨਹਾ ਲਿਖਦਾ ਹੈ ਕਿ ਨਾ ਸਿੱਖਾਂ ਵਿਚ ਤੇ ਨਾ ਮਰਹੱਟਿਆਂ ਵਿਚ ਕੋਈ ਐਸਾ ਦੂਰ-ਦ੍ਰਿਸ਼ਟੀ ਵਾਲਾ ਆਗੂ ਸੀ ਜੋ ੧੭੫੮ ਵਿਚ ਦੋਹਾਂ ਦੀ ਦੋਸਤੀ ਕਰਾ ਸਕਦਾ। ਮਰਹੱਟੇ ਆਪਣੇ ਵਰਗਾ ਕਿਸੇ ਨੂੰ ਨਹੀਂ ਸਮਝਦੇ ਸਨ ਤੇ ਅਦੀਨਾ ਬੇਗ ਦੀ ਖ਼ਾਹਿਸ਼ ਸੀ ਕਿ ਇਹ ਦੋਵੇਂ ਮਿਲ ਨਾ ਸਕਣ ਅਤੇ ਸਿੱਖ ਵੀ ਮਰਹੱਟਿਆਂ ਨੂੰ 'ਬਾਹਰੋਂ ਆਇਆ ਹੋਇਆ' ਗਿਣਦੇ ਸਨ। ਮਰਹੱਟਿਆਂ ਤੇ ਸਿੰਘਾਂ ਸਬੰਧੀ ਬੜੀ ਢੁਕਵੀਂ ਤੁਕ ਭਾਈ ਰਤਨ ਸਿੰਘ ਭੰਗੂ ਨੇ ਕਹੀ ਹੈ ਕਿ :

*'ਸਿੰਘ ਮਰਹੱਟੇ ਰਹੇ ਘੂਰਮ ਘੂਰੀ।'*

ਅਦੀਨਾ ਬੇਗ ਆਪਣੀ ਸਾਜ਼ਿਸ਼ ਵਿਚ ਕਾਮਯਾਬ ਸੀ।

**ਸਰਹੰਦ ਤੇ ਹਮਲਾ :** ਸਰਹੰਦ ਤੇ ਮਰਹੱਟਿਆਂ ਨੇ ਹਮਲਾ ਕਰ ਦਿੱਤਾ। ਅਬਦੁਸ-ਸਮਦ ਖ਼ਾਨ ਮੁਹੰਮਦਜ਼ਈ ਨੇ ਕੁਝ ਚਿਰ ਟਾਕਰਾ ਕੀਤਾ ਪਰ ਉਹ ਭਾਜ ਖਾ ਗਿਆ। ਸਿੱਖਾਂ ਤੁਰੰਤ ਸਰਹੰਦ ਜਾ ਮੱਲੀ। ਮਰਹੱਟੇ ਤਕਦੇ ਹੀ ਰਹੇ। ਸਿੱਖਾਂ ਲੁੱਟ ਮਚਾ ਦਿੱਤੀ। ਮਰਹੱਟੇ ਸ਼ਹਿਰ ਤੇ ਆਪਣਾ ਹੱਕ ਸਮਝਦੇ ਸਨ। ਜਦ ਮਾਲ ਉਨ੍ਹਾਂ ਦੇ ਹੱਥ ਨਾ ਆਇਆ ਤਾਂ ਵੱਟ ਖਾਧਾ। ਰਘੂ ਨਾਥ ਨੇ ਸਿੱਖਾਂ ਉੱਤੇ ਹੀ ਹਮਲਾ ਕਰਨ ਦੀ ਸੋਚੀ, ਪਰ ਅਦੀਨਾ ਰੋਕ ਪਾਂਦਾ ਰਿਹਾ। ਉਸ ਨੇ ਸਿੱਖਾਂ ਨੂੰ ਖ਼ਬਰ ਦਿੱਤੀ ਕਿ ਮਰਹੱਟੇ ਹਮਲਾ ਕਰਨ ਦੀ ਸੋਚ ਰਹੇ ਸਨ।

ਸਿੱਖ ਕੈਂਪ ਛੱਡ ਦੂਰ ਚਲੇ ਗਏ। ਅਦੀਨਾ ਬੇਗ ਨੇ ਮਰਹੱਟਿਆਂ ਨੂੰ ਫਿਰ ਜਾ ਸਮਝਾਇਆ ਅਤੇ ਇਹ ਸਮਝੌਤਾ ਹੋਇਆ ਕਿ ਸਿੱਖ ਮਰਹੱਟਿਆਂ ਤੋਂ ਦੂਰ ਹੀ ਕੈਂਪ ਲਗਾਇਆ ਕਰਨਗੇ।

**ਅਦੀਨਾ ਬੇਗ਼ ਦਾ ਜਹਾਨ ਖ਼ਾਨ ਨੂੰ ਲਿਖਣਾ** : ਭਾਵੇਂ ਇਹ ਦਿਨ ਵਾਂਗੂ ਸਾਫ਼ ਸੀ ਕਿ ਮਰਹੱਟਿਆਂ ਨੂੰ ਸੱਦਣ ਵਾਲਾ ਆਪੂੰ ਅਦੀਨਾ ਬੇਗ਼ ਹੈ, ਪਰ ਉਹ ਆਪਣੇ ਸੁਭਾਅ ਅਨੁਸਾਰ ਦੋਹਰੀ ਚਾਲ ਚਲ ਰਿਹਾ ਸੀ। ਉਸ ਨੇ ਜਹਾਨ ਖ਼ਾਨ ਨੂੰ ਲਿਖਿਆ ਕਿ ਮਰਹੱਟੇ ਦੱਖਣ ਵਲੋਂ ਬੜੀ ਤੇਜ਼ੀ ਨਾਲ ਪੰਜਾਬ ਵੱਲ ਵੱਧ ਰਹੇ ਹਨ। ਮਰਹੱਟਿਆਂ ਦੀ ਰਫ਼ਤਾਰ ਸੌ ਕੋਹ ਰੋਜ਼ ਸੀ। ਜਹਾਨ ਖ਼ਾਨ ਨੂੰ ਲਿਖਣ ਦਾ ਨਿਰੋਲ ਇਹ ਭਾਵ ਸੀ ਕਿ ਉਹ ਅਫ਼ਗਾਨਾਂ ਦਾ ਵਫ਼ਾਦਾਰ ਹੈ ਤੇ ਇਹ ਦਰਸਾ ਰਿਹਾ ਸੀ ਕਿ ਉਸ ਗੱਲਬਾਤ ਦੇ ਦਰਵਾਜ਼ੇ ਬੰਦ ਨਹੀਂ ਕੀਤੇ।

**ਲਾਹੌਰ 'ਤੇ ਕਬਜ਼ਾ** : ਮਰਹੱਟਾ ਫ਼ੌਜਾਂ ਲਾਹੌਰ ਵੱਲ ਵਧ ਰਹੀਆਂ ਸਨ। ਸਤਲੁਜ ਬੜੀ ਆਸਾਨੀ ਨਾਲ ਪਾਰ ਕਰ ਲਿਆ। ਬਿਆਸ ਦੇ ਕਿਨਾਰੇ ਜਹਾਨ ਖ਼ਾਨ ਨੇ ਥੋੜ੍ਹੀ ਰੋਕ ਪਾਉਣੀ ਚਾਹੀ ਪਰ ਸਫ਼ਲ ਨਾ ਹੋਇਆ। ਉਹ ਲਾਹੌਰ ਵੱਲ ਨੱਸ ਗਿਆ। ਲਾਹੌਰ ਵੀ ਉਸ ਸੁਰੱਖਿਅਤ ਨਾ ਸਮਝਿਆ ਤੇ ਅਪਰੈਲ ੧੮, ੧੭੫੮ ਈ: ਨੂੰ ਲਾਹੌਰ ਛੱਡ ਕੇ ਕਾਬਲ ਚਲਾ ਗਿਆ। ੧੮ ਅਪਰੈਲ ਨੂੰ ਸਿੱਖ ਤੇ ਮਰਹੱਟੇ, ਲਾਹੌਰ ਜੇਤੂ ਦੇ ਰੂਪ ਵਿਚ ਦਾਖ਼ਲ ਹੋਏ। ਅਫ਼ਗਾਨਾਂ ਨੂੰ ਚੁਣ ਚੁਣ ਮਾਰਿਆ ਗਿਆ। ਤੈਮੂਰ ਦਾ ਵੀ ਚਨਾਬ ਤੱਕ ਪਿੱਛਾ ਕੀਤਾ ਗਿਆ। **ਅਫ਼ਗ਼ਾਨਾਂ ਨੂੰ ਪਕੜ ਕੇ ਅੰਮ੍ਰਿਤਸਰ ਲਿਆਂਦਾ ਗਿਆ ਤੇ ਉਨ੍ਹਾਂ ਕੋਲੋਂ ਹੀ ਅੰਮ੍ਰਿਤਸਰ ਦਾ ਸਰੋਵਰ ਸਾਫ਼ ਕਰਵਾਇਆ ਗਿਆ।** ਰਘੂਨਾਥ ਵੀ ਅੰਮ੍ਰਿਤਸਰ ਪੁੱਜਾ ਤੇ ਦਰਬਾਰ ਸਾਹਿਬ ਦੇ ਦਰਸ਼ਨ ਕੀਤੇ। ਸਾਰੇ ਸਿੱਖ ਸਰਦਾਰਾਂ ਨੇ ਰਲ ਕੇ ਖ਼ੁਸ਼ੀ ਮਨਾਈ।

**ਲਾਹੌਰ ਦਾ ਗਵਰਨਰ ਅਦੀਨਾ ਬੇਗ** : ਮਰਹੱਟਿਆਂ ਦੇ ਆਗੂ ਰਘੂਨਾਥ ਨੇ ਇਕ ਮਹੀਨੇ ਤੱਕ ਲਾਹੌਰ ਟਿਕਾਣਾ ਕੀਤਾ। ਅਦੀਨਾ ਬੇਗ ਨੇ ਵੀ ਉਸ ਦੇ ਸਵਾਗਤ ਵਿਚ ਕੋਈ ਕਸਰ ਨਾ ਛੱਡੀ। ਮਰਹੱਟਿਆਂ ਦੇ ਦਸਤੇ ਦਰਿਆ ਸਿੰਧ ਤੱਕ ਹੱਥ ਲਾ ਆਏ ਪਰ ਰਘੂਨਾਥ ਨੇ ਦੇਖ ਲਿਆ ਸੀ ਕਿ ਸਿੱਖਾਂ ਦੀ ਹੋਂਦ ਵਿਚ ਕੋਈ ਪੱਕੀ ਹਕੂਮਤ ਕਰਨੀ ਕਠਨ ਹੈ। ਸਿੱਖ ਆਪਣੇ ਟਿਕਾਣਿਆਂ ਤੋਂ ਨਿਕਲ ਆਏ। ਸਰਦਾਰ ਚੜ੍ਹਤ ਸਿੰਘ ਸ਼ੁਕਰਚਕੀਆ, ਭਾਈ ਤਾਰਾ ਸਿੰਘ ਘੇਬਾ, ਸਰਦਾਰ ਜੱਸਾ ਸਿੰਘ ਆਹਲੂਵਾਲੀਆ, ਸਰਦਾਰ ਜੱਸਾ ਸਿੰਘ ਰਾਮਗੜ੍ਹੀਆ, ਹਰੀ ਸਿੰਘ, ਲਹਿਣਾ ਸਿੰਘ, ਗੁੱਜਰ ਸਿੰਘ, ਝੰਡਾ ਸਿੰਘ ਤਾਕਤ ਮਜ਼ਬੂਤ ਕਰ ਰਹੇ ਸਨ। ਮਰਹੱਟਿਆਂ ਦੇ ਕੇਂਦਰ ਪੂਨਾ ਦੀ ਕਮਜ਼ੋਰ ਹਾਲਤ ਦੀਆਂ ਖ਼ਬਰਾਂ ਵੀ ਪੁੱਜ ਰਹੀਆਂ ਸਨ।[1] ਸੋ ਰਘੂਨਾਥ ਰਾਇ ਨੇ ਮੁੜਨਾ ਹੀ ਠੀਕ ਸਮਝਿਆ ਤੇ ਅਦੀਨਾ ਬੇਗ ਨੂੰ ਲਾਹੌਰ ਦਾ ਗਵਰਨਰ ਥਾਪ ਕੇ ਰਘੂਨਾਥ ਆਪਣੀਆਂ ਫ਼ੌਜਾਂ ਸਮੇਤ ਮਈ ੧੦, ੧੭੫੮ ਨੂੰ ਪੰਜਾਬ ਖ਼ਾਲੀ ਕਰ ਗਿਆ। ਕੁਝ ਦਸਤੇ ਮੁਲਤਾਨ ਤੇ ਅਟਕ ਰਹਿ ਗਏ ਸਨ। ਅਦੀਨਾ ਬੇਗ ਨੇ ਗਵਰਨਰੀ ਦੇ ਵੱਟੇ ੭੫ ਲੱਖ ਰੁਪਏ ਸਾਲਾਨਾ ਦੇਣਾ ਮੰਨ ਲਿਆ। ਰਘੂਨਾਥ ਰਾਇ ਦਿੱਲੀ ਜਾਨਕੋਜੀ ਨੂੰ ਛੱਡ ਕੇ ਪੂਨਾ ਚਲਾ ਗਿਆ।

**ਅਦੀਨਾ ਬੇਗ ਦਾ ਰਾਜ-ਪ੍ਰਬੰਧ ਸੰਭਾਲਣਾ ਅਤੇ ਅਤਿਆਚਾਰ** : ਅਦੀਨਾ ਬੇਗ ਨੇ ਆਪਣਾ ਕੇਂਦਰ ਲਾਹੌਰ ਬਣਾਉਣਾ ਉਚਿਤ ਨਾ ਸਮਝਿਆ ਤੇ ਅਦੀਨਾ ਨਗਰ ਬਟਾਲਾ

1. ਨਜ਼ਾਮ ਹੈਦਰਾਬਾਦ ਦਾ ਖ਼ਤਰਾ ਵੱਧ ਗਿਆ ਸੀ।

Sri Satguru Jagjit Singh Ji eLibrary NamdhariElibrary@gmail.com

ਕੋਲ ਚਲਾ ਗਿਆ। ਉੱਥੋਂ ਉਹ ਜਲੰਧਰ ਤੇ ਕਾਹਨੂੰਵਾਨ ਤੱਕ ਸਿੱਖਾਂ ਉੱਤੇ ਨਜ਼ਰ ਰੱਖ ਸਕਦਾ ਸੀ। ਲਾਹੌਰ ਦਾ ਪ੍ਰਬੰਧ ਉਸ ਖ਼ਵਾਜ਼ਾ ਖ਼ਾਨ ਨੂੰ ਸੌਂਪਿਆ। ਸਰਹੰਦ ਦਾ ਇੰਚਾਰਜ ਸਦੀਕ ਬੇਗ ਨੂੰ ਬਣਾਇਆ। ਸਿੱਖਾਂ ਵੱਲ ਹੁਣ ਉਸ ਧਿਆਨ ਦੇਣ ਲਈ ਤਿਆਰੀ ਅਰੰਭੀ।

ਅਦੀਨਾ ਬੇਗ ਨੇ ਆਪਣਾ ਅਸਲੀ ਰੰਗ ਦਿਖਾਇਆ। ਅਫ਼ਗ਼ਾਨਾਂ ਤੇ ਮਰਹੱਟਿਆਂ ਨੂੰ ਰਸਤੇ ਵਿਚੋਂ ਹਟਿਆ ਦੇਖ ਕੇ ਉਸ ਸਿੱਖਾਂ ਨੂੰ ਹਟਾਉਣਾ ਜ਼ਰੂਰੀ ਸਮਝਿਆ ਪਰ ਉਹ ਭੁੱਲ ਗਿਆ ਕਿ ਸਿੱਖ ਹੁਣ ਤਾਕਤ ਪਕੜ ਚੁੱਕੇ ਸਨ, ਜਿਨ੍ਹਾਂ ਨੂੰ ਆਸਾਨੀ ਨਾਲ ਖ਼ਤਮ ਨਹੀਂ ਸੀ ਕੀਤਾ ਜਾ ਸਕਦਾ। ਅਦੀਨਾ ਬੇਗ ਨੂੰ ਇਹ ਅਹੰਕਾਰ ਸੀ ਕਿ ਉਹ ਸਿੱਖਾਂ ਦੇ ਸਭ ਟਿਕਾਣਿਆਂ, ਨਕਲੋ-ਹਰਕਤ ਤੋਂ ਜਾਣੂ ਹੈ, ਇਸ ਲਈ ਉਸ ਦਾ ਕੰਮ ਸਹਿਲਾ ਹੈ। ਅਦੀਨਾ ਨਗਰ ਹੀ ਉਸ ਫ਼ੌਜ ਇਕੱਠੀ ਕੀਤੀ ਤੇ ਫ਼ੌਜ ਦੀ ਗਿਣਤੀ ੩੦,੦੦੦ ਤੱਕ ਵਾਧਾ ਲਈ। ਰੰਧਾਵੇ ਜ਼ਿਮੀਂਦਾਰਾਂ, ਮਹੰਤ ਆਕਲ ਦਾਸ ਨਿਰੰਜਨੀਏ ਜੰਡਿਆਲਾ ਵਾਲੇ ਨੇ ਮਦਦ ਦੇਣ ਦਾ ਯਕੀਨ ਦਿਲਵਾਇਆ। ਮਿਰਜ਼ਾ ਅਜ਼ੀਜ਼ ਬਖ਼ਸ਼ੀ ਨੂੰ ਉਸ ਨੇ ਸਾਰੀ ਮੁਹਿੰਮ ਦਾ ਮੋਢੀ ਬਣਾਇਆ। ੨੦੦੦ ਦੇ ਕਰੀਬ ਲੱਕੜਹਾੜੇ ਲੈ ਕੇ ਜੰਗਲਾਂ ਵੱਲ ਭੇਜ ਦਿੱਤੇ। ਉਨ੍ਹਾਂ ਜੰਗਲ ਕੱਟਣੇ ਅਰੰਭ ਕਰ ਦਿੱਤੇ। ਸਿੱਖਾਂ ਦੇ ਸਿਰਾਂ ਦਾ ਸ਼ਿਕਾਰ ਫਿਰ ਪਹਿਲੇ ਦੀ ਤਰ੍ਹਾਂ ਹੋਣ ਲੱਗਾ। ਰਾਮਰੌਣੀ ਉਤੇ ਹਮਲਾ ਕਰ ਦਿੱਤਾ। ਸਰਦਾਰ ਜੱਸਾ ਸਿੰਘ ਰਾਮਗੜ੍ਹੀਆ, ਸਰਦਾਰ ਜੈ ਸਿੰਘ ਕਨ੍ਹਈਆ, ਸਰਦਾਰ ਨੰਦ ਸਿੰਘ ਸੰਘਾਣੀਆਂ, ਸਰਦਾਰ ਕਰਮ ਸਿੰਘ ਕਿੰਗਰਾ ਨੇ ਟਾਕਰਾ ਕੀਤਾ। ਸੈਂਕੜੇ ਸਿੱਖ ਸ਼ਹੀਦ ਹੋ ਗਏ ਪਰ ਜਥੇ ਦੇ ਜਥੇਦਾਰ ਨਿਕਲ ਗਏ। ਦੀਵਾਨ ਹੀਰਾ ਮੱਲ ਨੂੰ ਕਾਦੀਆਂ ਕੋਲ ਸਿੱਖਾਂ ਨੇ ਹਾਰ ਦਿੱਤੀ, ਪਰ ਅਦੀਨਾ ਬੇਗ ਸਖ਼ਤ ਤੋਂ ਸਖ਼ਤ ਕਦਮ ਉਠਾ ਕੇ ਭਾਜੜ ਪਾਉਣਾ ਚਾਹੁੰਦਾ ਸੀ। ੪ ਮਹੀਨਿਆਂ ਵਿਚ ਹੀ ਅਦੀਨਾ ਬੇਗ ਨੇ ਜ਼ੁਲਮਾਂ ਵਿਚ ਜ਼ਕਰੀਆ, ਮੀਰ ਮੰਨੂੰ ਨੂੰ ਵੀ ਮਾਤ ਦੇ ਦਿੱਤੀ, ਪਰ ਵਾਹਿਗੁਰੂ ਬੜਾ ਕਾਰਸਾਜ਼ ਹੈ। ਮਸਾਂ ਚਾਰ ਮਹੀਨੇ ਟੱਪੇ ਸਨ ਕਿ ਅਦੀਨਾ ਬੇਗ ਦੀ ੧੫ ਸਤੰਬਰ, ੧੭੫੮ ਨੂੰ ਮ੍ਰਿਤੂ ਹੋ ਗਈ।

**ਅਦੀਨਾ ਬੇਗ** : ਅਦੀਨਾ ਬੇਗ ਦੀ ਜੀਵਨ-ਕਥਾ ਉਸ ਪੁਰਸ਼ ਦੀ ਕਹਾਣੀ ਹੈ, ਜਿਸ ਨੇ ਨੀਵੇਂ ਥਾਂ ਤੋਂ ਉੱਠ ਕੇ ਪੰਜਾਬ ਦੀ ਵੱਡੀ ਤੋਂ ਵੱਡੀ ਥਾਂ ਨੂੰ ਹਾਸਲ ਕੀਤਾ। ਇਹ ਕਾਮਯਾਬੀ ਕੋਈ ਇੱਕੋ ਛਾਲ ਨਾਲ ਪ੍ਰਾਪਤ ਨਹੀਂ ਹੋਈ ਸੀ, ਸਗੋਂ ਪਉੜੀ ਤੇ ਚੜ੍ਹਨ ਵਾਂਗੂੰ ਕਦਮ-ਬ-ਕਦਮ ਸੀ। ਇਹ ਕਾਮਯਾਬੀ ਉਸ ਕਿਸੇ ਵਿਅਕਤੀ ਦੀ ਖ਼ੁਸ਼ਾਮਦ ਜਾਂ ਗ਼ੁਲਾਮ ਬਣ ਕੇ ਨਾ ਲਈ, ਸਗੋਂ ਕੁਦਰਤ ਦੇ ਉਸ ਅਸੂਲ ਮੁਤਾਬਕ ਸੀ ਜਿਸ ਅਨੁਸਾਰ ਉੱਚੀ ਮੱਤ ਤੇ ਤਗੜੀ ਹਿੰਮਤ ਵਾਲਾ ਹੀ ਜੇਤੂ ਤੇ ਸਿਰਮੌਰ ਬਣਦਾ ਹੈ। ਜਿਸ ਵੇਲੇ ਅਦੀਨਾ ਬੇਗ ਪੰਜਾਬ ਦੀ ਸਿਆਸਤ ਦਾ ਇਕ ਜ਼ਰੂਰੀ ਅੰਗ ਬਣਿਆ, ਉਸ ਸਮੇਂ ਮੁਗਲ ਸੂਬੇਦਾਰ ਤੇ ਫ਼ੌਜਦਾਰ ਐਸ਼ੋ-ਇਸ਼ਰਤ ਵਿਚ ਖੱਚਤ ਹੋ ਕੇ ਆਪਣੇ ਕਰਤੱਵ ਨੂੰ ਭੁੱਲ ਗਏ ਸਨ। ਫਿਰ ਉਨ੍ਹਾਂ ਉੱਤੇ ਕੋਈ ਕੁੰਡਾ ਵੀ ਨਹੀਂ ਸੀ ਰਿਹਾ ਜੋ ਸਮੇਂ ਸਿਰ ਉਨ੍ਹਾਂ ਨੂੰ ਸਿੱਧੇ ਰਸਤੇ ਪਾ ਸਕੇ। ਦੂਜੇ ਪਾਸੇ ਬਦੇਸ਼ੀ ਹਮਲਿਆਂ ਨੇ ਪੰਜਾਬ ਨੂੰ ਇਕ 'ਭੱਠੀ' ਜੇਹਾ ਬਣਾ ਦਿੱਤਾ ਸੀ। ਇਨ੍ਹਾਂ ਹਾਲਤਾਂ ਵਿਚ ਅਦੀਨਾ ਬੇਗ ਵਰਗੇ ਮਨੁੱਖ ਦਾ ਅੱਗੇ ਵਧ ਜਾਣਾ ਇਕ ਸੁਭਾਵਕ ਕਦਮ ਸੀ।

ਅਦੀਨਾ ਬੇਗ ਦੇ ਜਨਮ ਬਾਰੇ ਸਿਰਫ਼ ਇਹ ਪਤਾ ਲੱਗ ਸਕਿਆ ਹੈ ਕਿ ਉਹ ਅਰਾਈਂ

Sri Satguru Jagjit Singh Ji eLibrary NamdhariElibrary@gmail.com

ਘਰ ਪੈਦਾ ਹੋਇਆ ਅਤੇ ਮੁੱਢਲੀ ਵਿਦਿਆ ਵੀ ਕਿਧਰੋਂ ਨਾ ਪਾਈ। ਉਸ ਨੇ ਪਹਿਲਾਂ ਚਪੜਾਸੀ ਦੀ ਨੌਕਰੀ ਕੀਤੀ ਅਤੇ ਕੁਝ ਚਿਰ ਵਿਚ ਹੀ ਸਭ ਤੋਂ ਵੱਡੇ ਅਹੁਦੇ ਤੇ ਪੁੱਜ ਗਿਆ। ਅਠਾਰ੍ਹਵੀਂ ਸਦੀ ਦੇ ਤੀਜੇ ਦਹਾਕੇ ਤੋਂ ਉਸ ਨੇ ਪੰਜਾਬ ਦੀ ਸਿਆਸਤ ਵਿਚ ਹਿੱਸਾ ਲੈਣਾ ਅਰੰਭਿਆ ਤੇ ੧੭੫੮ ਤੱਕ ਵੱਡਾ ਮੋਹਰਾ ਬਣ ਗਿਆ। ਇਸ ਦੌਰਾਨ ਉਸ ਨੇ ਨਾਦਰ ਦਾ ਹੱਲਾ ਦੇਖਿਆ, ਅਹਿਮਦਸ਼ਾਹ ਅਬਦਾਲੀ ਦੇ ਚਾਰ ਹਮਲੇ ਡਿੱਠੇ ਅਤੇ ਕਿਸੇ ਨਾ ਕਿਸੇ ਸ਼ਕਲ ਵਿਚ ਉਨ੍ਹਾਂ ਵਿਚ ਹਿੱਸਾ ਲਿਆ। ਮਰਹੱਟਿਆਂ ਨੂੰ ਪੰਜਾਬ ਉਸੇ ਹੀ ਸੱਦ ਕੇ ਲਿਆਂਦਾ ਤੇ ਫਿਰ ਸਿੱਖਾਂ ਨੂੰ ਰਾਜਸੀ ਤਾਕਤ ਬਣਦੇ ਮਹਿਸੂਸ ਕੀਤਾ। ਉਸ ਸਮੇਂ ਕਈ ਪ੍ਰਕਾਰ ਦੀਆਂ ਜਦੋ-ਜਹਿਦਾਂ ਹੋਈਆਂ। ਹਰ ਜਦੋ-ਜਹਿਦ ਵਿਚ ਜੇ ਸਿੱਖਾਂ ਨੇ ਪੂਰਾ ਲਾਭ ਉਠਾਇਆ ਤਾਂ ਅਦੀਨਾ ਬੇਗ ਵੀ ਪਿੱਛੇ ਨਾ ਰਿਹਾ। ਪੰਜਾਬ ਉਤੇ ਅਮਲੀ ਤੌਰ ਤੇ ਕਿਸੇ ਦੀ ਹਕੂਮਤ ਨਹੀਂ ਸੀ। ਨਾਦਰ ਦੇ ਹਮਲੇ ਨੇ ਪੰਜਾਬ ਨੂੰ ਖੇਰੂੰ ਖੇਰੂੰ ਕਰ ਦਿੱਤਾ। ਅਬਦਾਲੀ ਦੇ ਹਮਲਿਆਂ ਨੇ ਰਹਿੰਦੀ ਕਸਰ ਪੂਰੀ ਕਰ ਦਿੱਤੀ। ਮੁਗ਼ਲ ਖ਼ਤਮ ਹੋ ਗਏ, ਮਰਹੱਟਿਆਂ ਨੇ ਅਬਦਾਲੀ ਨਾਲ ਲੋਹਾ ਲਿਆ, ਪਰ ਉਹ ਵੀ ਕਾਮਯਾਬ ਨਾ ਹੋ ਸਕੇ। ਸਿੱਖਾਂ ਤੇ ਅਫ਼ਗਾਨਾਂ ਦੀ ਮੁੱਠ-ਭੇੜ ਵੀ ਹੋਈ। ਅਦੀਨਾ ਬੇਗ ਨੇ ਇਸ ਤਿਕੋਣੀ ਤੇ ਫਿਰ ਚੌਖਟੇ ਦੀ ਲੜਾਈ ਵਿਚ ਪਾਸਕੂ ਆਪਣੇ ਹੱਥ ਰੱਖ ਕੇ ਕਈ ਸਫਲਤਾਵਾਂ ਪ੍ਰਾਪਤ ਕੀਤੀਆਂ। ਆਪਣੀ ਮਰਜ਼ੀ ਨਾਲ ਉਹ ਝੁਕਦਾ ਸੀ ਤੇ ਕੁਝ ਲੈ ਹੀ ਡਿੱਗਦਾ ਸੀ।

ਮੁਗ਼ਲ ਅਫਸਰਾਂ ਦੀ ਨੌਕਰੀ ਕਰਦੇ ਕਰਦੇ ਉਸ ਮੁਗ਼ਲਾਂ ਦੀ ਰਹਿਣੀ-ਬਹਿਣੀ ਤੇ ਨੀਤੀ ਸਮਝ ਲਈ ਸੀ। ਨੌਕਰੀ ਕਰਦਿਆਂ ਹੀ ਉਸ ਮਨ ਬਣਾ ਲਿਆ ਸੀ ਕਿ ਅਗੇਰੇ ਵਧਣ ਲਈ ਫ਼ੌਜ ਦੀ ਨੌਕਰੀ ਜ਼ਰੂਰੀ ਹੈ। ਸੋ ਘਰ ਦੀ ਨੌਕਰੀ ਛੱਡ ਕੇ ਉਸ ਨੇ ਫ਼ੌਜ ਦੀ ਨੌਕਰੀ ਕਰ ਲਈ। ਫ਼ੌਜੀ ਤੌਰ ਤੇ ਜਦ ਕੋਈ ਉੱਘੀ ਸਫਲਤਾ ਨਾ ਮਿਲੀ ਤਾਂ ਉਹ ਸੁਲਤਾਨਪੁਰ ਦੇ ਜ਼ਿਲ੍ਹੇ ਪਿੰਡ ਕੰਗ ਵਿਚ ਮੁਕੱਦਮ ਜਾ ਲੱਗਾ। ਦਿਨਾਂ ਵਿਚ ਹੀ ਉਸ ਨੇ ਛੇ ਹੋਰ ਪਿੰਡ ਆਪਣੇ ਹੇਠ ਲੈ ਆਂਦੇ। ਜਲੰਧਰ ਦੇ ਦੀਵਾਨ ਲਾਲਾ ਸ੍ਰੀਨਿਵਾਸ ਨੇ ਬੜੀ ਮਦਦ ਕੀਤੀ। ਕੰਗ ਦਾ ਸਾਰਾ ਇਲਾਕਾ ਹੀ ਨਵਾਬ ਨੇ ਉਸ਼ ਦੇ ਹਵਾਲੇ ਕਰ ਦਿੱਤਾ। ਇਸ ਦੌਰਾਨ ਹੀ ਸੁਲਤਾਨਪੁਰ ਦੇ ਫ਼ੌਜਦਾਰ ਦੀ ਮ੍ਰਿਤੂ ਹੋ ਗਈ ਤਾਂ ਸ੍ਰੀਨਿਵਾਸ ਨੇ ਜ਼ਮਾਨਤ ਦੇ ਕੇ ਇਸ ਨੂੰ ਸੁਲਤਾਨਪੁਰ ਦਾ ਫ਼ੌਜਦਾਰ ਨਿਯਤ ਕਰਵਾ ਦਿੱਤਾ। ਅਦੀਨਾ ਬੇਗ ਹੁਣ ਉੱਨਤੀ ਦੇ ਰਾਹ ਉੱਤੇ ਪੈ ਗਿਆ ਸੀ।

ਕੁਝ ਸਮੇਂ ਪਿਛੋਂ ਹੀ ਨਾਦਰ ਸ਼ਾਹ ਨੇ ਹੱਲਾ ਬੋਲ ਦਿੱਤਾ। ਹਮਲੇ ਨੇ ਪੰਜਾਬ ਨੂੰ ਖੇਰੂੰ-ਖੇਰੂੰ ਕਰ ਦਿੱਤਾ। ਸਿੱਖਾਂ ਨੇ ਨਾਦਰ ਦੇ ਜਾਣ ਉਪਰੰਤ ਸਿਰ ਚੁੱਕ ਲਿਆ। ਜ਼ਕਰੀਆ ਖ਼ਾਨ ਨੇ ਕਰੜੀ ਨੀਤੀ ਅਪਣਾਈ। ਲਾਹੌਰ ਵਿਚ ਤਾਂ ਜ਼ਕਰੀਆ ਆਪੂੰ ਹਰ ਕਾਰਵਾਈ ਨੂੰ ਦੇਖ ਰਿਹਾ ਸੀ, ਪਰ ਜਲੰਧਰ ਦੁਆਬ ਵਿਚ ਉਸ ਦੀ ਵਾਹ ਨਹੀਂ ਸੀ ਚਲ ਰਹੀ। ਅਦੀਨਾ ਬੇਗ ਦੇ ਗੁਣਾਂ ਤੋਂ ਉਹ ਜਾਣੂ ਹੋ ਚੁੱਕਾ ਸੀ। ਜ਼ਕਰੀਆ ਖ਼ਾਨ ਸਮਝਦਾ ਸੀ ਕਿ ਦੁਆਬੇ ਦੇ ਚੱਪੇ-ਚੱਪੇ ਤੋਂ ਜਾਣੂ ਹੋਣ ਵਾਲਾ ਹੀ ਸਿੱਖਾਂ ਨਾਲ ਨਜਿੱਠ ਸਕਦਾ ਸੀ। ਜ਼ਕਰੀਆ ਨੇ ਅਦੀਨਾ ਬੇਗ ਨੂੰ ਜਲੰਧਰ ਦੁਆਬ ਦਾ ਫ਼ੌਜਦਾਰ ਨਿਯਤ ਕਰ ਦਿੱਤਾ।

ਅਦੀਨਾ ਬੇਗ ਨੇ ਦੁਆਬੇ ਵਿਚ ਤਾਂ ਇਕ ਪ੍ਰਕਾਰ ਦਾ ਅਮਨ ਖ਼ਰੀਦ ਲਿਆ। ਸਿੱਖਾਂ ਨੂੰ ਉਸ ਕਿਸੇ ਹੱਦ ਤੱਕ ਖੁੱਲ੍ਹ ਦੇ ਦਿੱਤੀ। ਜਾਣ ਬੁੱਝ ਕੇ ਉਹ ਅਵੇਸਲਾ ਬਣਿਆ ਰਹਿੰਦਾ।

Sri Satguru Jagjit Singh Ji eLibrary NamdhariElibrary@gmail.com

ਉਹ ਚੰਗੀ ਤਰ੍ਹਾਂ ਸਮਝਦਾ ਸੀ ਸਿੱਖਾਂ ਦੀ ਹੋਂਦ ਨੇ ਹੀ ਉਸ ਨੂੰ ਫ਼ੌਜਦਾਰ ਦੀ ਪਦਵੀ ਦਿਲਵਾਈ ਹੈ। ਸਿੱਖਾਂ ਦਾ ਹਊਆ ਰੱਖ ਕੇ ਹੀ ਉਹ ਆਪਣੀ ਗੱਦੀ ਸੁਰੱਖਿਅਤ ਰੱਖ ਸਕਦਾ ਸੀ, ਕਿਉਂਕਿ ਉਸ ਨੂੰ ਡਰ ਸੀ ਕਿ ਅਮਨ ਦੀ ਸੂਰਤ ਵਿਚ ਜਲੰਧਰ ਦੁਆਬ ਕਿਸੇ ਹੋਰ ਨੂੰ ਵੱਧ ਰਕਮ ਲੈ ਕੇ ਦਿੱਤਾ ਜਾ ਸਕਤਾ ਸੀ। ਖ਼ਾਲਸਾ-ਨਾਮਾ ਵਿਚ ਬੱਖ਼ਤ ਮੱਲ ਨੇ ਠੀਕ ਲਿਖਿਆ ਹੈ : 'ਅਦੀਨਾ ਬੇਗ ਇਕ ਹਿਰਸੀ ਪੁਰਸ਼ ਸੀ। ਉਸ ਨੇ ਜਾਣ ਬੁੱਝ ਕੇ ਸਿੱਖਾਂ ਉਤੇ ਸਖ਼ਤੀ ਨਾ ਕੀਤੀ, ਭਾਵੇਂ ਉਸ ਲਈ ਸਿੱਖਾਂ ਨੂੰ ਦੁਆਬੇ ਤੋਂ ਹਟਾਉਣਾ ਮੁਸ਼ਕਲ ਨਹੀਂ ਸੀ। ਉਸ ਦਾ ਖ਼ਿਆਲ ਸੀ ਕਿ ਸਿੱਖਾਂ ਨੂੰ ਦਬਾਉਣ ਦੀ ਸੂਰਤ ਵਿਚ ਦੁਆਬ ਕਿਸੇ ਹੋਰ ਦੇ ਪੇਟੇ ਪਾ ਦਿੱਤਾ ਜਾਏਗਾ। ਇਸ ਲਈ ਅਦੀਨਾ ਬੇਗ ਨੇ ਸਿੱਖਾਂ ਨਾਲ ਅੰਦਰ-ਖਾਤੇ ਸਮਝੌਤੇ ਵੀ ਕੀਤੇ।' ਜੇਮਜ਼ ਬ੍ਰਾਊਨ ਨੇ ਵੀ ਇਸੇ ਪਾਸੇ ਦੀ ਗਵਾਹੀ ਭਰੀ ਹੈ। ਉਹ ਲਿਖਦਾ ਹੈ : ਸਿੱਖਾਂ ਨੂੰ ਉਸ ਆਪ ਸ਼ਹਿ ਦਿੱਤੀ ਤੇ ਲਾਹੌਰ ਹਕੂਮਤ ਨੂੰ ਭੁਲਾਵੇ 'ਚ ਪਾਈ ਰੱਖਿਆ ਕਿ ਉਹ ਸਿੱਖਾਂ ਨਾਲ ਸਖ਼ਤੀ ਵਰਤ ਰਿਹਾ ਹੈ।[1] ਡਾਕਟਰ ਸਿਨਹਾ ਨੇ ਵੀ ਇਸੇ ਪ੍ਰਕਾਰ ਦੀ ਵਿਚਾਰ ਪ੍ਰਗਟ ਕੀਤੀ ਹੈ। ਅਦੀਨਾ ਬੇਗ ਆਪਣੀ ਉਸ ਨੀਤੀ ਵਿਚ ਸਫਲ ਲੱਗਦਾ ਸੀ, ਜਿਸ ਰਾਹੀਂ ਚੋਰਾਂ ਨੂੰ ਕਿਹਾ ਜਾਂਦਾ ਹੈ ਪੈ ਜਾਓ ਤੇ ਸ਼ਾਹਾਂ ਨੂੰ ਸੁਨੇਹਾ ਘਲਿਆ ਜਾਂਦਾ ਹੈ ਚੋਰ ਆਏ ਜੇ।[2] ਜ਼ਕਰੀਆ ਖ਼ਾਨ ਵਾਰ ਵਾਰ ਲਿਖਦਾ ਸੀ ਕਿ ਦੁਆਬੇ ਵਿਚ ਅਦੀਨਾ ਬੇਗ ਸਿੱਖਾਂ ਨੂੰ ਕੁਝ ਚਿਰ ਲਈ ਜਲੰਧਰ ਦੁਆਬ ਛੱਡ ਜਾਣ ਜਾਂ ਅਧੀਨਗੀ ਮੰਨ ਲੈਣ ਲਈ ਆਖੇ। ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨਾਲ ਉਸ ਸਮਝੌਤਾ ਵੀ ਕਰਨਾ ਚਾਹਿਆ, ਪਰ ਉਹ ਕਾਮਯਾਬ ਨਾ ਹੋ ਸਕਿਆ।[3] ਦਲ ਖ਼ਾਲਸਾ ਨਾਲ ਗੱਲਬਾਤ ਸਿਰੇ ਨ ਚੜ੍ਹਨ ਕਾਰਨ ਉਸ ਨੇ ਸਰਦਾਰ ਜੱਸਾ ਸਿੰਘ ਇਛੋਗਿੱਲ (ਰਾਮਗੜ੍ਹੀਆ) ਨਾਲ ਗੱਲ ਮੁਕਾ ਲਈ।

ਨਾਦਰ ਦੇ ਹਮਲੇ ਨਾਲ ਪੰਜਾਬ ਦਾ ਆਰਥਿਕ ਢਾਂਚਾ ਹੀ ਟੁੱਟ ਗਿਆ। ਦੀਵਾਨ ਲਖਪਤ ਰਾਇ ਨੇ ਮਾਲੀਆ ਨਾ ਭੇਜਣ ਦਾ ਬਹਾਨਾ ਬਣਾ ਕੇ ਅਦੀਨਾ ਬੇਗ ਨੂੰ ਹਟਵਾ ਦਿੱਤਾ। ਪਰ ਅਦੀਨਾ ਬੇਗ ਬਗ਼ੈਰ ਦੁਆਬਾ ਕਾਬੂ ਨ ਆਉਂਦਾ ਦੇਖ ਫਿਰ ਉਸੇ ਨੂੰ ਫ਼ੌਜਦਾਰ ਬਣਾ ਦਿੱਤਾ। ਸ਼ਾਹ ਨਵਾਜ਼ ਖ਼ਾਨ ਨਾਇਬ ਬਣਾ ਦਿੱਤਾ ਗਿਆ। ਸ਼ਾਹਨਵਾਜ਼ ਖ਼ਾਨ ਨੂੰ ਉਸ ਨੇ ਆਪਣੇ ਹੱਥਾਂ ਉੱਤੇ ਹੀ ਪਾ ਲਿਆ।

੧ ਜੁਲਾਈ, ੧੭੪੫ ਨੂੰ ਜ਼ਕਰੀਆ ਖ਼ਾਨ ਦੀ ਮ੍ਰਿਤੂ ਹੋ ਗਈ। ਉਸ ਦੇ ਤਿੰਨ ਪੁੱਤਰਾਂ

---

1. "Secretly encourages them to continue their depredations, at the same time pretending to be very desirous of subduing them." —Browne
2. "He succeeded admirably in his policy of running with the hare and hunting with the hounds." Dr. Sinha.
3. ਸਰਦਾਰ ਜੱਸਾ ਸਿੰਘ ਜੀ ਨੇ ਜਵਾਬ ਦਿੱਤਾ ਸੀ : "ਮੁਲਾਕਾਤ ਤਾਂ ਤੁਮਾਰੀ ਹਮਾਰੀ ਲੜਾਈ ਮੇਂ ਹੀ ਹੋਵੇਗੀ ਤੇ ਜੌਨ ਸੇ ਉਹਾਂ ਹਥਿਆਰ ਛੁਟੇ ਗੇ ਸੋਈ ਦਿੱਲੀ ਬਾਤਾਂ ਜ਼ਾਹਿਰ ਹੋਣਗੀਆਂ ਅਰ ਜਬ ਅਵਲ ਤੁਸਾਂ ਬੰਦੋਬਸਤ ਕਰਿਆ ਥਾ ਜਿਸ ਕੀ ਮਦਦ ਸੈ, ਸੋ ਅਬ ਉਨ ਕੀ ਮਦਦ ਸੈ ਹਮ ਕਰੈਂਗੇ। ਤਾਂ ਮਿਲ ਕੇ ਕਰਨਾ ਕਿਆ ਜ਼ਰੂਰ ਹੈ। ਅਰ ਜਿਸ ਕੋ ਗੁਰੂ ਗੋਬਿੰਦ ਸਿੰਘ ਬਖਸ਼ੇ ਉਹ ਹੋਰ ਹੋਰ ਸੇ ਕੈਸੇ ਲੇਵੇ। ਅਰ ਜਿਸਕੇ ਤਾਬਿਆ ਮੈਂ ਖਾਵੰਦ ਲਿਖ ਦੇਵੇ ਸੇ ਔਰ ਸੋ ਕਾਗਜ਼ਾਂ ਉਪਰ ਕਿਆ ਲਿਖਾਵੇ—ਤੇ ਖਿਨਾ ਜਵਾਨੋ ਕੇ ਨੁਕਸਾਨ ਸੈ ਅਤੇ ਆਰਾਮ ਸੈ ਆਗੈ ਕਿਸ ਨੇ ਮੁਲਖਗੀਰੀ ਕਰੀ ਹੈ। ਇਸ ਤਕੱਲੁਫ ਕਾ ਮਜ਼ਾਇਕਾ ਨਹੀਂ।" (ਤਵਾਰੀਖ ਖ਼ਾਲਸਾ)

Sri Satguru Jagjit Singh Ji eLibrary NamdhariElibrary@gmail.com

ਯਾਹੀਆ ਖ਼ਾਨ, ਸ਼ਾਹ ਨਵਾਜ਼ ਖ਼ਾਨ ਤੇ ਮੀਰ ਬਕੀ ਦੀ ਗੱਦੀ ਲਈ ਦੌੜ ਅਰੰਭ ਹੋਈ। ਅਦੀਨਾ ਬੇਗ ਨੇ ਆਪਣੇ ਮੋਹਰਿਆਂ ਨੂੰ ਇਸ ਤਰ੍ਹਾਂ ਖੇਡਿਆ ਕਿ ਸ਼ਾਹ ਨਵਾਜ਼ ਖ਼ਾਨ ਤੇ ਯਾਹੀਆ ਖ਼ਾਨ ਦਾ ਇਤਬਾਰ ਜਿੱਤੀ ਰੱਖਿਆ। ਛੋਟੇ ਘੱਲੂਘਾਰੇ ਵੇਲੇ ਵੀ ਉਸ ਲਾਹੌਰ ਦਾ ਇਤਬਾਰ ਨਾ ਡਿੱਗਣ ਦਿੱਤਾ। ਅਦੀਨਾ ਬੇਗ ਦੇ ਸ਼ਹਿ ਦੇਣ ਉੱਤੇ ਹੀ ਸ਼ਾਹ ਨਵਾਜ਼ ਖ਼ਾਨ ਨੇ ਮਾਰਚ ੧੭੪੭ ਵਿਚ ਖੁੱਲ੍ਹਮ-ਖੁੱਲ੍ਹਾ ਬਗ਼ਾਵਤ ਕਰ ਦਿੱਤੀ। ਯਾਹੀਆ ਖ਼ਾਨ, ਸ਼ਾਹ ਨਵਾਜ਼ ਖ਼ਾਨ ਦੀ ਕੈਦ 'ਚੋਂ ਨੱਸ ਗਿਆ ਤਾਂ ਅਦੀਨਾ ਬੇਗ ਨੇ ਅਹਿਮਦ ਸ਼ਾਹ ਅਬਦਾਲੀ ਨੂੰ ਹਿੰਦੁਸਤਾਨ ਆਉਣ ਲਈ ਸੱਦਾ ਘੱਲਿਆ। ਨਾਦਰਸ਼ਾਹ ੧੯ ਜੂਨ ੧੭੪੭ ਨੂੰ ਕਤਲ ਕੀਤਾ ਜਾ ਚੁੱਕਾ ਸੀ। ਇਧਰੋਂ ਸ਼ਾਹਨਵਾਜ਼ ਖ਼ਾਨ ਨੂੰ ਚੁੱਕਿਆ, ਉਧਰੋਂ ਦਿੱਲੀ ਇਹ ਖ਼ਬਰ ਘੱਲ ਦਿੱਤੀ ਕਿ ਸ਼ਾਹ ਨਵਾਜ਼ ਖ਼ਤਰਨਾਕ ਰਸਤੇ ਉੱਤੇ ਟੁਰ ਰਿਹਾ ਹੈ। ਦਿੱਲੀ ਦੇ ਵਜ਼ੀਰ ਸ਼ਾਹ ਨਵਾਜ਼ ਨੂੰ ਚੁਪ ਕਰਾ ਲਿਆ ਤੇ ਅਹਿਮਦ ਸ਼ਾਹ ਦੇ ਘੱਲੇ ਕਾਸਦ ਸਾਬਰ ਸ਼ਾਹ ਨੂੰ ਭਰੀ ਮਜਲਸ ਵਿਚ ਕਤਲ ਕਰ ਦਿੱਤਾ। ਅਹਿਮਦ ਸ਼ਾਹ ਨੇ ਹਮਲਾ ਕੀਤਾ, ਪਰ ਉਸ ਨੂੰ ਮੀਰ ਮੰਨੂੰ ਨੇ ੧੧ ਮਾਰਚ ੧੭੪੮ ਨੂੰ ਹਾਰ ਦੇ ਦਿੱਤੀ। ਮੀਰ ਮੰਨੂੰ ਪੰਜਾਬ ਦਾ ਗਵਰਨਰ ਬਣਿਆ ਤੇ ਜਲੰਧਰ ਦੁਆਬ ਅਦੀਨਾ ਬੇਗ ਦੇ ਹੱਥ ਆਇਆ। ਮੀਰ ਮੰਨੂੰ ਨੇ ਅਦੀਨਾ ਬੇਗ ਨੂੰ ਖ਼ਾਸ ਹਦਾਇਤ ਦਿੱਤੀ ਕਿ ਉਹ ਸਿੱਖਾਂ ਨੂੰ ਦਬਾਏ ਪਰ ਅਦੀਨਾ ਬੇਗ ਨੇ ਆਪਣੀ ਪੁਰਾਣੀ ਨੀਤੀ ਹੀ ਅਪਣਾਈ ਰੱਖੀ। ਅਬਦਾਲੀ ਦੇ ਫੇਰ ਹਮਲੇ ਕਰਨ ਤੇ ਮੀਰ ਮੰਨੂੰ ਨੇ ਹਾਰ ਮੰਨ ਲਈ ਤੇ ਅਬਦਾਲੀ ਨੇ ਉਸੇ ਨੂੰ ਗਵਰਨਰ ਥਾਪ ਦਿੱਤਾ। ਮੀਰ ਮੰਨੂੰ ਨੂੰ ਯਕੀਨ ਦਿਲਵਾਉਣ ਲਈ ਅਦੀਨਾ ਬੇਗ ਸਿੱਖਾਂ ਦੇ ਸਿਰ ਭੇਜਦਾ ਰਹਿੰਦਾ ਸੀ। ਮੀਰ ਮੰਨੂੰ ਦੀ ੩ ਨਵੰਬਰ ੧੭੫੩ ਨੂੰ ਅਚਾਨਕ ਮਿਰਤੂ ਹੋ ਗਈ। ਮੁਗ਼ਲਾਨੀ ਬੇਗ਼ਮ ਨੇ ਲਾਹੌਰ ਦੀ ਵਾਗਡੋਰ ਆਪਣੇ ਹੱਥ ਸੰਭਾਲ ਲਈ। ਅਦੀਨਾ ਬੇਗ਼ ਨੇ ਢੁਕਵਾਂ ਸਮਾਂ ਦੇਖ ਕੇ ਦਿੱਲੀ ਤੇ ਲਾਹੌਰ ਤੋਂ ਸੁਤੰਤਰ ਹੋਣ ਦਾ ਫੈਸਲਾ ਕਰ ਲਿਆ। ਇਸ ਸਮੇਂ ਸਿੱਖਾਂ ਦੀ ਮਦਦ ਲੈਣੀ ਠੀਕ ਸਮਝੀ।[1] ਸਿੱਖਾਂ ਦੀ ਮਦਦ ਨਾਲ ਸ਼ਾਹਬਾਦ ਤੱਕ ਮਾਲਕ ਬਣ ਗਿਆ। ਮੁਗ਼ਲਾਨੀ ਬੇਗ਼ਮ ਨੇ ਹਾਲਾਤ ਵਿਗੜਦੇ ਦੇਖ ਕੇ ਅਬਦਾਲੀ ਨੂੰ ਨਵੰਬਰ, ੧੭੫੫ ਨੂੰ ਫਿਰ ਸੱਦਿਆ ਤੇ ਅਦੀਨਾ ਬੇਗ ਪਹਾੜੀਆਂ ਵੱਲ ਨੱਸ ਗਿਆ। ਅਬਦਾਲੀ ਦੇ ਪੁੱਤਰ ਤੈਮੂਰ ਸ਼ਾਹ ਅਤੇ ਜਰਨੈਲ ਜਹਾਨ ਖ਼ਾਨ ਨੇ ਜਲੰਧਰ ਦੀ ਫ਼ੌਜਦਾਰੀ ਅਦੀਨਾ ਬੇਗ ਨੂੰ ਹੀ ਦੇਣੀ ਉਚਿਤ ਜਾਣੀ। ਜਹਾਨ ਖ਼ਾਨ ਅਤੇ ਅਦੀਨਾ ਬੇਗ ਦੀ ਵੀ ਠਣ ਗਈ ਤੇ ਜਹਾਨ ਖ਼ਾਨ ਨੇ ਅਦੀਨਾ ਬੇਗ ਦੇ ਦੀਵਾਨ ਦਿਲਾ ਰਾਮ ਨੂੰ ਗ੍ਰਿਫ਼ਤਾਰ ਕਰ ਲਿਆ। ਦਿਲਾ ਰਾਮ ਕੈਦੋਂ ਨੱਸ ਗਿਆ। ਜਹਾਨ ਖ਼ਾਨ ਨੇ ਜਲੰਧਰ ਉੱਤੇ ਚੜ੍ਹਾਈ ਕਰ ਦਿੱਤੀ। ਅਦੀਨਾ ਬੇਗ ਤੇ ਸਿੱਖਾਂ ਦੀ ਸੰਧੀ ਹੋ ਗਈ ਪਰ ਅਦੀਨਾ ਬੇਗ ਨੇ ਜਹਾਨ ਖ਼ਾਨ ਨਾਲ ਟੱਕਰ ਲੈਣੀ ਠੀਕ ਨਾ ਸਮਝੀ। ਵਕਤ-ਟਪੀ ਕਰਨ ਲਈ ਉਹ ਪਹਾੜੀਆਂ ਵੱਲ ਚਲਾ ਗਿਆ। ਸਿੱਖਾਂ ਨੂੰ ਨਵੰਬਰ ੧੭੫੭ ਤੋਂ ਫਰਵਰੀ ੧੭੫੮ ਤੱਕ ਚੰਗਾ ਮੌਕਾ ਮਿਲਿਆ। ਅਦੀਨਾ ਬੇਗ ਚੁੱਪ ਰਹਿਣ ਵਾਲਾ ਨਹੀਂ ਸੀ। ਉਸ ਨੇ ਮਰਹੱਟਿਆਂ ਨੂੰ ਪੰਜਾਬ ਤੇ ਹਮਲਾ ਕਰਨ ਲਈ ਤਿਆਰ ਕਰ ਲਿਆ। ਅਦੀਨਾ ਬੇਗ ਸਮਝਦਾ ਸੀ ਕਿ ਅਫ਼ਗਾਨਾਂ ਨਾਲ ਟੱਕਰ ਲੈਣ ਵਾਲੀ ਜੇ ਕੋਈ ਤਾਕਤ ਹੋ ਸਕਦੀ ਸੀ ਤਾਂ ਉਹ ਮਰਹੱਟੇ ਸਨ। ਸਿੱਖ ਮਰਹੱਟਿਆਂ ਨੂੰ ਵੀ ਬਦੇਸ਼ੀ ਸਮਝਦੇ ਸਨ।

1. ਤਾਰੀਖ਼ੇ-ਏ-ਅਹਿਮਦਸ਼ਾਹੀ।

Sri Satguru Jagjit Singh Ji eLibrary NamdhariElibrary@gmail.com

ਪਰ ਅਦੀਨਾ ਬੇਗ ਨੇ ਹੁਸ਼ਿਆਰੀ ਨਾਲ ਦੋਹਾਂ ਨੂੰ ਨਾਲ ਰੱਖੀ ਰੱਖਿਆ ਅਤੇ ਫਿਰ ਐਸੀ ਸਿਆਣਪ ਵੀ ਵਰਤੀ ਕਿ ਮਰਹੱਟਿਆਂ ਤੇ ਸਿੱਖਾਂ ਨੂੰ ਮਿਲਣ ਵੀ ਨਾ ਦਿੱਤਾ। ਇਮਾਦੁ-ਉਤ-ਸਾਦਤ ਦੇ ਲਿਖਾਰੀ ਨੇ ਠੀਕ ਲਿਖਿਆ ਹੈ ਕਿ ਅਦੀਨਾ ਬੇਗ ਇਤਨਾ ਹੁਸ਼ਿਆਰ ਸੀ ਕਿ ਇਕੋ ਸਮੇਂ ਹੀ ਉਹ ਦੁਰਾਨੀ ਨੂੰ ਇਹ ਪ੍ਰਤੀਤ ਕਰਾ ਦਿੰਦਾ ਸੀ ਕਿ ਉਹ ਮੱਖੀ ਹਟਾ ਰਿਹਾ ਸੀ ਤੇ ਦੂਜੇ ਪਾਸੇ ਸਿੱਖਾਂ ਨੂੰ ਇਹ ਪ੍ਰਗਟ ਕਰਦਾ ਸੀ ਕਿ ਉਹ ਉਨ੍ਹਾਂ ਦੀ ਦਾੜ੍ਹੀ ਵਿੱਚ ਅੜਿਕਿਆ ਤੀਲ੍ਹਾ ਝਾੜ ਰਿਹਾ ਹੈ। ਇਕ ਕਰਮ ਨਾਲ ਉਹ ਦੋ ਵਿਰੋਧੀ ਤਾਕਤਾਂ ਨੂੰ ਖ਼ੁਸ਼ ਕਰ ਜਾਂਦਾ ਸੀ। ਮਰਹੱਟਿਆਂ ਦਾ ਆਉਣਾ ਸੁਣ ਕੇ ਜਹਾਨ ਖ਼ਾਨ ਤੇ ਤੈਮੂਰ ਸ਼ਾਹ ਨੇ ਵਾਪਸ ਮੁੜਨਾ ਹੀ ਠੀਕ ਸਮਝਿਆ। ੧੯ ਅਪਰੈਲ, ੧੭੫੮ ਨੂੰ ਮਰਹੱਟਿਆਂ ਨੇ ਲਾਹੌਰ ਤੇ ਕਬਜ਼ਾ ਕੀਤਾ ਅਤੇ ਅਦੀਨਾ ਬੇਗ ਨੂੰ ਪੰਜਾਬ ਸੌਂਪ ਕੇ ਵਾਪਸ ਮੁੜ ਗਏ। ਅਦੀਨਾ ਬੇਗ ਦੇ ਵਿਰੋਧੀ ਹੁਣ ਸਿਰਫ ਸਿੱਖ ਹੀ ਸਨ। ਸਿੱਖਾਂ ਵਿਰੁੱਧ ਸਖ਼ਤੀ ਕੀਤੀ ਪਰ ਅਦੀਨਾ ਬੇਗ ਦੀ ੧੫ ਸਤੰਬਰ, ੧੭੫੮ ਨੂੰ ਮ੍ਰਿਤੂ ਹੋ ਗਈ।

**ਅਦੀਨਾ ਬੇਗ ਦੀ ਸ਼ਖ਼ਸੀਅਤ** : ਇਹ ਇਤਿਹਾਸਕ ਸੱਚਾਈ ਹੈ ਕਿ ਅਦੀਨਾ ਬੇਗ ਨੇ ਜੀਵਨ ਦੇ ਆਖ਼ਰੀ ਸਾਲਾਂ ਸਮੇਂ ਸਿੱਖਾਂ ਉੱਤੇ ਸਖ਼ਤੀ ਕੀਤੀ ਤੇ ਹਜ਼ਾਰਾਂ ਸਿੱਖ ਸ਼ਹੀਦ ਕੀਤੇ ਪਰ ਇਸ ਵਿਚ ਵੀ ਕੋਈ ਸ਼ੱਕ ਨਹੀਂ ਕਿ ਅਦੀਨਾ ਬੇਗ ਦੀ ਹੋਂਦ ਨੇ ਸਿੱਖਾਂ ਨੂੰ ਕਈ ਲਾਭ ਪਹੁੰਚਾਏ। ਕਈ ਬਿਖੜਿਆਂ ਸਮਿਆਂ ਵਿਚ ਅਦੀਨਾ ਬੇਗ ਦੀ ਸਿਆਸਤ ਸਿੱਖਾਂ ਦੀ ਸਹਾਇਤਾ ਕਰਦੀ ਰਹੀ। ਸਿੱਖ ਅਦੀਨਾ ਬੇਗ ਨੂੰ ''ਬੋਦਾ ਸਿੱਖ'' ਵੀ ਪੁਕਾਰਦੇ ਸਨ ਕਿਉਂਕਿ ਉਸ ਦੇ ਕੰਮ ਸਿੱਖਾਂ ਦੀ ਮਦਦ ਕਰ ਜਾਂਦੇ ਸਨ।[1]

ਅਦੀਨਾ ਬੇਗ ਇਕ ਸਾਹਸ ਵਾਲਾ, ਲਗਨ ਵਾਲਾ, ਠੰਢੇ ਸੁਭਾਅ ਦਾ, ਹੁਸ਼ਿਆਰ, ਚਲਾਕ, ਤੀਖਣ ਬੁੱਧੀ ਤੇ ਦੂਰ-ਦ੍ਰਿਸ਼ਟੀ ਵਾਲਾ ਪੁਰਸ਼ ਸੀ। ਉਹ ਸਿਰਫ ਆਪਣੇ ਗੁਣਾਂ ਕਾਰਨ ਹੀ ਪੰਜਾਬ ਦਾ ਗਵਰਨਰ ਤੇ ਮਾਲਕ ਬਣਿਆ। ਉਸ ਦੀ ਜ਼ਿੰਦਗੀ ਦਾ ਬਹੁਤਾ ਹਿੱਸਾ ਜਦੋ-ਜਹਿਦ ਤੇ ਘਾਲਣਾ ਵਿਚ ਗੁਜ਼ਰਿਆ। ਮੁਗ਼ਲਾਂ, ਅਫ਼ਗਾਨਾਂ, ਮਰਹੱਟਿਆਂ ਤੇ ਫਿਰ ਸਿੱਖਾਂ ਨਾਲ ਉਸ ਜਿਸ ਸਿਆਣਪ ਨਾਲ ਵਰਤਿਆ ਤੇ ਨਜਿੱਠਿਆ ਉਹ ਅਦੀਨਾ ਬੇਗ ਦੀ ਸ਼ਖ਼ਸੀਅਤ ਉਜਾਗਰ ਕਰਨ ਲਈ ਕਾਫੀ ਹੈ। ਨੀਤੀ ਨਿਪੁੰਨ ਤੇ ਸਟੇਟਸਮੈਨਸ਼ਿਪ ਵਿਚ ਇਸ ਦੇ ਟਾਕਰੇ ਦੀ ਕੋਈ ਹਸਤੀ ਮਿਲਣੀ ਕਠਨ ਹੈ। ਆਪਣੇ ਮੰਤਵ ਲਈ ਉਹ ਹਰ ਇਕ ਨਾਲ ਵਰਤਣ ਤੇ ਵਿਗਾੜਨ ਵਿਚ ਝਿਜਕ ਨਹੀਂ ਸੀ ਕਰਦਾ। ਸ਼ਾਹ ਨਵਾਜ਼ ਖ਼ਾਨ

---

1. ਇਕ ਵਾਰ ਅਦੀਨਾ ਬੇਗ ਨੇ ਆਪ ਕਿਹਾ ਸੀ ਕਿ ਬੇਸ਼ਕ ਮੈਂ ਸਿਰ ਘੱਸਾ ਹਾਂ ਪਰ ਫਿਰ ਵੀ ਸਿੱਖ ਹਾਂ। ਗਿਆਨੀ ਗਿਆਨ ਸਿੰਘ ਜੀ ਨੇ ਇਸ ਪ੍ਰਕਾਰ ਲਿਖਿਆ ਹੈ ਕਿ ਅਦੀਨਾ ਨੇ ਇਕ ਵਾਰ ਪੰਥ ਨੂੰ ਕਿਹਾ ਸੀ :

"ਬਿਕ੍ਰਮ ਸਮ ਬਡਬੀਰ, ਨਿਡਰ ਸਮ ਆਹਿ ਸਕੰਦਰ।
ਧਰਮੀ ਭੋਜ ਅਰ ਕਰਨ ਵਾਂਗ, ਜਾਨਿਓ ਜਗ ਅੰਦਰ।
ਦੇਗ ਤੇਗ ਕੇ ਮਰਦ, ਗਰਦ ਸਤਨ ਕੇ ਧਰਤਾ।
ਆਹੋ ਖਾਲਸਾ ਪੰਥ, ਸਰਬ ਸਮਰਥ ਕੇ ਧਰਤਾ।
ਜਿਉ ਤੁਮ ਗੁਰ ਕੇ ਸਿੰਘ ਕੇਸਧਾਰੀ ਸ਼ਭ ਨੀਕੇ।
ਤਿਉ ਮੋਹਿ 'ਭੋਡਾ ਸਿੱਖ' ਮਾਨਤੇ ਰਹੀਓ ਠੀਕੇ।"

Sri Satguru Jagjit Singh Ji eLibrary NamdhariElibrary@gmail.com

ਤੇ ਯਾਹੀਆ ਦੇ ਝਗੜੇ, ਦਿੱਲੀ ਨੂੰ ਆਪਣੇ ਵੱਲ ਕਰਨਾ, ਫਿਰ ਮੰਨੂੰ ਤੇ ਸਿੱਖਾਂ ਦੇ ਵਿਰੋਧ ਵੇਲੇ, ਮੀਰ ਮੰਨੂੰ ਨੂੰ ਚੁੱਪ ਕਰਾਈ ਰੱਖਣਾ ਤੇ ਸਿੱਖਾਂ ਦੀ ਹਮਾਇਤ ਲੈ ਲੈਣੀ, ਪਿਛੋਂ ਮਰਹੱਟਿਆਂ ਤੇ ਸਿੱਖਾਂ ਦੋਹਾਂ ਦੀ ਮਦਦ ਲੈ ਲੈਣੀ ਤੇ ਫਿਰ ਸਿੱਖਾਂ ਨਾਲ ਸਖ਼ਤੀ ਵਰਤਣੀ ਇਸ ਦੇ ਆਚਰਨ ਦਾ ਇਕ ਪਾਸਾ ਹਨ। ੧੭੪੫ ਤੋਂ ਬਾਅਦ ਲਾਹੌਰ ਦੇ ਕਈ ਗਵਰਨਰ ਬਣੇ, ਕਈ ਮਾਲਕ ਆਏ, ਕਈ ਹਮਲੇ ਹੋਏ ਪਰ ਅਦੀਨਾ ਬੇਗ ਦੀ ਤਾਕਤ ਸਥਿਰ ਸੀ। ਛੋਟੇ ਛੋਟੇ ਜ਼ਿਮੀਂਦਾਰ ਤੇ ਜਾਗੀਰਦਾਰ ਸਦਾ ਹੀ ਉਸ ਦੀ ਮਦਦ ਉੱਤੇ ਰਹਿੰਦੇ ਸਨ। ਚੌਧਰੀ ਜੌਹਰੀ ਮੱਲ ਫਗਵਾੜਾ, ਪਹਾੜੀ ਰਾਜੇ, ਜੰਡਿਆਲਾ ਦਾ ਆਕਲ ਦਾਸ, ਕਟੋਚ ਦਾ ਰਾਜਾ ਘੁਮੰਡ ਚੰਦ, ਕਪੂਰਥਲੇ ਦੇ ਇਬਰਾਹੀਮ ਤੇ ਰਾਜਾ ਰਣਜੀਤ ਦੇਵ ਦੀ ਹਮੇਸ਼ਾ ਹੀ ਮਦਦ ਕਰਨੀ ਉਸ ਦੀ ਲੋਕ ਪ੍ਰਿਯ ਸ਼ਖ਼ਸੀਅਤ ਦਰਸਾਉਣ ਲਈ ਇਕ ਚੰਗੀ ਮਿਸਾਲ ਹੈ।

ਸੋ ਅਦੀਨਾ ਬੇਗ ਬਾਬਤ ਇਹ ਕਹਿਣਾ ਠੀਕ ਹੈ ਕਿ 'ਸਿੱਖਾਂ ਨੂੰ ਉਸ ਵਰਤਿਆ, ਚੁੱਪ ਕਰਾਈ ਰੱਖਿਆ, ਦੋਸਤੀ ਬਣਾਈ ਤੇ ਸਖ਼ਤੀ ਕੀਤੀ, ਦਿੱਲੀ ਦੀ ਹਕੂਮਤ ਨੂੰ ਉਸ ਤੁੱਛ ਸਮਝ ਕੇ ਪਛਾੜਿਆ, ਅਫ਼ਗਾਨਾਂ ਨੂੰ ਉਸ ਹੈਰਾਨ ਕਰੀ ਰੱਖਿਆ, ਮਰਹੱਟਿਆਂ ਨੂੰ ਖ਼ੂਬਸੂਰਤੀ ਨਾਲ ਆਪਣੇ ਮੰਤਵ ਲਈ ਵਰਤ ਕੇ ਪੰਜਾਬ ਦਾ ਸਿਰਮੌਰ ਬਣਿਆ।'' ਇਸ ਸ਼ਖਸੀਅਤ ਦੇ ਪੰਜਾਬ ਵਿਚੋਂ ਹਟ ਜਾਣ ਨਾਲ ਅਬਦਾਲੀ ਨੇ ਮਰਹੱਟਿਆਂ ਤੇ ਫਿਰ ਸਿੱਖਾਂ ਉੱਤੇ ਸਿੱਧੇ ਹਮਲੇ ਕੀਤੇ।

**ਸਿੱਖਾਂ ਦੀ ਤਾਕਤ ਵਧਣੀ** : ਅਦੀਨਾ ਬੇਗ ਦੀ ਮੌਤ ਹੁਣ ਸਿੱਖਾਂ ਲਈ ਸੁਗਾਤ ਸਾਬਤ ਹੋਈ। ਭਾਵੇਂ ਅਦੀਨਾ ਬੇਗ ਥੋੜ੍ਹਾ ਚਿਰ ਲਾਹੌਰ ਦੀ ਨਵਾਬੀ ਕਰ ਸਕਿਆ ਪਰ ਉਹ ਦੱਸ ਗਿਆ, ਸਿੱਖ ਇਕ ਖਤਰਨਾਕ ਤਾਕਤ ਹਨ। ਜੇ ਹੋਰ ਬਹੁਤੀ ਦੇਰ ਜ਼ਿੰਦਾ ਵੀ ਰਹਿੰਦਾ ਤਾਂ ਵੀ ਉਹ ਸਿੱਖਾਂ ਨੂੰ ਜ਼ੇਰ ਕਰਨ ਵਿਚ ਸਫਲ ਨਹੀਂ ਸੀ ਹੋ ਸਕਦਾ ਕਿਉਂਜੋ ਸਿੱਖ ਇਕ ਵੱਡੀ ਤਾਕਤ ਬਣ ਚੁੱਕੇ ਸਨ। ਹੋਰ, ਅਬਦਾਲੀ ਨੇ ਤੈਮੂਰ ਤੇ ਜਹਾਨ ਨੂੰ ਸਤਾਏ ਜਾਣ ਦਾ ਬਦਲਾ ਅਦੀਨਾ ਬੇਗ ਕੋਲੋਂ ਜ਼ਰੂਰ ਲੈਣਾ ਸੀ। ਅਦੀਨਾ ਬੇਗ ਦੀ ਦੁਰਗਤ ਅਵੱਸ਼ ਬਣਨੀ ਸੀ। ਅਦੀਨਾ ਬੇਗ ਦੀ ਮੌਤ ਸੁਣ ਕੇ ਜਾਨਕੋਜੀ ਨੇ ਸਾਬਾਜੀ ਨੂੰ ਭੇਜਿਆ ਪਰ ਖ਼ਵਾਜਾ ਮਿਰਜ਼ਾ ਖ਼ਾਨ ਨੇ ਸਿੱਖਾਂ ਦੀ ਮਦਦ ਨਾਲ ਅਫ਼ਗਾਨਾਂ ਤੇ ਗਖੜਾਂ ਨੂੰ ਹਰਾ ਕੇ ਹੱਥ ਮਜ਼ਬੂਤ ਕਰ ਲਏ ਸਨ। ਜਾਨਕੋਜੀ ਆਪ ਵੀ ਆਇਆ ਪਰ ਉਸ ਸਿੱਖਾਂ ਦੀ ਤਾਕਤ ਦੇ ਹੁੰਦਿਆਂ ਲਾਹੌਰ ਆਉਣਾ ਠੀਕ ਨਾ ਸਮਝਿਆ। ਸਾਬਾਜੀ ਲਾਹੌਰ ਪੁੱਜਾ ਤੇ ਉਸ ਮਿਰਜ਼ਾ ਖ਼ਾਨ ਨੂੰ ਹਟਾ ਕੇ ਅਹਿਮਦ ਖ਼ਾਨ ਨੂੰ ਗਵਰਨਰ ਬਣਾਇਆ। ਅਹਿਮਦ ਖ਼ਾਨ ਵੀ ਸਿੱਖਾਂ ਬਗੈਰ ਟੁਰਨਾ ਮੁਸ਼ਕਲ ਸਮਝਦਾ ਸੀ ਕਿਉਂਕਿ ਜਹਾਨ ਖ਼ਾਨ ਨੇ ਹਮਲਾ ਕਰ ਦਿੱਤਾ ਸੀ। ਜਹਾਨ ਖ਼ਾਨ ਨੂੰ ਹਾਰ ਦਿੱਤੀ ਗਈ। ਅਬਦਾਲੀ ਹੋਰ ਉਡੀਕਣਾ ਘਾਤਕ ਸਮਝਦਾ ਸੀ ਸੋ ਉਸ ਹਮਲਾ ਕਰ ਦਿੱਤਾ।

**ਅਹਿਮਦ ਸ਼ਾਹ ਅਬਦਾਲੀ ਦਾ ਪੰਜਵਾਂ ਹਮਲਾ** : ਅਹਿਮਦ ਸ਼ਾਹ ਕਾਬਲ ਬੈਠਾ ਮਜਬੂਰ ਸਾਰੇ ਹਾਲਾਤ ਬੜੇ ਦੁਖ ਨਾਲ ਦੇਖ ਰਿਹਾ ਸੀ। ਆਪਣੇ ਪੁੱਤਰ ਤੈਮੂਰ ਦੀ ਹੇਠੀ ਤੇ ਜਹਾਨ ਖ਼ਾਨ ਦੀਆਂ ਹਾਰਾਂ ਉਸ ਨੂੰ ਚੁੱਭ ਰਹੀਆਂ ਸਨ। ਅਦੀਨਾ ਬੇਗ ਦੀ ਮੌਤ ਨੇ ਤਾਂ ਉਸ ਨੂੰ ਤੁਰੰਤ ਹਮਲਾ ਕਰਨ ਲਈ ਤਿਆਰ ਕਰ ਦਿੱਤਾ। ਦਿੱਲੀ ਵਿਚ ਮਰਹੱਟੇ ਆਪਣੀ ਤਾਕਤ ਦੇ ਜ਼ੋਰ ਨਾਲ ਰਾਜ ਸਥਾਪਨ ਕਰ ਚੁੱਕੇ ਸਨ ਤੇ ਉਸ ਨੂੰ ਖ਼ਬਰ ਪੁੱਜੀ ਕਿ ਨਜ਼ੀਬ-ਉਦ-ਦਉਲਾ ਨੂੰ ਦਿੱਲੀ ਤੋਂ ਕੱਢ ਦਿੱਤਾ ਗਿਆ ਹੈ। ਰਾਜਪੂਤ ਰਾਜੇ ਵੀ ਹਮਲਾ ਕਰਨ ਲਈ

ਲਿਖ ਰਹੇ ਸਨ। ਜੈਪੁਰ ਦੇ ਮਾਧੋ ਸਿੰਘ ਤੇ ਮਾਰਵਾੜ ਦੇ ਬਿਜੈ ਸਿੰਘ ਨੇ ਸੱਦੇ ਵੀ ਭੇਜੇ। ਆਲਮਗੀਰ ਦੂਜਾ ਵੀ ਇਸੇ ਕੋਸ਼ਿਸ਼ ਵਿਚ ਸੀ ਕਿ ਅਬਦਾਲੀ ਹਮਲਾ ਕਰੇ, ਪਰ ਉਸ ਵਿਚਾਰੇ ਨੂੰ ਅਤੇ ਇੰਤਜ਼ਾਮਉਦ-ਦਉਲਾ (ਮੀਰ ਮੰਨੂੰ ਦੇ ਭਰਾ) ਨੂੰ ਵਜ਼ੀਰ ਅਮਾਦ-ਉਲ-ਮਲਕ ਨੇ ਜਾਨੋਂ ਹੀ ਮਾਰ ਦਿੱਤਾ। ਉਸ ਦੀ ਥਾਵੇਂ ਕਿਸੇ ਹੋਰ ਸ਼ਹਿਜ਼ਾਦੇ ਨੂੰ ਸ਼ਾਹ ਜਹਾਨ ਦੂਜਾ ਦਾ ਖ਼ਿਤਾਬ ਦੇ ਕੇ ਤਖ਼ਤ ਤੇ ਬਿਠਾਲ ਦਿੱਤਾ।

ਅੰਬਦਾਲੀ ਨੇ ੬੦,੦੦੦ ਫ਼ੌਜੀ ਸਿਪਾਹੀਆਂ ਸਮੇਤ ਸਿੰਧ ਪਾਰ ਕੀਤਾ। ਮਰਹੱਟਿਆਂ ਦੇ ਦਸਤੇ ਉਸ ਨੂੰ ਰੋਕ ਨ ਪਾ ਸਕੇ। ਸਾਬਾਜੀ ਵੀ ਲਾਹੌਰ ਛੱਡ ਗਿਆ ਅਤੇ ਸ਼ੁਕਰਤਾਲ (ਪਾਨੀਪਤ) ਉਹ ਮਰਹੱਟਿਆਂ ਨੂੰ ਜਾ ਮਿਲਿਆ। ਤੈਮੂਰ ਤਾਂ ਜੇਤੂ ਦੇ ਤੌਰ ਉਤੇ ਲਾਹੌਰ ਦਾਖ਼ਲ ਹੋਇਆ ਪਰ ਸਿੱਖਾਂ ਨੇ ਅਬਦਾਲੀ ਨੂੰ ਲਾਹੌਰ ਪੁੱਜਦੇ ਤਕ ਕਰਾਰੇ ਹੱਥ ਲਿਖਾਏ। ਸਿੱਖਾਂ ਟਾਕਰਾ ਕੀਤਾ। ਕੋਈ ੨੦੦ ਦੇ ਕਰੀਬ ਅਫ਼ਗਾਨ ਰਾਜਵਾੜੇ ਦੀ ਲੜਾਈ ਵਿਚ ਮਾਰੇ ਗਏ। ਜਹਾਨ ਖ਼ਾਨ ਨੂੰ ਵੀ ਕਈ ਜ਼ਖਮ ਆਏ। ਸਿੱਖ ਲਾਹੌਰ ਛੱਡ ਕੇ ਦੂਰ ਚਲੇ ਗਏ। ਸਿੱਖ ਤਾਂ ਸਿਰਫ਼ ਆਪਣੀ ਹੋਂਦ ਦਾ ਪ੍ਰਗਟਾਵਾ ਕਰਨਾ ਚਾਹੁੰਦੇ ਸਨ। ਅਬਦਾਲੀ ਨੂੰ ਲਾਹੌਰ ਦੇ ਕਬਜ਼ੇ ਦੀ ਚੋਖੀ ਕੀਮਤ ਦੇਣੀ ਪਈ।

**ਪਾਨੀਪਤ ਦੀ ਤੀਜੀ ਲੜਾਈ** : ਅਬਦਾਲੀ ਦਿੱਲੀ ਵੱਲ ਵਧ ਰਿਹਾ ਸੀ। ਸਰਹੰਦ, ਅੰਬਾਲਾ, ਤਰਾਵੜੀ ਵਿਚ ਦਾਤਾ ਜੀ ਸ਼ਿੰਡੋ ਨੂੰ ਹਰਾ ਕੇ ਸਹਾਰਨਪੁਰ ਵੀ ਗਿਆ। ਨਜੀਬ-ਉਦ-ਦਉਲਾ ਰੁਹੇਲਾ ਆਪਣੀਆਂ ਫ਼ੌਜਾਂ ਨਾਲ ਆ ਮਿਲਿਆ। ੯ ਜਨਵਰੀ, ੧੭੬੦ ਨੂੰ ਬਰਾੜੀ ਘਾਟ ਅਫ਼ਗਾਨਾਂ ਤੇ ਮਰਹੱਟਿਆਂ ਦਾ ਟਾਕਰਾ ਹੋਇਆ ਤੇ ਦਾਤਾ ਜੀ ਮਾਰਿਆ ਗਿਆ। ਅਬਦਾਲੀ ਇਕ ਸਾਲ ਦਿੱਲੀ ਦੇ ਆਸੇ ਪਾਸੇ ਫ਼ੌਜਾਂ ਨੂੰ ਹੋਰ ਸੰਗਠਿਤ ਕਰ ਕੇ ਮੌਕੇ ਦੀ ਭਾਲ ਕਰਦਾ ਰਹਿਆ। ਸ਼ੁਜਾਹ-ਉਦ-ਦਉਲਾ ਮਰਹੱਟਿਆਂ ਅਤੇ ਅਬਦਾਲੀ ਵਿਚਕਾਰ ਸੁਲਹ ਕਰਾਉਣ ਲਈ ਜੁੱਟਿਆ ਹੋਇਆ ਸੀ ਪਰ ਰਾਓ ਸਾਹਿਬ ਦੇ ਦਿੱਲੀ ਜਿੱਤਣ ਕਰ ਕੇ ਮਰਹੱਟੇ ਅੜ ਗਏ। ਅਬਦਾਲੀ ਦਾ ਡੇਰਾ ਬੁਲੰਦ ਸ਼ਹਿਰ ਸੀ। ਅਬਦਾਲੀ ਨੂੰ ਖ਼ਬਰ ਪੁੱਜੀ ਕਿ ਕੁੰਜਪੁਰਾ (ਕਰਨਾਲ) ਤੇ ਮਰਹੱਟਿਆਂ ਕਬਜ਼ਾ ਕਰ ਲਿਆ ਹੈ ਅਤੇ ਜਦ ਇਹ ਦੱਸਿਆ ਗਿਆ ਕਿ ਅਬਦੁਸ-ਸਮਦ ਖ਼ਾਨ ਅਤੇ ਮੀਆਂ ਕੁਤਬ ਸ਼ਾਹ ਦਾ ਕੱਟਿਆ ਹੋਇਆ ਸਿਰ ਵੀ ਫ਼ੌਜਾਂ ਵਿਚ ਫਿਰਾਇਆ ਗਿਆ ਹੈ ਤਾਂ ਅਬਦਾਲੀ ਬੋਲ ਉੱਠਿਆ ''ਹੁਣ ਹੋਰ ਅਫ਼ਗਾਨਾਂ ਦੀ ਬੇਇਜ਼ਤੀ ਮੈਂ ਸਹਾਰ ਨਹੀਂ ਸਕਦਾ। ਮੈਂ ਅਜੇ ਜ਼ਿੰਦਾ ਹਾਂ।'' ਉਸ ਬਾਗਪਤ ਤੋਂ ਜਮਨਾ ਪਾਰ ਕੀਤੀ ਤੇ ਪੱਛਮੀ ਕਿਨਾਰੇ ਉੱਤੇ ੨੬ ਅਕਤੂਬਰ, ੧੭੬੦ ਨੂੰ ਫ਼ੌਜਾਂ ਸਮੇਤ ਪੁੱਜ ਗਿਆ।

ਮਰਹੱਟੇ ਵੀ ਤਿਆਰ ਬੈਠੇ ਸਨ। ਮਰਹੱਟਿਆਂ ਨੇ ਪਾਨੀਪਤ ਵਿਚ ਡੇਰਾ ਲਾਇਆ ਹੋਇਆ ਸੀ। ਇੰਜ ਲੱਗਦਾ ਸੀ ਕਿ ਸਾਰਾ ਦੱਖਣ ਹੀ ਪਾਨੀਪਤ 'ਚ ਇਕੱਠਾ ਹੈ। ਹੋਲਕਰ ਦੀ ਕਮਾਨ ਹੇਠਾਂ ਇਕ ਲੱਖ ਫ਼ੌਜੀ ਇਕੱਠੇ ਹੋ ਗਏ ਸਨ। ਸਿੱਖਾਂ ਨਾਲ ਵੀ ਮਰਹੱਟਿਆਂ ਨੇ ਗੱਲ ਕਰਨੀ ਚਾਹੀ ਪਰ ਸੰਬੰਧ ਕਾਇਮ ਨਾ ਹੋ ਸਕੇ।

ਮਰਹੱਟਿਆਂ ਤੇ ਅਫ਼ਗਾਨਾਂ ਦੀਆਂ ਫ਼ੌਜਾਂ ਆਹਮੋ ਸਾਹਮਣੇ ਸਨ। ਕਈ ਨਿੱਕੀਆਂ ਮੋਟੀਆਂ ਝੜਪਾਂ ਹੋਈਆਂ। ਅਬਦਾਲੀ ਨੇ ਮਰਹੱਟਿਆਂ ਦਾ ਘੇਰਾ ਘੱਤ ਲਿਆ। ਗੋਵਿੰਦ ਬਲਾਲ ਮਰਹੱਟਿਆਂ ਦੀ ਮਦਦ ਲਈ ਪੁੱਜਾ, ਪਰ ਅਫ਼ਗਾਨਾਂ ਨੇ ਉਸ ਨੂੰ ਰਸਤੇ ਵਿਚ

Sri Satguru Jagjit Singh Ji eLibrary NamdhariElibrary@gmail.com

ਹੀ ਜਾ ਲਿਆ। ਅਹਿਮਦ ਸ਼ਾਹ ਦੇ ਹੱਥ ਕਾਫ਼ੀ ਰਸਦ ਮਾਲ ਆਇਆ। ਗੋਵਿੰਦ ਬਲਾਲ ਮਾਰਿਆ ਗਿਆ। ਇਸੇ ਤਰ੍ਹਾਂ ਗੋਪਾਲ ਨਰੇਸ਼ ਬਾਰ੍ਹਵੇਂ ਅਤੇ ਕ੍ਰਿਸ਼ਨਾ ਨੰਦ ਨੂੰ ਵੀ ਮੁਕਾਇਆ ਗਿਆ। ਨਾਰੋ ਸ਼ੰਕਰ ਪੰਡਤ ਕੋਲੋਂ ਵੀ ਮਾਲ ਖੋਹਿਆ ਗਿਆ। ਨਾਰੋ ਦੇ ਸਾਰੇ ਸਾਥੀ ਮਾਰੇ ਗਏ। ਕੇਵਲ ਇਕ ਹੀ ਬਚਿਆ, ਉਸ ਨੇ ਦੁਰਦਸ਼ਾ ਦੀ ਕਹਾਣੀ ਦੱਸੀ। ਭਾਊ ਸਾਹਿਬ ਨੇ ਅਬਦਾਲੀ ਨੂੰ ਸੁਲਹ ਲਈ ਲਿਖਿਆ ਪਰ ਅਗੋਂ ਅਬਦਾਲੀ ਨੇ ਜਵਾਬ ਦਿੱਤਾ : ''ਜੰਗ ਦਾ ਨਗ਼ਮਾ ਗਾਓ, ਸੁਲਹ ਕਰਨ ਦਾ ਸਮਾਂ ਨਿਕਲ ਗਿਆ।'' ਭਾਊ ਸਾਹਿਬ ਦੇ ਕੈਂਪ ਵਿਚ ਖਾਣ ਲਈ ਵੀ ਕੁਝ ਨਹੀਂ ਸੀ ਰਿਹਾ, ਪਰ ਹੁਣ ਬਗ਼ੈਰ ਲੜਨ ਦੇ ਕੋਈ ਰਾਹ ਵੀ ਨਹੀਂ ਸੀ। ਦੋ ਦਿਨਾਂ ਤੋਂ ਮਰਹੱਟਾ ਸਿਪਾਹੀਆਂ ਦੇ ਮੂੰਹ ਵਿਚ ਅੰਨ ਦਾ ਇਕ ਦਾਣਾ ਵੀ ਨਹੀਂ ਸੀ ਗਿਆ। ਆਖ਼ਰੀ ਕੋਸ਼ਿਸ਼ ਫਿਰ ਭਾਊ ਸਾਹਿਬ ਨੇ ਕੀਤੀ ਤੇ ਸ਼ੁਜਾਹ ਨੂੰ ਆਖਿਆ : ਕੁਝ ਕਰਨਾ ਹੈ ਤਾਂ ਕਰ ਲੈ, ਨਹੀਂ ਤਾਂ ਜੰਗ ਦਾ ਐਲਾਨ ਸਮਝ। ਅਬਦਾਲੀ ਨੂੰ ਸ਼ੁਜਾਹ-ਉਦ-ਦਉਲਾ ਨੇ ਰਾਤ ਜਾ ਕੇ ਖ਼ਬਰ ਪਹੁੰਚਾਈ। ਅਬਦਾਲੀ ਆਪਣੇ ਪਿਆਰੇ ਘੋੜੇ 'ਚੱਕੀ' ਉਤੇ ਰਾਤ ਦੀ ਪੋਸ਼ਾਕ ਵਿਚ ਸਵਾਰ ਹੋ ਕੇ ਜੰਗ ਦੀ ਤਿਆਰੀ ਲਈ ਫ਼ੌਜਾਂ ਵਿਚ ਜਾ ਵੜਿਆ। ਅਬਦਾਲੀ ਤਾਂ ਪਹਿਲਾਂ ਹੀ ਤਿਆਰ ਸੀ ਪਰ ਸਦਾਸ਼ਿਵ ਭਾਊ ਦੀ ਕੋਈ ਤਿਆਰੀ ਨਹੀਂ ਸੀ। ਉਸ ਨੇ ਸਭ ਕੁਝ ਇਕੋ ਦਾਅ ਉਤੇ ਲਗਾ ਦਿੱਤਾ ਸੀ।

ਪਾਨੀਪਤ ਦੀ ਜੰਗ ੧੪ ਜਨਵਰੀ, ੧੭੬੨ ਨੂੰ ਹੋਈ ਤੇ ਮਰਹੱਟੇ ਪੂਰੀ ਤਰ੍ਹਾਂ ਹਾਰ ਗਏ। ਜੇ ਮਰਹੱਟਿਆਂ ਦੀ ਮਦਦ ਉੱਤੇ ਦੱਖਣ ਦੀਆਂ ਸਾਰੀਆਂ ਰਿਆਸਤਾਂ ਸਨ ਤਾਂ ਮੁਸਲਮਾਨ ਤਾਕਤ ਵੀ ਅਬਦਾਲੀ ਦੇ ਝੰਡੇ ਹੇਠਾਂ ਇਕੱਠੀ ਹੋ ਗਈ ਸੀ। ਬਾਬਾ ਆਲਾ ਸਿੰਘ ਨੇ ਮਰਹੱਟਿਆਂ ਦੀ ਰਸਦ ਪਾਣੀ ਨਾਲ ਮਦਦ ਕੀਤੀ ਸੀ। ਉੱਧਰ ਸਿੱਖ ਪੰਜਾਬ ਵਿਚ ਹੀ ਆਪਣਾ ਅਸਰ ਪਾ ਰਹੇ ਸਨ। ਵਿਸ਼ਵਾਸ ਰਾਓ ਤੇ ਸਦਾਸ਼ਿਵ ਰਾਓ ਥਾਂ ਉੱਤੇ ਹੀ ਮਾਰੇ ਗਏ। ੨੮ ਹਜ਼ਾਰ ਲਾਸ਼ਾਂ ਦਾ ਇਕ ਥਾਂ ਢੇਰ ਲੱਗਾ। ਹਜ਼ਾਰਾਂ, ਨੱਠਦਿਆਂ ਨੇ ਖਾਈਆਂ ਵਿਚ ਡਿਗ ਜਾਨ ਦੇ ਦਿੱਤੀ। ੨੨ ਹਜ਼ਾਰ ਬੰਦੀ ਬਣਾਏ ਗਏ। ਮਰਹੱਟਿਆਂ ਦੀ ਪੂਰੀ ਹਾਰ ਸੀ ਤੇ ਅਬਦਾਲੀ ਮਰਹੱਟਿਆਂ ਦੀ ਤਾਕਤ ਖਿੰਡਾਣ ਵਿਚ ਕਾਮਯਾਬ ਹੋ ਗਿਆ।

**ਸਿੱਖਾਂ ਦਾ ਲਾਹੌਰ ਉੱਤੇ ਕਬਜ਼ਾ** : ਅਹਿਮਦ ਸ਼ਾਹ ਮਰਹੱਟਿਆਂ ਨਾਲ ਲੋਹਾ ਲੈਣ ਲਈ ਇਤਨਾ ਉਤਾਵਲਾ ਸੀ ਕਿ ਉਹ ਪੰਜਾਬ ਵਿਚ ਕੋਈ ਪੱਕਾ ਇੰਤਜ਼ਾਮ ਸਿੱਖਾਂ ਦੀ ਰੋਕ ਥਾਮ ਲਈ ਵੀ ਨਾ ਕਰ ਸਕਿਆ। ਅਬਦਾਲੀ ਦਿੱਲੀ ਜਾਂਦੇ ਹੋਏ ਕਰੀਮ ਦਾਦ ਖ਼ਾਨ ਨੂੰ ਲਾਹੌਰ ਦਾ ਪ੍ਰਬੰਧਕ ਥਾਪ ਗਿਆ। ਜ਼ੈਨ ਖ਼ਾਨ ਨੂੰ ਸਰਹੰਦ ਦਾ ਇੰਤਜ਼ਾਮ ਸੰਭਾਲਣ ਲਈ ਕਿਹਾ। ਜਲੰਧਰ ਦਾ ਇੰਤਜ਼ਾਮ ਸਰਬੁਲੰਦ ਖ਼ਾਨ ਕੋਲ ਹੀ ਰਿਹਾ। ਦਾਦ ਖ਼ਾਨ ਜ਼ਰਾ ਵੀ ਪ੍ਰਬੰਧ ਨਾ ਕਰ ਸਕਿਆ। ਇਸ ਲਈ ਸਾਰੀ ਜ਼ਿੰਮੇਵਾਰੀ ਸਰਬੁਲੰਦ ਖ਼ਾਨ ਉੱਤੇ ਹੀ ਆ ਪਈ। ਦੁਰਾਨੀ ੧੨,੦੦੦ ਫ਼ੌਜ ਵੀ ਖ਼ਤਰਾ ਜਾਣ ਕੇ ਟਾਕਰੇ ਲਈ ਛੱਡ ਗਿਆ। ਸਰਬੁਲੰਦ ਖ਼ਾਨ ਦੀ ਇਤਨੀ ਜੁਰਅਤ ਨਾ ਹੋ ਸਕੀ ਕਿ ਲਾਹੌਰ ਆਪ ਆ ਕੇ ਸਿੱਖਾਂ ਵਿਰੁੱਧ ਮੁਹਿੰਮ ਚਲਾਏ। ਸਿੱਖ ਤਾਂ ਐਸੇ ਮੌਕੇ ਨੂੰ ਗ਼ਨੀਮਤ ਸਮਝਦੇ ਸਨ। ਅਬਦਾਲੀ ਪਾਨੀਪਤ ਰੁੱਝਿਆ ਹੋਇਆ ਸੀ ਅਤੇ ਉਸ ਦਾ ਉੱਥੋਂ ਮੁੜਨਾ ਅਸੰਭਵ ਸੀ। ਸਾਦਤ ਯਾਰ ਖ਼ਾਨ, ਜਿਸ ਨੂੰ ਪ੍ਰਬੰਧ ਕਰਨ ਲਈ ਸਰਬੁਲੰਦ ਖ਼ਾਨ ਨੇ ਲਾਹੌਰ ਭੇਜਿਆ ਸੀ, ਉਹ ਨਿਕੰਮਾ ਸਾਬਤ ਹੋਇਆ ਤੇ ਲਾਹੌਰ ਛੱਡ ਕੇ ਨੱਸ ਉੱਠਿਆ। ਦੀਵਾਨ ਸੂਰਤ ਸਿੰਘ ਨੇ ਹਾਲਾਤ ਕਾਬੂ ਕਰਨੇ ਚਾਹੇ ਪਰ ਉਹ

Sri Satguru Jagjit Singh Ji eLibrary NamdhariElibrary@gmail.com

ਵੀ ਕਾਮਯਾਬ ਨਾ ਹੋਇਆ। ਫਿਰ ਮੋਮਨ ਖ਼ਾਨ ਕਸੂਰ ਵਾਲੇ ਦੇ ਪੁੱਤਰ ਮੀਰ ਮੁਹੰਮਦ ਖ਼ਾਨ ਨੇ ਵਾਗ ਡੋਰ ਹੱਥ ਲਈ। ਇਤਨੀਆਂ ਛੇਤੀ ਤਬਦੀਲੀਆਂ ਪ੍ਰਗਟ ਕਰ ਰਹੀਆਂ ਸਨ ਕਿ ਸਿੱਖਾਂ ਨੂੰ ਰੋਕਣਾ ਕਠਿਨ ਹੈ। ਦੀਵਾਲੀ, (੭ ਨਵੰਬਰ, ੧੭੬੦) ਨੂੰ ਸਰਬਤ ਖ਼ਾਲਸਾ ਅੰਮ੍ਰਿਤਸਰ ਜੁੜਿਆ ਤੇ ਗੁਰਮਤਾ ਕੀਤਾ ਕਿ ਲਾਹੌਰ ਉੱਤੇ ਕਬਜ਼ਾ ਕੀਤਾ ਜਾਏ। ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੀ ਅਗਵਾਈ ਹੇਠਾਂ ਸਰਦਾਰ ਹਕੀਕਤ ਸਿੰਘ ਕਨ੍ਹਈਆ, ਸਰਦਾਰ ਹਰੀ ਸਿੰਘ ਭੰਗੀ, ਸਰਦਾਰ ਚੜ੍ਹਤ ਸਿੰਘ ਸ਼ੁਕਰਚੱਕੀਆ, ਭਾਈ ਗੁੱਜਰ ਸਿੰਘ, ਭਾਈ ਲਹਿਣਾ ਸਿੰਘ ਨੇ ਹਮਲੇ ਕੀਤੇ। ਲਾਹੌਰ ਦੀਆਂ ਬਾਹਲੀਆਂ ਬਸਤੀਆਂ ਜ਼ੇਰ ਕਰ ਲਈਆਂ। ੧੫ ਦਿਨ ਕਬਜ਼ਾ ਜਮਾਈ ਰੱਖਿਆ। ਸਿੱਖ ਜਾਣਦੇ ਸਨ ਕਿ ਮੀਰ ਮੁਹੰਮਦ ਖ਼ਾਨ ਕਿਲ੍ਹਾ ਛੱਡ ਕੇ ਟਾਕਰੇ ਉੱਤੇ ਨਹੀਂ ਆਉਣ ਲੱਗਾ ਕਿਉਂ ਜੋ ਅਬਦਾਲੀ ਦਾ ਬਹੁਤਾ ਖ਼ਜ਼ਾਨਾ ਕਿਲ੍ਹੇ ਵਿਚ ਹੀ ਸੀ। ਸਿੱਖ ਵੀ ਲਾਹੌਰ ਅੰਦਰ ਜਾਣਾ ਠੀਕ ਨਹੀਂ ਸਮਝਦੇ ਸਨ। ਸ਼ਹਿਰ ਦੇ ਵਸਨੀਕ ਘਬਰਾਏ ਹੋਏ ਮੀਰ ਮੁਹੰਮਦ ਕੋਲ ਗਏ ਕਿ ਸਿੱਖਾਂ ਨੂੰ ਰਕਮ ਦੇ ਕੇ ਟਾਲ ਦਿੱਤਾ ਜਾਏ ਅਤੇ ਲਾਹੌਰ ਉੱਤੇ ਹਮਲਾ ਨਾ ਕਰਨ ਦੀ ਬੇਨਤੀ ਕੀਤੀ ਜਾਏ। ਸਿੱਖ ਵੀ ਇਤਨਾ ਹੀ ਚਾਹੁੰਦੇ ਸਨ। ਹਰ ਕੋਈ ਜਾਣਦਾ ਸੀ ਕਿ ਅਬਦਾਲੀ ਕਿਸੇ ਸੂਰਤ ਲਾਹੌਰ ਤੇ ਕਿਸੇ ਹੋਰ ਦਾ ਕਬਜ਼ਾ ਜਰ ਨਹੀਂ ਸਕੇਗਾ। ਸੋ ੩੦,੦੦੦ ਰੁਪਏ ਭੇਜ ਸਿੱਖਾਂ ਨੂੰ ਲਾਹੌਰੋਂ ਦੂਰ ਜਾਣ ਲਈ ਕਿਹਾ ਗਿਆ। ਸਰਬੁਲੰਦ ਖ਼ਾਨ ਨੇ ਜਦ ਸੁਣਿਆ ਤਾਂ ਤਾੜਨਾ ਕੀਤੀ। ਮੁਹੰਮਦ ਖ਼ਾਨ ਨੂੰ ਗ੍ਰਿਫ਼ਤਾਰ ਕਰਨ ਲਈ ਯਾਕੂਬ ਖ਼ਾਨ ਤੇ ਅਜਮਲ ਖ਼ਾਨ ਭੇਜੇ। ਸਰਬੁਲੰਦ ਖ਼ਾਨ ਨੇ ਲਾਹੌਰ ਦਾ ਇੰਤਜ਼ਾਮ ਫਿਰ ਆਪ ਸੰਭਾਲ ਲਿਆ। ਸਿੱਖਾਂ 'ਚਾਰ ਮਹੱਲ' ਦੇ ਗਵਰਨਰ ਤਮਾਸ ਖ਼ਾਨ ਨੂੰ ਵੀ ਬੰਦੀ ਬਣਾਇਆ ਅਤੇ ਤਗੜੀ ਰਕਮ ਵਸੂਲ ਕਰ ਕੇ ਹੀ ਛੱਡਿਆ।

**ਅਬਦਾਲੀ ਦਾ ਪਾਨੀਪਤ ਦੀ ਜਿੱਤ ਬਾਅਦ ਵਾਪਸ ਮੁੜਨਾ** : ਅਬਦਾਲੀ ਦੀ ਪਾਨੀਪਤ ਦੀ ਜਿੱਤ ਤੋਂ ਬਾਅਦ ਪਹਿਲਾਂ ਇਹ ਵਿਚਾਰ ਬਣੀ ਸੀ ਕਿ ਦੱਖਣ ਤਕ ਮਰਹੱਟਿਆਂ ਦਾ ਪਿੱਛਾ ਕਰ ਕੇ ਮੂਲੋਂ ਹੀ ਮੁਕਾਇਆ ਜਾਏ, ਪਰ ਅਬਦਾਲੀ ਦੀਆਂ ਫ਼ੌਜਾਂ ਦੋ ਸਾਲ ਦੇ ਲੰਮੇ ਅਰਸੇ ਤੋਂ ਜੰਗ ਵਿਚ ਰੁੱਝੀਆਂ ਹੋਣ ਕਾਰਨ ਘਰ ਮੁੜਨ ਲਈ ਉਤਾਵਲੀਆਂ ਸਨ। ਫ਼ੌਜਾਂ ਨੇ ਹੋਰ ਅਗਾਂਹ ਜਾਣ ਤੋਂ ਇਨਕਾਰ ਕਰ ਦਿੱਤਾ। ਨਜੀਬ-ਉਦ-ਦਉਲਾ ਰੁਹੇਲਾ ਇਹ ਪ੍ਰੇਰਨਾ ਦੇ ਰਿਹਾ ਸੀ ਕਿ ਦੱਖਣ ਵਿਚੋਂ ਧਨ ਦੌਲਤ ਅਥਾਹ ਮਿਲ ਜਾਏਗਾ। ਅਬਦਾਲੀ ਚਾਹੁੰਦਾ ਹੋਇਆ ਵੀ ਅੱਗੇ ਨਾ ਜਾ ਸਕਿਆ ਤੇ ਵਾਪਸ ਕਾਬਲ ਮੁੜਿਆ। ਪੰਜਾਬ, ਕਸ਼ਮੀਰ ਤੇ ਸਿੰਧ ਨੂੰ ਕਬਜ਼ੇ 'ਰੱਖ ਉਸ ਸੰਤੁਸ਼ਟਤਾ ਪ੍ਰਗਟਾਈ।

**ਸਿੱਖਾਂ ਦਾ ਅਬਦਾਲੀ ਨੂੰ ਤੰਗ ਕਰਨਾ** : ਸਿੱਖਾਂ ਨੂੰ ਅਬਦਾਲੀ ਦੇ ਕਾਬਲ ਮੁੜਨ ਦੀ ਸੂਹ ਮਿਲ ਗਈ। ਉਨ੍ਹਾਂ ਨੂੰ ਇਹ ਪਤਾ ਲੱਗਾ ਕਿ ਅਬਦਾਲੀ ਕਾਬਲ ਮੁੜਨ ਦੀ ਜਲਦੀ ਵਿਚ ਹੈ। ਸੋ ਅਬਦਾਲੀ ਨੂੰ ਆਪਣੀ ਹੋਂਦ ਦਾ ਅਹਿਸਾਸ ਕਰਾਉਣਾ ਸਿੱਖ ਜ਼ਰੂਰੀ ਸਮਝਦੇ ਸਨ। ਅਬਦਾਲੀ ਦੇ ਕੈਂਪ ਦੇ ਲਾਗੇ ਹੀ ਸਿੱਖ ਆਪਣੇ ਜੱਥੇ ਲੈ ਆਏ। ਬਰਾਊਨ ਲਿਖਦਾ ਹੈ : ''ਤੀਜੀ ਪਾਨੀਪਤ ਦੀ ਲੜਾਈ ਉਪਰੰਤ ਅਬਦਾਲੀ ਦੀਆਂ ਫ਼ੌਜਾਂ ਜਦ ਸਤਲੁਜ ਨੂੰ ਪਾਰ ਕਰ ਰਹੀਆਂ ਸਨ ਤਾਂ ਸਿੱਖਾਂ ਨੇ ਅਬਦਾਲੀ ਦੀ ਫ਼ੌਜ ਨੂੰ ਲੁਟਣਾ ਅਰੰਭ ਕਰ ਦਿੱਤਾ। ਜੋ ਪਿੱਛੇ ਰਹਿ ਜਾਂਦਾ ਉਹ ਸਿੱਖਾਂ ਦਾ ਸ਼ਿਕਾਰ ਬਣਦਾ। ਅਬਦਾਲੀ ਦੀਆਂ ਫ਼ੌਜਾਂ ਸਿੱਖਾਂ ਦਾ ਟਾਕਰਾ ਕਰਨ ਯੋਗ ਨਹੀਂ ਸਨ ਰਹੀਆਂ ਕਿਉਂ ਜੋ ਉਹ ਧਨ ਦੌਲਤ ਨਾਲ ਲੱਦੀਆਂ

ਸਨ। ਸਿੱਖਾਂ ਨੇ ਅਟਕ ਤੱਕ ਅਬਦਾਲੀ ਦਾ ਪਿੱਛਾ ਕੀਤਾ ਅਤੇ ਵਾਪਸ ਆ ਕੇ ਸਿੰਘਾਂ ਨੇ ਲਾਹੌਰ ਨੂੰ ਘੇਰ ਲਿਆ।'' ਤੈਮੂਰ ਸ਼ਾਹ ਆਪ ਵੀ ਸਿੱਖਾਂ ਦੀ ਦੀਦਾ-ਦਲੇਰੀ ਦਾ ਜ਼ਿਕਰ ਕਰਦਾ ਹੈ। ਜਦ ਫ਼ੌਜਾਂ ਚਨਾਬ ਪਾਰ ਕੀਤਾ ਤਾਂ ਸਰਦਾਰ ਚੜ੍ਹਤ ਸਿੰਘ (ਸ਼ੁਕਰਚਕੀਆ) ੧੨੦੦ ਸਿਪਾਹੀ ਨਾਲ ਲੈ ਕੇ ਪਿੱਛੇ ਹੀ ਲੱਗ ਪਿਆ। ਇਕ ਰਾਤ ਸਿੱਖ ਚੁਪ ਚਾਪ ਕਰ ਕੇ ਟੁਰਦੇ ਤੇ ਦੂਜੀ ਰਾਤ ਨੂੰ ਹਮਲਾ ਕਰ ਕੇ ਮਾਲ ਖੋਹ ਲੈਂਦੇ। ਅਬਦਾਲੀ ਰੋਕ ਪਾਉਣਾ ਚਾਹੁੰਦਾ ਹੋਇਆ ਵੀ ਨਹੀਂ ਸੀ ਪਾ ਸਕਦਾ ਕਿਉਂਕਿ ਸਿੱਖ ਅਬਦਾਲੀ ਦੇ ਵੱਡੇ ਕੈਂਪ ਤੋਂ ੧੨ ਕੋਹ ਦੁਰਾਡੇ ਹੀ ਰਹਿੰਦੇ ਸਨ। ਜੁਰਅਤ ਦੀ ਹੱਦ ਦੋ ਸਿੰਘਾਂ, ਭਾਈ ਹਾਠੂ ਸਿੰਘ ਤੇ ਭਾਈ ਅਘੜ ਸਿੰਘ ਜੀ ਨੇ ਦੱਸੀ। ਉਹ ਕੈਂਪ ਦੇ ਲਾਗੇ ਹੀ ਰਹਿ ਰੋਜ਼ ਅਬਦਾਲੀ ਨੂੰ ਤੰਗ ਕਰ ਰਹੇ ਸਨ। ਪਕੜੇ ਜਾਣ ਤੇ ਅਬਦਾਲੀ ਦੇ ਸਾਹਮਣੇ ਪੇਸ਼ ਕੀਤੇ ਗਏ। ਅਬਦਾਲੀ ਨੇ ਪੁੱਛਿਆ : ''ਤੁਸੀਂ ਕੈਂਪ ਦੇ ਲਾਗੇ ਕੀ ਕਰਨ ਆਏ ਸੀ?'' ਸਿੰਘਾਂ ਨੇ ਨਿਰਭੈਤਾ ਨਾਲ ਜੁਆਬ ਦਿੱਤਾ, ''ਤੈਨੂੰ ਮਾਰਨ ਆਏ ਹਾਂ।'' ਅਬਦਾਲੀ ਨੇ ਦੋਹਾਂ ਸਿੰਘਾਂ ਨੂੰ ਹਾਥੀ ਕੋਲੋਂ ਲਤੜਵਾ ਕੇ ਮਰਵਾ ਦਿੱਤਾ। ਭਾਈ ਹਾਠੂ ਸਿੰਘ ਜੀ ਇਕ ਬਹੁਤ ਵੱਡੇ ਸੂਰਮੇ ਤੇ ਸੱਚਮੁੱਚ ਹੀ ਹਠੀ ਸਨ। ਭਾਈ ਹਾਠੂ ਸਿੰਘ ਆਪਣੇ ਹੱਥੀਂ ''ਸੰ ਖ਼ੂਨੀ ਹਾਥੀ ਮਾਰ ਚੁੱਕੇ ਸਨ।''

ਉਨ੍ਹਾਂ ਨੂੰ ਜਦ ਹਾਥੀ ਅੱਗੇ ਸੁੱਟਿਆ ਗਿਆ ਤਾਂ ਹਾਥੀ ਨਮਸਕਾਰ ਕਰ ਕੇ ਪਿੱਛੇ ਮੁੜ ਗਿਆ। ਇਕ ਹੋਰ ਹਾਥੀ ਚਾੜ੍ਹ ਆਂਦਾ ਪਰ ਉਹ ਵੀ ਹਾਠੂ ਸਿੰਘ ਪਾਸੋਂ ਦੀ ਲੰਘ ਗਿਆ। ਫਿਰ ਅਬਦਾਲੀ ਨੇ ਦੋ-ਦੋ ਹਾਥੀਆਂ ਦੇ ਪੈਰਾਂ ਨਾਲ ਦੋਵੇਂ ਲੱਤਾਂ ਬੰਨ੍ਹ ਕੇ ਚੀਰ ਫਾੜ ਕੇ ਸ਼ਹੀਦ ਕੀਤਾ।[1]

**੨੨੦੦ ਲੜਕੀਆਂ ਨੂੰ ਛੁਡਾਉਣਾ**—ਸਿੱਖਾਂ ਦੇ ਜਥੇਦਾਰ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੂੰ ਖ਼ਬਰ ਪੁੱਜੀ ਕਿ ਧਨ ਦੌਲਤ ਦੇ ਨਾਲ ਹੀ ਅਬਦਾਲੀ ਹਿੰਦੁਸਤਾਨ ਦੀ ਇੱਜ਼ਤ ੨੨੦੦ ਬੱਚੀਆਂ ਵੀ ਲੈ ਜਾ ਰਿਹਾ ਹੈ। ''ਬ੍ਰਹਮ ਗਿਆਨੀ ਪਰਉਪਕਾਰ ਉਮਾਹ' ਕੇ ਕਥਨ ਅਨੁਸਾਰ ਸਿੱਖ ਲੜਕੀਆਂ ਨੂੰ ਅਬਦਾਲੀ ਦੇ ਪੰਜੇ ਤੋਂ ਛੁਡਾਉਣ ਲਈ ਉੱਠ ਤੁਰੇ। ਜਿਹਲਮ[2] ਤਕ ਅਬਦਾਲੀ ਦਾ ਪਿੱਛਾ ਕੀਤਾ ਜਦ ਬੇੜੀਆਂ ਉੱਤੇ ਜਿਹਲਮ ਪਾਰ ਕਰਨ ਲਈ ਲੜਕੀਆਂ ਨੂੰ ਚੜ੍ਹਾਇਆ ਤਾਂ ਸਿੱਖ ਫ਼ੌਜਾਂ ਨੇ ੨੨੦੦ ਬੱਚੀਆਂ ਨੂੰ ਛੁਡਾ ਕੇ ਘਰੋ ਘਰ ਪਹੁੰਚਾਇਆ। ਬਰਾਊਨ ਦਾ ਕਹਿਣਾ ਹੈ ਕਿ ਘੋੜੇ ਤੇ ਸਵਾਰ ਮਰਹੱਟਾ ਬੇਟੀ ਨੂੰ ਪਿੱਛੇ ਬਿਠਾਏ ਸਿੰਘ, ਮਹਾਂਰਾਸ਼ਟਰ ਵਿਚ ਸਿੱਖਾਂ ਦੀ ਸੂਰਮਗਤੀ ਤੇ ਪਰਉਪਕਾਰ ਦੀ ਇਸ ਤੋਂ ਸੁੰਦਰ ਮਿਸਾਲ ਮਿਲਣੀ ਕਠਨ ਹੈ।

**ਅਬਦਾਲੀ ਦਾ ਗੁੱਸਾ** : ਅਬਦਾਲੀ ਨੂੰ ਲਾਹੌਰ ਪੁੱਜਦੇ ਸਾਰ ਸਿੱਖਾਂ ਦੇ ਨਿੱਤ ਨਵੇਂ ਦਿਨ ਹਮਲਾ ਕਰਨ ਦੀਆਂ ਖ਼ਬਰਾਂ ਸ਼ਹਿਰ ਨਿਵਾਸੀਆਂ ਨੇ ਸੁਣਾਈਆਂ। ਉਹ ਆਪ ਵੀ ਸਭ ਕੁਝ ਅੱਖੀਂ ਦੇਖ ਰਿਹਾ ਸੀ ਅਤੇ ਸਿੰਘਾਂ ਨੂੰ ਤਗੜੀ ਸੱਟ ਮਾਰਨ ਲਈ ਮਨਸੂਬੇ ਬਣਾਉਣ

---

1. ਦੋਊ ਵਲ ਦੋਊ ਗਜ ਲਗੇ
ਸਿੰਘ ਮਧ ਦੀਓ ਬੰਧਾਇ।
ਦਯੋ ਚਰਾਇ ਇਮ ਰੋਬਰੋ,
ਸਾਹਿ ਸੁ ਗੁਸਾ ਖਾਇ। (ਪ੍ਰਾਚੀਨ ਪੰਥ ਪ੍ਰਕਾਸ਼)
2. ਕਈ ਇਤਿਹਾਸਕਾਰਾਂ ਦਾ ਖ਼ਿਆਲ ਹੈ ਕਿ ਇਹ ਸਤਲੁਜ ਸੀ।

Sri Satguru Jagjit Singh Ji eLibrary NamdhariElibrary@gmail.com

ਲੱਗਾ। ਪਰ ਅਜੇ ਉਹ ਕਾਬਲ ਵਾਪਸ ਜਾਣਾ ਜ਼ਰੂਰੀ ਸਮਝਦਾ ਸੀ। ਅਗਲੀ ਮੁਹਿੰਮ ਹਰ ਕੋਈ ਜਾਣ ਗਿਆ ਸੀ ਕਿ ਸਿੱਖਾਂ ਵਿਰੁੱਧ ਹੀ ਹੋਵੇਗੀ। ਪੰਜਾਬ ਵਿਚ ਅਠਾਰ੍ਹਵੀਂ ਸਦੀ ਦੇ ਅੱਧ ਤੋਂ ਬਾਅਦ ਚਾਰ ਤਾਕਤਾਂ ਆਪਣਾ ਕਬਜ਼ਾ ਜਮਾਉਣ ਲਈ ਸਿਰ ਤੋੜ ਕੋਸ਼ਿਸ਼ ਕਰ ਰਹੀਆਂ ਸਨ। ਅਦੀਨਾ ਬੇਗ ਦੀ ਖ਼ਾਹਿਸ਼ ਸਭ ਤੋਂ ਵੱਧ ਪ੍ਰਬਲ ਸੀ। ਮਰਹੱਟਿਆਂ ਨੇ ਪੰਜਾਬ ਦਾਖ਼ਲ ਹੁੰਦੇ ਹੀ ਆਪਣੀ ਖ਼ਾਹਿਸ਼ ਦਾ ਪ੍ਰਗਟਾਵਾ ਕਰ ਦਿੱਤਾ ਸੀ। ਅਫ਼ਗਾਨ, ਅਬਦਾਲੀ ਦੀ ਅਗਵਾਈ ਹੇਠਾਂ ਪੰਜਾਬ ਨੂੰ ਜਿੱਤ ਕੇ ਆਪਣੇ ਵੱਲੋਂ ਅਫ਼ਗਾਨਿਸਤਾਨ ਨਾਲ ਮਿਲਾ ਚੁੱਕੇ ਸਨ ਤੇ ਇਸ ਵਿਚ ਰੋਕ ਪਾਉਣ ਵਾਲੀ ਹਰ ਤਾਕਤ ਉਨ੍ਹਾਂ ਦੀ ਦੁਸ਼ਮਣ ਸੀ। ਦਿੱਲੀ ਦਾ ਬਾਦਸ਼ਾਹ ਤਾਂ ਪੰਜਾਬ ਨੂੰ ਵਿਕਾਊ ਮਾਲ ਸਮਝ ਕੇ ਵੇਚਦਾ ਰਹਿੰਦਾ ਸੀ। ਚੌਥੇ ਸਿੱਖ ਸਨ ਜੋ ਪੰਜਾਬ ਉੱਤੇ ਕਬਜ਼ਾ ਕਰਨਾ ਆਪਣਾ ਹੱਕ ਹੀ ਨਹੀਂ ਸਮਝਦੇ ਸਨ, ਸਗੋਂ ਆਪਣੀ ਜਨਮ ਭੂਮੀ ਸਮਝ ਕੇ ਇਸ ਨੂੰ ਸੁਤੰਤਰ ਕਰਾਉਣਾ ਚਾਹੁੰਦੇ ਸਨ। ਪਿਛਲੇ ਤਿੰਨ ਸਾਲਾਂ ਵਿਚ ਦੋ ਦਾਅਵੇਦਾਰ ਖ਼ਤਮ ਹੋ ਗਏ। ੧੫ ਸਤੰਬਰ, ੧੭੫੮ ਨੂੰ ਅਦੀਨਾ ਬੇਗ ਦੀ ਮੌਤ ਨਾਲ ਪਹਿਲਾ ਇਕ ਦਾਅਵੇਦਾਰ ਗਿਆ ਤੇ ਦੂਜੇ ਮਰਹੱਟੇ ਪਾਨੀਪਤ ਦੀ ਤੀਜੀ ਲੜਾਈ ਵਿਚ ਆਪਣਾ ਲੱਕ ਤੁੜਵਾ ਬੈਠੇ। ਮੈਦਾਨ ਵਿਚ ਦੋ ਹੀ ਦਾਅਵੇਦਾਰ ਰਹਿ ਗਏ, ਅਬਦਾਲੀ ਅਤੇ ਸਿੱਖ। ਅਗਲੇ ਛੇ ਸਾਲਾਂ ਦਾ ਇਤਿਹਾਸ ਅਬਦਾਲੀ ਅਤੇ ਸਿੱਖਾਂ ਦੀ ਟੱਕਰ ਹੈ। ਇਸ ਟਾਕਰੇ ਵਿਚ ਅਬਦਾਲੀ ਨੂੰ ਆਪਣੀ ਹਾਰ ਮੰਨਣੀ ਪਈ ਕਿਉਂਕਿ ਸਿੱਖਾਂ ਨੂੰ ਹਰਾਉਣਾ ਉਸ ਦੇ ਵੱਸ ਦਾ ਰੋਗ ਨਹੀਂ ਸੀ। ਸਿੱਖਾਂ ਨੂੰ ਦਿੱਤੀ ਮਾਰ 'ਪਾਣੀ ਵਿਚ ਸੋਟੇ' ਮਾਰਨ ਵਾਂਗ ਹੀ ਸੀ, ਸਗੋਂ ਖ਼ਾਲਸਾ ਸ਼ਹੀਦੀਆਂ ਪਾ ਹੋਰ ਮਜ਼ਬੂਤ ਤੇ ਤਗੜਾ ਹੋ ਰਿਹਾ ਸੀ :

*ਖਾਲਸਾ ਭਯੋ ਅਖੁਟ ਨਦੀ*
*ਜਿਮ ਸੁੰਮੇਵਾਣੀ।*
*ਅਗਲੇ ਆਗੈ ਤੁਰੇ ਔਰ*
*ਤਬ ਆਵੈ ਪਾਣੀ।*

ਸਿੱਖ ਇਤਨੇ ਮਜ਼ਬੂਤ ਹੋ ਗਏ ਸਨ ਕਿ ਉਨ੍ਹਾਂ ਨੂੰ ਇਕ ਵਾਰ ਹਰਾਉਣਾ ਕਠਨ ਸੀ ਤੇ ਦੂਜੇ ਸਿੱਖ ਲੜਾਈ ਦੇ ਨਵੇਂ ਢੰਗ ਤੋਂ ਵੀ ਜਾਣੂ ਹੋ ਗਏ ਸਨ ਅਤੇ ਉਹ ਹੁਣ ਮੈਦਾਨ ਵਿਚ ਵੀ ਲੜਨ ਤੋਂ ਨਹੀਂ ਝਿਜਕਦੇ ਸਨ।

**ਸਿੱਖਾਂ ਦਾ ਸਭ ਪਾਸੇ ਦਬਦਬਾ** : ਅਬਦਾਲੀ ਨੂੰ ਸਿੰਧ ਪਾਰ ਕਰਾ ਕੇ ਸਿੱਖ ਵਾਪਸ ਮੁੜੇ ਤੇ ਸਾਰੇ ਪੰਜਾਬ ਵਿਚ ਛਾ ਗਏ। ਸ਼ਿਵਾਲਕ ਦੀਆਂ ਪਹਾੜੀਆਂ ਉਨ੍ਹਾਂ ਦੇ ਨਾਮ ਨਾਲ ਗੂੰਜਣ ਲੱਗੀਆਂ। ਦੁਆਬੇ ਵਿਚ ਉਨ੍ਹਾਂ ਦਾ ਹੀ ਦਬਦਬਾ ਹੋ ਗਿਆ। ਮਾਝਾ ਉਨ੍ਹਾਂ ਦੇ ਕਬਜ਼ੇ ਵਿਚ ਸੀ ਤੇ ਚਾਰ ਮਹੱਲ ਦੇ ਫ਼ੌਜਦਾਰ [1] ਨੂੰ ਮਾਰ ਕੇ ਰਾਖੀ ਵਸੂਲ ਕੀਤੀ। ਅਹਿਮਦਸ਼ਾਹ ਨੇ ਆਪਣੇ ਜਰਨੈਲ ਨੂਰ-ਉਦ-ਦੀਨ ਬਮਜ਼ਈ ਨੂੰ ਨਿਯਤ ਕੀਤਾ ਕਿ ਸਿੱਖਾਂ ਨੂੰ ਰੋਕੇ। ਉਹ ਪੰਜਾਬ ਵੜਿਆ ਹੀ ਸੀ ਕਿ ਸਰਦਾਰ ਚੜ੍ਹਤ ਸਿੰਘ ਸ਼ੁਕਰਚਕੀਆ ਨੇ ਹਾਰ ਦੇ ਕੇ ਭਜਾ ਦਿੱਤਾ। ਇਸ ਤਰ੍ਹਾਂ ਪੂਰੇ ਪੰਜਾਬ ਵਿਚ ਹੀ ਸਿੱਖਾਂ ਦਾ ਦਬਦਬਾ ਹੋ ਗਿਆ :

*ਸਤਿਗੁਰ ਵਧਾਯਾ ਖਾਲਸਾ*
*ਸਭ ਆਖ ਉਚਾਰੇ।*

---

1. ਖ਼ਵਾਜਾ ਮਿਰਜ਼ਾ ਜਾਨ।

Sri Satguru Jagjit Singh Ji eLibrary NamdhariElibrary@gmail.com

*ਜੋ ਦੁਸ਼ਮਣ ਥੇ ਖਾਲਸੇ*
*ਸੋ ਬੋਹਰ ਜਿਉਂ ਗਾਰੇ।*

**ਗੁਜਰਾਂਵਾਲੇ ਤੇ ਕਬਜ਼ਾ :** ਜਦ ਨੂਰ-ਉਦ-ਦੀਨ ਦੀ ਹਾਰ ਦੀ ਖ਼ਬਰ ਅਬਦਾਲੀ ਨੂੰ ਪੁੱਜੀ ਤਾਂ ਉਸ ਨੇ ਖ਼ਵਾਜਾ ਉਬੈਦ ਖ਼ਾਨ ਨੂੰ ਪੰਜਾਬ ਦਾ ਡਿਪਟੀ ਗਵਰਨਰ ਬਣਾਇਆ। ਉਬੈਦ ਖ਼ਾਨ ਨੇ ਸਲਾਹਾਂ ਲਏ ਸੁਣੇ ਬਗੈਰ ਸਰਦਾਰ ਚੜ੍ਹਤ ਸਿੰਘ 'ਤੇ ਹਮਲਾ ਕਰ ਦਿੱਤਾ। ਗੁਜਰਾਂਵਾਲਾ ਵਿਖੇ ਸਰਦਾਰ ਚੜ੍ਹਤ ਸਿੰਘ ਸ਼ੁਕਰਚਕੀਆ ਨੇ ਕਿਲ੍ਹਾ ਬਣਾ ਲਿਆ ਸੀ ਅਤੇ ਹਮਲੇ ਦੇ ਹੋਣ ਤੇ ਮੁਕਾਬਲਾ ਕਰਨ ਲਈ ਬਾਹਰ ਨਿਕਲੇ। ਸਿੱਖ ਕਿਲ੍ਹੇ ਤੋਂ ਬਾਹਰ ਆ ਧਾਵਾ ਬੋਲਦੇ ਅਤੇ ਉਬੈਦ ਖ਼ਾਨ ਦੀਆਂ ਫ਼ੌਜਾਂ ਨੂੰ ਭਾਜੜ ਪਾ ਫਿਰ ਵਾਪਸ ਕਿਲ੍ਹੇ ਅੰਦਰ ਚਲੇ ਜਾਂਦੇ। ਗੁਜਰਾਂਵਾਲਾ ਤੇ ਜਦ ਉਬੈਦ ਵਲੋਂ ਹਮਲੇ ਦੀ ਖ਼ਬਰ ਸਰਦਾਰ ਜੱਸਾ ਸਿੰਘ ਆਹਲੂਵਾਲੀਆ, ਸਰਦਾਰ ਹਰੀ ਸਿੰਘ ਭੰਗੀ, ਸਰਦਾਰ ਜੈ ਸਿੰਘ ਕਨ੍ਹਈਆ, ਸਰਦਾਰ ਲਹਿਣਾ ਸਿੰਘ ਤੇ ਸਰਦਾਰ ਸ਼ੋਭਾ ਸਿੰਘ ਨੇ ਸੁਣੀ ਤਾਂ ਬਾਹਰੋਂ ਹਮਲਾ ਕਰ ਕੇ ਉਬੈਦ ਖ਼ਾਨ ਨੂੰ ਨੱਠਣ ਉੱਤੇ ਮਜਬੂਰ ਕਰ ਦਿੱਤਾ। ਬੜੀ ਮੁਸ਼ਕਿਲ ਨਾਲ ਹੀ ਖ਼ਵਾਜਾ ਉਬੈਦ ਲਾਹੌਰ ਪੁੱਜ ਸਕਿਆ। ਘੋੜੇ, ਤੋਪਾਂ ਤੇ ਬਹੁਤ ਸਾਰਾ ਸਾਮਾਨ ਸਿੰਘਾਂ ਦੇ ਹੱਥ ਆਇਆ।

**ਸੁਲਤਾਨ-ਉਲ-ਕੌਮ, ਸਰਦਾਰ ਜੱਸਾ ਸਿੰਘ ਆਹਲੂਵਾਲੀਆ :** ਸਿੱਖ ਗੁਜਰਾਂਵਾਲਾ ਤੋਂ ਉਬੈਦ ਖ਼ਾਨ ਨੂੰ ਭਜਾਣ ਤੱਕ ਹੀ ਸੰਤੁਸ਼ਟ ਨ ਹੋਏ, ਸਗੋਂ ਚੜ੍ਹ ਕੇ ਲਾਹੌਰ ਨੂੰ ਜਾ ਲਿਆ। ਸ਼ਹਿਰ ਦੇ ਵਾਸੀਆਂ ਨੇ ਸਿੱਖਾਂ ਦਾ ਆਉਣਾ ਸੁਣ ਕੇ ਲਾਹੌਰ ਦੇ ਦਰਵਾਜ਼ੇ ਖੋਲ੍ਹ ਦਿੱਤੇ। ਸਰਦਾਰ ਜੱਸਾ ਸਿੰਘ ਆਹਲੂਵਾਲੀਆ ਜੇਤੂ ਦੇ ਤੌਰ ਉੱਤੇ ਲਾਹੌਰ ਦਾਖ਼ਲ ਹੋਏ। ਕੌਮ ਨੇ ਖ਼ੁਸ਼ੀ ਮਨਾਈ ਤੇ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੂੰ 'ਸੁਲਤਾਨ-ਉਲ-ਕੌਮ ਦਾ ਸਨਮਾਨ ਦਿੱਤਾ। ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਗੁਰੂ ਦੇ ਨਾਮ ਦੇ ਸਿੱਕੇ[1] ਜਾਰੀ ਕੀਤੇ ਅਤੇ ਸਿੱਕੇ ਉਪਰ–

*ਦੇਗ ਤੇਗ, ਫ਼ਤਹ, ਨੁਸਰਤ, ਬੇਦਰੰਗ,*
*ਯਾਫ਼ਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ।*

ਦੇ ਅੱਖਰ ਉਕਰਾਏ। ਸ਼ਾਹੀ ਕਿਲ੍ਹਾ ਖ਼ਵਾਜਾ ਉਬੈਦ ਖ਼ਾਨ ਕੋਲ ਹੀ ਰਿਹਾ। ਸਿੱਖਾਂ ਨੇ ਉਥੋਂ ਜਲੰਧਰ ਦੁਆਬ ਵੱਲ ਧਾਵਾ ਕੀਤਾ। ਫ਼ੌਜਦਾਰ ਸਾਦਤ ਖ਼ਾਨ ਨੇ ਸਾਦਕ ਖ਼ਾਨ ਅਫ਼ਰੀਦੀ ਨੂੰ ਹਰਾਇਆ ਤੇ ਘੁਮੰਡ ਚੰਦ ਕਟੋਚ ਪਹਾੜੀਆਂ ਵੱਲ ਨੂੰ ਭੱਜ ਗਿਆ। ਇਸ ਤਰ੍ਹਾਂ ਸਾਰਾ

---

1. ਕਈ ਇਤਿਹਾਸਕਾਰਾਂ ਨੇ ਇਹ ਗੱਲ ਲਿਖੀ ਹੈ ਕਿ ਸਰਦਾਰ ਜੱਸਾ ਸਿੰਘ ਨੇ ਸਿੱਕਿਆਂ ਉਤੇ ਇਹ ਅੱਖਰ ਉਕਰਾਏ :
"ਸਿੱਕਾ ਜਦ ਦਰ ਜਹਾਨ ਬਾ ਫ਼ਜ਼ਲ ਅਕਾਲ।
ਮੁਲਕੇ ਅਹਿਮਦ ਗ੍ਰਿਫ਼ਤ ਜਸਾ ਕਲਾਲ।"
ਇਹ ਨਿਰਮੂਲ ਲੱਗਦਾ ਹੈ। ਸਿੱਖ ਕਦੇ ਵੀ ਮੁਲਕ ਨੂੰ ਅਹਿਮਦਸ਼ਾਹ ਦਾ ਨਹੀਂ ਗਿਣਦੇ ਸਨ, ਉਹ ਤਾਂ ਮੁਲਕ ਨੂੰ ਗ਼ੈਰਾਂ ਦੇ ਕਬਜ਼ੇ ਵਿਚ ਗਿਣਦੇ ਸਨ। ਦੂਸਰੇ, ਸਰਦਾਰ ਜੱਸਾ ਸਿੰਘ ਆਪਣੇ ਆਪ ਨੂੰ ਪੰਥ ਦਾ ਨਿਮਾਣਾ ਸੇਵਕ ਸਮਝਦੇ ਸਨ। ਗਨੇਸ਼ ਦਾਸ ਵਡੇਰਾ ਨੇ ਇਸੇ ਸਿੱਕੇ ਦੇ ਜਾਰੀ ਹੋਣ ਦਾ ਕਾਰਨ ਦਿੱਤਾ ਹੈ ਕਿ ਕਈ ਮੁਸਲਮਾਨ ਇਹੋ ਜਿਹੇ ਸਿੱਕੇ ਬਣਾ ਕੇ ਅਹਿਮਦ ਸ਼ਾਹ ਕੋਲ ਲੈ ਗਏ ਤੇ ਉਸ ਨੂੰ ਹਮਲਾ ਕਰਨ ਲਈ ਉਕਸਾਇਆ ਕਿ ਉਹ ਢਿੱਲ ਨਾ ਕਰੇ।

Sri Satguru Jagjit Singh Ji eLibrary NamdhariElibrary@gmail.com

ਪੰਜਾਬ ਸਿੱਖਾਂ ਦੇ ਕਬਜ਼ੇ ਵਿਚ ਆ ਗਿਆ। ਕੁਝ ਟਾਵੀਂ-ਟਾਵੀਂ ਹਕੂਮਤ ਹੀ ਪੰਜਾਬ ਵਿਚ ਅਫ਼ਗਾਨਾਂ ਦੀ ਰਹਿ ਗਈ। ਅਫ਼ਗਾਨਾਂ, ਵਿਰੋਧੀਆਂ ਤੇ ਦੋਖੀਆਂ ਨੂੰ ਸਜ਼ਾਵਾਂ ਦੇਣ ਲਈ ਸਰਬੱਤ ਖ਼ਾਲਸਾ ਦਾ ਇਕੱਠ ਸੱਦਿਆ ਗਿਆ।

**ਦੀਵਾਲੀ ਤੇ ਗੁਰਮਤਾ** : ੨੩ ਅਕਤੂਬਰ ੧੭੬੧ ਨੂੰ ਦੀਵਾਲੀ ਦੇ ਅਵਸਰ ਤੇ ਸਰਬੱਤ ਖ਼ਾਲਸੇ ਦਾ ਇਕੱਠ ਹੋਇਆ। ਉੱਥੇ ਗੁਰਮਤਾ ਪਾਸ ਕੀਤਾ ਗਿਆ ਕਿ ਦੋਖੀਆਂ ਨੂੰ ਕਰੜੀਆਂ ਸਜ਼ਾਵਾਂ ਦਿੱਤੀਆਂ ਜਾਣ। ਦੋਖੀਆਂ ਵਿਚ ਪਹਿਲਾ ਨੰਬਰ ਆਕਲ ਦਾਸ ਦਾ ਸੀ। ਆਕਲ ਦਾਸ ਦੇ ਵਡਿੱਕੇ ਨਰਿੰਜਨੀਏ ਜੰਡਿਆਲਾ ਵਾਲੇ ਸਿੱਖਾਂ ਵਿਰੁੱਧ ਹੋਈ ਹਰ ਮੁਹਿੰਮ ਦੇ ਮੋਢੀ ਰਹਿੰਦੇ ਸਨ। ਇਹ ਨਰਿੰਜਨੀਏ ਹੀ ਸਨ ਜੋ ਬੇਦੋਸ਼ੇ ਸਿੱਖਾਂ ਦਾ ਪਤਾ ਦਸਦੇ ਸਨ ਤੇ ਫੜ ਫੜ ਕੇ ਲਾਹੌਰ ਭੇਜਦੇ ਸਨ। ੧੭੫੩ ਵਿਚ ਸੁੱਖਾ ਸਿੰਘ ਦੀ ਗ੍ਰਿਫ਼ਤਾਰੀ ਤੇ ਫਿਰ ਸ਼ਹਾਦਤ ਦਾ ਕਾਰਨ ਵੀ ਨਰਿੰਜਨੀਏ ਸਨ। ਭਾਈ ਮਹਿਤਾਬ ਸਿੰਘ ਦੇ ਪਿੰਡ ਮੀਰਾਂ ਕੋਟ ਤੇ ਹਮਲਾ ਅਤੇ ਉਸ ਦੇ ਖ਼ਾਨਦਾਨ ਨੂੰ ਕਤਲ ਕਰਾਉਣ ਵਾਲੇ ਇਹ ਹੀ ਸਨ। ੧੭੪੫ ਵਿਚ ਭਾਈ ਤਾਰੂ ਸਿੰਘ ਜੀ ਨੂੰ ਪਕੜਾਉਣ ਵਾਲੇ ਗੁਰਮੁਖ ਦਾਸ ਵੀ ਨਰਿੰਜਨੀਏ ਹੀ ਸਨ। ਪਿਛਲੇ ਕੁਝ ਸਾਲਾਂ ਤੋਂ ਆਕਲ ਦਾਸ ਸਿੱਖਾਂ ਨਾਲ ਵੈਰ ਕਮਾਉਣ ਵਿਚ ਅਗੇਰੇ ਸੀ। ਸੋ ਇਸ ਰੌਸ਼ਨੀ ਵਿਚ ਸਰਬਤ ਖ਼ਾਲਸਾ ਨੇ ਜੰਡਿਆਲਾ ਦੇ ਆਕਲ ਦਾਸ ਨੂੰ ਸਜ਼ਾ ਦੇਣ ਲਈ ਜੰਡਿਆਲੇ ਨੂੰ ਘੇਰਾ ਪਾ ਲਿਆ। ਦੋਖੀਆਂ ਦੀ ਸੂਚੀ ਵਿਚ ਹੋਰ ਨਾਮ ਕਸੂਰੀਏ ਖੇਸ਼ਗੀ ਮਲੇਰਕੋਟਲੇ ਦੇ ਅਫ਼ਗਾਨ ਤੇ ਜ਼ੈਨ ਖ਼ਾਨ ਸਰਹੰਦੀ ਵੀ ਸਨ।

**ਆਕਲ ਦਾਸ ਦਾ ਅਬਦਾਲੀ ਨੂੰ ਲਿਖਣਾ** : ਸਰਬਤ ਖ਼ਾਲਸਾ ਨੇ ਹਮਲਾ ਕਰਨ ਦੀ ਖ਼ਬਰ ਆਕਲ ਦਾਸ ਨੂੰ ਪਹੁੰਚਾ ਦਿੱਤੀ ਕਿ ਸਿੰਘ ਚੜ੍ਹਾਈ ਕਰਨ ਆ ਰਹੇ ਹਨ। ਉਸੇ ਸਮੇਂ ਆਕਲ ਦਾਸ ਨੇ ਉਬੈਦ ਖ਼ਾਨ ਨੂੰ ਲਿਖਿਆ। ਉਬੈਦ ਤਾਂ ਆਪ ਮਾਰ ਖਾ ਕੇ ਫੱਟਾਂ ਤੇ ਮਰ੍ਹਮ ਲਗਾ ਰਿਹਾ ਸੀ, ਮਦਦ ਕੀ ਕਰ ਸਕਦਾ ਸੀ? ਸਿੰਘਾਂ ਨੇ ਜੰਡਿਆਲਾ ਘੇਰ ਲਿਆ। ਆਕਲ ਦਾਸ ਨੇ ਗਿੜਗਿੜਾ ਕੇ ਅਬਦਾਲੀ ਨੂੰ ਚਿੱਠੀ ਲਿਖੀ ਕਿ ਉਸ ਨੂੰ ਸਿੱਖਾਂ ਹੱਥੋਂ ਬਚਾਏ। ਅਬਦਾਲੀ ਨੇ ਸੁਣਦੇ ਸਾਰ ਹੀ ਪੰਜਾਬ ਵੱਲ ਧਾਵਾ ਬੋਲ ਦਿੱਤਾ ਅਤੇ ਸਿੱਖਾਂ ਨੂੰ ਵੀ ਸੂਹ ਮਿਲ ਗਈ ਕਿ ਅਬਦਾਲੀ ਚੜ੍ਹ ਕੇ ਆ ਰਿਹਾ ਹੈ। ਮਤਾ ਪਕਾਇਆ ਕਿ ਟੱਬਰ ਟੀਰ ਨੂੰ ਮਾਲਵੇ ਪਹੁੰਚਾ ਕੇ ਸਿੱਧਾ ਅਬਦਾਲੀ ਦਾ ਟਾਕਰਾ ਕੀਤਾ ਜਾਏ। ਜੰਡਿਆਲੇ ਦਾ ਘੇਰਾ ਚੁੱਕ ਲਿਆ ਅਤੇ ਸਤਲੁਜ ਪਾਰ ਆਪਣੇ ਪਰਿਵਾਰ ਲੈ ਗਏ। ਅਬਦਾਲੀ ਰੁਹਤਾਸ ਸੀ ਜਦ ਆਕਲ ਦਾਸ ਇਹ ਖ਼ਬਰ ਲੈ ਕੇ ਪੁੱਜਾ ਕਿ ਸਿੱਖਾਂ ਦੇ ਕਾਫ਼ਲੇ ਮਾਲਵੇ ਜਾ ਰਹੇ ਸਨ। ਸਰਹੰਦ ਦੇ ਫ਼ੌਜਦਾਰ ਜ਼ੈਨ ਖ਼ਾਨ ਦੀ ਸਰਦਾਰ ਦਿਆਲ ਸਿੰਘ ਬਰਾੜ ਨੂੰ ਸ਼ਹੀਦ ਕਰ ਦੇਣ ਦੀ ਖ਼ਬਰ ਸੁਣ ਕੇ ਕੁਝ ਸਿੰਘ ਜਥੇ ਸਰਹੰਦ ਚਲੇ ਗਏ।

ਜ਼ੈਨ ਖ਼ਾਨ ਨੂੰ ਮਲੇਰਕੋਟਲਾ ਦੇ ਭੀਖਣ ਸ਼ਾਹ ਨੇ ਬੁਲਾਇਆ। ਜ਼ੈਨ ਖ਼ਾਨ ਨੇ ਅਬਦਾਲੀ ਨੂੰ ਤੁਰੰਤ ਹਮਲਾ ਕਰਨ ਲਈ ਲਿਖਿਆ। ਅਬਦਾਲੀ ਮਹੀਨਿਆਂ ਦਾ ਫ਼ਾਸਲਾ ਦਿਨਾਂ ਵਿਚ ਕਰਦੇ ਹੋਏ ਲਾਹੌਰ ਪੁੱਜ ਗਿਆ। ਲਾਹੌਰ ਤੋਂ ਉਹ ਸਿੱਖਾਂ ਦੇ ਟਾਕਰੇ ਲਈ ਮਾਲਵਾ ਵੱਲ ਵਧਿਆ।

*****

Sri Satguru Jagjit Singh Ji eLibrary NamdhariElibrary@gmail.com

# ਵੱਡਾ ਘੱਲੂਘਾਰਾ

(ਫ਼ਰਵਰੀ ਦੀ ਪੰਜ, ੧੭੬੨)

੧੩

ਅਹਿਮਦ ਸ਼ਾਹ ਅਬਦਾਲੀ ਨੇ ੧੭੪੮ ਤੋਂ ਲੈ ਕੇ ੧੭੬੧ ਤੱਕ ਪੰਜ ਹਮਲੇ ਹਿੰਦੁਸਤਾਨ ਤੇ ਕੀਤੇ ਸਨ। ਪੰਜਵਾਂ ਹਮਲਾ ਨਿਰੋਲ ਮਰਹੱਟਿਆਂ ਦੇ ਵਿਰੁੱਧ ਸੀ। ਅਬਦਾਲੀ ਨੇ ਪਾਨੀਪਤ ਦੀ ਤੀਜੀ ਜੰਗ ਵਿਚ ਮਰਹੱਟਿਆਂ ਨੂੰ ਤਕੜੀ ਹਾਰ ਦਿੱਤੀ। ੧੩ ਜਨਵਰੀ, ੧੭੬੧ ਨੂੰ ਮਰਹੱਟਿਆਂ ਨੂੰ ਹਰਾਉਣ ਉਪਰੰਤ ਅਬਦਾਲੀ ਮਾਰਚ ਦੇ ਮਹੀਨੇ ਵਾਪਸ ਮੁੜ ਪਿਆ। ਜਦ ਉਹ ਵਾਪਸ ਮੁੜ ਰਿਹਾ ਸੀ ਤਾਂ ਸਿੱਖਾਂ ਨੇ ਅਬਦਾਲੀ ਕੋਲੋਂ ਖ਼ੂਬ ਹਿੱਸਾ ਵੰਡਾਇਆ। ਇਕ ਕਥਨ ਅਨੁਸਾਰ ਅਟਕ ਤਕ ਉਸ਼ ਦਾ ਪਿੱਛਾ ਕੀਤਾ। ਉਸ ਨੇ ਐਲਾਨੀਆ ਕਿਹਾ ਕਿ ਹੁਣ ਸਿੱਖਾਂ ਨੂੰ ਦਬਾ ਕੇ ਹੀ ਆਰਾਮ ਕਰਾਂਗਾ। ਉਂਜ ਸੁਘੜ ਪਰ ਸਿੱਖਾਂ ਦੇ ਚਲਨ ਨੂੰ ਨਾ ਸਮਝਣ ਵਾਲਾ ਅਣਜਾਣ ਅਬਦਾਲੀ ਨਹੀਂ ਸੀ ਜਾਣਦਾ ਕਿ ਸਿੱਖ ਕੌਮ ਨੂੰ ਕੋਈ ਹਰਾ ਨਹੀਂ ਸਕਦਾ :

*"ਵਹਿ ਮੂਰਖ ਯੌਂ ਲਖੈ ਨ ਬਾਤ।*
*ਪੰਥ ਬਲੀ ਕੋ ਹੈ ਕਿਮ ਘਾਤ।*
*ਦਸ ਪਾਤਸ਼ਾਹੀ ਲੜਤ ਬਿਤਾਈ।*
*ਇਨ ਕੀ ਜੜ ਨਿਤ ਹੋਵੈ ਸਵਾਈ।*
*ਲੜਤੇ ਮਰਤੇ ਵਧਤੇ ਜਾਹਿ।*
*ਮੂਲੋਂ ਕਿਸੇ ਤੇ ਨਾਹਿ ਖਪਾਹਿ।*
*ਜਿਮ ਕਾਟੈ ਤੇ ਫਲੈ ਗੁਲਾਬ।*
*ਤਿਮ ਇਹ ਵਾਧੇ ਪਾਇ ਅਜ਼ਾਬ।"*

**ਪੰਜਾਬ ਦੇ ਕਬਜ਼ੇ ਲਈ ਹੁਣ ਦੋ ਤਾਕਤਾਂ**—ਸਿੱਖ ਅਤੇ ਅਫ਼ਗਾਨ ਲੜ ਰਹੀਆਂ ਸਨ। ਬਾਕੀ ਸਭ ਤਾਕਤਾਂ ਜਾਂ ਮੁੱਕ ਗਈਆਂ ਸਨ ਜਾਂ ਬਲਹੀਨ ਹੋ ਗਈਆਂ ਸਨ। ਸਿੱਖ ੧੭੬੨ ਵਿਚ ਪੰਜਾਬ ਦੇ ਅਮਲੀ ਤੌਰ ਉੱਤੇ ਮਾਲਕ ਸਨ। ਅਬਦਾਲੀ ਦੇ ਨਿਯਤ ਕੀਤੇ ਗਵਰਨਰ ਖ਼ਵਾਜ਼ਾ ਮਿਰਜ਼ਾ ਖ਼ਾਨ ਚਹਾਰ ਮਹੱਲ ਵਾਲਾ, ਆਬਿਦ ਖ਼ਾਨ (ਲਾਹੌਰ), ਸਾਦਤ ਖ਼ਾਨ ਤੇ ਸਾਦਕ ਖ਼ਾਨ ਅਫ਼ਰੀਦੀ, ਸਿੱਖਾਂ ਦੀ ਵਧਦੀ ਤਾਕਤ ਨੂੰ ਰੋਕ ਨਾ ਪਾ ਸਕੇ। ਅਹਿਮਦ ਸ਼ਾਹ ਅਬਦਾਲੀ ਨੇ ਨੂਰ-ਉਦ-ਦੀਨ ਨੂੰ ਮਾਰ ਕੇ ਨਸਾ ਦਿੱਤਾ। ਲਾਹੌਰ ਦਾ ਗਵਰਨਰ ਆਬਿਦ



Sri Satguru Jagjit Singh Ji eLibrary NamdhariElibrary@gmail.com

ਖ਼ਾਨ ਵੀ ਛੱਡ ਕੇ ਨੱਸ ਗਿਆ। ਸਿੱਖਾਂ ਨੇ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਦੀ ਅਗਵਾਈ ਹੇਠਾਂ ਲਾਹੌਰ ਤੇ ਕਬਜ਼ਾ ਕੀਤਾ ਤੇ ਆਕਲਦਾਸ ਨੇ ਅਬਦਾਲੀ ਨੂੰ ਹਮਲਾ ਕਰਨ ਲਈ ਪ੍ਰੇਰਿਆ। ਸਿੱਖਾਂ ਨੂੰ ਸੂਹ ਮਿਲ ਗਈ। ਸਿੱਖਾਂ ਨੇ ਸਾਰਾ ਧਿਆਨ ਆਪਣੇ ਟੱਬਰਾਂ ਨੂੰ ਸੁਰੱਖਿਅਤ ਥਾਂ ਉੱਤੇ ਪਹੁੰਚਾਣ ਵੱਲ ਲਗਾ ਦਿੱਤਾ ਅਤੇ ਸਾਰੇ ਮਲੇਰ ਕੋਟਲੇ ਵਿਚ ਇਕੱਠੇ ਹੋਣੇ ਸ਼ੁਰੂ ਹੋਏ।

ਅਹਿਮਦ ਸ਼ਾਹ ੩ ਫ਼ਰਵਰੀ ਨੂੰ ਅੰਦਾਜ਼ਿਆਂ ਦੇ ਉਲਟ ਲਾਹੌਰ ਪੁੱਜ ਗਿਆ। ਸਿੱਖਾਂ ਦੇ ਅੰਦਾਜ਼ੇ ਮੁਤਾਬਿਕ ਘੱਟ ਤੋਂ ਘੱਟ ਉਸ ਨੂੰ ਲਾਹੌਰ ਪੁੱਜਦਿਆਂ ਦਸ ਦਿਨ ਲੱਗ ਜਾਣੇ ਸਨ। ਸਿੱਖਾਂ ਦਾ ਯਕੀਨ ਸੀ ਕਿ ਟੱਬਰਾਂ ਨੂੰ ਸੁਰੱਖਿਅਤ ਥਾਂ ਉੱਤੇ ਪਹੁੰਚਾ ਕੇ ਉਹ ਵਾਪਸ ਮੁੜ ਕੇ ਲੜਨ ਲਈ ਤਿਆਰ ਹੋ ਸਕਣਗੇ, ਪਰ ਸਿੱਖਾਂ ਦੀ ਹੈਰਾਨੀ ਦੀ ਹੱਦ ਹੀ ਨਾ ਰਹੀ ਜਦ ੫ ਫਰਵਰੀ ਨੂੰ ਕਾਸਮ ਖ਼ਾਨ ਨੂੰ ਹਮਲਾ ਕਰਦੇ ਡਿੱਠਾ। ਅਬਦਾਲੀ ਨੂੰ ਜਿੱਤ ਦਾ ਏਨਾ ਯਕੀਨ ਸੀ ਕਿ ਸ਼ਾਹ ਵਲੀ ਖ਼ਾਨ ਨੂੰ ਜਦ ਰਾਜਾ ਹਰਿ ਸਹਾਇ ਨੇ ਇਮਦਾਦ ਲਈ ਲਿਖਿਆ ਤਾਂ ਉਸ ਨੇ ਉੱਤਰ ਦਿੱਤਾ ਸੀ ਕਿ ਸਿੱਖਾਂ ਦੀ ਜੜ੍ਹ ਮੁਕਾ ਕੇ ਕੁਝ ਚਿਰ ਸਰਹੰਦ ਸ਼ਿਕਾਰ ਖੇਡੇਗਾ। ਜਿਥੇ ਸਿੰਘਾਂ ਦੇ ਟੱਬਰ ਟਿਕਦੇ ਨੇਜ਼ਿਆਂ ਤੇ ਵਸਤਰ ਟੰਗ ਬੈਰਕਾਂ ਬਣਾ ਲੈਂਦੇ। ਰਾਹ ਭਾਈ ਸੰਗੂ ਸਿੰਘ ਜੀ, ਬਾਬਾ ਆਲਾ ਸਿੰਘ ਦੇ ਭੇਜੇ ਕੋਤਵਾਲ ਬਾਈ ਸਖੂ ਸਿੰਘ ਜੀ ਹੰਭਲਵਾਲ ਤੇ ਭਾਈਕੇ ਦੇ ਭਾਈ ਬੁੱਢਾ ਸਿੰਘ (ਕੈਂਥਲ) ਦੱਸ ਰਹੇ ਸਨ। ਗੁਰੂ ਗ੍ਰੰਥ ਸਾਹਿਬ ਦੀਆਂ ਦੋਵੇਂ ਬੀੜਾਂ ਦਮਦਮੀ ਤੇ ਅੰਮ੍ਰਿਤਸਰੀ ਨਾਲ ਸਨ :

*"ਤਿਨ ਮੇ ਗਰੰਥ ਤੁਰਤ ਥੇ ਦੋਇ।*
*ਇਕ ਅੰਮ੍ਰਿਤਸਰੀਏ, ਦਮਦਮੀਏ ਜੋਇ।"*

ਗਿਆਨੀ ਗਿਆਨ ਸਿੰਘ ਦੇ ਕਥਨ ਅਨੁਸਾਰ ਸਵੇਰ ਦਾ ਸਮਾਂ ਸੀ। ਸਿੰਘ ਅਜੇ ਤਿਆਰ ਵੀ ਨਹੀਂ ਸਨ ਹੋਏ।[1] ਅਬਦਾਲੀ ਨੇ ਘੇਰਾ ਘੱਤ ਲਿਆ। ਅਬਦਾਲੀ ਦੀਆਂ ਫ਼ੌਜਾਂ ਨੇ ਪੁਜਦੇ ਸਾਰ ਹੀ ਕਤਲਿ-ਆਮ ਅਰੰਭ ਦਿੱਤਾ। ਸਿੰਘਾਂ ਨੇ ਝਟਪਟ ਤਿਆਰੇ ਕਰ ਲਏ। ਭਾਵੇਂ ਹਮਲਾ ਅਚਨਚੇਤ ਸੀ, ਪਰ ਸਿੱਖਾਂ ਨੇ ਡਟ ਕੇ ਮੁਕਾਬਲਾ ਕਰਨ ਦੀ ਠਾਣੀ। ਪਹਿਲੇ ਹੱਲੇ ਵਿਚ ਹਜ਼ਾਰਾਂ ਸਿੰਘ ਸ਼ਹੀਦ ਹੋ ਗਏ। ਟੱਬਰਾਂ ਨੂੰ ਬਚਾਉਣ ਲਈ ਸਿੱਖਾਂ ਨੇ ਵਿਚਾਰ ਬਣਾਈ, ਪਰ ਇਹ ਖ਼ਿਆਲ ਵੀ ਬਣਿਆ ਕਿ :

*"ਬਾਹਿ ਤੇ ਸਾਰੇ ਸ਼ਹੀਦ ਭਵੋ,*
*ਅਬ ਮਰੋ ਇਹ ਬਾਤ ਖਰੀ ਹੈ।"*

ਨਾਲ ਹੀ ਉਸੇ ਪਲ ਟੱਬਰਾਂ ਦਾ ਖ਼ਿਆਲ ਆਇਆ। ਉਹ ਸਾਰੇ ਬੇਦੋਸ਼ੇ ਸ਼ਹੀਦ ਕਰ ਦਿੱਤੇ ਜਾਣਗੇ। ਸੋ ਜਲਦੀ ਵਿਚ ਹੀ ਇਹ ਫ਼ੈਸਲਾ ਹੋਇਆ ਕਿ ਵਹੀਰਾਂ ਦੇ ਇਰਦ ਗਿਰਦ ਚੌਖਟਾ (ਗੋਲ ਕਿਲ੍ਹਾ) ਬਣਾ ਕੇ ਦੁਸ਼ਮਣਾਂ ਦਾ ਮੁਕਾਬਲਾ ਕੀਤਾ ਜਾਏ। ਸਰਦਾਰ

---

1. ਨਾਹਿ ਤਾੜੇ ਸੁਚੇਤੇ ਸਜੇ ਦਸਤਾਰੇ।
   ਆਨ ਕਵੇਲੇ ਪਰੈ ਕਿਤੜੇ ਤਬ ਸਿੰਘ ਕਹੇ ਗਿਲਜੇ ਗੁਮਾਰੇ।
   ਓੜਕ ਸ਼ੀਘਰ ਸਿੰਘ ਝਟਾਪਟ ਤਯਾਰ ਭਏ ਹਿਤ ਜੰਗ ਅਪਾਰੇ।
   ਅਗੇਰੇ ਹੋਇ ਲਰਨੇ ਲਗੇ ਸਿੰਘ ਤੁਪਕ ਤੀਰ ਚਲਾਏ ਕਰਾਰੇ।

Sri Satguru Jagjit Singh Ji eLibrary NamdhariElibrary@gmail.com

ਜੱਸਾ ਸਿੰਘ ਨੇ ਕਮਾਨ ਆਪਣੇ ਹੱਥ ਸੰਭਾਲ ਲਈ। ਸਰਦਾਰ ਸ਼ਾਮ ਸਿੰਘ ਦਾ ਜਥਾ ਵੀ ਨਾਲ ਸੀ। ਅਜੇ ਤਿੰਨ ਮੀਲ ਹੀ ਪੈਂਡਾ ਕੀਤਾ ਸੀ ਕਿ ਭੀਖਨ ਖ਼ਾਨ, ਜ਼ੈਨ ਖ਼ਾਨ ਅਤੇ ਸ਼ਾਹ ਵਲੀ ਖ਼ਾਨ ਆ ਪਏ। ਉਹ ਗੋਲ ਕਿਲ੍ਹਾ ਤੋੜਨ ਵਿਚ ਕਾਮਯਾਬ ਨਾ ਹੋ ਸਕੇ। ਸਿੱਖ ਫ਼ੌਜੀਆਂ ਨੇ ਇਕ ਜ਼ਿੰਦਾ ਮਨੁੱਖਾਂ ਦੀ ਦੀਵਾਰ ਖੜੀ ਕਰ ਦਿੱਤੀ। ਦਸਤੇ ਅਬਦਾਲੀ ਦੀ ਫ਼ੌਜ ਦਾ ਟਾਕਰਾ ਕਰਦੇ ਰਹੇ ਤੇ ਵਹੀਰ ਬਰਨਾਲਾ ਵੱਲ ਵਧਦਾ ਗਿਆ।[1] ਜ਼ੈਨ ਖ਼ਾਨ ਤੋਂ ਵਹੀਰ ਬਹੁਤ ਦੂਰ ਚਲਾ ਗਿਆ। ਇਸ ਤਰ੍ਹਾਂ ਟੁਰਦੇ ਤੇ ਮੁਕਾਬਲਾ ਕਰਦੇ ਸਿੱਖਾਂ ਦਾ ਜਾਨੀ ਨੁਕਸਾਨ ਬਹੁਤ ਜ਼ਿਆਦਾ ਹੋ ਰਿਹਾ ਸੀ, ਪਰ ਸਿੰਘ ਜਰਕੇ ਤੇ ਡਟਕੇ ਹਮਲੇ ਕਰ ਰਹੇ ਸਨ। ਸਰਦਾਰ ਚੜ੍ਹਤ ਸਿੰਘ ਨੇ ਇਕ ਸਲਾਹ ਦਿੱਤੀ ਕਿ ਵੱਖ-ਵੱਖ ਮਿਸਲਾਂ ਆਪਣੇ ਜਥਿਆਂ ਨਾਲ ਅਬਦਾਲੀ ਦੇ ਇਕ-ਇਕ ਜਰਨੈਲ ਨੂੰ ਜਾ ਲੈਣ ਅਤੇ ਜਿੱਥੇ ਕਿੱਥੇ ਮਦਦ ਦੀ ਲੋੜ ਪਵੇ, ਉਥੇ ਪੁੱਜ ਪੈਣ। ਸਰਦਾਰ ਜੱਸਾ ਸਿੰਘ ਜੀ ਨੇ ਕਿਹਾ—ਨਾ ਐਸਾ ਬਿਲਕੁਲ ਨਾ ਕਰਨਾ :

*"ਮਿਸਲ ਵੰਡ ਅਬ ਕਬਹੂੰ ਨ ਪਾਵੋ।*
*ਰਲ ਮਿਲ ਖੜ ਤੁਰ ਪੰਥ ਬਚਾਵੋ।"*

ਨੀਤੀ ਇਹ ਅਪਣਾਓ :

*"ਤੁਰ ਤੁਰ ਲਰੋ।*
*ਅਰ*
*ਲਰ ਲਰ ਤੁਰੋ।*

ਜਿੱਥੇ ਵਹੀਰ ਤੇ ਹੱਲੇ ਦਾ ਜ਼ੋਰ ਦੇਖੋ ਉੱਥੇ ਅੜ ਜਾਓ :

ਬਹੀਰ ਬਚਾਵਨ ਖ਼ਾਤਰ ਅੜੋ।

ਸਰਦਾਰ ਚੜ੍ਹਤ ਸਿੰਘ ਸਿਰ ਨਿਵਾਇਆ ਤੇ ਕਿਹਾ ਬਿਲਕੁਲ ਠੀਕ ਹੈ, ਮੁਕਾਬਲਾ ਖੜ੍ਹੇ ਹੋ ਕੇ ਸਿੰਘਾਂ ਵਾਂਗ ਹੀ ਕਰਨਾ ਚਾਹੀਦਾ ਹੈ।

ਅਬਦਾਲੀ ਦੀਆਂ ਫ਼ੌਜਾਂ ਵੀ ਘਾਬਰ ਕੇ 'ਤੋਬਾ ਤੇ ਅੱਲਾ' ਕਰਨ ਲੱਗ ਪਈਆਂ, ਜਦ ਸਿੰਘ ਡਟ ਕੇ ਲੜੇ :

*"ਸਿੰਘਨ ਵਟ ਕਸੀਸ ਦਈ*
*ਤਬ ਯਾਦ ਕਰਾ ਦਯੋ ਅੱਲਾ।"*

ਸਿੰਘ ਵਹੀਰ ਦੀ ਰਾਖੀ ਇਸ ਤਰ੍ਹਾਂ ਕਰ ਰਹੇ ਸਨ ਜਿਵੇਂ ਕੁੱਕੜੀ ਆਪਣੇ ਬੱਚਿਆਂ

1. ਆਪ ਬਚਾਵਹਿਗੋ ਹਥ ਦੈ, ਇਹੁ ਪੰਥ ਅਹੇ ਜਿਸ ਹੀ ਗੁਰ ਕੇਰੋ।
ਆਗੈ ਬਹੀਰ ਚਲਾਇ ਦਿਜੈ, ਸਭ ਪਾਛੈ ਚਲਤ ਕਰਤੇ ਭਰ ਭੇਰੋ।
ਮਾਨ ਲਈ ਸਭ ਪੰਥ ਇਹੀ ਝਟ ਕੀਨ ਵਹੀ ਸਰਕਾਰ ਜੁ ਟੇਰੋ।
ਸਿੰਘ ਕਟੀਲੇ ਭਏ ਕਿਛੁ ਦਾਹਿਨੇ ਬਾਏ ਭਏ ਬਹੁ ਬੀਰ ਪਿਛਾਰੀ।
ਬੀਚ ਵਹੀਰ ਕੀ ਭੀਰ ਲਈ ਕਰ ਬਾਲ ਤ੍ਰਿਆ ਅਰ ਭਾਰ ਬ੍ਰਿਦਾਰੀ।
ਯਾ ਬਿਧ ਸਿੰਘ ਚਲੇ ਰਣ ਕੋ ਲਰਤ ਭਿਰਤੇ ਕਰਤੇ ਬਲ ਭਾਰੀ।

ਦੀ, ਖੰਭ ਖਿਲਾਰ ਕੇ ਰਾਖੀ ਕਰਦੀ ਹੈ[1] ਅਹਿਮਦ ਸ਼ਾਹ ਤੇ ਉਸ ਦੇ ਜਰਨੈਲ ਇਸ ਪ੍ਰਕਾਰ ਦੀ ਲੜਾਈ ਨੂੰ ਦੇਖ ਕੇ ਹੈਰਾਨ ਹੋ ਰਹੇ ਸਨ। ਉਸ ਹੈਰਾਨੀ ਨਾਲ ਸਾਥੀ ਕੋਲੋਂ ਸਿੰਘਾਂ ਦੀ ਜੰਗ-ਨੀਤੀ ਤੇ ਸੁਭਾਅ ਬਾਰੇ ਪੁੱਛਿਆ ਤਾਂ ਉਹ ਵੀ ਨਾਦਰ ਵਾਂਗ ਬੋਲ ਪਿਆ :

*"ਹਮ ਤੈ ਕਭੀ ਨ ਮਰੈ ਹੈ ਯਾਹਿ।*
*ਪਹਿਲੇ ਮੁਗਲੋਂ ਨੇ ਬਹੁ ਮਾਰੇ।*
*ਪੁਨ ਹਮ ਨੇ ਮਾਰੇ ਬਹੁ ਬਾਰੇ।*
*ਕਸਰ ਮੁਕਾਵਨ ਪੈ ਨਹਿ ਛੋਡੀ।*
*ਫਿਰ ਇਹੁ ਬਢਦੇ ਜੇਹੈ ਹੋਡੀ।"*

ਅਹਿਮਦ ਸ਼ਾਹ ਨੇ ਵਲੀ ਖ਼ਾਨ, ਭੀਖਨ ਖ਼ਾਨ ਮਲੇਰ ਕੋਟਲੇ ਵਾਲੇ ਅਤੇ ਜ਼ੈਨ ਖ਼ਾਨ ਨੂੰ ਤਕੜੇ ਹੋ ਕੇ ਹਮਲਾ ਕਰਨ ਲਈ ਪ੍ਰੇਰਿਆ। ੪੮ ਹਜ਼ਾਰ ਫ਼ੌਜ ਵਿਚੋਂ ਅੱਠ ਹਜ਼ਾਰ ਫ਼ੌਜੀ ਵੱਖ ਕਰ ਲਏ ਤੇ ਜਮ ਕੇ ਹਮਲਾ ਕੀਤਾ। ਵਹੀਰ ਤੇ 'ਦਲ ਖ਼ਾਲਸਾ' ਵੱਖ ਕਰਨ ਵਿਚ ਅਬਦਾਲੀ ਸਫ਼ਲ ਹੋ ਗਿਆ। ਇਸ ਹਮਲੇ ਵਿਚ ਸਿੰਘਾਂ ਦੇ ਪੈਰ ਉੱਖੜੇ ਤੇ ਕਿਤਨੇ ਹੀ ਸਿੰਘ ਸ਼ਹੀਦ ਹੋ ਗਏ। ਸਿੱਖ ਸ਼ਰਦਾਰਾਂ ਤੇ ਜਥਿਆਂ ਦੀ ਵਾੜ ਇਸ ਹਮਲੇ ਨੇ ਤੋੜ ਦਿੱਤੀ। ਟੱਬਰਾਂ ਦੇ ਟੱਬਰ ਮਾਰੇ ਗਏ। ਵਹੀਰ ਦਾ ਬਹੁਤ ਜ਼ਿਆਦਾ ਨੁਕਸ਼ਾਨ ਹੋਇਆ। ਹੁਣ ਅਬਦਾਲੀ ਦੀ ਇਹ ਖ਼ਾਹਿਸ਼ ਲੱਗਦੀ ਸੀ ਕਿ ਵਹੀਰ ਦੇ ਐਨ ਵਿਚਕਾਰ ਪੁੱਜ ਕੇ ਇਤਨਾ ਵੱਡਾ ਕਤਲਿਆਮ ਕੀਤਾ ਜਾਏ ਕਿ ਫੇਰ ਸਿੱਖ ਉੱਠਣ ਜੋਗੇ ਨਾ ਰਹਿਣ। ਅਬਦਾਲੀ ਦੀ ਚਾਲ ਸਮਝ ਕੇ ਸਿੱਖਾਂ ਵੀ ਜਥੇਬੰਦੀ ਪੱਕੀ ਕਰ ਲਈ। ਸਾਰੇ ਜਥੇ, ਭੰਗੀ, ਘਨੱਈਏ, ਸੁਕਰਚਕੀਏ, ਡਲੇਵਾਲੀਏ, ਸ਼ਹੀਦ, ਕਰੋੜੀਏ, ਰਾਮਗੜ੍ਹੀਏ, ਨਿਸ਼ਾਨਵਾਲੀਏ ਸਰਦਾਰ ਇਕੱਠੇ ਹੋ ਗਏ ਅਤੇ ਨਵੀਂ ਵਿਉਂਤ ਨਾਲ ਲੜਨ ਲੱਗੇ।[2] ਅਚਾਨਕ ਹਮਲੇ ਤੇ ਫਿਰ ਲਗਾਤਾਰ ਹਮਲਿਆਂ ਵਿਚਕਾਰ ਜਿਸ ਤਰ੍ਹਾਂ ਸਿੱਖ ਸਰਦਾਰਾਂ ਨੇ ਆਪਣੇ ਆਪ ਨੂੰ ਬਚਾਇਆ

---

1. "ਜਿਮ ਕਰ ਕੁਕੜੀ ਬਚਿਅਨ ਛਪਾਵੈ।
ਫਲਾਇ ਪੰਖ ਦੁਇ ਤਰਫ਼ ਰਖਾਵੈ।
ਇਮ ਖਾਲਸੇ ਨੇ ਬਹੀਰ ਛਪਾਯੋ।"
(ਭਾਈ ਰਤਨ ਸਿੰਘ)

2. ਭੰਗੀ ਔਰਨ ਕਈ ਘਨੱਯੇ।
ਆਹਲੂਵਾਲੀਏ ਸ਼ੁਕਰ ਚਕਯੇ।
ਡਲੇਵਾਲੀਏ, ਸ਼ਹੀਦ, ਕਰੋੜੀਏ।
ਔ ਰਾਮਗੜ੍ਹੀਏ ਬਡਬੀਰ।
ਮਿਲੇ ਨਿਸ਼ਾਨ ਵਾਲੀਏ ਧੀਰ।
ਸਭ ਸਰਦਾਰ ਤਬ ਕਠੇ।
ਚਲੇ ਚਾਰ ਦਿਸ ਚਲਤੇ ਕਠੇ।
ਬੀਰ ਚਲਾਯੋ ਸਰਬ ਵਹੀਰ।
ਲਰਤੇ ਚਲੇ ਐਸ ਤਦਬੀਰ।" (ਪੰਥ ਪ੍ਰਕਾਸ਼)

Sri Satguru Jagjit Singh Ji eLibrary NamdhariElibrary@gmail.com

ਉਹ ਜੰਗੀ ਇਤਿਹਾਸ ਵਿਚ ਇਕ ਅਮਿੱਟ ਯਾਦਗਾਰ ਹੈ। ਅਬਦਾਲੀ ਨੇ ਵੀ ਸਿੱਖਾਂ ਦੇ ਸਿਰੜ ਦੀ ਉਪਮਾ ਕੀਤੀ। ਜਿਸ ਪਾਸੇ ਸਿੰਘ ਦੌੜ ਕੇ ਪੈਂਦੇ ਸਨ ਉਸ ਪਾਸਿਉਂ ਦੁਸ਼ਮਣਾਂ ਦਾ ਤਕਰੀਬਨ ਖ਼ਾਤਮਾ ਹੀ ਹੋ ਜਾਂਦਾ ਸੀ :

*"ਜਿਤ ਵਲ ਪਰਤ ਸਿੰਘ ਝਟ ਦੌੜਾ।*
*ਕਰਤ ਤੁਰਕਨ ਕੀ ਤਰੱਟੀ ਚੌੜਾ।"*

ਜ਼ੈਨ ਖ਼ਾਨ ਨੇ ਸ਼ਾਹ ਨੂੰ ਕਿਹਾ ਕਿ ਅੱਗੋਂ ਘੇਰੇ ਨਹੀਂ ਜਾ ਸਕਦੇ। ਦੇਖਣ ਨੂੰ ਇਹ ਥੋੜ੍ਹੇ ਹਨ ਪਰ ਲੜਦੇ ਜਾਨਾਂ ਹੂਲ ਕੇ ਹਨ :

*'ਦੇਖਨ ਮੈ ਥੋੜੇ ਦਿਸੈ*
*ਲੜਤੇ ਘਣੇ ਦਿਸਾਹਿ।'*

ਸੋ ਵਹੀਰ ਦਾ ਖ਼ਿਆਲ ਛੱਡ ਕੇ ਅੱਗੋਂ ਆ ਪਵੋ। ਸਿਰ ਟੁੱਟ ਗਿਆ ਤਾਂ ਸਿੰਘਾਂ ਵਿਚ ਘਬਰਾਹਟ ਫੈਲ ਜਾਏਗੀ। ਸੋ ਫ਼ੌਜਾਂ ਨੂੰ ਅਬਦਾਲੀ ਵਹੀਰ ਵਿਚੋਂ ਕੱਢ ਅਗਲੇ ਸਿਰੇ ਲੈ ਗਿਆ।

ਸਰਦਾਰ ਜੱਸਾ ਸਿੰਘ ਆਹਲੂਵਾਲੀਏ, ਸਰਦਾਰ ਸਿਆਮ ਸਿੰਘ ਅਤੇ ਸਰਦਾਰ ਚੜ੍ਹਤਸਿੰਘ ਸ਼ੁਕਰਚਕੀਏ ਨੇ ਤਗੜੇ ਹੱਥ ਦਿਖਾਏ। ਸਰਦਾਰ ਜੱਸਾ ਸਿੰਘ ਆਹਲੂਵਾਲੀਆ ਤਾਂ ਕਈ ਵਾਰ ਮੌਤ ਦੇ ਮੂੰਹ ਤੋਂ ਮਸਾਂ ਬਚੇ। ਆਪ ਨੂੰ ਲਹੂ-ਲੁਹਾਨ ਦੇਖ ਕੇ ਅੰਗ-ਪਾਲਕ ਭਾਈ ਗੁਰਮੁਖ ਸਿੰਘ ਨੇ ਘੋੜੇ ਨੂੰ ਅੱਡੀ ਲਗਾ ਕੇ ਪਾਸੇ ਕਰਾਉਣ ਲਈ ਚਾਬਕ ਚੁੱਕਿਆ ਹੀ ਸੀ ਕਿ ਜੁਰਅੱਤ ਦੀ ਮੂਰਤ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਉੱਚੀ ਆਵਾਜ਼ ਦੇ ਕੇ ਕਿਹਾ :

*"ਪੰਥ ਸੁਨੈ, ਹਮ ਕੋ ਕਰੇ ਠੱਠਾ।*
*ਘੋੜਾ ਕੁਦਾਇ ਜਸਾ ਸਿੰਘ ਨੱਠਾ।*
*ਕਯਾ ਮੁਖ ਲੈ ਮੈ ਬਹੋਂ ਦੀਵਾਨ।*
*ਕਰੈ ਮਸਕਰੀ ਹਮ ਕੋ ਆਨ।*
*ਮੈਂ ਖਾਲਸੈ ਪਤਿਸ਼ਾਹ[1] ਕਹਾਯੋ।*
*ਤੁਮ ਚਾਹਤ ਹਮ ਗੀਦੀ ਬਨਾਯੋ।*

ਐਸੇ ਜੀਵਨ ਨਾਲੋਂ ਮਰਨਾ ਚੰਗਾ ਹੈ।" ਸਰਦਾਰ ਜੱਸਾ ਸਿੰਘ ਆਹਲੂਵਾਲੀਏ ਨੂੰ ਸਰੀਰ ਤੇ ੨੨ ਜ਼ਖ਼ਮਾ ਤੇ ਸਰਦਾਰ ਚੜ੍ਹਤ ਸਿੰਘ ਸ਼ੁਕਰਚਕੀਏ ਨੂੰ ੧੯ ਜ਼ਖ਼ਮ ਆਏ। ਕਈ ਜਥੇ ਉੱਥੇ ਆ ਪੁੱਜੇ। ਸਰਦਾਰ ਜੱਸਾ ਸਿੰਘ ਲਹੂ ਲੁਹਾਨ ਹੋਏ ਲੜ ਰਹੇ ਸਨ। ਕਹਿੰਦੇ ਹਨ ਕਿਸੇ ਸਰਦਾਰ ਚੜ੍ਹਤ ਸਿੰਘ ਨੂੰ ਕਿਹਾ ਕਿ ਤੂੰ ਤਾਂ ਕਹਿੰਦਾ ਸੈਂ ਕਿ ਅਬਦਾਲੀ ਦਾ ਸਿੱਧਾ ਟਾਕਰਾ ਕਰਾਂਗਾ। ਹੁਣ ਇੱਥੇ ਕੀ ਕਰਦਾ ਹੈਂ ! ਇਤਨਾ ਸੁਣਦੇ ਹੀ ਉਨ੍ਹਾਂ ਘੋੜਾ

---

1. ਜਸਾ ਸਿੰਘ ਖਾਏ ਬਾਈ ਘਾਇ,
ਤੌ ਭੀ ਸਿੰਘ ਜੀ ਲੜਤਾ ਜਾਇ।

Sri Satguru Jagjit Singh Ji eLibrary NamdhariElibrary@gmail.com

ਅਬਦਾਲੀ ਵੱਲ ਵਧਾ ਦਿੱਤਾ। ਸਰਦਾਰ ਚੜ੍ਹਤ ਸਿੰਘ ਨੇ ਜਿਸ ਬਹਾਦਰੀ ਨਾਲ ਵਹੀਰ ਦੇ ਅਨੇਕ ਸਿੱਖਾਂ ਨੂੰ ਬਚਾਇਆ, ਉਸ ਦੀ ਸਾਰੇ ਪੰਥ ਨੇ ਉਪਮਾ ਤੇ ਵਡਿਆਈ ਕੀਤੀ।[1] ਜਦ ਘੋੜਾ ਥੱਕ ਜਾਂਦਾ, ਸਰਦਾਰ ਚੜ੍ਹਤ ਸਿੰਘ ਜੀ ਨਵਾਂ ਬਦਲ ਲੈਂਦੇ। ਪੰਜ ਘੋੜੇ ਸਦਾ ਨਾਲ ਰੱਖਦੇ। ਜਿੱਥੇ ਵੀ ਲਲਕਾਰ ਪੈਂਦੀ, ਸੁਣ ਕੇ ਫੱਟ ਘੋੜਾ ਦੁੜਾ ਉੱਥੇ ਪੁੱਜਦੇ। ਕਿਸੇ ਜ਼ਖ਼ਮੀ ਨੂੰ ਬੇਲੇ ਤੇ ਪਾ ਆਉਂਦੇ, ਕਿਸੇ ਫੱਟੜ ਸਿੰਘ ਨੂੰ ਪਿੱਠ ਤੇ ਚੁੱਕ ਕੇ ਸੁਰੱਖਿਅਤ ਥਾਂ ਪਹੁੰਚਾ ਫਿਰ ਆ ਜੂਝਦੇ। ਕਿਸੇ ਸਿੰਘ ਨੂੰ ਚੰਗਾ ਹੱਥ ਦਿਖਾਂਦੇ ਦੇਖ ਹੱਲਾ-ਸ਼ੇਰੀ ਦੇ ਕੇ ਹੋਰ ਅੱਗੇ ਨਿਕਲ ਜਾਂਦੇ। ਬਸਤਰ ਸਾਰੇ ਲਹੂ ਨਾਲ ਭਰ ਗਏ ਸਨ। ਜਿਵੇਂ ਹੁਣੇ ਹੀ ਹੋਲੀ ਖੇਡ ਕੇ ਆਏ ਹੋਣ :

*"ਲੋਹੂ ਰੰਗ ਸਭ ਕਪੜੇ ਭਏ,*
*ਖੇਲ ਫ਼ਾਗ ਜਨ ਰੰਗ ਰੰਗਏ।"*

ਸਾਰੇ ਪੰਥ ਨੇ ਸਰਦਾਰ ਚੜ੍ਹਤ ਸਿੰਘ ਜੀ ਦੀ ਇਤਨੀ ਉਪਮਾ ਕੀਤੀ ਕਿ ਅਸੀਸਾਂ ਦੇਣ ਕਿ "ਪਾਤਸ਼ਾਹੀ ਕਰੈਂ, ਲਾਹੌਰ ਮਾਰੈਂ, ਮੁਲਤਾਨ ਕਬਜ਼ਾ ਆਵੈ। ਕਸ਼ਮੀਰ ਕਾਬਲ ਤਕ ਹੁਕਮ ਚਲੇ।" ਦੁਰਾਨੀ ਵੀ ਪੂਰੇ ਜ਼ੋਰਾਂ ਨਾਲ ਹਮਲਾ ਕਰ ਰਹੇ ਸਨ। ਅਬਦਾਲੀ ਦੀਆਂ ਫ਼ੌਜਾਂ ਦਾ ਇਕੋ ਹੀ ਨਿਸ਼ਾਨਾ ਸੀ ਕਿ ਸਿੰਘਾਂ ਦੀ ਫ਼ੌਜ ਨੂੰ ਚੀਰ ਕੇ ਸਾਰੇ ਵਹੀਰ ਨੂੰ ਸ਼ਹੀਦ ਕਰ ਦਿੱਤਾ ਜਾਵੇ। ਇਸ ਦੌਰਾਨ ਵਿਚ ਵਹੀਰ ਪੰਜ ਕੁ ਮੀਲ ਚਲ ਚੁੱਕਿਆ ਸੀ।

ਅੰਤ ਵਿਚ ਦੁਰਾਨੀ ਆਪਣੇ ਮਕਸਦ ਵਿਚ ਸਫ਼ਲ ਹੋ ਗਏ। ਸਿੰਘਾਂ ਦੀ ਫ਼ੌਜ ਵਹੀਰ ਨਾਲੋਂ ਕੱਟੀ ਗਈ। ਅਬਦਾਲੀ ਦੀ ਫ਼ੌਜ ਨੇ ਬੜੀ ਬੇਰਹਿਮੀ ਨਾਲ ਕਟਾ-ਵੱਢੀ ਕੀਤੀ। ਜੋ ਬੱਚਾ, ਬੁੱਢਾ, ਜੁਆਨ, ਇਸਤਰੀ, ਪੁਰਸ਼ ਹੱਥ ਆਇਆ ਉਸ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਗਿਆਨੀ ਗਿਆਨ ਸਿੰਘ ਜੀ ਦੇ ਕਥਨ ਅਨੁਸਾਰ ਉਥੇ ਖ਼ੂਨ ਦਾ ਦਰਿਆ ਵਗ ਟੁਰਿਆ। ਕਟੀ-ਵੱਢੀ ਵਿਚ ਵੀ ਸਿੱਖ ਆਪਣੇ ਨਿਸ਼ਾਨੇ ਵੱਲ ਵਧਦੇ ਹੀ ਰਹੇ। ਰਾਤ ਪੈਣ ਤਕ ਸਿੰਘਾਂ ਨੇ ੨੦ ਮੀਲ ਦਾ ਪੈਂਡਾ ਕਰ ਲਿਆ। ਅਬਦਾਲੀ ਦੀਆਂ ਫ਼ੌਜਾਂ ਵੀ ੧੫੦ ਮੀਲ ਦਾ ਸਫ਼ਰ ਤੇ ਫਿਰ ਸਾਰੇ ਦਿਨ ਦੇ ਮੁਕਾਬਲੇ ਦੀ ਲੜਾਈ ਕਰ ਕੇ ਥੱਕ-ਟੁੱਟ ਗਈਆਂ ਸਨ। ਅਫ਼ਗਾਨ ਫ਼ੌਜੀ ਕੁਤਬੇ ਬਾਹਮਣੀ ਪਿੰਡ ਦੇ ਨੇੜੇ ਪੁੱਜ ਗਏ ਸਨ। ਉੱਥੇ ਇਕ ਵੱਡਾ ਸਾਰਾ ਤਾਲਾਬ ਸੀ। ਪਿਆਸ ਨੇ ਦੁਰਾਨੀ ਦੀਆਂ ਫ਼ੌਜਾਂ ਨੂੰ ਵਿਆਕੁਲ ਕੀਤਾ ਹੋਇਆ ਸੀ। ਉਨ੍ਹਾਂ ਰੱਜ ਕੇ ਪਾਣੀ ਪੀਤਾ। ਉਧਰੋਂ ਸਿੰਘ ਵੀ ਪਿਆਸ ਨਾਲ ਵਿਆਕੁਲ ਸਨ। ਅਸਚਰਜ ਲੱਗਦਾ ਸੀ ਕਿ ਇਕ ਸਿਰੇ ਦੁਰਾਨੀ ਦੀਆਂ ਫ਼ੌਜਾਂ ਪਿਆਸ ਬੁਝਾ ਰਹੀਆਂ ਸਨ ਤੇ ਦੂਜੇ

---

1. "ਸਭੈ ਬਹੀਰੀਏ ਧੰਨ ਧੰਨ ਆਖੈ।
ਹਮ ਜਿਵਾਏ ਚੜ੍ਹਤ ਸਿੰਘ ਭਾਖੈ।
ਹਰ ਬਹੀਰੀਏ ਦਏ ਅਸੀਸ।
ਹੋਇ ਸਰਦਾਰ ਬਹੁ ਬਿਸਵੈ ਬੀਸ।
ਸਭ ਖਾਲਸੇ ਪੈ ਆਦਰ ਪਾਵੈ।
ਲਗੈ ਦੀਵਾਨ ਤਹਿ ਪਹਿਲੌਂ ਬੁਲਾਵੈ।"

Sri Satguru Jagjit Singh Ji eLibrary NamdhariElibrary@gmail.com

ਕਿਨਾਰੇ ਸਿੰਘ ਪਾਣੀ ਪੀ ਰਹੇ ਸਨ।[1] ਇਸ ਤੋਂ ਇਹ ਸਪੱਸ਼ਟ ਪ੍ਰਗਟ ਹੁੰਦਾ ਹੈ ਕਿ ਦੋਵੇਂ ਧਿਰਾਂ ਕਿਤਨੀਆਂ ਕੁ ਥੱਕ ਗਈਆਂ ਸਨ ਤੇ ਉਸ ਦਿਨ ਦੀ ਜੰਗ ਕਿਤਨੀ ਭਿਆਨਕ ਸੀ। ਉੱਥੇ ਤਾਲਾਬ ਕੋਲ ਵੀ ਲੜਾਈ ਹੋਈ। ਰਾਤ ਪੈ ਜਾਣ ਕਰਕੇ ਅਫ਼ਗਾਨੀ ਫ਼ੌਜਾਂ ਤਾਂ ਰੁੱਕ ਗਈਆਂ, ਪਰ ਸਿੱਖਾਂ ਰਾਤ ਨੂੰ ਵੀ ਸਫ਼ਰ ਜਾਰੀ ਰੱਖਿਆ ਅਤੇ ਉਹ ਬਰਨਾਲੇ ਪੁੱਜ ਗਏ।

ਇਸ ਸਾਰੀ ਘਟਨਾ ਨੂੰ ਸਿੱਖ ਇਤਿਹਾਸ ਵਿਚ ਵੱਡਾ ਘੱਲੂਘਾਰਾ ਆਖ ਕੇ ਯਾਦ ਕੀਤਾ ਜਾਂਦਾ ਹੈ। ਛੋਟਾ ਘੱਲੂਘਾਰਾ ਜੂਨ, ੧੭੪੬ ਨੂੰ ਯਾਹੀਆ ਖ਼ਾਨ ਤੇ ਲਖਪਤ ਰਾਇ ਨੇ ਕੀਤਾ ਸੀ। ਛੋਟੇ ਘੱਲੂਘਾਰੇ ਵਿਚ ੧੦ ਹਜ਼ਾਰ ਦੇ ਕਰੀਬ ਸਿੰਘ ਸ਼ਹੀਦ ਹੋਏ ਸਨ। ਇਸ ਘੱਲੂਘਾਰੇ ਵਿਚ, ਹੁਸੈਨ ਸ਼ਾਹੀ, ਤਾਰੀਖ਼ੇ ਅਹਿਮਦ, ਸੋਹਣ ਲਾਲ, ਅਲੀ-ਉਦ-ਦੀਨ ਤੇ ਭਾਈ ਰਤਨ ਸਿੰਘ ਦੇ ਕਥਨ ਅਨੁਸਾਰ ਤੀਹ ਹਜ਼ਾਰ ਸਿੰਘ ਸ਼ਹੀਦ ਹੋਏ।[2] ਸਿੱਖ ਕੌਮ ਉੱਤੇ ਇਹ ਇਕ ਨਾ ਮਿਟਣ ਵਾਲੀ ਸੱਟ ਸੀ। ਅੱਧੀ ਕੌਮ ਇਕ ਦਿਨ 'ਚ ਸ਼ਹੀਦ ਹੋ ਗਈ ਪਰ ਸੰਸਾਰ ਨੇ ਹੈਰਾਨੀ ਨਾਲ ਪੜ੍ਹਿਆ ਅਤੇ ਇਤਿਹਾਸਕਾਰਾਂ ਲਿਖਿਆ ਕਿ ਸਿੱਖ ਨਾ ਸਿਰਫ਼ ਚੜ੍ਹਦੀ ਕਲਾ ਵਿਚ ਰਹੇ ਸਗੋਂ ਸ਼ੁਕਰ ਕੀਤਾ। ਸ਼ਾਮ ਨੂੰ ਜਦ ਰਹਿਰਾਸ ਸਾਹਿਬ ਦਾ ਪਾਠ ਕਰਕੇ ਜੈਕਾਰੇ ਛੱਡੇ ਤਾਂ ਇਕ ਨਿਹੰਗ ਸਿੰਘ ਨੇ ਉੱਚਾ ਜਿਹਾ ਕਿਹਾ :

*"ਤਤ ਖਾਲਸੋ ਸੋ ਰਹਯੋ।*
*ਗਯੋ ਸੁ ਖੋਟ ਗਵਾਇ।"*

ਕੋਈ ਇਕ ਵੀ ਸਰਦਾਰ ਨਹੀਂ ਸੀ ਜੋ ਜ਼ਖ਼ਮੀ ਨਾ ਹੋਇਆ ਹੋਵੇ। ਕਿਤਨੇ ਹੀ ਸ਼ਹੀਦੀਆਂ ਪਾ ਗਏ ਜਿਨ੍ਹਾਂ ਦੀ ਗਿਣਤੀ ਕਰਨੀ ਅਸੰਭਵ ਸੀ।

*"ਸਰਦਾਰ ਸਬੈ ਜ਼ਖ਼ਮੀ ਭਏ।*
*ਸਾਬਤ ਰਹਯੋ ਨ ਕੋਇ।*
*ਲਈ ਸ਼ਹੀਦੀ ਥੀ ਘਨਨ।*
*ਗਿਣਤੀ ਸਭਨ ਨ ਹੋਇ।"*

ਫਿਰ ਸਭ ਤੋਂ ਵੱਡੀ ਗੱਲ ਨਿੰਮੋਝੂਣੇ ਹੋ ਨ ਬੈਠੇ ਸਗੋਂ ਉਸੇ ਸਾਲ, ਕੁਝ ਹੀ ਮਹੀਨਿਆਂ

---

1. ਸਭ ਕੈ ਜਲ ਤਹਿ ਨਦਰੀ ਆਇਆ।
ਜਨ ਮਰਤੇ ਕਿਨ ਜੀਵਨ ਪਾਯਾ॥ ੧੩੩॥
ਭਗੀ ਢਾਬ ਬਡ ਦੇਵੈ ਨੱਠ।
ਪਿਆਸੇ ਪਰੇ ਦੁ ਤਰਫੋ ਨੱਠ।
... ... ... ... ...
ਜਲ ਦੋਇਨ ਰਲ ਇਕ ਥਾਂ ਪੀਯੋ। ੧੪੦॥

2. ਲੋਕ ਕਹੈ ਸਿੰਘ ਇਕ ਲੱਖ ਮਾਰਾ।
ਪਚਾਸ ਬਚਯੋ ਔਰ ਸਭ ਗਯੋ ਮਾਰਾ।
ਪਿਤਾ ਹਮਾਰੇ ਤੀਸ ਬਤਾਏ।
ਰਹੇ ਸੁ ਮਰ ਔਰ ਬਚ ਕਰ ਆਏ।
ਪਿਤਾ ਚਾਚੇ ਦੋਇ ਹਮ ਥੇ ਸਾਥ।
ਉਨ ਤੈ ਸੁਨ ਹਮ ਆਖੀ ਬਾਤ॥ ੧੪੪॥

Sri Satguru Jagjit Singh Ji eLibrary NamdhariElibrary@gmail.com

ਬਾਅਦ ਮਈ, ੧੭੬੨ ਵਿਚ ਸਰਹੰਦ ਵਿਚ ਜ਼ੈਨ ਖ਼ਾਨ ਨੂੰ ਜਾ ਕੇ ਘੇਰ ਲਿਆ।

**ਸ੍ਰੀ ਅੰਮ੍ਰਿਤਸਰ ਨੂੰ ਪੂਰਨਾ** : ਘੱਲੂਘਾਰੇ ਦੇ ਅਸਥਾਨ ਤੋਂ ਅਹਿਮਦ ਸ਼ਾਹ ਬਰਨਾਲਾ ਗਿਆ ਅਤੇ ਉੱਥੇ ਬਾਬਾ ਆਲਾ ਸਿੰਘ ਕੋਲੋਂ ਈਨ ਮੰਨਵਾਈ। ਉਥੋਂ ਸਰਹੰਦ ਤੇ ਸਰਹੰਦ ਤੋਂ ੧੫ ਫ਼ਰਵਰੀ ਨੂੰ ਟੁਰ ਕੇ ੩ ਮਾਰਚ, ੧੭੬੨ ਨੂੰ ਲਾਹੌਰ ਪੁੱਜਾ। ਆਪਣੇ ਨਾਲ ਸਿੱਖਾਂ ਦੇ ਸਿਰਾਂ ਨਾਲ ਭਰੇ ਹੋਏ ੨੦ ਗੱਡੇ ਲਿਆਇਆ ਤਾਂ ਕਿ ਦਹਿਸ਼ਤ ਫੈਲਾਈ ਜਾ ਸਕੇ। ਫ਼ਾਰਸਟਰ ਨੇ ਇੱਥੋਂ ਤੱਕ ਲਿਖਿਆ ਹੈ ਕਿ ਉਹ ਮਸਜਿਦਾਂ ਜਿਨ੍ਹਾਂ ਨੂੰ ਸਿੱਖਾਂ ਨੇ ਕਦੀ ਛੁਹਿਆ ਤੱਕ ਨਹੀਂ ਸੀ, ਸਿੱਖਾਂ ਦੇ ਖ਼ੂਨ ਨਾਲ ਧੋਤੀਆਂ ਅਤੇ ਸਿੱਖਾਂ ਦੇ ਸਿਰਾਂ ਦੇ ਮੀਨਾਰ ਖੜੇ ਕੀਤੇ ਗਏ। ਅਹਿਮਦ ਸ਼ਾਹ ਨੇ ਇਥੇ ਹੀ ਬੱਸ ਨਾ ਕੀਤੀ ਅਤੇ ਸ੍ਰੀ ਅੰਮ੍ਰਿਤਸਰ ਤੇ ਹੱਲਾ ਬੋਲ ਦਿੱਤਾ। ਘੱਲੂਘਾਰੇ ਦੇ ਬਾਵਜੂਦ ਸਿੱਖ ੧੦ ਅਪਰੈਲ, ੧੭੬੨ ਦੀ ਵਿਸਾਖੀ ਮਨਾ ਰਹੇ ਸਨ। ਸਿੱਖਾਂ ਦਾ ਉੱਥੇ ਵੀ ਜਾਨੀ ਨੁਕਸਾਨ ਹੋਇਆ। ਤੋਪਾਂ ਬੀੜ ਕੇ ਹਰਿਮੰਦਰ ਸਾਹਿਬ ਉੜਾ ਦਿੱਤਾ ਗਿਆ ਅਤੇ ਨੀਂਹ ਤੱਕ ਪੁੱਟ ਦਿੱਤੀ ਗਈ। ਸਾਰੇ ਬੁੰਗੇ ਜਿੱਥੇ ਸਿੱਖ ਫ਼ੌਜਾਂ ਆ ਟਿਕਦੀਆਂ ਸਨ, ਵੀ ਢਾਹ ਦਿੱਤੇ ਗਏ। ਪਵਿੱਤਰ ਸਰੋਵਰ ਨੂੰ ਗਊ ਦੀ ਰੱਤ ਨਾਲ ਭਰ ਦਿੱਤਾ ਗਿਆ। ਗਿਆਨੀ ਗਿਆਨ ਸਿੰਘ ਅਤੇ ਹੋਰ ਕਈ ਇਤਿਹਾਸਕਾਰਾਂ[1] ਦਾ ਕਥਨ ਹੈ ਕਿ ਜਦ ਉਹ ਤੋਪਾਂ ਨਾਲ ਦਰਬਾਰ ਸਾਹਿਬ ਉੜਾ ਰਿਹਾ ਸੀ ਤਾਂ ਇਕ ਇੱਟ ਅਬਦਾਲੀ ਤੇ ਨੱਕ ਨੂੰ ਜਾ ਵੱਜੀ ਅਤੇ ਨੱਕ ਐਸਾ ਜ਼ਖ਼ਮ ਹੋਇਆ ਕਿ ਜਾਨ ਲੇਵਾ ਬਣਿਆ।

ਅਬਦਾਲੀ ਜਾਣ ਬੁੱਝ ਕੇ ਕੁਝ ਚਿਰ ਹੋਰ ਹਿੰਦੁਸਤਾਨ ਟਿਕਿਆ। ਕਸ਼ਮੀਰ ਨੂੰ ਉਸ ਫਿਰ ਜਿੱਤਿਆ ਅਤੇ ਸਰਬੁਲੰਦ ਖ਼ਾਨ ਨੂੰ ਸੁਖ ਜੀਵਨ ਦੀ ਥਾਵੇਂ ਕਸ਼ਮੀਰ ਦਾ ਗਵਰਨਰ ਥਾਪਿਆ। ਸਿੱਖਾਂ ਵਿਰੁੱਧ ਅਬਦਾਲੀ ਪਹਿਲੇ ਦੀ ਤਰ੍ਹਾਂ ਮੁਹਿੰਮ ਚਲਾਂਦਾ ਰਿਹਾ ਪਰ ਗਰਮੀ ਇਤਨੀ ਜ਼ਿਆਦਾ ਹੋ ਗਈ ਕਿ ਉਹ ਆਪ ਕਲਾਨੌਰ ਚਲਾ ਗਿਆ ਅਤੇ ਸਿੱਖ ਫਿਰ ਪੰਜਾਬ ਵਿਚ ਆਪਣੀ ਹੋਂਦ ਦਾ ਅਹਿਸਾਸ ਕਰਾਉਣ ਲੱਗ ਪਏ।

**ਘੱਲੂਘਾਰੇ ਨੇ ਜੀ-ਆਤਮਾ (ਸਪਿਰਿਟ) ਨਾ ਮਰਨ ਦਿੱਤੀ**[2] : ਅਬਦਾਲੀ ਦੀ ਇਹ ਖ਼ੁਸ਼ਫ਼ਹਿਮੀ ਸੀ ਕਿ ਸਿੱਖ ਹੁਣ ਕਦੀ ਵੀ ਨਹੀਂ ਉਠ ਸਕਣਗੇ। ਜਿਸ ਕੌਮ ਦੀ ਅੱਧ ਨਾਲੋਂ ਵੱਧ ਵਸੋਂ ਸ਼ਹੀਦ ਕਰ ਦਿੱਤੀ ਜਾਏ ਅਤੇ ਉਸ ਦਾ ਜੀਣਾ ਮੁਸ਼ਕਲ ਕਰ ਦਿੱਤਾ ਜਾਏ,

---

1. ਅਲੀ-ਉਦ-ਦੀਨ, ਹੁਸੈਨ ਸ਼ਾਹੀ, ਸੋਹਣ ਲਾਲ, ਮੈਲਕਮ।
   ਉਡੀ ਇਟ ਊਹਾਂ ਪਹੁੰਚੀ ਆਇ।
   ਲਗੀ ਨਕ ਕੇ ਊਪਰ ਧਾਇ॥
   
   (ਪ੍ਰਾਚੀਨ ਪੰਥ ਪ੍ਰਕਾਸ਼)
2. ਸਿੱਖਾਂ ਦੀ ਮਰ ਕੇ ਜੀ ਉੱਠਣ ਦੀ ਸ਼ਕਤੀ ਅਥਾਹ ਹੈ। ਇਸ ਨੂੰ ਅੰਗਰੇਜ਼ੀ ਵਿਚ Resilience (ਸਿਰੜ) ਦੀ ਸ਼ਕਤੀ ਕਹਿੰਦੇ ਹਨ। ਇਸ ਦਾ ਅੰਦਾਜ਼ਾ ਜੂਨ ੧੭੬੨ ਦੀ ਲਿਖੀ ਬਾਪੂ ਨਾਮ ਦੇ ਮਰਹੱਟੇ ਦੀ ਚਿੱਠੀ ਦੱਸਦੀ ਹੈ। ਤਹਿਮਸ ਮਕਸੀਨ ਵੀ ਇਹ ਲਿਖਦਾ ਹੈ, "ਸਿੱਖਾਂ ਦੀ ਤਾਕਤ ਦਿਨ-ਬ-ਦਿਨ ਵੱਧ ਰਹੀ ਹੈ ਅਤੇ ਉਨ੍ਹਾਂ ਲਾਹੌਰ ਦੇ ਇਰਦ ਗਿਰਦ ਵੀ ਮਾਰਾਂ ਮਾਰਨੀਆਂ ਅਰੰਭ ਕਰ ਦਿੱਤੀਆਂ ਹਨ। ਤਾਰੀਖ਼ੇ ਸੁਲਤਾਨ ਅਫ਼ਗਾਨ ਵਿਚ ਇਕ ਘਟਨਾ ਲਿਖੀ ਹੈ : "ਇਕ ਵਾਰੀ ਅਹਿਮਦ ਸ਼ਾਹ ਅਬਦਾਲੀ ਸਤਲੁਜ ਦੇ ਪਾਰ ਕਿਲ੍ਹੇ ਵਿਚ ਹੁੱਕਾ ਪੀ ਰਿਹਾ ਸੀ ਤਾਂ ਇਕ ਸਿੱਖ ਨੇ ਸਾਹਮਣੇ ਆ ਕੇ ਹੱਲਾ ਕਰ ਦਿੱਤਾ। ਭਾਵੇਂ ਉਹ ਥਾਂ ਉੱਤੇ ਮਾਰਿਆ ਗਿਆ, ਪਰ ਇਹ ਦਰਸਾਉਣ ਲਈ ਕਾਫੀ ਹੈ ਕਿ ਹੌਸਲਾ ਕਿਤਨਾ ਬੁਲੰਦ ਸੀ।"

Sri Satguru Jagjit Singh Ji eLibrary NamdhariElibrary@gmail.com

ਉਸ ਬਾਰੇ ਐਸੇ ਖ਼ਿਆਲ ਰੱਖਣੇ ਕੁਦਰਦੀ ਗੱਲ ਸੀ, ਪਰ ਅਬਦਾਲੀ ਇਹ ਨਹੀਂ ਸੀ ਜਾਣਦਾ ਕਿ ਗੁਰੂ ਦੇ ਸਿੱਖ ਕਿਸੇ ਵੱਖ ਹੀ ਮਿੱਟੀ ਦੇ ਬਣੇ ਹੋਏ ਹਨ। ਮੌਤ ਉਨ੍ਹਾਂ ਨੂੰ ਡਰਾ ਨਹੀਂ ਸਕਦੀ, ਜ਼ੁਲਮ ਉਨ੍ਹਾਂ ਨੂੰ ਦਬਾ ਨਹੀਂ ਸਕਦੇ। ਇਹ ਹੀ ਕਾਰਨ ਹੈ ਜਦ ਘੱਲੂਘਾਰੇ ਤੋਂ ਦੂਜੇ ਦਿਨ ਸਿੱਖ ਨੁਕਸਾਨ ਦਾ ਜਾਇਜ਼ਾ ਲੈਣ ਲਈ ਇਕੱਠੇ ਹੋਏ ਤਾਂ ਅਰਦਾਸ ਕੀਤੀ, ''ਸੱਚੇ ਪਾਤਸ਼ਾਹ ਤੇਰਾ ਲੱਖ-ਲੱਖ ਸ਼ੁਕਰ ਹੈ, ਕੱਚੇ ਪਿੱਲੇ ਝੜ ਗਏ ਹਨ, ਹੁਣ ਤੱਤ ਖ਼ਾਲਸਾ ਰਹਿ ਗਿਆ ਹੈ, ਹੁਣ ਦੁਸ਼ਮਣ ਨਾਲ ਸਿੱਝ ਲਵਾਂਗੇ।'' ਅਬਦਾਲੀ ਲਾਹੌਰ ਤੋਂ ਸਿੱਖਾਂ ਵਿਰੁਧ ਮੁਹਿੰਮ ਚਲਾ ਰਿਹਾ ਸੀ ਤੇ ਸਿੱਖ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੀ ਅਗਵਾਈ ਹੇਠਾਂ ਸਰਹੰਦ ਉੱਤੇ ਹਮਲਾ ਕਰਕੇ ਜ਼ੈਨ ਖ਼ਾਨ ਕੋਲੋਂ ਈਨ ਮਨਾ ਰਹੇ ਸਨ।

**ਸਰਹੰਦ ਤੇ ਹਮਲਾ** : ਅਬਦਾਲੀ ਦੇ ਸਾਰੇ ਅੰਦਾਜ਼ੇ ਗ਼ਲਤ ਸਾਬਤ ਹੋਏ ਜਦ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਸਿੱਖ ਸਰਦਾਰਾਂ ਨੂੰ ਇਕੱਠਿਆਂ ਕਰਕੇ ਸਰਹੰਦ ਉੱਤੇ ਹਮਲਾ ਕਰਨ ਦੀ ਤਜਵੀਜ਼ ਰੱਖੀ। ਵੱਡਾ ਘੱਲੂਘਾਰਾ ਹੋਇਆਂ ਅਜੇ ਤਿੰਨ ਮਹੀਨੇ ਹੀ ਹੋਏ ਸਨ। ਜ਼ੈਨ ਖ਼ਾਨ ਦੀ ਵੀ ਇਹ ਖ਼ੁਸ਼-ਫ਼ਹਿਮੀ ਸੀ ਕਿ ਕੁਪ ਦੇ ਮੈਦਾਨ ਵਿਚ ਪਈ ਸੱਟ ਦੇ ਕਾਰਨ ਸਿੱਖ ਇਕ ਦਹਾਕੇ ਤੋਂ ਪਹਿਲਾਂ ਨਹੀਂ ਉਠ ਸਕਣਗੇ, ਪਰ ਸਿੱਖ ਤਾਂ ਕੁਝ ਦਿਨਾਂ ਵਿਚ ਹੀ ਤੱਤਪਰ ਹੋ ਕੇ ਮੱਲਾਂ ਮਾਰਨ ਲੱਗੇ। ਜ਼ੈਨ ਖ਼ਾਨ ਇਤਨੀ ਫੁਰਤੀ ਨਾਲ ਹੋਏ ਹਮਲੇ ਨੂੰ ਦੇਖ ਕੇ ਘਬਰਾ ਗਿਆ। ਉਸ ੫੦,੦੦੦ ਰੁਪਏ ਦੇ ਕੇ ਸਿੱਖਾਂ ਨੂੰ ਟਾਲਣ ਦੀ ਕੀਤੀ। ਉਸ ਦਾ ਇਹ ਵਿਚਾਰ ਸੀ ਕਿ ਜਦ ਸਿੱਖ ਮੁੜ ਰਹੇ ਹੋਣਗੇ ਤਾਂ ਹਮਲਾ ਕਰ ਕੇ ਰੁਪਏ ਵੀ ਲੁੱਟ ਲਵਾਂਗੇ ਤੇ ਕਰੜੀ ਮਾਰ ਵੀ ਦਿਆਂਗੇ। ਦੀਵਾਨ ਲਖਸ਼ਮੀ ਨਰਾਇਣ ਨੇ, ਜਦ ਸਿੱਖ ਫ਼ੌਜਾਂ ਕੁਝ ਮੀਲ ਦੂਰ ਹੀ ਗਈਆਂ ਸਨ, ਹੱਲਾ ਬੋਲ ਦਿੱਤਾ। ਹਰਨੂਲਗੜ੍ਹ ਦੇ ਸਥਾਨ ਤੇ ਜੰਮ ਕੇ ਲੜਾਈ ਹੋਈ। ਸਿੱਖ ਜੇਤੂ ਹੋਏ ਤੇ ਜ਼ੈਨ ਖ਼ਾਨ ਦਾ ਲੱਕ ਟੁੱਟਾ। ਸਿੱਖਾਂ ਹੱਥ ਹੋਰ ਵੀ ਕਾਫ਼ੀ ਮਾਲ ਆਇਆ।

ਸਿੱਖਾਂ ਦਾ ਹੌਂਸਲਾ ਹੋਰ ਵੀ ਵਧਿਆ ਤੇ ਜਲੰਧਰ ਦੁਆਬ ਵਿਚ ਮੁਕੰਮਲ ਦਬਦਬਾ ਹੋ ਗਿਆ। ਦਿੱਲੀ ਤੱਕ ਸਿੱਖ ਮਾਰਾਂ ਮਾਰਦੇ ਰਹੇ। ਦਿੱਲੀ ਤੋਂ ਭੇਜਿਆ ਗਿਆ ਕੋਈ ਸੁਨੇਹਾ ਜਾਂ ਪੱਤਰ ਵੀ ਪੰਜਾਬ ਨਹੀਂ ਸੀ ਪੁੱਜ ਸਕਦਾ। ਸਿੱਖ ਅਬਦਾਲੀ ਦੇ ਕੈਂਪ ਲਾਗੇ ਹਰ ਵਕਤ ਫਿਰਦੇ ਦੇਖੇ ਜਾ ਸਕਦੇ ਸਨ। ਅਬਦਾਲੀ ਵੀ ਸਿੱਖਾਂ ਦੇ ਹੌਸਲੇ ਦੇਖ ਦੇਖ ਹੈਰਾਨ ਹੋ ਰਿਹਾ ਸੀ। ਅਬਦਾਲੀ ਨੇ ਕਿਹਾ ਵੀ ਸੀ, ''ਮੇਰੇ ਸਾਹਮਣੇ ਹੀ ਮੇਰਾ ਤਖ਼ਤ ਡਾਵਾਂ-ਡੋਲ ਹਾਲਤ ਵਿਚ ਹੋ ਗਿਆ।[1] ਜਦ ਮੇਰੀ ਫ਼ੌਜ ਹੀ ਦਿਲ ਛੱਡ ਬੈਠੀ ਹੈ, ਸਿੱਖਾਂ ਦਾ ਚੜ੍ਹ ਆਉਣਾ ਸੁਭਾਵਕ ਹੈ।''

**ਦੀਵਾਲੀ ਸ੍ਰੀ ਅੰਮ੍ਰਿਤਸਰ** : ਅਬਦਾਲੀ ਕਲਾਨੌਰ ਤੋਂ ਲਾਹੌਰ ਮੁੜਿਆ ਹੀ ਸੀ ਕਿ ਸਿੱਖ ਦੀਵਾਲੀ ਲਈ ਇਕੱਠੇ ਹੋਣੇ ਸ਼ੁਰੂ ਹੋਏ। ਅਬਦਾਲੀ ਆਪ ਲੜ-ਲੜ ਹੰਭ ਗਿਆ ਲੱਗਦਾ ਸੀ। ਉਸ ਨੀਤੀ ਵਰਤਦੇ ਹੋਏ ਆਪਣਾ ਸੁਨੇਹਾ ਦੇ ਕੇ ਇਕ ਕਾਸਦ ਭੇਜਿਆ

1. ਬਗੁਫ਼ਤਾ ਕਿ ਖ਼ਅ ਖ਼ਅ ਦਰੀਂ ਅਹਿਮ-ਇ-ਮੁਨ।
ਜ਼ ਸਗਾ ਅਸਤ ਦਰ ਜ਼ਲਜ਼ਲਾ ਮਹਦ-ਇ-ਮਨ।
(ਜੰਗਨਾਮਾ, ਕਾਜ਼ੀ ਨੂਰ ਮੁਹੰਮਦ, ਪੰਨਾ ੧੨੯)

Sri Satguru Jagjit Singh Ji eLibrary NamdhariElibrary@gmail.com

ਕਿ ਲੜਾਈ ਕਰਨੀ ਫ਼ਜ਼ੂਲ ਹੈ। ਖ਼ੂਨ ਵਗਾਉਣਾ ਵਿਅਰਥ ਹੈ। ਸੋਭਦਾ ਇਹ ਹੀ ਹੈ ਕਿ ਗੱਲਬਾਤ ਨਾਲ ਹੁਣ ਮਸਲਾ ਨਜਿਠਿਆ ਜਾਏ। ਸਿੱਖਾਂ ਨੇ ਸੁਨੇਹਾ ਲਿਆਉਣ ਵਾਲੇ ਨੂੰ ਗੱਲ ਵੀ ਨਾ ਕਰਨ ਦਿੱਤੀ ਤੇ ਟੁੱਟ ਕੇ ਪੈ ਗਏ। ਦੀਵਾਲੀ ਤੋਂ ਇਕ ਦਿਨ ਪਹਿਲਾਂ ਅਬਦਾਲੀ ਨੇ ਅੰਮ੍ਰਿਤਸਰ ਤੇ ਹਮਲਾ ਕਰ ਦਿੱਤਾ। ਉਸ ਦਿਨ ਅਮਾਵਸ ਤੇ ਸੂਰਜ ਗ੍ਰਹਿਣ ਹੋਣ ਕਾਰਨ ਚਾਰੇ ਪਾਸੇ ਹਨੇਰਾ ਹੀ ਹਨੇਰਾ ਛਾਇਆ ਹੋਇਆ ਸੀ। ਸਿੱਖਾਂ ਨੇ ਡਟ ਕੇ ਮੁਕਾਬਲਾ ਕੀਤਾ। ਅਬਦਾਲੀ ਨੇ ਸਾਰਾ ਤਾਣ ਲਗਾਇਆ, ਪਰ ਸਿੱਖ ਜੂਝ ਜੂਝ ਅਫ਼ਗਾਨਾਂ ਨੂੰ ਮਾਰਦੇ ਰਹੇ। ਅਬਦਾਲੀ ਨੇ ਰਾਤੋ ਰਾਤ ਲਾਹੌਰ ਜਾਣਾ ਮੁਨਾਸਬ ਸਮਝਿਆ। ਸਿੱਖਾਂ ਦੀ ਪੂਰੀ ਜਿੱਤ ਹੋਈ।[1] ਸਿੱਖ ਹੁਣ ਸਮਝਦੇ ਸਨ ਕਿ ਅਬਦਾਲੀ ਹੋਰ ਤਗੜਿਆਂ ਹੋ ਕੇ ਹਮਲਾ ਕਰੇਗਾ, ਪਰ ਅਬਦਾਲੀ ਨੂੰ ਅਫ਼ਗਾਨਿਸਤਾਨ ਤੋਂ ਐਸੀਆਂ ਖ਼ਬਰਾਂ ਵੀ ਪੁੱਜ ਰਹੀਆਂ ਸਨ ਜਿਸ ਕਾਰਨ ਉਹ ਪੰਜਾਬ ਟਿਕ ਨਹੀਂ ਸੀ ਸਕਦਾ। ਕਾਬਲ ਮੁੜਦੇ ਅਬਦਾਲੀ ਨੂੰ ਸਿੱਖਾਂ ਨੇ ਤੰਗ ਕੀਤਾ। ਰਾਵੀ ਪਾਰ ਕਰਨ ਵੇਲੇ ਵੀ ਸਿੱਖਾਂ ਅਬਦਾਲੀ ਨੂੰ ਹੱਥ ਦਿਖਾਏ। ਸ਼ਿਕਾਰ ਖੇਡਦੇ ਇਕ ਵਾਰੀ ਅਬਦਾਲੀ ਨਾਲ ਇਕ ਸਿੱਖ ਜਥੇ ਦੀ ਲੱਖੀ ਜੰਗਲ ਝੜਪ ਹੋ ਗਈ ਅਤੇ ਉਹ ਜਥਾ ਪਕੜ ਹੀ ਲਿਆ, ਪਰ ਦੂਜੇ ਨੇ ਆ ਕੇ ਨਾ ਸਿਰਫ਼ ਜਥੇ ਨੂੰ ਛੁਡਵਾਇਆ ਸਗੋਂ ਅਬਦਾਲੀ ਤੇ ਸਿੱਧਾ ਹੱਲਾ ਬੋਲ ਦਿੱਤਾ। 'ਤਾਰੀਖ਼-ਇ-ਸੁਲਤਾਨਾਂ ਅਫ਼ਗਾਨਾਂ' ਨੇ ਇਥੋਂ ਤਕ ਲਿਖਿਆ ਹੈ ਕਿ ਇਕ ਸਿੱਖ ਨੇ ਦੌੜਾ ਕੇ ਆਪਣਾ ਘੋੜਾ ਹੀ ਅਬਦਾਲੀ ਤੇ ਚੜ੍ਹਾ ਦਿੱਤਾ। ਬੇਸ਼ਕ ਸਿੰਘ ਸ਼ਹੀਦ ਕਰ ਦਿੱਤਾ ਗਿਆ ਪਰ ਜੁਰਅੱਤ ਦੀ ਹਦ ਦਿਖ਼ਲਾ ਗਿਆ। ਅਬਦਾਲੀ ਪੰਜਾਬ ਦਾ ਪ੍ਰਬੰਧ ਰਾਜਾ ਕਾਬਲੀ ਮਲ, ਸਰਹੰਦ ਦਾ ਜ਼ੈਨ ਖ਼ਾਨ, ਜਲੰਧਰ ਦਾ ਸਾਦਤ ਯਾਰ ਖ਼ਾਨ, ਪਹਾੜੀ ਇਲਾਕੇ ਦਾ ਰਾਜਾ ਘੁਮੰਡ ਚੰਦ, ਕਲਾਨੌਰ ਦਾ ਉਬੈਦ ਖ਼ਾਨ, ਬਾਰੀ ਦਾ ਮੁਰਾਦ ਖ਼ਾਨ ਰਚਨਾ ਤੇ ਸਿੰਧ ਸਾਗਰ ਦਾ ਜਹਾਨ ਖ਼ਾਨ ਅਤੇ ਕਸ਼ਮੀਰ ਦਾ ਨੂਰਦੀਨ ਬਾਮਜ਼ਈ ਨੂੰ ਦੇ ਕੇ ਆਪ ੧੨ ਦਸੰਬਰ, ੧੭੬੨ ਨੂੰ ਅਫ਼ਗਾਨਿਸਤਾਨ ਚਲਾ ਗਿਆ। ਅਬਦਾਲੀ ਨੇ ਮਾਝੇ ਤੇ ਮਾਲਵੇ ਵਿਚਕਾਰ ਫੁੱਟ ਵੀ ਪਾਉਣੀ ਚਾਹੀ ਪਰ ਉਹ ਆਪਣੇ ਮਕਸਦ ਵਿਚ ਕਾਮਯਾਬ ਨਾ ਹੋ ਸਕਿਆ। ਅਬਦਾਲੀ ਨੇ ਬਾਬਾ ਆਲਾ ਸਿੰਘ ਨੂੰ ਮੁਆਫ਼ੀ ਦੇ ਕੇ ਜਾਗੀਰ ਦਿੱਤੀ ਤਾਂ ਕਿ ਫੁੱਟ ਪੈ ਸਕੇ। ਸਿੱਖ ਇਸ ਚਾਲ ਨੂੰ ਸਮਝ ਗਏ ਤੇ ਉਸ ਦਾ ਇਹ ਹਥਿਆਰ ਵੀ ਚੱਲਣ ਨ ਦਿੱਤਾ।

**ਬਾਬਾ ਆਲਾ ਸਿੰਘ ਦਾ ਕਿਰਦਾਰ** : ਇਹ ਠੀਕ ਰਵ੍ਹੇਗਾ ਜੇ ਬਾਬਾ ਆਲਾ ਸਿੰਘ ਦਾ ਸਿੱਖੀ ਲਹਿਰ ਵਿਚ ਹਿੱਸਾ ਤੇ ਉਸ ਦੇ ਸਿੱਖਾਂ ਤੇ ਅਬਦਾਲੀ ਨਾਲ ਸੰਬੰਧ ਬਾਰੇ ਕੁਝ ਦੇਖ ਲਿਆ ਜਾਏ। ਇਤਿਹਾਸਕਾਰਾਂ ਵਿਚ ਦੋ ਸਖ਼ਤ ਵਿਰੋਧੀ ਰਾਵਾਂ ਹਨ। ਕਈ ਸਿੱਖ ਇਤਿਹਾਸਕਾਰ ਤਾਂ ਆਲਾ ਸਿੰਘ ਤੇ ਅਬਦਾਲੀ-ਸੰਬੰਧਾਂ ਨੂੰ 'ਗ਼ੱਦਾਰੀ' ਨਾਲ ਤੁਲਨਾ ਦਿੰਦੇ ਹਨ ਤੇ ਕਈ ਨਿਰਪੱਖ ਇਤਿਹਾਸਕਾਰ ਆਲਾ ਸਿੰਘ ਦੀ 'ਮੌਕਾ ਸੰਭਾਲੂ ਪਾਲਿਸੀ' ਕਹਿੰਦੇ ਹਨ।

---

1. ਰਾਜਾ ਦੁਲਭ ਰਾਓ ਦੀ ਚਿੱਠੀ ਜੋ ਉਸ ਨੇ ੨੩ ਅਪਰੈਲ, ੧੭੬੪ ਨੂੰ ਲਿਖੀ ਉਸ ਵਿਚ ਵੀ ਇਸ ਗੱਲ ਦਾ ਜ਼ਿਕਰ ਹੈ : "ਜੰਗ ਕਾਫ਼ੀ ਸਮੇਂ ਤੱਕ ਰਹੀ। ਦੋਵੇਂ ਧਿਰਾਂ ਦਾ ਇਤਨਾ ਨੁਕਸਾਨ ਹੋਇਆ ਕਿ ਦੋਵੇਂ ਧਿਰਾਂ ਹੀ ਆਪਣੇ ਆਪਣੇ ਕੈਂਪਾਂ ਵਿਚ ਜਾ ਟਿਕੀਆ। ਕੋਈ ਧਿਰ ਵੀ ਫੇਰ ਲੜਨਾ ਨਹੀਂ ਸੀ ਚਾਹੁੰਦੀ। ਅਬਦਾਲੀ ਤਾਂ ਵਾਪਸ ਜਾਣ ਲਈ ਉਤਾਵਲਾ ਸੀ।"

Sri Satguru Jagjit Singh Ji eLibrary NamdhariElibrary@gmail.com

ਬਾਬਾ ਆਲਾ ਸਿੰਘ ਨੇ ਆਪਣੀ ਤਾਕਤ ਨਾਲ ਹੀ ਸਤਲੁਜ ਤੋਂ ਪਾਰ ਆਪਣੀ ਹਕੂਮਤ ਬਣਾਈ ਸੀ। ਰਾਇਕੋਟ ਦਿਆਂ ਰਾਜਾਂ ਨੂੰ ਹਰਾਉਣ ਬਾਅਦ ਭਵਾਨੀਗੜ੍ਹ ਦਾ ਇਲਾਕਾ ਉਸ ਜਿੱਤ ਲਿਆ ਸੀ। ਭਵਾਨੀਗੜ੍ਹ ਉਸ ਨੇ ਇਕ ਮਜ਼ਬੂਤ ਕਿਲ੍ਹਾ ਵੀ ਬਣਾਇਆ ਸੀ। ਅਬਦਾਲੀ ਦੇ ਹਰ ਹਮਲੇ ਨਾਲ ਉਸ ਆਪਣੀ ਤਾਕਤ ਵਧਾਈ। ਤੈਮੂਰ ਸ਼ਾਹ ਨੂੰ ਲਾਹੌਰ ਵੱਲ ਮੁੜਦੇ ਅਬਦਾਲੀ ਦੇ ਚੌਥੇ ਹਮਲੇ ਵੇਲੇ ਉਸ ਲੁੱਟਿਆ ਸੀ।

ਬੁੱਢਾ ਦਲ ਦੇ ਜਥੇਦਾਰ ਨਵਾਬ ਕਪੂਰ ਸਿੰਘ ਜਦ ਲਖਪਤ ਰਾਇ ਦੇ ਹਮਲਿਆਂ ਤੋਂ ਬਚਣ ਲਈ ਮਾਲਵਾ ਪੁੱਜੇ ਸਨ ਤਾਂ ਬਾਬਾ ਆਲਾ ਸਿੰਘ ਨੇ ਸੁਆਗਤ ਕੀਤਾ ਸੀ ਤੇ ਨਵਾਬ ਕਪੂਰ ਸਿੰਘ ਹਥੋਂ ਅੰਮ੍ਰਿਤ ਛਕਿਆ ਸੀ। ਸਿੱਖਾਂ ਦੀ ਲੋੜ ਵੇਲੇ ਉਹ ਮਦਦ ਕਰਦਾ ਸੀ। ਪਾਨੀਪਤ ਦੀ ਤੀਜੀ ਲੜਾਈ ਵੇਲੇ ਆਲਾ ਸਿੰਘ ਨੇ ਘਿਰੇ ਹੋਏ ਮਰਹੱਟਿਆਂ ਨੂੰ ਰਸਦ-ਪਾਣੀ ਪਹੁੰਚਾਇਆ ਸ਼ੀ। ਅਬਦਾਲੀ ਨੂੰ ਇਸ ਗੱਲ ਦਾ ਪਤਾ ਲੱਗਾ ਸੀ ਤਾਂ ਉਸਨੇ ਮੁੜਦੀ ਵਾਰੀ ਪਠਾਣਾਂ ਨੂੰ ਬਰਨਾਲਾ ਲੁੱਟਣ ਦਾ ਹੁਕਮ ਦਿੱਤਾ ਸੀ। ਆਲਾ ਸਿੰਘ ਦੁਸ਼ਮਣ ਨੂੰ ਆਉਂਦਾ ਦੇਖ ਕੇ ਮੂਣਕ ਚਲਾ ਗਿਆ, ਪਰ ਉਸਦੇ *ਘਰੋਂ ਮਾਈ ਫੱਤੋ ਨੇ ਮੌਕੇ ਨੂੰ ਸੰਭਾਲਦੇ ਹੋਏ ਬੀਰਮ ਢਿਲੋਂ ਨੂੰ ਚਾਰ ਲੱਖ ਰੁਪਏ ਦੇ ਕੇ ਭੇਜਿਆ। ਬਾਬਾ ਆਲਾ ਸਿੰਘ* ਨੂੰ ਅਬਦਾਲੀ ਨੇ ਮੁਆਫ਼ ਕਰਕੇ ਵੱਖ ਰਾਜ ਦਾ ਅਧਿਕਾਰੀ ਮੰਨ ਲਿਆ। ਆਲਾ ਸਿੰਘ ਨੇ ਪੰਜ ਲੱਖ ਰੁਪਏ ਬਤੌਰ ਖ਼ਿਰਾਜ ਦੇਣਾ ਮੰਨਿਆ ਤੇ ਮਿਰਜ਼ਾ ਮੁਹੰਮਦ ਤੱਕੀ ਨੂੰ ਆਪਣੇ ਰਾਜ ਵਿਚ ਰਖਣਾ ਵੀ ਮੰਨ ਲਿਆ। ਸਿੱਖਾਂ ਨੇ ਰੋਸ ਮਨਾਇਆ। ਉਨ੍ਹਾਂ ਆਲਾ ਸਿੰਘ ਨੂੰ ਤਨਖ਼ਾਹੀਆ ਕਰਾਰ ਦਿੱਤਾ ਕਿਉਂ ਜੋ ਉਸ ਦੁਰਾਨੀ ਦੀ ਈਨ ਮੰਨੀ ਸੀ। ਫੇਰ ਵੱਡੇ ਘਲੂਘਾਰੇ ਵੇਲੇ ਸਰਹੰਦ ਤੇ ਮਲੇਰਕੋਟਲੇ ਦੇ ਨਵਾਬਾਂ ਨੇ ਕੰਨ ਭਰੇ ਕਿ ਭਾਵੇਂ ਬਾਬਾ ਆਲਾ ਸਿੰਘ ਨੇ ਈਨ ਮੰਨੀ ਹੋਈ ਸੀ, ਪਰ ਉਹ ਸਿੱਖਾਂ ਦੀ ਹਰ ਪ੍ਰਕਾਰ ਦੀ ਮਦਦ ਕਰ ਰਿਹਾ ਹੈ ਅਤੇ ਆਲਾ ਸਿੰਘ ਪਾਸ ਬਹੁਤ ਖ਼ਜ਼ਾਨਾ ਹੈ। ਜੇ ਉਸ ਨੂੰ ਪਕੜ ਕੇ ਪੇਸ਼ ਕਰਨ ਦਾ ਹੁਕਮ ਦੇ ਦਿੱਤਾ ਜਾਏ ਤਾਂ ਘੱਟ ਤੋਂ ਘੱਟ ੫੦ ਲੱਖ ਰੁਪਏ ਮਿਲ ਸਕਦੇ ਹਨ। ਅਬਦਾਲੀ ਇਸ ਨੀਅਤ ਨਾਲ ਬਰਨਾਲਾ ਦਾਖ਼ਲ ਹੋਇਆ, ਪਰ ਆਲਾ ਸਿੰਘ ਨਾ ਅਗੋਂ ਲੈਣ ਆਇਆ ਨਾ ਦਰਬਾਰ ਵਿਚ ਪੇਸ਼ ਹੋਇਆ। ਬਾਬਾ ਆਲਾ ਸਿੰਘ ਆਪਣੇ ਉਸਾਰੇ ਕਿਲ੍ਹਾ ਭਵਾਨੀਗੜ੍ਹ ਵਿਚ ਚਲਾ ਗਿਆ। ਅਬਦਾਲੀ ਨੇ ਬਰਨਾਲਾ ਸਾੜ ਫੂਕ ਦਿੱਤਾ ਤੇ ਭਵਾਨੀਗੜ੍ਹ ਵੱਲ ਧਾਵਾ ਬੋਲਿਆ। ਅਬਦਾਲੀ ਨੇ ਆਲਾ ਸਿੰਘ ਨੂੰ ਹੁਕਮ ਭੇਜਿਆ ਕਿ ਉਹ ਪੇਸ਼ ਹੋਏ ਅਤੇ ਬਗ਼ੈਰ ਕੇਸਾਂ ਦੇ। ਪਰ ਨਜੀਬ-ਉਦ-ਦਉਲਾ ਰੁਹੇਲਾ ਨੇ ਇਹ ਸਖ਼ਤ ਹੁਕਮ ਵਾਪਸ ਲੈਣ ਲਈ ਆਖਿਆ ਅਤੇ ਰੁਹੇਲਾ ਸਰਦਾਰ ਨੇ ਆਲਾ ਸਿੰਘ ਨੂੰ ਸਿੱਖੀ ਸੂਰਤ ਵਿਚ ਹੀ ਪੇਸ਼ ਹੋਣ ਦੀ ਆਗਿਆ ਲੈ ਦਿੱਤੀ। ਆਲਾ ਸਿੰਘ ਨੇ ਚਾਰ ਲੱਖ ਰੁਪਏ ਖ਼ਿਰਾਜ ਦੇ ਅਤੇ ਸਵਾ ਲੱਖ ਰੁਪਏ ਸਿੱਖੀ ਸੂਰਤ ਵਿਚ ਪੇਸ਼ ਹੋਣ ਦਾ ਭੇਟ ਕੀਤਾ। ਕੁਝ ਚਿਰ ਆਲਾ ਸਿੰਘ ਨੂੰ ਗ੍ਰਿਫ਼ਤਾਰ ਰੱਖਣ ਬਾਅਦ ਅਬਦਾਲੀ ਨੇ ਨੀਤੀ ਵਰਤਣੀ ਹੀ ਠੀਕ ਸਮਝੀ। ਆਲਾ ਸਿੰਘ ਨੂੰ ਇੱਜ਼ਤ, ਖ਼ਿਲਤ ਤੇ ਜਾਗੀਰ ਦੇ ਕੇ ਮਾਝੇ ਤੇ ਮਾਲਵੇ ਵਿਚਕਾਰ ਫੁੱਟ ਪਾਉਣ ਦੀ ਸੋਚੀ। ਡਾਕਟਰ ਸਿਨਹਾ ਕਹਿੰਦਾ ਹੈ : ਅਬਦਾਲੀ ਨੇ ਉਹ ਹੀ ਪਾਲਸੀ ਅਪਣਾਈ ਜੋ ਸਿਕੰਦਰ ਨੇ ਪੋਰਸ ਵਿਰੁੱਧ ਅੰਭੀ ਵਾਸਤੇ ਅਪਣਾਈ ਸੀ, ਉਹ ਹੀ ਜਿਹੜੀ ਅੰਗਰੇਜ ਨੇ ਰਣਜੀਤ ਸਿੰਘ ਵੇਲੇ ਫੂਲਕੀਆਂ

Sri Satguru Jagjit Singh Ji eLibrary NamdhariElibrary@gmail.com

ਰਿਆਸਤਾਂ ਨਾਲ ਅਪਣਾਈ ਸੀ ਜਾਂ ਹੋਰ ਸਪੱਸ਼ਟ ਕਰਨ ਲਈ ਜੋ ਡਿਊਕ ਆਫ਼ ਪਰਮਾ ਨੇ ਡੱਚਾਂ ਦੀ ਆਜ਼ਾਦੀ ਦੀ ਜੰਗ ਵੇਲੇ ਦੱਖਣ ਨੂੰ ਉੱਤਰ ਨਾਲ ਪਾੜਨ ਲਈ ਅਪਣਾਈ ਸੀ। ਪਰ ਆਲਾ ਸਿੰਘ 'ਗ਼ਦਾਰ' ਨਹੀਂ ਸੀ ਬਣ ਸਕਦਾ। ਉਹ ਤਾਂ ਤੂਫ਼ਾਨ ਅੱਗੇ ਝੁਕਿਆ ਸੀ ਸਿਰਫ਼ ਸਮਾਂ ਟਾਲਣ ਲਈ। ਸਿੱਖੀ ਲਹਿਰ ਨਾਲੋਂ ਵੱਖ ਹੋਣ ਦੀ ਕਦੇ ਉਹ ਸੋਚ ਵੀ ਨਹੀਂ ਸੀ ਸਕਦਾ। ਖ਼ਾਲਸੇ ਨੇ ਉਸ ਦੇ ਅਬਦਾਲੀ ਨਾਲ ਸੰਬੰਧਾਂ ਦਾ ਬਹੁਤ ਗੁੱਸਾ ਕੀਤਾ ਤੇ ਤਨਖ਼ਾਹੀਆ ਵੀ ਕਰਾਰ ਦਿੱਤਾ, ਪਰ ਆਲਾ ਸਿੰਘ ਨੇ ਤਨਖਾਹ ਭਰ ਕੇ ਸਰਬਤ ਖਾਲਸਾ ਕੋਲੋਂ ਮੁਆਫ਼ੀ ਮੰਗ ਲਈ। ਮਲੇਰਕੋਟਲਾ 'ਤੇ ਹਮਲਾ ਹੋਣ ਵੇਲੇ ਆਲਾ ਸਿੰਘ ਦੀ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਮਦਦ ਕੀਤੀ। ਬਾਬਾ ਦੀਪ ਸਿੰਘ ਜੀ ਆਪ ਆਏ ਸਨ। ਮਲੇਰ ਕੋਟਲੇ ਨੂੰ ਹਾਰ ਦੇਣ ਪਿਛੋਂ ਉਸ ਵੀ ਹਰ ਜਥੇ ਨੂੰ ਆਦਰ ਵਜੋਂ ਘੋੜੇ ਦਿੱਤੇ। ਆਲਾ ਸਿੰਘ ਨੂੰ ਪੰਥ ਦਾ ਕਿਤਨਾ ਸਹਾਰਾ ਸੀ ਉਹ ਉਸ ਚਿੱਠੀ ਤੋਂ ਪ੍ਰਗਟ ਹੈ ਜੋ ਉਸ ਸਰਬਤ ਖ਼ਾਲਸੇ ਨੂੰ ਲਿਖੀ ਸੀ। ਸ਼ਬਦ ਸਨ :

*"ਜੇ ਪੰਥ ਖਬਰ ਨਾ ਹਮ ਲਈ*
*ਤੋ ਮਾਰੈ ਤੁਰਕ ਮੁਹਿ ਘੇਰ।"*

ਆਪਣੇ ਫ਼ੌਜੀਆਂ ਨੂੰ ਇਧਰ ਕਹਿ ਰਿਹਾ ਸੀ :

***ਰਹੁ ਤਕੜੇ ਤੁਸੀਂ ਪਾਲਕ ਘੜੀ ਪੰਥ ਆਇ।***

ਬਾਬਾ ਆਲਾ ਸਿੰਘ ਨੂੰ ਕਈ ਸਿੱਖ ਸਰਦਾਰ ਫਿਰ ਵੀ ਗ਼ੱਦਾਰ ਹੀ ਕਹਿੰਦੇ ਰਹੇ, ਪਰ ਇਹ ਹੀ ਕਹਿਣਾ ਠੀਕ ਰਹੇਗਾ ਕਿ ਉਸ ਦੇ 'ਅਬਦਾਲੀ ਨਾਲ ਸੰਬੰਧ; 'ਮੌਕਾ ਸੰਭਾਲੂ ਪਾਲਿਸੀ' (Matter of Expediency) ਦਾ ਹਿੱਸਾ ਸਨ।

**੧੭੬੩ ਦੀ ਵਿਸਾਖੀ ਅਤੇ ਕਸੂਰ ਤੇ ਹਮਲਾ**—ਅਬਦਾਲੀ ਦਾ ਮੁੜਨਾ ਸੁਣ ਕੇ ਸਿੱਖ ਜੰਗਲਾਂ, ਟਿਕਾਣਿਆ ਅਤੇ ਦੂਰ ਦੁਰਾਡੇ ਥਾਵਾਂ ਤੋਂ ਨਿਕਲ ਕੇ ਫਿਰ ਪੰਜਾਬ ਵਿਚ ਵਿਚਰਨ ਲੱਗੇ। ੧੦ ਅਪ੍ਰੈਲ, ੧੭੬੩ ਨੂੰ ਸ੍ਰੀ ਅੰਮ੍ਰਿਤਸਰ ਵਿਸਾਖੀ ਦੇ ਮੌਕੇ ਉੱਤੇ ਇਕੱਠੇ ਹੋਏ। ਅਜੇ ਇਕੱਠੇ ਹੋਏ ਹੀ ਸਨ ਕਿ ਕਸੂਰ ਦੇ ਬ੍ਰਾਹਮਣਾਂ ਨੇ ਆ ਕੇ ਕਸੂਰ ਦੇ ਫ਼ੌਜਦਾਰ ਉਸਮਾਨ ਖ਼ਾਨ ਵਲੋਂ ਦਿੱਤੇ ਜਾ ਰਹੇ ਤਸੀਹਾਂ ਦਾ ਜ਼ਿਕਰ ਕੀਤਾ ਅਤੇ ਦਸਿਆ ਕਿ ਉਨ੍ਹਾਂ ਦੀਆਂ ਬਹੂ, ਬੇਟੀਆਂ ਦੀ ਇੱਜ਼ਤ ਮਹਿਫ਼ੂਜ਼ ਨਹੀਂ ਹੈ। ਉਸਮਾਨ ਖ਼ਾਨ ਨੇ ਸਜ ਵਿਆਹੀ ਪੰਡਤ ਦੀ ਪਤਨੀ ਨੂੰ ਜ਼ਬਰਦਸਤੀ ਖੋਹ ਕੇ ਆਪਣੇ ਹਰਮ ਵਿਚ ਪਾਇਆ ਹੈ। ਪੁਜਾਰੀ ਦੇ ਸ਼ਬਦ ਸਨ ਕਿ ਮੇਰੀ ਨਾਰ ਕਸੂਰੀਆਂ ਨੇ ਖੋਹੀ ਹੈ :

*"ਤੁਮ ਖਾਲਸੇ ਹੋ, ਹਿੰਦੂ ਧਰਮ।*
*ਪੰਥ ਨਾਨਕ ਕੋ ਛਤ੍ਰੀ ਕਰਮ।*
*ਤੁਰਕਨ ਕੀਨੀ ਜ਼ੁਲਮੀ ਭਾਰੀ।*
*ਤੁਰਕਨ ਆਈ ਗਲਨੀ ਵਾਰੀ।*
*ਯਹਿ ਦਰਬਾਰ ਛਡ ਔਰ ਕਤ ਜਾਊਂ।*
*ਦਿਸੈ ਨ ਠੌਰ ਜਹਿ ਅਦਾਲਤ ਪਾਊਂ।"*

Sri Satguru Jagjit Singh Ji eLibrary NamdhariElibrary@gmail.com

ਸਿੱਖ ਵਿਚਾਰਾਂ ਕਰਨ ਲੱਗੇ ਕਿ ਕਸੂਰ ਵਿਚ ਭਾਰੀ ਫ਼ੌਜ ਹੈ। ਕਿਲ੍ਹੇ ਵੀ ਬਾਰਾਂ [1] ਹਨ। ਤਾਂ ਸਰਦਾਰ ਹਰੀ ਸਿੰਘ ਨੇ ਕਿਹਾ ਕਿ ਸਿੱਖ ਹਰ ਧੀ, ਭੈਣ ਦੀ ਇੱਜ਼ਤ ਦਾ ਰਾਖਾ ਹੈ, ਕਸੂਰ ਨੂੰ ਸੋਧਣਾ ਜ਼ਰੂਰੀ ਹੈ। ਸਿੱਖ ਸਰਦਾਰਾਂ ਨੇ ਕੁਝ ਚਿਰ ਉਡੀਕਣ ਲਈ ਕਿਹਾ ਪਰ ਸਰਦਾਰ ਹਰੀ ਸਿੰਘ ਭੰਗੀ ਨੇ ਗਰਜ ਨੇ ਕਿਹਾ :

*"ਤੁਮ ਚਲੋ ਕੋਊ ਨ ਚਲੋ, ਹਮ ਤੋ ਚਲੇਂ ਜ਼ਰੂਰ ਹੈਂ।*
*ਹਮ ਤੋ ਸ਼ਹੀਦੀ ਲੈਂਗੇ, ਛੁਟੈ ਨ ਜਬ ਕਸੂਰ ਹੈ।"*[2]

ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਉਹਦਾ ਜੋਸ਼ ਦੇਖ ਕੇ ਕਿਹਾ ਕਿ ਗੁਰੂ ਵਾਕ ਲਿਆ ਜਾਏ। ਜੋ ਹੁਕਮ ਆਵੇ ਉਸ ਦੇ ਅਮਲ ਕੀਤਾ ਜਾਏ। ਸਭ ਸਰਦਾਰ ਸ੍ਰੀ ਦਰਬਾਰ ਸਾਹਿਬ ਪੁੱਜੇ ਅਤੇ ਅਰਦਾਸ ਕੀਤੀ :

*'ਕਿ ਦੀਜੈ ਵਾਕ ਜੁ ਕਰਨੈ ਹੋਈ।'*

ਇਹ ਵੀ ਸ਼ਬਦ ਕਹੇ :

*ਤੂੰ ਗਰੰਥ ਸਚੀਂ ਹੈ ਦੇਹ।*
*ਸਿਖ ਸੰਗਤਿ ਕੋ ਸਚ ਵਾਕ ਦੇਹੁ।*

ਜਦ ਗੁਰੂ ਗ੍ਰੰਥ ਸਾਹਿਬ ਤੋਂ ਵਾਕ ਲਿਆ ਗਿਆ ਤਾਂ ਹੁਕਮ ਆਇਆ :

*ਪੰਜੇ ਬਧੇ ਮਹਾਬਲੀ ਕਰਿ ਸਚਾ ਢੋਆ।*
*ਆਪਣੇ ਚਰਣ ਜਪਾਇਅਨੁ ਵਿਚਿ ਦਯ ਖੜੋਆ।*
*ਰੋਗ ਸੋਗ ਸਭਿ ਮਿਟਿ ਗਏ ਨਿਤ ਨਵਾਂ ਨਰੋਆ।*

(ਬਸੰਤ ਕੀ ਵਾਰ ਮਹਲਾ ੫)

ਖ਼ਾਲਸੇ ਨੇ ਜੈਕਾਰੇ ਛੱਡੇ ਤੇ ਇੰਜ ਜਾਣਿਆ ਕਿ ਕਸੂਰ ਨੂੰ ਮਾਰ ਹੀ ਲਿਆ ਹੈ। ਦੇਖਦੇ ਦੇਖਦੇ ਦਸ ਹਜ਼ਾਰ ਸਿੰਘ ਤਿਆਰ ਹੋ ਗਏ। ਇਹ ਵਿਸ਼ਵਾਸ ਪੱਕਾ ਸੀ।

*"ਦਈ ਗਰੰਥ ਆਵਾਜ਼।*
*ਸੋਉ ਕਰੈਗੋ ਹਮਰੈ ਕਾਜ।"*

ਇਕ ਸਿੱਖ ਕਸੂਰ ਤੋਂ ਆਇਆ ਤਾਂ ਉਸ ਕੋਲੋਂ ਪੁੱਛਿਆ ਗਿਆ ਕਿ ਚੜ੍ਹਾਈ ਦਾ

---

1. ਬਾਰਾਂ ਕਿਲ੍ਹਿਆਂ ਦੇ ਨਾਮ ਇਹ ਸਨ :
(1) ਕੋਟ ਖ਼੍ਵਾਜਾ ਹੁਸੈਨ ਖ਼ਾਨ; (2) ਕੋਟ ਖ਼੍ਵਾਜਾ ਗ਼ੁਲਾਮ ਮੁਹੀ-ਉਦ-ਦੀਨ,
(3) ਕੋਟ ਉਸਮਾਨ ਖ਼ਾਨ; (4) ਕੋਟ ਬਦਰ-ਉਦ-ਦੀਨ ਖ਼ਾਨ;
(5) ਪੀਰ ਦਾ ਕੋਟ; (6) ਕੋਟ ਮੁਰਾਦ ਖ਼ਾਨ;
(7) ਕੋਟ ਗੜ੍ਹੀ; (8) ਕੱਚਾ ਕੋਟ;
(9) ਕੋਟ ਰੁਕਮ-ਉਦ-ਦੀਨ ਖ਼ਾਨ; (10) ਕੋਟ ਹਲੀਮ ਖ਼ਾਨ;
(11) ਕੋਟ ਆਜ਼ਮ ਖ਼ਾਨ, (12) ਕੋਟ ਬਹਾ-ਉਦ-ਦੀਨ ਖ਼ਾਨ;
2. ਪ੍ਰਾਚੀਨ ਪੰਥ ਪ੍ਰਕਾਸ਼ ਦੇ ਸ਼ਬਦਾਂ ਵਿਚ ਇਹ ਵੀ ਕਿਹਾ :
ਹਰੀ ਸਿੰਘ ਤੋ ਮਰ ਰਹੂਗ,
ਜੋ ਨਹਿ ਮਰਗ ਕਸੂਰ।

Sri Satguru Jagjit Singh Ji eLibrary NamdhariElibrary@gmail.com

ਸੁਣ ਕੇ ਕੋਈ ਕਸੂਰ ਤੇ ਅਸਰ ਹੈ! ਤਾਂ ਉਸ ਕਿਹਾ : 'ਨਹੀਂ। ਖੁਲ੍ਹੇ ਦਰਵਾਜ਼ੇ ਹੀ ਰੱਖਦੇ ਹਨ।' ਫੌਜਿਆਂ ਦੇ ਦਿਨ ਸਨ, ਸੋ ਨਿਰਣਾ ਲਿਆ ਕਿ ਦਿਨੇ ਹੀ ਹਮਲਾ ਕਰੋ।

ਗਿਆਨੀ ਗਿਆਨ ਸਿੰਘ ਜੀ ਨੇ ਲਿਖਿਆ ਹੈ :

ਸਰਦਾਰ ਜੱਸਾ ਸਿੰਘ ਆਹਲੂਵਾਲੀਆ ਤੇ ਸਰਦਾਰ ਜੈ ਸਿੰਘ ਕਨ੍ਹਈਆ ਅਤੇ ਰਾਮਗੜ੍ਹੀਆ ਮਿਸਲ ਦੇ ਚਾਰ ਭਾਈ ਵੀ ਨਾਲ ਚਲ ਪਏ। ਕਸੂਰ ਤੇ ਹਮਲਾ ਹੋਇਆ ਅਤੇ ਉਸਮਾਨ ਖ਼ਾਨ ਆਪਣੇ ੫੦੦ ਸਾਥੀਆਂ ਸਮੇਤ ਮਾਰਿਆ ਗਿਆ। ਗ਼ੁਲਾਮ ਮੁਹੀ-ਉਦ-ਦੀਨ ਵੀ ਜੰਗ ਵਿਚ ਹੀ ਕੰਮ ਆਇਆ। ਉਸ ਦੇ ਭਤੀਜੇ ਨੇ ਸਰਦਾਰ ਝੰਡਾ ਸਿੰਘ ਦੇ ਪੈਰੀਂ ਪੈ ਕੇ ਚਾਰ ਲੱਖ ਦੇ ਕੇ ਜਾਨ ਬਚਾਈ। ਸਿੱਖਾਂ ਨੇ ਬ੍ਰਾਹਮਣ ਦੀ ਪਤਨੀ ਘਰ ਪਹੁੰਚਾਈ ਤੇ ਵਾਪਸ ਮੁੜ ਕੇ ਅੰਮ੍ਰਿਤਸਰ ਵਿਸਾਖੀ ਮਨਾਈ। ਕਸੂਰ ਦੀ ਜਿੱਤ ਨਾਲ ਕਾਫ਼ੀ ਮਾਲ ਮਤਾ ਵੀ ਸਿੱਖਾਂ ਦੇ ਹੱਥ ਆਇਆ। ਰਾਮਗੜ੍ਹੀਆ ਭਰਾਵਾਂ ਨੇ ਲੁੱਟੇ ਮਾਲ ਨੂੰ ਅੰਮ੍ਰਿਤਸਰ ਜਮ੍ਹਾ ਕਰਾਉਣ ਦੀ ਥਾਂ ਰਾਹ ਵਿਚ ਹੀ ਦਬਾ ਦਿੱਤਾ, ਪਰ ਐਸਾ ਭੁੱਲੇ ਕਿ ਅਜੇ ਤਕ ਨਹੀਂ ਮਿਲਿਆ।

**ਜਲੰਧਰ ਦੇ ਨਵਾਬ ਦਾ ਭੱਜਣਾ** : ਜਲੰਧਰ ਦੇ ਨਵੇਂ ਨਵਾਬ ਸਾਦਤ ਯਾਰ ਖ਼ਾਨ ਨੇ ਸਿੱਖਾਂ ਦੀ ਤਾਕਤ ਨੂੰ ਰੋਕ ਪਾਉਣ ਦੀ ਕੋਸ਼ਿਸ਼ ਕੀਤੀ, ਪਰ ਆਪ ਇਤਨਾ ਕਮਜ਼ੋਰ ਸੀ ਕਿ ਹੱਲਾ ਵੀ ਨਾ ਸਹਾਰ ਸਕਿਆ। ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਉਸ ਦੇ ਏਜੰਟ ਬਿਸ਼ੰਭਰ ਦਾਸ ਲਸਾੜਾ ਨੂੰ ਉੜਮੁੜ ਟਾਂਡਾ ਹਰਾ ਕੇ ਕਈ ਪਿੰਡਾਂ ਉੱਤੇ ਕਬਜ਼ਾ ਕਰ ਲਿਆ। ਸਾਦਤ ਯਾਰ ਖ਼ਾਨ ਲਾਹੌਰ ਭੱਜ ਉਠਿਆ।

**ਜਹਾਨ ਖ਼ਾਨ ਨੂੰ ਹਰਾਉਣਾ** : ਸਿੱਖਾਂ ਦੇ ਵਾਧੇ ਤੇ ਆਪਣੇ ਫ਼ੌਜਦਾਰਾਂ ਦੀ ਹਾਰ ਦੀ ਖ਼ਬਰ ਜਦ ਅਹਿਮਦ ਸ਼ਾਹ ਨੇ ਸੁਣੀ ਤਾਂ ਉਸ ਨੇ ਜਹਾਨ ਖ਼ਾਨ ਨੂੰ ਸਿੱਖਾਂ ਨਾਲ ਲੋਹਾ ਲੈਣ ਲਈ ਭੇਜਿਆ। ਸਿੱਖ ੪ ਨਵੰਬਰ, ੧੭੬੩ ਨੂੰ ਅੰਮ੍ਰਿਤਸਰ ਇਕੱਠੇ ਹੋਏ ਹੀ ਸਨ ਕਿ ਜਹਾਨ ਖ਼ਾਨ ਦੇ ਹਮਲੇ ਦੀਆਂ ਖ਼ਬਰਾਂ ਪੁੱਜੀਆਂ। ਦੀਵਾਲੀ ਵਾਲੇ ਦਿਨ ਦੁਬਾਰਾ ਹਰਮਿੰਦਰ ਸਾਹਿਬ ਦਾ ਨੀਂਹ ਪੱਥਰ ਰੱਖਣਾ ਸੀ। ਇਸ ਨੂੰ ਅਗੇਰੇ ਪਾ ਕੇ ਸਰਦਾਰ ਚੜ੍ਹਤ ਸਿੰਘ ਨੇ ਜਹਾਨ ਖ਼ਾਨ ਦਾ ਟਾਕਰਾ ਕਰਨ ਲਈ ਹਮਲਾ ਕਰ ਦਿੱਤਾ। ਉਸ ਜੰਗ ਵਿਚ ਜਹਾਨ ਖ਼ਾਨ ਦਾ ਘੋੜਾ ਮਾਰਿਆ ਗਿਆ ਅਤੇ ਉਹ ਭੱਜ ਉਠਿਆ। ਭੱਜਦੇ ਜਹਾਨ ਖ਼ਾਨ ਨੂੰ ਸਿੱਖਾਂ ਕੁਝ ਨਾ ਕਿਹਾ ਕਿਉਂਕਿ ਉਹ ਪੈਦਲ ਸੀ। ਸਿੱਖਾਂ ਦੇ ਹੱਥ ਜਹਾਨ ਖ਼ਾਨ ਦੇ ਰਿਸ਼ਤੇਦਾਰ ਤੇ ਬੇਗ਼ਮਾਂ ਵੀ ਆਈਆਂ, ਪਰ ਸਿੱਖਾਂ ਨੇ ਆਪ ਬੇਗ਼ਮਾਂ ਸੁਰੱਖਿਅਤ ਥਾਂ ਉੱਤੇ ਜੰਮੂ ਪਹੁੰਚਾ ਦਿੱਤੀਆਂ। ਸਿੱਖ ਬੇਦੋਸ਼ੇ ਬੱਚਿਆਂ ਤੇ ਇਸਤਰੀਆਂ ਉੱਤੇ ਹੱਥ ਨਹੀਂ ਸੀ ਉਠਾਂਦੇ।[1] ਫ਼ਾਰਸਟਰ ਵੀ ਲਿਖਦਾ ਹੈ ਕਿ ਇਸ ਹਮਲੇ ਵਿਚ ਕਿਸੇ ਨਿਰਦੋਸ਼ ਉੱਤੇ ਸਿੱਖਾਂ ਹੱਥ ਨਾ ਉਠਾਇਆ ਤੇ ਬਗੈਰ ਦੋਸ਼ ਦੇ ਕਿਸੇ ਨੂੰ ਕਤਲ ਨਾ ਕੀਤਾ।[2] ਵਾਪਸ ਮੁੜ ਕੇ ਦਰਬਾਰ ਸਾਹਿਬ ਦਾ ਨੀਂਹ ਪੱਥਰ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਰੱਖਿਆ। ਅੰਮ੍ਰਿਤਸਰ ਦੀ ਕਾਰ ਸੇਵਾ ਸਿੰਘਾਂ ਹੱਥੀਂ ਕੀਤੀ।

**ਦੋਖੀਆਂ ਨੂੰ ਸਜ਼ਾਵਾਂ, ਮਲੇਰਕੋਟਲਾ ਤੇ ਹਮਲਾ** : ਸਿੱਖ ਮੁਕੰਮਲ ਤੌਰ ਤੇ ਹੀ ਪੰਜਾਬ ਦੇ ਮਾਲਕ ਸਨ। ਅੰਮ੍ਰਿਤਸਰ ਪਹਿਲੀ ਸ਼ਕਲ ਵਿਚ ਆ ਰਿਹਾ ਸੀ। ਸਿੱਖਾਂ ਦੀ ਇਹ ਵਿਚਾਰ

---

1. ਸੋਹਨ ਲਾਲ, ਅਲੀ-ਉਲ-ਦੀਨ।
2. Forster Indian Travels. Vol. P.P. 229

Sri Satguru Jagjit Singh Ji eLibrary NamdhariElibrary@gmail.com

ਬਣੀ ਕਿ ਉਨ੍ਹਾਂ ਸਭ ਦੋਖੀਆਂ ਨੂੰ ਸਜ਼ਾ ਦਿੱਤੀ ਜਾਏ ਜਿਨ੍ਹਾਂ ਪਿਛਲੇ ਵੱਡੇ ਘੱਲੂਘਾਰੇ ਵਿਚ ਅਬਦਾਲੀ ਦੀ ਮਦਦ ਕੀਤੀ ਹੈ। ਮਲੇਰਕੋਟਲਾ ਦੇ ਭੀਖਣ ਖ਼ਾਨ ਨੇ ਸਿੱਖਾਂ ਵਿਰੁੱਧ ਵੱਧ ਚੜ੍ਹ ਕੇ ਹਿੱਸਾ ਲਿਆ ਸੀ। ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਮਲੇਰ ਕੋਟਲਾ ਉੱਤੇ ਹਮਲਾ ਕੀਤਾ। ਬਾਬਾ ਆਲਾ ਸਿੰਘ ਨੇ ਵੀ ਮਦਦ ਭੇਜੀ। ਭੀਖਣ ਖ਼ਾਨ ਤੇ ਉਸ ਦੇ ਸਾਥੀ ਥਾਂ ਹੀ ਮਾਰੇ ਗਏ। ਉਸ ਨੂੰ ਸਜ਼ਾ ਦੇ ਕੇ ਸਿੱਖਾਂ ਨੇ ਸਰਹੰਦ ਵੱਲ ਧਿਆਨ ਕੀਤਾ।

**ਸਰਹੰਦ ਤੇ ਹਮਲਾ** : ਸਰਹੰਦ ਦਾ ਜ਼ੈਨ ਖ਼ਾਨ ਜ਼ੁਲਮ ਕਰਨ ਵਿਚ ਕਈਆਂ ਤੋਂ ਬਾਜ਼ੀ ਲੈ ਰਿਹਾ ਸੀ। ਮਲੇਰਕੋਟਲਾ ਵਲੋਂ ਸਿੱਖਾਂ ਨੇ ਸਰਹੰਦ ਵੱਲ ਮੂੰਹ ਮੋੜਿਆ। ਸਿੱਖ ਕਿਹਾ ਕਰਦੇ ਸਨ : *ਸਰਹੰਦ ਸ਼ਹੀਦ ਹੋਣ ਦਾ ਸਵਾਦ ਹੀ ਹੋਰ ਹੈ।* ਭਾਵੇਂ ਆਲਾ ਸਿੰਘ ਨੇ ਮਲੇਰਕੋਟਲਾ ਮਦਦ ਭੇਜੀ ਸੀ, ਪਰ ਕਈ ਸਿੱਖ ਸਰਦਾਰਾਂ ਦਾ ਖ਼ਿਆਲ ਸੀ ਕਿ ਬਰਨਾਲਾ ਵੀ ਜ਼ੇਰ ਕੀਤਾ ਜਾਵੇ ਪਰ ਸਰਦਾਰ ਜੱਸਾ ਸਿੰਘ ਨੇ ਰੋਕ ਪਾਈ। ਸਰਹੰਦ ਤੇ ਹਮਲੇ ਲਈ ਆਲਾ ਸਿੰਘ ਨੇ ਆਪਣੀ ਅੱਡ ਫ਼ੌਜ ਭੇਜੀ। ਜ਼ੈਨ ਖ਼ਾਨ ਇਕੱਲਾ ਹੀ ਲੜਨ ਲਈ ਰਹਿ ਗਿਆ ਕਿਉਂਕਿ ਸਾਰੇ ਸਾਥੀ ਭੱਜ ਗਏ ਜਾਂ ਸਾਥ ਛੱਡ ਗਏ ਜਾਂ ਮਾਰੇ ਗਏ ਸਨ। ਅਹਿਮਦ ਸ਼ਾਹ ਦੂਰ ਸੀ। ਕਾਬਲੀ ਮੱਲ ਲਾਹੌਰ ਵਿਚ ਆਪ ਕਮਜ਼ੋਰ ਸੀ। ਸਾਦਤ ਖ਼ਾਨ ਹਾਰ ਗਿਆ ਸੀ। ਭੀਖਣ ਖ਼ਾਨ ਮਲੇਰਕੋਟਲਾ ਮਾਰਿਆ ਗਿਆ ਸੀ। ਮੁਰਤਜ਼ਾ ਖ਼ਾਨ ਤੇ ਕਾਸਮ ਖ਼ਾਨ ਭੱਜ ਗਏ ਸਨ। ੧੪ ਜਨਵਰੀ, ੧੭੬੪ ਨੂੰ ਸਰਹੰਦ ਉੱਤੇ ਹਮਲਾ ਕੀਤਾ ਗਿਆ। ਜ਼ੈਨ ਖ਼ਾਨ ਥਾਂ ਉੱਤੇ ਹੀ ਮਾਰਿਆ ਗਿਆ। ਜਿਸ ਨੇ ਹਥਿਆਰ ਸੁੱਟੇ, ਸਿੰਘਾਂ ਉਸਨੂੰ ਕੁਝ ਨਾ ਕਿਹਾ :

*'ਸਿੰਘਨ ਕੀਓ ਨ ਤਿਨ ਪਰ ਵਾਰੇ।'*

ਸਿੰਘ ਤਾਂ ਉਸਨੂੰ ਸਜ਼ਾ ਦੇਣ ਆਏ ਸਨ ਜੋ ਜ਼ਾਲਮਾਂ ਨਾਲ ਰਲ ਕੇ ਨਿਤ ਹਮਲੇ ਕਰਦਾ ਸੀ :

*'ਸਿੰਘ ਦਇਆ ਕੇ ਰੂਪ ਸੁ ਆਹਿ।*
*ਲਏ ਨ ਬਦਲੇ ਉਨ ਤੇ ਕਾਹਿ।'*

ਸ਼ਹਿਰ ਦੀ ਸੱਚਮੁਚ ਹੀ ਇੱਟ ਨਾਲ ਇੱਟ ਵਜਾ ਦਿੱਤੀ ਗਈ। ਤੀਜੀ ਵਾਰੀ ਸਰਹੰਦ ਉਜਾੜੀ। ਜਿੱਥੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫ਼ਤਹਿ ਸਿੰਘ ਜੀ ਨੂੰ ਦੀਵਾਰਾਂ ਵਿਚ ਚਿਣਿਆ ਗਿਆ ਸੀ ਉੱਥੇ 'ਫ਼ਤਹਿਗੜ੍ਹ ਸਾਹਿਬ' ਬਣਾਇਆ। ਜਿੱਥੇ ਸਾਹਿਬਜ਼ਾਦਿਆਂ ਦਾ ਸਸਕਾਰ ਕੀਤਾ ਗਿਆ ਸੀ, ਉਹ ਥਾਂ ਵੀ ਇਕ ਕਰੋੜ ੧੮ ਲੱਖ ਮੋਹਰਾਂ ਵਿਛਾ ਕੇ ਟੋਡਰ ਮਲ ਨੇ ਲਈ ਸੀ ਅਤੇ ਇਕ ਕਰੋੜ ਰੁਪਿਆ ਮਸੰਦ ਸੁਲਖਣ ਨੇ ਸਾਹਿਬਜ਼ਾਦਿਆਂ ਦੀ ਜਾਨ ਬਚਾਉਣ ਲਈ ਵਜੀਦ ਖ਼ਾਨ ਨੂੰ ਦਿੱਤਾ ਸੀ। ਉਹ ਹੜਪ ਕਰ ਗਿਆ ਤੇ ਬੱਚੇ ਸ਼ਹੀਦ ਕੀਤੇ ਸਨ। ਹੁਣ ਗੱਧਿਆਂ ਨਾਲ ਹੱਲ ਚਲਾਏ। ਸਤਿਗੁਰ ਬਚਨ ਪੂਰਾ ਕੀਤਾ।[1] ਇਹ ਗੁਰਮਤਾ ਕੀਤਾ ਕਿ ਜਿੱਥੇ ਸਾਹਿਬਜ਼ਾਦਿਆਂ ਦਾ ਖ਼ੂਨ ਵਗਿਆ ਹੈ, ਉੱਥੇ ਹੀ ਅਥਾਹ ਸ਼ਕਤੀ ਹੈ।

*"ਜਿਸ ਠੌਰ ਉਨ ਵੀਟਯੋ ਰਕਤ।*
*ਉਸ ਠੌਰ ਉਨ ਹਵੋਗ ਸ਼ਕਤ।"*

ਉੱਥੇ ਸ਼ਾਨਦਾਰ ਦਰਬਾਰ ਬਣਾਇਆ। ਝੰਡੇ ਝੁਲਾਏ, ਨਗਾਰੇ ਨਿਤ ਵਜਦੇ ਰਹਿਣ,

---

1 ਸਤਿਗੁਰ ਬਚਨ ਤਿਖੀ ਤਲਵਾਰ।
ਵਹਿ ਨਹਿ ਛੋਡੈ ਜੋ ਲੁਕੇ ਪਤਾਲ।

Sri Satguru Jagjit Singh Ji eLibrary NamdhariElibrary@gmail.com

ਇਸ ਲਈ ਨਗਾਰੇ ਰੱਖੇ। ਉਸ ਥਾਂ ਥੜ੍ਹੇ ਬਣਾ ਕੇ ਚੌਕੀ ਧਰੀ, ਚੰਦੋਆ ਤਾਣਿਆ। ਪੰਜ ਸ਼ਸਤਰ ਉੱਥੇ ਰੱਖੇ। ਨਿਤ ਕੀਰਤਨ ਵੀ ਹੋਵੇ, ਇਸ ਲਈ ਉਚੇਚੇ ਰਬਾਬੀ ਰੱਖੇ।

ਗੁਰੂ-ਮਾਰੀ ਸਰਹੰਦ ਨੂੰ ਕੋਈ ਵੀ ਕਬਜ਼ੇ ਵਿਚ ਲੈਣ ਲਈ ਤਿਆਰ ਨਹੀਂ ਸੀ। ਸਰਹੰਦ ਬਾਬਾ ਬੁੱਢਾ ਸਿੰਘ ਨੂੰ ਦਿੱਤਾ ਗਿਆ ਅਤੇ ਆਲਾ ਸਿੰਘ ਨੂੰ ਕਿਹਾ ਗਿਆ ਕਿ ਉਹ ਬੇਸ਼ੱਕ ਸਰਹੰਦ ਆ ਲਵੇ।[1] ਕਿਤਨਾ ਉਤਸ਼ਾਹ ਜਾਗਿਆ ਹੋਇਆ ਸੀ ਤੇ ਕਿਤਨੀ ਚੜ੍ਹਦੀ ਕਲਾ ਸੀ ਕਿ ਬ੍ਰਿਧ ਦਲ ਕਹੇ :

*ਚੜ੍ਹੋ ਦਿੱਲੀ ਓਰ।*
*ਤਰੁਨਾ ਦਲ ਆਖੈ : ਮੁੜੋ ਵਲ ਲਾਹੌਰ।*
*ਕੋਊ ਕਹੈਂ : ਚੜ੍ਹ ਲਓ ਪਹਾੜ।*
*ਦੂਜੇ ਕਹੈਂ : ਲਉ ਦਖਣ ਉਜਾੜ।*

**ਗੰਗ ਜਮਨ ਦੁਆਬ** : ਗੰਗ ਜਮਨ ਦੁਆਬ ਵਿਚ ਬੁੱਢਾ ਦਲ ਦੇ ਜਥੇਦਾਰ ਨੇ ਚਾਲ੍ਹੀ ਹਜ਼ਾਰ ਸਿੰਘਾਂ ਨੂੰ ਲੈ ਕੇ ਬੂੜੀਆ ਘਾਟ ਤੋਂ ਜਮਨਾ ਪਾਰ ਕਰਕੇ ਗੰਗ ਦੁਆਬ ਤੇ ਜਾ ਹੱਲਾ ਬੋਲਿਆ। ਦਿਨਾਂ ਵਿਚ ਹੀ ਸਹਾਰਨਪੁਰ, ਦਿਉਬੰਦ, ਨਜੀਬਾਬਾਦ, ਮੁਜ਼ੱਫਰ ਨਗਰ, ਮੁਰਾਦਾਬਾਦ, ਗੜ੍ਹ ਮੁਕੇਤਸ਼ਵਰ ਕਬਜ਼ੇ ਵਿਚ ਕਰ ਲਏ। 'ਗਿਰਦ ਦਿਲੀ ਸਭ ਇਨ ਲੁਟ ਪਾਈ।' ਜਦ ਸਿੰਘਾਂ ਨੂੰ ਪਤਾ ਲੱਗਾ ਕਿ ਜਲਾਲਾਬਾਦ ਲੁਹਾਰੀ ਦੇ ਨਵਾਬ ਬੜੇ ਬਦਚਲਨ ਤੇ ਹਿੰਦੂਆਂ ਦੀਆਂ ਬਹੂ ਬੇਟੀਆਂ ਦੀ ਇੱਜ਼ਤ ਉਤਾਰਦੇ ਹਨ ਤਾਂ ਉਨ੍ਹਾਂ ਨੂੰ ਸੋਧਣ ਦਾ ਫ਼ੈਸਲਾ ਕੀਤਾ। ਇਹ ਐਲਾਨ ਕੀਤਾ ਕਿ ਉਹ ਨਾਲ ਆਏ ਜਿਸ 'ਪਰ ਸੁਆਰਥ ਕੇ ਕਾਰਨੇ ਸ਼ਹੀਦੀ ਖ਼ਾਸ' ਲੈਣੀ ਹੈ। ਸਿੰਘ ਸ਼ੇਰਾਂ ਵਾਂਗ ਜਾ ਪਏ। ਸੱਯਦ ਭੋਰੇ ਵਿਚ ਛੁਪਿਆ ਬੈਠਾ ਸੀ। ਉਸ ਨੂੰ ਜਾਨੋਂ ਮਾਰਿਆ ਤੇ ਬੱਚੀ ਪੰਜੇ ਵਿਚੋਂ ਛੁਡਾਈ। ਉਸ ਲੜਕੀ ਨੂੰ ਖ਼ਾਲਸੇ ਆਪਣੀ ਬੇਟੀ ਕਿਹਾ। ਸਕਰਾਮ (ਬਿਹਾਰ) ਜਾ ਕੇ ਪੰਚਾਂ ਦੇ ਸਾਹਮਣੇ ਇੱਜ਼ਤ ਨਾਲ ਘਰ ਵਸਾਇਆ। ਫਿਰ ਪਿਛੋਂ ਤੰਗ ਨ ਕਰਨ ਇਸ ਕਾਰਨ ਲੜਕੀ ਕੋਲੋਂ ਲੰਗਰ ਪਕਵਾ ਕੇ ਪਹਿਲਾਂ ਆਪ ਛਕਿਆ, ਫਿਰ ਸਾਰੇ ਵਰਨਾਂ ਨੂੰ ਛਕਾਇਆ। ਹਿੰਦੂ ਉਸ ਸਮੇਂ ਪੰਥ ਨੂੰ ਨਹਿ ਕਲੰਕੀ ਕਹਿੰਦੇ ਸਨ, ਜੋ ਉਨ੍ਹਾਂ ਦੀ ਇੱਜ਼ਤ ਦੇ ਰਾਖੇ ਬਣ ਹਰ ਸਮੇਂ ਜੂਝਦੇ ਸਨ।

*'ਹਿੰਦੂ ਕਹੈ, ਪੰਥ ਨਹਿ ਕਲੰਕ ਕੋ ਆਯੋ।'*

ਹਿੰਦੂ ਲੜਕੀਆਂ ਨੂੰ ਛੁਡਾ ਕੇ ਲਿਆਉਣਾ, ਸਿੰਘ ਧਰਮ ਸਮਝਦੇ ਸਨ। ਨਜੀਬ-ਉਦ-ਦਉਲਾ ਭਰਤਪੁਰ ਦੇ ਸੂਰਜ ਮੱਲ ਨਾਲ ਲੜ ਲੜ ਅਕ ਕੇ ਥੱਕ ਚੁੱਕਾ ਸੀ। ਹੁਣ ਸਿੱਖਾਂ ਨੂੰ ਸ਼ਾਮਲੀ ਵੱਲ ਵੱਧਦਾ ਦੇਖ ਉਸ ਨੇ ੧੧ ਲੱਖ ਰੁਪਏ ਭੇਜੇ ਕਿ ਸਿੰਘ ਵਾਪਸ ਮੁੜ ਜਾਣ। ਉਨ੍ਹਾਂ ਨੇ ਵਾਪਸ ਹੋਣਾ ਠੀਕ ਜਾਣ ਭੇਜੀ ਰਕਮ ਸਵੀਕਾਰ ਕਰ ਲਈ। ਗੰਗ ਦੁਆਬ 'ਤੇ ਸਿੰਘਾਂ ਨੇ ੧੭ ਵਾਰੀ ਹਮਲੇ ਕੀਤੇ।

**ਲਾਹੌਰ ਕਬਜ਼ੇ ਵਿਚ** : ਗੰਗ ਜਮਨ ਦੁਆਬ ਕਬਜ਼ੇ ਵਿਚ ਆਉਣ ਨਾਲ ਸਿੱਖਾਂ ਦਾ ਪੰਜਾਬ ਉੱਤੇ ਕਬਜ਼ਾ ਪੂਰਨ ਸੀ, ਪਰ ਲਾਹੌਰ ਅਜੇ ਵੀ ਕਾਬਲੀ ਮੱਲ ਕੋਲ ਸੀ। ਫ਼ਰਵਰੀ, ੧੭੬੪ ਨੂੰ ਲਾਹੌਰ ਤੇ ਹਮਲਾ ਕੀਤਾ। ਸਿੱਖ ਸ਼ਹਿਰ ਵਿਚ ਦਾਖ਼ਲ ਹੋ ਗਏ ਤੇ ਕਾਬਲੀ

---

1. ਸਰਹੰਦ ਦੇ ਸੂਬੇ ਨੂੰ ੩੨ ਜਥੇਦਾਰਾਂ ਨੇ ਆਪਸ ਵਿਚ ਵੰਡ ਕਬਜ਼ਾ ਕਰ ਲਿਆ।

Sri Satguru Jagjit Singh Ji eLibrary NamdhariElibrary@gmail.com

ਮੱਲ ਨੂੰ ਕਿਹਾ ਕਿ ਉਹ ਸਾਰੇ ਕਸਾਈ ਹਵਾਲੇ ਕਰ ਦੇਵੇ ਜਿਨ੍ਹਾਂ ਨੇ ਗਾਵਾਂ ਮਾਰੀਆਂ ਹਨ। ਪਹਿਲਾਂ ਤਾਂ ਕਾਬਲੀ ਮੱਲ ਹਿਚਕਚਾਇਆ ਪਰ ਜਦ ਫ਼ੌਜਾਂ ਦਰਵਾਜ਼ੇ ਲਾਗੇ ਪੁੱਜ ਗਈਆਂ ਤਾਂ ਕਸਾਈਆਂ ਦੇ ਹੱਥ ਤੇ ਨੱਕ ਵੱਢੇ ਹੋਏ ਪੇਸ਼ ਕਰ ਦਿੱਤੇ। ਨਾਲ ਹੀ ਟੇਕ ਚੰਦ ਨੂੰ ਆਪਣੇ ਦਰਬਾਰ ਵਿਚ ਸਿੱਖਾਂ ਦੇ ਏਲਚੀ ਦੇ ਤੌਰ ਉੱਤੇ ਰੱਖਣਾ ਵੀ ਮੰਨ ਗਿਆ। ਲਾਹੌਰ ਕਬਜ਼ੇ 'ਚ ਲਿਆਉਣ ਤੋਂ ਬਾਅਦ ਤਰੁਨਾ ਦਲ ਨੇ ਦੋ ਵੱਡੇ ਜਥੇ ਬਣਾ ਲਏ। ਇਕ ਨੇ ਸਰਦਾਰ ਹਰੀ ਸਿੰਘ ਭੰਗੀ ਦੀ ਅਗਵਾਈ ਹੇਠਾਂ ਪੱਛਮ ਵੱਲ ਹੱਲੇ ਜਾਰੀ ਰੱਖੇ। ਸਰਦਾਰ ਹਰੀ ਸਿੰਘ ਨੇ ਦਿਨਾਂ ਵਿਚ ਹੀ ਮੁਲਤਾਨ, ਡੇਰਾ ਜਾਤ, ਝੰਗ, ਖੁਸ਼ਾਬ ਅਤੇ ਚਿਨਿਉਟ ਤੱਕ ਕਬਜ਼ਾ ਕਰ ਲਿਆ। ਸਰਬੁਲੰਦ ਕਿਲ੍ਹਾ ਛੱਡ ਕੇ ਕਾਬਲ ਨੱਸਣ ਲੱਗਾ ਹੀ ਸੀ ਕਿ ਸਿੱਖਾਂ ਪਕੜ ਕੇ ਤਾਵਾਨ ਮੰਗਿਆ। ਸਰਬੁਲੰਦ ਖ਼ਾਨ ਸਰਦਾਰ ਚੜ੍ਹਤ ਸਿੰਘ ਦੀ ਬਾਦਸ਼ਾਹੀ ਤੋਂ ਇਤਨਾ ਪ੍ਰਭਾਵਤ ਹੋਇਆ ਕਿ ਉਸ ਨੇ ਆਪਣੇ ਆਪ ਨੂੰ ਚੜ੍ਹਤ ਸਿੰਘ ਦੀ ਬਾਦਸ਼ਾਹੀ ਵਿਚ ਗਵਰਨਰ ਬਣਨ ਦੀ ਖ਼ਾਹਿਸ਼ ਪ੍ਰਗਟ ਕੀਤੀ ਤੇ ਕਿਹਾ ਕਿ ਸਾਰਾ ਪੰਜਾਬ ਤੇਰੇ ਜ਼ੇਰ ਕਰ ਦੇਂਦਾ ਹਾਂ। ਸਰਦਾਰ ਚੜ੍ਹਤ ਸਿੰਘ ਨੇ ਕਿਹਾ ਕਿ ਬਾਦਸ਼ਾਹੀ ਤਾਂ ਗੁਰੂ ਨੇ ਸਾਨੂੰ ਮੁੱਢ ਤੋਂ ਹੀ ਦਿੱਤੀ ਹੋਈ ਹੈ। ਤੈਨੂੰ ਬੰਦੀ ਪਾ ਕੇ ਕੋਲ ਰੱਖਣਾ ਚਾਹੁੰਦਾ ਹਾਂ ਤਾਂਕਿ ਲੋਕੀਂ ਇਹ ਕਹਿਣ ਕਿ ਚੜ੍ਹਤ ਸਿੰਘ ਨੇ ਅਬਦਾਲੀ ਦੇ ਚਾਚੇ ਨੂੰ ਬੰਦੀ ਵਿਚ ਪਾਇਆ ਹੈ, ਸਰਬੁਲੰਦ ਖ਼ਾਨ ਨੇ ਕਿਹਾ ਕਿ ਉਸ ਦੀ ਬਹੁਤੀ ਪ੍ਰਸਿੱਧੀ ਇਸ ਗੱਲ ਵਿਚ ਹੋਵੇਗੀ ਕਿ ਲੋਕੀਂ ਕਹਿਣ ਕਿ ਅਬਦਾਲੀ ਦੇ ਚਾਚੇ ਨੂੰ ਸਰਦਾਰ ਚੜ੍ਹਤ ਸਿੰਘ ਨੇ ਪਕੜ ਵੀ ਲਿਆ ਤੇ ਫਿਰ ਛੱਡ ਦਿੱਤਾ।[1]

ਆਪਣੇ ਪਲਿਉਂ ਖ਼ਰਚ ਦੇ ਕੇ ਉਸ ਨੂੰ ਅਟਕੋਂ ਪਾਰ ਕਰਵਾਇਆ ਜਿਸ ਕੋਲੋਂ ਪਹਿਲਾਂ ਕਰੋੜ ਰੁਪਏ ਤਾਵਾਨ ਦਾ ਮੰਗਦੇ ਸਨ। ਕੈਸੇ ਸਨ ਬਾਦਸ਼ਾਹ ਦਿਲ ਸਿੰਘ। ਸਰਦਾਰ ਚੜ੍ਹਤ ਸਿੰਘ ਸ਼ੁਕਰਚਕੀਆ ਨੇ ਧੰਨੀ, ਪੋਠੋਹਾਰ, ਚਕਵਾਲ, ਪਿੰਡ ਦਾਦਨ ਖ਼ਾਨ ਨੂੰ ਵੀ ਕਬਜ਼ੇ ਵਿਚ ਕੀਤਾ। ਕਈ ਕਿਲ੍ਹੇ ਬਣਾਏ ਤੇ ਉੱਥੇ ਆਪਣੀਆਂ ਹੀ ਫ਼ੌਜਾਂ ਰੱਖੀਆਂ।

**ਅਬਦਾਲੀ ਦਾ ਸੱਤਵਾਂ ਹਮਲਾ** : ਅਹਿਮਦਸ਼ਾਹ ਨੇ ਜਦ ਜਹਾਨ ਖ਼ਾਨ ਦੀ ਹਾਰ ਤੇ ਸਰਬੁਲੰਦ ਖ਼ਾਨ ਦਾ ਪਕੜੇ ਜਾਣਾ ਅਤੇ ਸਿੱਖਾਂ ਦੇ ਉੱਤਰੀ ਹੱਦ ਤੱਕ ਪੁੱਜਣ ਦੀਆਂ ਖ਼ਬਰਾਂ ਸੁਣੀਆਂ ਤਾਂ ਉਸ ਨੇ ਸਤਵਾਂ ਹਮਲਾ ਕਰਨ ਦਾ ਵਿਚਾਰ ਬਣਾਇਆ। ਕਲਾਤ ਦੇ ਨਸੀਰ ਖ਼ਾਨ ਨੂੰ ਵੀ ਉਸ ਹਮਲੇ 'ਚ ਸ਼ਾਮਲ ਹੋਣ ਲਈ ਕਿਹਾ। ਨਸੀਰ ਖ਼ਾਨ ਨੇ ਹਜ ਉੱਤੇ ਜਾਣ ਦੀ ਮਜਬੂਰੀ ਦੱਸ ਕੇ ਸ਼ਾਮਲ ਹੋਣ ਤੋਂ ਇਨਕਾਰ ਕੀਤਾ ਤਾਂ ਅਬਦਾਲੀ ਨੇ ਲਿਖਿਆ : ''ਮੱਕਾ ਜਾਣ ਦਾ ਕੀ ਲਾਭ, ਜਦ ਕਾਫ਼ਰ ਇਤਨਾ ਖਰੂਦ ਮਚਾ ਰਹੇ ਹਨ। ਤੂੰ ਕਲਾਤ ਵਲੋਂ ਹਮਲਾ ਕਰ, ਮੈਂ ਇਸ ਪਾਸੇ ਕਰਦਾ ਹਾਂ। ਇਸ ਤਰ੍ਹਾਂ ਹੀ ਸਿੱਖਾਂ ਨੂੰ ਜੜ੍ਹੋਂ ਮੁਕਾਇਆ ਜਾ ਸਕਦਾ ਹੈ। ਮੱਕੇ ਦੇ ਹੱਜ ਨਾਲੋਂ ਇਨ੍ਹਾਂ ਵਿਰੁੱਧ ਜਹਾਦ ਕਰਨਾ ਕਈ ਦਰਜੇ ਸਵਾਬ

---

1. ਸੋਹਨ ਲਾਲ।
ਪ੍ਰਾਚੀਨ ਪੰਥ ਪ੍ਰਕਾਸ਼ ਦੇ ਸ਼ਬਦਾਂ ਵਿਚ :
ਚੜ੍ਹਤ ਸਿੰਘ ਕਹਯੋ :
ਹਮ ਗੁਰ ਸ਼ਾਹ ਕੀਓ। ਚਹੈ ਤੁਮ ਅਸੀ ਕੈਦ ਰਖੀਓ।
ਇਤ ਕਰ ਹੋਊ ਜਗ ਮੈ ਵਾਚਾ। ਚੜ੍ਹਤ ਸਿੰਘ ਫੜ ਰਖਯੋ ਸ਼ਾਹ ਕੋ ਚਾਚਾ।
ਉਸ ਕਿਹਾ : ਇਸ ਤੇ ਭਲੀ ਇਕ ਹੋਲ ਗਲ ਆਹੀ।
ਸ਼ਾਹੀ ਚਾਚਾ ਫੜ ਕੇ ਛਡ ਦਯੋ। ਸ਼ਾਹਿ ਸਿਰ ਸ਼ਾਹਿ, ਸੋਊ ਕਹਾਯੋ।

Sri Satguru Jagjit Singh Ji eLibrary NamdhariElibrary@gmail.com

ਹੈ। ਸੋ ਉਠ ! ਤਾਕਿ ਇਨ੍ਹਾਂ ਕਾਫ਼ਰਾਂ ਨੂੰ ਸਖ਼ਤ ਸਜ਼ਾਵਾਂ ਦੇ ਕੇ ਇਨ੍ਹਾਂ ਦੇ ਬੱਚੇ ਤੇ ਇਸਤਰੀਆਂ ਨੂੰ ਗ਼ੁਲਾਮ ਬਣਾਇਆ ਜਾ ਸਕੇ।'' ਨਸੀਰ ਖ਼ਾਨ ਨੇ ਜਹਾਦ ਦਾ ਝੰਡਾ ਖੜ੍ਹਾ ਕਰ ਦਿੱਤਾ। ਅਬਦਾਲੀ ਨੇ ਅਕਤੂਬਰ, ੧੭੬੪ ਵਿਚ ਸਿੰਧ ਪਾਰ ਕੀਤਾ ਅਤੇ ਨਸੀਰ ਖ਼ਾਨ ਵੀ ਐਮਨਾਬਾਦ ੧੨,੦੦੦ ਬਲੋਚੀਆਂ ਨਾਲ ਆ ਮਿਲਿਆ।

ਸਿੱਖ ਵੀ ਅਬਦਾਲੀ ਦਾ ਆਉਣਾ ਸੁਣ ਦੂਰ-ਦੁਰਾਡੇ ਹੱਟ ਗਏ। ਸਿੱਖਾਂ ਦੀ ਵੱਡੀ ਗਿਣਤੀ ਭਰਤਪੁਰ ਜਵਾਹਰ ਸਿੰਘ ਦੀ ਮਦਦ ਉੱਤੇ ਗਈ ਹੋਈ ਸੀ, ਪਰ ਅਬਦਾਲੀ ਨੂੰ ਜਲਦੀ ਹੀ ਖਬਰ ਪੁੱਜੀ ਕਿ ਸਿੱਖਾਂ ਦੀ ਵੱਡੀ ਗਿਣਤੀ ਲਾਗੇ ਹੀ ਛੁਪੀ ਹੋਈ ਹੈ, ਜੇ ਜਲਦੀ ਹਮਲਾ ਨਾ ਕੀਤਾ ਤਾਂ ਵੱਡੀ ਹਾਰ ਦਾ ਮੂੰਹ ਦੇਖਣਾ ਪਵੇਗਾ। ਸਿੱਖਾਂ ਉੱਤੇ ਉਸੇ ਵਕਤ ਹਮਲਾ ਕਰ ਦਿੱਤਾ ਗਿਆ। ਫ਼ੌਜ ਦਾ ਅਗਲਾ ਹਿੱਸਾ ਅੱਗੇ ਵਧਿਆ ਹੀ ਸੀ ਕਿ ਉਸ ਨੂੰ ਹਾਰ ਹੋਈ। ਨਸੀਰ ਖ਼ਾਨ ਅੱਗੇ ਵਧਿਆ ਤੇ ਚੜ੍ਹਤ ਸਿੰਘ ਦੀਆਂ ਫ਼ੌਜਾਂ ਨਾਲ ਮੁਠ-ਭੇੜ ਹੋ ਗਈ। ਪਹਿਲੀ ਝੜਪ ਵਿਚ ਹੀ ਅਹਿਮਦ ਖ਼ਾਨ ਬੁਲੰਦੀ ਤੇ ਉਸ ਦੇ ਪੁੱਤਰ ਮਾਰੇ ਗਏ। ਮੀਰ ਅਬਦੁਲ ਨਬੀ ਰਾਏਸਾਨੀ ਤੇ ਮੀਰ ਨਸੀਰ ਖ਼ਾਨ ਉਸਦੀ ਸਹਾਇਤਾ ਲਈ ਗਏ, ਪਰ ਗਹਿਗੱਚ ਜੰਗ ਵਿਚ ਮੀਰ ਨਸੀਰ ਖ਼ਾਨ ਦਾ ਘੋੜਾ ਇਕ ਸਿੱਖ ਦੀ ਗੋਲੀ ਨਾਲ ਮਾਰਿਆ ਗਿਆ। ਉਸ ਦੇ ਅੰਗ-ਰਖਸ਼ਕ ਨੇ ਉਸ ਨੂੰ ਭੁੰਜਿਉਂ ਉਠਾ ਲਿਆ। ਸਿੱਖ ਦੂਰ ਨਿਕਲ ਗਏ। ਸਿੱਖਾਂ ਦਾ ਲੜਨ ਢੰਗ ਹੀ ਪੁਰਾਣਾ ਸੀ। ਹਮਲਾ ਕਰਦੇ, ਮਾਰਦੇ ਤੇ ਹਰਨ ਹੋ ਜਾਂਦੇ। ਨੂਰ ਮੁਹੰਮਦ ਨੇ ਆਪਣੇ ਜੰਗਨਾਮੇ ਵਿਚ ਲਿਖਿਆ ਹੈ, ''ਇਹ ਕਾਫ਼ਰ ਗਾਜ਼ੀਆਂ ਉੱਤੇ ਦੂਰ ਤੋਂ ਹਮਲਾ ਕਰਦੇ ਤੇ ਮਾਰ ਕੇ ਨਸ ਜਾਂਦੇ।'' ਅਬਦਾਲੀ ਨੇ ਹੁਕਮ ਦਿੱਤਾ ਕਿ ਕੋਈ ਵੀ ਸਿਪਾਹੀ ਆਪਣਾ ਕੈਂਪ ਛੱਡ ਕੇ ਅੱਗੇ ਨਾ ਵਧੇ, ਦੁਸ਼ਮਣ ਬੇਸ਼ੱਕ ਆਵੇ। ਕਾਜ਼ੀ ਨੇ ਫੇਰ ਲਿਖਿਆ ਹੈ : ''ਛੇ ਕੁ ਮੀਲ ਹੀ ਗਏ ਸਾਂ ਕਿ ਕਾਲੇ ਕੁੱਤੇ (ਨੀਲੇ ਬਾਣੇ ਵਾਲੇ ਸਿੰਘ) ਸਾਡੇ ਉੱਤੇ ਫਿਰ ਹਮਲਾਵਰ ਹੋਏ। ਉਹ ਸ਼ੇਰ ਦੀ ਤਰ੍ਹਾਂ ਆਏ ਤੇ ਚਾਲਾਕ ਲੂੰਮੜ ਵਾਂਗ ਮੁੜ ਗਏ। ਇਹ ਭੈੜੇ ਆਦਮੀ ਰੋਜ਼ ਮੈਦਾਨ ਵਿਚ ਆ ਕੇ ਲੜਦੇ ਤੇ ਦੌੜ ਜਾਂਦੇ ਸਨ। ਇਨ੍ਹਾਂ ਦਾ ਨੱਸਣਾ ਵੀ ਇਕ ਦਾਅ ਹੈ'' ਇਸ ਤਰ੍ਹਾਂ ਸਿੱਖ ਰਾਤ ਪੈਣ ਤਕ ਬਹੁਤ ਦੂਰ ਨਿਕਲ ਗਏ।

**ਅੰਮ੍ਰਿਤਸਰ ਤੇ ਹਮਲਾ :** ਅਹਿਮੰਦਸ਼ਾਹ ਨੂੰ ਖ਼ਬਰ ਪੁੱਜ ਗਈ ਸੀ ਕਿ ਸਿੱਖ ਅੰਮ੍ਰਿਤਸਰ ਚਲੇ ਗਏ ਹਨ। ਉਸ ਨੇ ਵੀ ਨਵਾਂ ਤਰੀਕਾ ਅਪਣਾਇਆ। ਕੁਝ ਚੋਣਵੇਂ ਸਿਪਾਹੀਆਂ ਨਾਲ ਢੇਰ ਦਾਰੂ-ਸਿੱਕੇ ਨਾਲ ਲੈ ਕੇ ਅਹਿਮਦਸ਼ਾਹ ਲਾਹੌਰ ਤੋਂ ਅੰਮ੍ਰਿਤਸਰ ਵੱਲ ਚਲ ਪਿਆ। ੩੨ ਮੀਲਾਂ ਦਾ ਸਫ਼ਰ ਉਸਨੇ ੪ ਦਿਨਾਂ ਵਿਚ ਕੀਤਾ ਇਹ ਉਹ ਹੀ ਅਬਦਾਲੀ ਹੈ ਜਿਸ ਦੋ ਸਾਲ ਹੋਏ ਵੱਡੇ ਘੱਲੂਘਾਰੇ ਵੇਲੇ ਡੇਢ ਸੌ ਮੀਲ ਦਾ ਸਫ਼ਰ ਕੇਵਲ ੩੬ ਘੰਟਿਆਂ ਵਿਚ ਕੀਤਾ ਸੀ। ਜਦ ੧ ਦਸੰਬਰ, ੧੭੬੪ ਨੂੰ ਅੰਮ੍ਰਿਤਸਰ ਪੁੱਜਿਆ ਤਾਂ ਇਕ ਸਿੱਖ ਵੀ ਦਿਖਾਈ ਨਾ ਦਿੱਤਾ। ਸਿਰਫ਼ ਅਕਾਲ ਤਖ਼ਤ ਤੇ ਤੀਹ ਸਿੱਖ ਸਨ, ਪਰ ਉਨ੍ਹਾਂ ਵਿਚ ਰੱਤੀ ਭਰ ਵੀ ਡਰ ਨਹੀਂ ਸੀ। ਨਾ ਮੌਤ ਦਾ ਡਰ ਤੇ ਨਾ ਵੱਢੇ ਜਾਣ ਦਾ ਖੌਫ਼ ਸੀ।[1] ਉਹ ਤਾਂ ਆਪਣੀ ਜਾਨਾਂ ਗੁਰੂ ਤੋਂ ਘੋਲ ਘੁਮਾਣ ਲਈ ਬੈਠੇ ਹੋਏ ਸਨ।[2] ਇਹ ਤੀਹ ਸਿੱਖ ਅਬਦਾਲੀ ਦੀਆਂ

---

1. ਨ ਕਰਦੰਦ ਯਕ ਜੱਗ ਤਰਸ ਬਾਕ।
   ਨ ਖ਼ੌਫੇ ਜ਼ ਕਤਲ ਵ ਨ ਬੀਮ ਅਜ਼ ਹਲਾਕ। (ਜੰਗਨਾਮਾ)
2. ਕਿ ਕਰਦੰਦ ਜਾਂ ਰਾ ਫ਼ਿਦਾ ਬਰ ਗੁਰੂ (ਜੰਗਨਾਮਾ ਬਿਆਨ 25ਵਾਂ)

Sri Satguru Jagjit Singh Ji eLibrary NamdhariElibrary@gmail.com

ਫ਼ੌਜਾਂ ਸਾਹਮਣੇ ਡਟ ਗਏ। ਹਰ ਇਕ ਸਿੱਖ ਸ਼ਹੀਦ ਹੋ ਗਿਆ ਪਰ ਸਿੱਖੀ ਨੂੰ ਲਾਜ ਨਾ ਲੱਗਣ ਦਿੱਤੀ। ਸ਼ਹੀਦ ਹੋਣ ਵਾਲਿਆਂ ਵਿਚ ਸਰਦਾਰ ਗੁਰਬਖ਼ਸ਼ ਸਿੰਘ ਉੱਘੇ ਸਨ। ਸਰਦਾਰ ਗੁਰਬਖ਼ਸ਼ ਸਿੰਘ ਬੜੇ ਰਹਿਤਵਾਨ ਤੇ ਸੂਰਮੇ ਸਨ। ਪਹਿਰ ਰਾਤ ਉੱਠਦੇ, ਬਾਣੀ ਪੜ੍ਹਦੇ, ਸਰਬ ਲੋਹ ਦੀ ਮਾਲਾ ਫੇਰਦੇ, ਸਫ਼ੈਦ ਕਛਹਿਰੇ ਪਹਿਨਦੇ।[1] ਲੋਕੀਂ ਉਨ੍ਹਾਂ ਨੂੰ ਨਿਹੰਗ ਕਹਿੰਦੇ ਸਨ।[2] ਜਿੱਥੇ ਕਿੱਥੇ ਜੁੱਧ ਹੋਣ ਦੀ ਖਬਰ ਸੁਣਦੇ, ਨਗਾਰੇ ਵਜਾਂਦੇ ਪੁੱਜ ਜਾਂਦੇ। ਉਨ੍ਹਾਂ ਅੰਮ੍ਰਿਤ ਭਾਈ ਮਨੀ ਸਿੰਘ ਜੀ ਹੱਥੋਂ ਛਕਿਆ ਸੀ। ਖੇਮਕਰਨ ਦੇ ਨੇੜੇ 'ਲੀਲ' ਪਿੰਡ ਦੇ ਵਸਨੀਕ ਸਨ। ਅਕਾਲ ਤਖ਼ਤ ਦੇ ਜਥੇਦਾਰ ਸਨ। ਜਦ ਨਿਤ ਦੇ ਹਮਲਿਆਂ ਤੇ ਜ਼ੁਲਮਾਂ ਦੀ ਅਤਿ ਹੋ ਗਈ ਤਾਂ ਇਕ ਦਿਨ ਆਪ ਹੀ ਕਹਿਣ ਲੱਗੇ ਕਿ ਪੰਥ ਵਿਚੋਂ ਕੋਈ ਸਨਮੁਖ ਸ਼ਹੀਦੀ ਲੈ ਕੇ ਦਰਗਹ ਪੁਕਾਰ ਕਰੇ। ਸਭ ਨੇ ਕਿਹਾ : ਤੁਹਾਡੇ ਤੋਂ ਸਿਵਾ ਇਸ ਪੰਥ ਵਿਚ ਅਜਿਹਾ ਕੌਣ ਹੈ?' ਉਧਰੋਂ ਅਬਦਾਲੀ ਧਾਵਾ ਬੋਲੀ ਆ ਰਿਹਾ ਸੀ। ਬਾਣਾ ਕੇਸਰੀ ਸਜਾਇਆ। 'ਪੰਜ ਪੌੜੀ ਸਿੰਘ ਅਨੰਦ ਪੜ੍ਹਾਯੋ।' ਅੰਮ੍ਰਿਤਸਰ ਇਸ਼ਨਾਨ ਕੀਤਾ। ਦਰਬਾਰ ਸਾਹਿਬ ਮੱਥਾ ਟੇਕਿਆ। ਮਿਲੇ ਸਿਹਰੇ ਸਿਰਾਂ ਤੇ ਸਜਾਏ। ਜੋ ਪਾਸ ਸੀ ਸਭ ਕੁਝ ਵੰਡ ਦਿੱਤਾ। ਅਰਦਾਸ ਅਕਾਲ ਤਖ਼ਤ ਤੇ ਖੜ੍ਹੇ ਹੋ ਕੇ ਇਹ ਕੀਤੀ :

*"ਸਤਿਗੁਰ ਸਿੱਖੀ ਸੰਗ ਨਿਭੈ,*
*ਸੀਸ ਕੇਸਨ ਕੇ ਸਾਥ।"*

ਮਰਨ ਦੀ ਤਿਆਰੀ ਸੀ, ਸੋ ਸੰਜੋਅ ਵੀ ਨ ਪਾਇਆ। ਸ਼ਹੀਦ ਹੋਣ ਤੋਂ ਪਹਿਲਾਂ 'ਘੋੜੀਆਂ ਦੇ ਸ਼ਬਦ ਗੁਰੂ ਗ੍ਰੰਥ ਸਾਹਿਬ ਵਿਚੋਂ ਸੁਣੇ। ਨਾਲ ਦੇ ਸਿੰਘਾਂ ਨੂੰ ਭਾਈ ਗੁਰਬਖ਼ਸ਼ ਸਿੰਘ ਜੀ ਨੇ ਕਿਹਾ ਕਿ ਕਲਗੀਧਰ ਨੂੰ ਜਾ ਕੇ ਇਕ ਤਾਂ ਇਹ ਪੁੱਛਾਂਗਾ ਕਿ ਤੁਸਾਂ ਕੀ ਪੰਥ ਨੂੰ ਬੁੱਚੜਾਂ ਅੱਗੇ ਸੁੱਟਣ ਲਈ ਸੱਜਿਆ ਹੈ ? ਬੜੇ ਕਸ਼ਟ ਸਹਾਰੇ ਹਨ ਪੰਥ ਨੇ। ਦੂਜੇ ਅਸਾਂ ਆਪ ਜੀ ਕੋਲੋਂ ਕੁਝ ਮੰਗਿਆ ਤਾਂ ਨਹੀਂ ਸੀ, ਤੁਸਾਂ ਹੀ ਬਖ਼ਸ਼ਿਸ਼ ਕਰਕੇ ਪੰਜਾਬ ਦਿੱਤਾ ਸੀ, ਅੱਜ ਤੱਕੋ :

*'ਯਾਹਿ ਦੌਲਤ ਪੰਜਾਬ ਸਿਖ ਖਾਹਿ।*
*ਦਖਣੀ ਪਛਮੀ ਕਿਮ ਲੁਟ ਲੈ ਜਾਹਿ।"*

ਸ਼ਹੀਦੀ ਪਾਉਣ ਜਾਣ ਵੇਲੇ ਇਹ ਬਚਨ ਵੀ ਕਹੇ ਕਿ ਜੇ ਪੈਰ ਅਗੇ ਹੈ ਤਾਂ ਇੱਜ਼ਤ ਕਦਮ ਚੁੰਮੇਗੀ, ਜੇ ਪਿਛੇ ਹੈ ਸਮਝੋ ਪਤ ਗਈ :

*'ਪਗ ਆਗੇ, ਪਤ ਊਬਰੈ।*
*ਪਗ ਪਾਛੈ, ਪਤ ਜਾਇ।*
*ਬੈਰੀ ਖੰਡੇ ਸਿਰ ਧਰੈ।*
*ਬੈਰੀ ਕਯਾ ਤਕਨ ਸਹਾਇ।'*

ਲੜਦੇ-ਲੜਦੇ ਅੱਗੇ ਵੱਧਦੇ ਗਏ ਪਰ ਪੈਰ ਅਗਾਂਹ ਹੀ ਅਗਾਂਹ ਸੀ। ਪਿੱਛੇ ਤਕਦੇ ਹੀ ਨਹੀਂ ਸਨ। 'ਮਤ ਕੋਈ ਆਖੈ ਜਗਤ ਕੋ, ਸਿੰਘ ਮੂਯੋ ਮੁਖ ਫੇਰ ਪਛਾਂਹਿ।' ਗਿਲਜ਼ਈਆਂ

1. ਸਵਾ ਗਜ਼ ਕੁ ਕਛ ਪਹਿਰੈ ਸੇਤ।
2. ਨਿਹੰਗ ਕਹਾਵੈ ਸੁ ਪੁਰਸ਼, ਦੁਖ ਸੁਖ ਮੰਨੈ ਨ ਅੰਗ।

Sri Satguru Jagjit Singh Ji eLibrary NamdhariElibrary@gmail.com

ਨੇ ਨੇਜ਼ੇ ਮਾਰ ਸਿਰ ਝੁਕਾਉਣਾ ਚਾਹਿਆ ਪਰ ਨਾ ਝੁਕੇ। ਗੋਡੇ ਭਾਰ ਸ੍ਰੀ ਦਰਬਾਰ ਸਾਹਿਬ ਦੇ ਸਨਮੁਖ ਇਸ ਤਰ੍ਹਾਂ ਗਿਰੇ ਜਿਵੇਂ ਮੱਥਾ ਟੇਕ ਰਹੇ ਹੋਣ। ਅੱਗੇ ਵਧ ਕੇ ਅਬਦਾਲੀ ਦੇ ਸਿਪਾਹੀਆਂ ਸਿਰ ਉਤਾਰ ਦਿੱਤਾ।

ਬਾਬਾ ਗੁਰਬਖਸ਼ ਸਿੰਘ ਇਨ੍ਹਾਂ ਘੱਲੂਘਾਰਿਆਂ ਦਾ ਅੰਤਮ ਸ਼ਹੀਦ ਸੀ ਤੇ ਅਬਦਾਲੀ ਦਾ ਅੰਤ ਵੀ ਨੇੜੇ ਸੀ।

ਜਦ ਬਾਬਾ ਗੁਰਬਖ਼ਸ਼ ਸਿੰਘ ਜੀ ਨੂੰ ਬਰਛੇ ਮਾਰ-ਮਾਰ ਕੇ ਸ਼ਹੀਦ ਕੀਤਾ ਗਿਆ ਤਾਂ ਉਹ ਇਕ ਗੱਲ ਵਾਰ-ਵਾਰ ਪੁਕਾਰ ਰਹੇ ਸਨ ਕਿ ਉਨ੍ਹਾਂ ਦਾ ਮੂੰਹ ਹਰਿਮੰਦਰ ਸਾਹਿਬ ਵੱਲ ਹੋਵੇ ਤੇ ਪਿੱਠ ਤੇ ਬਰਛਾ ਕੋਈ ਨਾ ਮਾਰਿਆ ਜਾਏ। ਅਬਦਾਲੀ ਦੀਆਂ ਫ਼ੌਜਾਂ ਸਿੱਖਾਂ ਨੂੰ ਲੱਭਦੀਆਂ ਫਿਰਦੀਆਂ ਸਨ, ਪਰ ਕੋਈ ਨਾ ਮਿਲ ਸਕਿਆ। ਦਰਬਾਰ ਸਾਹਿਬ ਉਨ੍ਹਾਂ ਢਾਹਿਆ ਤੇ ਵਾਪਸ ਲਾਹੌਰ ਮੁੜ ਗਏ। ਸਭ ਸ਼ਹੀਦਾਂ ਦਾ ਸਸਕਾਰ ਇਕ ਥਾਵੇਂ ਸ੍ਰੀ ਅਕਾਲ ਤਖ਼ਤ ਦੇ ਪਿੱਛੇ ਕੀਤਾ ਗਿਆ।[1]

**ਅਬਦਾਲੀ ਦਾ ਸਰਹੰਦ ਵੱਲ ਵੱਧਣਾ :** ਅਬਦਾਲੀ ਨੇ ਅੱਗੇ ਸਰਹੰਦ ਵੱਲ ਵਧਣਾ ਸ਼ੁਰੂ ਕੀਤਾ। ਰਸਤੇ ਵਿਚ ਪਿੰਡਾਂ ਦੇ ਪਿੰਡ ਉਜਾੜਦਾ ਗਿਆ। ਅਬਦਾਲੀ ਦੀਆਂ ਫ਼ੌਜਾਂ ੪ ਮੀਲ ਪੈਂਡਾ ਰੋਜ਼ ਕਰਦੀਆਂ ਤੇ ਰਸਤੇ ਵਿਚ ਹਰ ਪਿੰਡ ਦੇ ਵਸਨੀਕ ਉਨ੍ਹਾਂ ਦਾ ਸ਼ਿਕਾਰ ਹੁੰਦੇ। ਇਸ ਤਬਾਹੀ ਕਾਰਨ ਹੀ ਇਹ ਅਖਾਣ ਪ੍ਰਚਲਤ ਹੋ ਗਿਆ :

*"ਖਾਧਾ ਪੀਤਾ ਲਾਹੇ ਦਾ,*
*ਬਾਕੀ ਅਹਿਮਦ ਸ਼ਾਹਿ ਦਾ।'*

ਲੋਕਾਂ ਦੇ ਪਿੰਡਾਂ ਨੂੰ ਲਿਤਾੜਦੇ ਅਬਦਾਲੀ ਨੇ ਜਦ ਬਿਆਸ ਪਾਰ ਕੀਤਾ ਤਾਂ ਸਿੱਖਾਂ ਨਾਲ ਕੁਝ ਟੱਕਰ ਹੋਈ। ਉੱਥੋਂ ਬੜੀ ਮੁਸ਼ਕਿਲ ਨਾਲ ਤਿੰਨਾਂ ਦਿਨਾਂ ਵਿਚ ਸਤਲੁਜ ਪਾਰ ਕੀਤਾ। ਸਰਹੰਦ ਜਾਣ ਦਾ ਖ਼ਿਆਲ ਛੱਡ ਕੇ ਅਬਦਾਲੀ ਪੰਜੋਰ ਦੇ ਬਾਗ਼ਾਂ ਵੱਲ ਗਿਆ।

ਉੱਥੋਂ ਹੀ ਨਸੀਰ ਖ਼ਾਨ ਨੇ ਰਾਇ ਦਿੱਤੀ ਸੀ ਕਿ ਦਿੱਲੀ ਜਾਇਆ ਜਾਏ ਅਤੇ ਨਜਬੀ-ਉਦ-ਦਉਲਾ, ਸ਼ੁਜਾ-ਉਦ-ਦਉਲਾ, ਜਾਟਾਂ ਤੇ ਮਰਹੱਟਿਆਂ ਨੂੰ ਇਕੱਠਾ ਕਰਕੇ ਸਿੱਖਾਂ ਵਿਰੁੱਧ ਖੜ੍ਹਾ ਕੀਤਾ ਜਾਏ, ਕਿਉਂ ਜੋ ਪਿੰਡ ਦੇ ਖ਼ਰਗੋਸ਼ ਨੂੰ ਪਿੰਡ ਦਾ ਕੁੱਤਾ ਹੀ ਪਕੜ ਸਕਦਾ ਹੈ। ਅਬਦਾਲੀ ਤੇ ਉਸ ਦੀਆਂ ਫ਼ੌਜਾਂ ਥੱਕ ਚੁਕੀਆਂ ਸਨ, ਇਸ ਲਈ ਵਾਪਸ ਜਾਣਾ ਹੀ ਠੀਕ ਸਮਝ ਕੇ ਸਰਹੰਦ ਆਇਆ। ਦੂਸਰੀਆਂ ਸਿੱਖ ਫ਼ੌਜਾਂ ਭਰਤਪੁਰ ਤੋਂ ਮੁੜ ਆਈਆਂ ਸਨ ਤੇ ਅਬਦਾਲੀ ਟਾਕਰੇ ਲਈ ਤਿਆਰ ਨਹੀਂ ਸੀ। ਸਰਹੰਦ ਨੂੰ ਉੱਜੜਿਆ ਦੇਖ ਕੇ ਆਲਾ ਸਿੰਘ ਨੇ ਕਿਹਾ ਕਿ ਉਹ ਸਿੱਖਾਂ ਉਜਾੜ ਦਿੱਤਾ ਹੈ। ਇਹ ਫਿਰ ਵੱਸ ਸਕਦਾ ਹੈ ਜੇ ਸਰਹੰਦ ਦਾ ਚਕਲਦਾਰ ਉਸ ਨੂੰ ਬਣਾ ਦਿੱਤਾ ਜਾਏ। ਅਬਦਾਲੀ ਤਾਂ ਅਗੇ ਹੀ ਇਹ ਚਾਹੁੰਦਾ ਸੀ। ਉਸ ਦੀ ਅੰਤਰੀਵ ਖ਼ਾਹਿਸ਼ ਸੀ ਕਿ ਕੋਈ ਸਿੱਖ ਸਰਦਾਰ ਇਸ ਤਰ੍ਹਾਂ ਈਨ ਮੰਨੇ। ਆਲਾ ਸਿੰਘ ਨੇ ਸਰਹੰਦ ਦੀ ਚਕਲਦਾਰੀ ਲੈ ਕੇ ਸਲਾਨਾ ਖ਼ਿਰਾਜ ਦੇਣਾ ਮੰਨ ਲਿਆ। ਸਿੱਖਾਂ ਨੇ ਫਿਰ ਆਲਾ ਸਿੰਘ ਦੇ ਇਕ ਕਰਮ ਨੂੰ ਬੁਰਾ ਮਨਾਇਆ ਤੇ ਉਸ ਦੀ ਮੌਤ ਬਾਅਦ ਪਟਿਆਲਾ ਉੱਤੇ ਹਮਲਾ ਕਰ ਦਿੱਤਾ।

---

1. ਇਨ੍ਹਾਂ ਤੀਹ ਸਰ ਫ਼ਰੋਸ਼ਾਂ ਵਿਚੋਂ ਇਤਿਹਾਸ ਨੇ ਸਿਰਫ਼ ਭਾਈ ਮਾਨ ਸਿੰਘ ਜੀ, ਭਾਈ ਬਸੰਤ ਸਿੰਘ ਜੀ ਤੇ ਭਾਈ ਨਿਹਾਲ ਸਿੰਘ ਜੀ ਦਾ ਨਾਂ ਹੀ ਲਿਖਿਆ ਹੈ।

Sri Satguru Jagjit Singh Ji eLibrary NamdhariElibrary@gmail.com

**ਅਬਦਾਲੀ ਦਾ ਵਾਪਸ ਮੁੜਨਾ :** ਅਬਦਾਲੀ ਨੇ ਰੋਪੜ ਤੋਂ ਸਤਲੁਜ ਪਾਰ ਕੀਤਾ। ਅਜੇ ਕੁਝ ਮੀਲ ਹੀ ਗਿਆ ਸੀ ਕਿ ਸਿੱਖਾਂ ਉਸ ਦੇ ਅਗਲੇ ਹਿੱਸੇ ਉੱਤੇ ਹਮਲਾ ਕਰ ਦਿੱਤਾ। ਹਮਲਾ ਹੁੰਦਾ ਦੇਖ ਅਬਦਾਲੀ ਨੇ ਚੀਕ ਕੇ ਕਿਹਾ : ''ਹੈਂ, ਮੇਰੇ ਹੁੰਦਿਆਂ ਹੀ ਸ਼ਾਹੀ ਤਖ਼ਤ ਸਿੱਖਾਂ ਦੇ ਹੱਥੋਂ ਹਿੱਲ ਰਿਹਾ ਹੈ, ਕੀ ਹੋਵੇਗਾ ਜਦ ਮੈਂ ਨਹੀਂ ਹੋਵਾਂਗਾ। ਲੋਕੀਂ ਕੀ ਆਖਣਗੇ ਜਦ ਪੰਜਾਬ ਦੇ ਹਰ ਕੋਨੇ ਵਿਚ ਸਿੱਖਾਂ ਦਾ ਹੀ ਬੋਲਬਾਲਾ ਹੋਵੇਗਾ।'' ਸੋ ਉਸ ਨੇ ਟਾਕਰੇ ਲਈ ੧੨,੦੦੦ ਫ਼ੌਜ ਨੂੰ ਇਕ ਪਾਸੇ ਜ਼ਹਾਨ ਖ਼ਾਨ ਦੀ ਕਮਾਨ ਅਤੇ ੧੨,੦੦੦ ਦੀ ਹੀ ਫ਼ੌਜ ਨੂੰ ਖੱਬੇ ਪਾਸੇ ਨਸੀਰ ਖ਼ਾਨ ਦੀ ਕਮਾਨ ਹੇਠਾਂ ਕਰਕੇ ਆਪ ਵਿਚਕਾਰ ਲੜਨਾ ਅਰੰਭ ਕੀਤਾ। ਸਿੱਖਾਂ ਵੀ ਸਰਦਾਰ ਜੱਸਾ ਸਿੰਘ ਆਹਲੂਵਾਲੀਆ, ਸਰਜਾਰ ਜੱਸਾ ਸਿੰਘ ਰਾਮਗੜ੍ਹੀਆ ਨੂੰ ਸਾਹਮਣੇ ਰੱਖ ਕੇ ਸੱਜੇ ਪਾਸੇ ਸਰਦਾਰ ਚੜ੍ਹਤ ਸਿੰਘ, ਝੰਡਾ ਸਿੰਘ ਤੇ ਲਹਿਣਾ ਸਿੰਘ ਨਾਲ ਅਤੇ ਖੱਬੇ ਪਾਸੇ ਸਰਦਾਰ ਹਰੀ ਸਿੰਘ ਭੰਗੀ, ਗੁਲਾਬ ਸਿੰਘ ਨੂੰ ਕਰਕੇ ਲੜਨਾ ਅਰੰਭਿਆ। ਪਹਿਲੇ ਦੀ ਤਰ੍ਹਾਂ ਹੀ ਦੂਰੋਂ ਗੋਲੀ ਚਲਾ ਕੇ ਫ਼ੌਜ ਦੇ ਅਗਲੇ ਹਿੱਸੇ ਨੂੰ ਵੱਡੀ ਫ਼ੌਜ ਨਾਲੋਂ ਨਿਖੇੜਦੇ ਤੇ ਆਪ ਭੱਜ ਕੇ ਦੂਰ ਚਲੇ ਜਾਂਦੇ। ਯਕਦਮ ਘੋੜੇ ਖੜ੍ਹੇ ਕਰ ਕੇ ਮੁਕਾਬਲਾ ਕਰਦੇ ਤੇ ਦੁਸ਼ਮਣ ਨੂੰ ਮਾਰ ਮੁਕਾਂਦੇ। ਸੱਤ ਦਿਨ ਅਬਦਾਲੀ ਦੇ ਬਿਆਸ ਪਾਰ ਹੋਣ ਤੱਕ ਇਸੇ ਤਰ੍ਹਾਂ ਟਾਕਰੇ ਹੁੰਦੇ ਰਹੇ। ਸਿੱਖ ਵਾਪਸ ਹੋ ਗਏ ਤੇ ਲਾਹੌਰ ਉੱਤੇ ਦੁਰਾਨੀ ਦੇ ਹਮਲੇ ਦੀ ਉਡੀਕ ਵਿਚ ਬੈਠ ਗਏ, ਪਰ ਅਬਦਾਲੀ ਲਾਹੌਰ ਨ ਠਹਿਰਿਆ ਅਤੇ ਚਨਾਬ ਤੇ ਜਿਹਲਮ ਪਾਰ ਕਰਕੇ ਰੁਹਤਾਸ ਜਾ ਕੇ ਸਾਹ ਲਿਆ। ਕਾਜ਼ੀ ਨੂਰ ਮੁਹੰਮਦ ਦੇ ਸ਼ਬਦਾਂ ਵਿਚ : ''ਸ਼ਰਮ ਲਾਹੇ ਬਗੈਰ ਸਿੱਖ ਵਾਰ ਵਾਰ ਅਬਦਾਲੀ ਤੇ ਹਮਲਾ ਕਰਦੇ ਤੇ ਪਿੱਛੇ ਹੱਟਦੇ। ਸੱਚ ਹੈ ਕਿ ਸਿੱਖ ਨੂੰ ਇਕ ਵਾਰੀ ਨਹੀਂ, ਦੋ ਵਾਰੀ ਮਾਰਨਾ ਪੈਂਦਾ ਹੈ। ਰੁਹਤਾਸ ਤੋਂ ਹੀ ਉੱਥੋਂ ਕਾਬਲੀ ਮੱਲ ਨੂੰ ਲਾਹੌਰ ਭੇਜਿਆ ਅਤੇ ਨਸੀਰ ਖ਼ਾਨ ਕੋਲੋਂ ਵੀ ਛੁੱਟੀ ਲਈ। ਮਦਦ ਦੇਣ ਦੇ ਸਿੱਟੇ ਉਸ ਨੂੰ ਸਾਲ ਦਾ ਇਲਾਕਾ, ਜਿਸ ਨੂੰ ਅੱਜ ਗੱਲ ਕੋਇਟਾ ਕਹਿੰਦੇ ਹਨ, ਦਿੱਤਾ। ਅਬਦਾਲੀ ਚਨਾਬ, ਝੰਗ, ਮੁਲਤਾਨ ਤੇ ਡੇਰਾ ਜਾਤ ਦੇਣਾ ਚਾਹੁੰਦਾ ਸੀ ਪਰ ਉਹ ਸਿੱਖਾਂ ਦੇ ਹੱਥੋਂ ਸੁਆਦ ਚੱਖ ਚੁੱਕਾ ਸੀ।'' ਅਬਦਾਲੀ ਵਾਪਸ ਮੁੜਿਆ ਤੇ ਸਿੱਖ ਨਿਰਸੰਦੇਹ ਪੰਜਾਬ ਦੇ ਰਾਜੇ ਬਣੇ। ਇਹ ਲੜਾਈ ਤੱਕ ਕੇ ਹੀ ਅਬਦਾਲੀ ਨੇ ਕਿਹਾ ਸੀ : ਦੇਖੋ, ਇਹ ਕਾਫ਼ਰ ਤਾਤਾਰੀਆਂ ਵਾਂਙ ਤੀਰ ਤੇ ਬੰਦੂਕਾਂ ਹੱਥਾਂ ਵਿਚ ਲੈ, ਤੀਰਾਂ ਤੇ ਗੋਲੀਆਂ ਦੀ ਬਾਰਸ਼ ਸੱਜੇ ਖੱਬੇ ਕਰੀ ਜਾਂਦੇ ਹਨ। ਇਹਨਾਂ (ਸਗਾਂ) ਦੀ ਬਹਾਦਰੀ ਤੱਕ ਮੈਨੂੰ ਅਚੰਭਾ ਹੁੰਦਾ ਹੈ।[1]

**ਪੰਜਾਬ ਦੇ ਮਾਲਕ :** ਅਹਿਮਦਸ਼ਾਹ ਅਬਦਾਲੀ ਮਾਰਚ ੧੭੬੫ ਨੂੰ ਵਾਪਸ ਮੁੜਿਆ ਹੀ ਸੀ ਕਿ ਸਿੱਖ ਵਿਸਾਖੀ ਵਾਲੇ ਦਿਨ ੧੦ ਅਪਰੈਲ, ੧੭੬੫ ਨੂੰ ਸ੍ਰੀ ਅੰਮ੍ਰਿਤਸਰ ਇਕੱਠੇ ਹੋਏ। ਗੁਰਮਤਾ ਪਾਸ ਕਰ ਕੇ ਲਾਹੌਰ ਤੇ ਕਬਜ਼ਾ ਕਰਨ ਦਾ ਫ਼ੈਸਲਾ ਕੀਤਾ। ਲਾਹੌਰ ਦਾ ਗਵਰਨਰ ਕਾਬਲੀ ਮੱਲ ਜੰਮੂ ਫ਼ੌਜਾਂ ਨੂੰ ਇਕੱਠਿਆਂ ਕਰਨ ਲਈ ਗਿਆ ਹੋਇਆ ਸੀ। ਭੰਗੀ ਸਰਦਾਰ ਭਾਈ ਗੁੱਜਰ ਸਿੰਘ ਅਤੇ ਲਹਿਣਾ ਸਿੰਘ ੨੦੦ ਸਿੱਖ ਸਿਪਾਹੀਆਂ ਸਮੇਤ ਲਾਹੌਰ ਦਾਖ਼ਲ ਹੋਏ। ਕਿਲ੍ਹੇ ਵਿਚ ਨਕਬ ਲੱਗਾ, ਭਾਈ ਗੁੱਜਰ ਸਿੰਘ ਸਭ ਤੋਂ ਪਹਿਲਾਂ ਦਾਖ਼ਲ ਹੋਏ। ਫਿਰ ਲਹਿਣਾ ਸਿੰਘ ਤੇ ਦੂਸਰੇ ਸਿੰਘ ਕਿਲ੍ਹੇ ਅੰਦਰ ਗਏ। ਤਾਰਾ ਸਿੰਘ ਮਜ਼ੰਗ ਨੇ ਆਪਣੇ ਸਾਥੀਆਂ ਦੀ ਮਦਦ ਨਾਲ ਕਿਲ੍ਹੇ ਦੀ ਰਾਖੀ ਕਰਕੇ ਸਿਪਾਹੀਆਂ ਨੂੰ ਹਰਾਇਆ।

---

1. ਜ਼ ਜੁਰਅਤਿ ਸਗਾਂ ਆਮਦਮ ਦਰ ਅਜਬ। (ਜੰਗਨਾਮਾ, ਬਿਆਨ ੩੬ਵਾਂ)

Sri Satguru Jagjit Singh Ji eLibrary NamdhariElibrary@gmail.com

ਕਾਬਲੀ ਮੱਲ ਦਾ ਭਤੀਜਾ ਅਮੀਰ ਸਿੰਘ ਵੀ ਟਾਕਰੇ ਉੱਤੇ ਆਇਆ, ਪਰ ਉਸ ਵੀ ਹਾਰ ਖਾਧੀ ਤੇ ਗ੍ਰਿਫ਼ਤਾਰ ਕਰ ਲਿਆ ਗਿਆ। ਦੂਸਰੇ ਦਿਨ ਸਰਦਾਰ ਸੋਭਾ ਸਿੰਘ ਕਨ੍ਹਈਆ ਨੇ ਸ਼ਹਿਰ ਦੇ ਬਹੁਤੇ ਹਿੱਸੇ ਉੱਤੇ ਕਬਜ਼ਾ ਕਰ ਲਿਆ। ਹੌਲੇ-ਹੌਲੇ ਸਾਰਾ ਪੰਜਾਬ ਹੀ ਸਿੱਖਾਂ ਦੇ ਕਬਜ਼ੇ ਵਿਚ ਹੋ ਗਿਆ, ਪਰ ਪੱਕੀਆਂ ਲਕੀਰਾਂ ਨਾ ਪਈਆਂ ਕਿਉਂ ਜੋ ਅਬਦਾਲੀ ਦਾ ਖ਼ਤਰਾ ਦਿਸ ਰਿਹਾ ਸੀ।

**ਅਬਦਾਲੀ ਦਾ ਅੱਠਵਾਂ ਤੇ ਆਖ਼ਰੀ ਹਮਲਾ** : ਅਬਦਾਲੀ ਨੇ ਜਦ ਪੰਜਾਬ ਨੂੰ ਅਫ਼ਗਾਨ ਸਾਮਰਾਜ ਨਾਲੋਂ ਟੁੱਟਦਾ ਤੇ ਫਿਰ ਸਿੱਖਾਂ ਦੇ ਹੱਥਾਂ ਵਿਚ ਜਾਂਦਾ ਸੁਣਿਆ ਤਾਂ ੧੭੬੭ ਨੂੰ ਅੱਠਵਾਂ ਹਮਲਾ ਕਰ ਦਿੱਤਾ। ਇਸ ਵਾਰੀ ਸਿੱਖ, ਹਮਲੇ ਦਾ ਹੋਣਾ ਸੁਣ ਕੇ ਪਹਾੜੀਆਂ ਤੇ ਜੰਗਲਾਂ ਵੱਲ ਨਾ ਨੱਸੇ, ਸਗੋਂ ਅੰਮ੍ਰਿਤਸਰ ਇਕੱਠੇ ਹੋਏ ਤੇ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੀ ਅਗਵਾਈ ਹੇਠਾਂ ਤਿੰਨ ਜਥੇ ਬਣਾਏ। ੧੩,੦੦੦ ਦੀ ਫ਼ੌਜ ਇਕੱਠੀ ਕੀਤੀ ਤੇ ਅਬਦਾਲੀ ਦੇ ਇਰਦ ਗਿਰਦ ਘੁੰਮਦੇ ਰਹੇ। ਅਬਦਾਲੀ ਕਿਸੇ ਤਰੀਕੇ ਨਾਲ ਵੀ ਸਿੱਖਾਂ ਨੂੰ ਰੋਕ ਨਾ ਸਕਿਆ। ਅਬਦਾਲੀ ਨੇ ਔਰੰਗਾਬਾਦ, ਗੁਜਰਾਤ, ਸਿਆਲਕੋਟ, ਪਸਰੂਰ ਦੇ ਜ਼ਿਮੀਦਾਰਾਂ ਉੱਤੇ ਦੋਸ਼ ਲਗਾਇਆ ਕਿ ਉਹ ਸਿੱਖਾਂ ਨੂੰ ਪਨਾਹ ਦਿੰਦੇ ਹਨ ਅਤੇ ਰਾਖੀ ਦੇ ਕੇ ਸਿੱਖਾਂ ਦੀ ਹੌਸਲਾ-ਅਫ਼ਜਾਈ ਕਰਦੇ ਹਨ। ਨਾਲ ਹੀ ਭਾਰੀ ਜੁਰਮਾਨਾ ਦੇਣ ਲਈ ਕਿਹਾ ਤੇ ਹੁਕਮ ਦਿੱਤਾ ਕਿ ਜਿਥੇ ਸਿੱਖ ਮਿਲੇ ਪੇਸ਼ ਕੀਤਾ ਜਾਏ। ਅਜਿਹਾ ਨਾ ਕਰਨ ਦੀ ਸੂਰਤ ਵਿਚ ਸਖ਼ਤ ਸਜ਼ਾ ਦਿੱਤੀ ਜਾਏਗੀ। ਜਦ ਸਾਰੇ ਹਰਬੇ ਫੇਲ੍ਹ ਹੋਏ ਤਾਂ ਅਬਦਾਲੀ ਨੇ ਸਿੱਖ ਆਗੂਆਂ ਨੂੰ ਨਿਖੇੜਨ ਲਈ ਲਾਲਚ ਦੇਣੇ ਅਰੰਭੇ।

**ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੂੰ ਸੱਦਾ ਪੱਤਰ** : ਅਬਦਾਲੀ ਨੇ ਜੰਗ ਨੀਤੀ ਛੱਡ ਕੇ ਚਾਣਕਯ ਨੀਤੀ ਅਪਣਾਉਣੀ ਅਰੰਭੀ। ਉਸ ਨੇ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੂੰ ਭਰਮਾਉਣ ਲਈ ਜਾਗੀਰ ਦਾ ਲਾਲਚ ਦਿੱਤਾ। ਅਬਦਾਲੀ ਆਪਣਾ ਨੱਕ ਨਮੂਜ ਬਚਾ ਕੇ ਹਿੰਦੁਸਤਾਨ ਸਦੀਵੀ ਤੌਰ ਉੱਤੇ ਛੱਡ ਜਾਣਾ ਚਾਹੁੰਦਾ ਸੀ। ਅਬਦਾਲੀ ਨੇ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੂੰ ਜਾਗੀਰ ਦੀ ਪੇਸ਼ਕਸ਼ ਕੀਤੀ ਤੇ ਲਿਖਤ ਦੇਣ ਦਾ ਇਕਰਾਰ ਕੀਤਾ। ਇਹ ਵੀ ਆਖਿਆ ਕਿ ਪਿਛਲਾ ਕੀਤਾ ਵਾਚਿਆ ਨਹੀਂ ਜਾਏਗਾ। ਸਿੱਖ ਸਰਦਾਰ ਨੇ ਮੂੰਹ-ਤੋੜਵਾਂ ਜੁਆਬ ਦਿੱਤਾ।

**ਅੰਮ੍ਰਿਤਸਰ ਉਤੇ ਹਮਲਾ** : ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੂੰ ਨਾ ਵੱਸ ਹੁੰਦਾ ਦੇਖ ਕੇ ਅਬਦਾਲੀ ਨੇ ਨਸੀਰ ਖਾਨ ਤੇ ਜਹਾਨ ਖ਼ਾਨ ਨੂੰ ਅੰਮ੍ਰਿਤਸਰ ਤੇ ਹਮਲਾ ਕਰਨ ਲਈ ਕਿਹਾ। ਸਿੰਘ ਅੰਮ੍ਰਿਤਸਰ ਦੇ ਲਾਗੇ ਹੀ ਸਨ ਅਤੇ ਉਹਨਾਂ ਨੇ ੪ ਘੰਟੇ ਡੱਟ ਕੇ ਮੁਕਾਬਲਾ ਕੀਤਾ। ਜਹਾਨ ਖਾਨ ਸਖ਼ਤ ਜ਼ਖ਼ਮੀ ਹੋ ਗਿਆ। ਅਬਦਾਲੀ ਆਪ ਨਸੀਰ ਖਾਨ ਦੀ ਮਦਦ ਉਤੇ ਆਇਆ। ਸਿੱਖਾਂ ਨੇ ਪੈਰ ਪੱਕੇ ਰੱਖੇ ਪਰ ਇਹ ਵਿਚਾਰ ਬਣੀ ਕਿ ਲਾਹੌਰ ਵਲ ਵਧਿਆ ਜਾਏ ਤਾਂ ਕਿ ਅਬਦਾਲੀ ਨੂੰ ਮੁੜਨ ਦਾ ਰਸਤਾ ਨਾ ਮਿਲੇ। ਅਬਦਾਲੀ ਨੇ ਇਹ ਸਮਝ ਕੇ ਸਿੱਖਾਂ ਦਾ ਇਕ ਤਬਕਾ ਆਪਣੇ ਵੱਲ ਕੀਤੇ ਬਗ਼ੈਰ ਕੰਮ ਨਹੀਂ ਟੁਰਨਾ, ਸਰਦਾਰ ਗੁਜਰ ਸਿੰਘ ਤੇ ਸਰਦਾਰ ਲਹਿਣਾ ਸਿੰਘ ਭੰਗੀ ਨੂੰ ਖ਼ਰੀਦਣਾ ਚਾਹਿਆ।

**ਸਰਦਾਰ ਗੁੱਜਰ ਸਿੰਘ ਭੰਗੀ ਦਾ ਉੱਤਰ** : ਅਬਦਾਲੀ ਨੇ ਲਾਹੌਰ ਦੀ ਗਵਰਨਰੀ ਦਾ ਪਰਵਾਨਾ, ਧੁੱਸਾ ਤੇ ਕਾਬਲ ਦੇ ਮੇਵੇ, ਕਸ਼ਮੀਰ ਦੇ ਸੇਬ ਸਰਦਾਰ ਗੁੱਜਰ ਸਿੰਘ ਵੱਲ ਭੇਜੇ। ਲਾਹੌਰ ਦੀ ਗਵਰਨਰੀ ਦਾ ਪ੍ਰਵਾਨਾ ਜਦ ਸਰਦਾਰ ਗੁੱਜਰ ਸਿੰਘ ਨੇ ਦੇਖਿਆ ਤਾਂ ਉਸੇ ਵਕਤ ਪਾੜ ਕੇ ਵਾਪਸ ਭੇਜ ਦਿਤਾ। ਨਾਲ ਹੀ ਇਕ 'ਭੂਰਾ' ਧੁੱਸੇ ਦੀ ਥਾਵੇਂ ਭੇਜਿਆ

Sri Satguru Jagjit Singh Ji eLibrary NamdhariElibrary@gmail.com

ਕਿ ਸਾਨੂੰ ਭੂਰਾ ਚੰਗਾ ਹੈ ਪਰਾਏ ਧੁੱਸਿਆਂ ਨਾਲੋਂ। ਇਲਾਕੇ ਦੇ ਗੋਂਗਲੂ ਭੇਜੇ ਕਿ ਤੇਰੇ ਸੇਬਾਂ ਦੇ ਟਾਕਰੇ ਪੰਜਾਬ ਦੇ ਗੋਂਗਲੂ ਹੀ ਸ਼ੋਭਦੇ ਹਨ। ਮੇਵਿਆਂ ਦੇ ਟਾਕਰੇ ਸਾਨੂੰ ਛੋਲੇ ਹੀ ਪਿਆਰੇ ਹਨ। ਫ਼ਰਮਾਨ ਬਾਰੇ ਲਿਖਿਆ :

*ਸਿੰਘ ਹੋਇ ਰਾਖੈ ਕਿਮ ਕਾਨ,*
*ਐਰੇ ਗ਼ੈਰੇ ਕਾ ਮੰਗੈ ਫ਼ਰਮਾਨ।*

ਅਬਦਾਲੀ ਸਿੱਖਾਂ ਦੇ ਆਚਰਨ ਤੋਂ ਜਾਣੂ ਤਾਂ ਸੀ ਹੀ, ਹੁਣ ਸਮਝ ਗਿਆ ਕਿ ਪੰਜਾਬ ਦੀ ਅਸਲ ਤਾਕਤ ਤੇ ਮਾਲਕ ਇਹ ਹੀ ਹਨ।

**ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦਾ ਜ਼ਖ਼ਮੀ ਹੋਣਾ :** ਅੰਮ੍ਰਿਤਸਰ ਦੀ ਜੰਗ ਵਿਚ ਸਰਦਾਰ ਜੱਸਾ ਸਿੰਘ ਵੀ ਜ਼ਖ਼ਮੀ ਹੋ ਗਏ। ਉਹਨਾਂ ਇਕ ਪਿੰਡ ਵਿਚ ਟਿਕਾਣਾ ਕੀਤਾ ਪਰ ਪਿੰਡ ਦੇ ਜ਼ਿਮੀਂਦਾਰ ਅਬਦਾਲੀ ਤੋਂ ਡਰ ਰਹੇ ਸਨ। ਸੋ ਸਰਦਾਰ ਜੱਸਾ ਸਿੰਘ ਲਖੀ ਜੰਗਲ ਵੱਲ ਚਲੇ ਗਏ। ਸਿੱਖ ਜਥਿਆਂ ਦੀ ਸਰਦਾਰੀ ਗੁੱਜਰ ਸਿੰਘ ਭੰਗੀ ਤੇ ਸਰਦਾਰ ਸ਼ਾਮ ਸਿੰਘ ਨਾਰੋਕੇ ਨੂੰ ਦੇ ਗਏ। ਅਬਦਾਲੀ ਵੀ ਅੰਮ੍ਰਿਤਸਰ ਤੋਂ ਦਿੱਲੀ ਟੁਰ ਪਿਆ।

**ਅਬਦਾਲੀ ਦਾ ਮੁੜਨਾ :** ਅਬਦਾਲੀ ਦਿੱਲੀ ਵਲ ਜਾ ਹੀ ਰਿਹਾ ਸੀ ਕਿ ਉਸ ਨੂੰ ਵਾਪਸ ਮੁੜਨਾ ਪਿਆ। ਸਿੱਖਾਂ ਨੇ ਭਾਈ ਗੁੱਜਰ ਸਿੰਘ ਦੀ ਆਗਵਾਈ ਹੇਠਾਂ ਨਸੀਰ ਖ਼ਾਨ ਦੀਆਂ ਫ਼ੌਜਾਂ ਨੂੰ ਹਰਾਇਆ। ਅੰਮ੍ਰਿਤਸਰ ਦੀ ਜੰਗ ਬਾਅਦ ਅਫ਼ਗਾਨ ਤੇ ਬਲੋਚੀ ਥੱਕੇ ਤੇ ਹਾਰੇ ਹੋਏ ਸਨ। ਸਿੱਖਾਂ ਦੇ ਹੱਲੇ ਦਾ ਟਾਕਰਾ ਨਾ ਕਰ ਸਕੇ। ਕਾਬਲ ਤੋਂ ਸਾਮਾਨ ਨਾਲ ਭਰੇ ਹੋਏ ੩੦੦ ਊਠ ਆ ਰਹੇ ਸਨ। ਸਿੱਖਾਂ ਨੇ ਮਾਲੇ ਗ਼ਨੀਮਤ ਸਮਝ ਕੇ ਲੁੱਟਿਆ। ਆਬਦਾਲੀ ਨੇ ਮਾਲ ਨੂੰ ਲਾਹੌਰ ਹੀ ਰੋਕ ਲਿਆ। ਇਹਨਾਂ ਹੀ ਹਾਲਤਾਂ ਵਿਚ ਅਬਦਾਲੀ ਵਾਪਸ ਮੁੜਿਆ ਤੇ ਸਿੰਘ ਸਿਆਲਕੋਟ ਤੇ ਪਹਾੜੀਆਂ ਵਿਚ ਖਿੰਡ-ਪੁੰਡ ਗਏ।

**ਅਬਦਾਲੀ ਸਰਹਿੰਦ ਵਿਚ :** ਲਾਹੌਰ ਤੋਂ ਅਬਦਾਲੀ ਫੇਰ ਦਿਲੀ ਵੱਲ ਚੱਲਿਆ। ਨਜੀਬ-ਉਦ-ਦਉਲਾ ਅਸਮਾਈਲ ਆਬਾਦ ਮਿਲਿਆ। ਆਬਦਾਲੀ ਨੇ ਦਿੱਲੀ ਪੁੱਜਣਾ ਉਚਿਤ ਨਾ ਸਮਝ ਕੇ ਸਰਹਿੰਦ ਟਿਕਾਣਾ ਕੀਤਾ। ਸਿੱਖਾਂ ਦੀ ਪਕੜ-ਧਕੜ ਜਾਰੀ ਰੱਖੀ। ਅਬਦਾਲੀ ਨੇ ਇਕ ਲੜਾਕਾ ਦਸਤਾ(ਹਰਾਵਲ) ਵੀ ਬਣਾਇਆ ਜੋ ਫਿਰ ਕੇ ਸਿੱਖਾਂ ਨੂੰ ਖ਼ਤਮ ਕਰਦਾ। ਜਹਾਨ ਖਾਨ ਦੇ ਪੁੱਤਰ ਜ਼ਬੈਤਾ ਖਾਨ ਨੂੰ ਉਸ ਦਸਤੇ ਦਾ ਇੰਚਾਰਜ ਬਣਾਇਆ, ਪਰ ਹੁਣ ਸਿੱਖ ਕਿਸੇ ਦੇ ਮੁਕਾਇਆਂ ਮੁੱਕਦੇ ਨਹੀਂ ਸਨ, ਡਰਾਇਆਂ ਡਰਦੇ ਵੀ ਨਹੀਂ ਸਨ। ਸਿੱਖਾਂ ਨੂੰ ਖ਼ਤਮ ਕਰਨਾ ਤਾਂ ਇਕ ਪਾਸੇ, ਖਿੰਡਾਉਣਾ ਵੀ ਮੁਸ਼ਕਿਲ ਹੋ ਗਿਆ ਸੀ। ਸਿੱਖਾਂ ਨੂੰ ਚੁੱਪ ਕਰਾਉਣਾ ਵੀ ਇਕ ਕਠਿਨ ਕੰਮ ਸੀ। ਅਬਦਾਲੀ ਨੇ ਸਰਹਿੰਦ ਦੀ ਫੋਜਦਾਰੀ ਆਲਾ ਸਿੰਘ ਦੇ ਪੋਤਰੇ ਸਰਦਾਰ ਅਮਰ ਸਿੰਘ ਨੂੰ ਦੇਣ ਦੀ ਵਿਚਾਰ ਕੀਤੀ। ਸਰਦਾਰ ਅਮਰ ਸਿੰਘ ਨੂੰ ਰਾਜਾ-ਏ-ਰਾਜਗਾਂ ਦਾ ਖਿਤਾਬ ਵੀ ਦਿਤਾ। ਅਬਦਾਲੀ ਦਾ ਖ਼ਿਆਲ ਸੀ ਕਿ ਇਸ ਤਰ੍ਹਾਂ ਸਿੱਖਾਂ ਵਿਚ ਫੁੱਟ ਪਾਈ ਜਾ ਸਕੇਗੀ, ਪਰ ਅਬਦਾਲੀ ਦਾ ਇਹ ਹਥਿਆਰ ਵੀ ਖੁੰਢਾ ਹੋ ਗਿਆ ਸੀ।

**ਅਬਦਾਲੀ ਦਾ ਕਾਬਲ ਮੁੜਨਾ :** ਅਬਦਾਲੀ ਦੀਆਂ ਫ਼ੌਜਾਂ ਨਿਤ ਨਵੇਂ ਹੁਕਮਾਂ ਤੇ ਹਮਲਿਆਂ ਤੋਂ ਘਬਰਾ ਗਈਆਂ ਸਨ। ਫ਼ੌਜਾਂ ਵਿਚ ਥਕਾਵਟ ਦੇ ਨਾਲ ਨਾਲ ਗਮ ਤੇ ਗੁੱਸਾ ਵੀ ਸੀ। ਅਫ਼ਗਾਨਾਂ ਨੂੰ ਲੁੱਟ ਦਾ ਮਾਲ ਵੀ ਨਹੀਂ ਮਿਲ ਰਿਹਾ ਸੀ। ਤਨਖਾਹਾਂ ਮਿਲਿਆਂ ਤਾਂ ਕਈ ਮਹੀਨੇ ਹੋ ਗਏ ਸਨ। ਸੋ ਅਬਦਾਲੀ ਦੇ ਪੁੱਛੇ ਬਗੈਰ ਹੀ ਵਾਪਸ ਮੁੜਨ ਲੱਗ ਪਈਆਂ। ਇਹ ਅਬਦਾਲੀ ਦੇ ਵਕਾਰ ਤੇ ਭਾਰੀ ਸੱਟ ਸੀ। ਅਬਦਾਲੀ ਤਾਂ ਇਸ ਵਾਰੀ ਮਨ

Sri Satguru Jagjit Singh Ji eLibrary NamdhariElibrary@gmail.com

ਬਣਾ ਕੇ ਆਇਆ ਸੀ ਕਿ ਸਿੱਖਾਂ ਨੂੰ ਪੱਕੇ ਤੌਰ ਤੇ ਰੋਕ ਪਾ ਕੇ ਹੀ ਮੁੜੇਗਾ। ਅਬਦਾਲੀ ਅਪਣੀ ਵਿਗੜਦੀ ਸਿਹਤ ਤੇ ਬੁਢੇਪੇ ਤੋਂ ਵੀ ਜਾਣੂ ਸੀ। ਉਸਦਾ ਇਹ ਹਿੰਦੁਸਤਾਨ ਤੇ ਆਖ਼ਰੀ ਹਮਲਾ ਸੀ। ਅਬਦਾਲੀ ਇਹ ਚੰਗੀ ਤਰ੍ਹਾਂ ਸਮਝ ਗਿਆ ਸੀ ਕਿ ਪੰਜਾਬ, ਅਫ਼ਗਾਨ ਸਾਮਰਾਜ ਦਾ ਹਿੱਸਾ ਨਹੀਂ ਰਹਿ ਸਕਦਾ। ਮਾਝੇ ਦੇ ਜ਼ਿਲ੍ਹੇ ਉਹ ਆਪਣੇ ਫ਼ੌਜਦਾਰ ਵਿਚ ਸਿੱਖਾਂ ਦੇ ਟਾਕਰੇ ਤੋਂ ਡਰਦਾ ਇਸ ਵਾਰ ਚਨਾਬ ਦੇ ਰਾਹੀਂ ਕਾਬਲ ਨਾ ਗਿਆ, ਸਗੋਂ ਮੁਲਤਾਨ ਤੋਂ ਕਾਬਲ ਵੱਲੋਂ ਗਿਆ। ਇਸ ਤੋਂ ਵੱਡੀ ਸਿੱਖਾਂ ਦੀ ਜਿੱਤ ਕਿਹੜੀ ਹੋ ਸਕਦੀ ਸੀ ਕਿ ਉਹ ਅਬਦਾਲੀ ਜੋ ਹਨੇਰੀ ਵਾਂਗ ਪੰਜਾਬ ਤੇ ਹਮਲਾ ਕਰਦਾ ਸੀ, ਹਵਾ ਦੇ ਬੁੱਲੇ ਵਾਂਗ ਲੁਕ ਕੇ ਆਪਣੇ ਦੇਸ਼ ਜਾ ਰਿਹਾ ਸੀ। ਜੋ ਬਾਜ਼ ਵਾਂਗ ਝਪਟਦਾ ਸੀ, ਕਬੂਤਰ ਵਾਂਗ ਅੱਖਾਂ ਮੀਟ ਕੇ ਜਾਨ ਬਚਾ ਕੇ ਘਰ ਆਲ੍ਹਣੇ ਵਿਚ ਜਾਣਾ ਲੋੜ ਰਿਹਾ ਸੀ। ਜਿਸ ਦੀ ਧਮਕ ਤੋਂ ਦਿਲੀ ਦਹਿਲਦੀ ਸੀ, ਉਹ ਪੰਜਾਬ ਵਿਚ ਪੈਰ ਰੱਖਣ ਜੋਗਾ ਹੀ ਨਹੀਂ ਸੀ ਰਿਹਾ। ਅਬਦਾਲੀ ਦਾ ਜੋ ਹਾਲ ਸਿੰਘਾਂ ਨੇ ਕੀਤਾ ਉਸ ਦਾ ਭਾਈ ਰਤਨ ਸਿੰਘ ਜੀ ਭੰਗੂ ਨੇ ਖੂਬ ਵਰਨਣ ਕੀਤਾ ਹੈ। ਉਹ ਕਹਿੰਦੇ ਹਨ ਕਿ ਦੇਖੋ ਕੀ ਹਾਲ ਬਣਾਇਆ ਸਿੰਘਾਂ ਨੇ ਅਬਦਾਲੀ ਦਾ ਕਿ ਹੁਣ ਉਹ ਬੱਕਰੀਆਂ, ਭੇਡਾਂ ਵਾਂਗ ਛੁਪ-ਛੁਪ, ਬਚ-ਬਚ ਵਾਪਸ ਜਾ ਰਿਹਾ ਸੀ। ਜਿਸ ਅਬਦਾਲੀ ਦਾ ਨਾਮ ਸੁਣਕੇ ਲੋਕੀਂ ਭੱਜਦੇ ਸਨ, ਅੱਜ ਉਹ ਹੀ ਸਿੰਘਾਂ ਤੋਂ ਲੁਕਿਆ ਫਿਰਦਾ ਸੀ।

*'ਸਿੰਘ ਰਾਤ ਦਿਵਸ ਰਹੈ ਚੁਫੇਰੇ।*
*ਜਿਮ ਸ਼ੇਰਨ ਨੇ ਛੇਲੇ ਘੇਰੇ।*
*ਰਾਤ ਤੁਰੇ ਦਿਨ ਡੇਰਾ ਲਾਵੈ।*
*ਤਿਵੇਂ ਖ਼ਾਲਸੇ ਉਸ ਰਾਤ ਅਕਾਵੈ।'*

ਅਬਦਾਲੀ ਨੇ ਹੁਣ ਰਾਤੀਂ ਤੁਰਨਾ ਵੀ ਬੰਦ ਕਰ ਦਿਤਾ। ਉਹ ਕਾਫ਼ਲੇ ਸਮੇਤ ਥੋੜ੍ਹਾ ਜਿਹਾ ਤੁਰਦਾ। ਵੱਲ ਪਾ ਕੇ ਪੈਂਡਾ ਕਰਦਾ। ਉਹ ਹਰ ਵਕਤ ਪਹਿਰੇ ਤੇ ਫ਼ੌਜ ਰੱਖਦਾ, ਪਰ ਸਿੰਘ ਰਾਤ ਨੂੰ ਅਜਿਹਾ ਹੱਲਾ ਬੋਲਦੇ ਕਿ ਅਬਦਾਲੀ ਤੋਬਾ-ਤੋਬਾ ਕਰ ਉਠਦਾ। ਸਿੱਖ ਜਥੇ ਕਰਦੇ ਇਸ ਤਰ੍ਹਾਂ ਸਨ ਕਿ ਕੋਈ ਸਵੇਰੇ ਹਮਲਾ ਕਰਦੇ, ਕੋਈ ਦੁਪਹਿਰੀਂ ਤੇ ਇਕ ਲੜ ਮੁੜਦਾ ਤੇ ਦੂਜਾ ਆ ਪੈਂਦਾ :

*'ਕੋਊ ਮਿਸਲ ਉਠ ਪਰੈ ਸਵੇਰੋ।*
*ਕੋਊ ਮਿਸਲ ਕੈ ਦੁਪਹਰ ਫੇਰੋ।*
*ਇਕ ਲੜ ਮਰੈ ਤਾਂ ਦੂਜਾ ਦੌੜੇ।*
*ਦੂਜੀ ਮੁੜੇ ਤਾਂ ਤੀਜੀ ਧੌੜੈ।*
*ਸਿੰਘ ਅਕਾਲੀ ਛਡੈ ਨ ਖਯਾਲ।*
*ਕੋਈ ਜੋ ਮਰੇ ਕਹਿ 'ਭਯੋ ਨਿਹਾਲ।'*

ਦਿਨ ਰਾਤ ਅਬਦਾਲੀ ਨੂੰ ਅਕਾਂਦੇ :

*"ਸ਼ਾਹ ਮੁੜਯੋ ਬਡ ਨਮੋਸ਼ੀ ਪਾਇ।*
*ਇਸ ਆਵਨ ਕੋ ਬਹੁ ਪਛਤਾਇ।"*

ਕਹਿੰਦਾ ਇਹ ਸੀ :

*'ਚਿੜੀਅਨ, ਹਮ ਬਾਜ਼ ਦੇਏ ਗਾਰ।*
*ਕਰੇ ਛੇਲ੍ਹਅਨ ਹਮ ਸ਼ੇਰ ਖਵਾਰ।*

Sri Satguru Jagjit Singh Ji eLibrary NamdhariElibrary@gmail.com

*ਇਨ ਕੀ ਮਦਦ ਆਪ ਖ਼ੁਦਾਇ।*
*ਪੁਜਯੋ ਨ ਬਲ ਹਮ ਇਨ ਪਰ ਕਾਇ।*
*ਇਨ ਮੈ ਸ਼ਕਤ ਕਿਛ ਆਹਿ ਕਰੀਮ।*
*ਕਰ ਦੇਖਯੋ ਹਮ ਬਹੁਤ ਫ਼ਹੀਮ।'*

ਇਸ ਪੰਜਾਬ ਤੇ ਹਮਲਾ ਕਰਨ ਜਾਂ ਕਬਜ਼ੇ ਕਰਨ ਵਾਲੇ ਕਿਸੇ ਨੂੰ ਵੀ ਪਛਤਾਵੇ ਤੋਂ ਸਿਵਾ ਕੁਝ ਵੀ ਹੱਥ ਨਹੀਂ ਆਵੇਗਾ। ਇਸੇ ਅਫ਼ਸੋਸ ਵਿਚ ਅਬਦਾਲੀ ਮਰ ਗਿਆ। ਉਹ ਸਿੰਧ ਸਾਗਰ ਤੇ ਚਜ ਦੁਆਬ ਹੀ ਰੱਖ ਕੇ ਸੰਤੁਸ਼ਟ ਸੀ। ਸਿੱਖਾਂ ਦੀ ਹੋਂਦ ਤੋਂ ਇਨਕਾਰ ਨਹੀਂ ਸੀ ਕੀਤਾ ਜਾ ਸਕਦਾ।

**ਸਿੱਖਾਂ ਦਾ ਸਾਰੇ ਪੰਜਾਬ ਤੇ ਕਬਜ਼ਾ :** ਅਬਦਾਲੀ ਦੇ ਕਾਬਲ ਮੁੜਨ ਨਾਲ ਹੀ ਲਾਹੌਰ ਉਤੇ ਸਿੱਖਾਂ ਫੇਰ ਕਬਜ਼ਾ ਕਰ ਲਿਆ। ਕਈ ਹੋਰ ਇਲਾਕਿਆਂ ਉਤੇ ਵੀ ਸਿੱਖਾਂ ਦਾ ਕਬਜ਼ਾ ਹੋ ਗਿਆ[1]। ਹੁਣ ਕੋਈ ਤਾਕਤ ਸਿੱਖਾਂ ਦੇ ਟਾਕਰੇ ਦੀ ਨਹੀਂ ਸੀ ਰਹੀ। ਸੱਠ ਸਾਲ ਦੀ

---

1. ਸਤਲੁਜ ਪਾਰ (Cis-Sutlej) ਵੀ ਸਿੱਖਾਂ ਨੇ ਅਧਿਕਾਰ ਜਮ੍ਹਾ ਲਿਆ ਸੀ। ਰਾਜਾ ਅਮਰ ਸਿੰਘ ਪਟਿਆਲਾ ਨੇ ਮਲੇਰਕੋਟਲਾ ਤੋਂ ਲੈ ਕੇ ਅੰਬਾਲਾ ਤੱਕ ਕਬਜ਼ਾ ਕਰ ਲਿਆ ਸੀ। ਸ਼ਿਵਾਲਕ ਦੀਆਂ ਪਹਾੜੀਆਂ ਲੱਖੀ ਜੰਗਲ ਤੇ ਹਿਸਾਰ ਹਾਂਸੀ ਤੱਕ ਉਸ ਦਾ ਦਬਦਬਾ ਸੀ।
   ਨੌਧ ਸਿੰਘ ਨਿਸ਼ਾਨਵਾਲੀਆ ਨੇ ਲੁਧਿਆਣਾ ਦੇ ਅਮੀਰ ਇਲਾਕੇ ਖੇੜੀ ਤੇ ਕਬਜ਼ਾ ਕਰ ਲਿਆ ਸੀ।
   ਧਰਮ ਸਿੰਘ ਡਲੇਵਾਲੀਆ ਜੋ ਸਰਦਾਰ ਤਾਰਾ ਸਿੰਘ ਘੇਬਾ ਦਾ ਚਾਚੇ ਦਾ ਪੁੱਤ ਭਰਾ ਸੀ, ਨੇ ਲੁਧਿਆਣਾ ਵਿਚ ਹੀ ਧਰਮ ਸਿੰਘ ਵਾਲਾ ਨਾਮ ਦਾ ਪਿੰਡ ਵਸਾਇਆ ਸੀ।
   ਸੁਧ ਸਿੰਘ ਬਾਜਵਾ ਨੇ ਮਾਛੀਵਾੜੇ ਤੇ ਕਬਜ਼ਾ ਕਰ ਲਿਆ।
   ਰਾਇ ਸਿੰਘ ਕੰਗ ਨੇ ਖੰਨਾ ਤੇ ਸਮਰਾਲਾ ਤਹਿਸੀਲਾਂ ਤੇ ਕਬਜ਼ਾ ਕਰ ਲਿਆ।
   ਰਾਇ ਸਿੰਘ ਕਰੋੜਸਿੰਘੀਆ (ਭਾਈ ਮਹਿਤਾਬ ਸਿੰਘ ਦੇ ਪੁੱਤਰ) ਨੇ ਸਮਰਾਲਾ ਦੀ ਤਹਿਸੀਲ ਦੇ ਕਈ ਪਿੰਡਾਂ ਤੇ ਕਬਜ਼ਾ ਕਰ ਲਿਆ। ਭਾਈ ਰਤਨ ਸਿੰਘ ਭੰਗੂ ਇਹਨਾਂ ਦੇ ਹੀ ਪੁੱਤਰ ਸਨ।
   ਕੌਰ ਸਿੰਘ ਡਲੇਵਾਲੀਆ ਨੇ ਲੋਹੀਆਂ (ਜਲੰਧਰ) ਤੇ ਕਬਜ਼ਾ ਕਰ ਲਿਆ।
   ਜੱਸਾ ਸਿੰਘ ਆਹਲੂਵਾਲੀਆ ਨੇ ਜਗਰਾਉਂ, ਭਰੋਅ, ਫਤਹਿਗੜ੍ਹ ਵੀ ਨਾਲ ਮਿਲਾ ਲਏ।
   ਤਾਰਾ ਸਿੰਘ ਕਕੜ ਨੇ ਫ਼ਿਲੌਰ, ਨੂਰਪੁਰ, ਸਿਆਲਾ, ਕੋਰਾਲਾ, ਸਤਲੁਜ ਦੇ ਪੱਛਮੀ ਕਿਨਾਰੇ।
   ਸੋਧਾ ਸਿੰਘ ਡਲੇਵਾਲੀਆ ਖੰਨੇ ਦੇ ਕੁਝ ਹਿੱਸੇ ਤੇ।
   ਦਸੌਂਧਾ ਸਿੰਘ ਨਿਸ਼ਾਨਵਾਲਾ (ਪੁੱਤਰ ਚੌਧਰੀ ਰਾਇ ਮਨਸੂਰ) ਸਿੰਘਾਂ ਵਾਲਾ, ਸਾਹਨੇਵਾਲ, ਸਰਾਇ ਲਸਕਰੀ ਖਾਨ, ਦੋਰਾਹਾ, ਸੌਤੀ, ਅਮਲੋਹ, ਜ਼ੀਰਾ, ਲਿਧਰ ਤੇ ਅੰਬਾਲਾ।
   ਜੈ ਸਿੰਘ ਨਿਸ਼ਾਨਵਾਲੀਆ ਨੇ ਲਿਧਰਾਂ ਤੇ ਖਰੜ ਦੇ ਕਈ ਪਿੰਡ।
   ਨਾਹਰ ਸਿੰਘ ਤੇ ਸੁਰਜਨ ਸਿੰਘ ਨੇ ਅਨੰਦਪੁਰ।
   ਹਰੀ ਸਿੰਘ ਡਲੇਵਾਲੀਆ ਰੋਪੜ, ਸਿਆਲਬਾ, ਖਿਜ਼ਰਾਬਾਦ, ਕੁਰਾਲੀ।
   ਖੁਸ਼ਹਾਲ ਸਿੰਘ ਸਿੰਘਪੁਰੀਆ (ਨਵਾਬ ਕਪੂਰ ਸਿੰਘ ਦੇ ਭਤੀਜੇ) ਨੇ ਬਨੂੜ, ਮਨੌਲੀ, ਅਨੌਲੀ, ਭਰਤਗੜ੍ਹ, ਬੰਗਾ, ਭਰੇਲੀ।
   ਜੈ ਸਿੰਘ, ਰਾਮ ਸਿੰਘ, ਸਰਧਾ ਸਿੰਘ, ਸਾਹਿਬ ਸਿੰਘ, ਬਖ਼ਤ ਸਿੰਘ, ਕੰਵਰ ਸਿੰਘ, ਮਥਨ ਸਿੰਘ ਨੇ ਘਮਾਉ ਦੇ ੫੫ ਪਿੰਡਾਂ ਤੇ, ਕਰਮ ਸਿੰਘ ਸ਼ਹੀਦ ਨੇ ਸ਼ਹਿਜ਼ਾਦਪੁਰ ਤੇ ਕੇਸਰੀ ਤੇ,ਰਸੀਆ, ਦਮਦਮਾ ਸਾਹਿਬ ਤੇ ਜਰੌਲੀ।

ਲਗਾਤਾਰ ਜਦੋ-ਜਹਿਦ ਨੇ ਸਿੱਖਾਂ ਨੂੰ ਪੰਜਾਬ ਦਾ ਮਾਲਕ ਬਣਾ ਦਿਤਾ ਸੀ। ਮੁਗ਼ਲ ਤਾਕਤ ਦਿੱਲੀ ਦੇ ਇਰਦ-ਗਿਰਦ ਲਾਲ ਕਿਲ੍ਹੇ ਤੱਕ ਹੀ ਸੀਮਤ ਸੀ। ਪੰਜਾਬ ਵਿਚ ਕੋਈ ਵੀ ਫ਼ੌਜਦਾਰ ਅਦੀਨਾ ਬੇਗ਼ ਜਾਂ ਮੀਰ ਮੰਨੂੰ ਵਰਗਾ ਨਹੀਂ ਸੀ ਰਿਹਾ। ਅਫ਼ਗਾਨਾਂ ਦੀ ਤਾਕਤ ਵੀ ਕਮਜੋਰ ਹੋ ਕੇ ਕਾਬਲ ਜਾ ਬੈਠੀ ਸੀ। ਭਾਵੇਂ ਸਿੱਧ ਸਾਗਰ ਤੇ ਚਜ ਦੁਆਬ ਨੂੰ ਅਬਦਾਲੀ ਆਪਣੇ ਨਾਲ ਮਿਲਾਈ ਰੱਖਣ ਦਾ ਖਾਹਿਸ਼ਮੰਦ ਸੀ, ਪਰ ਉਹ ਇਲਾਕੇ ਵੀ ਬਹੁਤ ਦੇਰ ਤੱਕ ਅਫ਼ਗ਼ਾਨਾਂ ਦੇ ਕਬਜ਼ੇ ਵਿਚ ਨਾ ਰਹਿ ਸਕੇ। ਸਰਦਾਰ ਚੜ੍ਹਤ ਸਿੰਘ ਦੀ ਤਲਵਾਰ ਅਟਕ ਨੂੰ ਛੁੰਹਦੀ ਸੀ। ਰੁਹਤਾਸ ਤੇ ਸਰਦਾਰ ਚੜ੍ਹਤ ਸਿੰਘ ਦਾ ਹੀ ਕਬਜ਼ਾ ਸੀ। ਬਾਕੀ ਸਰਦਾਰਾਂ ਨੇ ਵੀ ਹੰਨੇ-ਹੰਨੇ ਮੀਰੀ ਬਣਾ ਲਈ। ਮਿਸਲਾਂ ਦਾ ਵਿਕਾਸ ਸ਼ੁਰੂ ਹੋਇਆ ਤੇ ਪੰਜਾਬ ਸਾਰਾ ਮਿਸਲਾਂ ਨੇ ਵੰਡ ਲਿਆ। ਅਠਾਰ੍ਹਵੀਂ ਸਦੀ ਦੇ ਅੰਤ ਵਿਚ ਮਹਾਰਾਜਾ ਰਣਜੀਤ ਸਿੰਘ ਜੀ ਨੇ ਪੰਜਾਬ ਉਤੇ ਪੂਰਨ ਤੌਰ ਤੇ ਅਧਿਕਾਰ ਕੀਤਾ। ਲਿਤਾੜੇ ਹੋਏ ਬੇਘਰ, ਬੇਹਥਿਆਰ, ਖਿੰਡੇ-ਪੁੰਡੇ ਸਿੱਖਾਂ ਨੇ ਪੰਜਾਬ, ਦੁਸ਼ਮਣਾਂ ਹੱਥੋਂ ਨਾ ਸਿਰਫ਼ ਛੁਡਾਇਆ ਸਗੋਂ ਆਪਣਾ ਪੂਰਨ ਅਧਿਕਾਰ ਕਾਇਮ ਕੀਤਾ। ਡਾਕਟਰ ਹਰੀ ਰਾਮ ਗੁਪਤਾ ਇਸ ਨੂੰ ਗੁਰੂ ਜੀ ਦੀ ਇਕ ਕਰਾਮਾਤ ਕਹਿੰਦਾ ਹੈ। ਬੀਤੀਆਂ ਕਈ ਪੀੜ੍ਹੀਆਂ ਦੀ ਗੁਲਾਮੀ, ਬੇਇਜ਼ਤੀ ਤੇ ਅਤਿਆਚਾਰਾਂ ਦਾ ਬਦਲਾ ਲਿਆ ਤੇ ਬਦੇਸ਼ੀ ਜੂਲੇ ਤੋਂ ਧਰਤ ਮਾਤ ਨੂੰ ਨਿਜਾਤ ਦਿਵਾਈ। ਜੋ ਇਤਨੇ ਦੀਨ ਹੀਣ ਹੋ ਗਏ ਸਨ ਕਿ ਜਜ਼ੀਆ ਭਰਨ ਵੇਲੇ ਲਕੀਰਾਂ ਕੱਢਦੇ ਸਨ, ਅੱਜ ਗੁਰੂ ਜੀ ਦੀ ਮਿਹਰ ਸਦਕਾ ਅੰਮ੍ਰਿਤ ਛੱਕ ਕੇ ਜਿਸ ਪਿੰਡ ਵਿਚ ਜਾਂਦੇ, ਉਹਨਾਂ ਦਾ ਆਦਰ ਹੁੰਦਾ। ਜਿਤ ਹਾਸਲ ਕਰ ਉਹ ਆਫ਼ਰੇ ਨਹੀਂ, ਸਗੋਂ ਹੋਰ ਨਿਮਨ ਹੋ ਸੇਵਾ ਕੀਤੀ।

---

☞ ਦੇਸੂ ਸਿੰਘ ਡਲੇਵਾਲੀਆ ਮੁਸਤਫ਼ਾਬਾਦ ਤੇ ਜਗਾਧਰੀ, ਅਰਨੌਲੀ, ਸਿਧੂਵਾਲ, ਬੰਗਰ, ਆਮਲੂ।

ਰਾਇ ਸਿੰਘ ਭੰਗੀ ਦੇ ਚਾਰ ਪੁੱਤਰਾਂ, ਬਾਘ ਸਿੰਘ, ਬਾਜ਼ ਸਿੰਘ, ਰਾਇ ਸਿੰਘ ਤੇ ਪਰਜਾ ਸਿੰਘ ਨੇ ਬੂੜੀਆ ਤੇ ਜਗਾਧਰੀ ਦੇ ਕੁਝ ਇਲਾਕਿਆਂ ਤੇ।

ਜੋਧ ਸਿੰਘ ਕਰੋੜਸਿੰਘੀਆਂ ਨੇ ਕਲਸੀਆ।

ਦੀਵਾਨ ਸਿੰਘ ਲੁੰਡਾ ਸਿਕੰਦਰਾ, ਸਰਨ, ਅਕਾਲਗੜ੍ਹ ਤੇ ਬਘੜ, ਅੰਬਾਲਾ ਜ਼ਿਲ੍ਹਾ।

ਕਰਮ ਸਿੰਘ ਨਿਰਮਲਾ ਨੇ ਮਾਰਕੰਡਾ ਦੇ ਬੇਟ ਤੇ।

ਨੌਧ ਸਿੰਘ ਕਰੋੜਸਿੰਘੀਆ ਨੇ ਲੇਧਾ ਦੇ ਪਰਗਨਾ ਤੇ।

ਸਾਹਿਬ ਸਿੰਘ ਤੇ ਗੁਰਦਿਤ ਸਿੰਘ ਡਲੇਵਾਲੀਆ ਨੇ ਲਾਡਵਾ, ਇੰਦਰੀ, ਬਬਈਂ, ਸ਼ਾਮਗੜ੍ਹ, ਕਰਨਾਲ ਦੇ ਲਾਗੇ 111 ਪਿੰਡ।

ਮਿਤ ਸਿੰਘ ਡਲੇਵਾਲੀਆ ਤੇ ਭੰਗਾ ਸਿੰਘ, ਭਾਗ ਸਿੰਘ ਨੇ ਬੋਧ ਸਿੰਘ ਨੇ ਪੇਹੋਵਾ, (ਕੁਰੂਕੁਸ਼ੇਤਰ) ਤੇ ਥਾਨੇਸਰ ਦੇ ਇਲਾਕੇ।

ਬਘੇਲ ਸਿੰਘ ਕਰੋੜ ਸਿੰਘੀਆ ਖਰਦੀਨ, ਕਿਨੌੜੀ, ਜਮੀਅਤਗੜ੍ਹ, ਛਲੌਂਡੀ।

ਦੂਲਚਾ ਸਿੰਘ ਕਰੋੜ ਸਿੰਘੀਆ ਨੇ ਰਾਦੌਰ, ਲਾਡਵਾ ਤੇ ਦਾਮਲਾ ਤੇ।

ਸਾਵਨ ਸਿੰਘ, ਦਸੌਂਧਾ ਸਿੰਘ ਜੋ ਸੰਗਤ ਸਿੰਘ ਦੇ ਚਾਚੇ ਦਾ ਪੁਤਰ ਭਰਾ ਸੀ, ਨੇ ਸੌਤੀਂ ਤੇ।

ਗੁੱਜਰ ਸਿੰਘ ਭੰਗੀ ਨੇ ਆਪਣੇ ਭਰਾਵਾਂ ਸੋਭਾ ਸਿੰਘ ਤੇ ਭਤੀਜਿਆਂ, ਗੁਰਬਖ਼ਸ਼ ਸਿੰਘ ਅਤੇ ਸਤਾਨ ਸਿੰਘ ਨੇ ਫਿਰੋਜ਼ਪੁਰ ਅਤੇ ਜੈ ਸਿੰਘ ਘਰੀਆ ਨੇ ਖਾਈ, ਵਾਂ ਤੇ ਬਜੀਦਪੁਰ ਤੇ।

ਮਿਹਰ ਸਿੰਘ ਨਿਸ਼ਾਨਵਾਲਾ, ਜ਼ੀਰਾ ਤਹਿਸੀਲ ਦੇ ਕਈ ਪਿੰਡ।

ਪੰਜਾਬ ਸਿੰਘ ਨੇ ਸਢੌਰਾ ਤੇ।

ਤਾਕਤ ਆਪਣੇ ਹੱਥਾਂ ਵਿਚ ਲੈ ਕੇ ਸਾਰੇ ਦੇਸ਼ ਨੂੰ ਮੁੜ ਵਸਾਇਆ। ਅਸ਼ਰਾਫ਼, ਜਗੀਰਦਾਰ ਤੇ ਖਾਸ ਹੱਕਾਂ ਵਾਲੇ ਲੋਕਾਂ ਅਤੇ ਸਿਪਾਹੀ ਜਮਾਤ, ਜੋ ਜ਼ੁਲਮਾਂ ਦੀ ਪ੍ਰਤੀਕ ਸੀ, ਨੂੰ ਖਿੰਡਾਅ ਪੁੰਡਾਅ ਦਿਤਾ ਅਤੇ ਰਈਅਤ ਤੇ ਕਿਰਤੀਆਂ (ਅਹਲੇ ਹਿਰਫ਼ਾਂ) ਨੂੰ ਉਚੀ ਥਾਂ ਦਿਤੀ।[1] ਜਿਵੇਂ ਗੁਰੂ ਗੋਬਿੰਦ ਸਿੰਘ ਜੀ ਨੇ ਗ਼ਰੀਬ ਸਿੰਘਨ ਨੂੰ ਪਾਤਸ਼ਾਹੀ ਦਿਤੀ ਸੀ ਤਿਵੇਂ ਸਿੰਘਾਂ ਉਚੇਚੇ ਅਧਿਕਾਰਾਂ ਵਾਲੇ ਲੋਕਾਂ (ਮਰਦੂਮ-ਇ-ਆਵਾਨ) ਨੂੰ ਪਿੱਛੇ ਹਟਾ ਗ਼ਰੀਬ ਨੂੰ ਪਿਆਰ ਕੀਤਾ। ਭੂਰਿਆਂ ਵਾਲੇ ਰਾਜੇ ਹੋਏ ਤੇ ਮੁਗ਼ਲਾਂ ਨੇ ਜ਼ਹਿਰ ਦੇ ਪਿਆਲੇ ਪੀਤੇ। ਏਸ਼ੀਆ ਦੇ ਵੱਡੇ ਜੋਧੇ ਅਬਦਾਲੀ ਵਿਰੁੱਧ ਸਿੱਖਾਂ ਦੀ ਜਿੱਤ ਇਕ ਹੈਰਾਨ ਕਰਨ ਵਾਲਾ ਕਾਰਨਾਮਾ ਹੀ ਹੈ। ਇਹ ਕਾਰਨਾਮਾ ਕਿਸ ਤਰ੍ਹਾਂ ਹੋਇਆ ਉਸ ਨੂੰ ਥੋੜ੍ਹਾ ਜਿਹਾ ਹੋਰ ਵਾਚਨ ਤੇ ਵਰਨਣ ਕਰਨ ਦੀ ਲੋੜ ਹੈ।

*****

1. ਹਕੀਕਤ।

Sri Satguru Jagjit Singh Ji eLibrary NamdhariElibrary@gmail.com

# ਸਿੱਖਾਂ ਦੀ ਜਿੱਤ ਦੇ ਕਾਰਨ

## ੧੪

ਅਬਦਾਲੀ ਆਪਣੇ ਸਮੇਂ ਦਾ ਇਕ ਪ੍ਰਸਿੱਧ ਯੋਧਾ ਹੋਇਆ ਹੈ, ਜਿਸ ਦੇ ਟਾਕਰੇ ਤੇ ਹਿੰਦੁਸਤਾਨ ਦੀ ਕੋਈ ਤਾਕਤ ਟਿਕ ਨ ਸਕੀ। ਅਬਦਾਲੀ ਆਪਣੇ ਅੰਤਲੇ ਦਿਨਾਂ ਵਿਚ ਹੈਰਾਨ ਹੋਇਆ ਕਿ ਇਕ ਤਾਕਤ ਐਸੀ ਸੀ ਜੋ ਉਸ ਨੂੰ ਵੀ ਸਦਾ ਭੈਭੀਤ ਕਰਦੀ ਰਹੀ। ਉਹ ਹੀ ਤਾਕਤ ਪੰਜਾਬ ਦੀ ਨਾ ਸਿਰਫ਼ ਮਾਲਕ ਬਣੀ, ਸਗੋਂ ਅਫ਼ਗਾਨ ਸਾਮਰਾਜ ਨੂੰ ਖੇਰੂੰ-ਖੇਰੂੰ ਕਰਨ ਦਾ ਇਕ ਵੱਡਾ ਕਾਰਨ ਵੀ ਬਣੀ। ਉਹ ਤਾਕਤ ਸੀ ਸਿੱਖਾਂ ਦੀ। ਸੋ ਸਿੱਖਾਂ ਦੀ ਜਿੱਤ ਦੇ ਕਾਰਨਾਂ ਨੂੰ ਵਾਚਨ ਦੀ ਲੋੜ ਹੈ।

## ਜਿੱਤ ਦੇ ਕਾਰਨ

**੧. ਸਿੱਖਾਂ ਦਾ ਲੜਾਈ ਦਾ ਢੰਗ :** ਅਬਦਾਲੀ ਨਿਰਸੰਦੇਹ ਆਪਣੇ ਸਮੇਂ ਦਾ ਇਕ ਪ੍ਰਸਿੱਧ ਜਰਨੈਲ ਸੀ। ਨਾਦਰ ਸ਼ਾਹ ਨੇ ਅਹਿਮਦ ਸ਼ਾਹ ਦੁਰਾਨੀ ਦੀ ਲਿਆਕਤ ਦੇਖ ਕੇ ਹੀ ਕਿਹਾ ਸੀ, 'ਇਹੋ ਜਿਹਾ ਪੁਰਸ਼ ਉਸ ਤੁਰਕਿਸਤਾਨ, ਈਰਾਨ ਤੇ ਹਿੰਦੁਸਤਾਨ ਵਿਚ ਨਹੀਂ ਡਿੱਠਾ।' ਆਲਮਗੀਰ ਦੂਜਾ ਤਾਂ ਇਹ ਸਮਝਦਾ ਸੀ ਕਿ ਅਬਦਾਲੀ ਦਾ ਨਾਮ ਸੁਣ ਕੇ ਹੀ ਕਈ ਮੋਰਚੇ ਛੱਡ ਕੇ ਭੱਜ ਜਾਂਦੇ ਹਨ, ਪਰ ਸਿੱਖ ਅਬਦਾਲੀ ਤੋਂ ਡਰਨਾ ਤਾਂ ਇਕ ਪਾਸੇ ਸਗੋਂ ਉਸ ਦੇ ਕੈਂਪਾਂ ਵਿਚ ਜਾ ਕੇ ਜਿਚ ਕਰ ਕੇ ਮੁੜਦੇ ਸਨ।[1] ਸਿੱਖਾਂ ਦਾ ਲੜਨ-ਢੰਗ ਹੀ ਕੁਝ ਐਸਾ ਸੀ ਕਿ ਉਨ੍ਹਾਂ ਨੂੰ ਹਰਾਇਆ ਨਹੀਂ ਸੀ ਜਾ ਸਕਦਾ। ਵਕਤ ਤੇ ਮੌਕੇ ਅਨੁਸਾਰ ਉਹ ਸਭ ਤੋਂ ਵਧੀਆ ਢੰਗ ਸੀ। ਸਿੱਖਾਂ ਨੇ ਨਾ ਤਾਂ ਦੜ ਵੱਟਕੇ ਦਿਨ ਕੱਟਣ ਦਾ ਤਰੀਕਾ ਅਪਣਾਇਆ ਤੇ ਨਾ ਹੀ ਮੈਦਾਨ ਵਿਚ ਸਿੱਧਾ ਮੁਕਾਬਲਾ ਕਰਨ ਵਾਲਾ, ਸਗੋਂ ਮੇਲਵਾਂ ਜਿਹਾ ਢੰਗ ਅਪਣਾਇਆ। ਸਿੱਖ ਕਿਸੇ ਵੇਲੇ ਵੀ ਚੁੱਪ ਕਰ ਕੇ ਨਹੀਂ ਸਨ ਬੈਠਦੇ। ਸਿੱਖ ਜਥੇਦਾਰ ਮਹਿਸੂਸ ਕਰਦੇ ਸਨ ਕਿ ਇਸ ਵਿਚ ਕੋਈ ਸਿਆਣਪ ਨਹੀਂ ਕਿ ਇਕ ਵਾਰ ਹੀ ਟਾਕਰੇ ਵਿਚ ਸਾਰੀਆਂ ਤਾਕਤਾਂ ਖ਼ਤਮ ਕਰ ਲਈਆਂ ਜਾਂ ਖੇਰੂੰ-ਖੇਰੂੰ ਕਰ ਲਈਆਂ ਜਾਣ। (ਜਿਵੇਂ ਪਾਨੀਪਤ ਦੀ ਤੀਸਰੀ ਲੜਾਈ ਵਿਚ ਮਰਹੱਟਿਆਂ ਨੇ ਕੀਤਾ ਸੀ।) ਸਿੱਖ ਜਾਣਦੇ ਸਨ ਕਿ ਮੈਦਾਨੀ ਤੇ ਆਹਮੋ ਸਾਹਮਣੇ ਦੀ ਜੰਗ ਵਿਚ ਅਬਦਾਲੀ ਦੀਆਂ ਵੱਡੀਆਂ ਤੇ ਭਾਰੀਆਂ ਤੋਪਾਂ ਸਾਹਮਣੇ ਉਨ੍ਹਾਂ ਦੀ ਪੇਸ਼ ਨਹੀਂ ਜਾਣੀ। 'ਸੰਘਣੀ ਤੋਂ ਸੰਘਣੀ ਤੇ ਦੂਬਦੂ

1. ਭਾਈ ਹਾਠੂ ਸਿੰਘ, ਭਾਈ ਅੱਘੜ ਸਿੰਘ ਤੇ ਹੋਰ ਅਨੇਕਾਂ।



Sri Satguru Jagjit Singh Ji eLibrary NamdhariElibrary@gmail.com

ਜੰਗ ਵਿਚ, ਦੂਜੇ ਪਾਸੇ ਸਿੱਖਾਂ ਨੂੰ ਕੋਈ ਹਰਾ ਨਹੀਂ ਸਕਦਾ।' 'ਬੰਦੂਕਨ ਕੇ ਸਿੰਘ ਬੜੇ ਖਿਡਾਰੀ।' ਸੋ ਇਹ ਹੀ ਠੀਕ ਸੀ ਕਿ ਵਿਚਕਾਰਲਾ ਰਸਤਾ ਹੀ ਅਪਨਾਇਆ ਜਾਏ, ਜਿਸ ਨਾਲ ਦੁਸ਼ਮਣ ਵੀ ਕਮਜ਼ੋਰ ਹੋਵੇ ਤੇ ਆਪਣੀ ਤਾਕਤ ਵੀ ਨਾ ਟੁੱਟੇ। ਸਿੱਖ ਜਦ ਅਬਦਾਲੀ ਦਾ ਆਉਣਾ ਸੁਣਦੇ ਤਾਂ ਕਿਸੇ ਲਾਗਲੇ ਸੁਰੱਖਿਅਤ ਇਲਾਕੇ ਵਿਚ ਚਲੇ ਜਾਂਦੇ। ਜਦ ਉਹ ਪੇਸ਼ੀ ਕਰਕੇ ਦੂਰ ਨਿਕਲ ਜਾਂਦਾ ਤਾਂ ਉਸ ਦੇ ਪਿਛਲੇ ਹਿੱਸੇ ਤੇ ਟੁੱਟ ਪੈਂਦੇ। ਅਬਦਾਲੀ ਦੀਆਂ ਫ਼ੌਜਾਂ ਹਮਲਾ ਕਰਨ ਲਈ ਪਿੱਛੇ ਮੁੜਦੀਆਂ ਹੀ ਸਨ ਕਿ ਉਹ ਮੁੜ ਜਾਂਦੇ ਸਨ। ਅਬਦਾਲੀ ਅਤੇ ਉਸ ਦੇ ਜਰਨੈਲਾਂ ਦੀ ਗੱਲਬਾਤ ਵੀ ਇੰਜ ਲਿਖੀ ਹੈ ਕਿ ਜਦ ਸਿੰਘਾਂ ਨੇ ਅਬਦਾਲੀ ਨੂੰ ਬਹੁਤ ਅਕਾਇਆ ਤਾਂ ਉਸ ਫ਼ੌਜ-ਕਸ਼ੀ ਕੀਤੀ। ਇਸ ਦਸਤੇ ਨੂੰ ਵੀ ਸਿੰਘਾਂ ਲੁੱਟ ਲਿਆ ਤੇ ਆਪ ਜੰਗਲੀਂ ਜਾ ਵੜੇ। ਸ਼ਾਹ ਨੇ ਕਿਹਾ : ਜੰਗਲ ਤਕ ਪਿੱਛਾ ਕਰੋ। ਜਰਨੈਲ ਨੇ ਕਿਹਾ ਕਿ ਅਸੀਂ ਪਿੱਛਾ ਕਰ ਕਰ ਥੱਕ ਗਏ ਹਾਂ :

*'ਹਮ ਦੌੜ ਹੋਹਿ ਹੌਰੇ।'*

ਇਤਨਾ ਸਾਨੂੰ ਸਿੱਖ ਦੁੜਾਉਂਦੇ ਸਨ ਕਿ ਉਹ 'ਹਮ ਕੋ ਮਾਰੇ ਦੇ ਕੈ ਤ੍ਰਾਸ।'[1] ਸਿੰਘਾਂ ਦੀ ਇਹ ਚਾਲ ਸੀ ਕਿ ਅਬਦਾਲੀ ਨੂੰ ਸਿੱਧੀ ਵੱਡੀ ਜੰਗ ਵਿਚ ਘਸੀਟੇ ਬਗੈਰ ਨੁਕਸਾਨ ਪਹੁੰਚਾਇਆ ਜਾਏ। ਸਿੱਖ ਇਸ ਮਕਸਦ ਵਿਚ ਸੌ ਫੀਸਦੀ ਕਾਮਯਾਬ ਹੋਏ। ਇਕ ਵਾਰੀ, ਜਦ ਵੱਡੇ ਘੱਲੂਘਾਰੇ ਵੇਲੇ ਅਬਦਾਲੀ ਨੇ ਸਿੱਖਾਂ ਨੂੰ ਅਚਾਨਕ ਆਣ ਲਿਆ ਤਾਂ ਸਿੱਖਾਂ ਦਾ ਇਤਨਾ ਜਾਨੀ ਨੁਕਸਾਨ ਹੋਇਆ ਕਿ ਸਿੱਖਾਂ ਨੂੰ ਆਪਣੇ ਪਹਿਲੇ ਤਰੀਕੇ ਦੀ ਕਾਮਯਾਬੀ ਉੱਤੇ ਕੋਈ ਸ਼ੱਕ ਨਾ ਰਿਹਾ।

ਸਿੱਖਾਂ ਨੇ ਅਬਦਾਲੀ ਦੇ ਪਹਿਲੇ ਹਮਲੇ ੧੭੪੮ ਤੋਂ ਲੈ ਕੇ ਆਖ਼ਰੀ ਹਮਲੇ ੧੭੬੭ ਤੱਕ ਇਹ ਹੀ ਸੁਨਹਿਰੀ ਤਰੀਕਾ ਅਪਣਾਇਆ। ਅਬਦਾਲੀ ਮੁਕਾਉਣਾ ਚਾਹੁੰਦਾ ਹੋਇਆ ਵੀ ਸਿੱਖਾਂ ਨੂੰ ਮੁਕਾ ਨਾ ਸਕਿਆ। ਜੰਗਲਾਂ ਤਕ ਉਸ ਦੀ ਪਹੁੰਚ ਨਹੀਂ ਸੀ ਤੇ ਪਹੁੰਚ ਵਾਲੇ (ਅਦੀਨਾ, ਮੰਨੂੰ) ਖ਼ਤਮ ਹੋ ਗਏ ਸਨ। ਸਿੱਖਾਂ ਨੂੰ ਢੂੰਡ ਕੇ ਮਾਰਨਾ ਉਸ ਦੇ ਵਸ ਦਾ ਰੋਗ ਨਹੀਂ ਸੀ। ਪੰਜਾਬ ਦੇ ਗਵਰਨਰਾਂ ਨੂੰ ਆਪੋ ਧਾਪੀ ਪੈ ਗਈ। ਸਿੱਖਾਂ ਦੀ ਕਾਮਯਾਬੀ ਦਾ ਵੱਡਾ ਤੇ ਪਹਿਲਾ ਕਾਰਨ ਉਨ੍ਹਾਂ ਦਾ ਨਿਰਾਲਾ ਲੜਨ-ਢੰਗ ਹੀ ਸੀ। ਕਾਜ਼ੀ ਨੂਰ ਮੁਹੰਮਦ ਨੇ ਜੰਗਨਾਮੇ ਵਿਚ ਸਿੰਘਾਂ ਦੇ ਜੰਗੀ ਢੰਗ ਉੱਤੇ ਵਿਸਥਾਰ ਸਹਿਤ ਨਜ਼ਰ ਪਾਈ ਹੈ। ਸ਼ਾਹ ਅਬਦਾਲੀ ਨਾਲ ਸਤਵੇਂ ਹਮਲੇ ਵੇਲੇ ਨੂਰ ਮੁਹੰਮਦ ਨਾਲ ਆਇਆ ਸੀ। ਇਸ ਨੇ ਆਪ ਕਈ ਜੰਗਾਂ ਵਿਚ ਹਿੱਸਾ ਲਿਆ ਸੀ। ਉਸ ਨੇ ਕਿੜ ਕੱਢਦੇ ਸਿੰਘਾਂ ਨੂੰ ਹਰ ਥਾਂ ਸਗ (ਕੁੱਤੇ) ਲਿਖਿਆ ਹੈ, ਪਰ ਸਿੰਘਾਂ ਦੇ ਲੜਨ-ਢੰਗ ਦੀ ਪ੍ਰਸੰਸਾ ਕਰਨ ਤੋਂ ਨਹੀਂ ਰੁਕ ਸਕਿਆ। ਉਹ ਲਿਖਦਾ ਹੈ,

ਸਿੰਘਾਂ ਨੂੰ ਸਗ (ਕੁੱਤੇ) ਨਾ ਆਖ, ਉਹ ਸ਼ੇਰ ਹਨ, ਉਹ ਮਰਦਾਂ ਦੇ ਮਰਦ ਸ਼ੇਰਾਂ ਵਾਂਗ ਦਲੇਰ ਹਨ, ਭਲਾ ਕੋਈ ਰਣ ਦਾ ਸੂਰਮਾ ਜੋ ਲੜਾਈ ਵਿਚ ਸ਼ੇਰਾਂ ਵਾਂਗ ਬੁੱਕੇ, ਕਦੇ ਸਗ ਹੋ ਸਕਦਾ ਹੈ? ਜੇ ਤੈਨੂੰ ਲੜਾਈ ਦਾ ਕਸਬ ਸਿੱਖਣ ਦਾ ਚਾਅ ਹੈ ਤਾਂ ਰਣ-ਭੂਮੀ ਵਿਚ ਇਨ੍ਹਾਂ ਦੇ ਸਾਹਮਣੇ ਹੋ, ਉਹ ਤੈਨੂੰ ਜੰਗ ਦੇ ਐਸੇ ਢੰਗ ਸਿਖਲਾਉਣਗੇ ਕਿ ਸਾਰੇ ਪਏ ਵਾਹ

---

1. ਪ੍ਰਾਚੀਨ ਪੰਥ ਪ੍ਰਕਾਸ਼।

Sri Satguru Jagjit Singh Ji eLibrary NamdhariElibrary@gmail.com

ਵਾਹ ਕਰਨ। ਹੇ ਤਲਵਰੀਏ, ਜੇ ਤੈਨੂੰ ਜੰਗੀ ਹੁਨਰ ਸਿੱਖਣ ਦਾ ਚਾਅ ਹੈ ਤਾਂ ਇਨ੍ਹਾਂ ਪਾਸੋਂ ਸਿੱਖ ਕਿ ਕਿਸ ਤਰ੍ਹਾਂ ਲੜਾਈ ਵਿਚ ਆਪਣੇ ਆਪ ਨੂੰ ਸਾਫ਼ ਬਚਾਅ ਲਿਜਾਣਾ ਚਾਹੀਦਾ ਹੈ। ਇਨ੍ਹਾਂ ਦਾ ਲਕਬ ਸਿੰਘ (ਸ਼ੇਰ) ਹੈ। ਇਹ ਇਨਸਾਫ਼ ਦੀ ਗੱਲ ਨਹੀਂ ਕਿ ਇਨ੍ਹਾਂ ਨੂੰ ਸਗ ਕਿਹਾ ਜਾਏ। ਹਿੰਦੁਸਤਾਨ ਵਿਚ ਸਿੰਘ ਨੂੰ ਸ਼ੇਰ ਕਿਹਾ ਜਾਂਦਾ ਹੈ। ਲੜਾਈ ਸਮੇਂ ਇਹ ਸੱਚਮੁੱਚ ਹੀ ਸ਼ੇਰ ਹਨ। ਸਖਾਵਤ ਸਮੇਂ ਇਹ ਹਾਤਮਤਾਈ ਨੂੰ ਵੀ ਪਿੱਛੇ ਸੁੱਟ ਜਾਂਦੇ ਹਨ।

''ਇਨ੍ਹਾਂ ਸਾਹਮਣੇ ਕੋਈ ਅੜ ਨਹੀਂ ਸਕਦਾ। ਭਾਵੇਂ ਉਹ ਕਿਤਨਾ ਹੀ ਵੱਡਾ ਜਰਵਾਣਾ ਕਿਉਂ ਨਾ ਹੋਵੇ। ਜਦ ਉਹ ਨੇਜ਼ਾ ਫੜਦੇ ਹਨ ਤਾਂ ਵੈਰੀ ਦੀ ਸੈਨਾ ਵਿਚ ਭਾਜੜ ਪਾ ਦਿੰਦੇ ਹਨ। ਜਦ ਉਹ ਨੇਜ਼ੇ ਦੀ ਅਣੀ ਉਤਾਂਹ ਚੁੱਕਦੇ ਹਨ ਤਾਂ ਅੱਗੇ ਭਾਵੇਂ ਕੋਹ-ਕਾਫ਼ ਹੋਵੇ ਉਸ ਨੂੰ ਵੀ ਲੀਰੋ-ਲੀਰ ਕਰ ਦਿੰਦੇ ਹਨ। ਜਦ ਉਹ ਕਮਾਨਾਂ ਦਾ ਚਿੱਲਾ ਚਾੜ੍ਹਦੇ ਹਨ ਤਾਂ ਉਸ ਵਿਚ ਵੈਰੀ ਦੀ ਜਾਨ ਲੈਣ ਵਾਲਾ ਤੀਰ ਰੱਖਦੇ ਹਨ ਤੇ ਫਿਰ ਚਿੱਲੇ ਨੂੰ ਖਿੱਚ ਕੇ ਕੰਨ ਤੀਕ ਲੈ ਜਾਂਦੇ ਹਨ ਤਾਂ ਵੈਰੀ ਦਾ ਸਰੀਰ ਥਰ-ਥਰ ਕੰਬਣ ਲੱਗ ਜਾਂਦਾ ਹੈ। ਜਦ ਤੀਰ ਛੁਟਦਾ ਹੈ ਤਾਂ ਵੈਰੀ ਲਈ ਕਫ਼ਨ ਬਣ ਜਾਂਦਾ ਹੈ।'' ਕਾਜ਼ੀ ਫੇਰ ਲਿਖਦਾ ਹੈ : ''ਲੜਾਈ ਦੇ ਸਮੇਂ ਇਹ ਬੰਦੂਕ ਹੱਥ ਫੜ ਕੇ ਪੈਲਾਂ ਪਾਉਂਦੇ ਰਣ-ਭੂਮੀ ਵਿਚ ਆਉਂਦੇ ਹਨ। ਆਉਂਦੇ ਹੀ ਕਈਆਂ ਦੇ ਸੀਨੇ ਚੀਰ ਦੇਂਦੇ ਹਨ ਤੇ ਕਈਆਂ ਦਾ ਲਹੂ ਮਿੱਟੀ ਵਿਚ ਮਿਲਾਉਂਦੇ ਹਨ। ਇਸ ਤਰ੍ਹਾਂ ਸਮਝੋ ਕਿ ਪਿਛਲੇ ਸਮੇਂ ਬੰਦੂਕ ਇਹਨਾਂ ਹੀ ਬਣਾਈ ਹੋਵੇਗੀ, ਲੁਕਮਾਨ ਨੇ ਨਹੀਂ ਬਣਾਈ ਹੋਣੀ। ਭਾਵੇਂ ਬੰਦੂਕਾਂ ਤਾਂ ਹੋਰਨਾਂ ਪਾਸ ਬਹੁਤੇਰੀਆਂ ਹਨ, ਪਰ ਇਨ੍ਹਾਂ ਨਾਲੋਂ ਵਧ ਕੇ ਇਸ ਦੇ ਜਾਣਨ ਵਾਲਾ ਕੋਈ ਨਹੀਂ। ਇਹ ਸੱਜੇ, ਖੱਬੇ, ਅੱਗੇ ਪਿੱਛੇ ਲਗਾਤਾਰ ਗੋਲੀਆਂ ਦਾਗ਼ੀ ਜਾਂਦੇ ਹਨ। ਜੇਕਰ ਮੇਰੀ ਗੱਲ ਦਾ ਨਿਸਚਾ ਨਹੀਂ ਤਾਂ ਲੜਾਈ ਕਰਨ ਵਾਲਿਆਂ ਕੋਲੋਂ ਪੁੱਛ ਵੇਖੋ। ਉਹ ਤੈਨੂੰ ਮੈਥੋਂ ਵੀ ਵੱਧ ਦੱਸਣਗੇ ਤੇ ਇਨ੍ਹਾਂ ਦੇ ਜੰਗੀ ਢੰਗ ਨੂੰ ਚੰਗਾ ਕਹਿਣਗੇ। ਮੇਰੀ ਗੱਲ ਦੇ ਗਵਾਹ ਉਹ ਤੀਹ ਹਜ਼ਾਰ ਸੂਰਮੇ ਹਨ ਜੋ ਇਨ੍ਹਾਂ ਨਾਲ ਲੜੇ ਹਨ।''

ਫਿਰ ਲੜਾਈ ਢੰਗ ਉੱਤੇ ਇਕ ਅਛੂਤੀ ਜਿਹੀ ਨਜ਼ਰ ਪਾਉਂਦੇ ਹੋਏ ਕਾਜ਼ੀ ਲਿਖਦਾ ਹੈ, ''ਜੇ ਇਹ (ਜੰਗ ਵਿਚ) ਨੱਸ ਉੱਠਣ ਤਾਂ ਇਸ ਨੂੰ ਭਾਜੜ ਪਈ ਨਾ ਸਮਝ ਲਵੀਂ, ਇਹ ਵੀ ਇਨ੍ਹਾਂ ਦਾ ਲੜਾਈ ਦਾ ਢੰਗ ਹੈ। ਵੇਖੀਂ, ਇਨ੍ਹਾਂ ਦੀ ਇਸ ਫ਼ਾਹੀ ਤੋਂ ਬਚੀਂ, ਤੈਨੂੰ ਫਿਰ ਕਹਿ ਰਿਹਾ ਹਾਂ, ਬਚੀਂ।[1] ਇਹ ਢੰਗ ਇਸ ਲਈ ਵਰਤਿਆ ਜਾਂਦਾ ਹੈ ਤਾਂ ਕਿ ਵੈਰੀ ਤਕੜਾ ਹੋ ਕੇ ਇਨ੍ਹਾਂ ਦੇ ਮਗਰ ਪਵੇ ਤੇ ਆਪਣੇ ਲਸ਼ਕਰ ਨਾਲੋਂ ਅੱਡ ਹੋ ਜਾਏ ਤੇ ਕੁਮਕ (ਸਹਾਇਤਾ) ਨਾ ਲੈ ਸਕੇ। ਤਦ ਇਹ ਪਿੱਛੇ ਪੈਂਦੇ ਹਨ ਅਤੇ ਫਿਰ ਪਾਣੀ ਵਿਚ ਅੱਗ ਲਗਾ ਦਿੰਦੇ ਹਨ। ਤੂੰ ਨਹੀਂ ਦੇਖਿਆ ਕਿ ਲੜਾਈ ਸਮੇਂ (ਅਬਦਾਲੀ ਦੇ ਸੱਤਵੇਂ ਹਮਲੇ ਵੇਲੇ) ਕਿਸ ਮਕਰ ਨਾਲ ਆਪਣੇ ਖ਼ਾਨ (ਅਹਿਮਦ ਸ਼ਾਹ ਦੁਰਾਨੀ) ਅੱਗੇ ਨੱਸ ਉੱਠੇ

1. ਹਜ਼ੀਮਤ ਗਰ ਉਫਤਦ ਦਰ ਅਫ਼ਵਾਜਿ ਸ਼ਾਂ।
ਤੋ ਆਂ ਰਾ ਹਜ਼ੀਮਤ ਮਦਾਂ, ਐ ਜਵਾਂ।
ਕਿ ਆ ਖ਼ੁਦ-ਇ-ਹਸਤ ਅਜ਼ ਜੰਗੇ ਸ਼ਾਂ।
ਹਜ਼ਰ ਕੁਨ ਹਜ਼ਰ ਕੁਨ ਦੋ ਬਾਰਾ ਅਜ਼ਾਂ।
(ਜੰਗਨਾਮਾ, ਬਿਆਨ ੪੧ਵਾਂ)

ਤੇ ਫਿਰ ਪਿਛਾਂਹ ਮੁੜ ਕੇ ਉਸ ਨੂੰ ਚੁਤਰਫਿਉਂ ਘੇਰ ਲਿਆ। ਓ ਸੂਰਮੇ, ਆਪ ਦੇਖ ਕਿ ਇਨ੍ਹਾਂ ਦੀ ਲੜਾਈ ਕੈਸੀ ਹੈ। ਇਹ ਲੜਾਈ ਦਾ ਢੰਗ ਹੀ ਸੀ ਜਿਸ ਸਿੱਖ ਕੌਮ ਨੂੰ ਕਦੇ ਜ਼ੇਰ ਨਹੀਂ ਹੋਣ ਦਿੱਤਾ।''[1]

ਇਤਨੀ ਫ਼ੁਰਤੀ ਹੁੰਦੀ ਸੀ ਸਿੰਘਾਂ ਦੇ ਹੱਲੇ ਵਿਚ ਕਿ ਲਾਹੌਰ ਦੇ ਕਸਾਈਆਂ ਨੂੰ ਸੋਧ ਕੇ ਮੁੜ ਰਾਤੋ-ਰਾਤ ਬਿਆਸ ਪਾਰ ਕਰ ਕੇ ਡਰੋਲੀ ਵੀ ਆ ਗਏ। ਨਵਾਬ ਕਪੂਰ ਸਿੰਘ ਜੀ ਇਕ ਵਾਰੀ ਸ਼ਾਹੀ ਕਿਲ੍ਹੇ ਲਾਹੌਰ ਦਰਬਾਰ ਵੀ ਲਗਾ ਆਏ।

ਸੱਯਦ ਗ਼ੁਲਾਮ ਅਲੀ ਲਿਖਦਾ ਹੈ ਕਿ ਸਿੱਖਾਂ ਦੀ ਬੰਦੂਕ ਨੌਂ ਸੌ ਕਦਮ (ਅੱਧ ਮੀਲ) ਤੇ ਸ਼ਤਰੂ ਦੀ ਜਾ ਖ਼ਬਰ ਲੈਂਦੀ ਹੈ।[2] ਇਹ ਕਿਲ੍ਹੇ ਦਾ ਮੁਹਾਸਰਾ ਨਹੀਂ ਸਨ ਕਰਦੇ, ਸਗੋਂ ਪੁਜਦਿਆਂ ਹੀ ਕਮੰਦ ਪਾ ਪਉੜੀਆਂ ਲਗਾ, ਜਾਂ ਹੋਰ ਕਿਸੇ ਢੰਗ ਨਾਲ ਫ਼ਸੀਲ ਪਾਰ ਕਰਕੇ ਕਿਲ੍ਹੇ ਅੰਦਰ ਹੀ ਭੜਥੂ ਪਾ ਦੇਂਦੇ ਸਨ।

**2. ਕਿਲ੍ਹੇ ਕਮਜ਼ੋਰ ਹੋ ਗਏ** : ਅਬਦਾਲੀ ਹਰ ਹਮਲੇ ਵਿਚ ਤਕਰੀਬਨ ਜਿੱਤ ਕੇ ਹੀ ਜਾਂਦਾ ਸੀ, ਪਰ ਉਸ ਲਈ ਇਹ ਬਹੁਤ ਮੁਸ਼ਕਿਲ ਬਣੀ ਰਹਿੰਦੀ ਸੀ ਕਿ ਸਾਰੇ ਇਲਾਕਿਆਂ ਤੇ ਫ਼ੌਜ ਛਡ ਕੇ ਜਾਏ। ਉਹ ਸਿਰਫ਼ ਮਹੱਤਵਪੂਰਣ ਤੇ ਜੰਗੀ ਨੁਕਤਾ ਨਿਗਾਹ ਤੋਂ ਜਾ ਜ਼ਰੂਰੀ ਥਾਵਾਂਤੇ ਹੀ ਆਪਣੇ ਨਾਇਕ ਨਿਯਤ ਕਰ ਸਕਦਾ ਸੀ। ਅਬਦਾਲੀ ਦਾ ਇਹ ਖ਼ਿਆਲ ਸੀ ਕਿ ਖ਼ਾਸ-ਖ਼ਾਸ ਥਾਵਾਂ ਨੂੰ ਸੁਰੱਖਿਅਤ ਰੱਖਕੇ ਸਾਰੇ ਪੰਜਾਬ ਉੱਤੇ ਕਬਜ਼ਾ ਕਰੀ ਰੱਖਣਾ ਆਸਾਨ ਹੈ। ਹੋਰ ਕੋਈ ਤਾਕਤ ਪੰਜਾਬ ਤੇ ਕਬਜ਼ਾ ਕਰਨ ਜੋਗੀ ਅਜੇ ਨਹੀਂ ਸੀ। ਕਹਿੰਦੇ ਹਨ ਨੈਪੋਲੀਅਨ ਨੇ ਵੀ ਸਪੇਨ ਵਿਚ ਲੜਨ ਜਾਂਦੇ ਜਰਨੈਲਾਂ ਨੂੰ ਇਹੀ ਗੱਲ ਆਖੀ ਸੀ : ''ਸਿਰਫ਼ ਇਹ ਜ਼ਰੂਰੀ ਹੈ ਕਿ ਤੁਸੀਂ ਮਹੱਤਵਪੂਰਨ ਥਾਵਾਂ ਨੂੰ ਨਾ ਛੱਡੋ, ਹਰ ਥਾਵੇਂ ਜਾਣਾ ਕਠਨ ਹੈ ਤੇ ਉਚਿਤ ਵੀ ਨਹੀਂ।'' ਅਬਦਾਲੀ ਨੇ ਵੀ ਆਪਣੇ ਸਮੇਂ ਦਾ ਇਕ ਪ੍ਰਸਿੱਧ ਜਰਨੈਲ ਹੋਣ ਦੇ ਨਾਤੇ ਇਹੋ ਜਿਹੇ ਹੁਕਮ ਦਿੱਤੇ। ਅਬਦਾਲੀ ਦਾ ਖ਼ਿਆਲ ਸੀ ਕਿ ਰੁਹਤਾਸ, ਗੁਜਰਾਤ, ਲਾਹੌਰ, ਜਲੰਧਰ, ਮੁਲਤਾਨ ਤੇ ਸਰਹਿੰਦ ਥਾਵਾਂ ਨੂੰ ਜੇ ਸੁਰੱਖਿਅਤ ਕਰ ਲਿਆ ਜਾਏ ਤਾਂ ਸਿੱਖ ਕੁਝ ਵਿਗਾੜ ਨਹੀਂ ਸਕਣਗੇ, ਪਰ ਉਸ ਦੀ ਇਹ ਖ਼ਾਮ ਖ਼ਿਆਲੀ ਸੀ ਕਿਉਂਕਿ ਜਿਹੜੀਆਂ ਫ਼ੌਜਾਂ ਉਹ ਛੱਡ ਜਾਂਦਾ ਸੀ, ਉਹ ਸਿਰਫ਼ ਸ਼ਹਿਰ ਜਾਂ ਕਿਲ੍ਹੇ ਨੂੰ ਹੀ ਸੁਰੱਖਿਅਤ ਰੱਖਦੀਆਂ। ਕਈ ਵਾਰੀ ਸਿੱਖ ਜਦੋ-ਜਹਿਦ ਵਿਚ ਐਸਾ ਹੋਇਆ ਕਿ ਲਾਹੌਰ ਦਾ ਕਿਲ੍ਹਾ ਤਾਂ ਅਬਦਾਲੀ ਦੇ ਨਾਇਕਾਂ ਕੋਲ ਸੀ, ਪਰ ਸ਼ਹਿਰ ਉੱਤੇ ਸਿੰਘਾਂ ਦਾ ਕਬਜ਼ਾ ਸੀ।[3] ਠੀਕ ਗੱਲ ਵੀ ਇਹ ਹੈ ਕਿ ਜਿੱਥੇ ਅਬਦਾਲੀ ਦੀ ਫ਼ੌਜ ਹੁੰਦੀ, ਉਥੇ ਤਾਂ ਕੁਝ ਰੁਹਬ ਹੁੰਦਾ ਬਾਕੀ ਥਾਵੇਂ ਸਿੱਖਾਂ ਦਾ ਹੀ ਦਬਦਬਾ ਸੀ। ਲੋਕੀਂ ਵੀ ਮਦਦ ਕਰਦੇ। ਫ਼ੌਜਾਂ ਸਿੰਘਾਂ ਦੇ ਜਥਿਆਂ ਨੂੰ ਅੰਮ੍ਰਿਤਸਰ, ਗੁਜਰਾਂਵਾਲਾ, ਅੰਬਾਲਾ ਦੇ ਇਲਾਕੇ ਵਿਚ ਜਾਣ ਤੋਂ ਰੋਕਣ ਤੋਂ ਅਸਮਰਥ ਸਨ। ਇਹੀ ਕਾਰਨ ਹੈ ਕਿ ਸਿੱਖਾਂ ਦਾ ਅੰਮ੍ਰਿਤਸਰ ਇਕੱਠੇ ਹੋਣਾ ਵੀ ਰੋਕਿਆ ਨਾ ਜਾ ਸਕਿਆ।

---

1. ਰਾਤ ਦਿਵਸ ਰਹੇ ਚੁਫੇਰੇ।
ਜਿਮ ਸ਼ੇਰਨ ਨੇ ਛੈਲੇ ਘੇਰੇ। (ਪ੍ਰਾਚੀਨ ਪੰਥ ਪ੍ਰਕਾਸ਼)

2. ਬੰਦੂਕਿ ਸ਼ਾਂ ਬਰ ਨੌਂ ਸਦ ਕਦਮ,
ਖ਼ਬਰਿ ਆਦਮ ਮੀ ਗੀਰਦ। (ਇਮਾਦ-ਉਸ-ਸਾਦਤ)

3. ਸੰਨ 1759 ਵਿਚ ਐਸਾ ਹੀ ਹੋਇਆ ਸੀ।

Sri Satguru Jagjit Singh Ji eLibrary NamdhariElibrary@gmail.com

ਜੇ ਫ਼ੌਜਾਂ ਸਿੱਖਾਂ ਨੂੰ ਰੋਕ ਪਾਉਣ ਲਈ ਅੰਮ੍ਰਿਤਸਰ ਪੁੱਜੀਆਂ ਤਾਂ ਲਾਹੌਰ ਖ਼ਾਲੀ ਹੋ ਗਿਆ ਤੇ ਸਿੰਘਾਂ ਪਾਸਾ ਪਲਟ ਲਾਹੌਰ ਉੱਤੇ ਕਬਜ਼ਾ ਕਰ ਲਿਆ। ਸਿੰਘ ਲਾਹੌਰ ਅਤੇ ਉਥੋਂ ਦੇ ਲਾਗਲੇ ਇਲਾਕੇ ਤੇ ਮਾਰ ਕਰਦੇ ਰਹੇ, ਪਰ ਕਿਲ੍ਹੇ ਵਿਚ ਰਾਖੀ ਕਰਦੇ ਫ਼ੌਜੀ ਕਿਲ੍ਹਾ ਛੱਡ ਕੇ ਰੋਕਣ ਲਈ ਨ ਆਏ।[1] ਜਿਵੇਂ ਨੈਪੋਲੀਅਨ ਨੂੰ ਸਪੇਨ ਲੈ ਬੈਠਾ, ਇਸੇ ਤਰ੍ਹਾਂ ਅਬਦਾਲੀ ਨੂੰ ਪੰਜਾਬ ਉੱਤੇ ਕਬਜ਼ਾ ਜਮਾਈ ਰੱਖਣਾ ਮਹਿੰਗਾ ਪਿਆ। ਪੰਜਾਬ ਤਾਂ ਹੱਥ ਵਿਚ ਨਾ ਰਿਹਾ, ਸਗੋਂ ਉਸ ਦੇ ਜਾ-ਨਸ਼ੀਨਾਂ ਹੱਥੋਂ ਅਫ਼ਗਾਨਿਸਤਾਨ ਵੀ ਖੁੱਸ ਗਿਆ।

**3. ਅਬਦਾਲੀ ਦੇ ਕਮਜ਼ੋਰ ਨਾਇਕ** : ਅਬਦਾਲੀ ਆਪ ਤਾਂ ਇਕ ਜ਼ਰੂਰ ਸੁਲਝਿਆ ਹੋਇਆ ਜਰਨੈਲ ਸੀ, ਪਰ ਉਸ ਦੇ ਨਾਇਕ ਕਮਜ਼ੋਰ ਸਨ। ਸਿੱਖਾਂ ਦੇ ਟਾਕਰੇ ਯੋਗ ਨਹੀਂ ਸਨ। ਅਬਦਾਲੀ ਦਾ ਆਪਣਾ ਪੁੱਤਰ, ਤੈਮੂਰ ਸ਼ਾਹ ਜਿਸ ਨੇ ਪੰਜਾਬ ਦੀ ਵਾਗਡੋਰ ਸੰਭਾਲੀ, ਐਸੀਆਂ ਬੇਥਵੀਆਂ (Tactless) ਤੇ ਨਾ-ਦੂਰਅੰਦੇਸ਼ੀ ਦੀਆਂ ਗੱਲਾਂ ਕਰਦਾ ਰਿਹਾ ਕਿ ਸਿੱਖਾਂ ਨੂੰ ਰੋਕ ਪਾਉਣੀ ਤਾਂ ਇਕ ਪਾਸੇ, ਫ਼ੌਜ ਵੀ ਨਾ ਸੰਭਾਲ ਸਕਿਆ। ਸਪੇਨ ਵਿਚ ਜਿਵੇਂ ਜੋਜ਼ਫ਼ ਬੋਨਾਪਾਰਟ ਵੇਲੇ ਦੀ ਨਜ਼ਾਕਤ ਨਾ ਸਮਝ ਸਕਿਆ, ਤਿਵੇਂ ਇਹ ਤੈਮੂਰ ਸ਼ਾਹ ਵੀ ਸਿੱਖਾਂ ਦੀ ਜਥੇਬੰਦੀ ਦਾ ਅੰਦਾਜ਼ਾ ਹੀ ਨਾ ਲਗਾ ਸਕਿਆ। ਸਿੱਖ ਕੌਮੀ-ਲਹਿਰ ਇਤਨੀ ਸਖ਼ਤ, ਮਜ਼ਬੂਤ ਤੇ ਸੰਗਠਤ ਸੀ ਕਿ ਤੈਮੂਰ ਉਸ ਹੜ੍ਹ ਦਾ ਮੁਕਾਬਲਾ ਕਰਨ ਯੋਗ ਹੀ ਨਹੀਂ ਸੀ। ਇਸੇ ਤੈਮੂਰ ਸ਼ਾਹ ਨੂੰ ਜਦ ਕੁਝ ਲੋਕਾਂ ਹਮਲਾ ਕਰਨ ਲਈ ਕਿਹਾ ਤਾਂ ਉਸ ਲਿਖਿਆ : "ਮੇਰੇ ਪਿਉ ਨੇ ਕੀ ਖੱਟਿਆ ਸਿੱਖਾਂ ਨਾਲ ਲੜ ਲੜ ਕੇ? ਅਬਦਾਲੀ ਦੇ ਨਿਤ ਹਮਲੇ ਤਾਂ ਸਿੱਖਾਂ ਦੀ ਸਹਾਇਤਾ ਦੇ ਹੀ ਕਾਰਨ ਬਣਦੇ ਰਹੇ ਹਨ।" ਇਹੋ ਜਿਹੇ ਖ਼ਿਆਲ ਰੱਖਣ ਵਾਲਾ ਕਮਜ਼ੋਰ ਅਧਿਕਾਰੀ ਸਿੱਖਾਂ ਜਿਹੀ ਕੌਮ ਦਾ ਕਿਵੇਂ ਟਾਕਰਾ ਕਰ ਸਕਦਾ ਸੀ।

ਅਹਿਮਦ ਸ਼ਾਹ ਦਾ ਦੂਜਾ ਜਰਨੈਲ ਜਹਾਨ ਖ਼ਾਨ ਸੀ। ਉਹ ਲੜਨ-ਭਿੜਨ ਨੂੰ ਤਾਂ ਤਗੜਾ ਸੀ, ਪਰ ਦੂਰਅੰਦੇਸ਼ ਤੇ ਮੌਕਾ-ਸੰਭਾਲੂ ਨਹੀਂ ਸੀ। ਉਹ ਅਦੀਨਾ ਬੇਗ਼ ਦੀ ਤਾਕਤ ਤੇ ਮਹੱਤਤਾ ਨੂੰ ਨਾ ਜਾਣ ਸਕਿਆ। ਜਹਾਨ ਖ਼ਾਨ ਜੇ ਅਦੀਨਾ ਬੇਗ ਨੂੰ ਚੰਗੀ ਤਰ੍ਹਾਂ ਸਮਝਦਾ ਤਾਂ ਅਦੀਨਾ ਬੇਗ਼ ਉਸ ਦੀ ਇਕ ਤਗੜੀ ਬਾਂਹ ਹੋ ਕੇ ਸਿੱਖਾਂ ਵਿਰੁੱਧ ਲੜਦਾ ਨਾ ਕਿ ਮਰਹੱਟਿਆਂ ਦੀ ਸਹਾਇਤਾ ਨਾਲ ਜਹਾਨ ਖ਼ਾਨ ਤੇ ਉਸ ਦੇ ਮਾਲਕ ਤੈਮੂਰ ਨੂੰ ਪੰਜਾਬ ਛੱਡਣ ਲਈ ਮਜਬੂਰ ਕਰਦਾ। ਸਿੱਖਾਂ ਤੇ ਅਦੀਨਾ ਬੇਗ਼ ਦੀ ਦੋਸਤੀ ਵੀ ਜਹਾਨ ਖ਼ਾਨ ਸਮਝ ਹੀ ਨਾ ਸਕਿਆ। ਅਬਦਾਲੀ ਦੇ ਹੱਲਿਆਂ ਵੇਲੇ ਸਿੱਖਾਂ ਕੋਲ ਜਲੰਧਰ ਦੁਆਬ ਇਕ ਐਸੀ ਥਾਂ ਬਣ ਗਈ ਸੀ ਜਿਸ ਵਿਚ ਸਿੱਖ ਸੁਤੰਤਰ ਤੌਰ ਉੱਤੇ ਫਿਰ ਰਹੇ ਸਨ। ਜਹਾਨ ਖ਼ਾਨ ਤਾਂ ਸਿਆਣਾ ਮਿਥਿਆ ਜਾਂਦਾ ਜੇ ਸਿੱਖਾਂ ਕੋਲੋਂ ਸਾਹ ਲੈਣ ਦੀ ਥਾਂ (Breathing Space) ਖੋਹਦਾ। ਥਾਂ ਖੋਹਣੀ ਤਾਂ ਇਕ ਪਾਸੇ, ਥਾਂ ਦੇ ਮਾਲਕ ਅਦੀਨਾ ਬੇਗ਼ ਨੂੰ ਸਿੱਖਾਂ ਦੀ ਝੋਲੀ ਪਾਂਦਾ ਰਿਹਾ। ਜਹਾਨ ਖ਼ਾਨ ਦੀ ਪਾਲਿਸੀ ਨੇ ਜਲੰਧਰ ਸਿੱਖਾਂ ਲਈ ਇਕ ਗੜ੍ਹ ਨਿਆਈਂ ਹੀ ਬਣਾ ਦਿੱਤਾ ਸੀ। ਇਹ ਹੀ ਜਹਾਨ ਖ਼ਾਨ ਇਤਨਾ ਨਾ-ਸਮਝ ਤੇ ਜੁਗਤੀਹੀਣ ਸੀ ਕਿ ਮੁਸਲਮਾਨਾਂ ਨੂੰ ਵੀ ਨਾਲ ਨ ਲੈ ਸਕਿਆ। ਸਿਆਲਕੋਟ ਦੇ ਪ੍ਰਸਿੱਧ ਫ਼ਕੀਰ ਅਗਿਆਰ

1. ਅਬਦਾਲੀ ਦੇ ਪੰਜਵੇਂ ਤੇ ਸੱਤਵੇਂ ਹਮਲੇ ਵੇਲੇ ਐਸੀ ਅਵਸਥਾ ਪੈਦਾ ਹੋਈ ਸੀ।

Sri Satguru Jagjit Singh Ji eLibrary NamdhariElibrary@gmail.com

ਗੌਂਸ ਕੋਲੋਂ ਜ਼ੋਰੀਂ ਆਪਣੇ ਹੱਕ ਤੇ ਸਿੱਖਾਂ ਵਿਰੁੱਧ ਦੁਆ ਕਰਾਉਣੀ ਚਾਹੀ ਤਾਂ ਉਸ ਕਿਹਾ : ਭੱਜ ਜਾ, ਭਜ ਜਾ।

ਸਰਹਿੰਦ ਦਾ ਨਵਾਬ ਜ਼ੈਨ ਖ਼ਾਨ ਇਕ ਕਮਜ਼ੋਰ ਤੇ ਬੁਜ਼ਦਿਲ ਜਰਨੈਲ ਸੀ। ਉਹ ਕਿਸੇ ਸਮੇਂ ਵੀ ਅਬਦਾਲੀ ਨੂੰ ਧੋਖਾ ਦੇ ਸਕਦਾ ਸੀ। ਜ਼ੈਨ ਖ਼ਾਨ ਤਾਂ ਆਪਣੀਆਂ ਫ਼ੌਜਾਂ ਨੂੰ ਵੀ ਨਾਲ ਨਾ ਰੱਖ ਸਕਿਆ। ਸਿੱਖਾਂ ਦਾ ਟਾਕਰਾ ਕਿਵੇਂ ਕਰ ਸਕਦਾ ਸੀ। ਕਾਬਲੀ ਮਲ, ਜ਼ਬੈਤਾ ਖਾਨ ਆਦਿ ਵੀ ਟਾਕਰੇ ਦੇ ਜਰਨੈਲ ਨਹੀਂ ਸਨ।

**੪. ਸਿੱਖਾਂ ਦੇ ਸਿਆਣੇ ਤੇ ਸੁਘੜ ਆਗੂ :** ਦੂਸਰੇ ਪਾਸੇ ਸਿੱਖਾਂ ਦੇ ਆਗੂ ਸਿਆਣੇ, ਸੁਘੜ ਅਤੇ ਸੰਜਮੀ ਸਨ। ਸੰਜਮੀ ਇਤਨੇ ਕਿ ਆਪਣੇ ਨਿੱਜ ਤੇ ਕਦੇ ਕੁਝ ਨ ਖ਼ਰਚ ਕਰਦੇ। ਮਿਲਣਸਾਰ ਇਤਨੇ ਕਿ ਸਾਥੀ ਸਿੰਘਾਂ ਨਾਲ ਦਰੀ ਵਿਛਾ ਕੇ ਬੈਠ ਜਾਂਦੇ ਤੇ ਕੋਈ ਵੱਡਾ ਨਿੱਕਾ ਨ ਲੱਗਦਾ। ਨਾ ਹੀ ਸਿੱਖ ਆਗੂਆਂ ਵਿਚ ਹੈਂਕੜ ਸੀ ਤੇ ਨਾ ਕੋਈ ਉਚੇਰੀ ਪਦਵੀ ਮੰਗਦੇ ਸਨ। ਸਮਿੱਥ ਲਿਖਦਾ ਹੈ ਕਿ ਇਕ ਵੀ ਸਰਦਾਰ ਘੁਮੰਡੀ ਨਹੀਂ ਸੀ।

*"ਆਪ ਰਾਜ ਸਿੰਘ ਆਪ ਮਜ਼ੂਰ।"*

'ਬੜੇ ਭੁਜੰਗੀ ਦਿਲ ਕੇ ਸੂਰੇ' ਵਾਲੀ ਗੱਲ ਸਿੱਖ ਇਤਿਹਾਸਕਾਰਾਂ ਲਿਖੀ ਹੈ। ਅੰਦਰਲੀ ਬਰਾਬਰੀ ਨੂੰ ਕਾਇਮ ਰੱਖਣ ਲਈ ਸਿੱਖ ਸਮਾਜ ਬਹੁਤ ਸੁਚੇਤ ਸੀ। ਨਰਮ-ਦਿਲ ਇਤਨੇ ਕਿ ਕਿਸੇ ਦਾ ਦੁੱਖ ਸਹਾਰ ਨਾ ਸਕਦੇ। ਪਰਜਾ-ਪਾਲਕ ਇਤਨੇ ਕਿ ਜਦ ਦਾਦਨ ਖ਼ਾਨ ਨੇ ਲਾਹੌਰ ਦੀ ਨਵਾਬੀ ਸੰਭਾਲਣੀ ਚਾਹੀ ਤਾਂ ਸਭ ਮੁਸਲਮਾਨਾਂ, ਹਿੰਦੂਆਂ, ਮੁਹੰਮਦ ਆਸ਼ਿਕ, ਮੀਰ ਨੱਥਾ ਸ਼ਾਹ, ਹਾਫ਼ਿਜ਼ ਕਾਦਰ ਬਖ਼ਸ਼ ਤੇ ਲਾਲ ਮਹਾਰਾਜ ਨੇ ਕਹਿਲਾ ਦਿੱਤਾ ਕਿ ਸਿੱਖਾਂ ਦੇ ਰਾਜ ਤੋਂ ਅਸੀਂ ਰਾਜ਼ੀ ਹਾਂ। ਸਗੋਂ ਉਸ ਨੂੰ ਇਹ ਲਿਖਿਆ ਕਿ ਲਹਿਣਾ ਸਿੰਘ ਨੂੰ ਕਹਿ ਕੇ ਤੇਰਾ ਗੁਜ਼ਾਰਾ ਨਿਯਤ ਕਰਵਾ ਦੇਂਦੇ ਹਾਂ।

ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੀ ਅਗਵਾਈ ਹੇਠਾਂ ਸਭ ਜਰਨੈਲ ਤਨਦੇਹੀ ਨਾਲ ਕੰਮ ਕਰ ਰਹੇ ਸਨ। ਸਰਦਾਰ ਆਹਲੂਵਾਲੀਆ ਦੇ ਹੁਕਮ ਵਿਚ ਟੁਰਨਾ ਸਿੱਖ ਜਰਨੈਲ ਫ਼ਖਰ ਮਹਿਸੂਸ ਕਰਦੇ ਸਨ। ਸਰਦਾਰ ਚੜ੍ਹਤ ਸਿੰਘ ਸ਼ੁਕਰਚਕੀਆ ਇਕ ਜਵਾਂ-ਮਰਦ ਤੇ ਹੌਸਲੇ ਵਾਲੇ ਜਰਨੈਲ ਸਨ। ਜਹਾਨ ਖ਼ਾਨ ਦੇ ਟਾਕਰੇ ਉੱਤੇ ਸਰਦਾਰ ਚੜ੍ਹਤ ਸਿੰਘ ਸ਼ੁਕਰਚਕੀਆ ਕਈ ਗੁਣਾ ਸੁਘੜ ਤੇ ਨੀਤੀਵਾਨ ਸਨ। ਸਾਰੀ ਚਜ ਦੁਆਬ ਉਨ੍ਹਾਂ ਦੇ ਨਾਮ ਤੋਂ ਸਹਿਮ ਖਾਂਦੀ ਸੀ। ਇਹ ਹੀ ਕਾਰਨ ਹੈ ਕਿ ਜੰਗਨਾਮਾ ਦਾ ਲਿਖਾਰੀ ਚੜ੍ਹਤ ਸਿੰਘ ਨੂੰ ਗੁੱਸਿ-ਕੀਨੇ ਕਾਰਨ 'ਕਲੰਕੀ ਚੜਤੂ' ਕਹਿੰਦਾ ਹੈ। 'ਚੜਤੂਸ਼ ਬੇ ਨਾਮ-ਓ-ਨੰਗ।' ਸਰਦਾਰ ਜੱਸਾ ਸਿੰਘ ਰਾਮਗੜ੍ਹੀਆ, ਸਰਦਾਰ ਜੈ ਸਿੰਘ ਕਨ੍ਹਈਆ, ਸਰਦਾਰ ਗੁੱਜਰ ਸਿੰਘ, ਸਰਦਾਰ ਲਹਿਣਾ ਸਿੰਘ, ਸਰਦਾਰ ਤਾਰਾ ਸਿੰਘ ਘੈਬਾ, ਸਰਦਾਰ ਸ਼ਾਮ ਸਿੰਘ ਨਾਰੋਕੇ, ਸਰਦਾਰ ਬਘੇਲ ਸਿੰਘ ਵਕਤ ਦੇ ਪ੍ਰਸਿੱਧ ਜਰਨੈਲ ਸਨ, ਜਿਨ੍ਹਾਂ ਦੇ ਕਾਰਨਾਮੇ ਇਤਿਹਾਸ ਵਿਚ ਉਜਾਗਰ ਹਨ। ਜੰਗਨਾਮਾ ਦੇ ਲਿਖਾਰੀ ਨੇ ਮਾਛੀਵਾੜਾ ਵਿਖੇ ਅਬਦਾਲੀ ਦੇ ਸਤਵੇਂ ਹਮਲੇ ਵੇਲੇ ਲੜੀ ਜੰਗ ਦਾ ਨਕਸ਼ਾ ਖਿੱਚਦੇ ਲਿਖਿਆ ਹੈ ਕਿ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਮੈਦਾਨਿ-ਜੰਗ ਵਿਚਕਾਰ ਨਿਡਰ ਹੋ ਪਹਾੜ ਵਾਂਗ ਖੜ੍ਹੇ ਹੋ ਗਏ।[1] ਸਰਦਾਰ ਜੱਸਾ ਸਿੰਘ

1. ਚੁ ਕੁਹੇ ਸ਼ੁਦਾ ਕਲਬੇ ਆਂ ਬਦਸਗਾਲ।

Sri Satguru Jagjit Singh Ji eLibrary NamdhariElibrary@gmail.com

ਰਾਮਗੜ੍ਹੀਆ, ਜੋਸ਼ ਵਿਚ ਦਹਾੜ ਕੇ ਪੈਂਦਾ ਸੀ[1] ਤੇ ਹੋਰ ਜਰਨੈਲ ਵੀ ਤਜਰਬੇ ਵਿਚ ਕਿਸੇ ਨਾਲੋਂ ਘੱਟ ਨਹੀਂ ਸਨ। ਸੱਜੇ ਸਰਦਾਰ ਚੜ੍ਹਤ ਸਿੰਘ ਨਿਹਕਲੰਕੀ, ਝੰਡਾ ਸਿੰਘ, ਲਹਿਣਾ ਸਿੰਘ ਤੇ ਜੈ ਸਿੰਘ ਖੜ੍ਹੇ ਸਨ ਤੇ ਖੱਬੇ ਭਾਈ ਹਰੀ ਸਿੰਘ ਭੰਗੀ, ਰਾਮ ਦਾਸ, ਭਾਈ ਗੁਲਾਬ ਸਿੰਘ ਤੇ ਗੁੱਜਰ ਸਿੰਘ ਸਨ। ਉਹ ਨਾ-ਸਿਰਫ਼ 'ਹੁਕਮੀ ਬੰਦੇ' ਸਨ ਸਗੋਂ ਅਗਾਂਹ ਵੱਧ ਕੇ ਜੂਝਣ ਵਾਲੇ ਸਨ। ਖ਼ੁਦਗਰਜ਼ੀ ਤੇ ਬੁਜ਼ਦਿਲੀ ਤਾਂ ਸਿੱਖ ਆਗੂਆਂ ਤੋਂ ਕੋਹਾਂ ਦੂਰ ਸੀ। ਇਕ ਦੂਜੇ ਲਈ ਮਰਨ ਦਾ ਚਾਅ ਫੁਟ ਫੁਟ ਪੈਂਦਾ ਸੀ। ਭਾਵੇਂ ਸਰਦਾਰ ਆਲਾ ਸਿੰਘ ਦਾ ਕਿਰਦਾਰ ਕੁਝ ਅਟਪਟਾ ਸੀ, ਪਰ ਸਿੱਖ ਉਸ ਨੂੰ ਵੀ ਟੁੱਟਿਆ ਨਹੀਂ ਸਨ ਸਮਝਦੇ। ਇਹੋ ਕਾਰਨ ਹੈ ਕਿ ਉਸ ਦੇ ਪੋਤਰੇ ਨੇ ਸਿੱਖ ਸਰਦਾਰਾਂ ਨਾਲ ਮਿਲਵਰਤਣ ਕਰਕੇ ਆਪਣੀ ਪੋਜ਼ੀਸ਼ਨ ਨੂੰ ਸਾਫ਼ ਕੀਤਾ। ਅੰਮ੍ਰਿਤ ਵੀ ਉਸ ਨੇ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਕੋਲੋਂ ਛੱਕਿਆ। ਇਨ੍ਹਾਂ ਆਗੂਆਂ ਦੇ ਹੁੰਦਿਆਂ ਕੌਮ ਨੂੰ ਹਰਾਉਣਾ ਜਾਂ ਮੁਕਾਉਣਾ ਅਸੰਭਵ ਸੀ।

**੫. ਅਬਦਾਲੀ ਦੀ ਖ਼ੁਸ਼ਫ਼ਹਿਮੀ** : ਕਮਜ਼ੋਰ ਜਰਨੈਲਾਂ ਦਾ ਕੁਝ ਇਲਾਜ ਅਬਦਾਲੀ ਤਾਂ ਕਰਦਾ ਜੇ ਉਹ ਆਪ ਖ਼ੁਸ਼ਫ਼ਹਿਮੀ ਵਿਚ ਨਾ ਫਸਿਆ ਹੁੰਦਾ। ਅਬਦਾਲੀ ਦਾ ਖ਼ਿਆਲ ਸੀ ਕਿ ਉਸ ਦਾ ਨਾਮ ਹੀ ਉਸ ਦੇ ਕਾਬਲ ਚਲੇ ਜਾਣ ਪਿੱਛੋਂ ਸਿੱਖਾਂ ਨੂੰ ਰੋਕ ਪਾਉਣ ਲਈ ਕਾਫ਼ੀ ਹੈ। ਅਬਦਾਲੀ ਨੇ ਕੋਈ ਕੋਸ਼ਿਸ਼ ਹੀ ਨਾ ਕੀਤੀ ਕਿ ਉਹ ਆਪਣੇ ਵੱਲ ਲੋਕਾਂ ਨੂੰ ਕਰਨ ਲਈ ਉਪਰਾਲਾ ਕਰੇ। ਅਬਦਾਲੀ ਨਿਰੋਲ ਆਪਣੇ ਰੁਹਬ ਦੇ ਬਲਬੂਤੇ ਟੁਰਨਾ ਚਾਹੁੰਦਾ ਸੀ। ਜਦ ਇਕ ਦਹਾਕਾ ਇਸ ਨੀਤੀ ਨੂੰ ਅਪਣਾ ਕੇ ਅਸਫਲ ਹੋਇਆ ਤਾਂ ਉਸ ਵਲੀ ਖ਼ਾਨ ਦੇ ਕਹਿਣ ਉੱਤੇ 'ਪਾੜੋ ਤੇ ਰਾਜ ਕਰੋ' ਦੀ ਪਾਲਿਸੀ ਅਪਣਾਈ। ਸਿੱਖਾਂ ਵਿਚ ਪਾਟੋ-ਧਾੜ ਪਾਉਣ ਲਈ ਅਬਦਾਲੀ ਨੇ 'ਮਾਝਾ ਤੇ ਮਾਲਵਾ' ਦਾ ਖ਼ਿਆਲ ਵੀ ਚਲਾਇਆ। ਇਸ ਨੂੰ ਅਮਲੀ ਰੂਪ ਦੇਣ ਲਈ ਆਲਾ ਸਿੰਘ ਨੂੰ ਖੁਲ੍ਹੀ ਛੁੱਟੀ ਦਿੱਤੀ ਤੇ ਕਈ ਰਿਆਇਤਾਂ ਨਾਲ ਆਲਾ ਸਿੰਘ ਨੂੰ ਨਿਵਾਜਿਆ ਪਰ ਅਬਦਾਲੀ ਸਿੱਖਾਂ ਦੀ ਫ਼ਿਤਰਤ ਤੋਂ ਜਾਣੂੰ ਨਹੀਂ ਸੀ। ਅਬਦਾਲੀ ਦੇ ਜ਼ੁਲਮਾਂ ਤੇ ਉਸ ਦੀ ਹੋਂਦ ਨੇ ਸਿੱਖਾਂ ਨੂੰ ਇਕ ਜਾਨ ਤੇ ਇਕ ਸੁਰ ਕਰ ਦਿੱਤਾ ਸੀ। ਉਸ ਦਾ ਉਠਾਇਆ ਇਹ ਕਦਮ ਵੀ ਨਿਰਮੂਲ ਹੀ ਗਿਆ। ਬਾਲਾ ਆਲਾ ਸਿੰਘ ਵਿਚ ਇਤਨੀ ਸ਼ਕਤੀ ਨਹੀਂ ਸੀ ਕਿ ਉਹ ਸਿੱਖ ਜਥੇਬੰਦੀ ਦੀ ਮੁਖ਼ਾਲਫ਼ਤ ਕਰ ਸਕੇ। ਆਲਾ ਸਿੰਘ ਤਾਂ ਆਪੂੰ ਆਪਣੇ ਝੁਕਣੇ ਨੂੰ ਤੂਫ਼ਾਨ ਅੱਗੇ ਝੁਕਣਾ ਕਹਿੰਦਾ ਸੀ। ਤੂਫ਼ਾਨ (ਅਬਦਾਲੀ) ਦੇ ਗੁਜ਼ਰ ਜਾਣ ਉਪਰੰਤ ਉਹ ਬਾਕੀ ਸਿੰਘਾਂ ਵਾਂਗੂੰ ਹੀ ਸੁਤੰਤਰ ਸੀ ਸਗੋਂ ਕਈ ਵਾਰੀ ਅੱਗੇ ਹੋ ਕੇ ਲੜਦਾ ਸੀ। ਮਲੇਰਕੋਟਲਾ ਤੇ ਸਰਹਿੰਦ ਦੀ ਫ਼ਤਹਿ (੧੭੬੪) ਵੇਲੇ ਸਰਦਾਰ ਆਲਾ ਸਿੰਘਾਂ ਨੇ ਤੋਪਾਂ ਨਾਲ ਮਦਦ ਦਿੱਤੀ। ਅਬਦਾਲੀ ਦੀ ਇਹ ਖ਼ੁਸ਼ਫ਼ਹਿਮੀ ਹੀ ਸੀ ਤੇ ਉਹ ਖ਼ੁਸ਼ਫ਼ਹਿਮੀ ਉਸ ਨੂੰ ਲੈ ਬੈਠੀ। ਪਾਣੀ ਜਦ ਸਿਰੋਂ ਲੰਘ ਗਿਆ ਤਾਂ ਹੱਥ ਪੈਰ ਮਾਰਨ ਲੱਗਾ। ਉਸ ਸਮੇਂ ਤਕ ਸਿੰਘ ਕਾਫ਼ੀ ਤਾਕਤਵਰ ਹੋ ਗਏ ਸਨ।

**੬. ਦੁੱਖ ਦਾਰੂ** : ਅਬਦਾਲੀ ਨੇ ਸਿੱਖਾਂ ਵਿਰੁੱਧ ਤਿੰਨ ਹਮਲੇ ਕੀਤੇ। ਬਾਕੀ ਹਮਲੇ ਨਿਰੋਲ ਸਿੱਖਾਂ ਵਿਰੁੱਧ ਨਹੀਂ ਸਨ ਭਾਵੇਂ ਅਸਰ ਉਨ੍ਹਾਂ ਦਾ ਵੀ ਬਹੁਤ ਪਿਆ। ਇਨ੍ਹਾਂ ਤਿੰਨ ਹਮਲਿਆਂ

---

1. ਕਿ ਸ਼ੇਰਾਂ ਬਦਾਂ ਸਗ ਬੇਤਾਬ-ਓ-ਤਵਾਂ (ਜੰਗਨਾਮਾ ਪੰਨਾ ੧੩੫, ਸੰਪਾਦਕ ਡਾਕਟਰ ਗੰਡਾ ਸਿੰਘ)

Sri Satguru Jagjit Singh Ji eLibrary NamdhariElibrary@gmail.com

ਵਿਚ ਕੌਮ ਦਾ ਭਾਰੀ ਜਾਨੀ ਨੁਕਸਾਨ ਹੋਇਆ। ਵੱਡੇ ਘੱਲੂਘਾਰੇ ਵਿਚ ਅੱਧੀ ਨਾਲੋਂ ਵੱਧ ਕੌਮ ਸ਼ਹੀਦ ਹੋ ਗਈ, ਪਰ ਸਿੱਖ ਆਏ ਦੁੱਖਾਂ ਨੂੰ ਦਾਰੂ ਸਮਝ ਕੇ ਹੀ ਪੀ ਰਹੇ ਸਨ। ਸਿੱਖਾਂ ਸਾਹਮਣੇ ਆਪਣੇ ਸ਼ਹੀਦਾਂ ਦੀਆਂ ਵਾਰਤਾਵਾਂ ਸਨ। ਸ਼ਹੀਦਾਂ ਦੀਆਂ ਸਾਖੀਆਂ ਉਤਸ਼ਾਹ ਦੇ ਕੇ ਸ਼ਹਾਦਤ ਲਈ ਪ੍ਰੇਰਦੀਆਂ ਸਨ। ਹਰ ਦੁਖ ਸਿੱਖਾਂ ਨੂੰ ਕੁੰਦਨ ਬਣਾ ਕੇ ਕੱਢ ਰਿਹਾ ਸੀ। ਘੱਲੂਘਾਰੇ ਤਕ ਨੂੰ ਵੀ ਸਿੱਖਾਂ ਨੇ ਖਿੜੇ ਮੱਥੇ ਝੱਲਿਆ ਤੇ ਦੂਸਰੇ ਦਿਨ ਇਤਿਹਾਸਕ ਅਰਦਾਸ ਕੀਤੀ 'ਸੱਚੇ ਪਾਤਸ਼ਾਹ ਤੇਰਾ ਸ਼ੁਕਰ ਹੈ। ਕੱਚੇ ਪਿੱਲੇ ਝੜ ਗਏ ਹਨ, ਤੱਤ ਖ਼ਾਲਸਾ ਰਹਿ ਗਿਆ ਹੈ, ਹੁਣ ਦੁਸ਼ਮਣ ਨਾਲ ਸਿੱਝ ਲਵਾਂਗੇ। ਇਤਿਹਾਸਕਾਰ ਗਾਰਡਨ ਨੇ ਬਹੁਤ ਸੁੰਦਰ ਲਿਖਿਆ ਹੈ, ''ਤਲਵਾਰ ਜਿਤਨੀ ਲਿਫ਼ੇ ਉਤਨੀ ਹੀ ਤੇਜ਼ ਤੇ ਕੀਮਤੀ ਹੁੰਦੀ ਹੈ। ਸਿੱਖਾਂ ਦਾ ਵੀ ਇਹ ਯਕੀਨ ਹੈ ਕਿ ਜ਼ੁਲਮ ਜਿਤਨੇ ਜ਼ਿਆਦਾ ਹੋਣ ਜਥੇਬੰਦੀ ਵੀ ਉਤਨੀ ਹੀ ਮਜ਼ਬੂਤ ਤੇ ਸੁਹਣੀ ਹੁੰਦੀ ਹੈ।' ਦੁੱਖ ਨੂੰ ਦਾਰੂ ਸਮਝਣ ਵਾਲੀ ਕੌਮ ਦੀ ਜਿੱਤ ਯਕੀਨੀ ਸੀ। ਹਰ ਸ਼ਹਾਦਤ ਨੂੰ ਸਿੰਘ 'ਦਰਗਾਹ ਰੋਰ' (ਪ੍ਰਭੂ ਦਵਾਰੇ ਅਵਾਜ਼ ਪਹੁੰਚਾਉਣਾ) ਪਾਉਣਾ ਕਹਿੰਦੇ ਸਨ।

੭. **ਕੌਮੀ ਲੜਾਈ** : ਅਬਦਾਲੀ ਆਪਣੀ ਨਿਜ ਦੀ ਲੜਾਈ ਲੜ ਰਿਹਾ ਸੀ। ਭਾਵੇਂ ਉਸ ਨੇ ਕੋਸ਼ਿਸ਼ ਕੀਤੀ ਕਿ ਨਸੀਰ ਖ਼ਾਨ ਕਲਾਤ ਨੂੰ ਨਾਲ ਮਿਲਾਕੇ ਜਹਾਦ ਦਾ ਝੰਡਾ ਖੜ੍ਹਾ ਕੀਤਾ ਜਾਏ ਪਰ ਉਹ ਆਪਣੇ ਮਕਸਦ ਵਿਚ ਨਾਕਾਮਯਾਬ ਸੀ, ਕਿਉਂ ਜੋ ਹਿੰਦੁਸਤਾਨ ਦੇ ਮੁਸਲਮਾਨ ਉਸ ਨੂੰ ਹਮਲਾਵਰ ਤੇ ਬਦੇਸ਼ੀ ਸਮਝਦੇ ਸਨ। ਅਬਦਾਲੀ ਦੇ ਜਰਨੈਲ ਤਾਂ ਸਗੋਂ ਮੁਸਲਮਾਨ ਫ਼ਕੀਰਾਂ ਤੇ ਲੋਕਾਂ ਨੂੰ ਵੀ ਤੰਗ ਕਰਦੇ ਸਨ। ਅਬਦਾਲੀ ਦੇ ਜਰਨੈਲ ਤਾਂ ਸਗੋਂ ਮੁਸਲਮਾਨ ਫ਼ਕੀਰਾਂ ਤੇ ਲੋਕਾਂ ਨੂੰ ਵੀ ਤੰਗ ਕਰਦੇ ਸਨ। ਅਬਦਾਲੀ ਨੇ ਨਸੀਰ ਖ਼ਾਨ ਕਲਾਤ ਨੂੰ ਇਹ ਹੀ ਲਿਖਿਆ ਸੀ : 'ਤੂੰ ਮੇਰੇ ਬੇਟੇ ਨਿਆਈ ਏਂ ਤੇ ਧਰਮੀ ਭਰਾ ਵੀ ਏਂ, ਆ ਇਨ੍ਹਾਂ ਕਾਫਰਾਂ (ਸਿੱਖਾਂ) ਨੂੰ ਮੁਕਾਈਏ ਤੇ ਇਨ੍ਹਾਂ ਦੇ ਬੱਚਿਆਂ ਤੇ ਔਰਤਾਂ ਨੂੰ ਆਪਣਾ ਗ਼ੁਲਾਮ ਬਣਾਈਏ।'[1] ਬਟਾਲੇ ਦੇ ਪ੍ਰਸਿੱਧ ਫ਼ਕੀਰ ਗ਼ੁਲਾਮ ਗਉਂਸ ਨੂੰ ਸਰਦਾਰ ਮਹਾਂ ਸਿੰਘ ਨੇ ਹੀ ਉਸਦਾ ਖੋਹਿਆ ਹੋਇਆ ਮਦਰਸਾ ਤੇ ਮਕਤਬ ਦਿਲਵਾਇਆ। ਈਦ ਵਾਲੇ ਦਿਨ ਸਰਦਾਰ ਲਹਿਣਾ ਸਿੰਘ ਭੰਗੀ ਮੁਫ਼ਤੀਆਂ, ਕਾਜ਼ੀਆਂ ਤੇ ਹੋਰ ਲੋੜਵੰਦਾਂ ਨੂੰ ਨਵੇਂ ਬਸਤਰ ਦੇਂਦੇ। ਉੜਮੁੜ ਟਾਂਡਾ, ਯਾਹੀਆ ਪੁਰ ਦੇ ਮੁਸਲਮਾਨ-ਅਫ਼ਗਾਨ ਰਲ ਹੀ ਸਿੱਖਾਂ ਨਾਲ ਗਏ ਸਨ।

ਦੂਸਰੇ ਪਾਸੇ ਸਿੱਖਾਂ ਦੀ ਲੜਾਈ ਕੌਮੀ ਲੜਾਈ ਸੀ। ਕੌਮੀ ਲੜਾਈ ਵਿਚ ਕੋਈ ਇਕ ਵਿਅਕਤੀ ਭਾਵੇਂ ਉਹ ਕਿਤਨਾ ਬਹਾਦਰ ਹੋਵੇ ਰੋਕ ਨਹੀਂ ਪਾ ਸਕਦਾ। ਅਬਦਾਲੀ ਸਮੁੱਚੀ ਸਿੱਖ ਕੌਮ ਦਾ ਟਾਕਰਾ ਕਰਨ ਜੋਗ ਨਹੀਂ ਸੀ। ਸਿੱਖ ਇਹ ਮਹਿਸੂਸ ਕਰਦੇ ਸਨ ਕਿ ਉਹ ਪੰਜਾਬ ਨੂੰ ਜਰਵਾਣਿਆਂ ਹੱਥੋਂ ਬਚਾਉਣ ਲਈ ਜੂਝ ਰਹੇ ਹਨ। ਸਿੱਖਾਂ ਨੇ ਅਬਦਾਲੀ ਦੇ ਹਮਲੇ ਦਾ ਸੁਣ ਕੇ ੧੭੪੮ ਦੀ ਵੈਸਾਖੀ ਨੂੰ ਇਤਿਹਾਸਕ ਗੁਰਮਤਾ ਹੀ ਇਹ ਕੀਤਾ ਸੀ ਕਿ ''ਪੰਜਾਬ ਉੱਤੇ ਹੋਇਆ ਹਰ ਹਮਲਾ ਸਿੱਖਾਂ ਉੱਤੇ ਸਮਝਿਆ ਜਾਏਗਾ।'' ਸਿੱਖ ਆਪਣੇ ਗੁਰਮਤੇ ਦੀ ਰੌਸ਼ਨੀ ਵਿਚ ਟੁਰਦੇ ਰਹੇ। ਇਕ ਗੱਲ ਹੋਰ, ਕੌਮੀ ਲੜਾਈ ਵਿਚ

---

1. ਜ਼ਨਾਵ ਬੱਚਾ ਸ਼ਾਂ ਰਾ ਕੁਨਮ ਦਸਤਗੀਰ (ਜੰਗਨਾਮਾ, ਬਿਆਨ ੧੧ਵਾਂ)

Sri Satguru Jagjit Singh Ji eLibrary NamdhariElibrary@gmail.com

ਇਕ ਹਾਰ, ਇਕ ਸੱਟ ਜਾਂ ਇਕ ਵਾਰੀ ਢਹਿ ਜਾਣਾ ਕੋਈ ਅਰਥ ਨਹੀਂ ਰੱਖਦਾ ਤੇ ਫਿਰ ਸਿੱਖਾਂ ਵਿਚ ਤਾਂ ਹਰ ਲੜਾਈ ਬਾਅਦ (ਭਾਵੇਂ ਉਹ ਜਿੱਤ ਦੀ ਸ਼ਕਲ ਵਿਚ ਮੁਕਦੀ ਜਾਂ ਹਾਰ ਦੀ) ਕਈ ਗੁਣਾਂ ਤਗੜੇ ਉਠਣ ਦੀ ਸ਼ਕਤੀ ਪੈਦਾ ਹੋ ਜਾਂਦੀ ਸੀ। ਇਥੇ ਕੋਈ ਜਾਗੀਰਦਾਰੀ ਜਾਂ ਬਾਦਸ਼ਾਹਤ ਵਾਲਾ ਹਿਸਾਬ ਨਹੀਂ ਸੀ ਕਿ ਰਾਜਾ ਹਾਰਿਆ ਤਾਂ ਸਮੁੱਚਾ ਇਲਾਕਾ ਜ਼ੇਰ। ਆਮ ਹਾਲਤਾਂ ਵਿਚ ਲੋਕੀਂ ਜ਼ਰਾ ਪਰਵਾਹ ਨਹੀਂ ਸਨ ਕਰਦੇ ਕਿ ਕੌਣ ਰਾਜਾ ਬਣਿਆ ਹੈ। ਹਿੰਦੁਸਤਾਨ ਦੇ ਲੋਕਾਂ ਦੇ ਮੂੰਹ ਚੜ੍ਹੀ ਕਹਾਵਤ ਸੀ : 'ਕੋਊ ਨ੍ਰਿਪ ਹੋਇ ਹਮਹਿ ਕਿਆ ਹਾਨਿ।' ਸਕੰਦਰ ਨਾਲ ਆਏ ਮੈਗਸਥਨੀਜ਼ ਨੇ ਵੀ ਇਹ ਲਿਖਿਆ ਸੀ ਕਿ ਉਧਰ ਜੰਗ ਹੋ ਰਹੀ ਸੀ ਪਰ ਨੇੜੇ ਕਿਸਾਨ ਹਲ ਵਾਹ ਰਹੇ ਸਨ, ਬਗੈਰ ਦੇਖੇ ਕਿ ਕੌਣ ਲੜ ਰਿਹਾ ਹੈ ਤੇ ਹਮਲਾ ਕਿਸ ਤੇ ਹੈ। ਸੋ ਕੌਮੀ ਜੰਗ ਲੜਨ ਵਾਲਿਆਂ ਦੀ ਕੌਮੀ ਜਿੱਤ ਜ਼ਰੂਰੀ ਸੀ।

**੮. ਕੌਮੀ ਗੁਣ** : ਇਤਿਹਾਸਕਾਰ ਰਾਜਰਜ਼ ਨੇ ਸਿੱਖਾਂ ਦੀ ਕੌਮੀ ਜੰਗ ਵਿਚ ਸਫਲਤਾ ਦੇ ਚਾਰ ਮੋਟੇ ਕਾਰਨ ਲਿਖੇ ਹਨ। ਉਹ ਸਭ ਤੋਂ ਪਹਿਲੀ ਥਾਂ ਦ੍ਰਿੜ੍ਹ ਧਾਰਮਕ ਵਿਸ਼ਵਾਸਾਂ (Deep faith) ਨੂੰ ਦੇਂਦਾ ਹੈ। ਇਕ ਵਾਰੀ ਅਬਦਾਲੀ ਨੇ ਗੱਲਬਾਤ ਵਿਚ ਕਿਹਾ ਕਿ ਸਿੱਖਾਂ ਦੀ ਹੋਂਦ ਮਿਟਾਉਣ ਲਈ ਇਹ ਜ਼ਰੂਰੀ ਹੈ ਕਿ ਉਹਨਾਂ ਦੇ ਧਾਰਮਕ ਵਿਸ਼ਵਾਸਾਂ ਦੀ ਕੱਟੜਤਾ ਘਟਾਈ ਜਾਏ ਜਾਂ ਮੁਕਾਈ ਜਾਏ, ਪਰ ਉਹ ਉਸ ਵਿਚ ਸਫ਼ਲ ਨਾ ਹੋ ਸਕਿਆ। ਧਾਰਮਕ ਵਿਸ਼ਵਾਸ ਸਗੋਂ ਦਿਨੋ ਦਿਨ ਤੇ ਸਮੇਂ ਨਾਲ ਵਧਦੇ ਰਹੇ। ਅਰਦਾਸ ਦੇ ਕਈ ਹਿੱਸੇ ਇਸ ਸੱਚਾਈ ਨੂੰ ਪ੍ਰਗਟਾਉਂਦੇ ਹਨ। ਜਦ ਸਿੱਖ ਹੋਣਾ ਜੁਰਮ ਕਰਾਰ ਦੇ ਦਿੱਤਾ ਗਿਆ ਤਾਂ ਸਿੱਖਾਂ ਨੇ 'ਜਹਾਂ ਜਹਾਂ ਖਾਲਸਾ ਜੀ ਸਾਹਿਬ, ਤਹਾਂ ਤਹਾਂ ਰੱਛਿਆ ਰਿਆਇਤ, ਦੇਗ, ਤੇਗ ਫ਼ਤਹਿ, ਬਿਰਦ ਕੀ ਪੈਜ, ਪੰਥ ਕੀ ਜੀਤ, ਖਾਲਸਾ ਜੀ ਕੇ ਬੋਲ ਬਾਲੇ' ਦੇ ਸ਼ਬਦ ਯਾਦ ਕਰ ਲਏ ਤੇ ਰੋਜ਼ ਦੁਹਰਾਉਣ ਲੱਗੇ। ਜਦ ਸ੍ਰੀ ਅੰਮ੍ਰਿਤਸਰ ਦੇ ਦਰਸ਼ਨ ਤੇ ਇਸ਼ਨਾਨ ਤੇ ਪਾਬੰਦੀ ਲਗਾਈ ਤਾਂ ''ਅੰਮ੍ਰਿਤਸਰ ਦੇ ਦਰਸ਼ਨ-ਇਸ਼ਨਾਨ ਸਿੱਖਾਂ ਨੇ ਧਾਰਮਕ ਅਕੀਦਾ ਬਣਾ ਲਿਆ।'' ਜਦ ਸਿੱਖਾਂ ਦੇ ਟਿਕਾਣੇ ਗਿਰਾਏ ਗਏ ਤਾਂ ਅਰਦਾਸ ਵਿਚ ਇਨ੍ਹਾਂ ਸ਼ਬਦਾਂ ਦਾ ਵਾਧਾ ਹੋ ਗਿਆ : ''ਚੌਕੀਆਂ, ਝੰਡੇ, ਬੁੰਗੇ, ਜੁਗੋ ਜੁਗ ਅਟੱਲ।'' ਵਿਸ਼ਵਾਸ ਦਾ ਮਰਨਾ ਤਾਂ ਇਕ ਪਾਸੇ, ਹੋਰ ਜਾਗ ਪਿਆ। ਰਾਨਾਡੇ ਨੇ ਮਰਹੱਟਿਆਂ ਦੇ ਇਤਿਹਾਸ ਵਿਚ ਇਕ ਥਾਵੇਂ ਲਿਖਿਆ ਹੈ, ''ਇਹ ਕਹਿਣਾ ਸਖ਼ਤ ਭੁੱਲ ਹੈ ਕਿ ਮਰਹੱਟੇ ਸਿਰਫ਼ ਲੜਾਕੇ ਤੇ ਲੁੱਟਮਾਰ ਕਰਨ ਵਾਲੇ ਲੁਟੇਰੇ ਸਨ। ਲੁੱਟ ਤੋਂ ਉੱਚੀ ਕੋਈ ਹੋਰ ਉਚੇਰੀ ਆਚਰਣਕ (moral) ਸ਼ਕਤੀ ਸੀ, ਜੋ ਉਨ੍ਹਾਂ ਨੂੰ ਖਿੱਚੀ ਚਲੀ ਜਾਂਦੀ ਸੀ।'' ਸਿੱਖਾਂ ਉੱਤੇ ਵੀ ਇਹ ਗੱਲ ਢੁਕਦੀ ਹੈ। ਸਿੱਖਾਂ ਵਿਚ ਵੀ ਕੋਈ ਉਚੇਰੀ ਸ਼ਕਤੀ ਸੀ ਜੋ ਉਨ੍ਹਾਂ ਨੂੰ ਜੋੜੀ ਤੇ ਨਿਸ਼ਾਨੇ ਵੱਲ ਖਿੱਚੀ ਲਈ ਜਾਂਦੀ ਸੀ। ਉਸ ਸ਼ਕਤੀ ਦਾ ਨਾਮ ਸੀ 'ਧਾਰਮਕ ਵਿਸ਼ਵਾਸ।' ਸਿੱਖਾਂ ਦਾ ਵਿਸ਼ਵਾਸ ਸੀ ਕਿ ਧਰਤ ਆਕਾਸ਼ ਤਾਂ ਬਦਲ ਸਕਦੇ ਹਨ ਪਰ ਗੁਰੂ ਦਾ ਵਾਕ 'ਰਾਜ ਕਰੇਗਾ ਖਾਲਸਾ' ਨਹੀਂ ਵਟਾਇਆ ਜਾ ਸਕਦਾ।

ਰਾਜਰਜ਼ ਨੇ ਕੌਮੀ ਗੁਣਾਂ ਵਿਚ ਦੂਜੀ ਥਾਂ ਸਿੱਖਾਂ ਦਾ ਧਰਤੀ ਦੇ ਚੱਪੇ ਚੱਪੇ ਤੋਂ ਜਾਣੂ ਹੋਣਾ ਲਿਖਿਆ ਹੈ। ਧਰਤੀ ਦੇ ਉਹ ਜਾਣੂ (sons of the soil) ਪੁੱਤਰ ਸਨ। ਇਕ-ਇਕ ਛੰਭ, ਇਕ-ਇਕ ਗਲੀ, ਇਕ-ਇਕ ਜੂਹ, ਇਕ-ਇਕ ਕੰਦਰ ਤੋਂ ਇਹ ਜਾਣੂ ਸਨ।

Sri Satguru Jagjit Singh Ji eLibrary NamdhariElibrary@gmail.com

ਅਫ਼ਗਾਨ ਬਦੇਸ਼ੀ ਹਮਲਾਵਰ ਉਨ੍ਹਾਂ ਦੇ ਟਿਕਾਣਿਆਂ ਦਾ ਪਤਾ ਲਾਉਣ ਤੋਂ ਅਸਮਰਥ ਸਨ। ਅਫ਼ਗਾਨ ਆਪੂੰ ਵੀ ਇਹ ਕਹਿੰਦੇ ਸਨ :

*'ਉਹ ਭੂਮੀਏ,*
*ਹਮ ਪ੍ਰਦੇਸੀ।'*

ਅਦੀਨਾ ਬੇਗ ਹੀ ਇਕ ਗਵਰਨਰ ਸੀ ਜੋ ਸਿੱਖਾਂ ਦੇ ਕੁਝ ਟਿਕਾਣੇ ਜਾਣਦਾ ਸੀ, ਪਰ ਉਹ ਸਫ਼ਲਤਾ ਪ੍ਰਾਪਤ ਕਰਨ ਤੋਂ ਪਹਿਲਾਂ ਹੀ ਕੂਚ ਕਰ ਗਿਆ। ਅਬਦਾਲੀ ਜਦ ਸਿੱਖਾਂ ਦੇ ਹਮਲੇ ਦੀ ਖ਼ਬਰ ਸੁਣਕੇ ਮੂੰਹ ਫੇਰਦਾ ਤਾਂ ਉਸ ਦੀ ਹੈਰਾਨੀ ਦੀ ਹੱਦ ਹੀ ਨਾ ਰਹਿੰਦੀ, ਜਦ ਉਸ ਨੂੰ ਹਮਲਾ ਕਰਨ ਵਾਲੇ ਸਿੱਖਾਂ ਦੇ ਜਥਿਆਂ ਦੇ ਨਿਸ਼ਾਨ ਵੀ ਨਾ ਮਿਲਦੇ। ਇਸ ਧਰਤੀ ਦੀ ਗਿਆਤ ਨੇ ਸਿੱਖਾਂ ਨੂੰ ਕਾਮਯਾਬੀ ਦੀ ਸਿਖਰ ਉੱਤੇ ਪਹੁੰਚਾਇਆ ਅਤੇ ਅਬਦਾਲੀ ਨੂੰ ਨਾਕਾਮਯਾਬੀ ਦੇ ਟੋਏ ਸੁੱਟਿਆ। ਸਿੱਖ ਨਿਰਾ ਚੱਪੇ-ਚੱਪੇ ਤੋਂ ਜਾਣੂ ਹੀ ਨਹੀਂ ਸਨ, ਨਾਲ ਅਥਾਹ ਸ਼ਕਤੀ ਦੇ ਮਾਲਕ ਵੀ ਸਨ। ਇਮਾਦ-ਉਸ-ਸਾਦਤ ਦਾ ਲਿਖਾਰੀ ਲਿਖਦਾ ਹੈ : ''ਸਿੰਘ ਬੜੇ ਜ਼ੋਰਾਵਰ, ਸ਼ੇਰ ਵਰਗੇ ਜੁਆਨ ਤੇ ਭਰਵੇਂ ਕੱਦ ਵਾਲੇ ਸਨ। ਜੇ ਉਹਨਾਂ ਦੀ ਲੱਤ ਵੀ ਕਿਸੇ ਵਲੈਤੀ ਘੋੜੇ ਨੂੰ ਲੱਗ ਜਾਏ ਤਾਂ ਉਹ ਥਾਈਂ ਹੀ ਮਰ ਜਾਏ। ਉਨ੍ਹਾਂ ਦੀ ਬੰਦੂਕ ਸੌ-ਸੌ ਕਦਮ ਤੋਂ ਵੈਰੀ ਦੀ ਖ਼ਬਰ ਜਾ ਲੈਂਦੀ ਹੈ। ਹਰ ਸੂਰਮਾ ਦੋ-ਦੋ ਸੌ ਕੋਹ ਤੱਕ ਘੋੜੇ ਤੇ ਸਫ਼ਰ ਕਰ ਲੈਂਦਾ ਹੈ। ਜੇ ਇਸ ਤਰ੍ਹਾਂ ਨਾ ਹੁੰਦਾ ਤਾਂ ਇਹ ਵਲੈਤੀ ਫ਼ੌਜ ਉੱਤੇ ਕਿਵੇਂ ਜਿੱਤ ਪਾਉਂਦੇ।'' ਨੂਰ ਮੁਹੰਮਦ ਨੇ ਲਿਖਿਆ ਹੈ, ''ਇਨ੍ਹਾਂ ਦਾ ਸਰੀਰ ਦੇਖੋ ਤਾਂ ਹਰ ਇਕ ਇਉਂ ਜਾਪਦਾ ਹੈ ਜਿਵੇਂ ਕੋਈ ਪਹਾੜੀ ਦਾ ਟਿੱਲਾ ਹੋਵੇ, ਡੀਲ ਡੌਲ ਵਿਚ ਜੁਆਨ, ਪੰਜਾਹ ਮਰਦਾਂ ਤੋਂ ਵੀ ਵੱਧ ਕੇ ਹੈ। ਕਹਿੰਦੇ ਹਨ ਕਿ ਜਦ ਬਹਿਰਾਮ ਗੌਰ ਸ਼ਿਕਾਰ ਖੇਡਦਾ ਸੀ ਤਾਂ ਸ਼ੇਰਾਂ ਦੀਆਂ ਚੀਕਾਂ ਕੱਢਵਾ ਦਿੰਦਾ ਸੀ ਪਰ ਜੇਕਰ ਬਹਿਰਾਮ ਗੌਰ ਇਹਨਾਂ ਦੇ ਸਾਹਮਣੇ ਆ ਜਾਵੇ ਤਾਂ ਇਹਨਾਂ ਅੱਗੇ ਸਿਰ ਨਿਵਾ ਦੇਵੇ।''

*ਤੀਜਾ ਕੌਮੀ ਗੁਣ* ਸੀ ਆਪਾ ਤਿਆਗ (Self Denial) ਦੀ ਸਿਪਿਰਟ ਦਾ। ਸਿੰਘਾਂ ਦੀ ਰਹਿਣੀ ਬਹਿਣੀ ਬੜੀ ਸਾਦਾ ਸੀ। ਤਣੀਆਂ ਵਾਲੀ ਕਮੀਜ਼, ਕਛਹਿਰਾ ਤੇ ਦੋ ਭੂਰੇ ਉਨ੍ਹਾਂ ਦੀ ਪੁਸ਼ਾਕ ਸੀ। ਦਿਨ ਵੇਲੇ ਕੰਬਲ ਘੋੜੇ ਉੱਤੇ ਸੁੱਟ ਲੈਂਦੇ ਤੇ ਰਾਤ ਨੂੰ ਇਸ ਨੂੰ ਥੱਲੇ ਵਿਛਾ ਕੇ ਬਿਸਤਰ ਬਣਾ ਲੈਂਦੇ। ਗੁਰੂ ਗੋਬਿੰਦ ਸਿੰਘ ਜੀ ਦੇ ਸਕੂਲ ਵਿਚ :

*"ਪਹਿਲਾ ਮਰਨ ਕਬੂਲਿ ਜੀਵਣ ਕੀ ਛਡਿ ਆਸ।*
*ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ।"*

ਦਾ ਸਬਕ ਦਿੱਤਾ ਜਾਂਦਾ ਸੀ। ਸਿੱਖਾਂ ਨੂੰ ਰੋਜ਼ ਗਿਆਨ ਦ੍ਰਿੜ੍ਹ ਕਰਾਇਆ ਜਾਂਦਾ ਸੀ :

*"ਜਉ ਤਉ ਪ੍ਰੇਮ ਖੇਲਣ ਕਾ ਚਾਉ।*
*ਸਿਰ ਧਰਿ ਤਲੀ ਗਲੀ ਮੇਰੀ ਆਉ।*
*ਇਤੁ ਮਾਰਗਿ ਪੈਰੁ ਧਰੀਜੈ।*
*ਸਿਰੁ ਦੀਜੈ ਕਾਣਿ ਨ ਕੀਜੈ।" ੨੦॥*

ਕੋਈ ਕਿਸੇ ਤੇ ਇਹਸਾਨ (ਕਾਣ) ਕਰਕੇ ਨਹੀਂ ਲੜਨਾ, ਦੀਨ (ਗਰੀਬ) ਦੁਖੀ ਦੇ ਹੇਤ ਲੜਨਾ ਹੈ ਭਾਵੇਂ ਉਸ ਦੀ ਰੱਖਿਆ ਲਈ ਬੰਦ ਬੰਦ ਕੱਟਿਆ ਜਾਏ। ਸਿੱਖਾਂ ਵਿਚ

Sri Satguru Jagjit Singh Ji eLibrary NamdhariElibrary@gmail.com

ਆਪਾ ਤਿਆਗ ਇਤਨਾ ਸੀ ਕਿ ਕੋਈ ਸਿੱਖ ਨਿੱਜ ਢਿੱਗ ਨਹੀਂ ਸੀ ਰੱਖਦਾ। ''ਸਭ ਦੇਤ ਖ਼ਜ਼ਾਨੈ ਪਾਇ'' ਦੀ ਗਵਾਹੀ ਭਾਈ ਰਤਨ ਸਿੰਘ ਭੰਗੂ ਨੇ ਭਰੀ ਹੈ। ਫਿਰ ਸਭ ਲੋੜ ਅਨੁਸਾਰ ਖ਼ਜ਼ਾਨੇ ਵਿਚੋਂ ਹੀ ਲੈ ਲੈਂਦੇ ਸਨ। ਆਪਾ ਤਿਆਗ ਦੀਆਂ ਮਿਸਾਲਾਂ ਨਾਲ ਸਿੱਖ ਇਤਿਹਾਸ ਭਰਿਆ ਪਿਆ ਹੈ। ਪ੍ਰਾਚੀਨ ਪੰਥ ਪ੍ਰਕਾਸ਼ ਦੇ ਲਿਖੇ ਅਨੁਸਾਰ :

*ਬੈਰ ਪਾਪ ਤਹਿ ਕਰੈ ਨ ਕੋਇ।*
*ਲਾਇ ਦੀਵਾਨ ਸਭ ਗੁਰਮਤੋ ਹੋਇ।"*

ਰਾਜਰਜ਼ ਅਖ਼ੀਰ ਵਿਚ ਚੌਥੇ ਕੌਮੀ ਗੁਣ ਵੱਲ ਇਸ਼ਾਰਾ ਕਰਦੇ ਹੋਏ ਲਿਖਦਾ ਹੈ ਕਿ ਸਿੱਖਾਂ ਦੇ ਘਰ ਘਾਟ ਨਹੀਂ ਸਨ। ਘਰ ਘੋੜਿਆਂ ਦੀਆਂ ਕਾਠੀਆਂ ਤੇ ਸਨ।[1] ਮੈਦਾਨਾਂ ਵਿਚ ਹੀ ਘਰ ਸਨ (Open Houses)। ਨਾਦਰ ਇਹ ਹੀ ਮਹਿਸੂਸ ਕਰਦਾ ਗਿਆ ਸੀ ਕਿ ਸਿੱਖਾਂ ਨੂੰ ਮਾਰਨਾ ਮੁਸ਼ਕਲ ਹੈ। ਪੰਜ ਵਾਰੀ ਉਹ ਆਪਣੇ ਟਿਕਾਣਿਆਂ ਤੋਂ ਉਖਾੜੇ[2] ਗਏ ਅਤੇ ਸੱਤ ਵਾਰੀ ਕਤਲਿਆਮ ਹੋਇਆ। ਜਾਪਾਨ ਦਾ ਦੂਜੀ ਵੱਡੀ ਜੰਗ ਹਾਰਨ ਦਾ ਇਕ ਕਾਰਨ ਸੀ ਉਨ੍ਹਾਂ ਦੇ ਘਰ ਘਾਟ ਦਾ (ਹੀਰੋਸ਼ੀਮਾ ਤੇ ਨਾਗਾਸਾਕੀ) ਤਬਾਹ ਹੋ ਜਾਣਾ। ਕੋਈ ਕੌਮ ਆਪਣੀਆਂ ਅੱਖਾਂ ਦੇ ਸਾਹਮਣੇ ਆਪਣੇ ਘਰ ਘਾਟਾਂ ਨੂੰ ਤਬਾਹ ਹੁੰਦਾ ਨਹੀਂ ਦੇਖ ਸਕਦੀ। ਸਿੱਖ ਤਾਂ ਆਪਣਾ ਘਰ ਬਣਾਉਣ ਦੀ ਜਦੋਜਹਿਦ ਵਿਚ ਸਨ, ਸੋ ਮੁਕਾਬਲੇ ਵਾਲੇ ਦੁਸ਼ਮਣ ਹਾਰ ਗਏ। ਇਨ੍ਹਾਂ ਕੌਮੀ ਗੁਣਾਂ ਤੋਂ ਬਿਨਾਂ ਸਿੱਖਾਂ ਦਾ ਕੌਮੀ ਆਚਰਣ ਨਮੂਨੇ ਦਾ ਸੀ। ਇਸ ਗੱਲ ਵੱਲ ਕਾਜ਼ੀ ਨੂਰ ਮੁਹੰਮਦ ਤੇ ਹੋਰ ਇਤਿਹਾਸਕਾਰਾਂ ਨੇ ਧਿਆਨ ਦਿਲਵਾਇਆ ਹੈ। ਨੂਰ ਮੁਹੰਮਦ ਲਿਖਦਾ ਹੈ, ''ਲੜਨ ਢੰਗ ਤੋਂ ਇਲਾਵਾ ਇਨ੍ਹਾਂ ਦਾ ਇਕ ਹੋਰ ਗੁਣ ਵੀ ਸੁਣਨ ਵਾਲਾ ਹੈ। ਉਸ ਗੁਣ ਵਿਚ ਹੋਰਨਾਂ ਸੂਰਮਿਆਂ ਨਾਲੋਂ ਬਹੁਤ ਅੱਗੇ ਵਧੇ ਹੋਏ ਹਨ। ਇਹ ਉਸ ਮਰਦ ਨੂੰ, ਜੋ ਲੜਾਈ ਵਿਚ ਹਥਿਆਰ ਸੁੱਟ ਦੇਵੇ, ਕਦੀ ਵੀ ਨਹੀਂ ਮਾਰਦੇ ਤੇ ਨਾ ਹੀ ਨੱਸੇ ਜਾਂਦੇ ਨੂੰ ਪਕੜਦੇ ਹਨ। ਇਹ ਨਾ ਕਿਸੇ ਤ੍ਰੀਮਤ ਦਾ ਗਹਿਣਾ ਰੁਪਿਆ ਲੁੱਟਦੇ ਹਨ, ਭਾਵੇਂ ਉਹ ਸੁਆਣੀ ਹੋਵੇ ਭਾਵੇਂ ਮਾਮੂਲੀ ਗੋਲੀ ਬਾਂਦੀ, ਸਗੋਂ ਇਹ ਆਖਦੇ ਹਨ ਕਿ ਬੁੱਢੀਆ, ਸਾਡੇ ਅੱਗੋਂ ਹਟ ਜਾ, ਪਾਸੇ ਹੋ ਬੈਠ।[3] ਇਨ੍ਹਾਂ

---

1. ਕਰਨਲ ਪੋਲੀਅਰ (Pollier) ਮਈ ੧੭੭੬ ਵਿਚ ਲਿਖਦਾ ਹੈ, "ਤੰਬੂ ਜੇ ਕੋਈ ਹੁੰਦਾ ਸੀ ਤਾਂ ਸਰਦਾਰ ਲਈ ਹੀ ਹੁੰਦਾ ਸੀ। ਬਾਕੀਆਂ ਲਈ ਕੰਬਲ। ਹੱਲਾ ਬੋਲਣ ਵੇਲੇ ਕੰਬਲ ਨੂੰ ਕਾਠੀਆਂ ਉੱਤੇ ਪਾ ਲੈਂਦੇ ਹਨ। ਸਿੱਖਾਂ ਦੇ ਕੇਵਲ ਪੰਜਾਹ ਆਦਮੀ ਬਾਦਸ਼ਾਹੀ ਫ਼ੌਜ ਦੀ ਪੂਰੀ ਪਲਟਨ ਨੂੰ ਘੇਰੇ ਵਿਚ ਰੱਖਣ ਲਈ ਕਾਫੀ ਹਨ।"
2. ਪੰਜ ਵਾਰ ਤੋ ਸਣ ਪਰਵਾਰ।
   ਭਾਜੜ ਬਣੀ ਬਿਰਾਨੈ ਬਾਰ। (ਪ੍ਰਾਚੀਨ ਪੰਥ ਪ੍ਰਕਾਸ਼)
3. ਕਿ ਨਾ-ਕੁਸ਼ੰਦ ਨਾ-ਮਰਦ ਰਾ ਹੀਚ ਗਾਹ।
   ਗੁਰੇਜ਼ੰਦਾ ਰਾ ਹਮ ਨਾ ਗੀਰੰਦ ਰਾਹ।
   ਜ਼ਰ ਵੋ ਜ਼ੇਵਰਿ ਜ਼ਨ ਬ-ਤਾਰਾਜ ਨੀਜ਼।
   ਨ ਗੀਰੰਦ ਗਰ ਮੁਹਰਾ ਹਮਤ ਵ ਕਨੀਜ਼।
   ਕਿ ਜ਼ਨ ਗਰ ਜਵਾਂ ਅਸਤ ਵ ਰਹਸਤ ਪੀਰ।
   ਬ ਗੋਇੰਦ ਬੁਢੀਆ ਗੋਸ਼ਾ ਬਰ ਗੋਸ਼ਾ ਗੀਰ। (ਜੰਗਨਾਮਾ, ਬਿਆਨ ੪੧ਵਾਂ)

Sri Satguru Jagjit Singh Ji eLibrary NamdhariElibrary@gmail.com

ਵਿਚ ਵਿਭਚਾਰ ਵੀ ਨਹੀਂ, ਨਾ ਹੀ ਇਹ ਚੋਰੀ ਕਰਦੇ ਹਨ। ਤ੍ਰੀਮਤ ਭਾਵੇਂ ਉਹ ਜੁਆਨ ਹੋਵੇ ਜਾਂ ਬਿਰਧ, ਬੁੱਢੀ ਹੀ ਆਖਦੇ ਹਨ। ਬੁੱਢੀ ਦੇ ਅਰਥ ਹਿੰਦੁਸਤਾਨ ਵਿਚ 'ਵੱਡੀ ਉਮਰ ਵਾਲੀ ਤ੍ਰੀਮਤ' ਕੀਤੇ ਜਾਂਦੇ ਹਨ। ਨਾ ਹੀ ਇਹ ਚੋਰੀ ਕਰਦੇ ਹਨ ਤੇ ਨਾ ਹੀ ਸੰਨ੍ਹ ਮਾਰਦੇ ਹਨ। ਇਹ ਚੋਰੀ ਤੇ ਸੰਨ੍ਹ ਮਾਰਨ ਵਾਲੇ ਨੂੰ ਆਪਣਾ ਮਿੱਤਰ ਨਹੀਂ ਬਣਾਉਂਦੇ।'' ਇਸੇ ਤਰ੍ਹਾਂ ਬੂਟੇ ਸ਼ਾਹ ਨੇ ਤਾਰੀਖ਼ੇ-ਪੰਜਾਬ ਵਿਚ ਲਿਖਿਆ ਹੈ, ''ਜੇ ਕਿਧਰੇ ਸਿੱਖ ਕਿਸੇ ਕਾਫ਼ਲੇ ਉੱਤੇ ਹੱਲਾ ਬੋਲਦੇ ਹਨ ਤਾਂ ਉਹ ਕਿਸੇ ਮਰਦ ਦੇ ਸਿਰ ਤੋਂ ਪਗੜੀ ਉੱਕਾ ਹੀ ਨਹੀਂ ਸੀ ਉਤਾਰਦੇ ਤੇ ਨਾ ਹੀ ਔਰਤਾਂ ਦੇ ਗਹਿਣੇ ਗੱਟਿਆਂ ਜਾਂ ਕੱਪੜਿਆਂ ਨੂੰ ਹੱਥ ਲਗਾਉਂਦੇ ਸਨ।''[1] ਭਾਈ ਰਤਨ ਸਿੰਘ ਭੰਗੂ ਨੇ ਵੀ ਕੌਮੀ ਆਚਰਣ ਦੀ ਤਸਵੀਰ ਇਨ੍ਹਾਂ ਅੱਖਰਾਂ ਵਿਚ ਖਿੱਚੀ ਹੈ :

*"ਸਿੰਘ ਹੁਤੇ ਤਪੀਏ ਜਪੀਏ ਸਿਦਕੀ ਤਬਹੂ ਸਤ ਔਰ ਜਤ ਵਾਰੇ।*
*ਬੀਰ ਬਿਸਾਲ ਦਾਤਾਰ ਬਲੀ, ਦਿਲ ਕੇ ਸੁਚ ਸਾਫ਼ ਔ ਭੋਲੇ ਭੰਡਾਰੇ।"*
*ਯਹੀ ਲਾਇਕੀ ਖਾਲਸੇ ਮਾਹਿ।*
*ਲੜਨ ਮਰਨ ਮੈ ਰਹੇ ਅਗਾਂਹਿ।*
*ਔਰ ਪ੍ਰਸ਼ਾਦ ਵੰਡ ਕੇ ਖਾਹਿ।*
*ਮਿਠਾ ਬੋਲਹਿ ਸਿਖੀ ਕਮਾਹਿ।*
*ਗੁਰਬਾਣੀ ਸਿਉ ਲਾਵੈ ਹੇਤਿ।*
*ਦਿਵਸ ਰੈਨ ਬਹੁਤ ਰਹੇ ਸੁਚੇਤ।*
*ਹਿੰਦੂ ਹੋਵੇ ਤਿਸ ਖੁਲਾਵੈ ਨਾਲ।*
*ਨੀਚ ਹੋਇ ਤਿਸ ਕਰੈ ਪ੍ਰਤਿਪਾਲ।*

**੯. ਜ਼ਿਮੀਂਦਾਰ ਤੇ ਆਮ ਲੋਕੀਂ ਸਿੱਖਾਂ ਦੀ ਮਦਦ ਤੇ :** ਸਿੱਖਾਂ ਨੇ ਪਿਛਲੇ ਕੁਝ ਸਾਲਾਂ ਤੋਂ ਆਮ ਲੋਕਾਂ ਦੀ ਹਮਦਰਦੀ ਜਿੱਤ ਲਈ ਸੀ। ਸਿੱਖ ਹੁਣ 'ਰਾਖੇ' ਕਰ ਕੇ ਸਤਿਕਾਰੇ ਜਾਂਦੇ ਸਨ। ਜ਼ਿਮੀਂਦਾਰ ਤੇ ਲਹਿਣੇਦਾਰ ਸਿੱਖਾਂ ਨੂੰ 'ਰਾਖੀ' ਦੇਣ ਵਿਚ ਖ਼ੁਸ਼ੀ ਮਹਿਸੂਸ ਕਰਦੇ ਸਨ। ਆਪਣੇ ਘਰ ਦਾ ਇਕ ਪੁੱਤਰ ਸਿੱਖ ਬਣਾਉਣਾ ਫ਼ਖਰ ਦੀ ਗੱਲ ਸਮਝਿਆ ਜਾਣ ਲੱਗ ਪਿਆ ਸੀ। ਜ਼ਿਮੀਂਦਾਰ ਵੀ ਇਹ ਜਾਣਦੇ ਸਨ ਕਿ ਅਬਦਾਲੀ ਬਹੁਤ ਦੇਰ ਪੰਜਾਬ ਵਿਚ ਨਹੀਂ ਰਹਿ ਸਕਦਾ। ਅੰਤ ਰਾਜ ਅਧਿਕਾਰ ਸਿੱਖਾਂ ਦਾ ਹੀ ਹੋਣਾ ਹੈ। ਸੋ ਕੁਝ ਲੋਕੀਂ ਹਮਦਰਦੀ ਕਾਰਨ ਤੇ ਕੁਝ ਸਹਿਮ ਕਾਰਨ ਸਿੱਖਾਂ ਦੀ ਮਦਦ ਕਰਨ ਲੱਗ ਪਏ ਸਨ। ਸਿੱਖਾਂ ਦੀ ਮਦਦ ਦੁਸ਼ਮਣਾਂ ਤੋਂ ਰਾਖੀ ਦੀ ਸਾਖ ਸੀ। ਇਹ ਹੀ ਕਾਰਨ ਹੈ ਕਿ ਅਹਿਮਦ ਸ਼ਾਹ ਨੇ ਆਪਣੇ ਆਖ਼ਰੀ ਹਮਲੇ ਵੇਲੇ ਜ਼ਿਮੀਂਦਾਰਾਂ[2] ਉੱਤੇ ਡੇਢ ਲੱਖ ਰੁਪਏ ਜੁਰਮਾਨਾ ਵੀ ਕੀਤਾ

1. ਵਾ ਗਰ ਦਹਹੀਨੇ ਨਾਜ਼ਾਕੀ ਕਸੇ ਕਾਫ਼ਲਾ ਰਾ ਤਾਰਾਜ ਨਮੂਦੰਦ,
ਦਸਤਾਰ ਅਜ਼ ਸਰੇ ਮਰਦ ਹਰਗਿਜ਼ ਫ਼ਰਾ ਨਾ ਮੇ ਆਵਰੁਦੰਦ।
ਵਾ ਬਰਪਾਰਚਾ ਵ ਜ਼ੇਵਰੇ ਜ਼ਨਾ,
ਮੁਤਲਿਕ ਦਸਤ ਅੰਦਾਜ਼ ਨਾ ਪੋਸ਼ ਵੰਦ।
2. ਸਿਆਲਕੋਟ, ਗੁਜਰਾਤ, ਔਰੰਗਾਬਾਦ ਦੇ ਜ਼ਿਮੀਂਦਾਰਾਂ ਤੇ।

Sri Satguru Jagjit Singh Ji eLibrary NamdhariElibrary@gmail.com

ਸੀ ਕਿ ਉਹ ਸਿੱਖਾਂ ਦੀ ਮਦਦ ਕਿਉਂ ਕਰਦੇ ਸਨ। ਪਰ ਜ਼ਿਮੀਂਦਾਰ ਤਾਂ ਸਿੱਖਾਂ ਦੀ 'ਰਾਖੀ' ਮੰਗ ਕੇ ਅੱਗਾ ਸਵਾਰ ਰਹੇ ਸਨ। ਕਈ ਵਾਰੀ ਐਸਾ ਹੋਣ ਲੱਗ ਪਿਆ ਕਿ ਸਿੱਖ ਸਾਰੀ ਦਿਹਾੜੀ ਪਿੰਡਾਂ ਦੀਆਂ ਹਵੇਲੀਆਂ ਵਿਚ ਗੁਜ਼ਾਰ ਜਾਂਦੇ ਤੇ ਰਾਤੀਂ ਹਮਲੇ ਲਈ ਤਿਆਰੀ ਕਰਕੇ ਦੁਸ਼ਮਣ ਨੂੰ ਭਾਜੜ ਪਾ ਦਿੰਦੇ। ਇਸ ਤਰ੍ਹਾਂ ਲੋੜੀਂਦਾ ਆਰਾਮ ਉਨ੍ਹਾਂ ਨੂੰ ਮਿਲਣ ਲੱਗਾ।

**੧੦. ਅਬਦਾਲੀ ਦੇ ਘਰ ਦੇ ਝਗੜੇ :** ਅਬਦਾਲੀ ਬੇਸ਼ਕ ਗਿਆਰਾਂ ਹਮਲੇ ਤਾਂ ਕਰ ਸਕਿਆ, ਪਰ ਕਿਸੇ ਹਮਲੇ ਵੇਲੇ ਵੀ ਇਕ ਸਾਲ ਤੋਂ ਵੱਧ ਹਿੰਦੁਸਤਾਨ ਵਿਚ ਟਿਕ ਨ ਸਕਿਆ। ਉਸ ਲਈ ਹਿੰਦੁਸਤਾਨ ਨਾਲੋਂ ਅਫ਼ਗਾਨ ਸਾਮਰਾਜ ਜ਼ਰੂਰੀ ਸੀ। ਜੇ ਘਰ ਕਮਜ਼ੋਰ ਤੇ ਗ਼ੈਰ-ਸੁਰੱਖਿਆਤ ਸੀ ਤਾਂ ਪੰਜਾਬ ਦਾ ਸਾਮਰਾਜ ਨਾਲ ਹੋਣਾ ਜਾਂ ਨਾ ਹੋਣਾ ਕੋਈ ਅਰਥ ਨਹੀਂ ਸੀ ਰੱਖਦਾ। ਘਰ ਦੇ ਇਤਨੇ ਬਿਖੇੜੇ ਸਨ ਕਿ ਉਹ ਅਬਦਾਲੀ ਦਾ ਅਟਿਕ ਧਿਆਨ ਸਿੱਖਾਂ ਵੱਲ ਨਹੀਂ ਸਨ ਲੱਗਣ ਦਿੰਦੇ। ਹਰਾਤ ਤੇ ਨਿਸ਼ਾਪੁਰ ਜੋ ਅਫ਼ਗਾਨਿਸਤਾਨ ਦੀ ਇਕ ਨੁੱਕਰੇ ਸਨ, ਉਸ ਦਾ ਧਿਆਨ ਖਿੱਚੀ ਰੱਖਦੇ ਸਨ। ਦੂਸਰੇ ਪਾਸੇ ਮਸ਼ਹਦ ਵਿਚ ਕਈ ਵਾਰੀ ਉਸ ਨੂੰ ਆਪ ਜਾਣਾ ਪਿਆ। ੧੭੫੨ ਵਿਚ ਉਸ ਦੇ ਆਪਣੇ ਭਤੀਜੇ ਨੇ ਬਗ਼ਾਵਤ ਕਰ ਦਿੱਤੀ। ਹਿੰਦੁਸਤਾਨ ਦੀ ਕਾਰਵਾਈ ਵਿਚੇ ਛੱਡ ਕੇ ਉਸ ਨੂੰ ਮੁੜਨਾ ਪਿਆ। ੧੭੫੬ ਵਿਚ ਤੁਰਕਿਸਤਾਨ ਤੇ ਈਰਾਨ ਵਿਚ ਬਗ਼ਾਵਤਾਂ ਹੋਈਆਂ, ਜਿਨ੍ਹਾਂ ਨੇ ਅਬਦਾਲੀ ਨੂੰ ਉਧਰ ਹੀ ਘੇਰੀ ਰੱਖਿਆ। ਉਸ ਸਮੇਂ ਹੀ ਮਰਹੱਟਿਆਂ ਨੇ ਪੰਜਾਬ ਤੇ ਕਬਜ਼ਾ ਕੀਤਾ। ੧੭੫੮ ਵਿਚ ਬਲੋਚਸਤਾਨ ਵਿਚ ਬਗ਼ਾਵਤ ਹੋਈ, ਜਿਸ ਕਾਰਨ ਉਹ ਪੰਜਾਬ ਨਾ ਮੁੜ ਸਕਿਆ। ਉਸ ਦੇ ਰੁਹਬ ਉੱਤੇ ਚੰਗੀ ਸੱਟ ਪਈ। ੧੭੬੨ ਵਿਚ ਕੰਧਾਰ, ਹਰਾਤ ਵਿਚ ਬਗ਼ਾਵਤਾਂ ਹੋਈਆਂ ਜਿਨ੍ਹਾਂ ਨੇ ਸਿੱਖਾਂ ਨੂੰ ਘੱਲੂਘਾਰੇ ਦੀ ਵੱਡੀ ਸੱਟ ਬਾਅਦ ਵਧਣ ਵਿਚ ਸਹਾਇਤਾ ਦਿੱਤੀ। ੧੭੬੮ ਵਿਚ ਨਸੀਰ-ਉਲਾ ਮਿਰਜ਼ਾ ਨੇ ਬਗ਼ਾਵਤ ਕੀਤੀ ਤੇ ਅਬਦਾਲੀ ਨੂੰ ਤਕਰੀਬਨ ਨੱਸਣਾ ਹੀ ਪਿਆ। ਇਨ੍ਹਾਂ ਕਾਰਨਾਂ ਕਰਕੇ ਸਿੱਖ ਮਜ਼ਬੂਤ ਹੁੰਦੇ ਰਹੇ ਜੋ ਹਰ ਸਮੇਂ ਹੀ ਤਾਕ ਵਿਚ ਸਨ। ਤੈਮੂਰ ਸ਼ਾਹ ਦਾ ਕਹਿਣਾ ਠੀਕ ਹੈ ਕਿ ਅਬਦਾਲੀ ਦੇ ਹਰ ਹਮਲੇ ਨੇ ਸਿੱਖਾਂ ਦੀ ਖੁਸ਼ਹਾਲੀ ਵਿਚ ਵਾਧਾ ਕੀਤਾ।

ਸਿੱਖ ਨਿਰਸੰਦੇਹ ਪੰਜਾਬ ਦੇ ਮਾਲਕ ਬਣ ਗਏ। ਕੋਈ ਤਾਕਤ ਵੀ ਰੋਕ ਪਾਉਣ ਵਾਲੀ ਨਹੀਂ ਸੀ ਰਹੀ। ਮੁਗ਼ਲ ਤਾਂ ਪੰਜਾਬ ਤੇ ਅਧਿਕਾਰ ੧੭੫੦ 'ਚ ਹੀ ਛੱਡ ਬੈਠੇ ਸਨ। ਮਰਹੱਟੇ ਇਸ ਪਾਸੇ ਆਉਣ ਦੀ ਸੋਚ ਵੀ ਨਹੀਂ ਸਨ ਸਕਦੇ। ਅਫਗਾਨਾਂ ਨੇ ਵੀ ਇਹ ਹਕੀਕਤ ਮੰਨ ਲਈ ਸੀ ਕਿ ਸਿੱਖਾਂ ਨੂੰ ਹਰਾਇਆ ਨਹੀਂ ਜਾ ਸਕਦਾ। ਤੈਮੂਰ ਸ਼ਾਹ ਕੋਸ਼ਿਸ਼ ਛੱਡ ਬੈਠਾ ਸੀ। ਉਸ ਦਾ ਯਕੀਨ ਸੀ ਕਿ ਜਿਸ ਕੋਸ਼ਿਸ਼ ਵਿਚ ਅਹਿਮਦਸ਼ਾਹ ਕਾਮਯਾਬ ਨਹੀਂ ਹੋਇਆ, ਉਸ ਦੀ ਨਾਕਾਮਯਾਬੀ ਕੁਦਰਤੀ ਹੈ। ਜ਼ਮਾਨ ਸ਼ਾਹ ਨੇ ਭਾਵੇਂ ਕੋਸ਼ਿਸ਼ ਕੀਤੀ ਪਰ ਉਸ ਨੂੰ ਵੀ ਹਾਰ ਦਾ ਹੀ ਮੂੰਹ ਦੇਖਣਾ ਪਿਆ।

*****

Sri Satguru Jagjit Singh Ji eLibrary NamdhariElibrary@gmail.com

# ਅਹਿਮਦਸ਼ਾਹ ਅਬਦਾਲੀ ਦੇ ਕੀਤੇ ਹਮਲਿਆਂ ਦੇ ਪ੍ਰਭਾਵ

# ੧੫

*"ਖਾਧਾ ਪੀਤਾ ਲਾਹੇ ਦਾ,*
*ਬਾਕੀ ਅਹਿਮਦ ਸ਼ਾਹਿ ਦਾ।"*

ਅਬਦਾਲੀ ਦੇ ਹਮਲਿਆਂ ਨੂੰ ਪੰਜਾਬ ਦੇ ਇਤਿਹਾਸ ਵਿਚ ਮਹੱਤਵਪੂਰਨ ਥਾਂ ਹਾਸਲ ਹੈ। ਨਾਦਰ ਦੇ ਹਮਲੇ ਨਾਲੋਂ ਕਿਧਰੇ ਵੱਧ ਪ੍ਰਭਾਵ ਅਬਦਾਲੀ ਦੇ ਹਮਲਿਆਂ ਦਾ ਪੰਜਾਬ ਤੇ ਪਿਆ। ਇਹ ਠੀਕ ਹੈ ਕਿ ਨਾਦਰ ਦਾ ਹਮਲਾ ਇਤਿਹਾਸ ਵਿਚ ਪਹਿਲਾ ਹੋਣ ਕਾਰਨ ਪ੍ਰਸਿੱਧ ਹੈ, ਪਰ ਨਾਦਰ ਦਾ ਹਮਲਾ ਤਾਂ ਕਈ ਹੋਰ ਹਮਲਿਆਂ ਦਾ ਅਰੰਭ ਹੀ ਸੀ। ਇਸ ਵਿਚ ਕੋਈ ਸ਼ੱਕ ਨਹੀਂ ਕਿ ਨਾਦਰ ਨੇ ਮੁਗ਼ਲ ਸਾਮਰਾਜ ਦੀ ਨੀਂਹ ਹਿਲਾ ਦਿੱਤੀ ਸੀ, ਪਰ ਮੁਗ਼ਲ ਸਾਮਰਾਜ ਨੂੰ ਜੜ੍ਹੋਂ ਉਖਾੜਨ ਦਾ ਕੰਮ ਅਬਦਾਲੀ ਨੇ ਹੀ ਕੀਤਾ। ਨਾਦਰ ਦੇ ਹਮਲੇ ਵੇਲੇ ਸਿੱਖ ਅਜੇ ਪੈਦਾ ਹੋ ਰਹੀ ਰਾਜਨੀਤਕ ਤਾਕਤ ਸਨ। ਸਿੱਧੇ ਤੌਰ ਉੱਤੇ ਸਿੱਖ ਨਾਦਰ ਦੇ ਹਮਲੇ ਦਾ ਲਾਭ ਨਾ ਉਠਾ ਸਕੇ, ਪਰ ਅਬਦਾਲੀ ਦੇ ਹਮਲਿਆਂ ਨੇ ਸਿੱਖਾਂ ਉੱਤੇ ਹਰ ਪ੍ਰਕਾਰ ਦੇ ਪ੍ਰਭਾਵ ਪਾਏ। ਅਬਦਾਲੀ ਦੇ ਹਮਲਿਆਂ ਦੇ ਪ੍ਰਭਾਵ ਬਹੁਤ ਡੂੰਘੇ ਸਨ, ਉਨ੍ਹਾਂ ਦਾ ਵਰਨਣ ਕਰਨਾ ਜ਼ਰੂਰੀ ਹੈ :

**੧. ਪੰਜਾਬ ਦਾ ਮੁਗ਼ਲ ਸਾਮਰਾਜ ਨਾਲੋਂ ਟੁੱਟ ਜਾਣਾ** : ਨਾਦਰ ਦੇ ਹਮਲੇ ਦਾ ਸਿਰਫ਼ ਇਕ ਨਿਸ਼ਾਨਾ ਸੀ ''ਦੌਲਤ ਦੀ ਲੁੱਟ।'' ਨਾਦਰ ਆਪਣੇ ਮਕਸਦ ਵਿਚ ਬਹੁਤ ਹੱਦ ਤਕ ਕਾਮਯਾਬ ਹੋਇਆ ਜਦ ਦਿੱਲੀ ਦਾ ਖ਼ਜ਼ਾਨਾ ਖ਼ਾਲੀ ਕਰਕੇ ਨਾਲ ਲੈ ਗਿਆ। ਅਬਦਾਲੀ ਨੇ ਜਦ ਦਿੱਲੀ ਫ਼ਤਹਿ ਕੀਤੀ ਤਾਂ ਪਹਿਲਾ ਫ਼ੁਰਮਾਨ ਜਿਸ ਉੱਤੇ ਦਿੱਲੀ ਦੇ ਸ਼ਾਹ ਦੇ ਦਸਤਖ਼ਤ ਕਰਾਏ, ਉਹ ਪੰਜਾਬ ਨੂੰ ਅਫ਼ਗਾਨ ਸਾਮਰਾਜ ਦਾ ਹਿੱਸਾ ਬਣਾਉਣਾ ਕਬੂਲ ਕਰਨਾ ਸੀ। ਪੰਜਾਬ ਮੁਗ਼ਲ ਸਾਮਰਾਜ ਨਾਲੋਂ ਟੁੱਟ ਗਿਆ। ਪੰਜਾਬ ਵਿਚੋਂ ਇਕ ਤਾਕਤ ਪੂਰਨ ਤੌਰ ਤੇ ਖ਼ਤਮ ਹੋ ਗਈ। ਮੁਗ਼ਲਾਂ ਨੇ ਆਪਣਾ ਅਧਿਕਾਰ ਵੰਡਣਾ ਤੇ ਛੱਡਣਾ ਮੰਨ ਲਿਆ। ਇਹ ਇਕ ਮਹੱਤਵਪੂਰਨ ਤਬਦੀਲੀ ਸੀ। ਸਦੀਆਂ ਤੋਂ ਪੰਜਾਬ ਜੋ ਹਿੰਦੁਸਤਾਨ ਦਾ ਹਿੱਸਾ ਤੁਰਿਆ ਆ ਰਿਹਾ ਸੀ, ਉਸ ਨੂੰ ਅਫ਼ਗਾਨਿਸਤਾਨ ਦਾ ਹਿੱਸਾ ਮੰਨ ਲਿਆ ਗਿਆ। ਲਾਹੌਰ, ਮੁਲਤਾਨ, ਸਰਹਿੰਦ ਦੇ ਨਵਾਬ ਕਾਬਲ ਤੋਂ ਨਿਯਤ ਹੋਣ ਲੱਗ ਪਏ। ਮੁਗ਼ਲਾਂ ਦਾ ਅਸਰ ਹਟ ਜਾਣ ਨਾਲ ਸਿੱਖਾਂ ਦਾ ਪ੍ਰਭਾਵ ਵਧਿਆ। ਮੁਗ਼ਲ ਤਾਂ ਹੁਣ ਫਿਰ ਵੀ ਦੇਸ਼ ਦੇ ਬਾਸ਼ਿੰਦੇ ਗਿਣੇ ਜਾਣ ਲੱਗ ਪਏ ਸਨ, ਪਰ ਅਫ਼ਗਾਨਾਂ ਨੂੰ ਦੇਸ਼ ਦੇ ਬਣਦਿਆਂ ਕਈ ਸਦੀਆਂ ਲੱਗਣੀਆਂ ਸਨ। ਸੋ ਅਫ਼ਗਾਨਾਂ ਵਿਰੁੱਧ ਜਨਤਾ ਉਠਾਣੀ ਆਸਾਨ ਹੋ ਗਈ ਤੇ ਸਿੱਖਾਂ ਨੂੰ



Sri Satguru Jagjit Singh Ji eLibrary NamdhariElibrary@gmail.com

ਵੀ ਇਕ ਤਾਕਤ (ਮੁਗ਼ਲ) ਖ਼ਾਤਮੇ ਦੀ ਸ਼ਕਲ ਵਿਚ ਮਿਲੀ।

**੨. ਮਰਹੱਟਿਆਂ ਦੀ ਤਾਕਤ ਦਾ ਖ਼ਤਮ ਹੋਣਾ** : ਮਰਹੱਟੇ ਹਿੰਦੁਸਤਾਨ ਵਿਚ ਇਕ ਤਗੜੀ ਤਾਕਤ ਬਣ ਗਏ ਸਨ। ਪੇਸ਼ਵਿਆਂ ਦੀ ਅਗਵਾਈ ਹੇਠਾਂ ਉਨ੍ਹਾਂ ਦਿੱਲੀ ਤੇ ਫਿਰ ਪੰਜਾਬ ਨੂੰ ਕਬਜ਼ੇ ਵਿਚ ਕਰ ਲਿਆ ਸੀ। ਪੰਜਾਬ ਵਿਚ ਮਰਹੱਟਿਆਂ ਦੀ ਤਾਕਤ ਮਜ਼ਬੂਤ ਹੋਣ ਦਾ ਇਕ ਹੀ ਸਿੱਟਾ ਨਿਕਲਣਾ ਸੀ ਕਿ ਸਿੱਖ ਤਾਕਤ ਨਾਮ ਮਾਤਰ ਹੋ ਜਾਂਦੀ। ਉਸ ਸੂਰਤ ਵਿਚ ਸਿੱਖਾਂ ਲਈ ਪੰਜਾਬ ਦਾ ਰਾਜ ਸੰਭਾਲਣਾ ਕਠਨ ਹੋ ਜਾਣਾ ਸੀ। ਮਰਹੱਟੇ ਬਦੇਸ਼ੀ ਵੀ ਨਹੀਂ ਸਨ। ਸੋ ਜਜ਼ਬਾਤ ਉਭਾਰਨੇ ਵੀ ਮੁਸ਼ਕਲ ਹੋ ਜਾਣੇ ਸਨ। ਦਿੱਲੀ ਦੀ ਹਕੂਮਤ ਮਰਹੱਟਿਆਂ ਕੋਲ ਸੀ ਤੇ ਮਹਾਂਰਾਸ਼ਟਰ ਦੇ ਲੜਾਕੇ ਗੁਰੀਲਾ ਜੰਗ ਤੋਂ ਵੀ ਚੰਗੀ ਤਰ੍ਹਾਂ ਜਾਣੂ ਸਨ। ਕਿਹਾ ਨਹੀਂ ਜਾ ਸਕਦਾ ਕਿ ਇਸ ਮਰਹੱਟਿਆਂ ਅਤੇ ਸਿੱਖਾਂ ਦੀ ਜੰਗ ਦੇ ਕੀ ਨਤੀਜੇ ਨਿਕਲਦੇ? ਅਬਦਾਲੀ ਦੇ ਪੰਜਵੇਂ ਹਮਲੇ ਨੇ, ਮਰਹੱਟਿਆਂ ਨੂੰ ਪਾਨੀਪਤ ਦੇ ਅਸਥਾਨ ਤੇ ਲੱਕ-ਤੋੜਵੀਂ ਹਾਰ ਦਿੱਤੀ। ਇਸ ਤਰ੍ਹਾਂ ਪੰਜਾਬ ਦੇ ਇਕ ਹੋਰ ਦਾਅਵੇਦਾਰ ਦਾ ਖ਼ਾਤਮਾ ਹੋ ਗਿਆ। ਮਰਹੱਟਿਆਂ ਦਾ ਦਿੱਲੀ ਜਾਂ ਪੰਜਾਬ ਵੱਲ ਆਉਣਾ ਇਕ ਦਾਸਤਾਨ ਹੋ ਗਈ। ਸਿੱਖਾਂ ਦੇ ਰਸਤੇ ਵਿਚੋਂ ਮਰਹੱਟਾ ਤਾਕਤ ਦੇ ਹਟਣ ਨਾਲ ਸਿੱਧੀ ਟੱਕਰ ਅਫ਼ਗਾਨਾਂ ਨਾਲ ਹੋ ਗਈ। ਸੋ ਮਰਹੱਟਿਆਂ ਦੀ ਹਾਰ ਨੇ ਸਿੱਖਾਂ ਦੀ ਜਿੱਤ ਦੇ ਸਾਧਨ ਬਣਾਏ।

**੩. ਹਰ ਹਮਲੇ ਨੇ ਸਿੱਖਾਂ ਦਾ ਪ੍ਰਭਾਵ ਖੇਤਰ ਵਧਾਇਆ** : ਅਬਦਾਲੀ ਦਾ ਹਰ ਹਮਲਾ ਸਿੱਖਾਂ ਲਈ ਗਨੀਮਤ ਸਾਬਤ ਹੁੰਦਾ ਸੀ। ਸਿੰਘ ਤਾਂ ਕਹਿੰਦੇ ਹੀ ਸਨ ਕਿ ਕੰਡੇ ਨਾਲ ਕੰਡਾ ਨਿਕਲਦਾ ਹੈ ਅਤੇ ਫਿਰ ਕੰਡਾ ਸੁੱਟ ਦਈਦਾ ਹੈ। ਕਲਗੀਧਰ ਦੇ ਬਚਨ, ਸਿੰਘ ਕਈ ਵਾਰ ਬੋਲਿਆ ਕਰਦੇ ਸਨ :

*ਕਾਬਲ ਸੇ ਕੁੱਤਾ ਮੰਗਵਾਊਂ।*
*ਉਨ ਕੋ ਉਨ ਸੇ ਮਰਵਾਊਂ।*

ਪਹਿਲੇ ਤਿੰਨ ਹਮਲਿਆਂ ਵੇਲੇ ਸਿੱਖਾਂ ਨੇ ਆਪਣੀ ਜਥੇਬੰਦੀ ਮਜ਼ਬੂਤ ਕੀਤੀ। ਅਬਦਾਲੀ ਦਾ ਸਾਰਾ ਧਿਆਨ ਦਿੱਲੀ ਵੱਲ ਸੀ ਤੇ ਪੰਜਾਬ ਦੇ ਗਵਰਨਰ ਇਤਨੇ ਤਗੜੇ ਤੇ ਸੁੱਘੜ ਨਹੀਂ ਸਨ ਹੁੰਦੇ ਕਿ ਉਹ ਸਿੱਖਾਂ ਦੀ ਵਧ ਰਹੀ ਅਤੇ ਜਥੇਬੰਦ ਹੋ ਰਹੀ ਤਾਕਤ ਨੂੰ ਰੋਕ ਪਾ ਸਕਣ। ਅਬਦਾਲੀ ਆਪ ਪੂਰਾ ਧਿਆਨ ਦੇਣ ਜੋਗਾ ਨਹੀਂ ਸੀ। ਅਬਦਾਲੀ ਨੂੰ ਜਦ ਸ਼ਾਹ ਨਵਾਜ਼ ਖ਼ਾਨ ਨੇ ਹਮਲਾ ਕਰਨ ਲਈ ਸੱਦਾ ਦਿੱਤਾ ਤੇ ਫਿਰ ਮੁੱਕਰ ਗਿਆ ਤਾਂ ਸਿੱਖਾਂ ਨੇ ਉਸ ਦੌਰਾਨ ਵਿਚ ਕਿਲ੍ਹੇ ਅਸਥਾਪਣ ਕਰਨੇ ਅਰੰਭ ਕਰ ਦਿੱਤੇ ਸਨ। ਦੂਜੇ ਹਮਲੇ ਵੇਲੇ ਮੀਰ ਮੰਨੂੰ ਪੰਜਾਬ ਦਾ ਗਵਰਨਰ ਜ਼ਰੂਰ ਸੀ, ਪਰ ਉਹ ਅਬਦਾਲੀ ਨਾਲ ਟੱਕਰ ਵਿਚ ਰੁੱਝਿਆ ਰਿਹਾ ਜਿਸ ਕਾਰਨ ਸਿੱਖਾਂ ਵਲ ਧਿਆਨ ਨਾ ਦਿੱਤਾ ਜਾ ਸਕਿਆ। ਤੀਜੇ ਹਮਲੇ ਵੇਲੇ ਵੀ ਮੀਰ ਮੰਨੂੰ ਅਬਦਾਲੀ ਨਾਲ ਲੜਦਾ ਰਿਹਾ ਤੇ ਸਿੱਖ ਆਪਣਾ ਪ੍ਰਭਾਵ ਖੇਤਰ ਵਧਾਉਂਦੇ ਰਹੇ। ਚੌਥੇ ਹਮਲੇ ਵੇਲੇ ਅਬਦਾਲੀ ਜਦ ਦਿੱਲੀ ਤੋਂ ਲੁੱਟ ਦਾ ਮਾਲ ਲੈ ਕੇ ਕਾਬਲ ਵੱਲ ਜਾ ਰਿਹਾ ਸੀ ਤੇ ਸਿੱਖਾਂ ਨੇ ਆਪਣਾ ਹਿੱਸਾ ਵੰਡਾਇਆ, ਜੋ ਆਉਣ ਵਾਲੇ ਸਮੇਂ ਵਿਚ ਕਾਫੀ ਕੰਮ ਆਇਆ। ਪਾਨੀਪਤ ਦੀ ਜੰਗ ਵੇਲੇ (ਪੰਜਵਾਂ ਹਮਲਾ) ਤਾਂ ਉਹ ਲਾਹੌਰ ਦੇ ਗਵਰਨਰ ਕੋਲੋਂ ਤਾਵਾਨ ਵੀ ਲੈ ਗਏ ਤੇ ਇੰਜ ਪ੍ਰਤੀਤ ਹੋਣ ਲੱਗ ਪਿਆ ਸੀ ਕਿ ਪੰਜਾਬ ਦੇ ਮਾਲਕ ਹੀ ਸਿੱਖ ਹਨ। ਘੱਲੂਘਾਰੇ ਨੇ ਸਿੱਖਾਂ ਨੂੰ ਘੋਰ ਨੁਕਸਾਨ ਪਹੁੰਚਾਇਆ ਕਿਉਂਜੋ

ਇਕ ਤਾਂ ਹਮਲਾ ਅਚਾਨਕ ਸੀ ਤੇ ਦੂਸਰੇ ਸਿੱਧਾ ਸਿੱਖਾਂ ਵਿਰੁੱਧ ਸੀ, ਪਰ ਬਾਅਦ ਦੇ ਹਮਲਿਆਂ ਨੇ ਨੁਕਸਾਨ ਪਹੁੰਚਾਉਣ ਦੀ ਥਾਂ ਅਬਦਾਲੀ ਨੂੰ ਕਮਜ਼ੋਰ ਕਰ ਦਿੱਤਾ, ਜਿਸਦਾ ਸਿੱਟਾ ਉਸ ਦੇ ਜਾਨਸ਼ੀਨ ਤੈਮੂਰ ਨੇ ਸਿੱਖਾਂ ਵਿਰੁੱਧ ਹਮਲਾ ਕਰਨ ਤੋਂ ਇਨਕਾਰ ਕਰ ਦਿੱਤਾ। ਤੈਮੂਰ ਸ਼ਾਹ ਨੇ ਆਪ ਲਿਖਿਆ ਹੈ ਕਿ ਅਹਿਮਦਸ਼ਾਹ ਦੇ ਹਮਲੇ ਸਿੱਖਾਂ ਦੀ ਤਾਕਤ ਵਧਾਉਣ ਦਾ ਕਾਰਨ ਬਣਦੇ ਰਹੇ ਹਨ। ਸਿੱਖ ਖ਼ੁਸ਼ਹਾਲ ਜਾਂ ਮਜ਼ਬੂਤ ਹੋਏ।

**੪. ਖਾਧਾ ਪੀਤਾ ਲਾਹੇ ਦਾ** : ਨਿੱਤ ਦੇ ਲਗਾਤਾਰ ਹਮਲਿਆਂ ਨੇ ਪੰਜਾਬ ਦੇ ਵਸਨੀਕਾਂ ਦੇ ਸੁਭਾਅ ਵਿਚ ਤਬਦੀਲੀ ਲੈ ਆਂਦੀ। ਨਿੱਤ ਦੇ ਹਮਲਿਆਂ ਨੂੰ ਦੇਖ ਕੇ ਪੰਜਾਬੀਆਂ ਨੇ ਆਪਣਾ ਸੁਭਾਅ ਖੁਲ੍ਹ-ਦਿਲਾ ਤੇ ਅਲਬੇਲਾ ਬਣਾ ਲਿਆ। ਉਹ ਜਾਣ ਗਏ ਸਨ ਕਿ ਅਬਦਾਲੀ ਨੇ ਜੋੜਿਆ ਹੋਇਆ ਧਨ ਕਿਸੇ ਕੋਲ ਰਹਿਣ ਨਹੀਂ ਦੇਣਾ, ਸੋ ਜੋ ਵਰਤ ਲਿਆ ਉਹ ਹੀ ਨਾਲ ਨਿਭਣਾ ਹੈ। ਜੋੜਨਾ ਫ਼ਜ਼ੂਲ ਤੇ ਵਿਅਰਥ ਹੈ, ਕਿਉਂ ਜੋ ਅਬਦਾਲੀ ਨੇ ਲੁੱਟ ਕੇ ਜ਼ਰੂਰ ਲੈ ਜਾਣਾ ਹੈ। ਅਬਦਾਲੀ ਦੇ ਹਮਲਿਆਂ ਨੇ ਹੀ ਸੰਸਾਰ ਪ੍ਰਸਿੱਧ ਅਖਾਣ ਨੂੰ ਜਨਮ ਦਿੱਤਾ—

*"ਖਾਧਾ ਪੀਤਾ ਲਾਹੇ ਦਾ,*
*ਬਾਕੀ ਅਹਿਮਦ ਸ਼ਾਹਿ ਦਾ।"*

ਇਸ ਸੁਭਾਅ ਦੀ ਤਬਦੀਲੀ ਨੇ ਸਿੱਖਾਂ ਨੂੰ ਲਾਭ ਪਹੁੰਚਾਇਆ। ਜਨਤਾ, ਜ਼ਿਮੀਂਦਾਰ ਤੇ ਪੂੰਜੀਦਾਰ ਸਿੱਖਾਂ ਦੀ ਖੁਲ੍ਹੇ ਦਿਲ ਮਦਦ ਕਰਨ ਲੱਗ ਪਏ। ਹੁਣ ਸਿੱਖਾਂ ਦੀ ਮਦਦ ਕਰਕੇ ਲੋਕੀਂ ਤਸੱਲੀ ਜਿਹੀ ਅਨੁਭਵ ਕਰਦੇ।

**੫. ਸਿੱਖ ਫ਼ੌਜ ਵਿਚ ਵਾਧੇ** : ਇਨ੍ਹਾਂ ਹਮਲਿਆਂ ਨੇ ਆਮ ਜਨਤਾ ਵਿਚ ਇਹ ਖ਼ਿਆਲ ਪਾ ਦਿੱਤਾ ਕਿ ਜੇ ਮਰਨਾ ਹੀ ਹੈ ਤਾਂ ਬਹਾਦਰਾਂ ਵਾਲੀ ਮੌਤ ਕਿਉਂ ਨਾ ਮਰਿਆ ਜਾਏ। ਸੂਰਮਿਆਂ ਵਾਲੀ ਮੌਤ ਮਰਨ ਲਈ ਸਿੱਖੀ ਵਿਚ ਸ਼ਾਮਲ ਹੋਣ ਦਾ ਆਸਾਨ ਰਸਤਾ ਸੀ। ਸਿੱਖ ਹੋ ਕੇ ਇਕ ਤਾਂ ਉਹ ਲੋਕਲ ਜ਼ਿਮੀਂਦਾਰਾਂ ਦੇ ਅਤਾਬ ਤੋਂ ਬਚ ਜਾਂਦੇ ਸਨ, ਦੂਜੇ 'ਰਾਖੇ' ਕਹਿਲਾਣ ਲੱਗ ਪੈਂਦੇ ਸਨ। ਸਿੱਖ ਫ਼ੌਜਾਂ ਦੀ ਗਿਣਤੀ ਆਪਣੇ ਆਪ ਵਧਣ ਲੱਗੀ। ਬੇਸ਼ੱਕ ਇਨ੍ਹਾਂ ਸਾਲਾਂ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਸਿੱਖ ਸ਼ਹੀਦ ਹੋਏ, ਪਰ ਫੇਰ ਵੀ ਕੋਈ ਘਾਟ ਨਾ ਆਈ ਤਾਂ ਉਸ ਦਾ ਕਾਰਨ ਇਹ ਹਮਲੇ ਹੀ ਹਨ ਜੋ ਹਰ ਜੁਰਅੱਤ ਵਾਲੇ ਨੂੰ ਸਿੱਖਾਂ ਦੀ ਜਮਾਤ ਵਿਚ ਸ਼ਾਮਲ ਹੋਣ ਲਈ ਪ੍ਰੇਰਦੇ ਸਨ। ਸਿੱਖ ਫ਼ੌਜ ਵਿਚ ਸ਼ਾਮਲ ਹੋਣਾ ਫ਼ਖ਼ਰ ਵਾਲੀ ਗੱਲ ਸਮਝਿਆ ਜਾਣ ਲੱਗ ਪਿਆ ਸੀ। ਫ਼ਾਰਸਟਰ ਨੇ ਠੀਕ ਲਿਖਿਆ ਹੈ ਕਿ ਸਿੱਖ ਫ਼ੌਜ ਵਿਚ ਸ਼ਾਮਲ ਹੋਣ ਦੇ ਦੋ ਕਾਰਨ ਸਨ : ''ਇਕ ਤਸੀਹਾਂ ਤੋਂ ਛੁੱਟੀ ਤੇ ਦੂਜੇ ਖੁਸ਼ਹਾਲ ਤੇ ਮਾਲਾਮਾਲ।'' ਲਿਤਾੜੇ ਹੋਏ ਸਿੱਖਾਂ ਵਿਚ ਸ਼ਾਮਲ ਹੋ ਕੇ ਜਥੇਦਾਰ ਬਣ ਜਾਂਦੇ।

ਫਾਰਸਟਰ ਦੇ ਹੀ ਸ਼ਬਦਾਂ ਵਿਚ :

ਖਿਨਸਾਪੁਰ ਮੈਂ ਦੋ ਸਿੱਖ ਸਵਾਰ ਡਿੱਠੇ ਜੋ ਆਪਣੇ ਦੇਸੋਂ ਸ੍ਰੀਨਗਰ (ਗੜ੍ਹਵਾਲ) ਤੋਂ ਖਿਰਾਜ ਵਸੂਲ ਕਰਨ ਆਏ ਸਨ ਜੋ ਖ਼ਾਸ-ਖਾਸ ਚੁੰਗੀਆਂ ਦੀ ਆਮਦਨ ਵਿਚੋਂ ਉਗ੍ਰਾਹਿਆ ਜਾਂਦਾ ਸੀ। ਜਿਸ ਢੰਗ ਨਾਲ ਇਨ੍ਹਾਂ ਦਾ ਆਦਰ ਕੀਤਾ ਗਿਆ ਜਾਂ ਜਿਸ ਸ਼ਾਨ ਨਾਲ ਉਹਨਾਂ ਵਰਤਾਵਾ ਕੀਤਾ, ਉਸ ਤੋਂ ਕਈ ਵਾਰੀ ਮੇਰੀ ਖ਼ਾਹਿਸ਼ ਹੋਈ ਕਿ ਮੈਨੂੰ ਵੀ (ਭਾਵੇਂ) ਕੁਝ ਹਫ਼ਤਿਆਂ ਲਈ ਹੀ ਇਕ ਸਿੱਖ ਦੇ ਸਰੀਰ ਵਿਚ ਪ੍ਰਵੇਸ਼ ਕਰਨ ਦੀ ਸ਼ਕਤੀ ਮਿਲ ਜਾਏ।

Sri Satguru Jagjit Singh Ji eLibrary NamdhariElibrary@gmail.com

ਇਤਨਾ ਭਾਵ-ਪੂਰਨ ਉਨ੍ਹਾਂ ਦਾ ਆਦਰ ਹੋਇਆ ਸੀ।[1] ਕਿਤਨੀ ਸ਼ਕਤੀ ਵਧ ਗਈ ਸੀ ਸਿੰਘਾਂ ਦੀ ਕਿ ਉਨ੍ਹਾਂ ਜੋਧਪੁਰ ਦੇ ਰਾਜੇ ਬਿਜੈ ਸਿੰਘ ਨੂੰ ਲਿਖਿਆ ਕਿ ਜੇ ਉਹ ਸਾਂਝਾ ਕਦਮ ਚੁੱਕੇ ਤਾਂ ੫੦ ਹਜ਼ਾਰ ਘੋੜ ਸਵਾਰ ਦੇ ਸਕਦੇ ਹਨ। ਜਨਰਲ (ਸਰ ਰਾਬਰਟ) ਬਾਰਕਰ ਨੇ ਸਰਦਾਰ ਝੰਡਾ ਸਿੰਘ ਭੰਗੀ ਨੂੰ ਲਿਖਿਆ ਸੀ :

''ਜਦ ਤਕ ਦਲ-ਖਾਲਸਾ ਜੀ ਚੌਕਸ ਹੈ, ਕੋਈ ਬੇਰੋਕ ਟੋਕ ਹਿੰਦੁਸਤਾਨ ਪਰ ਚੜ੍ਹਾਈ ਨਹੀਂ ਕਰ ਸਕੇਗਾ।''

**੬. ਮਿਸਲਾਂ ਦਾ ਵਿਕਾਸ** : ਅਬਦਾਲੀ ਦੇ ਹਮਲਿਆਂ ਕਾਰਨ ਪੰਜਾਬ ਖੇਰੂੰ-ਖੇਰੂੰ ਹੋ ਗਿਆ। ਕੋਈ ਧੁਰਾ ਤੇ ਕੇਂਦਰ ਦੀ ਤਾਕਤ ਨਾ ਰਹੀ। ਜਥੇਬੰਦਕ ਵਿਰੋਧਤਾ ਖ਼ਤਮ ਹੋ ਗਈ। ਖ਼ਾਲਸਾ ਜੋ ਇਕ ਜਥੇਬੰਦੀ ਦੇ ਤੌਰ ਉਤੇ ਵੱਖ-ਵੱਖ ਜਥੇ ਬਣਾਕੇ ਲੜ ਰਿਹਾ ਸੀ, ਜਥਿਆਂ ਵਿਚ ਵੰਡਿਆ ਗਿਆ। ਹਰ ਜਥੇਦਾਰ ਨੇ ਆਪਣੇ ਪ੍ਰਭਾਵ-ਖੇਤਰ ਵਿਚ ਕਿਲ੍ਹੇ ਬਣਾ ਕੇ ਆਪਣੀ ਜਥੇਦਾਰੀ ਕਾਇਮ ਕਰ ਲਈ। ਗਿਆਰਾਂ ਜਥੇ ਗਿਆਰਾਂ ਮਿਸਲਾਂ ਵਿਚ ਵੰਡੇ ਗਏ। ਪੰਜਾਬ ਹਿੱਸਿਆਂ ਵਿਚ ਵੰਡਿਆ ਗਿਆ ਤੇ ਮਿਸਲਾਂ ਦਾ ਵਿਕਾਸ ਅਰੰਭ ਹੋਇਆ। ਇਨ੍ਹਾਂ ਮਿਸਲਾਂ ਦੇ ਵਿਕਾਸ ਨੇ ਆਉਣ ਵਾਲੇ ਸਮੇਂ ਵਿਚ ਸਿੱਖਾਂ ਨੂੰ ਕਾਫੀ ਨੁਕਸਾਨ ਪਹੁੰਚਾਇਆ। ਜੇ ਪਹਿਲੇ ਦੀ ਤਰ੍ਹਾਂ 'ਦਲ ਖ਼ਾਲਸਾ' ਵਾਂਗ ਕੇਂਦਰੀ ਜਥੇਬੰਦੀ ਤੇ ਇਕੋ ਲੀਡਰ ਹੁੰਦਾ ਤਾਂ ਸਿੱਖ ਹਿੰਦੁਸਤਾਨ ਦੀ ਇਕ ਵੱਡੀ ਤਾਕਤ ਬਣ ਜਾਂਦੇ। ਹੁਣ ਉਹ ਪੰਜਾਬ ਤਕ ਹੀ ਸੀਮਤ ਰਹੇ। ਪਰ ਫਿਰ ਵੀ ਫਾਰਸਟਰ ਦਾ ਕਹਿਣਾ ਸੀ ਕਿ ਹੋ ਸਕਦਾ ਹੈ ਕਿ ਅਸੀਂ ਛੇਤੀ ਹੀ ਕਿਸੇ ਉਮਾਹੀ ਸਰਦਾਰ ਨੂੰ ਉੱਠਦਾ ਦੇਖੀਏ ਜੋ ਆਪਣੀ ਬੁੱਧੀ ਸਦਕਾ ਸਫ਼ਲਤਾ ਦੀਆਂ ਪਉੜੀਆਂ ਚੜ੍ਹਦਾ-ਚੜ੍ਹਦਾ, ਨਾਲ ਦਿਆਂ ਦੀ ਸ਼ਕਤੀ ਨੂੰ ਆਪਣੇ ਲਈ ਵਰਤਦਾ, ਸਰਬ ਦੀ ਢੇਰ ਦੌਲਤ ਤੇ ਆਪਣੀ ਬਾਦਸ਼ਾਹਤ ਦਾ ਝੰਡਾ ਗੱਡ ਦੇਵੇ।

**੭. ਫੂਲਕਿਆਂ ਦਾ ਪੰਜਾਬ ਨਾਲੋਂ ਟੁੱਟਣਾ** : ਅਬਦਾਲੀ ਨੇ ਸਿੱਖਾਂ ਨੂੰ ਪਾੜਨ ਦੀ ਬੜੀ ਕੋਸ਼ਿਸ਼ ਕੀਤੀ ਸੀ ਪਰ ਕਾਮਯਾਬ ਨਹੀਂ ਸੀ ਹੋ ਸਕਿਆ। ਬਾਬਾ ਆਲਾ ਸਿੰਘ ਨੂੰ ਰਿਆਇਤਾਂ, ਜਾਗੀਰਾਂ ਤੇ ਖ਼ਤਾਬ ਦੇ ਕੇ ਕਈ ਵਾਰ ਅਹਿਮਦਸ਼ਾਹ ਅਬਦਾਲੀ ਨੇ ਨਿਵਾਜਿਆ ਸੀ। ਉਸ ਦਾ ਮੰਤਵ ਸੀ ਕਿ ਇਹ ਤਾਕਤ ਵੱਖ ਹੋ ਕੇ ਸਿੱਖਾਂ ਨਾਲ ਹੀ ਇਕਤਦਾਰ ਲਈ ਲੜੇ, ਪਰ ਸਿੱਖ ਜਥੇਬੰਦੀ ਇਤਨੀ ਮਜ਼ਬੂਤ ਸੀ ਕਿ ਕੋਈ ਪਾੜ ਪਾਉਣ ਵਾਲਾ ਕਾਮਯਾਬ ਨਹੀਂ ਸੀ ਹੋ ਸਕਦਾ। ਬਾਬਾ ਆਲਾ ਸਿੰਘ ਕਦੀ ਵੀ ਸਿੱਖ-ਜਥੇਬੰਦੀ ਨੂੰ ਨੁਕਸਾਨ ਪਹੁੰਚਾਉਣ ਦੇ ਖ਼ਿਆਲ ਨਾਲ ਅਬਦਾਲੀ ਦੀ ਹਨੇਰੀ ਅੱਗੇ ਨਹੀਂ ਸਨ ਝੁਕਦੇ। ਹਾਂ, ਜਦ ਹੰਨੇ-ਹੰਨੇ ਮੀਰੀ ਤੇ ਜਥੇਦਾਰ ਆਪਣਾ ਤਸੱਲਤ ਜਮਾਉਣ ਲੱਗੇ ਤਾਂ ਫੂਲਕਿਆਂ ਮਿਸਲ ਦੇ ਮਿਸਲਦਾਰਾਂ ਨੇ ਆਪਣਾ ਇਲਾਕਾ ਵੱਖ ਕਰ ਲਿਆ। ਫੂਲਕਿਆਂ ਮਿਸਲ ਪੰਜਾਬ ਨਾਲੋਂ ਟੁੱਟ ਗਈ। ਸਤਲੁਜ ਤੋਂ ਪਾਰ ਉਨ੍ਹਾਂ ਆਪਣਾ ਹੱਕ ਜਮਾ ਲਿਆ। ਜਦ ਮਹਾਰਾਜਾ ਰਣਜੀਤ ਸਿੰਘ ਨੇ ਸਾਰੇ ਪੰਜਾਬ ਨੂੰ ਇਕ ਥਾਵੇਂ ਕਰਨਾ ਚਾਹਿਆ ਤਾਂ ਉਸ ਦੀ ਹੈਰਾਨੀ ਦੀ ਹੱਦ ਹੀ ਨਾ ਰਹੀ ਕਿ ਫੂਲਕਿਆਂ ਮਿਸਲ ਦੇ ਰਾਜਿਆਂ ਨੇ ਅੰਗਰੇਜ਼ਾਂ ਨਾਲ ਗੱਠ-ਜੋੜ ਕਰ ਲਿਆ। ਇਸ ਤਰ੍ਹਾਂ ਇਹ ਇਲਾਕਾ ਪੰਜਾਬ ਨਾਲੋਂ ਵੱਖ ਹੋ ਗਿਆ ਤੇ ਜਦ ਪੰਜਾਬ ਤੇ ਅੰਗਰੇਜ਼ਾਂ ਕਬਜ਼ਾ ਕੀਤਾ ਤਾਂ ਸਿੱਖ ਰਿਆਸਤਾਂ ਕਾਇਮ ਰਹੀਆਂ।

*****

1. A Journey from Bengal to England. p. p. 199.

Sri Satguru Jagjit Singh Ji eLibrary NamdhariElibrary@gmail.com

# ਮਿਸਲਾਂ ਦੀ ਉਤਪਤੀ ਤੇ ਵਿਕਾਸ

## ੧੬

**ਮਿਸਲਾਂ ਦੀ ਉਤਪਤੀ** : ਗੁਰੂ ਨਾਨਕ ਦੇਵ ਜੀ ਜਦ ਦੂਜੀ ਉਦਾਸੀ ਸਮੇਂ ਸੁਮੇਰ ਪਰਬਤ ਉੱਤੇ ਪੁੱਜੇ ਤਾਂ ਕਈ ਹੋਰ ਵਿਚਾਰਾਂ ਬਾਅਦ ਸਿੱਧਾਂ ਪੁੱਛਿਆ ਕਿ ਤੁਸੀਂ ਸਿੱਖੀ ਮਹੱਲ ਕਿਸ ਸਹਾਰੇ ਖੜ੍ਹਾ ਕਰੋਗੇ ਤਾਂ ਗੁਰੂ ਨਾਨਕ ਜੀ ਨੇ ਜੁਆਬ ਦਿੱਤਾ : ਦੋ ਥੰਮ੍ਹਾਂ ਦੇ ਸਹਾਰੇ। ਇਕ ''ਗੁਰੂ ਸੰਗਤ'' ਤੇ ਦੂਜੀ ਬਾਣੀ।''[1] ਇਸ ਬਾਣੀ ਦੇ ਸਤਿਕਾਰ ਅਤੇ ਗੁਰੂ ਸੰਗਤ ਵਿਚ ਮਿਲ ਬੈਠਣ ਨੇ ਸਿੱਖ ਜਥੇਬੰਦੀ ਦਾ ਵਿਕਾਸ ਕੀਤਾ। ਗੁਰੂ ਅੰਗਦ ਦੇਵ ਜੀ ਤੇ ਗੁਰੂ ਅਮਰਦਾਸ ਜੀ ਨੇ ਇਸੇ ਸੰਗਤ ਦਾ ਸਤਿਕਾਰ ਸਿਖਾਇਆ ਤੇ ਗੁਰੂ ਸ਼ਬਦ ਨੂੰ 'ਗੁਰੂ ਦਾ ਰਿਦਾ' ਕਿਹਾ। ਹੋਰ ਬਾਣੀਆਂ ਨੂੰ ਕੱਚੀ ਬਾਣੀ ਆਖ ਕੇ ਛੱਡਣ ਲਈ ਪ੍ਰੇਰਿਆ। ਗੁਰੂ ਰਾਮ ਦਾਸ ਜੀ ਨੇ ਕੇਂਦਰ ਬਣਾ ਕੇ ਸਿੱਖ ਸੰਗਤ ਦਾ ਧੁਰਾ ਕਾਇਮ ਕੀਤਾ ਤੇ ਜਥੇਬੰਦੀ ਤੇ ਗੁਰੂ ਸ਼ਬਦ ਦੀ ਰੱਖਿਆ ਲਈ ਗੁਰੂ ਅਰਜਨ ਦੇਵ ਜੀ ਨੇ ਸ਼ਹਾਦਤ ਦਿੱਤੀ। ਗੁਰੂ ਅਰਜਨ ਦੀ ਸ਼ਹਾਦਤ ਦੇ ਵੱਡੇ ਕਾਰਨਾਂ ਵਿਚ ਦੋ ਕਾਰਨ ਇਕ 'ਸੰਗਤ' ਦੀ ਮਹੱਤਾ ਤੇ ਦੂਜੇ 'ਬਾਣੀ' ਦੀ ਪਵਿਤ੍ਰਤਾ ਸੀ। ਜਹਾਂਗੀਰ ਚਾਹੁੰਦਾ ਸੀ ਕਿ (ਗੁਰੂ) ਗ੍ਰੰਥ ਸਾਹਿਬ ਵਿਚ ਹਜ਼ਰਤ ਮੁਹੰਮਦ ਸਾਹਿਬ ਦੀ ਖ਼ੁਸ਼ਾਮਦ ਦੇ ਸ਼ਬਦ ਦਰਜ ਕਰਾਏ ਜਾਣ ਤੇ ਗੁਰੂ ਜੀ ਨੇ ਦੁੱਧ ਰੂਪ ਪ੍ਰਭੂ ਸਿਫ਼ਤੀ ਚਾਟੀ ਵਿਚ ਖ਼ੁਸ਼ਾਮਦ ਰੂਪ ਕਾਂਜੀ ਦੀ ਛਿੱਟ ਪਾਉਣ ਤੋਂ ਇਨਕਾਰ ਕਰ ਦਿੱਤਾ। ਦੂਜੇ, ਚੰਦੂ ਦੀ ਲੜਕੀ ਦਾ ਰਿਸ਼ਤਾ ਪੈਣ ਲੱਗਾ ਸੀ ਤਾਂ ਗੁਰੂ ਸੰਗਤ ਨੇ ਗੁਰੂ ਅਰਜਨ ਜੀ ਵੱਲ ਲਿਖ ਭੇਜਿਆ ਕਿ ਚੰਦੂ ਦੀ ਲੜਕੀ ਦਾ ਰਿਸ਼ਤਾ ਕਬੂਲ ਨਹੀਂ ਕਰਨਾ ਕਿਉਂਕਿ ਉਸ ਨੇ ਗੁਰ-ਗੱਦੀ ਨਿੰਦੀ ਹੈ।[2] ਗੁਰੂ ਨੇ

---

1. "ਗੁਰੂ ਸੰਗਤ ਬਾਣੀ ਬਿਨਾਂ ਦੂਜੀ ਓਟ ਨਹੀਂ ਹੈ ਰਾਈ॥"
2. ਸੰਗਤ ਨੇ :

'ਲਿਖਯੋ ਚੰਦੂ ਦੁਸ਼ਟ ਗਰਬੀਲੇ।
ਦੁਰਬਚਨਨ ਸੇ ਹਮ ਉਰ ਛੀਲੇ।
ਆਪ ਚੁਬਾਰਾ ਬਨਿਓ ਪਾਪੀ।
ਗੁਰ ਕਾ ਘਰ ਇਨ ਮੋਰੀ ਥਾਪੀ।
ਨਿੰਦੀ ਯਾ ਬਿਨ ਜਿਨ ਗੁਰਗਾਦੀ।
ਕਰੀ ਨ ਚਾਹੀਏ ਇਨ ਕੇ ਸਾਦੀ।"



Sri Satguru Jagjit Singh Ji eLibrary NamdhariElibrary@gmail.com

ਸੰਗਤ ਦਾ ਹੁਕਮ ਸਿਰ ਮੱਥੇ ਮੰਨ ਕੇ ਰਿਸ਼ਤਾ ਮੋੜ ਦਿੱਤਾ। 'ਸੰਗਤ' ਤੇ 'ਬਾਣੀ' ਦਾ ਸਤਿਕਾਰ ਸਿੱਖਾਂ ਵਿਚ ਹੋਰ ਡੂੰਘਾ ਹੋ ਗਿਆ। ਇਕ ਸਿੱਖ ਨਿਰੋਲ ਸਿੱਖ ਹੈ ਤੇ ਦੋ ਸਿੱਖ ਰਲਕੇ ਸਾਧ ਸੰਗਤ ਬਣ ਜਾਂਦੇ ਹਨ ਅਤੇ ਜੇ ਪੰਜ ਰਲ ਮਿਲ ਬੈਠਣ ਤਾਂ ਪ੍ਰਮੇਸ਼ਰ ਵਿਚ ਆ ਬੈਠਦਾ ਹੈ।[1] ਇਨ੍ਹਾਂ ਖ਼ਿਆਲਾਂ ਨੇ ਸੰਗਤ ਨੂੰ ਹੋਰ ਮਜ਼ਬੂਤ ਕਰ ਦਿੱਤਾ। ਗੁਰੂ ਹਰਿਗੋਬਿੰਦ ਜੀ ਤੋਂ ਲੈ ਕੇ ਗੁਰੂ ਤੇਗ਼ ਬਹਾਦਰ ਜੀ ਤਕ 'ਸੰਗਤ' ਤੇ 'ਬਾਣੀ' ਦਾ ਸਤਿਕਾਰ ਵਧਾਉਣ ਤੇ ਕਾਇਮ ਕਰਨ ਦੇ ਜਤਨ ਹੁੰਦੇ ਰਹੇ। ਗੁਰੂ ਹਰਿ ਰਾਇ ਜੀ ਨੇ ਗੁਰਬਾਣੀ ਦੇ ਅਦਬ ਲਈ ਵਾਕ ਉਚਾਰਿਆ ਸੀ :

***ਜਿਨ ਭੈ ਅਦਬ ਨ ਬਾਣੀ ਧਾਰਾ।***
***ਸੋ ਸਿੱਖ ਜਾਨਹੁ ਨਹੀਂ ਹਮਾਰਾ।***

ਅਤੇ ਆਪਣੇ ਬੇਟੇ ਰਾਮ ਰਾਇ ਨੂੰ ਮੱਥੇ ਨਾ ਲਗਣ ਦਾ ਹੁਕਮ ਵੀ ਇਸੇ ਲਈ ਦਿੱਤਾ ਸੀ ਕਿ ਉਸ ਭੈਅ ਤੇ ਖ਼ੁਸ਼ਾਮਦ ਕਰ ਗੁਰੂ ਜੀ ਦੇ ਵਾਕ ਉਲਟਾਏ ਸਨ। ਗੁਰੂ ਹਰਿ ਰਾਇ ਜੀ ਨੇ ਕਿਹਾ ਸੀ ਕਿ ਥੋੜ੍ਹੀ ਮਤ ਵਾਲਾ ਰਾਮ ਰਾਇ ਨਹੀਂ ਜਾਣਦਾ ਕਿ ਗੁਰੂ ਨਾਨਕ ਪਾਤਸ਼ਾਹ ਹੈ।[2]

ਦੁਸ਼ਮਣਾਂ ਤੇ ਵਿਰੋਧੀਆਂ ਨੇ ਸਤਿਕਾਰ ਘਟਾਉਣ ਲਈ ਕਈ ਉਪਰਾਲੇ ਵੀ ਕੀਤੇ ਪਰ ਉਹ ਆਪਣੇ ਮੰਤਵ ਵਿਚ ਸਫ਼ਲ ਨਾ ਹੋ ਸਕੇ। ਗੁਰੂ ਵਿਅਕਤੀਆਂ ਵੇਲੇ 'ਬਾਣੀ' ਤੇ 'ਸੰਗਤ' ਤੋਂ ਇਲਾਵਾ ਗੁਰੂ ਵਿਅਕਤੀ ਦਾ ਵੀ ਸਤਿਕਾਰ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਇਹ ਸਮਝ ਲਿਆ ਕਿ ਹੁਣ ਸਮਾਂ ਆ ਗਿਆ ਹੈ। ਜਦ ਸ਼ਖ਼ਸੀਅਤ ਦੀ ਥਾਂ ਅਸੂਲ, ਸੰਗਤ ਤੇ ਬਾਣੀ ਹੀ ਪ੍ਰਧਾਨ ਕੀਤੀ ਜਾਏ। ਦਸ਼ਮੇਸ਼ ਪਿਤਾ ਨੇ ਇਹ ਵੀ ਦੇਖ ਲਿਆ ਕਿ ਸਿੱਖ ਹੁਣ ਇਸ ਯੋਗ ਹੋ ਗਏ ਸਨ ਕਿ ਵਿਅਕਤੀਆਂ ਦੇ ਪਾਏ ਭੁਲੇਖਿਆਂ ਵਿਚ ਨਹੀਂ ਆਂਦੇ। ਇਸੇ ਲਈ ਗੁਰੂ ਜੀ ਨੇ ਆਪਣੀ ਸ਼ਖ਼ਸੀਅਤ ਨੂੰ ਸੰਗਤ ਵਿਚ ਰਲਾ ਦਿੱਤਾ ਤੇ ਭਾਈ ਗੁਰਦਾਸ ਜੀ (ਦੂਜੇ) ਦੇ ਕਥਨ ਅਨੁਸਾਰ ਗੁਰੂ ਨੇ ਸੰਗਤ ਨੂੰ ਖ਼ਾਲਸਾ ਦਾ ਰੂਪ ਦਿੱਤਾ ਤੇ ਖ਼ਾਲਸਾ ਨੂੰ ਆਪਣਾ ਰੂਪ ਦਿੱਤਾ। ਇਸ ਦਾ ਅਰਥ ਸੀ ਗੁਰੂ ਸ਼ਖ਼ਸੀਅਤ ਹੁਣ ਖ਼ਾਲਸੇ ਵਿਚ ਸਮਾ ਗਈ ਹੈ ਅਤੇ ਖ਼ਾਲਸਾ ਗੁਰੂ ਰੂਪ ਹੋਵੇਗਾ। ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਅੰਤਲੇ ਸਮੇਂ ਗੁਰੂ ਪਦਵੀ ਗੁਰੂ ਗ੍ਰੰਥ ਸਾਹਿਬ ਨੂੰ ਦਿੱਤੀ ਤੇ ਸਤਿਕਾਰ ਸਿਖਰ ਉੱਤੇ ਪੁਜਾ ਦਿੱਤਾ। ਬਾਣੀ ਦਾ ਸਤਿਕਾਰ ਤਾਂ ਅੱਗੇ ਹੀ ਸੀ, ਹੁਣ ''ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨਯੋ ਗਰੰਥ'' ਆਖ ਕੇ ਬਾਕੀ ਕਸਰ ਵੀ ਪੂਰੀ ਕਰ ਦਿੱਤੀ। ਗੁਰੂ ਸ਼ਖਸੀਅਤ ਤੇ ਕੌਮ ਨੂੰ ਜ਼ਿੰਦਾ ਰੱਖਿਆ। ਸਰੀਰ ਗੁਰੂ ਖ਼ਾਲਸਾ ਸੀ ਤੇ ਆਤਮਾ ਗੁਰੂ ਗ੍ਰੰਥ ਸਾਹਿਬ ਸਨ। ਦੋਵੇਂ ਰਲ ਕੇ 'ਗੁਰੂ ਪੰਥ' ਬਣ ਗਏ। ਇਸ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਨੇ ਆਉਣ ਵਾਲੇ ਬਿਖੜੇ ਸਮੇਂ ਵਿਚ ਅਗਵਾਈ ਕਰਨ ਲਈ ਸਦੀਵੀ ਆਗੂ ਦੇ ਦਿੱਤਾ। ਜੋ ਜਨਮ ਮਰਨ ਤੋਂ ਰਹਿਤ

---

1. ਇਕ ਸਿੱਖ, ਦੋਇ ਸਾਧ ਸੰਗ, ਪੰਜੀ ਪਰਮੇਸ਼ਰ।
2. Guru Nanak is a Sovereign.

Sri Satguru Jagjit Singh Ji eLibrary NamdhariElibrary@gmail.com

ਸੀ ਤੇ ਹਰ ਥਾਂ ਉੱਤੇ ਵਿਆਪਕ ਸੀ। ਸਿੱਖ ਕਦੇ ਵੀ ਡਿੱਕੋ-ਡੋਲੇ ਵਿਚ ਨਾ ਪਏ।[1]

ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਜੋਤੀ ਜੋਤ ਸਮਾ ਜਾਣ ਉਪਰੰਤ ਸਿੱਖਾਂ ਨੇ ਆਪਣੀ ਜਦੋ-ਜਹਿਦ ਦਾ ਕੇਂਦਰ ਅੰਮ੍ਰਿਤਸਰ ਬਣਾ ਲਿਆ। ਸਾਲ ਵਿਚ ਦੋ ਵਾਰੀ ਵਿਸਾਖੀ ਤੇ ਦੀਵਾਲੀ' ਦੇ ਸਮੇਂ ਸਿੱਖ ਅੰਮ੍ਰਿਤਸਰ ਜੁੜਦੇ। ਸਿੱਖਾਂ ਦਾ ਇਕੱਠ 'ਸਰਬੱਤ ਖ਼ਾਲਸਾ' (parliament) ਕਹਿਲਾਉਂਦਾ ਹੈ। ਇਕੱਠੇ ਸਿੱਖ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਮਤਾ ਕਰਦੇ ਹਨ। ਮਤੇ ਸਰਬ ਸੰਮਤੀ ਨਾਲ ਪਾਸ ਹੁੰਦੇ ਸਨ ਤੇ ਪਾਸ ਹੋ ਜਾਣ ਉਪਰੰਤ 'ਗੁਰ ਮਤਾ' ਕਹਿਲਾਂਦਾ। ਗੁਰ ਦੇ ਭਾਵ ਗੁਰੂ ਤੇ ਮਤੇ ਦਾ ਅਰਥ ਸਲਾਹ, ਰਾਇ ਜਾਂ ਨਸੀਹਤ ਹੈ। ਸਿੱਖ ਪਾਸ ਹੋਏ ਮਤੇ ਨੂੰ ਗੁਰੂ ਦੀ ਮਰਜ਼ੀ ਆਖ ਕੇ ਸਤਿਕਾਰਦੇ ਸਨ। ਹਰ ਕੋਈ ਸਿੱਖ 'ਗੁਰ-ਮਤਾ' ਉੱਤੇ ਚਾਅ ਨਾਲ ਫੁੱਲ ਚਾੜ੍ਹਦਾ ਸੀ। ਗੁਰਮਤਾ ਨੂੰ ਇਤਿਹਾਸਕਾਰ ਐਸਾ ਸਿਆਸੀ ਅਦਾਰਾ ਕਹਿੰਦੇ ਹਨ ਜਿਸ ਦੀ ਆਧਾਰ ਸ਼ਿਲਾ ਆਚਾਰ ਸੀ।[2]

*ਕਾਮ ਪਰਤ ਥਾ ਜੋ ਕਛ ਕਬ ਹੀ।*
*ਕਰਤ ਗੁਰਮਤਾ ਮਿਲ ਕਰ ਸਭ ਹੀ।*

**ਪੰਜ ਪਿਆਰੇ ਚੁਣਨ ਦੀ ਵਿਧੀ :** ਸਰਬੱਤ ਖ਼ਾਲਸਾ ਦੇ ਇਕੱਠ ਹੋਣ ਵੇਲੇ ਸਭ ਤੋਂ ਪਹਿਲਾਂ ਅਰਦਾਸਾ ਕੀਤਾ ਜਾਂਦਾ ਸੀ। ਅਰਦਾਸ ਉਪਰੰਤ ਗੁਰੂ ਗ੍ਰੰਥ ਸਾਹਿਬ ਦਾ ਵਾਕ ਲੈ ਕੇ ਕਿਸੇ ਇਕ ਸਿੱਖ ਦਾ ਨਾਂ ਪੇਸ਼ ਕੀਤਾ ਜਾਂਦਾ ਸੀ। ਉਸ ਵਿਅਕਤੀ ਨੂੰ ਜੇ ਸਭ ਮਨਜ਼ੂਰ ਕਰਦੇ ਤਾਂ ਜੈਕਾਰੇ ਨਾਲ ਪ੍ਰਵਾਨਗੀ ਦਿੱਤੀ ਜਾਂਦੀ। ਉਸ ਪ੍ਰਵਾਨ ਹੋਏ ਸਿੱਖ ਨੂੰ 'ਪਿਆਰਾ' ਕਿਹਾ ਜਾਂਦਾ ਸੀ। ਉਹ 'ਚੁਣਿਆ ਹੋਇਆ ਪਿਆਰਾ' ਇਕ ਹੋਰ ਨਾਮ ਪੇਸ਼ ਕਰਦਾ ਸੀ ਤੇ ਸਾਰਿਆਂ ਦੀ ਸੰਮਤੀ ਹੋਣ ਉੱਤੇ ਉਸ ਨੂੰ ਵੀ 'ਪਿਆਰੇ' ਦਾ ਦਰਜਾ ਦਿੱਤਾ ਜਾਂਦਾ ਸੀ। ਜੇ ਕਿਸੇ ਨੂੰ ਇਤਰਾਜ਼ ਹੁੰਦਾ ਸੀ ਤਾਂ ਉਸ ਦਾ ਇਤਰਾਜ਼ ਸੁਣਕੇ ਉੱਤਰ ਦਿੱਤਾ ਜਾਂਦਾ ਸੀ ਤੇ ਤਸੱਲੀ ਨਾ ਹੋਣ ਦੀ ਸੂਰਤ ਵਿਚ ਉਸ ਨੂੰ ਹਟਾ ਦਿੱਤਾ ਜਾਂਦਾ ਸੀ। ਇਸ ਤਰ੍ਹਾਂ ਦੋ ਪਿਆਰੇ ਰਲ ਕੇ ਤੀਜਾ ਨਾਮ ਪੇਸ਼ ਕਰਦੇ ਤੇ ਸੰਗਤ ਚੁਣਦੀ ਤੇ ਤਿੰਨ ਰਲਕੇ ਚੌਥਾ ਨਾਮ ਪੇਸ਼ ਕਰਦੇ ਤੇ ਚਾਰ ਰਲ ਕੇ ਪੰਜਵੇਂ ਦਾ ਨਾਮ ਪੇਸ਼ ਕਰਦੇ ਤੇ ਫਿਰ ਪੰਜ ਪਿਆਰੇ ਬਣ ਜਾਂਦੇ। ਇਹ ਪੰਜੇ ਸਰਬਤ ਖ਼ਾਲਸੇ ਦੇ ਸਤਿਕਾਰ ਦੇ ਪਾਤਰ ਹੁੰਦੇ। ਇਹ ਪੰਜੇ ਉਠ ਕੇ ਅਕਾਲ

---

1. ਪ੍ਰੋਫੈਸਰ ਹਰਿਬੰਸ ਸਿੰਘ ਜੀ ਨੇ ਆਪਣੀ ਪੁਸਤਕ 'ਹੈਰੀਟੇਜ ਔਫ਼ ਸਿੱਖਸ' ਵਿਚ ਹੁਣੇ ਛਪੀ ਸੰਸਕ੍ਰਿਤ ਦੀ ਇਕ ਪੁਸਤਕ 'ਨਾਨਕ ਚੰਦ੍ਰ ਉਦੈ ਮਹਾ ਕਾਵਿ' ਦਾ ਹਵਾਲਾ ਦੇ ਕੇ ਲਿਖਿਆ ਹੈ ਕਿ ਭਾਈ ਨੰਦ ਲਾਲ ਜੀ ਗੁਰੂ ਜੀ ਪਾਸ ਆਏ ਤੇ ਬੇਨਤੀ ਕਰ ਪੁੱਛਿਆ : ਸਾਡਾ ਕੌਣ ਹੋਵੇਗਾ ਗੁਰੂ ?

   'ਕਿਸ ਅਗੇ ਨਮਸਕਾਰ ਕਰੀਏ।
   ਦਰਸ਼ਨ ਕਿਸ ਦਾ ਕਰੀਏ।
   ਵਿਚਾਰ-ਆਚਾਰ ਦਾ ਧੁਰਾ ਕੀ ਹੋਵੇ।'

   ਗੁਰੂ ਗੋਬਿੰਦ ਸਿੰਘ ਜੀ ਨੇ ਫ਼ਰਮਾਇਆ :

   (ਗੁਰੂ) ਗ੍ਰੰਥ, ਜੋ ਗੁਰੂ ਦਾ ਪੂਰਾ ਮੱਤ ਹੈ, ਉਹ ਹੀ ਤੁਹਾਡਾ ਗੁਰੂ ਹੈ। ਇਸੇ ਦੇ ਦੀਦਾਰੇ ਕਰੋ, ਇਸੇ ਨੂੰ ਆਦਰ ਦਿਓ, ਇਹ ਹੀ ਤੁਹਾਡਾ ਵਿਚਾਰ-ਵਿਦੇਤਾ ਦਾ ਧੁਰਾ ਹੋਵੇ।

   (ਪੰਨਾ ੧੧੦, ਹੈਰੀਟੇਜ ਔਫ਼ ਦੀ ਸਿੱਖਸ)

2. Gurmatta is a political institution.

Sri Satguru Jagjit Singh Ji eLibrary NamdhariElibrary@gmail.com

ਤਖ਼ਤ ਉੱਤੇ ਬੈਠ ਜਾਂਦੇ ਤੇ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਹੋ ਜਾਂਦੇ। ਇਸ ਕਾਰਵਾਈ ਤੋਂ ਬਾਅਦ ਸਰਬਤ ਸੰਗਤ ਵਿਚੋਂ ਕੋਈ ਸਿੱਖ ਮਤਾ ਜਾਂ ਤਜਵੀਜ਼ ਪੇਸ਼ ਕਰ ਸਕਦਾ ਸੀ। ਉਸ ਦੀ ਤਜਵੀਜ਼ ਉੱਤੇ ਵਿਚਾਰ ਹੁੰਦੀ ਤੇ ਫ਼ੈਸਲਾ ਕਰਕੇ ਮਤਾ ਕਰ ਦਿੱਤਾ ਜਾਂਦਾ। ਜੇ ਕੋਈ ਅੜਚਨ ਆ ਜਾਂਦੀ ਤਾਂ 'ਪੰਜ ਪਿਆਰੇ' ਆਪਣਾ ਫ਼ੈਸਲਾ ਦੇ ਕੇ ਗੱਲ ਨਿਬੇੜ ਦਿੰਦੇ। ਮਤੇ ਜੋ ਪਾਸ ਹੁੰਦੇ ਸਨ ਆਮ ਤੌਰ ਉੱਤੇ ਸਾਂਝੇ ਭਲੇ ਜਾਂ ਸਾਂਝੀ ਪਾਲਿਸੀ ਪ੍ਰਗਟਾਉਣ ਲਈ ਹੁੰਦੇ ਸਨ।

ਪ੍ਰਾਚੀਨ ਪੰਥ ਪ੍ਰਕਾਸ਼ ਦਾ ਕਹਿਣਾ ਹੈ ਕਿ ਪਹਿਲਾਂ ਸ੍ਰੀ ਅੰਮ੍ਰਿਤਸਰ ਸਰੋਵਰ ਵਿਚ ਇਸ਼ਨਾਨ ਕਰਦੇ, ਫਿਰ ਸ੍ਰੀ ਦਰਬਾਰ ਸਾਹਿਬ ਕੀਰਤਨ ਸੁਣਦੇ ਤੇ ਸ੍ਵਛ ਹਿਰਦੇ ਤੇ ਉੱਜਲ ਬੁੱਧੀਆਂ ਕਰ ਗੁਰਮਤਾ ਕਰਨ ਲਈ ਬੈਠਦੇ।

*ਬੈਠ ਹਰਿਮੰਦਰ ਸੁਨੈ ਸੁ ਗਿਆਨਾ।*
*ਗੁਰ ਚਰਨਨ ਪਰ ਲਾਵੈ ਧਯਾਨਾ।*
*ਅਕਾਲ ਬੁੰਗੈ ਚੜ੍ਹ ਤਖਤੈ ਬਹਿ ਹੈਂ।*
*ਲਾਇ ਦੀਵਾਨ ਗੁਰਮਤੇ ਮਤੈ ਹੈਂ।*

ਮੈਲਕਮ ਵੀ ਇਹ ਵੀ ਲਿਖਦਾ ਹੈ ਕਿ ਕੋਈ ਗੁਰਮਤਾ ਕਰਨ ਤੋਂ ਪਹਿਲਾਂ ਜਦ ਸਰਬੱਤ ਖ਼ਾਲਸਾ ਜੁੜਦਾ ਤਾਂ ਆਪਣੇ ਝਗੜੇ ਤੇ ਨਿੱਜੀ ਵਿਚਾਰਾਂ ਲਾਂਭੇ ਰੱਖ ਬੈਠਦਾ।[1] ਕੋਈ ਸਰਬੱਤ ਖ਼ਾਲਸੇ ਦੇ ਦੀਵਾਨ ਵਿਚ ਹਿੱਸਾ ਹੀ ਨਹੀਂ ਸੀ ਲੈ ਸਕਦਾ ਜਦ ਤਕ ਇਹ ਪ੍ਰਣ ਨਾ ਕਰੇ ਕਿ ਉਸ ਦਾ ਕਿਸੇ ਨਾਲ ਜ਼ਾਤੀ ਵੈਰ ਵਿਰੋਧ ਨਹੀਂ। ਜੇ ਕਿਸੇ ਦਾ ਕਿਸੇ ਨਾਲ ਕੋਈ ਜਾਤੀ ਮੱਤ-ਭੇਦ ਹੁੰਦਾ ਵੀ ਤਾਂ ਉਹ ਸੰਗਤਿ ਵਿਚੋਂ ਉਠ ਬਾਹਰ ਮੁਕਾ ਕੇ ਹੀ ਬੈਠਦੇ। ਗੁਰਮਤੇ ਆਮ ਤੌਰ ਤੇ ਪੰਜ ਕਾਰਜਾਂ ਲਈ ਕੀਤੇ ਜਾਂਦੇ ਸਨ : ਪੰਥ ਦਾ ਜਥੇਦਾਰ ਚੁਣਨ ਲਈ, ਸਾਂਝੇ ਸ਼ਤਰੂ ਵਿਰੁੱਧ ਫੌਜਕਸ਼ੀ ਕਰਨ ਲਈ, ਇਕ ਦੂਜੇ ਦੇ ਝਗੜੇ ਮੁਕਾਉਣ ਲਈ, ਦੂਜਿਆਂ ਲਈ ਸਬੰਧ ਦਰਸਾਉਣ ਲਈ ਤੇ ਅੰਮ੍ਰਿਤ ਪ੍ਰਚਾਰ ਜਾਂ ਧਰਮ ਪ੍ਰਚਾਰ ਲਈ। ਹਕੀਕਤ-ਇ-ਬਿਨ ਸਿੱਖਾਂ ਦਾ ਲਿਖਾਰੀ ਲਿਖਦਾ ਹੈ ਕਿ ਕੋਈ ਮਸਲਾ ਉੱਠੇ ਤਾਂ ਜਥੇਦਾਰ ਆਪੂੰ ਫੈਸਲਾ ਨਹੀਂ ਸੁਣਾ ਦੇਂਦੇ। ਇਕੋ ਥਾਵੇਂ ਗੁਰੂ (ਗ੍ਰੰਥ ਸਾਹਿਬ) ਹਜ਼ੂਰ ਬੈਠ ਜਾਂਦੇ ਹਨ। ਅਰਦਾਸ ਕਰਨ ਉਪਰੰਤ ਮੰਤਵ ਦੱਸਿਆ ਜਾਂਦਾ ਹੈ। ਖੁਲ੍ਹੀ ਵਿਚਾਰ ਹੁੰਦੀ ਹੈ। ਹਰ ਕੋਈ ਹਿੱਸਾ ਲੈ ਸਕਦਾ ਹੈ, ਭਾਵੇਂ ਉਸ ਪਾਸ ਦੋ ਘੋੜੇ ਤੇ ਇਕ ਸਿੰਘ ਹੀ ਸਾਥੀ ਹੋਵੇ।

ਮਿਸਾਲ ਵਜੋਂ ਪੱਟੀ ਦੇ ਨਵਾਬ ਨਾਲ ਕਿਵੇਂ ਵਰਤਣਾ ਹੈ, ਜਲੰਧਰ ਦੇ ਨਵਾਬ ਨੇ ਈਨ ਮੰਨੀ ਹੈ, ਉਸ ਨਾਲ ਕੀ ਸਲੂਕ ਕਰਨ ਹੈ, ਅਬਦਾਲੀ ਦੇ ਹਮਲੇ ਦੀ ਸੂਰਤ ਵਿਚ ਕੀ ਕੀ ਪੇਸ਼ਬੰਦੀਆਂ ਕਰਨੀਆਂ ਹਨ, ਲਾਹੌਰ ਉੱਤੇ ਕਬਜ਼ਾ ਕਰਨਾ ਠੀਕ ਹੈ ਜਾਂ ਨਹੀਂ, ਕਸੂਰ ਦੇ ਨਵਾਬ ਨੂੰ ਉਸ ਦੇ ਅੱਤਿਆਚਾਰਾਂ ਦੀ ਸਜ਼ਾ ਦੇਣ ਦਾ ਠੀਕ ਮੌਕਾ ਕਿਹੜਾ ਹੈ, ਭਰਤਪੁਰ ਰਾਜਾ ਜਵਾਹਰ ਸਿੰਘ ਦੇ ਪੁੱਤਰ ਸੂਰਜ ਮੱਲ ਨੇ ਸ਼ਰਨ ਲਈ ਹੈ, ਆਦਿ। ਫ਼ੈਸਲੇ ਸਰਬਸੰਮਤੀ ਨਾਲ ਹੀ ਹੁੰਦੇ ਹਨ।

---

1. All private animosties case and that everyman sacrifices his personal feelings.
-Malcolm

Sri Satguru Jagjit Singh Ji eLibrary NamdhariElibrary@gmail.com

੧੭੩੩ ਈ: ਤਕ ਇਹ ਢੰਗ ਜਾਰੀ ਰਿਹਾ। ਉਸ ਉਪਰੰਤ ਕਈ ਜਥੇ ਬਣ ਗਏ ਪਰ ਸਰਬੱਤ ਖ਼ਾਲਸਾ ਦੇ ਜੁੜਨ ਵੇਲੇ ਜਥਿਆਂ ਦੀ ਨਿੱਜੀ ਹੈਸੀਅਤ ਖ਼ਤਮ ਹੋ ਜਾਂਦੀ ਸੀ। ਨਵਾਬੀ ਦੇ ਮਿਲਣ ਨਾਲ ਦੋ ਵੱਡੇ ਜਥੇ ਬਣ ਗਏ। ਇਕ 'ਤਰੁਣਾ ਦਲ' ਤੇ ਦੂਜਾ ਬੁੱਢਾ ਦਲ ਕਹਿਲਾਇਆ। ਬੁੱਢਾ ਦਲ ਅੰਮ੍ਰਿਤਸਰ ਟਿਕ ਕੇ ਅੰਮ੍ਰਿਤਸਰ ਦੀ ਰਾਖੀ ਕਰਦਾ ਸੀ ਤੇ 'ਤਰੁਣਾ ਦਲ' ਇਲਾਕਿਆਂ ਵਿਚ ਜਾ ਕੇ ਮਾਰਾਂ ਮਾਰਦਾ ਸੀ। ਜਥੇਦਾਰ ਜਾਂ ਸਿੱਖ ਸਿਪਾਹੀ ਆਪਣਾ ਹਿੱਸਾ ਲਿਆ ਕੇ ਸਾਂਝੇ ਖ਼ਜ਼ਾਨੇ ਵਿਚ ਪਾ ਦਿੰਦੇ ਸਨ। ਸਾਰੇ ਜਥੇਦਾਰ ਆਪਣਾ ਹਿਸਾਬ ਅਕਾਲ ਤਖ਼ਤ ਦੇ ਸਾਹਮਣੇ ਨਵਾਬ ਕਪੂਰ ਸਿੰਘ ਦੇ ਨਿਯਤ ਕੀਤੇ ਵਿਅਕਤੀ (ਸਰਦਾਰ ਜੱਸਾ ਸਿੰਘ ਆਹਲੂਵਾਲੀਆ) ਨੂੰ ਦਿੰਦੇ ਸਨ। ਮਾਲ ਜਮ੍ਹਾ ਕਰਾਉਣ ਉਪਰੰਤ ਲੋੜ ਅਨੁਸਾਰ ਉਹ ਉਥੋਂ ਲੈ ਜਾਂਦੇ ਸਨ।[1] ਇਸ ਤਰ੍ਹਾਂ ਤਰੁਣਾ ਦਲ ਦੇ ਪੰਜ ਜਥੇ ਬਣ ਗਏ। ਪੰਜ ਜਥੇਦਾਰ : ਸਰਦਾਰ ਸ਼ਾਮ ਸਿੰਘ, ਬਾਬਾ ਦੀਪ ਸਿੰਘ, ਸਰਦਾਰ ਕਰਮ ਸਿੰਘ, ਸਰਦਾਰ ਦਾਨ ਸਿੰਘ ਅਤੇ ਮੀਤ ਜਥੇਦਾਰ ਸਰਦਾਰ ਦਸੌਂਧਾ ਸਿੰਘ ਤੇ ਸਰਦਾਰ ਬੀਰ ਸਿੰਘ ਨਿਯਤ ਕੀਤੇ ਗਏ। ਹੌਲੀ-ਹੌਲੀ ਸਿੱਖਾਂ ਦੇ ਪ੍ਰਭਾਵ ਦਾ ਦਾਇਰਾ ਵਧਿਆ ਤੇ ਜਥਿਆਂ ਦੀ ਗਿਣਤੀ ਵੀ ਵਧ ਗਈ। 'ਦਲ ਖ਼ਾਲਸਾ' ਦੀ ੧੭੪੮ ਤੱਕ ਗਿਣਤੀ ੬੫ ਤਕ ਜਾ ਪੁੱਜੀ। ਡਰ ਸੀ ਜੇ ਰੋਕ ਨਾ ਪਾਈ ਗਈ ਤਾਂ ਇਹ ਵਧਦੀ ਵਧਦੀ ਹੱਦਾਂ ਹੀ ਟੱਪ ਜਾਏਗੀ। ਅਹਿਮਦ ਸ਼ਾਹ ਬਟਾਲਵੀ ਨੇ ਤਾਂ ਇਨ੍ਹਾਂ ਜਥਿਆਂ ਦੀ ਗਿਣਤੀ ੪੫੦ ਦਿੱਤੀ ਹੈ। ਨਵਾਬ ਕਪੂਰ ਸਿੰਘ ਨੇ ਮਹਿਸੂਸ ਕੀਤਾ ਕਿ ਆਉਣ ਵਾਲੇ ਅਬਦਾਲੀ ਦੇ ਹਮਲਿਆਂ ਸਮੇਂ ਇਕ ਮੁੱਠ ਤੇ ਇਕ ਜਾਨ ਹੋਣ ਦੀ ਜ਼ਰੂਰਤ ਹੈ। ਨਵਾਬ ਕਪੂਰ ਸਿੰਘ ਨੇ ਸਾਰਿਆਂ ਨੂੰ ਆਪਣੇ ਜਥੇ ਤੋੜਨ ਲਈ ਕਿਹਾ ਜਿਸਨੂੰ ਸਾਰਿਆਂ ਨੇ ਸਵੀਕਾਰ ਕਰ ਲਿਆ। 'ਤਰੁਣਾ ਦਲ' ਤੇ 'ਬੁੱਢਾ ਦਲ' ਵੀ ਤੋੜ ਦਿੱਤੇ ਗਏ ਅੰਮ੍ਰਿਤਸਰ ਤੇ ਹਰਿਮੰਦਰ ਸਾਹਿਬ ਦੀ ਰਾਖੀ ਲਈ 'ਅਕਾਲੀ' ਥਾਪੇ ਗਏ। ਸਮੁੱਚੀ ਜਥੇਬੰਦੀ ਦਾ ਨਾਮ 'ਦਲ ਖ਼ਾਲਸਾ' ਰੱਖਿਆ ਗਿਆ। ਦਲ ਖ਼ਾਲਸਾ ਦੀ ਜਥੇਦਾਰੀ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਨੂੰ ਸੌਂਪੀ ਗਈ। ਨਵਾਬ ਕਪੂਰ ਸਿੰਘ ਛੱਡ ਛਡਾ ਬੈਠੇ। ਦਲ ਖ਼ਾਲਸਾ ਹੇਠਾਂ ਗਿਆਰਾਂ ਜਥੇ ਬਣਾਏ ਗਏ ਤੇ ਹਰ ਜਥੇ ਦਾ ਜਥੇਦਾਰ ਨਿਯੁਕਤ ਕੀਤਾ ਗਿਆ। ਉਨ੍ਹਾਂ ਜਥਿਆਂ ਦਾ ਪ੍ਰਭਾਵ ਖੇਤਰ (Area of Influence) ਵੀ ਨਿਯਤ ਕਰ ਦਿੱਤਾ ਗਿਆ ਤਾਂ ਕਿ ਕੋਈ ਝਗੜਾ ਖੜ੍ਹਾ ਨਾ ਹੋਵੇ। ਗਿਆਰਾਂ ਜਥੇ ਅਤੇ ਉਨ੍ਹਾਂ ਦੇ ਜਥੇਦਾਰ ਇਸ ਪ੍ਰਕਾਰ ਸਨ :

੧. ਭੰਗੀ : ਭਾਈ ਭੂਮਾ ਸਿੰਘ ਉਨ੍ਹਾਂ ਦਾ ਸਪੁੱਤਰ, ਭਾਈ ਹਰੀ ਸਿੰਘ।

੨. ਨਿਸ਼ਾਨਵਾਲੀਆ : ਜੋ ਦਲ ਖ਼ਾਲਸਾ ਦਾ ਝੰਡਾ ਚੁਕਦੇ ਸਨ ਅਤੇ ਅੱਗੇ ਰਹਿੰਦੇ ਸਨ, ਭਾਈ ਦਸੌਂਧਾ ਸਿੰਘ।

੩. ਸ਼ਹੀਦ : ਬਾਬਾ ਬੀਰ ਸਿੰਘ, ਬਾਬਾ ਦੀਪ ਸਿੰਘ।

੪. ਰਾਮਗੜ੍ਹੀਆ : ਭਾਈ ਹਰਦਾਸ ਸਿੰਘ ਪਿੱਛੋਂ ਸਰਦਾਰ ਜੱਸਾ ਸਿੰਘ ਜੀ ਜਿਨ੍ਹਾਂ ਰਾਮਰੌਣੀ ਨੂੰ ਰਾਮਗੜ੍ਹ ਵਿਚ ਬਦਲਿਆ।

---

1. "ਅਰਬਦ ਖਰਬਦ ਜੋ ਸਿੰਘ ਲਿਆਏ ਕਮਾਏ।
ਨਿਜ ਢਿਗ ਨ ਰਾਖਈ ਦੇਤ ਖ਼ਜ਼ਾਨੇ ਪਾਏ।"

Sri Satguru Jagjit Singh Ji eLibrary NamdhariElibrary@gmail.com

੫. ਨਕਈ ਲਾਹੌਰ ਦੇ ਨਾਕੇ ਉੱਤੇ : ਭਾਈ ਹੀਰਾ ਸਿੰਘ, ਨੱਥਾ ਸਿੰਘ।
੬. ਆਹਲੂਵਾਲੀਆ : ਸਰਦਾਰ ਜੱਸਾ ਸਿੰਘ।
੭. ਕਨ੍ਹਈਆ : ਸਰਦਾਰ ਖੁਸ਼ਹਾਲ ਸਿੰਘ ਤੇ ਸਰਦਾਰ ਜੈ ਸਿੰਘ।
੮. ਫ਼ੈਜ਼ਲਪੁਰੀਆ ਜਾਂ ਸਿੰਘਪੁਰੀਆ : ਨਵਾਬ ਕਪੂਰ ਸਿੰਘ ਪਿੰਡ ਫ਼ੈਜ਼ਲਪੁਰ।
੯. ਡਲੇਵਾਲੀਆ : ਸ: ਗੁਰਦਿਆਲ ਸਿੰਘ।
੧੦. ਸ਼ੁਕਰਚਕੀਆ : ਸ੍ਰ. ਚੜ੍ਹਤ ਸਿੰਘ।
੧੧. ਕਰੋੜਸਿੰਘੀਆ : ਸਰਦਾਰ ਕਰੋੜਾ ਸਿੰਘ ਅਤੇ ਪਿੱਛੋਂ ਸਰਦਾਰ ਬਘੇਲ ਸਿੰਘ।

ਇਹ ਜਥੇ ਹੀ ਪਿੱਛੋਂ ਮਿਸਲਾਂ ਦੇ ਨਾਮ ਨਾਲ ਪ੍ਰਸਿੱਧ ਹੋਏ।

**ਮਿਸਲ ਸ਼ਬਦ ਦਾ ਨਾਮ ਜਥਿਆਂ ਨਾਲ ਜੁੜਨਾ :** ਅਰੰਭ ਵਿਚ ਤਾਂ ਗਿਆਰਾਂ ਜਥੇ ਹੀ ਕਹਿਲਾਉਂਦੇ ਰਹੇ, ਪਰ ਹੌਲੀ-ਹੌਲੀ ਜਥੇ ਸ਼ਬਦ ਦੀ ਥਾਂ ਮਿਸਲ ਸ਼ਬਦ ਨੇ ਲੈ ਲਈ। ਮਿਸਲ ਸ਼ਬਦ ਦੀ ਵਰਤੋਂ ਪਹਿਲੀ ਵਾਰੀ ਸੈਨਾਪਤੀ ਨੇ ਗੁਰ ਸੋਭਾ ਵਿਚ ਭੰਗਾਣੀ ਦੇ ਯੁੱਧ ਵੇਲੇ ਕੀਤੀ ਹੈ। ਉਸ ਦਾ ਲਿਖਣਾ ਹੈ ਕਿ ਰਣਜੀਤ ਨਗਾਰਾ ਦੀ ਧੁਨੀ ਸੁਣ ਕੇ ਗੁਰੂ ਗੋਬਿੰਦ ਸਿੰਘ ਜੀ ਦੇ ਘੋੜ ਸਵਾਰ ਆਪਣੇ ਆਪਣੇ ਝੰਡਿਆਂ ਹੇਠ ਆ ਇਕੱਠੇ ਹੋਏ। ਜਥੇਦਾਰ ਮੈਦਾਨਿ-ਜੰਗ ਵਿਚ ਕੁੱਦ ਪਏ ਅਤੇ ਸਭ ਨੇ ਮਿਸਲਾਂ ਦੇ ਮੁਖੀਆਂ ਹੇਠ ਸ਼ਿਸਤਾਂ ਲਗਾ ਲਈਆਂ। ਖੰਦਕਾਂ ਵਿਚ ਥਾਂ ਪਰ ਥਾਂ ਮੋਰਚੇ ਸਾਂਭ ਲਏ।

ਸਵੈਯਾ

*ਭਏ ਅਸਵਾਰ ਸੰਗ੍ਰਾਮ ਕੋ ਆਪ ਹੀ, ਸਿੰਘ ਗੋਬਿੰਦ ਤਿਹ ਠਉਰ ਆਏ।*
*ਡੰਕ ਕੀ ਘੋਰ ਜੈਸੇ ਪਈ ਠਉਰ, ਤਿਹ ਬਜਤ, ਨਿਸ਼ਾਨ ਮੁਹਰੇ ਸੁਹਾਏ।*
*ਆਨ ਕੈ ਖੇਤ ਪੈ ਦੇਖ ਚਤਰੰਗ, ਸਭ ਮੋਰਚੇ ਬਾਂਦ ਕੈ ਮਿਸਲ ਲਾਏ।*
*ਬਜੀ ਹੈ ਭੇਰ ਕਰਨਾਇ ਸੁਰਨਾਇ, ਸਭ ਸੁਨੇ ਤੇ ਸੂਰ ਹੋਇ ਲਾਲ ਆਏ। ੧੧। ੫੨।*

(ਅਧਿਆਇ ਦੂਜਾ, ਗੁਰ ਸੋਭਾ-ਭੰਗਾਣੀ ਦਾ ਯੁੱਧ)

ਫਿਰ ਸੈਨਾਪਤੀ ਨੇ ਲਿਖਿਆ ਹੈ ਕਿ ਨੰਦੇੜ ਵਿਖੇ ਸਿੱਖ ਦਰਬਾਰ ਵਿਚ ਮਿਸਲਾਂ ਹੇਠ ਹੀ ਬੈਠਦੇ।

*ਘਨੇ ਕੂਚ ਕੀਨੇ ਕਿਤੇ ਦਿਵਸ ਲਾਏਂ।*
*ਚਲੇ ਬਾਨ ਗੰਗਾਨ ਪੈ ਅੰਤ ਆਏ।*
*ਸੁਨੀ ਠਉਰ ਨਾਦੇਰ ਨਾਮ ਹੈ ਤਾਕਾ।*
*ਕੀਆ ਧਾਮ ਤਾਹੀ, ਗੁਰ ਨਾਮ ਜਾ ਕਾ।*
*"ਰਾਹ ਸ਼ਾਹੁ ਤਿਹ ਠਉਰ ਕੀਨੇ ਮੁਕਾਮਾ।*
*ਰਹੇ ਮਿਸਲ ਦਰ ਮਿਸਲ ਕਰਿ ਲੋਗ ਧਾਮਾ।*

(ਗੁਰ ਸੋਭਾ, ਅਧਿਆਇ ਅਠਾਰਵਾਂ, ਜੋਤੀ ਜੋਤ ਸਮਾਵਣਾ)

ਚੜ੍ਹਤ ਸਿੰਘ ਸ਼ੁਕਰਚਕੀਆ ਨੇ ਆਪਣੇ ਝੰਡੇ ਹੇਠ ਘੱਲੂਘਾਰੇ ਵਿਚ ਲੜਨ ਦੀ ਗੱਲ ਕਹੀ ਤਾਂ ਉਨ੍ਹਾਂ ਝਾੜਦੇ ਹੋਏ ਕਿਹਾ : ਐਸੀ ਗੱਲ ਫਿਰ ਨ ਕਰੀਂ।

*'ਮਿਸਲ ਵੰਡ ਅਬ ਕਬਹੂੰ ਨ ਪਾਵੋ।*
*ਰਲਮਿਲ ਖੜ ਤੁਰ ਪੰਥ ਬਚਾਵੋ।'*

ਇਥੇ ਵੀ ਪ੍ਰਭਾਵ ਵੱਖ ਜਥੇ ਤੇ ਜਥੇਦਾਰ ਦਾ ਪੈਂਦਾ ਹੈ। ਅਖ਼ਤਰ ਲੋਨੀ ਦਾ ਇਹ ਲਿਖਣਾ ਠੀਕ ਨਹੀਂ ਕਿ ਮਿਸਲ ਦੇ ਅਰਥ ਕੋਈ ਕਬੀਲਾ ਜਾਂ ਨਸਲ ਹਨ। ਮੈਕਰੇਗਰ ਮਿਸਲ ਨੂੰ 'ਅਪਣਤ ਭਰੇ ਲੋਕ' (ਏ ਫਰੈਂਡਲੀ ਨੇਸ਼ਨ) ਕਹਿੰਦਾ ਹੈ। ਪੇਨ ਨੇ ਵੀ ਬਹੁਤ ਹੱਦ ਤਕ ਲਿਖਿਆ ਹੈ ਕਿ ਮਿਸਲ ਵਿਚ ਕਿਸੇ ਨੂੰ ਵੱਖ ਉਚੇਰੇ ਰਾਜਨੀਤਕ, ਧਾਰਮਕ, ਸਮਾਜਕ ਅਖ਼ਤਿਆਰ ਨਹੀਂ ਸਨ। ਸਭ ਇਕੋ ਜਿਹੇ ਸਨ। ਪ੍ਰਿੰਸਪ ਨੇ ਮਿਸਲ ਦੇ ਅਰਥ 'ਇਕੋ ਜਿਹੇ' ਕੀਤੇ ਹਨ ਤੇ ਕਨਿੰਘਮ ਤਾਂ ਇਸ ਨੂੰ ਅਰਬੀ ਸ਼ਬਦ 'ਮਸੱਲਅ' (ਹਥਿਆਰਬੰਦ) ਦਾ ਵਿਗੜਿਆ ਰੂਪ ਹੀ ਕਹਿੰਦਾ ਹੈ। ਹਰ ਜਥੇ ਦੀ ਇਕ ਮਿਸਲ (File) ਅੰਮ੍ਰਿਤਸਰ ਰਖੀ ਹੁੰਦੀ ਸੀ। ਉਸ ਮਿਸਲ ਵਿਚ ਹਰ ਜਥੇ ਦੇ ਜਥੇਦਾਰਾਂ ਅਤੇ ਸਿਪਾਹੀਆਂ ਦੀਆਂ ਮਾਰਾਂ ਤੇ ਕਮਾਈਆਂ ਦਾ ਹਿਸਾਬ ਰੱਖਿਆ ਜਾਂਦਾ ਸੀ। ਸਿਪਾਹੀ ਜਾਂ ਜਥੇਦਾਰ ਜੋ ਕੁਝ ਲਿਆਉਂਦਾ ਸੀ ਉਹ ਆਪਣੀ ਮਿਸਲ ਵਿਚ ਦਰਜ ਕਰਾਕੇ ਖ਼ਜ਼ਾਨੇ ਵਿਚ ਜਮ੍ਹਾ ਕਰਾ ਦਿੰਦਾ ਸੀ। ਹਰ ਕੋਈ ਰਕਮ ਜਮ੍ਹਾਂ ਕਰਾਉਣ ਵਾਲਾ ਇਹ ਹੀ ਆਖਦਾ ਸੀ : ''ਮੇਰਾ ਹਿਸਾਬ ਮੇਰੀ ਮਿਸਲ ਵਿਚ ਦਰਜ ਕਰ ਦਿਓ।'' ਇਸ ਤਰ੍ਹਾਂ ਜਥਾ ਸ਼ਬਦ ਤਾਂ ਹੱਟ ਗਿਆ ਤੇ ਮਿਸਲ ਪੈ ਗਿਆ। ਕੋਈ ਇਕ ਜਥੇ ਦਾ ਸਿਪਾਹੀ ਦੂਸਰੇ ਜੱਥੇ ਵਾਲੇ ਨੂੰ ਪੁੱਛਦਾ ਸੀ, ''ਤੂੰ ਕਿਸ ਮਿਸਲ ਦਾ ਹੈਂ ?'' ਫਿਰ ਜਦ ਕੋਈ ਸਿਪਾਹੀ ਨਿੱਜੀ ਤੌਰ 'ਤੇ ਕੁਝ ਲਿਆਉਂਦਾ ਸੀ ਤਾਂ ਵੀ ਉਹ ਮਿਸਲ ਇੰਚਾਰਜ ਨੂੰ ਆਖਦਾ ਸੀ। ਸਹਿਜੇ-ਸਹਿਜੇ ਜਥਾ ਸ਼ਬਦ ਹਟ ਗਿਆ ਤੇ ਮਿਸਲ ਹੀ ਪ੍ਰਸਿੱਧ ਹੋ ਗਿਆ। ਗਿਆਰਾਂ ਜਥੇ ਮਿਸਲਾਂ ਬਣ ਗਈਆਂ।

**ਮਿਸਲਾਂ ਦਾ ਕੰਮ** : ਮਿਸਲਾਂ ਦੇਖਣ ਨੂੰ ਭਾਵੇਂ ਵੱਖ-ਵੱਖ ਹੋ ਗਈਆਂ ਸਨ, ਪਰ ਅਸਲ ਵਿਚ ਇਕ ਦੂਜੇ ਨਾਲ ਜੁੜੀਆਂ ਹੋਈਆਂ ਸਨ। ਹਰ ਮਿਸਲ ਦਾ ਪ੍ਰਭਾਵ ਖੇਤਰ ਨਿਯਤ ਕਰ ਦਿੱਤਾ ਗਿਆ ਸੀ। ਪਰ ਸਾਂਝੇ ਖ਼ਤਰੇ ਵੇਲੇ ਮਿਸਲਾਂ ਇਕ ਦੂਜੇ ਨਾਲ ਰਲਕੇ ਇਕ ਹੋ ਕੇ ਲੜਦੀਆਂ ਸਨ। 'ਦਲ ਖਾਲਸਾ ਦੀ ਜਥੇਬੰਦੀ ਹੇਠਾਂ ਉਹ ਇਕ ਦੂਜੇ ਨਾਲੋਂ ਵੱਖ ਹੋਣਾ ਸੋਚ ਹੀ ਨਹੀਂ ਸਨ ਸਕਦੇ। ਉਹ ਜੋ ਮਾਲ ਰਾਖੀ ਜਾਂ ਹੋਰ ਵਸੀਲਿਆਂ ਨਾਲ ਲਿਆਉਂਦੇ, ਇਕ ਥਾਂ ਜਮ੍ਹਾ ਕਰਾਉਂਦੇ ਤੇ ਫੇਰ ਵੰਡ ਛਕਦੇ। ਕਿਸੇ ਵੀ ਮਿਸਲ ਵਿਚ ਨਿੱਜੀ ਕਬਜ਼ੇ ਵਾਲੀ ਗੱਲ ਤੇ ਖ਼ੁਦਗ਼ਰਜ਼ੀ ਨਹੀਂ ਸੀ। 'ਵਿਸਾਖੀ' ਤੇ 'ਦੀਵਾਲੀ' ਦੇ ਸਮੇਂ ਜਦ ਉਹ ਅੰਮ੍ਰਿਤਸਰ ਇਕੱਠੇ ਹੁੰਦੇ ਤਾਂ ਮਿਸਲਾਂ ਦੇ ਝੰਡੇ ਹੇਠਾਂ ਨਹੀਂ ਸਨ ਬੈਠਦੇ ਸਗੋਂ ਦਲ ਖ਼ਾਲਸਾ ਦੀ ਛਾਂ ਹੇਠਾਂ ਹੀ ਟਿਕਦੇ ਤੇ ਆਪਣੇ ਆਪ ਨੂੰ 'ਸਰਬਤ ਖ਼ਾਲਸਾ' ਮਿੱਥਦੇ। ਪੰਜ ਪਿਆਰੇ ਚੁਣਦੇ ਤੇ ਗੁਰਮਤੇ ਕਰਦੇ। ੧੭੪੮ ਈ: ਤੋਂ ਬਾਅਦ ਇਨ੍ਹਾਂ ਕਈ ਇਕ ਜ਼ਰੂਰੀ ਗੁਰਮਤੇ ਵੀ ਕੀਤੇ। ਸਾਂਝੀਆਂ ਗੱਲਾਂ, ਸਾਂਝੇ ਇਜਲਾਸ ਵਿਚ ਹੀ ਕਰਦੇ। ਅਬਦਾਲੀ ਦੇ ਹਮਲੇ, ਮੀਰ ਮੰਨੂੰ ਦੀ ਮਦਦ ਤੇ ਸ਼ਾਹ ਨਵਾਜ਼ ਖ਼ਾਨ ਨਾਲ ਵਰਤਾਵੇ ਉਨ੍ਹਾਂ ਲਈ ਸਾਂਝੀਆਂ ਗੱਲਾਂ ਸਨ। ਇਸ ਤਰ੍ਹਾਂ ਕਰਨ ਨਾਲ ਮਿਸਲਾਂ ਦੀ ਵੱਖ-ਵੱਖ ਹੋ ਕੇ ਵੀ ਸਾਂਝੀ ਧੜਕਣ ਬਣੀ ਰਹਿੰਦੀ ਸੀ। ਇਸ ਵਿਚ ਕੋਈ ਸ਼ੱਕ ਨਹੀਂ ਕਿ ਮਿਸਲ ਦੇ ਜਥੇਦਾਰ ਦੀ ਰਾਇ ਆਪਣਾ ਵੱਖ ਪ੍ਰਭਾਵ ਰੱਖਦੀ ਸੀ, ਪਰ ਹਰ ਇਕ ਸਿਪਾਹੀ ਨੂੰ ਆਪਣੀ ਰਾਇ ਦੇਣ ਅਤੇ ਖੁਲ੍ਹੇ ਤੌਰ ਉੱਤੇ ਪ੍ਰਗਟ ਕਰਨ ਦਾ ਅਧਿਕਾਰ ਸੀ।

Sri Satguru Jagjit Singh Ji eLibrary NamdhariElibrary@gmail.com

ਦੂਜੇ, ਮਿਸਲ ਵਿਚ ਕੋਈ ਉੱਚਾ ਜਾਂ ਨੀਵਾਂ ਨਹੀਂ ਸੀ। ਮਨਸਬਦਾਰਾਂ ਵਾਂਗੂ ਗਰੇਡ ਨਿਯਤ ਨਹੀਂ ਸਨ। ਨਾ ਹੀ ਅੱਜ ਵਾਂਗੂ ਕੋਈ ਤਰਤੀਬ ਮਿੱਥੀ ਹੋਈ ਸੀ। ਸਾਰੇ ਇਕੋ ਜਿਹੇ ਸਨ, ਸਾਰੇ ਬਰਾਬਰ ਸਨ। ਇਕ ਜਥੇਦਾਰ ਸਿਪਾਹੀ ਵਾਂਗੂ ਸੀ ਤੇ ਸਿਪਾਹੀ ਜਥੇਦਾਰ ਸੀ। ਜਥੇਦਾਰ ਉਹ ਹੀ ਹੁੰਦਾ ਸੀ ਜੋ ਸਾਰਿਆਂ ਦੇ ਵਿਸ਼ਵਾਸ ਦਾ ਪਾਤਰ ਸੀ। ਜਥੇਦਾਰ ਇਕੋ ਜਹਿਆਂ ਵਿਚ ਪਹਿਲੀ ਥਾਂ (First among equals) ਹੁੰਦਾ ਸੀ। ਜਥੇਦਾਰ ਦੀ ਮਰਜ਼ੀ ਕੋਈ ਆਖ਼ਰੀ ਨਹੀਂ ਸੀ ਹੁੰਦੀ। ਹਰ ਕੋਈ ਸਿਪਾਹੀ ਆਪਣੀ ਰਾਇ ਜਥੇਦਾਰ ਤਕ ਪੁਜਾ ਸਕਦਾ ਸੀ। ਮੌਲਵੀ ਵਲੀ ਉਲਾ ਸਦੀਕੀ ਨੇ ਲਿਖਿਆ ਹੈ, "ਸਿੱਖ ਮਿਸਲਾਂ ਦਾ ਹਰ ਮਨੁੱਖ ਆਜ਼ਾਦ ਸੀ। ਹਰ ਸਰਦਾਰ ਮਾਲਕ ਵੀ ਸੀ ਤੇ ਸੇਵਕ ਵੀ, ਹਾਕਮ ਵੀ ਤੇ ਮਾਤਹਿਤ ਵੀ। ਏਕਾਂਤ ਵਿਚ ਖ਼ੁਦਾ ਦਾ ਭਗਤ ਫ਼ਕੀਰ ਤੇ ਪੰਥ ਵਿਚ ਮਿਲ ਕੇ ਦੁਸ਼ਮਣ ਦਾ ਲਹੂ ਪੀਣ ਵਾਲਾ, ਮੌਤ ਦਾ ਫਰਿਸ਼ਤਾ।"

ਗਾਰਡਨ[1] ਨੇ ਇਸੇ ਸਿਲਸਿਲੇ ਵਿਚ ਲਿਖਿਆ ਹੈ : ਸਰਦਾਰਾਂ ਨੇ ਸਰਬ ਸੰਮਤੀ ਨਾਲ ਇਹ ਨਿਰਣਾ ਵੀ ਲਿਆ ਕਿ ਸਮੇਂ ਸਮੇਂ ਸਾਡੇ ਵਿਚੋਂ ਹੀ ਸੰਗਤਾਂ ਤੇ ਰਾਜਨੀਤਕ ਕੰਮਾਂ ਲਈ ਇਕ ਆਗੂ ਹੋਵੇ, ਜਿਸ ਦੀ ਚੋਣ ਸਮੁੱਚੀ ਕੌਮ ਕਰੇ ਇਹ ਚੋਣ ਅੰਮ੍ਰਿਤਸਰ ਸਰਬਤ ਖ਼ਾਲਸਾ ਵਿਚ ਹੋਵੇ ਤਾਕਿ ਸਾਂਝੀ ਸ਼ਕਤੀ ਦੀ ਵਰਤੋਂ ਕੀਤੀ ਜਾ ਸਕੇ। ਇਸ ਤਰ੍ਹਾਂ ਸਿੱਖਾਂ ਵਿਚ ਇਕ ਲੋਕਰਾਜ ਵਾਲੀ ਸ਼ਕਤੀ ਆ ਗਈ। ਅੰਮ੍ਰਿਤਸਰ ਅਕਾਲੀਆਂ ਦਾ ਇਕ ਕੌਮੀ ਜਥਾ ਵੀ ਬਣਾ ਦਿੱਤਾ ਗਿਆ ਜਿਸ ਦਾ ਮੁੱਖ ਫ਼ਰਜ਼ ਸੀ, ਖ਼ਾਲਸੇ ਵਿਚ ਬੁਰੀਆਂ ਰਸਮਾਂ ਨੂੰ ਨ ਆਵਣ ਦੇਵੇ, ਧਰਮ ਦੀ ਰੱਖਿਆ ਕਰੇ, ਗ਼ਲਤੀਆਂ ਕਰਨ ਵਾਲੇ ਨੂੰ ਟੋਕੇ, ਗੰਗਾ ਜਮਨੀ ਖ਼ਿਆਲਾਂ ਵਾਲੇ ਢਿਲੜ ਨਾ ਪੈਦਾ ਹੋਣ ਦੇਵੇ। ਉਹ ਜਥੇ ਸੇਧਾਂ ਦੇ ਕੇ, ਸੋਧਾਂ ਕਰਕੇ, ਤਰੱਕੀ ਦੇ ਰਾਹ ਦੱਸ ਕੇ, ਕੌਮ ਨੂੰ ਆਉਣ ਵਾਲੇ ਖ਼ਤਰਿਆਂ ਤੋਂ ਸੁਚੇਤ ਕਰਕੇ, ਧਰਮ ਪ੍ਰਚਾਰ ਦੇ ਵਾਧੇ ਲਈ ਉੱਚੇਚੇ ਪ੍ਰਬੰਧ ਕਰਦੇ ਸਨ। ਮੈਲਕਮ ਕਹਿੰਦਾ ਹੈ ਕਿ ਜਥੇਦਾਰ ਕੋਈ ਵੀ ਬਣ ਸਕਦਾ ਸੀ ਪਰ ਉਹ ਹੀ ਬਣਦਾ ਸੀ ਜੋ ਬਹਾਦਰੀ ਰਾਹੀਂ ਲੋਕਾਂ ਤੇ ਪ੍ਰਭਾਵ ਪਾ ਲਵੇ। ਜਿਵੇਂ ਭਾਈ ਅੱਘੜ ਸਿੰਘ ਤੀਰ ਦਰੱਖ਼ਤ ਵਿਚੋਂ ਪਾਰ ਕਰ ਸਕਦੇ ਸਨ। ਭਾਈ ਹਾਠੂ ਸਿੰਘ ਪਾਸ ਖ਼ੂਨੀ ਹਾਥੀ ਵੱਸ ਕਰਨ ਦੀ ਜੁਗਤੀ ਸੀ। ਭਾਈ ਹਕੀਕਤ ਸਿੰਘ ਭੰਗੀ ਹਰ ਵੰਗਾਰ ਦਾ ਉੱਤਰ ਦੇਂਦੇ ਸਨ। ਸਰਦਾਰ ਚੜ੍ਹਤ ਸਿੰਘ ਜੀ ਹਰ ਮੁਹਿੰਮ ਵਿਚ ਅੱਗੇ ਦੇਖੇ ਜਾ ਸਕਦੇ ਸਨ। ਸਰਦਾਰ ਜੱਸਾ ਸਿੰਘ ਜੀ ਠਰ੍ਹੰਮੇ ਤੇ ਬਹਾਦਰੀ ਦੀ ਮੂਰਤ ਸਨ, ਘੱਲੂਘਾਰੇ ਵਿਚ ੨੨ ਜ਼ਖਮ ਲੱਗੇ ਪਰ ਪੈਰ ਪਿਛਾਂਹ ਨਾ ਹਟਾਇਆ। ਭਾਈ ਹਰੀ ਸਿੰਘ ਭੰਗੀ ਨਿਤਨੇਮੀ ਅਤੇ ਜੁਰਅੱਤ ਦਾ ਮੁਜੱਸਮਾ ਸਨ।

ਤੀਜੇ, ਸਿਪਾਹੀ ਨੂੰ ਹੱਕ ਸੀ ਕਿ ਉਹ ਇਕ ਮਿਸਲ ਵਿਚੋਂ ਨਿਕਲਕੇ ਕਿਸੇ ਦੂਸਰੀ ਮਿਸਲ ਵਿਚ ਸ਼ਾਮਲ ਹੋ ਜਾਏ। ਜੇ ਕੋਈ ਸਿਪਾਹੀ ਇਕ ਮਿਸਲ ਨੂੰ ਛੱਡ ਕੇ ਦੂਜੀ ਮਿਸਲ ਵਿਚ ਜਾਂਦਾ ਤਾਂ ਉਸ ਨੂੰ ਮਾੜਾ ਨਹੀਂ ਸੀ ਗਿਣਿਆ ਜਾਂਦਾ। ਇਹ ਗੱਲ ਪ੍ਰਗਟ ਕਰਦੀ ਹੈ ਕਿ ਸਭ ਮਿਸਲਾਂ ਦਾ ਨਿਸ਼ਾਨਾ ਇਕ ਹੀ ਸੀ। ਜੇ ਕੋਈ ਸਿੱਖ ਕਿਸੇ ਮਿਸਲ ਵਿਚ ਜਾਣ ਦੀ ਇੱਛਾ ਪ੍ਰਗਟ ਕਰਦਾ ਤਾਂ ਜਥੇਦਾਰ ਖੁਸ਼ੀ ਨਾਲ ਭੇਜਦਾ ਤੇ ਦੂਸਰਾ ਜਥੇਦਾਰ ਖ਼ੁਸ਼ੀ ਨਾਲ ਸਵੀਕਾਰ ਕਰਦਾ ਸੀ। ਇਸ ਖੁਲ੍ਹ ਦਾ ਇਕ ਲਾਭ ਸੀ ਕਿ ਹਰ ਸਿਪਾਹੀ ਦੀ ਸ਼ਖ਼ਸੀਅਤ

1. The Sikhs, ਪੰਨਾ 63.

ਕਾਇਮ ਰਹਿੰਦੀ ਸੀ। ਫੇਰ ਜਥੇਦਾਰ ਇਸ ਕੋਸ਼ਿਸ਼ ਵਿਚ ਰਹਿੰਦਾ ਸੀ ਕਿ ਹਰ ਸਿਪਾਹੀ ਪ੍ਰਸੰਨ ਚਿਤ ਰਹੇ। ਸਿਪਾਹੀ ਦੇ ਖ਼ੁਸ਼ ਰਹਿਣ ਦੀ ਸੂਰਤ ਵਿਚ ਸਿਪਾਹੀ ਦਾ ਮਿਸਲ ਛੱਡ ਜਾਣ ਦਾ ਕੋਈ ਕਾਰਨ ਹੀ ਨਹੀਂ ਸੀ ਰਹਿ ਜਾਂਦਾ।

**ਮਿਸਲਾਂ ਦਾ ਵਿਕਾਸ** : ਸੰਨ ੧੭੬੭ ਤਕ ਤਾਂ ਸਾਰੀਆਂ ਮਿਸਲਾਂ ਇਕ ਨਿਸ਼ਾਨੇ ਵਲ ਵਧਦੀਆਂ ਰਹੀਆਂ। ਸਾਂਝਾ ਅਬਦਾਲੀ ਖੱਤਰਾ ਪ੍ਰਬਲ ਹੋਣ ਕਾਰਨ ਸਾਰੇ ਇਕ ਦੂਜੇ ਨਾਲ ਜੁੜੇ ਰਹੇ। ਸਭ ਮਿਸਲਾਂ 'ਦਲ ਖਾਲਸਾ' ਦੇ ਝੰਡੇ ਹੇਠਾਂ ਹੀ ਟਿਕੀਆਂ ਰਹੀਆਂ। ਇਕ ਜਥੇਦਾਰ ਦੇ ਹੁਕਮ ਅੱਗੇ ਸਿਰ ਝੁਕਾਂਦੀਆਂ ਰਹੀਆਂ। 'ਸਰਬੱਤ ਖਾਲਸਾ' ਦੇ ਹਰ ਫ਼ੈਸਲੇ ਨੂੰ ਨਿਰਸੰਕੋਚ ਮੰਨਦੀਆਂ ਰਹੀਆਂ। ਜਿਵੇਂ ਵੱਡੇ ਘੱਲੂਘਾਰੇ ਵੇਲੇ ਸਰਦਾਰ ਚੜ੍ਹਤ ਸਿੰਘ ਨੇ ਸੁਝਾਅ ਦਿੱਤਾ ਕਿ ਅਬਦਾਲੀ ਦਾ ਟਾਕਰਾ ਮਿਸਲ ਵੰਡ ਪਾ ਕੇ ਕੀਤਾ ਜਾਏ ਤਾਂ ਕੌਮ ਦੇ ਜਥੇਦਾਰ ਸਰਦਾਰ ਜੱਸਾ ਸਿੰਘ ਜੀ ਆਹਲੂਵਾਲੀਆ ਨੇ ਕਿਹਾ :

*'ਬਿਲਕੁਲ ਐਸਾ ਨਾਂਹ ਕਰਨਾ।*
*ਮਿਸਲ ਵੰਡ ਅਬ ਕਬਹੂੰ ਨਾ ਪਾਵੋ।*
*ਰਲ ਮਿਲ ਖੜ ਤੁਰ ਪੰਥ ਬਚਾਵੋ।'*

੧੭੬੭ ਉਪਰੰਤ ਅਹਿਮਦ ਸ਼ਾਹ ਅਬਦਾਲੀ ਦਾ ਖ਼ਤਰਾ ਹੱਟ ਗਿਆ। ਮੁਗ਼ਲ ਰਾਜ ਪੰਜਾਬ ਵਿਚੋਂ ਖ਼ਤਮ ਹੋ ਗਿਆ। ਮਰਹੱਟੇ ਪੰਜਾਬ ਵੱਲ ਆਉਣਾ ਸੋਚ ਹੀ ਨਹੀਂ ਸਨ ਸਕਦੇ। ਪੰਜਾਬ ਵਿਚ ਕੋਈ ਤਾਕਤ ਸਿੱਖਾਂ ਦੇ ਟਾਕਰੇ ਦੀ ਨਹੀਂ ਸੀ। ਇਸ ਸੂਰਤ ਵਿਚ ਨਿੱਜੀ ਭਾਵ ਜਾਗੇ। ਹਰ ਇਕ ਦੀਆਂ ਖ਼ੁਦਗਰਜ਼ੀਆਂ ਅਤੇ ਰਾਜਨੀਤਕ ਖ਼ਾਹਿਸ਼ਾਂ ਪ੍ਰਗਟ ਹੋਣ ਲੱਗੀਆਂ। ਹਰ ਮਿਸਲ ਨੇ ਆਪਣੇ ਅਧਿਕਾਰ ਦਾ ਖੇਤਰ ਵਧਾਉਣ ਲਈ ਉਪਰਾਲੇ ਅਰੰਭੇ। ਵਧ ਤੋਂ ਵੱਧ ਇਲਾਕੇ ਤੇ ਕਬਜ਼ਾ ਕਰਨਾ ਮਿਸਲਾਂ ਨੇ ਮੰਤਵ ਬਣਾ ਲਿਆ। ਇੰਜ ਹੋ ਗਿਆ ਕਿ :

*"ਜੋ ਜੋ ਰਯਤ ਆਇ ਮਿਲੈ।*
*ਰਹੈ ਪਿੰਡ ਉਸੈ ਸਿੰਘ ਪਾਸੈ।'*

ਜਿੱਥੇ ਵੀ ਕਿਸੇ ਦਾ ਪੈਰ ਪਿਆ, ਉਹ ਹੀ ਮਾਲਕ ਬਣ ਗਿਆ।

*ਜਿਸ ਪੈਰ ਜਹਾਂ ਕੋ ਪੜ ਰਹਯੋ।*
*ਕਿਸੈ ਨਿਕਾਰਤ ਨ ਕੋਊ ਭਯੋ।*
*ਛੋਟੀ ਜਗਾ ਲਖ ਛੋਟੇ ਵੜੇ।*
*ਵਡ ਸ਼ਹਿਰਨ ਸਿਰਦਾਰ ਵਡ ਖੜੇ।*

ਮਿਸਲ ਦਾ ਇਲਾਕਾ ਤਾਂ ਨਿਯਤ ਸੀ, ਪਰ ਇਹ ਸਭ ਪਾਣੀ ਵਿਚ ਲਕੀਰ ਵਾਂਙ ਸੀ। ਮਿਸਲਾਂ ਨੇ ਮੌਕੇ ਤੋਂ ਲਾਭ ਉਠਾਉਂਦੇ ਹੋਏ ਪੱਕੀਆਂ ਲਕੀਰਾਂ ਪਾਉਣੀਆਂ ਅਰੰਭੀਆਂ। ਮਿਸਲਦਾਰ ਨੇ ਆਪਣੇ ਇਲਾਕੇ ਵਿਚ ਸਭ ਤੋਂ ਪਹਿਲਾਂ ਕਿਲ੍ਹੇ ਦੀ ਸਥਾਪਨਾ ਕੀਤੀ। ਫ਼ੌਜਾਂ ਪੱਕੀਆਂ ਜਾਂ ਤਨਖ਼ਾਹਦਾਰ ਰੱਖਣੀਆਂ ਵੀ ਸ਼ੁਰੂ ਕਰ ਦਿੱਤੀਆਂ। ਵੱਧ ਤੋਂ ਵੱਧ ਇਲਾਕੇ ਉੱਤੇ ਕਬਜ਼ਾ ਕਰਨਾ ਮੰਤਵ ਬਣਾ ਲਿਆ। ਜਿਥੇ ਪਿਆਰ ਸੀ ਉਥੇ ਈਰਖਾ ਸਾੜਾ ਆ ਗਿਆ। ਇਸ ਤਰ੍ਹਾਂ ਸਾਰਾ ਪੰਜਾਬ ੧੨ ਹਿੱਸਿਆਂ ਵਿਚ ਵੰਡਿਆ ਗਿਆ। ੧੨ ਮਿਸਲਾਂ ਪੱਕੀਆਂ ਹੋ ਗਈਆਂ। 'ਸਰਬੱਤ ਖ਼ਾਲਸਾ' ਦੀ ਅੰਮ੍ਰਿਤਸਰ ਵਿਖੇ ਹਾਜ਼ਰੀ ਘਟਣ ਲੱਗੀ। 'ਸਰਬੱਤ

Sri Satguru Jagjit Singh Ji eLibrary NamdhariElibrary@gmail.com

ਖ਼ਾਲਸਾ' ਦਾ ਸਤਿਕਾਰ ਘਟਣ ਲੱਗਾ। ਮਿਸਲਾਂ ਦੇ ਜੋ ਜਥੇਦਾਰ ਹਾਜ਼ਰ ਹੁੰਦੇ ਸਨ ਉਹ ਤਾਂ ਫੈਸਲੇ ਉੱਤੇ ਫੁੱਲ ਚਾੜ੍ਹਦੇ ਸਨ, ਪਰ ਜੋ ਜਾਣ ਬੁੱਝ ਕੇ ਨਹੀਂ ਸਨ ਪੁੱਜਦੇ, ਗੁਰਮਤਿਆਂ ਦੀ ਉਲੰਘਣਾ ਕਰਨ ਲੱਗ ਪਏ। 'ਸਿਰ ਝੁਕਾਣ' ਦੀ ਥਾਂ ਇਤਰਾਜ਼ਾਂ ਨੇ ਮਲ ਲਈ। ਸਰਬਤ ਖ਼ਾਲਸੇ ਦੇ ਇਕੱਠ ਲੰਮੇ ਸਮੇਂ ਬਾਅਦ ਹੋਣ ਲੱਗੇ।

*ਕਨਿੰਘਮ* ਮਿਸਲਾਂ ਦੀ ਬਣਤਰ ਨੂੰ (Theocratic Confederate Feudalism) (ਧਾਰਮਕ ਸੰਮਿਲਤ ਜਾਗੀਰਦਾਰੀ) ਕਹਿੰਦਾ ਹੈ। ਕਨਿੰਘਮ ਦਾ ਵਿਚਾਰ ਹੈ ਕਿ 'ਇਹ ਮਿਸਲਾਂ ਦੀ ਜਥੇਬੰਦੀ ਧਰਮ ਉੱਤੇ ਖੜ੍ਹੀ ਸਾਂਝੀ ਜਾਗੀਰਦਾਰੀ ਸੀ। ਉਸਦਾ ਖ਼ਿਆਲ ਹੈ ਕਿ ਧਾਰਮਕ ਤੌਰ ਤੇ ਸਾਰੇ ਇਕੋ ਖ਼ਿਆਲ ਦੇ ਸਨ। ਸੋ ਇਕੋ ਹੀ ਸਨ। ਰਾਜਨੀਤਕ ਨਿਸ਼ਾਨਾ ਵੀ ਇਕ ਸੀ ਤੇ ਜੁੜ ਵੀ ਬੈਠਦੇ ਸਨ ਪਰ ਜਾਗੀਰਦਾਰੀ ਵਾਂਗੂ ਇਕ ਦੂਜੇ ਨਾਲੋਂ ਵੱਖ-ਵੱਖ ਸਨ। ਇਸ ਲਈ ਜਾਗੀਰਦਾਰੀ ਕਿਹਾ ਜਾ ਸਕਦਾ ਹੈ।' ਜ਼ਰਾ ਗਹੁ ਨਾਲ ਵਿਚਾਰਿਆ ਜਾਏ ਤਾਂ ਇਹ ਸਪੱਸ਼ਟ ਤੌਰ ਉੱਤੇ ਪ੍ਰਗਟ ਹੋ ਜਾਏਗਾ ਕਿ ਇਸ ਨੂੰ ਧਾਰਮਕ ਸੰਮਿਲਤ ਜਾਗੀਰਦਾਰੀ ਕਹਿਣਾ ਠੀਕ ਨਹੀਂ ਹੈ। ਧਰਮ ਸਾਂਝਾ ਸੀ, ਜਜ਼ਬਾ ਵੀ ਸਾਂਝਾ ਸੀ, ਅਖੌਤੀ ਧਰਮ ਹਕੂਮਤ ਵਾਲੀ ਕੋਈ ਗੱਲ ਨਹੀਂ ਸੀ। ਮਜ਼੍ਹਬੀ ਰਾਜ ਵਿਚ ਹੁਕਮ ਖ਼ੁਦਾਈ, ਫ਼ਰਮਾਨ ਇਲਾਹੀ ਤੇ ਉਸ ਨੂੰ ਦਰਸਾਉਣ ਵਾਲੇ ਕਾਜ਼ੀ, ਪਾਦਰੀ ਜਾਂ ਪਰੋਹਿਤ ਹੁੰਦੇ ਹਨ। ਇਥੇ ਕਿਸੇ ਪਰੋਹਿਤ ਨੂੰ ਕੋਈ ਥਾਂ ਨਹੀਂ ਸੀ। ਗ੍ਰੰਥੀ ਸਿਰਫ਼ ਤਾਬਿਆ ਬੈਠ ਵਾਕ ਲੈਂਦਾ ਸੀ। ਹਰ ਕੋਈ ਵਿਚਾਰ ਦੇਣ ਦੀ ਸੁਤੰਤਰਤਾ ਰੱਖਦਾ ਸੀ, ਭਾਵੇਂ ਗੁਰਮਤੇ ਜ਼ਰੂਰ ਸਾਂਝੇ ਹੁੰਦੇ ਸਨ ਪਰ ੧੭੬੭ ਬਾਅਦ ਜਦ ਮਿਸਲਾਂ ਦਾ ਵਿਕਾਸ ਹੋਇਆ ਇਹ ਸਾਂਝ ਵੀ ਮਿਟ ਗਈ। ਡਾਕਟਰ ਸਿਨ੍ਹਾ ਨੇ ਸੁੰਦਰ ਮਿਸਾਲ ਦਿੱਤੀ ਹੈ। ਉਹ ਲਿਖਦਾ ਹੈ : ''ਜੇ ਇਕ ਲੋਹੇ ਦੀ ਸੀਖ ਉੱਤੇ ਇਕ ਲੋਹੇ ਦੀ ਤਾਰ ਲਪੇਟ ਦਿੱਤੀ ਜਾਏ ਤੇ ਲੋਹੇ ਦੀ ਤਾਰ ਵਿਚੋਂ ਬਿਜਲੀ ਦੀ ਕਰੰਟ ਲੰਘਾਈ ਜਾਏ ਤਾਂ ਉਸ ਲੋਹੇ ਦੀ ਸੀਖ ਵਿਚ ਮਿਕਨਾਤੀਸੀ ਤਾਕਤ ਆ ਜਾਂਦੀ ਹੈ ਪਰ ਜੇ ਬਿਦਲੀ ਦੀ ਰੌ ਹਟਾ ਲਈ ਜਾਏ ਤਾਂ ਲੋਹੇ ਦੀ ਸੀਖ ਵਿਚੋਂ ਮਿਕਨਾਤੀਸੀ ਸ਼ਕਤੀ ਉੱਡ-ਪੁੱਡ ਜਾਏਗੀ।'' ਕੁਝ ਇਸੇ ਤਰ੍ਹਾਂ ਮਿਸਲਾਂ ਨਾਲ ਹੋਇਆ। ਸਾਂਝੇ ਬਾਹਰਲੇ ਖ਼ਤਰੇ ਨੇ ਮਿਸਲਾਂ ਨੂੰ ਇਕੱਠਿਆਂ ਰੱਖਿਆ, ਪਰ ਜਦ ਬਾਹਰਲਾ ਖ਼ਤਰਾ ਹੱਟ ਗਿਆ ਤਾਂ ਮਿਸਲਾਂ ਵੱਖ-ਵੱਖ ਹੋ ਗਈਆਂ। ਸਾਂਝੇ ਰਾਜਨੀਤਕ ਖ਼ਿਆਲ ਵੀ ਉੱਡ ਗਏ। ਰਾਜਨੀਤਿਕ ਸਾਂਝ ਟੁੱਟ ਗਈ। ਸੋ ਮਿਸਲਾਂ ਨੂੰ ਮਜ਼੍ਹਬ ਉੱਤੇ ਖੜ੍ਹੀ ਜਥੇਬੰਦੀ ਨਹੀਂ ਕਿਹਾ ਜਾ ਸਕਦਾ। ਧਰਮ ਤਾਂ ਸਿਰਫ਼ ਉਹਨਾਂ ਦੀ ਟੇਕ ਸੀ। ਰਾਜਨੀਤੀ ਵਿਗਿਆਨ ਦਾ ਵਿਦਿਆਰਥੀ ਜਾਣਦਾ ਹੈ ਕਿ ਉਸ ਸਿਸਟਮ ਨੂੰ 'ਧਾਰਮਕ' ਨਹੀਂ ਕਿਹਾ ਜਾ ਸਕਦਾ। ਫੇਰ ਮਿਸਲਾਂ ਕੋਈ ਜਾਗੀਰਦਾਰੀ ਸਿਸਟਮ ਦੀਆਂ ਵੀ ਸੰਚਾਲਕ ਨਹੀਂ ਸਨ। ਜਾਗੀਰਦਾਰੀ (Feudalism) ਦਾ ਸ਼ਹਿਨਸ਼ਾਹੀਅਤ (Monarchy) ਨਾਲ ਅਟੁੱਟਵਾਂ ਸੰਗ ਹੈ, ਪਰ ਸਿੱਖ ਕਿਸੇ ਨੂੰ ਵੀ ਸ਼ਹਿਨਸ਼ਾਹ ਜਾਂ ਮਹਾਰਾਜਾ ਨਹੀਂ ਮਿਥਦਾ ਸੀ।[1] ਮਿਸਲਾਂ ਦੇ ਸਿੱਖ ਵੀ ਕਿਸੇ ਸੰਸਾਰੀ ਸ਼ਾਹ

---

1. ਸਿੰਘਾਂ ਤਾਂ ਕਲਗੀਧਰ ਨੂੰ ਵੀ ਕਹਿ ਦਿੱਤਾ ਸੀ ਕਿ ਜੇ ਬੰਦੇ ਨੇ ਬਾਦਸ਼ਾਹੀ ਦਾਅਵਾ ਕੀਤਾ ਤਾਂ ਉਹ ਸਾਥ ਨਹੀਂ ਦੇਣਗੇ।
"ਜੇ ਬੰਦਾ ਨਿਜ ਪਾਤਸ਼ਾਹੀ ਚਾਹੇ।
ਹਮ ਇਸ ਕੈ ਸਾਥ ਨ ਰਾਹੈ।"

Sri Satguru Jagjit Singh Ji eLibrary NamdhariElibrary@gmail.com

ਦੀ ਵਫਾਦਾਰੀ ਨਹੀਂ ਸਨ ਮੰਨਦੇ। ਕਨਿੰਘਮ ਨੇ ਆਪ ਲਿਖਿਆ ਹੈ ਕਿ ਉਹ ਵਾਹਿਗੁਰੂ ਨੂੰ ਹੀ ਮਦਦਗਾਰ ਤੇ ਸਿਰ ਦਾ ਸਾਈਂ ਗਿਣਦੇ ਸਨ।[1] ਹਰ ਸਿੱਖ ਆਜ਼ਾਦ ਸੀ। ਉਹ ਕਿਸੇ ਦੀ ਅਧੀਨਗੀ ਨਹੀਂ ਸੀ ਮੰਨਦਾ। 'ਵਾਹਿਗੁਰੂ ਜੀ ਕਾ ਖਾਲਸਾ' ਉਨ੍ਹਾਂ ਦਾ ਮੁੱਖ ਤੇ ਨਿਤ ਦਾ ਆਸਰਾ ਸੀ। 'ਸ਼ਹਿਨਸ਼ਾਹ ਖੁਦੀ ਕੋ ਭਾਖਤ' ਪਹਿਲਾਂ ਜ਼ਕਰੀਆ ਖ਼ਾਨ ਤੇ ਫਿਰ ਅਬਦਾਲੀ ਨੇ ਡਿੱਠਾ ਸੀ। ਫਿਰ ਜਦ ਕੈਪਟਨ ਮਰੇ ਨੇ ਭਾਈ ਰਤਨ ਸਿੰਘ ਭੰਗੂ ਕੋਲੋਂ ਪੁੱਛਿਆ ਸੀ ਕਿ ਸਿੱਖ ਕਿਸ ਸੰਧੀ ਨਾਲ ਰਾਜ ਕਰ ਰਹੇ ਹਨ ਤਾਂ ਭਾਈ ਰਤਨ ਸਿੰਘ ਨੇ ਜੁਆਬ ਦਿੱਤਾ ਸੀ ਕਿ ''ਸਿੰਘ ਹੋਇ ਰਾਖੇ ਕਿਮ ਕਾਨ। ਐਰੇ ਗੈਰੇ ਕਾ ਮੰਗੈ ਫ਼ੁਰਮਾਨ।''

ਫ਼ਾਰਸਟਰ ਲਿਖਦਾ ਹੈ ਕਿ ਮੈਂ ਇਕ ਸਿੱਖ ਘੋੜ ਸਵਾਰ ਕੋਲੋਂ ਗ਼ਲਤੀ ਨਾਲ ਪੁੱਛ ਬੈਠਾ ਕਿ ਉਹ ਕਿਸ ਦਾ ਚਾਕਰ ਹੈ ਤੇ ਉਸ ਦਾ ਮਾਲਕ ਸਰਦਾਰ ਕੌਣ ਹੈ? ਤਾਂ ਉਸਦਾ ਮੂੰਹ ਗੁੱਸੇ ਨਾਲ ਲਾਲ ਹੋ ਗਿਆ। ਉਸ ਨੇ ਉਂਗਲੀ ਆਸਮਾਨ ਵੱਲ ਕਰਕੇ ਇਸ਼ਾਰਾ ਕੀਤਾ ਜਿਸ ਦਾ ਭਾਵ ਸੀ, ਉਸ ਦਾ ਮਾਲਕ ਵਾਹਿਗੁਰੂ ਤੇ ਉਹ ਚਾਕਰ ਗੋਬਿੰਦ ਦਾ ਹੈ।[2]

ਇਹ ਕਨਫੈਡਰੇਟ ਵੀ ਨਹੀਂ ਸੀ ਕਿਉਂਕਿ ਕਨਫੈਡਰੇਟ ਵਿਚ ਪਹਿਲਾਂ ਸਭ ਮਾਲ ਫਿਊਡਲ ਚੀਫ਼ ਆਪਸ ਵਿਚ ਵੰਡਦੇ ਸਨ ਤੇ ਫਿਰ ਅੱਗੋਂ ਇਕੋ ਜਿਹਾ ਬੰਦਿਆਂ ਵਿਚ।

ਡਾਕਟਰ ਸਿਨ੍ਹਾ ਦਾ ਕਹਿਣਾ ਹੈ ਕਿ ਸਿੱਖਾਂ ਦੀ ਜਾਗੀਰਦਾਰੀ ਨਾ ਯੂਰਪ ਤੇ ਨਾ ਹੀ ਰਾਜਪੂਤਾਨੇ ਵਾਲੀ ਸੀ।

ਯੂਰਪ ਦੀ ਜਾਗੀਰਦਾਰੀ ਗਿਬਨ ਦੇ ਕਥਨ ਅਨੁਸਾਰ ਕਿਸੇ ਖ਼ਾਸ ਮੌਕੇ ਅਤੇ ਜਾਰਹੀਅਤ, ਜਬਰ ਦੀ ਉਪਜ ਸੀ (Offspring of Chance and Barbarism) ਰਾਜਪੂਤਾਨੇ ਦੀ ਹੈਂਕੜ ਵਾਲੀ *Haughty) ਤੇ ਵਿਰਾਸਤ ਵਾਲੀ ਸੀ। ਇਥੇ ਮਿਸਲਦਾਰੀ ਵਿਚ ਅਜਿਹੀ ਕੋਈ ਗੱਲ ਨਹੀਂ ਸੀ। ਇਸ ਦੀ ਉਦਾਹਰਨ ਰਾਮਗੜ੍ਹੀਆ ਮਿਸਲ ਹੀ ਕਾਫੀ ਹੈ। ਇਸ ਦੇ ਮੋਢੀ ਖੁਸ਼ਹਾਲ ਸਿੰਘ ਕਕੜਪੁਰੀਆ ਸਨ ਜੋ ਬੰਦਾ ਸਿੰਘ ਦੇ ਸਾਥੀ ਸਨ, ਜਿਨ੍ਹਾਂ ਜਥੇਦਾਰੀ ਸਾਂਗਲਾ ਪਿੰਡ ਦੇ ਅਨੰਦ ਸਿੰਘ ਨੂੰ ਦਿੱਤੀ ਤੇ ਉਨ੍ਹਾਂ ਅੱਗੋਂ ਸਰਦਾਰ ਜੱਸਾ ਸਿੰਘ ਇਛੋਗਿਲ ਨੂੰ, ਜੋ ਰਾਮਗੜ੍ਹੀਆ ਕਹਿਲਾਏ। ਇਹ ਫਿਊਡਲ ਇਸ ਪੱਖੋਂ ਵੀ ਨਹੀਂ ਸੀ ਕਿ ਇਥੇ ਨ ਕੋਈ ਜਿੱਤਿਆ ਗਿਆ ਸੀ ਤੇ ਨਾ ਕੋਈ ਜੇਤੂ ਸੀ। ਸਭ ਬਰਾਬਰ ਸਨ।

ਇਬਟਸਨ ਇਸ ਨੂੰ ਧਰਮ-ਤੰਤਰ, ਜਮਹੂਰੀਅਤ ਤੇ ਸਰਬ ਸ਼ਕਤੀਮਾਨਤਾ (Theocracy, democracy, absolutism) ਦਾ ਸੰਗਮ ਕਹਿੰਦਾ ਹੈ। ਮਿਸਲ ਦਾ ਸਿਪਾਹੀ ਧਰਮੀ ਇਤਨਾ ਹੀ ਸੀ ਕਿ ਸਾਰੇ ਵਾਹਿਗੁਰੂ ਦਾ ਖ਼ਾਲਸਾ ਸਨ। ਲੋਕਰਾਜ ਸੀ ਜਿਥੇ ਹਰ ਕੋਈ ਬਰਾਬਰ ਸੀ, ਸਰਬ ਸ਼ਕਤੀਵਾਨ ਕੋਈ ਨਹੀਂ ਸੀ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਆਗੂ ਸਰਦਾਰ ਦਾ ਹੁਕਮ ਮੰਨਿਆ ਜਾਂਦਾ ਸੀ ਪਰ ਉਸ ਦਾ ਹੁਕਮ ਕਿਸੇ ਖ਼ਾਸ ਹੱਦ ਤਕ ਹੀ ਮੰਨਿਆ ਜਾਂਦਾ ਸੀ। ਹਰ ਸਿੱਖ ਸਿਪਾਹੀ ਦੀ ਰਾਇ ਦੀ ਕਦਰ ਕੀਤੀ ਜਾਂਦੀ ਸੀ। ਸੋ ਸਭ ਪਾਸਿਉਂ ਦੇਖਿਆਂ ਇਹ ਹੀ ਕਹਿਣਾ ਪਵੇਗਾ

1. God was their helper and only judge.
2. He disdained an earthly superior and acknowledged no other master than his prophet.

Sri Satguru Jagjit Singh Ji eLibrary NamdhariElibrary@gmail.com

ਕਿ ਮਿਸਲ ਸਿਸਟਮ ਧਾਰਮਕ ਸੰਮਿਲਤ ਜਾਗੀਰਦਾਰੀ ਨਹੀਂ ਸੀ ਸਗੋਂ ਇਕ ਇਤਿਹਾਸਕ ਲੋੜ ਸੀ, ਜਿਸ ਦਾ ਕੋਈ ਬਦਲ ਹਿੰਦੁਸਤਾਨ ਜਾਂ ਪੱਛਮ ਵਿਚ ਨਹੀਂ ਲੱਭਿਆ ਜਾ ਸਕਦਾ।

**ਮਿਸਲ ਜਥੇਬੰਦੀ ਦੇ ਲਾਭ :** ਮਿਸਲਾਂ ਇਕ ਇਤਿਹਾਸਕ ਜ਼ਰੂਰਤ ਸਨ ਤੇ ਐਸੀ ਜ਼ਰੂਰਤ ਜਿਸ ਤੋਂ ਬਗ਼ੈਰ ਪੰਥਕ ਜਥੇਬੰਦੀ ਦਾ ਬਚਣਾ ਮੁਸ਼ਕਲ ਸੀ। ਮਿਸਲਾਂ ਨੇ ਨਾ ਸਿਰਫ਼ ਜਥੇਬੰਦੀ ਨੂੰ ਖੇਰੂੰ-ਖੇਰੂੰ ਹੋਣ ਤੋਂ ਬਚਾਇਆ ਸਗੋਂ ਸਿੱਖੀ ਦੇ ਵਿਕਾਸ ਵਿਚ ਵੀ ਕਾਫੀ ਵਾਧਾ ਕੀਤਾ।

ਸੋ ਸਭ ਤੋਂ *ਪਹਿਲਾ* ਲਾਭ ਇਹ ਹੋਇਆ ਕਿ ਹੰਨੇ ਹੰਨੇ ਮੀਰੀ ਤੋਂ ਪੰਥ ਬਚ ਗਿਆ। ਨਵਾਬ ਕਪੂਰ ਸਿੰਘ ਨੇ ਮਹਿਸੂਸ ਕੀਤਾ ਕਿ ੧੫ ਸਾਲਾਂ ਵਿਚ ਪੰਜਾਂ ਜਥਿਆਂ ਦੇ ੬੫ ਜਥੇ ਬਣ ਸਕਦੇ ਹਨ ਤਾਂ ਇਨ੍ਹਾਂ ਦੀ ਗਿਣਤੀ ਸੈਂਕੜਿਆਂ ਵਿਚ ਵੀ ਹੋ ਸਕਦੀ ਹੈ। ਬਹੁਤੇ ਜੱਥੇ ਬਣ ਜਾਣ ਦੀ ਸੂਰਤ ਵਿਚ ਹਰ ਕੋਈ ਨਾ ਸਿਰਫ਼ ਸੁਤੰਤਰ ਹੋ ਜਾਏਗਾ, ਸਗੋਂ ਧੁਰਾ ਵੀ ਟੁੱਟ ਜਾਏਗਾ। ਸੋ ਆਪਾਧਾਪੀ ਤੋਂ ਬਚਾਉਣ ਲਈ ਨਵਾਬ ਕਪੂਰ ਸਿੰਘ ਨੇ 'ਦਲ ਖ਼ਾਲਸਾ' ਦੀ ਜਥੇਬੰਦੀ ਤੇ ਫਿਰ ੧੧ ਜਥੇ ਤੇ ੧੧ ਮਿਸਲਾਂ ਥਾਪੀਆਂ। ੧੧ ਮਿਸਲਾਂ ਬਣਨ ਨਾਲ ਹਰ ਇਕ ਜਥੇਦਾਰ ਦੀ ਹਉਂ ਵੀ ਪੂਰੀ ਹੋ ਗਈ ਤੇ ਜਥੇਬੰਦੀ ਖੇਰੂੰ-ਖੇਰੂੰ ਵੀ ਨਾ ਹੋਈ। ਨਾਲ ਹੀ ਹਰ ਇਕ ਨੂੰ ਵਿਕਾਸ ਦਾ ਸਮਾਂ ਮਿਲ ਗਿਆ।

*ਦੂਸਰੇ,* ਮਿਸਲ ਦੀ ਜਥੇਬੰਦੀ ਨੇ ਇਕ ਜ਼ਰੂਰੀ ਕੰਮ ਸਿੱਖਾਂ ਦੇ ਪ੍ਰਭਾਵ-ਖੇਤਰ ਵਧਾਉਣ ਦਾ ਕੀਤਾ। ਮਿਸਲ ਦੇ ਸਰਦਾਰਾਂ ਨੇ ਆਪਣੇ ਸਾਥੀਆਂ ਦੀ ਸਹਾਇਤਾ ਨਾਲ ਸਾਰੇ ਪੰਜਾਬ ਨੂੰ ਲਿਤਾੜਿਆ। ਸਾਰਾ ਪੰਜਾਬ ਸਿੱਖਾਂ ਦੇ ਕਬਜ਼ੇ ਵਿਚ ਆ ਗਿਆ। ਜਿਸ ਤੇਜ਼ੀ ਨਾਲ ਸਾਰਾ ਪੰਜਾਬ ਕਬਜ਼ੇ ਵਿਚ ਆਇਆ, ਉਹ ਇਤਿਹਾਸਕਾਰਾਂ ਲਈ ਹੈਰਾਨੀ ਦੀ ਗੱਲ ਹੈ ਪਰ ਇਹ ਹੈਰਾਨੀ ਨਹੀਂ ਰਹੇਗੀ, ਜਦ ਮਿਸਲਾਂ ਦੀ ਜਥੇਬੰਦੀ ਤੇ ਵਿਕਾਸ ਦਾ ਇਤਿਹਾਸ ਪਤਾ ਹੋਵੇ। ਇਕ ਦੂਜੇ ਕੋਲੋਂ ਉਤਸ਼ਾਹ ਮਿਲਣਾ ਕੁਦਰਤੀ ਗੱਲ ਸੀ। ਹਰ ਮਨੁੱਖ ਦੀ ਇਹ ਫ਼ਿਤਰਤ ਹੈ ਕਿ ਉਹ ਮੁਕਾਬਲੇ ਵਿਚ ਅੱਗੇ ਨਿਕਲਣਾ ਚਾਹੁੰਦਾ ਹੈ। ਜਦ ਵਿਸਾਖੀ ਜਾਂ ਦੀਵਾਲੀ ਨੂੰ ਸਾਰਾ ਹਿਸਾਬ ਪੜ੍ਹ ਕੇ ਸੁਣਾਇਆ ਜਾਂਦਾ ਸੀ ਤਾਂ ਹਰ ਮਿਸਲ ਇਕ ਦੂਜੇ ਨਾਲੋਂ ਬਾਜ਼ੀ ਲੈ ਜਾਣ ਦੀ ਸੋਚਦੀ ਸੀ ਤੇ ਇਸ ਉਤਸ਼ਾਹ ਨੇ ਹੀ ਸਾਰੇ ਪੰਜਾਬ ਉੱਤੇ ਕਬਜ਼ਾ ਕਰਨ ਵਿਚ ਸਹਾਇਤਾ ਦਿੱਤੀ।

*ਤੀਜੇ,* ਦੁਸ਼ਮਣਾਂ ਦੇ ਹਮਲਿਆਂ ਤੋਂ ਬਚਣ ਲਈ ਇਹ ਮਿਸਲ-ਸਿਸਟਮ ਬਹੁਤ ਕੰਮ ਆਇਆ। ਇਸ ਸਿਸਟਮ ਨੇ ਸਿੱਖਾਂ ਨੂੰ ਅਜਿੱਤ ਬਣਾ ਦਿੱਤਾ। ਇਕ ਮਿਸਲ ਨੂੰ ਦਿੱਤੀ ਹੋਈ ਭਾਂਜ ਮੁਕੰਮਲ ਹਾਰ ਨਹੀਂ ਸੀ ਗਿਣੀ ਜਾਂਦੀ ਸਗੋਂ ਬਾਕੀ ਮਿਸਲਾਂ ਇਕੱਠੇ ਹੋ ਕੇ ਤਾਜ਼ਾ ਦਮ ਹੋ ਕੇ ਡਟ ਜਾਂਦੀਆਂ ਸਨ। ਇਹ ਹੀ ਕਾਰਨ ਹੈ ਕਿ ਪਹਿਲਾਂ ਮੁਗ਼ਲ, ਫਿਰ ਮਰਹੱਟੇ ਤੇ ਪਿੱਛੋਂ ਅਫ਼ਗਾਨ ਆਪਣੇ ਮਕਸਦ ਵਿਚ ਕਾਮਯਾਬ ਨਾ ਹੋ ਸਕੇ। ਇਕ ਦਾ ਮੁਕਾਬਲਾ ਤਾਂ ਹੋ ਸਕਦਾ ਸੀ, ਪਰ ਇਨ੍ਹਾਂ ਗਿਆਰਾਂ ਦਾ ਮੁਕਾਬਲਾ ਕੌਣ ਕਰੇ? ਮਿਸਲ ਸਿਸਟਮ ਐਸਾ ਸੀ ਕਿ ਇਹ ਕੋਈ ਨਹੀਂ ਸੀ ਆਖ ਸਕਦਾ ਕਿ ਕਿਸੇ ਥਾਂ ਉੱਤੇ ਮਾਰੀ ਗਈ ਸੱਟ ਕਾਰੀ ਹੋਵੇਗੀ। ਹਰ ਮਿਸਲ ਦਾ ਆਪਣਾ ਧੁਰਾ ਸੀ ਤੇ ਇਕ ਧੁਰੇ ਤੋਂ ਟੁੱਟੀ ਹੋਈ ਜਥੇਬੰਦੀ ਦੂਜੇ ਨਾਲ ਲੱਗ ਜਾਂਦੀ ਸੀ। ਜਿਵੇਂ ਵੱਡੇ ਘੱਲੂਘਾਰੇ ਵੇਲੇ 'ਫੂਲਕੀਆ ਮਿਸਲ' ਅਤੇ ਮੀਰ

Sri Satguru Jagjit Singh Ji eLibrary NamdhariElibrary@gmail.com

ਮੰਨੂੰ ਦੇ ਜ਼ੁਲਮ ਵੇਲੇ 'ਰਾਮਗੜ੍ਹੀਆ ਮਿਸਲ' ਕੰਮ ਆਈ।

ਰਣ ਖੇਤਰ ਘੱਟ ਹੋ ਜਾਣ ਕਾਰਨ ਮਿਸਲਾਂ ਦੇ ਜਥੇਦਾਰ ਤੇ ਸਿਪਾਹੀ ਚੱਪੇ ਚੱਪੇ ਤੋਂ ਜਾਣੂ ਹੁੰਦੇ ਸਨ ਤੇ ਬਾਹਰੋਂ ਆਏ ਹਮਲਾਵਰ ਇਨ੍ਹਾਂ ਨੂੰ ਮਾਰ ਮੁਕਾਉਣਾ ਤਾਂ ਇਕ ਪਾਸੇ ਪਕੜ ਵੀ ਨਹੀਂ ਸਨ ਸਕਦੇ। ਸਿੱਖ ਧਰਤੀ ਦੇ ਇਤਨੇ ਜਾਣੂ ਹੋ ਗਏ ਕਿ ਹਰ ਨਦੀ ਤੇ ਨਾਲਾ ਉਨ੍ਹਾਂ ਦਾ ਮਿੱਤਰ ਤੇ ਸਾਥੀ ਬਣ ਗਿਆ ਸੀ।

ਚੌਥੇ, ਵੱਖ-ਵੱਖ ਮਿਸਲਾਂ ਤੇ ਹਰ ਇਕ ਦੀ ਖ਼ਾਹਿਸ਼ ਦਾ ਸਤਿਕਾਰ ਹੋਣ ਕਾਰਨ ਵੈਰ ਵਿਰੋਧ ਨਾ ਹੋਇਆ। ਹਰ ਮਿਸਲ ਦਾ ਪ੍ਰਭਾਵ-ਖੇਤਰ ਨਿਯਤ ਸੀ ਤੇ ਉਹ ਆਪਣੇ ਇਲਾਕੇ ਵਿਚ ਸੁਤੰਤਰ ਸੀ। ਜੇ ਕੋਈ ਝਗੜਾ ਉੱਠਦਾ ਵੀ ਸੀ ਤਾਂ 'ਦਲ ਖ਼ਾਲਸਾ' ਦਾ ਜਥੇਦਾਰ ਨਿਰਪੱਖ ਫੈਸਲਾ ਦਿੰਦਾ ਸੀ।

ਪੰਜਵੇਂ, ਮਿਸਲਾਂ ਦਾ ਅਣਲਿਖਿਆ ਵਿਧਾਨ ਐਸਾ ਸੀ ਕਿ ਹਰ ਸਿਪਾਹੀ ਮਰਜ਼ੀ ਦਾ ਆਪ ਮਾਲਕ ਸੀ। ਜਦ ਵੀ ਕੋਈ ਸਿਪਾਹੀ ਚਾਹੇ ਇਕ ਮਿਸਲ ਨੂੰ ਛੱਡ ਕੇ ਦੂਸਰੀ ਮਿਸਲ ਵਿਚ ਸ਼ਾਮਲ ਹੋ ਸਕਦਾ ਸੀ, ਜਿਸ ਨਾਲ ਹਰ ਮਿਸਲ ਨੂੰ ਵਿਕਾਸ ਦਾ ਮੌਕਾ ਮਿਲ ਜਾਂਦਾ ਸੀ। ਇਕ ਸਿਪਾਹੀ ਆਪਣੇ ਗੁਣਾਂ ਨਾਲ ਮੀਤ ਜਥੇਦਾਰ ਜਾਂ ਜਥੇਦਾਰ ਬਣ ਜਾਂਦਾ ਸੀ। ਇਸ ਖੁਲ੍ਹ ਨੇ ਸਿੱਖਾਂ ਵਿਚ ਚੜ੍ਹਦੀ ਕਲਾ ਕਾਇਮ ਰੱਖੀ ਅਤੇ ਜਾਗੀਰਦਾਰੀ ਦਾ ਜਨਮ ਨਾ ਹੋਣ ਦਿੱਤਾ। ਇਹ ਮਿਸਲਾਂ ਦੀ ਜਥੇਬੰਦੀ ਦਾ ਹੀ ਸਦਕਾ ਸੀ ਕਿ ਉਹ ਅਫ਼ਗਾਨ ਜਿਨ੍ਹਾਂ ਮਰਹੱਟਿਆਂ ਦੇ ਆਗੂ ਮਾਧੋ ਜੀ ਸਿੰਧੀਆ ਦਾ ਖਹਿੜਾ ਸੁਪਨਿਆਂ ਵਿਚ ਵੀ ਨਾ ਛੱਡਿਆ ਉਹਨਾਂ ਅਫ਼ਗਾਨਾਂ ਨੂੰ ਅਟਕੋਂ ਪਾਰ ਕਰਕੇ ਉਨ੍ਹਾਂ ਦੇ ਸਾਹਮਣੇ ਇਕ ਰਾਜ ਕਾਇਮ ਕੀਤਾ।

**ਮਿਸਲ ਜਥੇਬੰਦੀ ਦੇ ਹਾਣ**—ਭਾਵੇਂ ਮਿਸਲਾਂ ਦੇ ਕਈ ਇਤਿਹਾਸਕ ਤੇ ਵਕਤੀ ਲਾਭ ਸਨ, ਪਰ ਮਿਸਲਾਂ ਦੀ ਜਥੇਬੰਦੀ ਨੇ ੧੭੬੭ ਤੋਂ ਬਾਅਦ ਬਹੁਤ ਹੀ ਨੁਕਸਾਨ ਪਹੁੰਚਾਇਆ। ੧੭੬੭ ਤੋਂ ਬਾਅਦ ਦਾ ਸਮਾਂ ਹਿੰਦੁਸਤਾਨ ਦੇ ਇਤਿਹਾਸ ਵਿਚ ਇਕ ਖਲਾਅ (Vaccum) ਦਾ ਸਮਾਂ ਸੀ। ਕੋਈ ਵੀ ਮਜ਼ਬੂਤ, ਇਰਾਦੇ ਦੀ ਤਗੜੀ, ਅਗਾਂਹ-ਵਧੂ ਤੇ ਮੌਕਾ-ਸੰਭਾਲੂ ਕੌਮ ਉਸ ਖ਼ਲਾਅ ਨੂੰ ਪੂਰਿਆਂ ਕਰ ਕੇ ਸਦੀਵੀ ਰਾਜ ਕਾਇਮ ਕਰ ਸਕਦੀ ਸੀ। ਸਿੱਖਾਂ ਵਿਚ ਸਾਰੇ ਹੀ ਗੁਣ ਸਨ। ਉੱਤਰੀ ਹਿੰਦੁਸਤਾਨ ਵਿਚ ਸਿੱਖਾਂ ਦਾ ਪੂਰਨ ਤੌਰ ਤੇ ਰਾਜਾ ਹੋਣਾ ਕੋਈ ਅਸੰਭਵ ਗੱਲ ਨਹੀਂ ਸੀ। ਫ਼ਾਰਸਟਰ ਜੋ ਸੈਲਾਨੀ ਦੇ ਰੂਪ ਵਿਚ ੧੭੮੩ ਵਿਚ ਪੰਜਾਬ ਆਇਆ, ਉਸ ਆਪਣੇ ਪ੍ਰਭਾਵ ਆਪਣੇ ਸਫ਼ਰਨਾਮੇ ਵਿਚ ਲਿਖੇ। ਉਸ ਨੇ ਲਿਖਿਆ ਕਿ ਮੈਨੂੰ ਇਹ ਗੱਲ ਕਹਿਣ ਵਿਚ ਕੋਈ ਝਿਜਕ ਨਹੀਂ ਕਿ ਸਿੱਖ ਹਿੰਦੁਸਤਾਨ ਦੀਆਂ ਦੇਸੀ ਰਿਆਸਤਾਂ ਵਿਚ ਪਹਿਲੇ ਦਰਜੇ ਦੀ ਤਾਕਤ ਬਣ ਜਾਣਗੇ ਅਤੇ ਜਲਦੀ ਹੀ ਉਹ ਗੁਆਂਢੀ ਰਿਆਸਤਾਂ ਲਈ ਮਾਰੂ ਸਾਬਤ ਹੋਣਗੇ।[1]

ਜਿਸ ਗੱਲ ਨੂੰ ਮਹਾਰਾਜਾ ਰਣਜੀਤ ਸਿੰਘ ਲੋਚਦਾ ਰਿਹਾ, ਉਹ ਇਕ ਸਦੀ ਪਹਿਲਾਂ

---

1. I have little hesitation in saying that the Sikhs would soon advance to the first rank amongst the native princes of Hindustan and would become a terror to the surrounding states.

FORSTER-Travels. Page 340

Sri Satguru Jagjit Singh Ji eLibrary NamdhariElibrary@gmail.com

ਹੀ ਪੂਰੀ ਹੋ ਸਕਦੀ ਸੀ। ਨਜ਼ਫ ਖ਼ਾਨ ਦੀ ਮੌਤ (੧੭੮੨) ਤੋਂ ਬਾਅਦ ਦਿੱਲੀ ਵਿਚ ਕੋਈ ਵੀ ਮਜ਼ਬੂਤ ਵਕੀਲ ਨਹੀਂ ਸੀ। ਸਿੱਖਾਂ ਉਹ ਸਮਾਂ ਗੁਆ ਲਿਆ।[1] ਸ਼ਾਹ ਆਲਮ ਦੂਜੇ ਨਾਲ ਮਰਹੱਟਿਆਂ[2] ਨੇ ਸੰਧੀ ਕਰ ਲਈ ਤੇ ਅੰਗਰੇਜ਼ਾਂ ਨੇ ਸਿੱਧੀ ਦਖ਼ਲ-ਅੰਦਾਜ਼ੀ ਅਰੰਭ ਕਰ ਦਿੱਤੀ। ਅੰਗਰੇਜ਼ਾਂ ਦੇ ਆਉਣ ਨਾਲ ਸਿੱਖਾਂ ਦੇ ਹੱਥੋਂ ਸਾਰੀ 'ਰਾਖੀ' ਦਾ ਇਲਾਕਾ ਖੁਸ ਗਿਆ ਤੇ ਉਹ ਪੰਜਾਂ ਦਰਿਆਵਾਂ ਵਿਚ ਹੀ ਸੀਮਤ ਹੋ ਗਏ। ਸੋ ਮਿਸਲਾਂ ਨੇ ਜੋ ਨੁਕਸਾਨ ਪਹੁੰਚਾਏ, ਉਨ੍ਹਾਂ ਉੱਤੇ ਨਜ਼ਰ ਮਾਰਨੀ ਜ਼ਰੂਰੀ ਹੈ।

**੧. ਆਪਸ ਵਿਚ ਵਿਰੋਧ ਦੀ ਭਾਵਨਾ** : ਸੀ. ਐਚ. ਪੇਨ ਦਾ ਲਿਖਣਾ ਹੈ ਕਿ ਮਿਸਲ-ਸਿਸਟਮ ਨੇ ਈਰਖਾ ਨੂੰ ਜਨਮ ਦਿੱਤਾ। ਜੋ ਈਰਖਾ ਸਿੱਖਾਂ ਲਈ ਓਪਰੀ ਗੱਲ ਸੀ, ਉਸ ਘਰ ਬਣਾ ਲਿਆ। ਬੜੇ ਦੁੱਖ ਨਾਲ ਭਾਈ ਕੇਸਰ ਸਿੰਘ ਛਿੱਬਰ ਨੇ ਲਿਖਿਆ :

*ਇਸ ਦੇਸ ਤੇ ਸਿਖੀ ਉਠ ਗਈ।*
*ਦੂਰ ਜਾਇ ਵਾਸ ਲੀਤੀ।*

ਰਉਲੇ ਦੇ ਸਿੰਘ ਬਹੁਤ ਹੋ ਗਏ ਹਨ, ਨ ਖ਼ਲਕ ਨਾਲ ਪਿਆਰ, ਨਾ ਸ਼ਬਦ ਸਾਖੀ ਦਾ ਵਿਚਾਰ, 'ਰਾਜ ਭਾਗ ਪਾਇਕੈ ਸਤਿਗੁਰੂ ਹੈ ਭੁਲਾਇਆ।'

*ਨਾ ਸਾਧ ਸੰਤ ਸਿਖ ਕੀ ਸੇਵਾ ਕੀਤੀ।*
*ਨ ਖ਼ਲਕ ਮਹਬਤ ਨ ਗਰੰਥ ਨਾਲ ਪਿਆਰ।*
*ਕਹੇ ਮੇਰਾ ਹੈ ਰਾਜ ਜੋਬਨ,*
*ਵਿਸਾਰਿਆ ਦੇਵਣ ਹਾਰ।'*

ਬਾਹਰੋਂ ਖਤਰਾ ਹਟ ਜਾਣ ਕਾਰਨ ਅੰਦਰ ਫੁੱਟ ਨੇ ਪੈਰ ਜਮਾ ਲਏ। ਧਰਤੀ ਲਈ ਖੋਹ (Scramble for land) ਅਰੰਭ ਹੋ ਗਈ। ਜਿਸ ਉਤਸ਼ਾਹ ਨਾਲ ਦੁਰਾਨੀਆਂ ਵਿਰੁੱਧ ਲੜੇ ਉਸੇ ਜ਼ੋਰ ਨਾਲ ਉਨ੍ਹਾਂ ਆਪਸ ਵਿਚ ਲੜਨਾ ਅਰੰਭਿਆ। ਦੁਰਾਨੀਆਂ ਦੇ ਹਮਲੇ ਤੋਂ ਬਾਅਦ ਬਾਹਰ ਦਾ ਡਰ ਤਾਂ ਰਿਹਾ ਨਹੀਂ ਸੀ। ਸੋ ਉਸ ਦੀ ਥਾਂ ਸ਼ੱਕ ਨੇ ਲੈ ਲਈ।ਇਸ ਸ਼ੱਕ ਕਾਰਨ ਘਰੇਲੂ ਖ਼ਾਨਾ-ਜੰਗੀ ਸ਼ੁਰੂ ਹੋ ਗਈ। ਜਿਸ ਸਮੇਂ ਉਨ੍ਹਾਂ ਨੂੰ ਹਿੰਦੁਸਤਾਨ ਦੇ ਵੱਡੇ ਖੇਤਰ ਵਿਚ ਦਖ਼ਲ ਦੇਣਾ ਚਾਹੀਦਾ ਸੀ ਉਸ ਸਮੇਂ ਉਹ ਇਕ ਦੂਜੇ ਨਾਲ ਲੜ ਕੇ ਸਮਾਂ ਗਵਾ ਰਹੇ ਸਨ।

**੨. ਗੁਰਮਤਾ ਦਾ ਅਲੋਪ ਹੋਣਾ ਤੇ ਜਥੇਬੰਦੀ ਦਾ ਖੇਰੂੰ-ਖੇਰੂ ਹੋ ਜਾਣਾ** : ਮਿਸਲ ਸਿਸਟਮ ਨੇ ਗੁਰਮਤਾ ਦੇ ਅਸੂਲ ਨੂੰ ਅਲੋਪ ਹੀ ਕਰ ਦਿੱਤਾ। ਜਿਸ ਗੁਰਮਤਾ ਨੇ ਬਿਖੜੇ ਸਮੇਂ ਕੌਮ ਦੀ ਅਗਵਾਈ ਕੀਤੀ, ਉਸਦੇ ਅਲੋਪ ਹੋਣ ਨਾਲ ਧੁਰਾ ਹੀ ਟੁੱਟ ਗਿਆ। ਵਿਸਾਖੀ ਤੇ ਦੀਵਾਲੀ ਨੂੰ ਜੋ ਇਕੱਠ ਹੁੰਦੇ ਸਨ ਉਹ ਵੀ ਹਟ ਗਏ। ਇਕ ਆਗੂ ਦਾ ਸਤਿਕਾਰ

---

1. ਦਸੰਬਰ ੧੭੬੮ ਨੂੰ ਨਜੀਬ-ਉਦ-ਦਉਲਾ ਨੇ ਸਿੱਖਾਂ ਨਾਲ ਸੰਧੀ ਕੀਤੀ ਸੀ। ਗੁੱਜਰ ਰਾਇ ਮਲ ਤੇ ਫਰਾਂਸੀਸੀ ਵਾਲਟਰ ਲੇਨ ਹਾਰਡ (ਸਮਰੂ) ਵੀ ਨਾਲ ਮਿਲਣਾ ਚਾਹੁੰਦਾ ਸੀ। ਸਭ ਤੋਂ ਵੱਧ ਸ਼ਾਹ ਆਲਮ ਦੂਜੇ ਨੇ ਅਲਾਹਾਬਾਦ ਤੋਂ ਸਿੱਖਾਂ ਨੂੰ ਲਿਖਿਆ ਸੀ ਕਿ ਸਿੱਖ ਉਸ ਦੀ ਮਦਦ ਕਰਨ ਤਾਂ ਉਹ ਰਿਣੀ ਹੋਵੇਗਾ। ਜਦ ਕੋਈ ਉੱਤਰ ਨਾ ਮਿਲਿਆ ਤਾਂ ਮਰਹੱਟਿਆਂ ਤੇ ਸ਼ਾਹ ਆਲਮ ਦੀ ਸੰਧੀ ਹੋ ਗਈ।
2. ਪਹਿਲਾਂ ੩੧ ਮਾਰਚ, ੧੭੮੫ ਨੂੰ ਸਿੱਖਾਂ ਤੇ ਮਰਹੱਟਿਆਂ ਵਿਚਕਾਰ ਅਹਿਦਨਾਮਾ ਵੀ ਹੋਇਆ ਸੀ ਕਿ ਦੋਹਾਂ ਦੇ ਮਿੱਤਰ ਤੇ ਵੈਰੀ ਸਾਂਝੇ ਹੋਣਗੇ। ਇਹ ਸੰਧੀ ਸਿਰੇ ਨਹੀਂ ਸੀ ਚੜ੍ਹ ਸਕੀ।

Sri Satguru Jagjit Singh Ji eLibrary NamdhariElibrary@gmail.com

ਘੱਟ ਗਿਆ। ਇਕ ਜਥੇਬੰਦੀ ਦਾ ਮਾਣ ਟੁੱਟ ਗਿਆ। ਜੇ ਇਕ ਜਥੇਬੰਦੀ, ਇਕ ਲੀਡਰ ਦੀ ਪਰਪਾਟੀ ਤੇ ਗੁਰਮਤਾ ਕਾਇਮ ਰਹਿੰਦਾ ਤਾਂ ਇਹ ਯਕੀਨ ਨਾਲ ਕਿਹਾ ਜਾ ਸਕਦਾ ਹੈ ਕਿ ਸਿੱਖ ਹਿੰਦੁਸਤਾਨ ਵਿਚ ਇਕ ਟਾਕਰੇ ਦੀ ਤਾਕਤ ਬਣ ਕੇ ਅਤੇ ਇਕ ਵਿਸ਼ਾਲ ਰਾਜ ਦੀ ਨੀਂਹ ਰੱਖਣ ਵਿਚ ਸਫਲ ਹੁੰਦੇ। ਪਰ ਸਭ ਕੁਝ ਆਸ਼ਾਵਾਂ ਦੇ ਉਲਟ ਹੋਇਆ, ਜਿਸ ਦਾ ਸਿੱਟਾ ਜਥੇਬੰਦੀ ਟੁੱਟੀ ਤੇ ਸਿੱਖੀ ਦੀ ਤਾਕਤ ਪੰਜਾਬ ਵਿਚ ਹੀ ਸੀਮਤ ਰਹੀ।

**੩. ਲੋਕਰਾਜ ਦੇ ਅਸੂਲਾਂ ਨੂੰ ਸੱਟ** : ਜਾਗੀਰਦਾਰੀ ਦਾ ਜਨਮ ਅਤੇ ਸਿੱਖ ਜਥੇਬੰਦੀ ਇਕ ਲੋਕ-ਤੰਤਰ ਤੇ ਲੋਕ-ਰਾਜ ਦੀ ਹਾਮੀ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਇਸ ਆਸ਼ੇ ਨੂੰ ਹੀ ਅਪਣਾਇਆ ਸੀ। ਪੰਜਾਂ ਪਿਆਰਿਆਂ ਦੀ ਚੋਣ, ਗੁਰਮਤੇ ਦਾ ਪਾਸ ਕਰਨਾ ਇਸ ਆਸ਼ੇ ਨੂੰ ਪੂਰਿਆਂ ਕਰਨ ਲਈ ਹੀ ਸਨ। ਠੀਕ ਗੱਲ ਤਾਂ ਇਹ ਹੈ ਕਿ ੧੧ ਜਥੇ ਬਣਾਉਣ ਦਾ ਇਕ ਕਾਰਨ ਇਹ ਸੀ ਕਿ ਹਰ ਇਕ ਦੀ ਹੋਂਦ ਕਾਇਮ ਰੱਖੀ ਜਾ ਸਕੇ, ਪਰ ਮਿਸਲਦਾਰੀ ਨੇ ਲੋਕ-ਰਾਜ ਦੇ ਭਾਵ ਨੂੰ ਖ਼ਤਮ ਕਰ ਦਿੱਤਾ। ਮਹਾਰਾਜਾ ਰਣਜੀਤ ਸਿੰਘ ਨੇ ਜਦ ਸਦੀਆਂ ਦੇ ਪੁਰਾਣੇ ਵਿਰਾਸਤ ਦੇ ਅਸੂਲ ਨੂੰ ਅਪਣਾਇਆ ਤਾਂ ਰਾਜ ਦੇ ਡਿੱਗਣ ਦੇ ਬੀਜ ਨਾਲ ਹੀ ਪਾ ਦਿੱਤੇ ਸਨ। ਇਹ ਕਿਹਾ ਜਾਂਦਾ ਹੈ ਕਿ ਅੰਤਲੇ ਸਾਲਾਂ ਵਿਚ ਮਹਾਰਾਜਾ ਰਣਜੀਤ ਸਿੰਘ ਨੇ ਲੋਕ-ਤੰਤਰ ਸਾਂਝਾ ਰਾਜ ਬਣਾਉਣ ਲਈ ਸੋਚਿਆ ਸੀ, ਪਰ ਉਮਰ ਨੇ ਸਾਥ ਨਾ ਦਿੱਤਾ। ਜਿਸ ਵਿਰਾਸਤੀ ਕਾਨੂੰਨਾਂ ਵਿਰੁੱਧ ਸਿੱਖ ਲੜਦੇ ਰਹੇ ਉਹ ਹੀ ਸਿੱਖਾਂ ਵਿਚ ਪ੍ਰਬਲ ਹੋ ਗਏ।

**੪. ਸਾਂਝਾਂ ਟੁੱਟਣ ਨਾਲ ਮਾਰਾਂ ਖਾਣ ਲੱਗ ਪਏ** : ਮਿਸਲਾਂ ਵਿਚਕਾਰ ਆਪੋ-ਧਾਪੀ ਅਰੰਭ ਹੋ ਜਾਣ ਨਾਲ ਪਹਿਲੇ ਵਾਲੀ ਸਾਂਝ ਹੀ ਨਾ ਰਹੀ। ਅੱਗੇ ਤਾਂ ਬਾਹਰੋਂ ਹਮਲੇ ਜਾਂ ਖ਼ਤਰੇ ਵੇਲੇ ਮਿਸਲਾਂ ਇਕ-ਜਾਨ ਤੇ ਇਕ ਮੁੱਠ ਹੋ ਜਾਂਦੀਆਂ ਸਨ, ਪਰ ੧੫ ਸਾਲਾਂ ਵਿਚ ਐਸਾ ਵੈਰ ਵਿਰੋਧ ਵਧਿਆ ਕਿ ਸਾਂਝੇ ਖਤਰੇ ਵੇਲੇ ਵੀ ਮਿਸਲਾਂ ਇਕ ਕਮਾਨ ਹੇਠਾਂ ਇਕੱਠੀਆਂ ਨਾ ਹੋਈਆਂ। ਇਕੱਠੇ ਹੋ ਕੇ ਉਹ ਅਬਦਾਲੀ ਜਿਹੇ ਜਰਨੈਲ ਦਾ ਤਾਂ ਟਾਕਰਾ ਕਰਨ ਯੋਗ ਸਨ, ਪਰ ਇਤਿਹਾਸ ਦਾ ਸਭ ਤੋਂ ਵੱਡਾ ਮਜ਼ਾਕ ਉਸ ਸਮੇਂ ਹੋਇਆ, ਜਦ ਸਤਲੁਜ ਪਾਰ ਦੀਆਂ ਮਿਸਲਾਂ ਅੰਬਾਂ ਜੀ ਪਿੰਗਲੇ, ਫਿਰ ਰਾਨੇ ਖ਼ਾਨ ਤੇ ਉਸ ਉਪਰੰਤ ਪੈਰਨ ਕੋਲੋਂ ੧੭੮੭, ੧੭੯੦ ਤੇ ੧੭੯੬ ਵਿਚ ਮਾਰ ਖਾ ਗਈਆਂ। ਕਈ ਮਿਸਲਾਂ ਦੇ ਸਰਦਾਰਾਂ ਨੇ ਈਨ ਮੰਨ ਕੇ ਖ਼ਿਰਾਜ ਤਕ ਦੇਣਾ ਅਰੰਭ ਕਰ ਦਿੱਤਾ।

**੫. ਸਿੱਖ ਹਿੰਦੁਸਤਾਨ ਵਿਚ ਵੱਡੀ ਸ਼ਕਤੀ ਨਾ ਬਣ ਸਕੇ** : ੧੭੬੭ ਤੋਂ ੧੭੯੯ ਤੱਕ ਦਾ ਸਮਾਂ ਹਿੰਦੁਸਤਾਨ ਵਿਚ ਉਥਲ-ਪੁੱਥਲ ਦਾ ਸਮਾਂ ਸੀ। ਵੱਡੀਆਂ ਤਾਕਤਾਂ ਮਰ ਖੱਪ ਗਈਆਂ ਸਨ ਤੇ ਨਵੀਆਂ ਤਾਕਤਾਂ ਨੇ ਅਜੇ ਜ਼ੋਰ ਨਹੀਂ ਪਕੜਿਆ ਸੀ। ਮੁਗ਼ਲ ਸਾਮਰਾਜ ਨਾਮ ਮਾਤਰ ਹੀ ਸੀ। ਦਿੱਲੀ ਦਾ ਸ਼ਾਹ ਨਾਮ ਦਾ ਹੀ ਸ਼ਾਹ ਆਲਮ ਸੀ। ਮਰਹੱਟੇ ਵੀ ਪਿਟੇ ਹੋਏ ਮੁਹਰੇ ਜਾਂ ਚੱਲੇ ਹੋਏ ਕਾਰਤੂਸਾਂ ਤੋਂ ਵੱਧ ਕੁਝ ਨਹੀਂ ਸਨ। ਅਫ਼ਗਾਨਾਂ ਦੇ ਲੀਡਰ ਅਹਿਮਦਸ਼ਾਹ ਦੁਰਾਨੀ ਦੀ ੧੭੭੨ ਵਿਚ ਮੌਤ ਹੋ ਗਈ ਸੀ। ਅੰਗਰੇਜ਼ ਅਜੇ ਦੂਰ ਪੂਰਬ ਵਿਚ ਸਨ। ਰੁਹੇਲੇ, ਜਾਟ, ਰਾਜਪੂਤ ਅਤੇ ਅਵਧ ਦੇ ਨਵਾਬ ਦੀ ਉੱਤਰੀ ਹਿੰਦੁਸਤਾਨ ਵਿਚ ਕੁਝ ਤਾਕਤ ਸੀ, ਪਰ ਉਹ ਸਾਰੇ ਹੀ ਕਮਜ਼ੋਰ ਸਨ। ਇਕ ਦੂਜੇ ਨਾਲ ਉਹ ਜ਼ਿੰਦਗੀ ਮੌਤ ਦੀ ਜੰਗ ਲੜ ਰਹੇ ਸਨ। ਉੱਤਰੀ ਹਿੰਦੁਸਤਾਨ ਵਿਚ ਇਕ ਵੀ ਐਸੀ ਤਾਕਤ ਨਹੀਂ ਸੀ

Sri Satguru Jagjit Singh Ji eLibrary NamdhariElibrary@gmail.com

ਜੋ ਜਥੇਬੰਦਕ ਤੌਰ ਤੇ ਤਗੜੀ ਕਹੀ ਜਾ ਸਕੇ। ਇਕ ਸਮਕਾਲੀ ਦੇ ਕਥਨ ਅਨੁਸਾਰ, ''ਮੁਲਕ ਵਿਚ ਖਾਨਾਜੰਗੀ ਸੀ ਤੇ ਦੇਸ਼ ਦਰਦ ਨਾਲ ਚੀਖ ਰਿਹਾ ਸੀ। ਸਿੱਖਾਂ ਲਈ ਉਹ ਗ਼ਨੀਮਤ ਮੌਕਾ ਸੀ ਕਿਉਂ ਜੋ ਦੁਰਾਨੀਆਂ ਦਾ ਖ਼ਤਰਾ ਵੀ ਟਲ ਗਿਆ ਸੀ। ਅਹਿਮਦ ਸ਼ਾਹ ੧੭੭੨ ਵਿਚ ਮਰ ਗਿਆ ਸੀ ਤੇ ਉਸ ਦਾ ਜਾਨਸ਼ੀਨ ਘਰੇਲੂ ਮਾਮਲਿਆਂ ਵਿਚ ਹੀ ਰੁੱਝਿਆ ਹੋਇਆ ਸੀ। ਉਸ ਕੋਲ ਨਾ ਵਿਹਲ ਤੇ ਨਾ ਹੀ ਸ਼ਕਤੀ ਸੀ ਕਿ ਸਿੱਧਾ ਪੰਜਾਬ ਉੱਤੇ ਹੱਲਾ ਬੋਲ ਸਕੇ।'' ਸਿੱਖਾਂ ਨੇ ਇਸ ਮੌਕੇ ਤੋਂ ਲਾਭ ਨਾ ਉਠਾਇਆ ਤੇ ਆਪਸ ਵਿਚ ਦੇ ਛੋਟੇ-ਛੋਟੇ ਝਗੜਿਆਂ ਵਿਚ ਪਏ ਰਹੇ। ਮਿਸਲਾਂ ਨੇ ਇਕ ਨਾ ਭੁੱਲਣ ਵਾਲਾ ਨੁਕਸਾਨ ਪਹੁੰਚਾਇਆ। ਸਿੱਖ ਹਿੰਦੁਸਤਾਨ ਦੀ ਇਕ ਵੱਡੀ ਤਾਕਤ ਬਣਨ ਦੇ ਸੁਪਨੇ ਨੂੰ ਪੂਰਿਆਂ ਨਾ ਕਰ ਸਕੇ।

ਸੋ ਇਹ ਨਿਸ਼ਚੇ ਨਾਲ ਕਿਹਾ ਜਾ ਸਕਦਾ ਹੈ ਕਿ ਜਿਨ੍ਹਾਂ ਮਿਸਲਾਂ ਨੇ ਅਫ਼ਗਾਨਾਂ, ਮੁਗ਼ਲਾਂ ਅਤੇ ਮਰਹੱਟਿਆਂ ਨੂੰ ਨੀਵਾਂ ਦਿਖਾਉਣ ਵਿਚ ਕਾਮਯਾਬੀ ਹਾਸਲ ਕੀਤੀ, ਉਨ੍ਹਾਂ ਹੀ ਮਿਸਲਾਂ ਨੇ ਐਸੇ ਝਗੜੇ ਵਧਾਏ ਕਿ ਸਿੱਖ ਇਕ ਖੇਤਰੀ ਤਾਕਤ ਬਣ ਕੇ ਰਹਿ ਗਏ।

*****

Sri Satguru Jagjit Singh Ji eLibrary NamdhariElibrary@gmail.com

# ਮਿਸਲਾਂ ਦਾ ਸੰਖੇਪ ਇਤਿਹਾਸ

੧੭

'ਦਲ ਖ਼ਾਲਸਾ' ਦੀ ਕਮਾਨ ਹੇਠਾਂ ਗਿਆਰਾਂ ਜਥੇ ਬਣੇ ਤੇ ਉਹ ਜਥੇ ਹੀ ਗਿਆਰਾਂ ਮਿਸਲਾਂ ਪ੍ਰਸਿੱਧ ਹੋਈਆਂ। ਬਾਰ੍ਹਵੀਂ ਫੂਲਕੀਆਂ ਮਿਸਲ ਭਾਵੇਂ ਵੱਡੀ ਜਥੇਬੰਦੀ 'ਦਲ ਖ਼ਾਲਸਾ' ਦਾ ਹਿੱਸਾ ਤਾਂ ਨਹੀਂ ਸੀ, ਪਰ ਵਿਧਾਨਕ ਤੇ ਇਤਿਹਾਸਕ ਤੌਰ ਤੇ ਇਹ ਵੀ ਮਿਸਲ ਹੀ ਸੀ। ਉਸ ਦਾ ਆਪਣਾ ਰਣ ਅਤੇ ਪ੍ਰਭਾਵ-ਖੇਤਰ ਸੀ। ਮਿਸਲਾਂ ਦੇ ਸੰਖੇਪ ਇਤਿਹਾਸ ਉੱਤੇ ਇਕ ਫਿਰਤੂ ਨਜ਼ਰ ਮਾਰਨ ਦੀ ਖ਼ਾਸ ਲੋੜ ਹੈ ਕਿਉਂਕਿ ਮਿਸਲ ਦੇ ਇਤਿਹਾਸ ਤੋਂ ਬਗ਼ੈਰ ਇਹ ਗੱਲ ਸਮਝਣੀ ਕਠਿਨ ਹੈ ਕਿ ਸ਼ੁਕਰਚੱਕੀਆ ਮਿਸਲਾਂ ਦੇ ਜਥੇਦਾਰ ਸਰਦਾਰ ਰਣਜੀਤ ਸਿੰਘ ਨੇ ਸਤਲੁਜ ਉਰਾਰ ਆਪਣਾ ਰਾਜ ਕਾਇਮ ਕਿਵੇਂ ਕਰ ਲਿਆ। ਸ਼ੁਕਰਚੱਕੀਆ ਮਿਸਲ ਬਾਰਾਂ ਵਿਚੋਂ ਇਕ ਸੀ ਤੇ ਇਤਿਹਾਸ ਦੱਸਦਾ ਹੈ ਕਿ ਬਾਰਾਂ ਦੀ ਥਾਂ ਉਹ ਇਕੱਲੀ ਹੀ ਇਕ ਬਣ ਗਈ।

੧੭੬੭ ਉਪਰੰਤ ਛੇ ਸਾਲਾਂ ਵਿਚ ਸਾਰੇ ਪੰਜਾਬ ਉੱਤੇ ਸਿੱਖਾਂ ਦਾ ਕਬਜ਼ਾ ਹੋ ਗਿਆ ਜਾਂ ਦੂਸਰੇ ਅੱਖਰਾਂ ਵਿਚ ਪੰਜਾਬ ਬਾਰਾਂ ਮਿਸਲਾਂ ਵਿਚ ਵੰਡਿਆ ਗਿਆ। ਸਿੱਖਾਂ ਆਪਣਾ ਸਿੱਕਾ ਵੀ ਜਾਰੀ ਕੀਤਾ। ''ਦੇਗ਼, ਤੇਗ਼, ਫ਼ਤਿਹ, ਨੁਸਰਤ ਬੇਦਰੰਗ। ਯਾਫ਼ਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ'' ਦੀ ਆਵਾਜ਼ ਹੀ ਪੰਜਾਬ ਵਿਚ ਗੂੰਜਣ ਲੱਗੀ। ਸਹਾਰਨਪੁਰ ਤੋਂ ਲੈ ਕੇ ਅਟਕ ਤੇ ਮੁਲਤਾਨ ਤੋਂ ਲੈ ਕੇ ਕਾਂਗੜਾ ਦੀਆਂ ਪਹਾੜੀਆਂ ਤਕ ਖ਼ਾਲਸਈ ਪਰਚਮ ਝੁੱਲਣ ਲੱਗੇ। ਅਹਿਮਦ ਸ਼ਾਹ ਅਬਦਾਲੀ ਦੇ ਪੁੱਤਰ ਤੈਮੂਰ ਸ਼ਾਹ ਨੇ ਸਿੱਖਾਂ ਵਿਰੁੱਧ ਹਮਲੇ ਦੀ ਨੀਤੀ ਨੂੰ ਛੱਡ ਦਿੱਤਾ। ਉਸ ਨੇ ਪੰਜਾਬ ਉੱਤੇ ਕੁਝ ਹਮਲੇ ਕੀਤੇ, ਪਰ ਉਸ ਦਾ ਨਿਸ਼ਾਨਾ ਰਾਜ ਵਿਰੋਧੀ ਸੀ, ਸਿੱਖ ਵਿਰੋਧੀ ਨਹੀਂ ਸੀ। ਲਾਹੌਰ ਤੇ ਪੰਜਾਬ ਉਸ ਦਾ ਨਿਸ਼ਾਨਾ ਨਹੀਂ ਸੀ। ਜਦ ਉਸ ਨੂੰ ਪੰਜਾਬ ਦੇ ਕੁਝ ਖ਼ੁਦਗ਼ਰਜ਼ਾਂ ਪ੍ਰੇਰਿਆ ਵੀ ਤਾਂ ਉਸ ਦਾ ਉੱਤਰ ਸੀ : ''ਮੇਰੇ ਪਿਉ ਕੀ ਖੱਟਿਆ ਸਿੱਖਾਂ ਨਾਲ ਲੜ-ਲੜ ਕੇ।'' ਪੰਜਾਬ ਉੱਤੇ ਮਿਸਲਾਂ ਦਾ ਅਧਿਕਾਰ ਹੋ ਗਿਆ। ਹਰ ਮਿਸਲ ਦੀ ਆਪਣੀ ਦੱਖ ਤੇ ਰੱਖ ਸੀ। ''ਯੋਗ ਹੀ ਆਪਣੀ ਥਾਂ ਬਣਾਂਦਾ ਹੈ' ਦੇ ਅਸੂਲ ਮੁਤਾਬਕ ਕਈ ਮਿਸਲਾਂ ਪੰਜਾਬ ਦੀ ਤਸਵੀਰ ਵਿਚ ਰਹੀਆਂ ਤਾਂ ਜ਼ਰੂਰ ਪਰ ਦੂਜੀ ਮਿਸਲ ਦੇ ਗੂੜ੍ਹੇ ਤੇ ਤਿੱਖੇ ਰੰਗ ਅੱਗੇ ਮਾਂਦ ਪੈ ਗਈਆਂ। ਕਈਆਂ ਨੇ ਆਪਣੀ ਹਸਤੀ ਮਿਟਾਉਣ ਵਿਚ ਹੀ ਭਲਾ ਸਮਝਿਆ।

ਮਿਸਲਾਂ ਦਾ ਇਤਿਹਾਸ ਇਸ ਪ੍ਰਕਾਰ ਹੈ :



Sri Satguru Jagjit Singh Ji eLibrary NamdhariElibrary@gmail.com

**੧. ਫ਼ੈਜ਼ਲਪੁਰੀਆ ਮਿਸਲ** : ਸਿੱਖਾਂ ਵਿਚ ਸਭ ਤੋਂ ਵੱਧ ਸਤਿਕਾਰੀ ਜਾਂਦੀ ਮਿਸਲ ਦਾ ਨਾਮ ਫ਼ੈਜ਼ਲਪੁਰੀਆ ਸੀ। ਇਸ ਮਿਸਲ ਵਿਚ ਸ਼ਾਮਲ ਹੋਣਾ ਇੱਜ਼ਤ ਵਾਲੀ ਗੱਲ ਸੀ। ਇਸ ਮਿਸਲ ਦੇ ਜਥੇਦਾਰ ਤੇ ਬਾਨੀ ਨਵਾਬ ਕਪੂਰ ਸਿੰਘ ਜੀ ਸਨ।[1] ਨਵਾਬ ਕਪੂਰ ਸਿੰਘ ਨੇ 'ਦਲ ਖ਼ਾਲਸਾ' ਦੀ ਜਥੇਦਾਰੀ ਤਾਂ ੧੭੪੯ ਵਿਚ ਛੱਡ ਦਿੱਤੀ, ਪਰ ਮਿਸਲ ਦੀ ਅਗਵਾਈ ਕਰਦੇ ਰਹੇ। ਨਵਾਬ ਕਪੂਰ ਸਿੰਘ ਆਪ ਫ਼ੈਜ਼ਲਪੁਰ ਪਿੰਡ ਦੇ ਸਨ।[2] ਇਸ ਲਈ ਇਸ ਮਿਸਲ ਦਾ ਨਾਮ ਵੀ ਫ਼ੈਜ਼ਲਪੁਰੀਆ ਪੈ ਗਿਆ। ਫ਼ੈਜ਼ਲਪੁਰ ਦਾ ਨਾਮ ਜਦ ਨਵਾਬ ਕਪੂਰ ਸਿੰਘ ਨੇ ਬਦਲਾ ਕੇ ਸਿੰਘਪੁਰਾ ਰੱਖਿਆ ਤਾਂ ਮਿਸਲ ਦਾ ਨਾਮ ਵੀ ਸਿੰਘਪੁਰੀਆ ਪੈ ਗਿਆ। ੧੭੫੩ ਤਕ ਨਵਾਬ ਕਪੂਰ ਸਿੰਘ ਹੀ ਅਗਵਾਈ ਕਰਦੇ ਰਹੇ। ਇਹ ਮਿਸਲ ਮੋਢੇ ਨਾਲ ਮੋਢਾ ਡਾਹ ਕੇ ਪੰਥਕ ਕੰਮਾਂ ਵਿਚ ਹਿੱਸਾ ਲੈਂਦੀ ਰਹੀ। ਨਵਾਬ ਕਪੂਰ ਸਿੰਘ ਨੇ ਆਪਣੇ ਹੱਥੀਂ ਪੰਜ ਸੌ ਦੇ ਕਰੀਬ ਵੈਰੀਆਂ ਨੂੰ ਮਾਰਿਆ ਸੀ। ਦਰਿਆ-ਦਿਲ ਇਤਨੇ ਕਿ ਇਕ ਵਾਰੀ ਇਕ ਮਾਂਗਤ ਨੂੰ ਖੂਹ ਤੇ ਪੈਲੀ ਹੀ ਦਾਨ ਕਰ ਦਿੱਤੀ ਜਦ ਉਸ ਕਿਹਾ ਕਿ ਇਤਨਾ ਦਈਂ ਸਰਦਾਰਾ ਕਿ ਮੈਂ ਉਠਾ ਤਕ ਨ ਸਕਾਂ। ਉਨ੍ਹਾਂ ਦੀ ਮਿਸਲ ਵਿਚ ਦੋ ਹਜ਼ਾਰ ਪੰਜ ਸੌ ਸੂਰਮੇ ਜਵਾਨ ਸਨ। ਸਤਲੁਜ ਪਾਰ ਕਰਕੇ ਦਿੱਲੀ ਤਕ ਇਸ ਮਿਸਲ ਨੇ ਮਾਰਾਂ ਮਾਰੀਆਂ। ਹੋਰ ਕਿਸੇ ਮਿਸਲ ਵਿਚ ਇਸ ਦੇ ਟਾਕਰੇ ਦੀ ਸ਼ਕਤੀ ਨਹੀਂ ਸੀ। ੧੭੫੩ ਦੇ ਉਪਰੰਤ ਇਸ ਮਿਸਲ ਦੀ ਜਥੇਦਾਰੀ ਸਰਦਾਰ ਖ਼ੁਸ਼ਹਾਲ ਸਿੰਘ[3] ਕੋਲ ਆਈ। ਸਰਦਾਰ ਖ਼ੁਸ਼ਹਾਲ ਸਿੰਘ ਵੀ ਬਹਾਦਰੀ ਵਿਚ ਆਪਣੀ ਮਿਸਾਲ ਆਪ ਸਨ। ਸਿਆਣਪ ਤੇ ਸੁਘੜਤਾ ਨਾਲ ਸਤਲੁਜ ਦੇ ਦੋਵੇਂ ਪਾਸੇ ਇਲਾਕੇ ਜਿੱਤੇ। ਜਲੰਧਰ ਦੇ ਇਲਾਕੇ ਨੂਰਪੁਰ, ਬਹਿਰਾਮਪੁਰ, ਭਰਤਗੜ੍ਹ ਅਤੇ ਪੱਟੀ ਤੇ ਕਬਜ਼ਾ ਰੱਖਿਆ। ਧਰਮ ਪ੍ਰਚਾਰ ਵਿਚ ਵੀ ਆਪ ਨੇ ਨਵਾਬ ਕਪੂਰ ਸਿੰਘ ਵਾਂਗੂ ਹੀ ਹਿੱਸਾ ਲਿਆ। ਉਸ ਉਪਰੰਤ ਉਨ੍ਹਾਂ ਦਾ ਪੁੱਤਰ ਸਰਦਾਰ ਬੁੱਧ ਸਿੰਘ ਜਥੇਦਾਰ ਬਣਿਆ। ਦੂਜਾ ਸੁੱਧ ਸਿੰਘ, ਜੋ ਲਹਿਣਾ ਸਿੰਘ ਭੰਗੀ ਦਾ ਦਾਮਾਦ ਸੀ, ੧੭੯੪ ਨੂੰ ਹੀ ਅਕਾਲ ਚਲਾਣਾ ਕਰ ਗਿਆ। ਸਰਦਾਰ ਬੁੱਧ ਸਿੰਘ, ਸਰਦਾਰ ਖੁਸ਼ਹਾਲ ਸਿੰਘ, ਨਵਾਬ ਕਪੂਰ ਸਿੰਘ ਵਾਂਗੂ ਪ੍ਰਸਿੱਧ ਨਾ ਹੋਣ ਕਰਕੇ ਮਿਸਲ ਦੀ ਮਹੱਤਤਾ ਵੀ ਘੱਟ ਗਈ। ਭਾਵੇਂ ਸਤਿਕਾਰ ਉਸੇ ਤਰ੍ਹਾਂ ਮਿਲਦਾ ਰਿਹਾ। ਇਸ ਮਿਸਲ ਕੋਲ ਪਹਿਲਾਂ ਤਾਂ ਪੰਜਾਬ ਦੇ ਮੁੱਖ ਮਾਝੇ ਦੇ ਇਲਾਕੇ ਸਨ, ਪਰ ਫਿਰ ਇਸ ਦੀ ਤਾਕਤ ਜੰਡਿਆਲਾ, ਤਰਨਤਾਰਨ ਤੇ ਪੱਟੀ ਤਕ ਸੀਮਤ ਹੋ ਗਈ। ਉਸ ਉੱਤੇ ਵੀ ਭੰਗੀ ਮਿਸਲ ਵਾਲੇ ਦਖ਼ਲ-ਅੰਦਾਜ਼ੀ ਕਰਦੇ ਹੀ ਰਹਿੰਦੇ ਸਨ। ਅੰਮ੍ਰਿਤਸਰ ਦੇ ਲਾਗੇ, ਜੰਡਿਆਲਾ ਕੋਲ ਹੋਣ ਕਾਰਨ ਇਹ ਮਿਸਲ ਦੁਸ਼ਮਣਾਂ ਦੇ ਗੁੱਸੇ ਦਾ ਸਿੱਧਾ ਸ਼ਿਕਾਰ ਹੁੰਦੀ ਸੀ। ਪੱਟੀ ਦੇ ਚੌਧਰੀ ਤਰਨਤਾਰਨ ਦੇ ਫ਼ੌਜਦਾਰ ਅਤੇ ਜੰਡਿਆਲੇ ਦੇ ਨਿਰੰਜਨੀਏ ਇਸ ਮਿਸਲ ਨੂੰ ਹੀ ਆਪਣਾ ਨਿਸ਼ਾਨਾ ਬਣਾਈ ਰੱਖਦੇ ਸਨ। ਰੋਜ਼ ਦੀਆਂ ਔਕੜਾਂ ਕਾਰਨ ਇਸ ਮਿਸਲ ਦੇ ਹਰ ਸਿਪਾਹੀ ਨੂੰ ਮੁਸੀਬਤਾਂ ਝੱਲਣੀਆਂ ਪੈਂਦੀਆਂ ਸਨ। ਇਸ ਮਿਸਲ ਦੇ ਸਿਪਾਹੀਆਂ ਦੀ ਗਿਣਤੀ ਫਿਰ ਵੀ ਵਧ ਕੇ ੨੫੦੦ ਹੋ ਗਈ ਸੀ। ਦੁਸ਼ਮਣ ਇਹ ਖ਼ਿਆਲ ਕਰਦੇ ਸਨ ਕਿ ਇਹ ਮਿਸਲ ਧੁਰਾ ਹੈ ਤੇ ਇਸ ਨੂੰ ਖ਼ਤਮ

---

1. ਨਵਾਬ ਕਪੂਰ ਸਿੰਘ ਜੀ ਬਾਰੇ ਨੋਟ ਪਿਛਲੇ ਅਧਿਆਇ ਅਠਵੇਂ ਵਿਚ ਪੜ੍ਹੋ।
2. ਫ਼ੈਜ਼ਉਲਾ ਬੇਗ ਮੁਗ਼ਲ ਨੇ ਸੰਨ ੧੪੩੫ ਈ: ਵਿਚ ਇਸ ਨੂੰ ਵਸਾਇਆ ਸੀ।
3. ਸਰਦਾਰ ਖ਼ੁਸ਼ਹਾਲ ਸਿੰਘ ਨਵਾਬ ਕਪੂਰ ਸਿੰਘ ਦੇ ਭਤੀਜੇ ਸਨ।

Sri Satguru Jagjit Singh Ji eLibrary NamdhariElibrary@gmail.com

ਕਰਨ ਨਾਲ ਕੌਮ ਦੇ ਧੁਰੇ ਨੂੰ ਤੋੜਿਆ ਜਾ ਸਕੇਗਾ, ਪਰ ਵਿਰੋਧੀ ਆਪਣੇ ਮਕਸਦ ਵਿਚ ਕਾਮਯਾਬ ਨਾ ਹੋ ਸਕੇ। ਬਾਕੀ ਮਿਸਲਾਂ ਦੇ ਜਥੇਦਾਰ ਹਮੇਸ਼ਾ ਹੀ ਇਸ ਮਿਸਲ ਦੀ ਮਦਦ ਉੱਤੇ ਖੜ੍ਹੇ ਰਹਿੰਦੇ ਸਨ। ਨਿੱਤ ਦੀਆਂ ਸੱਟਾਂ ਸਹਿ-ਸਹਿ ਕੇ ਜਦ ਪੰਜਾਬ ਦੇ ਇਲਾਕਿਆਂ ਉੱਤੇ ਕਬਜ਼ੇ ਕਰਨ ਦਾ ਸਮਾਂ ਆਇਆ ਤਾਂ ਲੰਮੇ ਸਮੇਂ ਤੇ ਡੂੰਘੀਆਂ ਸੱਟਾਂ ਸਹਿਣ ਕਾਰਨ ਇਹ ਮਿਸਲ, ਸਾਥੀ ਮਿਸਲਾਂ ਦੀ ਦੌੜ ਨਾਲੋਂ ਪਿੱਛੇ ਰਹਿ ਗਈ। ਨਵਾਬ ਕਪੂਰ ਸਿੰਘ ਜੀ ਦੇ ਨਾਂ ਕਾਰਨ ਇਹ ਮਿਸਲ ਸਤਿਕਾਰੀ ਜਾਂਦੀ ਰਹੀ ਪਰ ਜਦ ਪ੍ਰਭਾਵ-ਖੇਤਰ ਵਧਾਉਣ ਦੀ ਗੱਲ ਟੁਰੀ ਤਾਂ ਸਤਿਕਾਰ ਵਾਲੀ ਗੱਲ ਵੀ ਨਾ ਰਹੀ। ਸੁਖਾਵੇਂ ਸਮੇਂ ਸਭ ਨੂੰ ਆਪੋ-ਧਾਪੀ ਪੈ ਗਈ।

ਜਦ ਖਿਚਾ-ਖਿਚੀ ਦੀ ਦੌੜ ਅਰੰਭ ਹੋਈ ਉਸ ਵੇਲੇ (੧੭੮੩) ਇਸ ਮਿਸਲ ਦੀ ਅਗਵਾਈ ਸਰਦਾਰ ਖੁਸ਼ਹਾਲ ਸਿੰਘ ਜੀ ਕੋਲ ਸੀ। ਉਹ ਬਿਰਧ ਹੋ ਗਏ ਸਨ ਤੇ ਅਗਾਂਹ ਵਧੂ ਰੁਚੀਆਂ ਦੇ ਮਾਲਕ ਨਹੀਂ ਸਨ। ਭੰਗੀ ਮਿਸਲ ਆਪਣੇ ਜੋਬਨ ਉੱਤੇ ਸੀ। ਉਸ ਮਿਸਲ ਨੇ ਇਸ ਮਿਸਲ ਦੇ ਇਲਾਕੇ ਉੱਤੇ ਕਬਜ਼ਾ ਕਰਨਾ ਚਾਹਿਆ ਪਰ ਸਫਲ ਨਾ ਹੋ ਸਕੀ। ਆਖ਼ਰ ਸੰਨ ੧੮੦੪ ਨੂੰ ਮਹਾਰਾਜਾ ਰਣਜੀਤ ਸਿੰਘ ਨੇ ਇਸ ਦੇ ਇਲਾਕੇ ਤੇ ਕਬਜ਼ਾ ਕਰਕੇ ਆਪਣੇ ਰਾਜ ਵਿਚ ਮਿਲਾ ਲਿਆ।

**੨. ਆਹਲੂਵਾਲੀਆ ਮਿਸਲ :** ਫ਼ੈਜ਼ਲਪੁਰੀਆ ਮਿਸਲ ਤੋਂ ਬਾਅਦ ਸਭ ਸਿੱਖਾਂ ਵਿਚ ਸਤਿਕਾਰੀ ਜਾਂਦੀ ਜੇ ਕੋਈ ਮਿਸਲ ਸੀ ਤਾਂ ਆਹਲੂਵਾਲੀਆ ਮਿਸਲ ਸੀ। ਇਸ ਮਿਸਲ ਦਾ ਇਤਿਹਾਸ ਵਿਚ ਉੱਚਾ ਅਸਥਾਨ ਹੈ ਤੇ ਸਤਿਕਾਰ ਦੇ ਪੱਖੋਂ ਵੀ ਸ਼ਰਧਾ ਨਾਲ ਦੇਖੀ ਜਾਂਦੀ ਸੀ। ਇਸ ਮਿਸਲ ਦੇ ਬਾਨੀ ਤੇ ਆਗੂ ਜਥੇਦਾਰ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਹੀ ਸਨ। ਜਿਵੇਂ ਨਵਾਬ ਕਪੂਰ ਸਿੰਘ ਨੇ ਅਤਿ ਬਿਖੜੇ ਤੇ ਛੋਟੇ ਘੱਲੂਘਾਰੇ ਸਮੇਂ ਅਗਵਾਈ ਕਰ ਕੇ ਪੰਥ ਨੂੰ ਚੜ੍ਹਦੀ ਕਲਾ ਵਿਚ ਰੱਖਿਆ ਤੇ ਢਹਿੰਦੀ ਕਲਾ ਨੇੜੇ ਨਾ ਆਉਣ ਦਿੱਤੀ, ਉਸੇ ਤਰ੍ਹਾਂ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਅਬਦਾਲੀ ਦੇ ਹਮਲਿਆਂ, ਮੀਰ ਮੰਨੂੰ ਦੀ ਸਖ਼ਤੀ, ਅਦੀਨਾ ਬੇਗ ਦੀ ਚਲਾਕੀ, ਮਰਹੱਟਿਆਂ ਦੀ ਹਠ-ਧਰਮੀ ਤੇ ਫਿਰ ਵੱਡੇ ਘੱਲੂਘਾਰੇ ਵਿਚ ਸੁਯੋਗ ਅਗਵਾਈ ਕਰ ਕੇ ਪੰਥ ਨੂੰ ਪੰਜਾਬ ਤੇ ਰਾਜ ਕਰਨ ਯੋਗ ਬਣਾਇਆ। ਕੌਮ ਨੇ ਵੀ ਆਪਣਾ ਸਤਿਕਾਰ ਤੇ ਸ਼ਰਧਾ ਦੱਸਣ ਲਈ ਸਰਦਾਰ ਜੱਸਾ ਸਿੰਘ ਜੀ ਨੂੰ 'ਸੁਲਤਾਨ-ਉਲ-ਕੌਮ' ਦਾ ਖ਼ਿਤਾਬ ਦਿੱਤਾ ਤੇ ਲਾਹੌਰ ਦਾ ਪਾਤਸ਼ਾਹ ਬਣਾਇਆ ਤੇ ਦਿੱਲੀ ਦੇ ਤਖ਼ਤ ਤੇ ਬਿਠਾਇਆ। ਫੇਰ ਜਦ ਹਰਿਮੰਦਰ ਸਾਹਿਬ ਦੀ ਦੁਬਾਰਾ ਉਸਾਰੀ ਵੇਲੇ ਨੀਂਹ ਰੱਖਣ ਦੀ ਗੱਲ ਚੱਲੀ ਤਾਂ ਪੰਥ ਨੇ ਸਮੁੱਚਾ ਫ਼ੈਸਲਾ ਕਰਕੇ ਨੀਂਹ ਪੱਥਰ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੂੰ ਰੱਖਣ ਲਈ ਬੇਨਤੀ ਕੀਤੀ।[1] ਇਹ ਤਿੰਨ ਘਟਨਾਵਾਂ ਉਨ੍ਹਾਂ ਦਾ ਸਤਿਕਾਰ ਸਿੱਖਾਂ ਵਿਚ ਦਰਸਾਉਣ ਲਈ ਕਾਫ਼ੀ ਹਨ। ਨਵਾਬ ਕਪੂਰ ਸਿੰਘ ਜੀ ਵਰਗੇ

1. ਇਹ ਘਟਨਾ ੧੭੭੫ ਦੀ ਵਿਸਾਖੀ ਦੀ ਹੈ। ਸਰਦਾਰ ਜੱਸਾ ਸਿੰਘ ਆਹਲੂਵਾਲੀਏ ਨੇ ਚਾਦਰ ਵਿਛਾਈ ਸੀ ਤੇ ਜੋ ਕੁਝ ਕਿਸੇ ਕੋਲ ਹੈ ਸੀ ਉਸ ਨੇ ਚਾਦਰ ਉੱਤੇ ਰੱਖ ਦਿੱਤਾ ਸੀ। ਇਕੱਲਿਆਂ ਉਨ੍ਹਾਂ ਹੀ ੭ ਲੱਖ ਰੁਪਿਆ ਸਭ ਤੋਂ ਪਹਿਲਾਂ ਭੇਟ ਕੀਤਾ ਸੀ। ਹਰਿਮੰਦਰ ਸਾਹਿਬ ਦੀ ਉਸਾਰੀ ਦਾ ਕੰਮ ਸੁਰ ਸਿੰਘ ਵਾਲੇ ਭਾਈ ਦੇਸ ਰਾਜ ਦੇ ਹਵਾਲੇ ਕੀਤਾ ਗਿਆ ਸੀ। ੧੭੭੮ ਵਿਚ ਬਾਬਾ ਪ੍ਰੀਤਮ ਦਾਸ ਅਤੇ ਬਾਬਾ ਸੰਤੋਖ ਦਾਸ ਨੇ ਹੰਸਲੀ ਤਿਆਰ ਕਰਵਾ ਦਿੱਤੀ ਸੀ।

Sri Satguru Jagjit Singh Ji eLibrary NamdhariElibrary@gmail.com

ਸੁਚੱਜੇ ਆਗੂ ਨੇ ਜਦ 'ਦਲ ਖ਼ਾਲਸਾ' ਦੀ ਵਾਗ ਡੋਰ ਇਨ੍ਹਾਂ ਦੇ ਹੱਥ ਵਿਚ ਸੌਂਪੀ ਤਾਂ ਨਾ ਸਿਰਫ਼ ਇਹ ਉਨ੍ਹਾਂ ਦਾ ਸੁਚੱਜਾ ਫ਼ੈਸਲਾ ਸੀ ਸਗੋਂ ਨਵਾਬ ਕਪੂਰ ਸਿੰਘ ਜੀ ਦੀ ਦੂਰਦ੍ਰਿਸ਼ਟੀ ਦਾ ਵੀ ਚਮਤਕਾਰ ਸੀ। ੧੭੪੮ ਤੋਂ ਲੈ ਕੇ ੧੭੬੭ ਤਕ ਕਈ ਔਕੜਾਂ, ਕਈ ਗੁੰਝਲਾਂ ਤੇ ਕਈ ਦੁਸ਼ਮਣਾਂ ਦਾ ਟਾਕਰਾ ਪੰਥ ਨੂੰ ਕਰਨਾ ਪਿਆ। ਇਹ ਸਰਦਾਰ ਜੱਸਾ ਸਿੰਘ ਦੀ ਅਗਵਾਈ ਹੀ ਸੀ ਜਿਸ ਨੇ ਪੰਥ ਨੂੰ ਜੇਤੂ ਬਣਾਇਆ।

*ਸਰਦਾਰ ਜੱਸਾ ਸਿੰਘ*[1] ਦੇ ਵਡਿਕੇ ਸਰਦਾਰ ਦੇਵਾ ਸਿੰਘ ਪਿੰਡ ਆਹਲੂ ਦੇ ਸਨ। ਦੇਵਾ ਸਿੰਘ ਦੇ ਤਿੰਨ ਲੜਕੇ ਸਰਦਾਰ ਸਦਰ ਸਿੰਘ, ਸਰਦਾਰ ਬਦਰ ਸਿੰਘ ਤੇ ਸਰਦਾਰ ਗੁਰਬਖ਼ਸ਼ ਸਿੰਘ ਸਨ। ਸਰਦਾਰ ਬਦਰ ਸਿੰਘ ਜੀ ਦੀ ਸ਼ਾਦੀ ਸਰਦਾਰ ਬਾਘ ਸਿੰਘ ਹਲੋ-ਸਾਧੋ ਦੀ ਭੈਣ ਨਾਲ ਹੋਈ। ਮਾਂ ਗੁਰਮੁਖ, ਗੁਰਬਾਣੀ ਦੀ ਲਗਨ ਵਾਲੀ, ਕੀਰਤਨ ਦੀ ਰਸੀਆ ਤੇ ਆਪੂੰ ਕੀਰਤਨ ਕਰਨ ਵਾਲੀ ਅਤੇ ਜੁਰਅੱਤ ਵਾਲੀ ਔਰਤ ਸੀ। ਜਿੱਥੇ ਕਿਤੇ ਦੀਵਾਨ ਹੁੰਦੇ ਉਹ ਪੁੱਜਦੀ। ਗੁਰੂ ਗੋਬਿੰਦ ਸਿੰਘ ਜੀ ਨੇ ਅਸੀਸ ਦਿੱਤੀ ਕਿ ਆਪ ਜੀ ਦੇ ਘਰ 'ਗੁਰੂ ਕਾ ਲਾਲ' ਪੈਦਾ ਹੋਵੇਗਾ। ਉਹ ਲਾਲ ਹੀ ਜੱਸਾ ਸਿੰਘ ਸੀ। ਸਰਦਾਰ ਜੱਸਾ ਸਿੰਘ ਜੀ ਦਾ ਜਨਮ ੩ ਮਈ, ੧੭੧੮ ਨੂੰ ਪੂਰਨਮਾਸ਼ੀ ਵਾਲੇ ਦਿਨ ਹੋਇਆ ਸੀ। ਭਾਈ ਬਦਰ ਸਿੰਘ ਜੀ ਸ਼ਹੀਦ ਹੋ ਗਏ ਤਾਂ ਮਾਂ ਜੱਸਾ ਸਿੰਘ ਨੂੰ ਲੈ ਕੇ ਦਿੱਲੀ ਮਾਤਾ ਸੁੰਦਰੀ ਜੀ ਦੇ ਦਰਸ਼ਨਾਂ ਲਈ ਆਈ। ਮਾਤਾ ਜੀ ਨੇ ਉਨ੍ਹਾਂ ਦਾ ਕੀਰਤਨ ਸੁਣ ਕੇ ਉਨ੍ਹਾਂ ਨੂੰ ਆਪਣੇ ਪਾਸ ਹੀ ਰੱਖ ਲਿਆ ਤੇ ਉਹ ੧੭੨੩ ਤੋਂ ੧੭੩੦ ਤਕ ਦਿੱਲੀ ਹੀ ਰਹੇ। ਜਦ ਵਾਪਸ ਮੁੜੇ ਤਾਂ ਮਾਤਾ ਸੁੰਦਰੀ ਜੀ ਨੇ ਅਸੀਸ ਦਿੱਤੀ ਕਿ ਤੇਰੀ ਸੰਤਾਨ ਅੱਗੇ ਆਸਿਆਂ ਵਾਲੇ (ਚੋਬਦਾਰ) ਫਿਰਿਆ ਕਰਨਗੇ। ਪੰਜਾਬ ਆ ਕੇ ਮਾਤਾ ਜੀ ਬੇਟੇ ਨਾਲ ਜਦ ਵੀ ਕੀਰਤਨ ਕਰਨ ਦੀਵਾਨ ਵਿਚ ਜਾਂਦੇ, ਲੋਕੀਂ ਮੁਗਧ ਹੋ ਜਾਂਦੇ। ਨਵਾਬ ਕਪੂਰ ਸਿੰਘ ਜੀ ਨੇ ਬੇਟੇ ਜੱਸਾ ਸਿੰਘ ਨੂੰ ਪਾਸ ਰੱਖ ਲਿਆ ਅਤੇ ਨਵਾਬੀ ਮਿਲਣ ਉਪਰੰਤ ਕਪੂਰ ਸਿੰਘ ਜੀ ਨੇ ਹਿਸਾਬ ਰੱਖਣ ਰਸਦਾਂ ਵੰਡਣ ਤੇ ਜੱਥਿਆਂ ਦੀ ਦੇਖ-ਰੇਖ ਤੇ ਲਗਾ ਦਿੱਤਾ। ਆਪ ਜੀ ਫਾਰਸੀ ਤੇ ਗਣਿਤ ਦੇ ਬੜੇ ਮਾਹਿਰ ਸਨ। ਫ਼ਾਰਸੀ ਦੇ ਸ਼ਬਦ ਪੰਜਾਬੀ ਵਿਚ ਰਲਾ ਕੇ ਬੋਲਦੇ ਸਨ, ਸੋ ਸਿੰਘ ਇਨ੍ਹਾਂ ਨੂੰ 'ਹਮ ਤੋ ਤੁਮ ਕੋ' ਕਹਿ ਕੇ ਛੇੜਦੇ ਵੀ ਸਨ। ਇਕ ਵਾਰੀ ਜਦ ਬਹੁਤ ਹੀ ਰੋਣਹਾਕੇ ਹੋ ਗਏ ਤਾਂ ਨਵਾਬ ਕਪੂਰ ਸਿੰਘ ਜੀ ਨੇ ਕਿਹਾ ਕਿ ਇਹ ਸਿੰਘ ਦਿਲ ਦੇ ਭੋਲੇ ਹਨ। ਇਨ੍ਹਾਂ ਦੀ ਅਸੀਸ ਬੜਾ ਕਾਰਜ ਸਵਾਰਦੀ ਹੈ। ਦੇਖ ਮੈਨੂੰ ਲਿੱਦ ਚੁੱਕਦੇ ਨੂੰ ਨਵਾਬ ਬਣਾਇਆ ਨੇ ਤੇ ਤੈਨੂੰ ਤਾਂ 'ਪਾਤਸ਼ਾਹ' ਹੀ ਬਣਾ ਦੇਣਗੇ। ਸਿੰਘ ਉਸ ਦਿਨ ਤੋਂ ਪਾਤਸ਼ਾਹ ਜੱਸਾ ਸਿੰਘ ਕਹਿਣ ਲੱਗ ਪਏ।

ਸਰਦਾਰ ਬਾਘ ਸਿੰਘ ਜੀ ਦੇ ਗੁਜ਼ਰਨ ਉਪਰੰਤ ਉਹ ਹੀ ਆਹਲੂਵਾਲੀਆ ਮਿਸਲ ਦੇ ਜਥੇਦਾਰ ਬਣ ਗਏ। ੧੭੪੮ ਵਿਚ ਪੰਥ ਤੇ ਦਲ ਖ਼ਾਲਸਾ ਦੀ ਜਥੇਦਾਰੀ ਇਨ੍ਹਾਂ ਨੂੰ ਹੀ ਸੌਂਪੀ ਗਈ। ਜਿਸ ਸੁਚੱਜਤਾ, ਨਿਡਰਤਾ, ਨਿਰਪੱਖਤਾ, ਦੂਰ-ਦ੍ਰਿਸ਼ਟਤਾ ਤੇ ਬਿਬੇਕ ਨਾਲ ਪੰਥ ਨੂੰ ਬਿਖੜੇ ਸਮੇਂ ਵਿਚੋਂ ਕੱਢਿਆ ਉਹ ਹੀ ਇਸ ਮਿਸਲ ਦਾ ਇਤਿਹਾਸ ਹੈ।

ਇਸ ਮਿਸਲ ਦਾ ਪ੍ਰਭਾਵ ਤੇ ਰਣ-ਖੇਤਰ ਵੀ ਨਿਯਤ ਸੀ। ਮਿਸਲ ਦਾ ਹੈਡਕੁਆਟਰ ਜਲੰਧਰ ਦੁਆਬ ਵਿਚ ਸੀ ਅਤੇ ਪ੍ਰਭਾਵ ਖੇਤਰ ਵੀ ਉਥੇ ਹੀ ਸੀ। ਬਿਆਸ ਦੇ ਉਰਾਰ,

1. ਵਿਸਥਾਰ ਲਈ ਮੇਰੀ ਹੀ ਰਚਿਤ 'ਪੁਰਾਤਨ ਇਤਿਹਾਸਕ ਜੀਵਨੀਆਂ' ਨਾਂ ਦੀ ਪੁਸਤਕ ਤੱਕੋ।

Sri Satguru Jagjit Singh Ji eLibrary NamdhariElibrary@gmail.com

ਆਹਲੂ, ਸਰਿਆਲਾ, ਸਿਲੇਵਾਰ, ਭੂਪਲ, ਗਗਰਵਾਲ ਤੇ ਪਾਰ ਤਲਵੰਡੀ ਤੇ ਸੁਲਤਾਨਪੁਰ ਅਧਿਕਾਰ ਖੇਤਰ ਵਿਚ ਸਨ। ਰਾਇ ਇਬਰਾਹੀਮ ਕਪੂਰਥਲਾ ਵਾਲੇ ਕੋਲੋਂ ਖ਼ਿਰਾਜ ਵੀ ਲੈਂਦੇ ਸਨ।[1] ਸਤਲੁਜ ਪਾਰ ਵੀ ਈਸਾ ਖ਼ਾਨ ਤੇ ਜਗਰਾਉਂ ਉੱਤੇ ਪ੍ਰਭਾਵ ਸੀ। ਸਰਦਾਰ ਜੱਸਾ ਸਿੰਘ ਆਪ ਭਾਵੇਂ ਮਿਸਲ ਦੇ ਆਗੂ ਸਨ ਪਰ ਉਨ੍ਹਾਂ ਦਾ ਦ੍ਰਿਸ਼ਟੀਕੋਣ ਕਦੀ ਵੀ ਸੀਮਤ ਤੇ ਸ੍ਵਾਰਥ ਵਾਲਾ ਨਹੀਂ ਸੀ ਹੁੰਦਾ। ਉਹ ਅੰਤਲੇ ਸਮੇਂ ਤਕ ਸਮੁੱਚੇ ਪੰਥਕ ਭਲੇ ਲਈ ਸੋਚਦੇ ਰਹੇ। ਇਸ ਮਿਸਲ ਦਾ ਵੀ ਸਿੱਖ ਇਤਿਹਾਸ ਵਿਚ ਉੱਚਾ ਥਾਂ ਹੈ। ਜੇ ਫੈਜ਼ਲਪੁਰੀਆ ਮਿਸਲ ਦੁਖੜੇ ਝੱਲਣ ਵਿਚ ਅੱਗੇ-ਅੱਗੇ ਸੀ ਤਾਂ ਇਹ ਮਿਸਲ ਵੀ ਟਾਕਰੇ ਵਿਚ ਕਿਸੇ ਤੋਂ ਪਿੱਛੇ ਨਹੀਂ ਸੀ। ਅਦੀਨਾ ਬੇਗ ਆਪਣੇ ਸਮੇਂ ਦਾ ਇਕ ਸ਼ਾਤਰ ਨਵਾਬ ਸੀ। ਉਸ ਨੇ ਮਰਦੇ ਦਮ ਤਕ ਜਲੰਧਰ ਦੀ ਅਜਾਰਾਦਾਰੀ ਨਾ ਛੱਡੀ। ਇਸ ਮਿਸਲ ਨੇ ਅਦੀਨਾ ਬੇਗ ਦੇ ਇਰਾਦਿਆਂ ਉੱਤੇ ਰੋਕ ਪਾਈ ਰੱਖੀ। ਐਨ ਅਦੀਨਾ ਬੇਗ ਦੇ ਨੱਕ ਹੇਠਾਂ ਪ੍ਰਭਾਵ ਖ਼ੇਤਰ ਰੱਖਣਾ ਤੇ ਈਨ ਨਾ ਮੰਨਣੀ ਇਸ ਮਿਸਲ ਦੇ ਹਿੱਸੇ ਹੀ ਆਇਆ। ਅਦੀਨਾ ਬੇਗ ਨੇ ਕਈ ਵਾਰੀ ਕੋਸ਼ਿਸ਼ ਵੀ ਕੀਤੀ ਪਰ ਸਰਦਾਰ ਜੱਸਾ ਸਿੰਘ ਦਾ ਕਰਾਰਾ ਜੁਆਬ ਸੁਣ ਕੇ ਚੁੱਪ ਹੋ ਗਿਆ। ਇਸ ਮਿਸਲ ਦੀ ਤਾਕਤ ਕਾਫੀ ਸਮੇਂ ਤਕ ਜ਼ੋਰਾਂ ਉੱਤੇ ਰਹੀ। ਅਦੀਨਾ ਬੇਗ ਨੇ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਨੂੰ ਇਸ ਮਿਸਲ ਨਾਲ ਟਕਰਾਉਣਾ ਚਾਹਿਆ ਪਰ ਸਰਦਾਰ ਰਾਮਗੜ੍ਹੀਆ ਅਜਿਹਾ ਕਰਨ ਲਈ ਤਿਆਰ ਨਾ ਹੋਏ। ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੇ ਹੁੰਦਿਆਂ ਕੋਈ ਮਿਸਲ ਜਾਂ ਉਸ ਦਾ ਜਥੇਦਾਰ ਉਲੰਘਣਾ ਨਹੀਂ ਸੀ ਕਰਨਾ ਚਾਹੁੰਦਾ। ਲਾਹੌਰ ਦੇ ਕਬਜ਼ੇ ਸਮੇਂ ਵੀ 'ਪਾਤਸ਼ਾਹ' ਇਨ੍ਹਾਂ ਨੂੰ ਹੀ ਬਣਾਇਆ ਗਿਆ। ੧੭੬੭ ਉਪਰੰਤ ਇਸ ਮਿਸਲ ਨੇ ਕਪੂਰਥਲਾ ਤੇ ਜਲੰਧਰ ਦੁਆਬ ਦੇ ਕਈ ਇਲਾਕਿਆਂ ਤੇ ਆਪਣਾ ਕਬਜ਼ਾ ਜਮਾ ਲਿਆ। ਸਰਦਾਰ ਜੱਸਾ ਸਿੰਘ ਬਿਰਧ ਤੇ ਫੱਟੜ ਹੋ ਗਏ ਸਨ, ਨਾਲੇ ਉਨ੍ਹਾਂ ਆਪਣੇ ਉੱਚ ਅਸਥਾਨ ਕਰ ਕੇ ਮਿਸਲਾਂ ਦੀ ਆਪੋ-ਧਾਪੀ ਵਿਚ ਹਿੱਸਾ ਲੈਣਾ ਯੋਗ ਨਾ ਜਾਣਿਆ। ਸਰਦਾਰ ਜੱਸਾ ਸਿੰਘ ਆਹਲੂਵਾਲੀਆ ੨੦ ਅਕਤੂਬਰ, ਸੰਨ ੧੭੮੩ ਨੂੰ ਅੰਮ੍ਰਿਤਸਰ ਵਿਖੇ ਚੜ੍ਹਾਈ ਕਰ ਗਏ। ਸਰਦਾਰ ਜੱਸਾ ਸਿੰਘ ਦਾ ਪਾਤਸ਼ਾਹੀ ਸੁਭਾਅ ਇਥੋਂ ਹੀ ਦੇਖਿਆ ਜਾ ਸਕਦਾ ਹੈ ਕਿ ਜੋ ਵਸਤਰ ਇਕ ਵਾਰੀ ਪਹਿਨ ਲੈਂਦੇ, ਦੂਜੀ ਵਾਰੀ ਨਾ ਪਹਿਨਦੇ, ਉਹ ਕਿਸੇ ਲੋੜਵੰਦ ਨੂੰ ਦੇ ਦਿੰਦੇ। ਹਰ ਇਕ ਦੇ ਦਿਲ ਵਿਚ ਉਨ੍ਹਾਂ ਦੀ ਬਹਾਦਰੀ, ਨੇਕੀ ਤੇ ਸਖ਼ਾਵਤ ਦਾ ਸਿੱਕਾ ਜੰਮਿਆ ਹੋਇਆ ਸੀ।[2] ਸਰਦਾਰ ਜੱਸਾ ਸਿੰਘ ਸਰੀਰ ਦੇ ਭਰਵੇਂ ਅਤੇ ਬਹੁਤ ਸੁਨੱਖੇ ਸਨ, ਆਵਾਜ਼ ਗਰਜਵੀਂ ਸੀ। ਸਖ਼ਤ ਜਾਨ ਇਤਨੇ ਕਿ ਮਸਾਂ ਹੀ ਕੋਈ ਘੋੜਾ ਛੇ ਮਹੀਨੇ ਤੋਂ ਵੱਧ ਤੱਗਦਾ ਸੀ। ਇਕ ਸੇਰ ਮੱਖਣ, ਪਾ ਮਿਸ਼ਰੀ ਤੇ ਅੱਧਾ ਬੱਕਰਾ ਖਾ ਕੇ ਹਜ਼ਮ ਕਰਨ ਦੀ ਸ਼ਕਤੀ ਸੀ। ਤਲਵਾਰ ਤੇ ਤੀਰ ਉਨ੍ਹਾਂ ਦੇ ਟਾਕਰੇ ਦਾ ਕੋਈ ਚਲਾ ਨਹੀਂ ਸੀ ਸਕਦਾ। ਬਾਣਾ ਆਮ ਤੌਰ ਤੇ ਸੁਰਮਈ ਹੀ ਰੱਖਦੇ। ਦੁਮਾਲੇ ਵਾਲੀ ਦਸਤਾਰ ਸਜਾਂਦੇ। ਪੱਕੇ ਨਿਤਨੇਮੀ ਤੇ ਹਰ ਆਏ ਸਿੰਘ ਨੂੰ ਪਹਿਲਾਂ ਅੰਮ੍ਰਿਤ ਛਕਾਂਦੇ,

1. ਤਾਰੀਖ਼-ਇ-ਪੰਜਾਬ, ਕਨ੍ਹਈਆ ਲਾਲ।
2. 1781 ਵਿਚ ਕਪੂਰਥਲਾ ਤੇ ਇਸ ਮਿਸਲ ਦਾ ਕਬਜ਼ਾ ਹੋ ਗਿਆ ਸੀ। ਕਪੂਰਥਲਾ ਹੀ ਹੈਡਕੁਆਰਟਰ ਬਣ ਗਿਆ ਅਤੇ 1947 ਤਕ ਰਿਹਾ।

Sri Satguru Jagjit Singh Ji eLibrary NamdhariElibrary@gmail.com

ਫਿਰ ਜਥੇ ਵਿਚ ਸ਼ਾਮਲ ਕਰਦੇ। ਮੁਸਲਮਾਨਾਂ ਤਕ ਨੂੰ ਕਹਿੰਦੇ ਸਨ ਕਿ ਉੱਠੋ ਨਮਾਜ਼ ਦਾ ਵੇਲਾ ਹੋ ਗਿਆ ਹੈ।

ਆਪ ਜੀ ਦਾ ਲੰਗਰ ਸਭ ਲਈ ਖੁਲ੍ਹਾ ਸੀ। ਬੁਲਾਂਦੇ ਸਭ ਨੂੰ ਭਾਈ ਕਹਿ ਕੇ ਸਨ। ਨਿੰਮ੍ਰਤਾ ਇਤਨੀ ਕਿ ਸਦਾ ਆਪਣੇ ਆਪ ਨੂੰ 'ਗੁਰੂ ਕਾ ਰਪਟੀਆ' ਟਹਿਲੂਆ ਤੇ ਪਹਿਰੇਦਾਰ ਹੀ ਕਹਿੰਦੇ। ਲੈਪਲ ਗ੍ਰਿਫਨ ਠੀਕ ਕਹਿੰਦਾ ਹੈ ਕਿ ਉਹ 'ਸਿਦਕੀ ਸਿੱਖ'[1] ਸਨ। ਹਰ ਆਏ ਨੂੰ ਪੂਰਾ ਆਦਰ ਦੇਂਦੇ। ਕਦੀ ਕਿਸੇ ਨੂੰ ਉਡੀਕਨ ਤਕ ਨ ਦੇਂਦੇ।

ਆਪਣਾ ਲੜਕਾ ਬਾਲ ਉਮਰੇ ਹੀ ਚੜ੍ਹਾਈ ਕਰ ਗਿਆ ਸੀ। ਦੋ ਲੜਕੀਆਂ ਸਨ। ਇਕ ਭਾਈ ਮੋਹਰ ਸਿੰਘ ਫ਼ਤਿਹਾਬਾਦ ਤੇ ਦੂਜੀ ਮੁਗਰ ਸਿੰਘ ਸੁਲਤਾਨਵਿੰਡ ਨਾਲ ਵਿਆਹੀ ਗਈ ਸੀ। ਸੋ ਉਨ੍ਹਾਂ ਉਪਰੰਤ ਇਸ ਮਿਸਲ ਦੀ ਜਥੇਦਾਰੀ ਸਰਦਾਰ ਭਾਗ ਸਿੰਘ ਜੋ ਆਪ ਦੇ ਦੂਜੇ ਭਰਾ ਦੇ ਪੁੱਤਰ ਸਨ, ਦੇ ਹੱਥ ਆਈ। ਭਾਵੇਂ ਸੁਭਾਅ ਦੇ ਮਿੱਠੇ ਤੇ ਨੇਕ ਸਨ ਪਰ ਕਮਜ਼ੋਰ[2] ਅਧਿਕਾਰੀ ਸਨ। ਉਹ ਆਪਣਾ ਪ੍ਰਭਾਵ ਤੇ ਅਧਿਕਾਰ ਖੇਤਰ ਵਧਾਉਣ ਵਿਚ ਕਾਮਯਾਬ ਨ ਹੋਏ, ਸਗੋਂ ਰਾਮਗੜ੍ਹੀਆ ਮਿਸਲ ਨਾਲ ਝਗੜਾ ਖੜ੍ਹਾ ਕਰ ਲਿਆ। ੧੮੦੧ ਵਿਚ ਹਮੀਰ ਸਿੰਘ ਨੇ ਰਾਮਗੜ੍ਹੀਆ ਮਿਸਲ ਕੋਲੋਂ ਹਾਰ ਖਾਧੀ। ਭਾਗ ਸਿੰਘ ਤੋਂ ਬਾਅਦ ਫ਼ਤਹਿ ਸਿੰਘ ਨਾਲ ਸਰਦਾਰ ਰਣਜੀਤ ਸਿੰਘ ਨੇ ਪੱਗ ਵਟਾਈ ਤੇ ਇਸ ਮਿਸਲ ਨੂੰ ਆਪਣੇ ਵੱਲ ਦਾ ਕਰ ਲਿਆ।[3]

ਇਸ ਮਿਸਲ ਦਾ ਪ੍ਰਭਾਵ-ਖੇਤਰ ਕਪੂਰਥਲਾ ਤਕ ਹੀ ਸੀਮਿਤ ਰਿਹਾ। ਮਹਾਰਾਜਾ ਰਣਜੀਤ ਸਿੰਘ ਨੇ ਇਸ ਮਿਸਲ ਨੂੰ ਜਿਸ ਤਰ੍ਹਾਂ ਆਪਣੇ ਲਈ ਵਰਤਿਆ, ਉਹ ਵੱਖਰਾ ਇਤਿਹਾਸ ਹੈ। ਇਸ ਮਿਸਲ ਦੇ ਸਿਪਾਹੀਆਂ ਦੀ ਕੁੱਲ ਗਿਣਤੀ ੩੦੦੦ ਸੀ, ਪਰ ਇਕ ਸਮੇਂ ਗਿਣਤੀ ਵੱਧ ਕੇ ੭੦੦੦ ਤਕ ਵੀ ਹੋ ਗਈ ਸੀ।

**੩. ਰਾਮਗੜ੍ਹੀਆ ਮਿਸਲ** : ਇਸ ਮਿਸਲ ਦੇ ਬਾਨੀ ਸਰਦਾਰ ਖੁਸ਼ਹਾਲ ਸਿੰਘ ਕੁੱਕੜਪਿੰਡੀਆ ਸਨ ਜੋ ਬਾਬਾ ਬੰਦਾ ਸਿੰਘ ਜੀ ਦੇ ਸਾਥੀਆਂ ਵਿਚੋਂ ਸਨ। ਫਿਰ ਸਾਂਗਿਆ ਪਿੰਡ ਦੇ ਅਨੰਦ ਸਿੰਘ ਆਗੂ ਬਣੇ ਸਨ। ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਇਸ ਮਿਸਲ ਦੇ ਜਥੇਦਾਰ ੧੭੪੦ ਵਿਚ ਬਣੇ। ਆਪ ਜੀ ਦਾ ਪਿੰਡ ਇੱਛੋਗਿਲ ਸੀ ਤੇ ਵਡੇਰੇ ਤਰਖਾਣਾ ਕੰਮ ਕਰਦੇ ਸਨ।[4] ਇਸ ਲਈ ਆਪ ਜੀ ਦੀ ਅੱਲ ਹੀ 'ਠੋਕਾ' ਪੈ ਗਈ। ਆਪ ਜੀ ਜਿਥੇ

1. VERY SLIGH CALIBRE (GRIFFIN)
2. ਇਹ ਖ਼ਿਆਲ ਕੀਤਾ ਜਾਂਦਾ ਹੈ ਕਿ ਜੇ ਸਰਦਾਰ ਫ਼ਤਹ ਸਿੰਘ ਆਪ ਜੁਰਅਤ ਤੋਂ ਕੰਮ ਲੈਂਦੇ ਤਾਂ ਪੰਜਾਬ ਦੇ ਉਹ ਮਹਾਰਾਜਾ ਬਣ ਸਕਦੇ ਸਨ ਪਰ ਉਨ੍ਹਾਂ ਵਿਚ ਅਗਾਂਹ ਵੱਧ ਕੇ ਖ਼ਤਰੇ ਨੂੰ ਮੁੱਲ ਲੈਣ ਦੀ ਸ਼ਕਤੀ ਨਹੀਂ ਸੀ ਭਾਵੇਂ ਵਲੋਂ ਲਾਰਡ ਲੇਕ ਨਾਲ ਦੋਸਤੀ ਦੀ ਸੰਧੀ ਕੀਤੀ। ਜਦ ਲੇਕ ਨੇ ਫ਼ਤਹਿ ਸਿੰਘ ਨੂੰ ਚੀਤਾ ਤੁਹਫ਼ੇ ਵਜੋਂ ਦਿੱਤਾ ਤਾਂ ਇਨ੍ਹਾਂ ਬਾਜ਼ ਦਿੱਤਾ। ਆਪ ਮਹਾਰਾਜਾ ਰਣਜੀਤ ਸਿੰਘ ਵਲੋਂ ਹੋ ਕੇ ਹਰ ਮੁਹਿਮ ਵਿਚ ਹਿੱਸਾ ਲੈਂਦੇ ਰਹੇ। ੧੮੩੭ ਵਿਚ ਆਪ ਚੜ੍ਹਾਈ ਕਰ ਗਏ। ਕਪੂਰਥਲਾ ਰਿਆਸਤ ਰਣਜੀਤ ਸਿੰਘ ਨੇ ਨਾਲ ਨ ਮਿਲਾਈ।
3. ਭਾਈ ਭਗਵਾਨ ਜੀ ਨੂੰ ਗੁਰੂ ਗ੍ਰੰਥ ਸਾਹਿਬ ਦੀ ਵਿਆਖਿਆ ਤੇ ਕਥਾ ਕਰਨ ਕਰ ਕੇ ਗਿਆਨੀ ਵੀ ਕਿਹਾ ਜਾਂਦਾ ਸੀ। ਉਨ੍ਹਾਂ ਦੇ ਪੰਜ ਪੁੱਤਰ ਸਨ, ਤਾਰਾ ਸਿੰਘ, ਮਾਲੀ ਸਿੰਘ, ਖੁਸ਼ਹਾਲ ਸਿੰਘ, ਜੈ ਸਿੰਘ ਤੇ ਪੰਜਵੇਂ ਸਰਦਾਰ ਜੱਸਾ ਸਿੰਘ ਜੀ ਸਨ।
4. Sikh by honest Condition.

ਉਸਾਰੀ ਕਲਾ ਤੋਂ ਜਾਣੂੰ ਸਨ ਉਥੇ ਇਕ ਚੰਗੇ ਤੇ ਸੁੱਘੜ ਆਗੂ, ਸਿਪਾਹੀ ਤੇ ਜਰਨੈਲ ਸਨ। ਕਾਜ਼ੀ ਨੂਰ ਮੁਹੰਮਦ ਨੇ ਲਿਖਿਆ ਹੈ ਕਿ ਜਦ ਜੰਗ ਵਿਚ ਕੁੱਦਦੇ ਤਾਂ ਸ਼ੇਰਾਂ ਵਾਂਗ ਦਹਾੜ ਪੈਂਦੇ। ਸਰਬਤ ਖ਼ਾਲਸਾ ਨੇ ਦਰਬਾਰ ਸਾਹਿਬ ਦੀ ਰੱਖਿਆ ਲਈ ਤਰਨਤਾਰਨ ਵੱਲ ਬਿਬੇਕਸਰ ਦੇ ਨੇੜੇ ਰਾਮਰੌਣੀ ਬਣਾਉਣ ਦਾ ਫੈਸਲਾ ਕੀਤਾ। ਸਿੱਖ ਮਹਿਸੂਸ ਕਰ ਰਹੇ ਸਨ ਕਿ ਬਗ਼ੈਰ ਕਿਲ੍ਹੇ ਦੇ ਰੱਖਿਆ ਅਸੰਭਵ ਹੈ। ਰਾਮਰੌਣੀ ਬਣਾਉਣ ਦਾ ਕੰਮ ਸਰਦਾਰ ਜੱਸਾ ਸਿੰਘ ਨੂੰ ਸੁੱਘੜ ਜਾਣ ਕੇ ਸੌਂਪਿਆ ਗਿਆ।[1] ਇਸ ਰਾਮ ਰੌਣੀ ਨੂੰ ਜਦ ੧੭੪੮ ਤੋਂ ਬਾਅਦ ਪੱਕਿਆਂ ਕੀਤਾ ਗਿਆ[2] ਤਾਂ ਇਹ ਰਾਮਰੌਣੀ 'ਰਾਮਗੜ੍ਹ' ਬਣੀ। ਸਰਦਾਸ ਜੱਸਾ ਸਿੰਘ ਜੀ ਭਾਵੇਂ ਨਾਰਾਜ਼ ਸਨ, ਪਰ ਸਿੱਖਾਂ ਤੇ ਭੀੜਾਂ ਵੇਲੇ ਆਪਣੇ ਭਰਾਵਾਂ ਨਾਲ ਹੋ ਕੇ ਲੜੇ ਤੇ 'ਰਾਮ ਗੜ੍ਹ' ਨੂੰ ਬਚਾਇਆ। ਉਸ ਦਿਨ ਤੋਂ ਆਪ ਜੀ ਦੇ ਨਾਮ ਨਾਲ ਰਾਮਗੜ੍ਹੀਆ ਸ਼ਬਦ ਲੱਗ ਗਿਆ। ਆਪ ਜੀ ਦੀ ਮਿਸਲ ਦਾ ਨਾਮ ਵੀ ਰਾਮਗੜ੍ਹੀਆ ਹੀ ਪ੍ਰਸਿੱਧ ਹੋਇਆ। ਇਤਿਹਾਸਕਾਰ ਕਨ੍ਹਈਆ ਲਾਲ ਲਿਖਦਾ ਹੈ ਕਿ ਸਰਦਾਰ ਜੱਸਾ ਸਿੰਘ ਦੀ ਚਤਰਾਈ, ਸਿਆਣਪ, ਮਿੱਠੀ ਗੱਲਬਾਤ ਤੇ ਸਤਿਕਾਰ ਭਰੀ ਸ਼ਕਲ ਵੇਖ ਕੇ ਅਦੀਨਾ ਬੇਗ ਪ੍ਰਭਾਵਤ ਹੋਇਆ ਸੀ।

ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਨੇ ਆਜ਼ਾਦੀ ਦੀ ਜਦੋਜਹਿਦ ਵਿਚ ਵਿੱਤ ਅਨੁਸਾਰ ਹਿੱਸਾ ਪਾਇਆ। ਕਿਸੇ ਮੌਕੇ ਵੀ ਪਿਛੇ ਨਾ ਹਟੇ। ੧੭੫੦ ਵਿਚ ਕਿਸੇ ਗ਼ਲਤ-ਫ਼ਹਿਮੀ ਕਰ ਕੇ 'ਦਲ ਖ਼ਾਲਸਾ' ਦੀ ਆਪ ਜੀ ਨਾਲ ਨਾਰਾਜ਼ਗੀ ਹੋ ਗਈ। ਆਪ ਜੀ ਤੇ ਇਹ ਦੋਸ਼ ਲਗਾਇਆ ਗਿਆ ਕਿ ਆਪ ਜੀ ਨੇ ਸਿੱਖੀ ਮਰਯਾਦਾ ਉਲਟ ਜੰਮਦੀ ਲੜਕੀ ਮਾਰੀ ਹੈ। 'ਦਲ ਖ਼ਾਲਸਾ' ਨੇ ਨਾਰਾਜ਼ਗੀ ਦਾ ਪ੍ਰਗਟਾਵਾ ਕੀਤਾ। ਆਪ ਜੀ ਨੇ ਵੀ ਗੁੱਸਾ ਮਨਾਇਆ ਕਿ ਬਗ਼ੈਰ ਪੁੱਛ ਗਿੱਛ ਤੋਂ ਪੰਥ ਨੇ ਨਿਰਣਾ ਕਿਉਂ ਲਿਆ ਹੈ। ਅਦੀਨਾ ਬੇਗ ਮੌਕੇ ਦੀ ਭਾਲ ਵਿਚ ਸੀ। ਉਸ ਨੇ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਨਾਲ ਸੰਧੀ ਕਰ ਲਈ। ਕੁਝ ਚਿਰ ਵਿਰੋਧ ਹੁੰਦਾ ਰਿਹਾ। ਮੀਰ ਮੰਨੂੰ ਨੇ ਅਦੀਨਾ ਬੇਗ ਨੂੰ ਰਾਮਰੌਣੀ ਤੇ ਹਮਲਾ ਕਰਨ ਤੇ ਗਿਰਾਉਣ ਲਈ ਹੁਕਮ ਦਿੱਤਾ। ਅਦੀਨਾ ਬੇਗ ਨੇ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਨਾਲ ੧੭੫੧ ਵਿਚ ਹਮਲਾ ਕਰ ਦਿੱਤਾ। ਸਿੱਖ ਰਾਮਰੌਣੀ ਵਿਚ ਘਿਰ ਗਏ। ਘਿਰੇ ਹੋਏ ਸਿੰਘਾਂ ਦੀ ਦੁਰਦਸ਼ਾ ਸਿੱਖ ਹਿਰਦੇ ਵਾਲੇ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਕੋਲੋਂ ਸਹਾਰੀ ਨਾ ਗਈ। ਉਸੇ ਸਮੇਂ ਅਦੀਨਾ ਬੇਗ ਦੀਆਂ ਫ਼ੌਜਾਂ ਦਾ ਸਾਥ ਛੱਡ ਕੇ ਰਾਮਰੌਣੀ ਵਲੋਂ ਅਦੀਨਾ ਬੇਗ ਦੀਆਂ ਫ਼ੌਜਾਂ ਉੱਤੇ ਹੱਲਾ ਬੋਲ ਦਿੱਤਾ। ਰਾਮਗੜ੍ਹੀਆ ਸਰਦਾਰ ਦਾ ਹਮਲਾ ਕਰਨਾ ਹੀ ਸੀ ਕਿ ਵਿਰੋਧੀ ਫ਼ੌਜਾਂ ਕਿਲ੍ਹਾ ਛੱਡ ਕੇ ਨੱਸ ਗਈਆਂ। ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਤੇ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੀ ਐਸੀ ਦੋਸਤੀ ਪਈ ਕਿ ਅਖਾਣ ਹੀ ਬਣ ਗਿਆ।[3]

ਸਰਦਾਰ ਜੱਸਾ ਸਿੰਘ ਪੰਥ ਨਾਲ ਮੋਢਾ ਡਾਹ ਕੇ ਦੁਰਾਨੀਆਂ ਦਾ ਟਾਕਰਾ ਕਰਦੇ ਰਹੇ। ਆਪ ਜੀ ਨੇ ਸਰਦਾਰ ਜੈ ਸਿੰਘ ਕਨ੍ਹਈਆ ਨਾਲ ਰਲ ਕੇ ਦੂਰ-ਦੂਰ ਤਕ ਮਾਰਾਂ ਮਾਰੀਆਂ।

---

1. ਆਪਜੀ ਨਾਲ ਸਰਦਾਰ ਨੰਦ ਸਿੰਘ ਸੰਘਾਣੀ ਵੀ ਸਨ।
2. ਅਦੀਨਾ ਬੇਗ ਦੇ ਜਰਨੈਲ ਮੀਰ ਅਜ਼ੀਜ਼ ਬਖ਼ਸ਼ ਨੇ ਕੱਚੀ ਗੜ੍ਹੀ ਉਡਾਈ ਵੀ ਸੀ।
3. 'ਹਰ ਦੋ ਜੱਸਾ ਬ਼ਹਮ ਗਸ਼ਤਾ ਯਾਰ (ਜੰਗਨਾਮਾ)

Sri Satguru Jagjit Singh Ji eLibrary NamdhariElibrary@gmail.com

ਖ਼ਵਾਜਾ ਆਬਦ ਖ਼ਾਨ ਨੇ ਜਦ 'ਦਲ ਖ਼ਾਲਸਾ' ਦੀ ਜਥੇਬੰਦੀ ਨੂੰ ਤੋੜਨਾ ਚਾਹਿਆ ਤਾਂ ਆਪ ਜੀ ਅਤੇ ਕਨ੍ਹਈਆ ਮਿਸਲ ਦੇ ਸਰਦਾਰ ਨੇ ਲੱਕ-ਤੋੜਵੀਂ ਹਾਰ ਦਿੱਤੀ।

ਵੱਡੇ ਘੱਲੂਘਾਰੇ ਸਮੇਂ ਵੀ ਆਪ ਨੇ ਸਾਂਝੀਆਂ ਸੱਟਾਂ ਖਾਧੀਆਂ। ਅਬਦਾਲੀ ਦੇ ਜਾਣ ਉਪਰੰਤ ਆਪ ਜੀ ਨੇ ਆਪਣੀ ਤਾਕਤ ਵਧਾਉਣ ਲਈ ਹੋਰਨਾਂ ਮਿਸਲਾਂ ਵਾਂਗੂੰ ਉਪਰਾਲੇ ਅਰੰਭੇ। ਬਟਾਲਾ, ਕਲਾਨੌਰ, ਦੀਨਾਨਗਰ, ਕਾਦੀਆਂ, ਸ੍ਰੀ ਹਰਿਗੋਬਿੰਦਪੁਰ, ਘੁਮਾਣ ਤੇ ਅੰਮ੍ਰਿਤਸਰ ਦੇ ਕਈ ਹੋਰ ਪਿੰਡਾਂ ਤੇ ਵੀ ਅਧਿਕਾਰ ਜਮਾ ਲਿਆ। ਮਿਸਲ ਦੀ ਆਮਦਨ ਵੀ ਛੇ ਲੱਖ ਤਕ ਜਾ ਪਹੁੰਚੀ। ਆਪ ਜੀ ਦਾ ਪ੍ਰਭਾਵ ਖੇਤਰ ਵੀ ਜਲੰਧਰ ਦੁਆਬ ਹੀ ਸੀ। ਕਨ੍ਹਈਆ ਮਿਸਲ ਨੇ ਬਟਾਲਾ ਤੇ ਕਲਾਨੌਰ ਦੇ ਕਬਜ਼ੇ ਨੂੰ ਮਾੜਾ ਸਮਝਿਆ ਤੇ ਕਨ੍ਹਈਆ ਮਿਸਲ ਦੀ ਰਾਮਗੜ੍ਹੀਆ ਮਿਸਲ ਨਾਲ ਵਿਗੜ ਗਈ।[1] ਇਸ ਖਿਚੋਤਾਣ ਵਿਚ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਨੂੰ ਕਾਫ਼ੀ ਨੁਕਸਾਨ ਹੋਇਆ ਤੇ ਉਨ੍ਹਾਂ ਨੂੰ ਆਪਣਾ ਇਲਾਕਾ ਛੱਡ ਸਤਲੁਜੋਂ ਪਾਰ ਜਾਣਾ ਪਿਆ। ਆਪ ਜੀ ਦੀ ਜਥੇਬੰਦੀ ਤਗੜੀ ਸੀ ਤੇ ਸਤਲੁਜ ਅਤੇ ਜਮਨਾ ਵਿਚਕਾਰ ਕੋਈ ਜਰਨੈਲ ਆਪ ਜੀ ਦੇ ਟਾਕਰੇ ਦਾ ਨਹੀਂ ਸੀ। ਬਾਬਾ ਆਲਾ ਸਿੰਘ ਚੜ੍ਹਾਈ ਕਰ ਗਏ ਸਨ ਤੇ ਕਰੋੜਸਿੰਘੀਆ ਮਿਸਲ ਦੇ ਸਰਦਾਰ ਅਜੇ ਟਾਕਰੇ ਦੇ ਨਹੀਂ ਸਨ ਹੋਏ। ਕੁਝ ਸਮੇਂ ਵਿਚ ਹੀ ਆਪ ਜੀ ਨੇ ਚੋਖੀ ਤਾਕਤ ਬਣਾ ਲਈ। ਸਰਸਾ ਨੂੰ ਆਪਣਾ ਕੇਂਦਰ ਅਸਥਾਨ ਰੱਖਿਆ। ਦਿੱਲੀ ਦੇ ਮੁਗ਼ਲ ਮਹੱਲਾਂ ਤੇ ਹਮਲਾ ਕਰਕੇ ਚਾਰ ਤੋਪਾਂ ਖੋਹੀਆਂ। ਮੇਰਠ ਦੇ ਨਵਾਬ ਕੋਲੋਂ ਦਸ ਹਜ਼ਾਰ 'ਰਾਖੀ' ਲਈ। ਹਿਸਾਰ ਦਾ ਖੁਰਾ ਖੋਜ ਮਿਟਾਇਆ ਕਿਉਂਕਿ ਉਥੋਂ ਦੇ ਹਾਕਮ ਨੇ ਦੋ ਬ੍ਰਾਹਮਣ ਲੜਕੀਆਂ ਦੀ ਪੱਤ ਲੁੱਟੀ ਸੀ। ਪੰਜ ਲੱਖ ਅਸ਼ਰਫੀਆਂ ਵੀ ਉਥੋਂ ਮਿਲੀਆਂ। ਗੰਗ-ਜਮਨ ਦੁਆਬ ਵਿਚ ਚੰਗੀਆਂ ਮਾਰਾਂ ਤੇ ਮੱਲਾਂ ਮਾਰੀਆਂ। ਜੇ ਆਪ ਉੱਧਰ ਹੀ ਰਹਿੰਦੇ ਤਾਂ ਥੋੜ੍ਹੇ ਸਮੇਂ ਵਿਚ ਹੀ ਹਿੰਦੁਸਤਾਨ ਦੀ ਇਕ ਵੱਡੀ ਤਾਕਤ ਹੋ ਨਿਕਲਦੇ। ਪਰ ਆਪ ਜੀ ਨੂੰ ਆਪਣਾ ਖੁਸਿਆ ਹੋਇਆ ਇਲਾਕਾ ਨਹੀਂ ਸੀ ਭੁਲਦਾ। ਆਪ ਜੀ ਨੇ ੧੭੮੩ ਵਿਚ ਸ਼ੁਕਰਚਕੀਆ ਮਿਸਲ ਨਾਲ ਗਠ-ਜੋੜ ਕੀਤਾ ਤੇ ਕਨ੍ਹਈਆ ਮਿਸਲ ਦੇ ਇਲਾਕੇ ਉੱਤੇ ਹੱਲਾ ਬੋਲਿਆ।[2] ਬਟਾਲਾ ਦਾ ਇਲਾਕਾ ਆਪ ਜੀ ਨੇ ਕਬਜ਼ੇ ਵਿਚ ਕਰ ਲਿਆ। ਕਨ੍ਹਈਆ ਮਿਸਲ ਨੂੰ ਬਹੁਤ ਰੋਸ ਸੀ ਪਰ ਉਹ ਇਕੱਲਿਆਂ ਲੜ ਨਹੀਂ ਸੀ ਸਕਦੀ। ਜਦ ਰਣਜੀਤ ਸਿੰਘ ਨੇ ਸਵਰਗਵਾਸੀ ਗੁਰਬਖ਼ਸ਼ ਸਿੰਘ ਦੀ ਲੜਕੀ ਵਿਆਹੀ ਤਾਂ ਸਦਾ ਕੌਰ ਨੂੰ ਵੀ ਮੌਕਾ ਮਿਲਿਆ ਕਿ ਉਹ ਰਾਮਗੜ੍ਹੀਆ ਮਿਸਲ ਨੂੰ ਸਜ਼ਾ ਦੇ ਸਕੇ। ਰਣਜੀਤ ਸਿੰਘ ਨੂੰ ਨਾਲ ਲੈ ਕੇ ੧੭੯੬ ਵਿਤ ਮਿਆਨੀ ਉੱਤੇ, ਜਿਥੇ ਸਰਦਾਰ

---

1. ਇਹ ਵੀ ਕਿਹਾ ਜਾਂਦਾ ਹੈ ਕਿ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦੇ ਭਰਾ ਮਾਲੀ ਸਿੰਘ ਨੇ ਤਾਕਤ ਦੇ ਨਸ਼ੇ ਵਿਚ ਸਰਦਾਰ ਜੱਸਾ ਆਹਲੂਵਾਲੀਆ ਨੂੰ, ਜਦ ਉਹ ਗੁਰਦਵਾਰਿਆਂ ਦੀ ਯਾਤਰਾ ਤੇ ਜਾ ਰਹੇ ਸਨ, ਰੋਕ ਕੇ ਨਿਰਾਦਰੀ ਕੀਤੀ। ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਨੂੰ ਜਦ ਪਤਾ ਲੱਗਾ ਤਾਂ ਉਨ੍ਹਾਂ ਖਿਮਾ ਮੰਗੀ ਤੇ ਕਿਹਾ ਕਿ ਮਾਲੀ ਸਿੰਘ ਦੇ ਮੂਰਖਪੁਣੇ ਦੀ ਮੁਆਫ਼ੀ ਦਿਓ। ਸਤਿਕਾਰ ਨਾਲ ਉਨ੍ਹਾਂ ਨੂੰ ਵਿਦਾ ਕੀਤਾ। ਭਾਵੇਂ ਰਾਮਗੜ੍ਹੀਆ ਸਰਦਾਰ ਦਾ ਕੋਈ ਕਸੂਰ ਨਹੀਂ ਸੀ ਫਿਰ ਵੀ ਸਾਰੇ ਪੰਥ ਨੇ ਰੋਸ ਮਨਾਇਆ ਅਤੇ ਕਨ੍ਹਈਆ, ਸ਼ੁਕਰਚਕੀਆ, ਭੰਗੀ ਮਿਸਲ ਨੇ ਰਲ ਕੇ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਨੂੰ ਸਤਲੁਜ ਤੋਂ ਪਾਰ ਕਰ ਦਿੱਤਾ।
2. ਸਰਦਾਰ ਮਹਾਂ ਸਿੰਘ ਅਤੇ ਸਰਦਾਰ ਜੈ ਸਿੰਘ ਦੀ ਆਪੋ ਵਿਚ ਵਿਗੜ ਗਈ ਸੀ।

Sri Satguru Jagjit Singh Ji eLibrary NamdhariElibrary@gmail.com

ਜੱਸਾ ਸਿੰਘ ਰਾਮਗੜ੍ਹੀਆ ਸਨ, ਹੱਲਾ ਬੋਲ ਦਿੱਤਾ। ਆਪ ਜੀ ਨੇ ਬਾਬਾ ਸਾਹਿਬ ਸਿੰਘ ਬੇਦੀ ਨੂੰ ਗੱਲ ਠੱਪਣ ਲਈ ਕਿਹਾ, ਪਰ ਸਦਾ ਕੌਰ ਨੇ ਇਕ ਨਾ ਸੁਣੀ। ਬਾਬਾ ਸਾਹਿਬ ਸਿੰਘ ਬੇਦੀ ਨੇ ਰੋਸ ਮਨਾਇਆ ਤੇ ਕਹਿੰਦੇ ਹਨ ਕਿ ਸਦਾ ਕੌਰ ਦੀ ਬਿਆਸ ਵਿਖੇ ਮਸਾਂ ਜਾਨ ਬਚੀ। ਆਪ ਜੀ ਕਾਫੀ ਬਿਰਧ ਹੋ ਗਏ ਸਨ। ਇਸ ਲਈ ਟਿਕ ਕੇ ਬੈਠਣਾ ਹੀ ਯੋਗ ਸਮਝਿਆ। ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ੨੦ ਅਪ੍ਰੈਲ, ਸੰਨ ੧੮੦੩ ਨੂੰ ਸੁਰਗਵਾਸ ਹੋ ਗਏ। ਸਰਦਾਰ ਜੱਸਾ ਸਿੰਘ ਉਦਾਰ-ਚਿਤ ਗ਼ਰੀਬ ਪਰਿਵਾਰ ਤੇ ਜੁਰਅੱਤ ਦੇ ਵੀ ਮੁਜੱਸਮੇ ਸਨ। ਇਤਨੇ ਉਦਾਰ ਚਿਤ ਕਿ ਜਦ ਨਜੀਬ-ਉਦ-ਦਉਲਾ ਦੇ ਪੋਤਰੇ ਭੰਬੂ ਖ਼ਾਨ ਆਪਣੇ ਪਰਵਾਰ ਤੇ ਮਾਂ ਸਮੇਤ ਕਿਲ੍ਹਾ ਗੌਂਸਗੜ੍ਹ ਤੋਂ ਸ਼ਾਹੀ ਅਤਾਬ ਕਾਰਨ ਨੱਠ ਉਠਿਆ ਤੇ ਸਰਦਾਰ ਜੱਸਾ ਸਿੰਘ ਕੋਲੋਂ ਪਨਾਹ ਮੰਗੀ ਤਾਂ ਪੂਰੇ ਪੰਦਰਾਂ ਸਾਲ ਪਾਸ ਬੰਗਾ ਰੱਖਿਆ। ਇਸੇ ਤਰ੍ਹਾਂ ਜਦ ਭੰਗੀ ਸਰਦਾਰ, ਮਾਈ ਸਖਾਂ ਤੇ ਰਾਜ ਕੌਰ ਨੂੰ ਅੰਮ੍ਰਿਤਸਰ ਤੋਂ ਰਣਜੀਤ ਸਿੰਘ ਨੇ ਕਢਿਆ ਤਾਂ ਖ਼ਤਰਾ ਲੈ ਕੇ ਵੀ ਰੱਖਿਆ ਕੀਤੀ।

ਇਕ ਵਾਰੀ ਤੁਸ਼ਾਮ (ਹਿਸਾਰ) ਦੇ ਇਕ ਬ੍ਰਾਹਮਣ ਨੇ ਫ਼ਰਿਯਾਦ ਕੀਤੀ ਕਿ ਉਸ ਦੀ ਨਵ-ਵਿਆਹੀ ਲੜਕੀ ਮੁਸਲਮਾਨ ਹਾਕਮ ਉਠਾ ਕੇ ਲੈ ਗਏ ਹਨ ਤਾਂ ਉਸ ਵਕਤ ਤਕ ਦਮ ਨਾ ਲਿਆ ਜਦ ਤਕ ਛੁਡਾ ਘਰ ਨ ਪਹੁੰਚਾਇਆ। ਖੁਸ਼ਵਕਤ ਰਾਇ ਇਸ ਲਈ ਉਨ੍ਹਾਂ ਨੂੰ ਉੱਚ ਆਚਰਣ ਤੇ ਨੇਕ ਸੁਭਾਅ ਵਾਲਾ (ਬਿਸਿਆਰ ਇਖ਼ਲਾਕ ਪਸੰਦ) ਕਹਿੰਦਾ ਹੈ। ਬਹਾਦਰ ਇਤਨੇ ਸਨ ਕਿ ਆਪਣੀ ਤਲਵਾਰ ਨਾਲ ਕਈ ਸ਼ੇਰ ਮਾਰੇ। ਸੱਪ ਦੇ ਡੰਗੇ ਨੂੰ ਤਾਂ ਕੁਝ ਮੰਨਦੇ ਹੀ ਨਹੀਂ ਸਨ। ਕਹਿੰਦੇ ਸਨ ਕਿ ਕਾਇਰ ਨੂੰ ਹੀ ਸੱਪ ਦਾ ਜ਼ਹਿਰ ਚੜ੍ਹਦਾ ਹੈ। ਉਨ੍ਹਾਂ ਦੇ ਅੱਖਾਂ ਮੀਟਣ ਨਾਲ ਇਸ ਮਿਸਲ ਦੀ ਪ੍ਰਸਿੱਧਤਾ ਵੀ ਘੱਟ ਗਈ। ਚਾਰੇ ਭਰਾ ਤਾਰਾ ਸਿੰਘ, ਮਾਲੀ ਸਿੰਘ, ਖ਼ੁਸ਼ਹਾਲ ਸਿੰਘ ਤੇ ਜੈ ਸਿੰਘ ਉਨ੍ਹਾਂ ਦੀ ਹਯਾਤੀ ਵਿਚ ਹੀ ਅਕਾਲ ਚਲਾਣਾ ਕਰ ਗਏ ਸਨ। ਇਨ੍ਹਾਂ ਦੇ ਆਪਣੇ ਦੋ ਪੁੱਤਰ ਜੋਧ ਸਿੰਘ ਤੇ ਬੀਰ ਸਿੰਘ ਸਨ। ਇਸ ਮਿਸਲ ਦੇ ਇਲਾਕੇ ਤੇ ਪਹਿਲਾਂ ਮਹਾਰਾਜਾ ਰਣਜੀਤ ਸਿੰਘ ਨੇ ਕਬਜ਼ਾ ਕਰ ਲਿਆ ਅਤੇ ਫਿਰ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦੇ ਸਪੁੱਤਰ ਸਰਦਾਰ ਜੋਧ ਸਿੰਘ ਨੇ ੧੮੦੮ ਈ: ਵਿਚ ਈਨ ਮੰਨ ਲਈ ਅਤੇ ਮਹਾਰਾਜਾ ਨਾਲ ਲੈ ਕੇ ਸ੍ਰੀ ਦਰਬਾਰ ਸਾਹਿਬ ਆਏ ਤੇ ਦੋਸਤੀ ਦੇ ਪੱਕੇ ਇਕਰਾਰ ਹੋਏ। ਬੀਰ ਸਿੰਘ ਨੇ ਵੀ ਆਪੂੰ ਆ ਕੇ ਦਰਬਾਰ ਵਿਚ ਨਜ਼ਰਾਨੇ ਭੇਟ ਕੀਤੇ। ਜੋਧ ਸਿੰਘ ਦਾ ਅਕਾਲ ਚਲਾਣਾ ਅਗਸਤ ੨੩, ੧੮੧੫ ਨੂੰ ਹੋਇਆ। ਇਸ ਮਿਸਲ ਦੇ ਸਿਪਾਹੀਆਂ ਦੀ ਗਿਣਤੀ ੩੦੦੦ ਦੇ ਕਰੀਬ ਸੀ। ਸਤਲੁਜ ਤੋਂ ਪਾਰ ਹਮਲਿਆਂ ਵੇਲੇ ਇਸ ਮਿਸਲ ਦੀ ਗਿਣਤੀ ੮੦੦੦ ਤਕ ਜਾ ਪੁੱਜੀ ਸੀ।

**੪. ਭੰਗੀ ਮਿਸਲ** : ਸਿੱਖ ਮਿਸਲਾਂ ਵਿਚ ਭੰਗੀ ਮਿਸਲ ਇਕ ਧੜੱਲੇਦਾਰ (Formidable) ਮਿਸਲ ਗਿਣੀ ਜਾਂਦੀ ਸੀ। ਅਰੰਭ ਵਿਚ ਫ਼ੈਜ਼ਲਪੁਰੀਆ ਅਤੇ ਆਹਲੂਵਾਲੀਆ ਮਿਸਲਾਂ ਦਾ ਹੀ ਜ਼ੋਰ ਸੀ। ਉਹ ਦੋਵੇਂ ਮਿਸਲਾਂ ਹੀ ਸਾਰੇ ਪੰਥ ਦੇ ਸਤਿਕਾਰ ਦੀਆਂ ਪਾਤਰ ਸਨ, ਪਰ ਅਬਦਾਲੀ ਦੇ ਜਾਣ ਉਪਰੰਤ ਇਨ੍ਹਾਂ ਮਿਸਲਾਂ ਨੇ ਆਪੋ ਵਿਚ ਦੀ ਦੌੜ ਵਿਚ ਹਿੱਸਾ ਨਾ ਲਿਆ। ਸੋ ਇਹ ਮਿਸਲਾਂ ਪਿੱਛੇ ਰਹਿ ਗਈਆਂ। ਰਾਮਗੜ੍ਹੀਆ ਮਿਸਲ ਦਾ ਪ੍ਰਭਾਵ ਖੇਤਰ ਵੀ ਸਤਲੁਜੋਂ ਪਾਰ ਹੋ ਗਿਆ। ਜਦ ਉਹ ਮੁੜ ਪੰਜਾਬ ਵਿਚ

ਦਖ਼ਲ ਦੇਣ ਯੋਗ ਹੋਈ ਤਾਂ ਭੰਗੀ ਮਿਸਲ ਦਾ ਪ੍ਰਭਾਵ ਸਿਖਰ ਉੱਤੇ ਸੀ। ਕਨ੍ਹਈਆ ਮਿਸਲ ਵੀ ਤਗੜੀਆਂ ਮਿਸਲਾਂ ਵਿਚੋਂ ਗਿਣੀ ਜਾਣ ਲੱਗ ਪਈ। ਡਾਕਟਰ ਸਿਨ੍ਹਾ ਦਾ ਤਾਂ ਖ਼ਿਆਲ ਹੈ ਕਿ ਭੰਗੀ ਮਿਸਲ ਸਿਆਣਪ ਤੋਂ ਕੰਮ ਲੈ ਕੇ ਚਲਦੀ ਤਾਂ ਸ਼ੁਕਰਚਕੀਆ ਮਿਸਲ ਦੀ ਥਾਂ ਇਸ ਦਾ ਹੀ ਰਾਜ ਪੰਜਾਬ ਉੱਤੇ ਹੋਣਾ ਸੀ, ਪਰ ਇਹ ਵੀ ਠੀਕ ਹੈ ਕਿ ਕੁਦਰਤ ਨੇ ਸਾਥ ਨਾ ਦਿੱਤਾ।

ਇਸ ਮਿਸਲ ਦੇ ਬਾਨੀ ਆਗੂ ਸਰਦਾਰ ਛੱਜਾ ਸਿੰਘ ਸਨ।[1] ਸਰਦਾਰ ਛੱਜਾ ਸਿੰਘ ਨੇ ਆਪਣੇ ਇਲਾਕੇ ਦੇ ਜੱਟਾਂ ਨੂੰ ਸਿੱਖੀ ਦਾਇਰੇ ਵਿਚ ਲਿਆ ਕੇ ਇਕ ਵੱਖਰਾ ਜਥਾ ਬਣਾ ਲਿਆ। ਮੁਗ਼ਲਾਂ ਦੇ ਇਲਾਕਿਆਂ ਤੇ ਨਿੱਕੇ ਮੋਟੇ ਹਮਲੇ ਅਰੰਭ ਕਰ ਦਿੱਤੇ। ਆਪ ਜੀ ਦੇ ਬਾਅਦ ਭਾਈ ਭੀਮ ਸਿੰਘ ਨੇ ਇਸ ਮਿਸਲ ਦੀ ਅਗਵਾਈ ਸੰਭਾਲੀ। ਭਾਈ ਭੀਮ ਸਿੰਘ ਨੂੰ ਸਰਦਾਰ ਛੱਜਾ ਸਿੰਘ ਨੇ ਅੰਮ੍ਰਿਤ ਛਕਾ ਕੇ ਸਿੱਖ ਸਜਾਇਆ ਸੀ। ਉਹ ਛੱਜਾ ਸਿੰਘ ਜੀ ਦੇ ਰਿਸ਼ਤੇਦਾਰ ਵੀ ਸਨ। ਗ੍ਰਿਫ਼ਨ ਦੇ ਲਿਖੇ ਅਨੁਸਾਰ ਉਨ੍ਹਾਂ ਦਾ ਪਿੰਡ ਕਸੂਰ ਸੀ। ਅੰਮ੍ਰਿਤ ਛਕਣ ਉਪਰੰਤ ਭਾਈ ਭੀਮ ਸਿੰਘ ਦੀਆਂ ਸਾਰੀਆਂ ਸ਼ਕਤੀਆਂ ਜਾਗ ਪਈਆਂ। ਨਾਦਰ ਦੇ ਹਮਲੇ ਵੇਲੇ ਭੀਮ ਸਿੰਘ ਨੇ ਕਾਫੀ ਨਾਮਣਾ ਖੱਟਿਆ। ਇਹ ਜਥਾ ਨਾਦਰ ਨੂੰ ਲੁੱਟਣ ਵਿਚ ਮੋਹਰੀ ਸੀ। ਬੜਾ ਮਾਲ ਹੱਥ ਆਇਆ। ਭੀਮ ਸਿੰਘ ਉਪਰੰਤ ਜਥੇ ਦੀ ਜਥੇਦਾਰੀ ਸਰਦਾਰ ਹਰੀ ਸਿੰਘ ਦੇ ਹੱਥ ਆਈ। ਸਰਦਾਰ ਹਰੀ ਸਿੰਘ, ਭੀਮ ਸਿੰਘ ਦੇ ਭਤੀਜੇ ਸਨ ਤੇ ਉਹਨਾਂ ਨੇ 'ਧਰਮ ਪੁੱਤਰ' ਬਣਾਇਆ ਹੋਇਆ ਸੀ। ਹਰੀ ਸਿੰਘ, ਭਾਈ ਰੂਪ ਸਿੰਘ, ਪਟੋਹ ਦੇ ਜਮੀਨਦਾਰ (ਵਦਨੀ ਦੇ ਲਾਗੇ) ਦੇ ਲੜਕੇ ਸਨ। ਉਨ੍ਹਾਂ ਦੀ ਅਗਵਾਈ ਹੇਠਾਂ ਇਹ ਮਿਸਲ ਬਹੁਤ ਹੀ ਪ੍ਰਸਿੱਧ ਹੋਈ। ਸਰਦਾਰ ਹਰੀ ਸਿੰਘ ਇਕ ਸੁਘੜ ਨੇਤਾ, ਅਗਾਂਹਵਧੂ ਸਿਪਾਹੀ ਤੇ ਚੰਗੇ ਨੀਤੀਵਾਨ ਸਨ।[2] ਤਾਰੀਖ਼-ਇ-ਪੰਜਾਬ ਦਾ ਲਿਖਾਰੀ ਲਿਖਦਾ ਹੈ ਕਿ ਹਰੀ ਸਿੰਘ ਬੜੇ ਚਤੁਰ ਸ਼ਕਤੀਸ਼ਾਲੀ ਤੇ ਸਿਤਾਰੇ ਵਾਲੇ ਜੀਅ ਸਨ। ਬੜੇ ਨੇਕ ਸੁਭਾਅ ਦੇ ਸਨ। ਪੱਕੇ ਨਿਤਨੇਮੀ ਅਤੇ ਹਰ ਕੋਈ ਉਨ੍ਹਾਂ ਨੂੰ ਅੰਮ੍ਰਿਤਸਰ ਵਿਖੇ ਸ੍ਰੀ ਦਰਬਾਰ ਸਾਹਿਬ ਅੰਦਰ ਕੀਰਤਨ ਵਿਚ ਲੀਨ ਦੇਖ ਸਕਦਾ ਸੀ। ਬੜੇ ਅਣਖੀ ਬੰਦੇ ਸਨ। ਬ੍ਰਾਹਮਣ ਦੀ ਪੁਕਾਰ ਤੇ ਜਦ ਕਈ ਹੋਰ ਮਿਸਲਾਂ ਦੇ ਆਗੂ ਨੀਤੀ ਵਸ ਹਮਲਾ ਅੱਗੇ ਪਾਉਣਾ ਚਾਹੁੰਦੇ ਸਨ ਤਾਂ ਆਪ ਜੀ ਨੇ ਕਿਹਾ ਸੀ :

*'ਹਰੀ ਸਿੰਘ ਤੋ ਮਰ ਰਹੂਗਾ,*
*ਜੋ ਨ ਮਰਗ ਕਸੂਰ।'*

ਸਿੱਖ ਜਦੋਜਹਿਦ ਵਿਚ ਉਹ ਵਧ ਚੜ੍ਹ ਕੇ ਹਿੱਸਾ ਪਾਉਂਦੇ ਰਹੇ। ਕਿਸੇ ਸਮੇਂ ਵੀ ਇਹ ਮਿਸਲ ਪਿੱਛੇ ਨ ਰਹੀ। ਆਪਣੇ ਜਥੇ ਨੂੰ ਨਾਲ ਲੈ ਕੇ ਸੌ-ਸੌ ਕੋਹ ਤਕ ਇਹ ਮਿਸਲ ਮਾਰਾਂ ਕਰਦੀ ਸੀ। ਸਿਰਫ ਇਕ ਇਹ ਹੀ ਮਿਸਲ ਹੈ ਜਿਸ ਨੇ ਆਪਣੇ ਜਵਾਨਾਂ ਲਈ ਸੁੰਦਰ

1. ਸਰਦਾਰ ਛੱਜਾ ਸਿੰਘ ਪੰਜਵੜ ਨੇ, ਕਨ੍ਹਈਆ ਲਾਲ ਦੇ ਕਥਨ ਅਨੁਸਾਰ, ਗੁਰੂ ਗੋਬਿੰਦ ਸਿੰਘ ਜੀ ਹੱਥੋਂ ਅੰਮ੍ਰਿਤ ਛਕਿਆ ਸੀ।
2. ਜੰਗ ਵਿਚ ਜੂਝਦੇ ਇਕ ਲੱਤ ਤੇ ਗੋਲੀਆਂ ਲਗਣ ਕਾਰਨ ਐਸੀ ਸੱਟ ਵੱਜੀ ਸੀ ਕਿ ਨਰੋਆ ਹੋਣ ਬਾਅਦ 'ਲੰਗ' ਹੀ ਪੈ ਗਿਆ। ਜੰਗਨਾਮਾ ਵਾਲਾ ਭਾਈ ਹਰੀ ਸਿੰਘ ਨੂੰ ਹਰੀ ਸਿੰਘ 'ਲੰਗ' ਹੀ ਲਿਖਦਾ ਹੈ।

Sri Satguru Jagjit Singh Ji eLibrary NamdhariElibrary@gmail.com

ਤੇ ਕੀਮਤੀ ਘੋੜਿਆਂ ਦਾ ਪ੍ਰਬੰਧ ਕੀਤਾ। ਇਸ ਮਿਸਲ ਨੇ ਆਪਣਾ ਹੈਡਕੁਆਰਟਰ ਗਿਲਵਾਲੀ, ਸ੍ਰੀ ਅੰਮ੍ਰਿਤਸਰ ਬਣਾਇਆ। ਸਿੱਖੀ ਦੀ ਜਦੋ-ਜਹਿਦ ਦਾ ਕੇਂਦਰ ਅੰਮ੍ਰਿਤਸਰ ਹੀ ਸੀ। ਹਕੂਮਤ ਵੀ ਅੰਮ੍ਰਿਤਸਰ ਨੂੰ ਖ਼ਤਮ ਕਰਨ ਦੇ ਉਪਰਾਲੇ ਵਿਚ ਹੀ ਲੱਗੀ ਰਹਿੰਦੀ ਸੀ। ਇਸ ਮਿਸਲ ਨੂੰ ਆਪਣੇ ਆਪ ਹੀ ਕੇਂਦਰਤ ਪੋਜ਼ੀਸ਼ਨ ਮਿਲ ਗਈ। ਇਸੇ ਲਈ ਇਸ ਮਿਸਲ ਦੇ ਸਿਪਾਹੀਆਂ ਦੀ ਗਿਣਤੀ ਵਧ ਕੇ ੨੦,੦੦੦ ਤਕ ਪੁੱਜ ਗਈ। ਇਕ ਅੰਦਾਜ਼ੇ ਮੁਤਾਬਕ ਭੰਗੀ ਮਿਸਲ ਕੋਲ ਹਰ ਸਮੇਂ ੧੨,੦੦੦ ਘੋੜ-ਸਵਾਰ ਤਿਆਰ ਰਹਿੰਦੇ ਸਨ। ਅੰਮ੍ਰਿਤਸਰ ਦੀ ਰੱਖਿਆ ਤੇ ਸਤਿਕਾਰ ਕਾਰਨ ਸਾਰੇ ਯੋਧੇ ਤੇ ਅਗਾਂਹ-ਵਧੂ ਇਸ ਮਿਸਲ ਵਿਚ ਸ਼ਾਮਲ ਹੋਣਾ ਲੋਚਦੇ ਸਨ। ਇਸ ਮਿਸੰਲ ਵਿਚ ਸ਼ਾਮਲ ਹੋਣਾ ਫਖਰ ਦੀ ਗੱਲ ਗਿਣੀ ਜਾਂਦੀ ਸੀ। ਸਰਦਾਰ ਹਰੀ ਸਿੰਘ ਆਪ ਵੀ ਇਕ ਅਣਖੀਲੇ ਤੇ ਅਗਾਂਹ-ਵਧੂ ਨੌਜਵਾਨ ਸਨ। ਸਰਦਾਰ ਹਰੀ ਸਿੰਘ ਜਦ ਲੜਿਆ ਕਰਦੇ ਸਨ ਤਾਂ 'ਲੋਟਨ ਬਾਵਰੇ' ਹੁੰਦੇ ਸਨ। ਲੋਕੀਂ ਇਹ ਸਮਝਦੇ ਕਿ ਇਨ੍ਹਾਂ ਭੰਗ ਪੀਤੀ ਹੋਈ ਹੈ। ਉਨ੍ਹਾਂ ਦੇ ਨਾਮ ਨਾਲ ਭੰਗੀ ਲੱਗ ਗਿਆ ਤੇ ਮਿਸਲ ਵੀ ਭੰਗੀ ਕਰ ਕੇ ਹੀ ਪ੍ਰਸਿੱਧ ਹੋਈ।[1] ਇਸ ਮਿਸਲ ਨੇ ਆਪਣਾ ਅਧਿਕਾਰ ਤੇ ਪ੍ਰਭਾਵ-ਖੇਤਰ ਅਬਦਾਲੀ ਦੇ ਜਾਣ ਉਪਰੰਤ ਬਹੁਤ ਜਲਦੀ ਵਧਾਇਆ। ਜੋ ਅਧਿਕਾਰ-ਖੇਤਰ ਪਹਿਲਾਂ ਅੰਮ੍ਰਿਤਸਰ ਦੇ ਗਿਰਦ ਹੀ ਸੀਮਤ ਸੀ, ਵਧ ਕੇ ਚਿਨਿਉਟ ਤੇ ਝੰਗ ਤਕ ਚਲਾ ਗਿਆ। ਸਿਆਲਕੋਟ, ਨਾਰੋਵਾਲ ਤੇ ਕਰਿਆਲ ਉੱਤੇ ਵੀ ਕਬਜ਼ੇ ਕੀਤੇ। ਰਾਵਲਪਿੰਡੀ [2] ਨੂੰ ਕਬਜ਼ੇ ਵਿਚ ਕੀਤਾ। ਜੰਮੂ ਦੇ ਰਾਜਾ ਰਣਜੀਤ ਦੇਵ ਨੂੰ ਅਧੀਨ ਕੀਤਾ ਅਤੇ ਖ਼ਿਰਾਜ ਲਿਆ। ਸਿੰਧ ਪਾਰ ਤਕ ਇਸ ਮਿਸਲ ਨੇ ਖ਼ਾਲਸਈ ਝੰਡੇ ਗੱਡੇ। ਜਮਨਾ ਦੇ ਪਾਰ ਸਰਦਾਰ ਰਾਇ ਸਿੰਘ ਬੂੜੀਆ ਨੇ ਝੰਡਾ ਲਹਿਰਾਇਆ। ਇਕ ਵਾਰੀ ਸਰਦਾਰ ਰਣਜੀਤ ਸਿੰਘ ਨੇ ਵੀ ਈਨ ਮੰਨੀ। ਕਸ਼ਮੀਰ ਫ਼ਤਹ ਕਰਨ ਦੇ ਵੀ ਭੰਗੀ ਸਰਦਾਰਾਂ ਨੇ ਮਨਸੂਬੇ ਬਣਾਏ ਪਰ ਉਹ ਸਫ਼ਲ ਨਾ ਹੋ ਸਕੇ।

ਸਰਦਾਰ ਹਰੀ ਸਿੰਘ ਦੀ ਅਗਵਾਈ ਹੇਠਾਂ ਹੀ ਸਰਦਾਰ ਲਹਿਣਾ ਸਿੰਘ, ਸਰਦਾਰ ਗੁੱਜਰ ਸਿੰਘ ਤੇ ਸਰਦਾਰ ਸੋਭਾ ਸਿੰਘ ਨੇ ਪਹਿਲਾ ਜਥਾ ਲੈ ਕੇ ਲਾਹੌਰ ਤੇ ੧੭੬੫ ਵਿਚ ਕਬਜ਼ਾ ਕੀਤਾ ਸੀ। ਸਰਦਾਰ ਗੁੱਜਰ ਸਿੰਘ ਆਪਣੀਆਂ ਫ਼ੌਜਾਂ ਲੈ ਕੇ, ਮੁਕੱਰਬ ਖ਼ਾਨ ਵਿਰੁੱਧ ਵੀ ਗਏ। ਚਨਾਬ ਤੋਂ ਲੈ ਕੇ ਸਿੰਧ ਤਕ ਆਪਣਾ ਰੁਹਬ ਜਮਾਇਆ। ਮੁਕੱਰਬ ਖ਼ਾਨ ਇਸ ਇਲਾਕੇ ਉੱਤੇ ਅਧਿਕਾਰ ਜਮਾਈ ਬੈਠਾ ਸੀ ਅਤੇ ਅਬਦਾਲੀ ਦੇ ਪਿੱਛੋਂ ਆਪਣਾ ਹੱਕ ਸਮਝਦਾ ਸੀ। ਭੰਗੀ ਮਿਸਲ ਨੇ ਹਾਰ ਦੇ ਕੇ ਚਨਾਬ ਤੇ ਜਿਹਲਮ ਵਿਚੋਂ ਮੁਕੰਮਲ ਤੌਰ ਤੇ ਮੁਕੱਰਬ ਖ਼ਾਨ ਨੂੰ ਕੱਢ ਦਿੱਤਾ। ਇਸੇ ਲਈ ਸਰਦਾਰ ਗੁਜਰ ਸਿੰਘ ਨੇ ਆਪਣਾ ਕੇਂਦਰ ਗੁਜਰਾਤ ਬਣਾ ਲਿਆ। ਸਰਦਾਰ ਚੜ੍ਹਤ ਸਿੰਘ ਸ਼ੁਕਰਚਕੀਆ ਨੇ ਇਸ ਤਰ੍ਹਾਂ ਭੰਗੀ ਮਿਸਲ

---

1. ਇਹ ਇਕ ਖ਼ਿਆਲ ਹੈ ਕਿ ਸਰਦਾਰ ਛੱਜਾ ਸਿੰਘ ਨੇ ਭਾਈ ਭੀਮ ਸਿੰਘ ਨੂੰ ਸਿੱਖੀ ਦਾਇਰੇ ਵਿਚ ਲਿਆਂਦਾ ਸੀ। ਭਾਈ ਭੀਮ ਸਿੰਘ ਅੰਮ੍ਰਿਤ ਛਕਣ ਤੋਂ ਪਹਿਲਾਂ ਇਕ ਅਵਾਰਾ, ਆਲਸੀ ਪੁਰਸ਼ ਸਨ ਤੇ ਹਰ ਸਮੇਂ 'ਡੰਡਾ ਦੌਰੀ' ਲੈ ਕੇ ਹਰਿਮੰਦਰ ਸਾਹਿਬ ਦੇ ਨਜ਼ਦੀਕ ਭੰਗ ਹੀ ਘੋਟਦੇ ਰਹਿੰਦੇ ਸਨ। ਅੰਮ੍ਰਿਤ ਛਕਣ ਉਪਰੰਤ ਵੀ ਉਨ੍ਹਾਂ ਦੀ ਅੱਲ 'ਭੰਗੀ' ਹੀ ਰਹੀ। ਬਾਅਦ ਵਿਚ ਮਿਸਲ ਦਾ ਨਾਮ ਵੀ ਭੰਗੀ ਹੋ ਗਿਆ।
2. ਰਾਵਲਪਿੰਡੀ ਉੱਤੇ ਹੱਲਾ ਬੋਲਣ ਵਾਲਾ ਸਰਦਾਰ ਮਿਲਖਾ ਸਿੰਘ ਸੀ।

Sri Satguru Jagjit Singh Ji eLibrary NamdhariElibrary@gmail.com

ਦੇ ਵਾਧੇ ਨੂੰ ਦੇਖ ਕੇ ਆਪਣਾ ਹਿੱਸਾ ਮੰਗਿਆ। ਸਰਦਾਰ ਗੁੱਜਰ ਸਿੰਘ ਨੇ ਜਿਹਲਮ ਤੋਂ ਪਾਰ ਸਾਂਝਾ ਹਮਲਾ ਕਰਨ ਲਈ ਆਖਿਆ ਤਾਂ ਕਿ ਮੁਕੱਰਬ ਖ਼ਾਨ ਨੂੰ ਸਿੰਧ ਪਾਰ ਕੀਤਾ ਜਾਏ। ਨਵੇਂ ਇਲਾਕੇ ਫ਼ਤਹ ਹੋ ਜਾਣ ਦੀ ਸੂਰਤ ਵਿਚ ਹੀ ਸ਼ੁਕਰਚਕੀਆ ਨੂੰ ਹੱਕ ਦਿੱਤਾ ਜਾ ਸਕਦਾ ਸੀ। ਦੋਵਾਂ ਨੇ ਰਲ ਕੇ ਰੁਹਤਾਸ ਫ਼ਤਹ ਕੀਤਾ। ਸਰਦਾਰ ਗੁੱਜਰ ਸਿੰਘ ਨੇ ਰਾਜਨੀਤੀ ਇਸੇ ਵਿਚ ਹੀ ਸਮਝੀ ਕਿ ਜਿਹਲਮ ਪਾਰ ਦੇ ਇਲਾਕੇ ਉੱਤੇ ਸ਼ੁਕਰਚਕੀਆ ਸਰਦਾਰ ਦਾ ਅਧਿਕਾਰ ਮੰਨ ਲਿਆ ਜਾਏ।

ਸਰਦਾਰ ਹਰੀ ਸਿੰਘ ੧੭੬੪[1] ਵਿਚ ਚੜ੍ਹਾਈ ਕਰ ਗਏ। ਉਨ੍ਹਾਂ ਦੀ ਥਾਂ ਉਨ੍ਹਾਂ ਦੇ ਵੱਡੇ ਪੁੱਤਰ ਸਰਦਾਰ ਝੰਡਾ ਸਿੰਘ ਜੀ ਜਥੇਦਾਰ ਬਣੇ ਤੇ ਮੀਤ ਜਥੇਦਾਰ ਸਰਦਾਰ ਗੰਡਾ ਸਿੰਘ ਨੂੰ ਥਾਪਿਆ ਗਿਆ।

ਸਰਦਾਰ ਝੰਡਾ ਸਿੰਘ ਨੇ ਆਪਣਾ ਧਿਆਨ ਜੰਮੂ, ਕਸ਼ਮੀਰ ਤੇ ਉੱਤਰ ਵਲੋਂ ਹਟਾ ਕੇ ਮੁਲਤਾਨ ਵੱਲ ਲਗਾ ਦਿੱਤਾ। ਮੁਲਤਾਨ ਤੇ ਅਫ਼ਗਾਨਾਂ ਦਾ ਕਬਜ਼ਾ ਸੀ। ਭੰਗੀ ਸਰਦਾਰ ਦਾ ਖ਼ਿਆਲ ਸੀ ਕਿ ਅਫ਼ਗਾਨਾਂ ਦਾ ਆਖ਼ਰੀ ਅਸਰ ਵੀ ਪੰਜਾਬ ਉੱਤੋਂ ਹਟਾਉਣਾ ਚਾਹੀਦਾ ਹੈ, ਪਰ ਝੰਡਾ ਸਿੰਘ ਵਿਰੋਧੀਆਂ ਦੀ ਤਾਕਤ ਦਾ ਠੀਕ ਅੰਦਾਜ਼ਾ ਨਾ ਲਗਾ ਸਕੇ। ਮੁਲਤਾਨ ਦੀ ਇਮਦਾਦ ਉੱਤੇ ਬਹਾਵਲਪੁਰ ਦੇ 'ਦਾਊਦ ਪੋਤਰੇ' ਸਭ ਤੋਂ ਅੱਗੇ ਸਨ। ਸਰਦਾਰ ਝੰਡਾ ਸਿੰਘ ਨੇ ਬਿਨਾਂ ਤਿਆਰੀ ਦੇ ਮੁਲਤਾਨ ਤੇ ਚੜ੍ਹਾਈ ਕਰ ਦਿੱਤੀ। ਲੜਾਈ ਫੈਸਲਾ-ਕੁੰਨ ਨਾ ਹੋ ਸਕੀ ਤੇ ਸਮਝੌਤਾ ਹੋ ਗਿਆ। ਪਾਕਪਟਨ ਹੱਦ ਨਿਯਤ ਹੋ ਗਈ।[2] ਥੋੜ੍ਹੇ ਹੀ ਸਮੇਂ ਉਪਰੰਤ ਅਗਲੇ ਸਾਲ ਭੰਗੀ ਮਿਸਲ ਨੇ ਪਾਕਪਟਨ ਹੱਦ ਨੂੰ ਪਾਰ ਕਰਨਾ ਅਰੰਭ ਕਰ ਦਿੱਤਾ। ਭੰਗੀ ਮਿਸਲ ਨੇ ਤਿਆਰੀ ਕੀਤੀ ਤੇ ਮੁਲਤਾਨ ਉੱਤੇ ਹਮਲਾ ਕਰ ਦਿੱਤਾ। ਇਸ ਵਾਰੀ ਫੇਰ ਉਹ ਕਾਮਯਾਬ ਨਾ ਹੋ ਸਕੇ। ਸਰਦਾਰ ਝੰਡਾ ਸਿੰਘ ਨੇ ਤੀਜੀ ਵਾਰ ੧੭੭੧ ਵਿਚ ਤਗੜਾ ਹਮਲਾ ਕਰਨ ਦੀ ਸੋਚੀ। ਜਿੱਤ ਮੁਸ਼ਕਲ ਲਗਦੀ ਸੀ। ਪਰ ਮੁਲਤਾਨ ਵਿਚ ਦੋ ਪਾਰਟੀਆਂ ਬਣ ਗਈਆਂ। ਇਕ ਧਿਰ ਦੇ ਆਗੂ ਸ਼ਰੀਫ ਬੇਗ਼ ਤਕਲੂ ਨੇ ਸਰਦਾਰ ਝੰਡਾ ਸਿੰਘ ਨੂੰ ਸੱਦ ਘੱਲਿਆ। ਇਸ ਤੋਂ ਸਰਦਾਰ ਝੰਡਾ ਸਿੰਘ ਨੇ ਲਾਭ ਉਠਾ ਕੇ ਮੁਲਤਾਨ ਉੱਤੇ ਕਬਜ਼ਾ ਕਰ ਲਿਆ। ਸ਼ੁਜਾਹ ਖ਼ਾਨ, ਬਹਾਵਲਪੁਰ ਦੇ ਦਾਊਦ ਪੋਤਰੇ, ਮੈਦਾਨ ਛੱਡ ਕੇ ਨੱਸ ਗਏ। ਸ਼ਰੀਫ਼ ਬੇਗ ਵੀ ਨੱਸ ਕੇ ਸਿੰਧ ਚਲਾ ਗਿਆ। ਸਰਦਾਰ ਦੀਵਾਨ ਸਿੰਘ ਨੂੰ ਮੁਲਤਾਨ ਦਾ ਗਵਰਨਰ ਥਾਪਿਆ ਗਿਆ। ਇਸੇ ਸਾਲ ਰਾਮਨਗਰ ਤੇ ਹੱਲਾ ਬੋਲ ਕੇ 'ਜ਼ਮਜ਼ਮ', ਜੋ ਬਾਅਦ ਵਿਚ ਭੰਗੀਆਂ ਦੀ ਤੋਪ ਪ੍ਰਸਿੱਧ ਹੋਈ, ਤੇ ਕਬਜ਼ਾ ਕੀਤਾ। ਇਸ ਜਿੱਤ ਨੇ ਭੰਗੀ ਮਿਸਲ ਦਾ ਸਨਮਾਨ ਸਿਖਰ ਤੇ ਪਹੁੰਚਾ ਦਿੱਤਾ।

ਮੁਲਤਾਨ ਤੋਂ ਬਾਅਦ ਭੰਗੀ ਮਿਸਲ ਦਾ ਨਿਸ਼ਾਨਾ ਕਸੂਰ ਸੀ। ਕਸੂਰ ਦਾ ਫ਼ੌਜਦਾਰ ਅਸਲਮ ਖ਼ਾਨ ਆਪਣੇ ਦੁਰਾਚਾਰ ਤੇ ਪਰਜਾ ਉੱਤੇ ਸਖ਼ਤੀ ਕਾਰਨ ਬਦਨਾਮ ਸੀ। ਕਸੂਰ

---

1. ਸਰਦਾਰ ਹਰੀ ਸਿੰਘ ਤੇ ਸਰਦਾਰ ਅਮਰ ਸਿੰਘ 'ਪਟਿਆਲਾ' ਵਾਲਿਆਂ ਦਾ ਟਾਕਰਾ ਹੋ ਗਿਆ। ਟਾਕਰੇ ਵਿਚ ਸਰਦਾਰ ਹਰੀ ਸਿੰਘ ਚੜ੍ਹਾਈ ਕਰ ਗਏ।
2. ਇਹ ਘਟਨਾ ੧੭੬੬ ਦੀ ਹੈ। ੧੭੬੭ ਵਿਚ ਅੰਮ੍ਰਿਤਸਰ ਲੂਣ ਮੰਡੀ ਲਾਗੇ ਸਰਦਾਰ ਝੰਡਾ ਸਿੰਘ ਨੇ ਕਿਲ੍ਹਾ ਭੰਗੀਆਂ ਬਣਾਇਆ।

Sri Satguru Jagjit Singh Ji eLibrary NamdhariElibrary@gmail.com

ਕਈ ਵਾਰੀ ਸਿੱਖਾਂ ਨੇ ਭੰਗੀ ਮਿਸਲ ਦੀ ਅਗਵਾਈ ਹੇਠਾਂ ਦਲਿਆ ਸੀ ਤੇ ਫ਼ੌਜਦਾਰ ਨੂੰ ਸਜ਼ਾ ਦਿੱਤੀ ਸੀ। ਮੁਲਤਾਨ ਵੱਲ ਧਿਆਨ ਹੋਣ ਕਾਰਨ ਕਸੂਰ ਦੇ ਫ਼ੌਜਦਾਰ ਨੇ ਫੇਰ ਤਾਕਤ ਪਕੜ ਲਈ ਸੀ। ਮੁਲਤਾਨ ਤੋਂ ਵਿਹਲਿਆਂ ਹੋ ਕੇ ਸਰਦਾਰ ਝੰਡਾ ਸਿੰਘ ਨੇ ਕਸੂਰ ਤੇ ਹੱਲਾ ਬੋਲਿਆ ਅਤੇ ਕਸੂਰ ਦੇ ਕਿਲ੍ਹੇ ਨੂੰ ਕਬਜ਼ੇ ਹੇਠ ਕਰ ਲਿਆ। ਚਾਰੇ ਪਾਸੇ ਭੰਗੀ ਮਿਸਲ ਦਾ ਹੀ ਬੋਲਬਾਲਾ ਸੀ। ਉਸੇ ਸਮੇਂ ਜਰਨੈਲ (ਸਰ ਰਾਬਰਟ) ਬਾਰਕਰ ਪੰਜਾਬ ਦੀ ਸਥਿਤੀ ਵੱਲ ਖ਼ਾਸ ਧਿਆਨ ਦੇ ਰਿਹਾ ਸੀ। ਸਰਦਾਰ ਝੰਡਾ ਸਿੰਘ ਨੇ ਜਰਨੈਲ ਨੂੰ ਲਿਖਿਆ ਕਿ 'ਦਲ ਖ਼ਾਲਸਾ' ਦੀ ਤਾਕਤ ਅਥਾਹ ਹੈ। ਇਹ 'ਦਲ ਖ਼ਾਲਸਾ' ਦੀ ਜਥੇਬੰਦੀ ਹੀ ਹੈ ਜਿਸ ਨੇ ਅਬਦਾਲੀ ਵਰਗੇ ਯੋਧੇ ਨੂੰ ਠਲ੍ਹ ਪਾਈ ਹੈ। ਸਰਦਾਰ ਝੰਡਾ ਸਿੰਘ ਨੇ ਭੰਗੀ ਮਿਸਲ ਦੀ ਸ਼ਕਤੀ ਦਾ ਜ਼ਿਕਰ ਕੀਤਾ। ਬਾਰਕਰ ਨੇ ਮੋੜਵਾਂ ਜਵਾਬ ਭੇਜਿਆ ਸੀ ਕਿ ਇਹ ਗੱਲ ਸਾਫ਼ ਹੈ ਕਿ ਜਦ ਤਕ ਦਲ ਖ਼ਾਲਸਾ ਜੀ ਚੌਕਸ ਹੈ, ਕੋਈ ਰੋਕ ਟੋਕ ਬਿਨਾਂ ਹਿੰਦੁਸਤਾਨ ਤੇ ਚੜ੍ਹਾਈ ਨਹੀਂ ਕਰ ਸਕਦਾ। ਖਤ ੧੯ ਅਗਸਤ, ੧੭੭੧ ਨੂੰ ਲਿਖਿਆ ਸੀ।

ਉਸ ਸਮੇਂ ਤਕ ਇਹ ਮਿਸਲ ਪੰਜਾਬ ਦੇ ਅਧਿਕਾਰ ਦੀ ਮਾਲਕ ਬਣ ਚੁੱਕੀ ਸੀ। ਅੰਮ੍ਰਿਤਸਰ ਤੋਂ ਲੈ ਕੇ ਮੁਲਤਾਨ ਤਕ ਅਤੇ ਜੰਮੂ ਤੋਂ ਰੁਹਤਾਸ ਤਕ ਇਸ ਮਿਸਲ ਦਾ ਹੀ ਅਧਿਕਾਰ ਸੀ। ਇਹ ਖ਼ਿਆਲ ਬਣ ਗਿਆ ਸੀ ਕਿ ਇਹ ਮਿਸਲ ਬਾਕੀ ਸਾਰਿਆਂ ਨੂੰ ਦਲ ਕੇ ਆਪ ਮਾਲਕ ਬਣਨ ਵਿਚ ਸਫਲ ਹੋ ਜਾਏਗੀ। ਪਰ ਸਰਦਾਰ ਚੜ੍ਹਤ ਸਿੰਘ ਅਤੇ ਸਰਦਾਰ ਮਹਾਂ ਸਿੰਘ ਨੇ ਭੰਗੀ ਮਿਸਲ ਦੀ ਚੜ੍ਹਤ ਨੂੰ ਰੋਕੀ ਰੱਖਿਆ। ਉਨ੍ਹਾਂ ਨੇ ਭੰਗੀ ਮਿਸਲ ਦੀ ਪੇਸ਼ ਨ ਜਾਣ ਦਿੱਤੀ।

ਅਗਲੇ ਸਾਲ ਜੰਮੂ ਦੇ ਰਾਜੇ ਰਣਜੀਤ ਦੇਵ ਅਤੇ ਉਸ ਦੇ ਪੁੱਤਰ ਬ੍ਰਿਜਰਾਜ ਦੇਵ ਵਿਚਕਾਰ ਝਗੜਾ ਹੋ ਗਿਆ। ਭੰਗੀ ਸਰਦਾਰ ਰਣਜੀਤ ਦੇਵ ਦੀ ਮਦਦ ਉੱਤੇ ਪੁੱਜੇ। ਕਨ੍ਹਈਆ ਤੇ ਸ਼ੁਕਰਚਕੀਆ ਸਰਦਾਰਾਂ ਨੇ ਬਾਗ਼ੀ ਪੁੱਤਰ ਬ੍ਰਿਜਰਾਜ ਦੀ ਮਦਦ ਕਰਨ ਦਾ ਐਲਾਨ ਕੀਤਾ। ਸਰਦਾਰ ਜੈ ਸਿੰਘ ਕਨ੍ਹਈਆ ਨੇ ਇਕ ਮਜ਼੍ਹਬੀ ਨੂੰ ਖਰੀਦ ਕੇ ਸਰਦਾਰ ਝੰਡਾ ਸਿੰਘ ਨੂੰ ੧੭੭੪ ਵਿਚ ਕਤਲ ਕਰਵਾ ਦਿੱਤਾ। ਇਸ ਮੌਤ ਨਾਲ ਭੰਗੀ ਮਿਸਲ ਨੂੰ ਭਾਰੀ ਸੱਟ ਵੱਜੀ। ਝੰਡਾ ਸਿੰਘ ਦੀ ਥਾਵੇਂ ਉਸ ਦੇ ਛੋਟੇ ਭਰਾ ਗੰਡਾ ਸਿੰਘ ਨੇ ਜਥੇਦਾਰੀ ਸੰਭਾਲੀ। ਉਸ ਨੇ ਅੰਮ੍ਰਿਤਸਰ ਦੇ ਕਿਲ੍ਹੇ ਨੂੰ ਮਜ਼ਬੂਤ ਕੀਤਾ ਤੇ ਅੰਮ੍ਰਿਤਸਰ ਵੱਲ ਧਿਆਨ ਦਿੱਤਾ, ਪਰ ਉਹ ਆਪਣੇ ਭਾਈ ਦਾ ਕਤਲ ਹੋਣਾ ਨਹੀਂ ਸੀ ਭੁੱਲਿਆ। ਉਹ ਕਿਸੇ ਮੌਕੇ ਦੀ ਤਲਾਸ਼ ਵਿਚ ਸੀ। ਉਸ ਨੂੰ ਮੌਕਾ ਮਿਲ ਗਿਆ। ਜਦ ਭੰਗੀ ਮਿਸਲ ਦੇ ਇਕ ਰੁਕਨ ਨੰਦ ਸਿੰਘ ਦੀ ਵਿਧਵਾ ਪਤਨੀ ਨੇ ਆਪਣੀ ਲੜਕੀ ਕਨ੍ਹਈਆ ਮਿਸਲ ਦੇ ਤਾਰਾ ਸਿੰਘ ਨਾਲ ਵਿਆਹ ਦਿੱਤੀ ਅਤੇ ਦਾਜ ਵਿਚ ਪਠਾਨਕੋਟ ਦਾ ਇਲਾਕਾ ਕਨ੍ਹਈਆ ਸਰਦਾਰ ਨੂੰ ਦੇ ਦਿੱਤਾ ਤਾਂ ਸਰਦਾਰ ਗੰਡਾ ਸਿੰਘ ਨੇ ਬੁਰਾ ਮਨਾਂਦੇ ਹੋਏ ਹਮਲਾ ਕਰ ਦਿੱਤਾ। ਦੀਨਾ ਨਗਰ ਦੇ ਅਸਥਾਨ ਉੱਤੇ ਜੰਗ ਹੋਈ। ਗੰਡਾ ਸਿੰਘ ਜੰਗ ਵਿਚ ਹੀ ਬਿਮਾਰ ਹੋ ਗਏ ਤੇ ਚੜ੍ਹਾਈ ਕਰ ਗਏ। ਉਨ੍ਹਾਂ ਦਾ ਭਤੀਜਾ ਚੜ੍ਹਤ ਸਿੰਘ ਪਠਾਨਕੋਟ ਵਿਖੇ ਲੜਦਾ ਮਾਰਿਆ ਗਿਆ। ਇਨ੍ਹਾਂ ਮੌਤਾਂ ਨੇ ਭੰਗੀ ਮਿਸਲ ਦੇ ਸਿਪਾਹੀਆਂ ਦੇ ਦਿਲ ਤੋੜ ਦਿੱਤੇ ਤੇ ਪਠਾਨਕੋਟ ਕਨ੍ਹਈਆ ਮਿਸਲ ਦੇ ਹਵਾਲੇ ਕਰਕੇ ਉਹ ਵਾਪਸ ਆ ਗਏ।

Sri Satguru Jagjit Singh Ji eLibrary NamdhariElibrary@gmail.com

ਭੰਗੀ ਮਿਸਲ ਨੇ ਸਰਦਾਰ ਗੰਡਾ ਸਿੰਘ ਦੇ ਛੋਟੇ ਨਾਬਾਲਗ ਪੁੱਤਰ ਸਰਦਾਰ ਦੇਸਾ ਸਿੰਘ ਨੂੰ ਆਗੂ ਮਿੱਥ ਲਿਆ। ਉਹ ਇਤਨੀ ਵੱਡੀ ਮਿਸਲ ਨੂੰ ਸੰਭਾਲ ਨਾ ਸਕੇ ਤੇ ਝੰਗ ਅਤੇ ਮੁਲਤਾਨ ਹੱਥੋਂ ਨਿਕਲ ਗਏ। ੧੭੭੭ ਵਿਚ ਮੁਜੱਫ਼ਰਖ਼ਾਨ ਬਹਾਵਲਪੁਰ ਦੇ ਨਵਾਬ ਨੇ ਹਮਲਾ ਕੀਤਾ, ਪਰ ਦੀਵਾਨ ਸਿੰਘ ਨੇ ਮੂੰਹ ਮੋੜ ਦਿੱਤਾ। ਅਗਲੇ ਸਾਲ ਤੈਮੂਰ ਸ਼ਾਹ ਨੇ ਹਮਲਾ ਕਰ ਦਿੱਤਾ, ਪਰ ਦੀਵਾਨ ਸਿੰਘ ਨੇ ਪੇਸ਼ ਨਾ ਜਾਣ ਦਿੱਤੀ। ਤੈਮੂਰ ਨੇ ਆਪ ੧੮,੦੦੦ ਫ਼ੌਜ ਨਾਲ ਹਮਲਾ ਕੀਤਾ ਤੇ ਭੰਗੀ ਸਰਦਾਰ ਮੁਲਤਾਨ ਛੱਡ ਆਏ। ੩,੦੦੦ ਦੇ ਕਰੀਬ ਸਿੱਖ ਸਿਪਾਹੀ ਮਾਰੇ ਗਏ। ਮੁਲਤਾਨ ਤੇ ਤੈਮੂਰ ਸ਼ਾਹ ਦਾ ਕਬਜ਼ਾ ਹੋ ਗਿਆ। ਸਰਦਾਰ ਦੇਸਾ ਸਿੰਘ ਨੇ ਝੰਗ ਦੇ ਇਲਾਕੇ ਵਾਪਸ ਲੈਣ ਦੀ ਕੋਸ਼ਿਸ਼ ਕੀਤੀ, ਪਰ ਸਰਦਾਰ ਮਹਾਂ ਸਿੰਘ ਦੇ ਹੱਥੋਂ ੧੭੮੨ ਵਿਚ ਸਰਦਾਰ ਦੇਸਾ ਸਿੰਘ ਮਾਰਿਆ ਗਿਆ।

ਉਸ ਦੀ ਥਾਵੇਂ ਸਰਦਾਰ ਗੁਲਾਬ ਸਿੰਘ ਆਗੂ ਬਣਿਆ। ਉਹ ਐਸ਼ੀ ਤੇ ਸਾਜ਼ਿਸ਼ੀ ਪੁਰਸ਼ ਸੀ। ਸਰਦਾਰ ਗੁਲਾਬ ਸਿੰਘ ਦਾ ਸਿਰਫ਼ ਇਕ ਹੀ ਕਾਰਨਾਮਾ ਹੈ ਕਿ ਉਸ ਕਸੂਰ ਫੇਰ ਫ਼ਤਿਹ ਕੀਤਾ ਪਰ ੧੭੯੪ ਵਿਚ ਨਿਜ਼ਾਮਦੀਨ ਖ਼ਾਨ ਅਤੇ ਕੁਤਬਦੀਨ ਖ਼ਾਨ ਨੇ ਗੁਲਾਬ ਸਿੰਘ ਕੋਲੋਂ ਖੋਹ ਲਿਆ। ਜਦ ੧੭੯੯ ਵਿਚ ਮਹਾਰਾਜਾ ਰਣਜੀਤ ਸਿੰਘ ਨੇ ਲਾਹੌਰ ਤੇ ਕਬਜ਼ਾ ਕਰ ਲਿਆ ਤਾਂ ਸਰਦਾਰ ਗੁਲਾਬ ਸਿੰਘ ਨੇ ਇਹ ਸਾਜ਼ਿਸ਼ ਬਣਾਈ ਕਿ ਭਸੀਨ ਦੇ ਕਿਲ੍ਹੇ ਵਿਚ ਰਣਜੀਤ ਸਿੰਘ ਨੂੰ ਸੱਦ ਕੇ ਕਤਲ ਕਰ ਦਿੱਤਾ ਜਾਏ ਪਰ (ਮਹਾਰਾਜਾ) ਰਣਜੀਤ ਸਿੰਘ ਕਾਫੀ ਫ਼ੌਜ ਲੈ ਕੇ ਕਿਲ੍ਹੇ ਵਿਚ ਆਇਆ ਅਤੇ ਇਨ੍ਹਾਂ ਦਾ ਦਾਅ ਨ ਚਲ ਸਕਿਆ। ਉਥੇ ਹੀ ਗੁਲਾਬ ਸਿੰਘ ਨੇ ਬਹੁਤ ਸ਼ਰਾਬ ਪੀ ਲਈ ਤੇ ਫਿਰ ਮਾਰੂ ਅਸਰ ਤੋਂ ਬਚ ਨ ਸਕਿਆ। ਸਰਦਾਰ ਰਣਜੀਤ ਸਿੰਘ ਨੇ ਭੰਗੀਆਂ ਦੀ ਤੋਪ ਮੰਗਣ ਦਾ ਬਹਾਨਾ ਲਗਾ ਕੇ ਕਿਲ੍ਹਾ ਭੰਗੀਆਂ, ਅੰਮ੍ਰਿਤਸਰ ਤੇ ਕਬਜ਼ਾ ਕਰ ਲਿਆ। ਮਾਈ ਸੁੱਖਾਂ ਸਮੇਤ ਆਪਣੇ ਪੁੱਤਰ ਸਰਦਾਰ ਗੁਰਦਿੱਤ ਸਿੰਘ ਦੇ, ਭਜ ਕੇ ਸਰਦਾਰ ਜੋਧ ਸਿੰਘ ਕੋਲ ਚਲੀ ਗਈ। ਇਸੇ ਹੀ ਮਿਸਲ ਦੇ ਸਰਦਾਰ ਲਹਿਣਾ ਸਿੰਘ ਤੇ ਸਰਦਾਰ ਗੁੱਜਰ ਸਿੰਘ ਨੇ ਪੰਜਾਬ ਦੇ ਕਾਫ਼ੀ ਇਲਾਕਿਆਂ ਤੇ ਆਪਣਾ ਅਧਿਕਾਰ ਜਮਾਇਆ। ਸਰਦਾਰ ਗੁਰਬਖਸ਼ ਸਿੰਘ ਨੇ, ਜੋ ਭੰਗੀ ਮਿਸਲ ਦੇ ਇਕ ਉੱਘੇ ਰੁਕਨ ਸਨ, ਸਰਦਾਰ ਲਹਿਣਾ ਸਿੰਘ ਨੂੰ ਆਪਣਾ ਧਰਮ ਪੁੱਤਰ ਬਣਾਇਆ। ਸਰਦਾਰ ਗੁੱਜਰ ਸਿੰਘ ਸਰਦਾਰ ਗੁਰਬਖ਼ਸ਼ ਸਿੰਘ ਦੇ ਦੋਹਤਰੇ ਸਨ। ਸਰਦਾਰ ਗੁਰਬਖ਼ਸ਼ ਸਿੰਘ ਦੀ ਮੌਤ ਪਿੱਛੋਂ ਦੋਵਾਂ ਵਿਚ ਝਗੜਾ ਹੋਇਆ ਪਰ ਦੋਵਾਂ ਨੇ ਜਲਦੀ ਹੀ ਸਮਝੌਤਾ ਕਰ ਲਿਆ ਤੇ ਇਲਾਕਾ ਵੰਡ ਲਿਆ। ੧੭੬੫ ਵਿਚ ਸਰਦਾਰ ਗੁੱਜਰ ਸਿੰਘ, ਸਰਦਾਰ ਲਹਿਣਾ ਸਿੰਘ ਤੇ ਸਰਦਾਰ ਸੋਭਾ ਸਿੰਘ ਨੇ ਲਾਹੌਰ ਉੱਤੇ ਕਬਜ਼ਾ ਕੀਤਾ ਸੀ। ੧੭੯੭ ਤਕ ਲਾਹੌਰ ਸ: ਲਹਿਣਾ ਸਿੰਘ ਦੇ ਹੀ ਕਬਜ਼ੇ ਹੇਠ ਰਿਹਾ। ੧੭੯੯ ਵਿਚ ਰਣਜੀਤ ਸਿੰਘ ਨੇ ਲਹਿਣਾ ਸਿੰਘ ਦੇ ਪੁੱਤਰ ਚੇਤ ਸਿੰਘ ਅਤੇ ਸੋਭਾ ਸਿੰਘ ਦੇ ਪੁੱਤਰ ਨੂੰ ਧਕੇਲ ਕੇ ਲਾਹੌਰ ਤੇ ਕਬਜ਼ਾ ਕਰ ਲਿਆ। ਇਸ ਨੂੰ ਕਬਜ਼ੇ ਕਰਨ ਵਿਚ ਭਾਈ ਗੁਰਬਖ਼ਸ਼ ਸਿੰਘ, ਹਕੀਮ ਹਾਕਮ ਰਾਏ ਅਤੇ ਮੀਆਂ ਇਸਹਾਕ ਮੁਹੰਮਦ ਨੇ ਮਦਦ ਕੀਤੀ ਸੀ।

ਲਾਹੌਰ ਦੇ ਕਬਜ਼ੇ ਵਿਚ ਆ ਜਾਣ ਉਪਰੰਤ ਸਰਦਾਰ ਜੱਸਾ ਸਿੰਘ ਨੇ ਆਪਣਾ ਧਿਆਨ ਉੱਤਰ ਵਲ ਕੀਤਾ। ਉਸ ਨੇ ਗੁਜਰਾਤ ਤੇ ਕਬਜ਼ਾ ਕਰ ਲਿਆ। ਹੋਰ ਭੰਗੀ ਸਰਦਾਰਾਂ

Sri Satguru Jagjit Singh Ji eLibrary NamdhariElibrary@gmail.com

ਨਾਲ ਮਿਲ ਕੇ ਜੰਮੂ ਵੀ ਫ਼ਤਹਿ ਕੀਤਾ। ਸਰਦਾਰ ਗੁੱਜਰ ਸਿੰਘ ਨੇ ਪੁਣਛ, ਇਸਲਾਮਗੜ੍ਹ, ਦੇਵਾ ਬੋਤਾਲਾ ਤੇ ੧੭੮੬ ਵਿਚ ਕਬਜ਼ਾ ਕੀਤਾ ਸੀ। ਅੰਮ੍ਰਿਤਸਰ ਵਿਖੇ ੧੭੮੭ ਵਿਚ ਆਪਣੇ ਨਾਮ ਦਾ ਕਿਲ੍ਹਾ ਗੁੱਜਰ ਸਿੰਘ ਬਣਾਇਆ। ਉਥੇ ਹੀ ਅੱਜਕਲ੍ਹ ਗੋਬਿੰਦਗੜ੍ਹ ਦਾ ਕਿਲ੍ਹਾ ਹੈ। ਸ: ਗੁੱਜਰ ਸਿੰਘ ਦੇ ਤਿੰਨ ਪੁੱਤਰ ਸੁੱਖਾ ਸਿੰਘ, ਸਾਹਿਬ ਸਿੰਘ, ਫ਼ਤਿਹ ਸਿੰਘ ਸਨ। ਸੁੱਖਾ ਸਿੰਘ ਆਪਣੇ ਭਰਾ ਸਾਹਿਬ ਸਿੰਘ ਦੇ ਹੱਥੋਂ ਮਾਰਿਆ ਗਿਆ। ਸਾਹਿਬ ਸਿੰਘ ਦਾ ਵਿਆਹ ਰਣਜੀਤ ਸਿੰਘ ਦੀ ਭੂਆ ਨਾਲ ਹੋਇਆ ਸੀ। ਗੁੱਜਰ ਸਿੰਘ ਅਤੇ ਸਾਹਿਬ ਸਿੰਘ ਨਾਰਾਜ਼ ਸਨ, ਕਿਉਂ ਜੋ ਸਾਹਿਬ ਸਿੰਘ ਨੇ ਰਾਮਨਗਰ ਦੇ ਮੁਸਲਮਾਨ ਫ਼ੌਜਦਾਰ ਨੂੰ ਸਰਦਾਰ ਮਹਾਂ ਸਿੰਘ ਦੇ ਹਵਾਲੇ ਕਰ ਦਿੱਤਾ ਸੀ। ਸਾਹਿਬ ਸਿੰਘ ਨੇ ਰਾਮਨਗਰ ਦੇ ਫ਼ੌਜਦਾਰ ਗੁੱਜਰ ਸਿੰਘ ਕੋਲੋਂ ਪਨਾਹ ਮੰਗੀ ਸੀ। ਸਾਹਿਬ ਸਿੰਘ ਦੇ ਇਸ ਕਰਤੱਵ ਤੋਂ ਸਰਦਾਰ ਗੁੱਜਰ ਸਿੰਘ ਇਤਨੇ ਗੁੱਸੇ ਹੋਏ ਕਿ ਕਿਲ੍ਹਾ ਛੱਡ ਕੇ ਚਲੇ ਗਏ ਤੇ ਆਪਣਾ ਸਾਰਾ ਇਲਾਕਾ ਫ਼ਤਿਹ ਸਿੰਘ ਦੇ ਹਵਾਲੇ ਕਰਕੇ ਲਾਹੌਰ ਆ ਗਏ। ਉਸੇ ਦੌਰਾਨ ੧੭੮੮ ਵਿਚ ਉਨ੍ਹਾਂ ਦੀ ਮ੍ਰਿਤੂ ਹੋ ਗਈ। ਫ਼ਤਿਹ ਸਿੰਘ ਨੂੰ ਭੰਗੀ ਮਿਸਲ ਨੇ ਜਥੇਦਾਰ ਨਾ ਮੰਨਿਆ ਤੇ ਉਨ੍ਹਾਂ ਨੇ ਸਾਹਿਬ ਸਿੰਘ ਨੂੰ ਚੁਣ ਲਿਆ। ਸਰਦਾਰ ਮਹਾਂ ਸਿੰਘ ਨੇ ਆਪਣੇ ਹੀ ਹਿਤਾਂ ਨੂੰ ਮੁੱਖ ਰੱਖ ਕੇ ਆਪਣੇ ਜੀਜੇ ਸਾਹਿਬ ਸਿੰਘ ਵਿਰੁੱਧ ਹੱਲਾ ਬੋਲ ਦਿੱਤਾ। ੧੭੯੨ ਵਿਚ ਸਹੋਦਰਾ ਵਿਖੇ ਲੜਾਈ ਹੋਈ ਪਰ ਮਹਾਂ ਸਿੰਘ ਬਿਮਾਰ ਹੋਣ ਕਾਰਨ ਮੈਦਾਨ ਸਾਹਿਬ ਸਿੰਘ ਦੇ ਹੱਥ ਛੱਡ ਆਏ। ਫੇਰ ਭਸੀਨ ਵਿਚ ਸਰਦਾਰ ਰਣਜੀਤ ਸਿੰਘ ਨੂੰ ਕਤਲ ਕਰਨ ਦੀ ਸਾਜ਼ਿਸ਼ ਬਣਾਈ, ਪਰ ਨਾਕਾਮਯਾਬੀ ਦੀ ਸੂਰਤ ਵਿਚ ਰਣਜੀਤ ਸਿੰਘ ਨਾਲ ਹੋ ਬੈਠੇ। ੧੮੦੬ ਵਿਚ ਮਹਾਰਾਜਾ ਰਣਜੀਤ ਸਿੰਘ ਦੀ ਈਨ ਮੰਨ ਕੇ ਇਕ ਲੱਖ ਦੀ ਜਾਗੀਰ ਤੇ ਹੀ ਉਮਰ ਭਰ ਗੁਜ਼ਾਰਾ ਕੀਤਾ। ੧੮੧੧ ਵਿਚ ਉਹ ਚੜ੍ਹਾਈ ਕਰ ਗਏ।

ਇਸ ਮਿਸਲ ਦੇ ਕੁਝ ਹੋਰ ਉੱਘੇ ਸਰਦਾਰ ਭਾਈ ਜੋਧ ਸਿੰਘ ਕਮਲਾ (ਜਿਨ੍ਹਾਂ ਜੰਮੂ ਜਿੱਤਣ ਵਿਚ ਬੜੀ ਸਹਾਇਤਾ ਕੀਤੀ ਸੀ), ਭਾਈ ਗੁਰਬਖ਼ਸ਼ ਸਿੰਘ ਦੋਦੀਆ, ਕਾਲਾ ਸਿੰਘ ਹਸਨ ਅਬਦਾਲ (ਪੰਜਾ ਸਾਹਿਬ), ਕਰਮ ਸਿੰਘ ਦੂਲੂ, ਲਹਿਣਾ ਸਿੰਘ ਕਾਹਲੋਂ, (ਜਿਨ੍ਹਾਂ ਲਾਹੌਰ ਤੇ ਆਪਣੀ ਸਿਆਣਪ ਨਾਲ ਇਕੱਲੇ ੩੨ ਸਾਲ ਰਾਜ ਕੀਤਾ ਸੀ)। ਮਹਿਤਾਬ ਸਿੰਘ ਵਡਾਲਾ, ਨਿਧਾਨ ਸਿੰਘ ਡਸਕਾ, ਨਸਭਾ ਸਿੰਘ ਫ਼ਿਰੋਜ਼ਪੁਰ, ਰਾਇ ਸਿੰਘ ਜਗਾਧਰੀ ਤੇ ਰਣ ਸਿੰਘ ਪਡਾ (ਜੋ ਬ੍ਰਾਹਮਣੋਂ ਸਿੰਘ ਸੰਨਿਆਸੀ) ਸਨ।

## ਭੰਗੀ ਮਿਸਲ ਦੇ ਪਤਨ ਦੇ ਕਾਰਨ

ਇਸ ਤਰ੍ਹਾਂ ਜੋ ਮਿਸਲ ਸਮੁੱਚੇ ਪੰਜਾਬ ਤੇ ਰਾਜ ਦੀ ਚਿਤਵਨੀ ਕਰ ਰਹੀ ਸੀ, ਉਹ ੧੮ਵੀਂ ਸਦੀ ਦੇ ਅੰਤ ਤਕ ਨਾਮ ਮਾਤਰ ਹੀ ਰਹਿ ਗਈ। ਇਸ ਮਿਸਲ ਦੀ ਹਸਤੀ ਮਿਟਣ ਦੇ ਕਈ ਕਾਰਨ ਹਨ। ਪਹਿਲਾ, ਭੰਗੀ ਮਿਸਲ ਨੂੰ ਜਿਥੇ ਕੇਂਦਰਤ ਪੁਜ਼ੀਸ਼ਨ ਹਾਸਲ ਸੀ ਉਥੇ ਅਬਦਾਲੀ ਦੇ ਟਾਕਰਿਆਂ ਵਿਚ ਵੀ ਪੇਸ਼-ਪੇਸ਼ ਹੋਣਾ ਪੈਂਦਾ ਸੀ। ਇਸ ਮਿਸਲ ਨੇ ਤਕਰੀਬਨ ਸਾਰਾ ਭਾਰ ਆਪਣੇ ਮੋਢਿਆਂ ਤੇ ਚੁੱਕਿਆ ਹੋਇਆ ਸੀ। ਸਰਦਾਰਾਂ ਨੇ ਯੋਗਤਾ ਨਾਲ ਟਾਕਰਾ ਕੀਤਾ ਤੇ ਆਪਣਾ ਇਲਾਕਾ ਵਧਾਇਆ, ਪਰ ਜਦ ਸੰਗਠਤ ਕਰਨ ਦਾ ਵੇਲਾ ਆਇਆ ਤਾਂ ਇਨ੍ਹਾਂ ਨੇ ਵਾਧੇ ਵੱਲ ਧਿਆਨ ਦਿੱਤਾ। ਪਿੱਛਾ ਭੁੱਲ ਗਏ। ਅਣਡਿੱਠੀਆਂ

Sri Satguru Jagjit Singh Ji eLibrary NamdhariElibrary@gmail.com

ਤਾਕਤਾਂ ਨੇ ਇਨ੍ਹਾਂ ਨੂੰ ਕਮਜ਼ੋਰ ਕਰ ਦਿੱਤਾ। ਇਨ੍ਹਾਂ ਦੀ ਜਿੱਤ ਦਾ ਕਾਰਨ ਅੰਮ੍ਰਿਤਸਰ ਨੂੰ ਕੇਂਦਰ ਰੱਖਣਾ ਸੀ ਪਰ ਪਿੱਛੋਂ ਇਨ੍ਹਾਂ ਨੇ ਆਪਣੇ ਕੇਂਦਰ ਹੀ ਬਦਲ ਲਏ। ਸਰਦਾਰ ਗੁੱਜਰ ਸਿੰਘ ਨੇ ਗੁਜਰਾਤ, ਸਰਦਾਰ ਹਰੀ ਸਿੰਘ ਨੇ ਜੰਮੂ, ਸਰਦਾਰ ਝੰਡਾ ਸਿੰਘ ਨੇ ਮੁਲਤਾਨ ਤੇ ਸਰਦਾਰ ਗੰਡਾ ਸਿੰਘ ਨੇ ਕਸੂਰ ਬਣਾ ਲਿਆ। ਕੇਂਦਰ ਤੋਂ ਹਟ ਜਾਣ ਕਾਰਨ ਉਹ ਸਾਰੇ ਇਲਾਕਿਆਂ ਦੀ ਰੱਖਿਆ ਤੇ ਸੰਭਾਲ ਨਾ ਕਰ ਸਕੇ। ਜਦ ਮੁਲਤਾਨ ਹੱਥੋਂ ਨਿਕਲਿਆ ਤਾਂ ਸਾਰਾ ਇਲਾਕਾ ਹੀ ਹੱਥੋਂ ਖਿਸਕਣਾ ਅਰੰਭ ਹੋ ਗਿਆ।

ਦੂਜੇ, ਮੁਲਤਾਨ ਉਤੇ ਕਬਜ਼ਾ ਕਰਨਾ ਸਿਆਣਪ ਨਹੀਂ ਸੀ। ਰਾਜਨੀਤੀ ਮੰਗ ਕਰਦੀ ਸੀ ਕਿ ਕੇਂਦਰ ਵਿਚ ਹੀ ਰਿਹਾ ਜਾਵੇ। ਮੁਲਤਾਨ ਅਫ਼ਗਾਨਾਂ ਦਾ ਗੜ੍ਹ ਸੀ। ਤੈਮੂਰ ਸ਼ਾਹ ਜੋ ਪੰਜਾਬ ਤੇ ਸਿੱਧਾ ਹਮਲਾ ਕਰਨ ਲਈ ਤਾਂ ਤਿਆਰ ਨਹੀਂ ਸੀ ਪਰ ਮੁਲਤਾਨ ਉਤੇ ਭੰਗੀ ਮਿਸਲ ਦੇ ਕਬਜ਼ੇ ਨੂੰ ਆਪਣੀ ਅਣਖ ਨੂੰ ਚੈਲੰਜ ਗਿਣਦਾ ਸੀ। ਸੋ ੧੭੮੧ ਵਿਚ ਉਸ ਨੇ ਮੁਲਤਾਨ ਤੇ ਹਮਲਾ ਕਰ ਦਿਤਾ। ਭੰਗੀ ਸਰਦਾਰਾਂ ਨੇ ਸਿੱਖੀ ਮਰਿਆਦਾ ਦੇ ਉਲਟ ਈਨ ਮੰਨ ਲਈ ਤੇ ਬੁਜ਼ਦਿਲੀ ਦਿਖਾਈ। ਮੁਲਤਾਨ ਤੈਮੂਰ ਸ਼ਾਹ ਦੇ ਹਵਾਲੇ ਕਰ ਦਿਤਾ। ਪੰਥ ਵਿਚ ਭੰਗੀ ਸਰਦਾਰਾਂ ਦੀ ਜੁਰਅੱਤ ਤੇ ਦਲੇਰੀ ਦੀ ਹੀ ਇੱਜ਼ਤ ਸੀ, ਪਰ ਮੁਲਤਾਨ ਦੇ ਛੱਡਣ ਨਾਲ ਉਹ ਸਨਮਾਨ ਢਹਿ ਢੇਰੀ ਹੋ ਗਿਆ। ਉਹਨਾਂ ਦੇ ਸਨਮਾਨ ਨੂੰ ਅਜਿਹੀ ਸੱਟ ਵੱਜੀ ਕਿ ਉਹ ਸੰਭਲ ਹੀ ਨਾ ਸਕੇ। ਦੂਜੀਆਂ ਮਿਸਲਾਂ ਦੇ ਆਗੂ ਅੱਗੇ ਹੀ ਮੌਕੇ ਦੀ ਭਾਲ ਵਿਚ ਸਨ, ਉਨ੍ਹਾਂ ਨੇ ਭੰਗੀ ਮਿਸਲ ਦੇ ਇਲਾਕਿਆਂ ਉਤੇ ਆਪਣੇ ਝੰਡੇ ਝੁਲਾਉਣੇ ਸ਼ੁਰੂ ਕਰ ਦਿਤੇ। ਜਦ ਮੁਲਤਾਨ ਤੋਂ ਵਾਪਸ ਅੰਮ੍ਰਿਤਸਰ ਪੁੱਜੇ ਤਾਂ ਭੰਗੀ ਮਿਸਲ ਦਾ ਸਨਮਾਨ ਡਿੱਗ ਚੁੱਕਾ ਸੀ।

ਤੀਜੇ, ਕਿਸਮਤ ਨੇ ਵੀ ਸਾਥ ਨਾ ਦਿੱਤਾ। ਭੰਗੀ ਮਿਸਲ ਆਪਣੇ ਜਥੇਦਾਰਾਂ ਦੀ ਅਗਵਾਈ ਕਰਕੇ ਹੀ ਉਚੇ ਮਰਤਬੇ ਤੱਕ ਪੁੱਜੀ ਸੀ । ਉਤੋੜਿਤੀ ਕਿਤਨੇ ਹੀ ਆਗੂ ਚੜ੍ਹਾਈ ਕਰ ਗਏ। ਅਜੇ ਸਰਦਾਰ ਹਰੀ ਸਿੰਘ ਦੇ ਅਕਾਲ ਚਲਾਣੇ ਕਾਰਨ ੧੭੬੪ ਦਾ ਸਲ ਭਰਿਆ ਹੀ ਸੀ ਕਿ ਸਰਦਾਰ ਝੰਡਾ ਸਿੰਘ ਨੂੰ ੧੭੭੪ ਵਿਚ ਕਤਲ ਕਰ ਦਿੱਤਾ ਗਿਆ। ਸਰਦਾਰ ਗੰਡਾ ਸਿੰਘ ਅਗਲੇ ਸਾਲ ੧੭੭੫ ਵਿਚ ਸਵਰਗਵਾਸ ਹੋ ਗਏ। ਸਰਦਾਰ ਚੜ੍ਹਤ ਸਿੰਘ, ਜੋ ਉਹਨਾਂ ਦੇ ਭਤੀਜੇ ਅਤੇ ਉਤਰਾਧਿਕਾਰੀ ਸਨ ਉਸੇ ਸਾਲ ਜੰਗ ਵਿਚ ਮਾਰੇ ਗਏ। ਇਕ ਤੋਂ ਬਾਅਦ ਦੂਜੀ ਸੱਟ ਸਹਾਰਨੀ ਮੁਸ਼ਕਿਲ ਹੋ ਗਈ। ਭੰਗੀ ਮਿਸਲ ਦੀ ਵਾਗਡੋਰ ਕਮਜ਼ੋਰ ਤੇ ਨਾ-ਅਹਿਲ ਜਥੇਦਾਰਾਂ[1] ਹੱਥ ਆ ਗਈ। ਕਮਜ਼ੋਰ ਜਥੇਦਾਰ ਟਾਕਰਾ ਕਰਨ ਯੋਗ ਨਹੀਂ ਸਨ।

ਚੌਥੇ, ਭੰਗੀ ਮਿਸਲ ਨੇ ਸ਼ੁਕਰਚਕੀਆ ਤੇ ਕਨ੍ਹਈਆ ਮਿਸਲ ਦੀ ਤਾਕਤ ਦਾ ਗ਼ਲਤ ਅੰਦਾਜ਼ਾ ਲਗਾਇਆ ਸੀ। ਉਹਨਾਂ ਦੇ ਜਥੇਦਾਰ ਵੀ ਸਿਰਕੱਢ ਤੇ ਸਿਆਣੇ ਆਗੂ ਸਨ। ਸਰਦਾਰ ਚੜ੍ਹਤ ਸਿੰਘ, ਸਰਦਾਰ ਮਹਾਂ ਸਿੰਘ, ਸਰਦਾਰ ਜੈ ਸਿੰਘ ਭੰਗੀ ਸਰਦਾਰਾਂ ਦੇ ਟਾਕਰੇ ਦੇ ਹੀ ਸਨ। ਫਿਰ ਉਹਨਾਂ ਮਿਸਲਾਂ ਦੀ ਜਥੇਬੰਦੀ ਵੀ ਸੰਘਣੀ ਸੀ। ਭੰਗੀ ਮਿਸਲ ਕਈ ਹਿਸਿਆਂ ਵਿਚ ਵੰਡੀ ਗਈ ਸੀ। ਭਾਈ ਲਹਿਣਾ ਸਿੰਘ, ਭਾਈ ਸੋਭਾ ਸਿੰਘ, ਸਰਦਾਰ

1. ਦੇਸਾ ਸਿੰਘ, ਗੁਲਾਬ ਸਿੰਘ, ਸਾਹਿਬ ਸਿੰਘ ਆਦਿ।

Sri Satguru Jagjit Singh Ji eLibrary NamdhariElibrary@gmail.com

ਗੁੱਜਰ ਸਿੰਘ, ਸਰਦਾਰ ਗੰਡਾ ਸਿੰਘ ਦੇ ਜੱਥੇ ਬਣ ਗਏ ਸਨ। ਇਹ ਠੀਕ ਹੈ ਕਿ ਭੰਗੀ ਮਿਸਲ ਦੇ ਵਾਧੇ ਨੂੰ ਤਾਂ ਬਾਕੀ ਸਰਦਾਰ ਰੋਕ ਨਾ ਸਕੇ ਪਰ ਭੰਗੀ ਮਿਸਲ ਦੇ ਢਹਿਣ ਨੂੰ ਉਹਨਾਂ ਤੁਰੰਤ ਪੂਰਿਆਂ ਕਰ ਦਿੱਤਾ। ਜਿਹੜੀ ਥੋੜ੍ਹੀ ਕਸਰ ਰਹਿ ਗਈ ਸੀ ਉਹ (ਮਹਾਰਾਜਾ) ਰਣਜੀਤ ਸਿੰਘ ਨੇ ਪੂਰੀ ਕਰ ਦਿੱਤੀ। ੧੮ਵੀਂ ਸਦੀ ਦੇ ਅੰਤ ਤੱਕ ਇਹ ਮਿਸਲ ਸਿਰਫ਼ ਕਾਗਜ਼ਾਂ ਵਿਚ ਹੀ ਰਹਿ ਗਈ।

5. **ਕਨ੍ਹਈਆ ਮਿਸਲ** : ਇਸ ਮਿਸਲ ਨੇ ਵੀ ਸਿੱਖ ਜਦੋ-ਜਹਿਦ ਵਿਚ ਵੱਧ ਚੜ੍ਹ ਕੇ ਹਿੱਸਾ ਲਿਆ। ਅਬਦਾਲੀ ਦੇ ਜਾਣ ਉਪਰੰਤ ਇਸ ਮਿਸਲ ਨੇ ਚੰਗੀ ਪ੍ਰਸਿੱਧਤਾ ਪ੍ਰਾਪਤ ਕੀਤੀ। ਇਹ ਮਿਸਲ ਵੀ ਪਹਿਲੀਆਂ ਤਿੰਨਾਂ ਵਿਚ ਗਿਣੀ ਜਾਣ ਲੱਗ ਪਈ ਸੀ। ਭੰਗੀ ਤੇ ਸ਼ੁਕਰਚਕੀਆ ਮਿਸਲਾਂ ਹੀ ਸਿਰਫ਼ ਇਸ ਦੇ ਟਾਕਰੇ ਦੀਆਂ ਸਨ। ਪੰਜਾਬ ਦੇ ਕਈ ਇਲਾਕਿਆਂ ਵਿਚ ਇਸ ਨੇ ਆਪਣਾ ਅਧਿਕਾਰ ਖੇਤਰ ਬਣਾਇਆ।

ਇਸ ਮਿਸਲ ਦੇ ਜਥੇਦਾਰ ਤਾਂ ਸਰਦਾਰ ਜੈ ਸਿੰਘ ਸਨ ਪਰ ਮੋਢੀ ਬਾਨੀ ਭਾਈ ਅਮਰ ਸਿੰਘ ਕੰਗਰਾ ਆਖੇ ਜਾਂਦੇ ਹਨ। ਭਾਈ ਖੁਸ਼ਹਾਲੀ ਜੱਟ ਦੇ ਪੁੱਤਰ ਸਨ ਤੇ ਖ਼ੁਸ਼ਹਾਲੀ ਦਾ ਪਿੰਡ ਕਾਨ੍ਹਾ ਸੀ ਜੋ ਲਾਹੌਰ ਤੋਂ ਦੱਖਣ ਵੱਲ ੧੫ ਕੁ ਮੀਲ ਹੈ। ਇਸ ਲਈ ਪਹਿਲਾਂ ਜਥੇ ਅਤੇ ਫਿਰ ਮਿਸਲ ਦਾ ਨਾਮ ਵੀ ਕਨ੍ਹਈਆ ਪੈ ਗਿਆ। ਇਸ ਮਿਸਲ ਦੇ ਮੁੱਢਲੇ ਇਤਿਹਾਸ ਬਾਰੇ ਕਿਹਾ ਜਾਂਦਾ ਹੈ ਕਿ ਜਦ ਸਿੱਖਾਂ ਦੀਆਂ ਸ਼ਹੀਦੀਆਂ ਦੇ ਸਾਕੇ ਦੀਆਂ ਸਾਖੀਆਂ ਭਾਈ ਖੁਸ਼ਹਾਲੀ ਜੱਟ ਨੇ ਸੁਣੀਆਂ ਤਾਂ ਉਸ ਵੀ ਸਿੱਖੀ ਧਾਰਨ ਕਰਨ ਦਾ ਨਿਰਣਾ ਕਰ ਲਿਆ। ਉਸਨੇ ਨਵਾਬ ਕਪੂਰ ਸਿੰਘ ਪਾਸ ਹਾਜ਼ਰ ਹੋ ਕੇ ਅੰਮ੍ਰਿਤ ਛਕਿਆ ਤੇ ਆਪਣੇ ਇਲਾਕੇ ਦੇ ਬਹੁਤ ਸਾਰੇ ਵਸਨੀਕਾਂ ਸਮੇਤ ਸਿੱਖੀ ਦੇ ਦਾਇਰੇ ਵਿਚ ਪ੍ਰਵੇਸ਼ ਕੀਤਾ ਅਤੇ ਵੱਖ ਜਥਾ ਬਣਾ ਲਿਆ। ਵੱਡੀਆਂ ਅਤੇ ਜ਼ਰੂਰੀ ਮੁਹਿੰਮਾਂ ਤੇ ਇਨ੍ਹਾਂ ਦਾ ਜਥਾ ਹੀ ਭੇਜਿਆ ਜਾਣ ਲੱਗਾ। ਬੜੇ ਅਣਖੀਲੇ ਸਿੰਘ ਇਸ ਮਿਸਲ ਵਿਚ ਸਨ। ਜੈ ਸਿੰਘ ਆਪੂੰ ਇਕ ਨਿਪੁੰਨ ਨਿਸ਼ਾਨੇਬਾਜ਼ ਸਨ। ਇਤਿਹਾਸ ਨੇ ਜਥੇਦਾਰ ਭਾਈ ਹਕੀਕਤ ਸਿੰਘ ਕਨ੍ਹਈਆ ਦਾ ਜ਼ਿਕਰ ਕੀਤਾ ਹੈ ਜੋ ਇਕ ਵਾਰ ਬਾਹਰ ਖੁਲ੍ਹੇ ਥਾਂ ਪਏ ਆਰਾਮ ਕਰਦੇ ਸਨ ਕਿ ਬੱਦਲ ਗਰਜਿਆ ਤਾਂ ਉਹਨਾਂ ਪਾਸ ਪਈ ਬੰਦੂਕ ਦੀ ਨਾਲੀ ਆਸਮਾਨ ਵੱਲ ਕਰਕੇ ਨਿਸ਼ਾਨਾ ਸਾਧ ਦਿੱਤਾ। ਜਦ ਹੋਰ ਜੱਥੇ ਦੇ ਸਿੰਘ ਬੰਦੂਕ ਦੀ ਆਵਾਜ਼ ਸੁਣ ਕੋਲ ਆਏ ਤੇ ਬੰਦੂਕ ਚਲਾਉਣ ਦਾ ਕਾਰਨ ਪੁੱਛਿਆ ਤਾਂ ਕਿਹਾ ਕਿ ਸਿੰਘ ਉਤੇ ਬੱਦਲ ਗਰਜਿਆ ਸੀ, ਉਸ ਨੂੰ ਲਲਕਾਰ ਦਾ ਜੁਆਬ ਦੇਣਾ ਜ਼ਰੂਰੀ ਸੀ। ਜੈ ਸਿੰਘ ਦੇ ਦੋ ਭਰਾ ਹੋਰ ਸਨ। ਇਕ ਝੰਡਾ ਸਿੰਘ ਅਤੇ ਦੂਜੇ ਭਾਈ ਸਿੰਘਾ ਸਿੰਘ ਸਨ। ਭਾਈ ਸਿੰਘਾ ਸਿੰਘ ਬਾਰੇ ਤਾਂ ਇਤਿਹਾਸ ਵਿਚ ਕੁਝ ਨਹੀਂ ਮਿਲਦਾ ਪਰ ਇਹ ਪਤਾ ਲੱਗਦਾ ਹੈ ਕਿ ਸਰਦਾਰ ਝੰਡਾ ਸਿੰਘ ਤੇ ਜੈ ਸਿੰਘ ਨਵਾਬ ਕਪੂਰ ਸਿੰਘ ਦੇ ਜਥੇ ਵਿਚ ਸ਼ਾਮਲ ਹੋ ਗਏ ਸਨ। ਨਵਾਬ ਕਪੂਰ ਸਿੰਘ ਵੇਲੇ ਹੀ ਇਹਨਾਂ ਨੇ ਆਪਣਾ ਜਥਾ ਬਣਾ ਲਿਆ ਸੀ ਤੇ ਨਵਾਬ ਕਪੂਰ ਸਿੰਘ ਦੇ ਚੜ੍ਹਾਈ ਕਰਨ ਉਪਰੰਤ ਕਾਫ਼ੀ ਤਾਕਤ ਪਕੜ ਲਈ।

੧੭੬੩ ਵਿਚ ਕਸੂਰ ਉਤੇ ਹਮਲੇ ਵੇਲੇ ਇਹ ਅੱਗੇ ਸਨ। ਭੰਗੀ ਮਿਸਲ ਦੇ ਇਕਦਮ ਵਾਧੇ ਨੂੰ ਦੇਖ ਕੇ ਸਰਦਾਰ ਜੈ ਸਿੰਘ ਨੂੰ ਸੋਚ ਉਪਜੀ ਅਤੇ ਉਹਨਾਂ ਨੇ ਉਪਰਾਲੇ ਕਰਨੇ ਅਰੰਭੇ। ਪਹਿਲਾਂ ਤਾਂ ਉਹਨਾਂ ਨੇ ਸਿੱਧੀ ਟੱਕਰ ਲੈਣ ਦੀ ਠਾਨੀ, ਪਰ ਭੰਗੀ ਮਿਸਲ ਦੀ

ਜਥੇਬੰਦੀ ਤੇ ਮਜ਼ਬੂਤੀ ਨੂੰ ਦੇਖ ਕੇ ਸ਼ੁਕਰਚਕੀਆ ਮਿਸਲ ਦੇ ਨਾਲ ਸੰਧੀ ਕਰ ਲਈ। ਸਰਦਾਰ ਚੜ੍ਹਤ ਸਿੰਘ ਵੀ ਕਿਸੇ ਸਾਥ ਦੀ ਭਾਲ ਵਿਚ ਸਨ। ਜੰਮੂ ਲਾਗੇ ਬਸੰਤਰ ਨਦੀ ਦੇ ਕਿਨਾਰੇ ਭੰਗੀ ਮਿਸਲ ਦੀ ਪਹਿਲੀ ਟੱਕਰ ਸ਼ੁਕਰਚਕੀਆ ਤੇ ਕਨ੍ਹਈਆ ਮਿਸਲ ਦੀ ਸਾਂਝੀ ਜਥੇਬੰਦੀ ਨਾਲ ਹੋਈ। ਸਰਦਾਰ ਝੰਡਾ ਸਿੰਘ ਦੇ ਟਾਕਰੇ ਉਤੇ ਸਰਦਾਰ ਜੈ ਸਿੰਘ ਤੇ ਸਰਦਾਰ ਚੜ੍ਹਤ ਸਿੰਘ ਆਏ। ਸਰਦਾਰ ਚੜ੍ਹਤ ਸਿੰਘ ਬਾਰੂਦ ਦੇ ਫਾਇਰ ਕਰਵਾ ਰਹੇ ਸਨ ਕਿ ਬਾਰੂਦ ਫੱਟ ਕੇ ਉਤੇ ਆ ਪਿਆ, ਜਿਸ ਕਾਰਨ ਸਰਦਾਰ ਚੜ੍ਹਤ ਸਿੰਘ ਅਜਿਹੇ ਡਿੱਗੇ ਕਿ ਫਿਰ ਉਹ ਉੱਠ ਨਾ ਸਕੇ। ਥਾਂ ਉਤੇ ਹੀ ਉਹਨਾਂ ਦੀ ਮ੍ਰਿਤੂ ਹੋ ਗਈ। ਸਰਦਾਰ ਜੈ ਸਿੰਘ ਕਨ੍ਹਈਆ ਨੇ ਸਖ਼ਤ ਗੁੱਸੇ ਵਿਚ ਹੱਲਾ ਬੋਲਿਆ। ਸਰਦਾਰ ਝੰਡਾ ਸਿੰਘ ਨੂੰ ਕਰਾਰੀ ਹਾਰ ਦਿੱਤੀ ਤੇ ਥਾਂ ਉਤੇ ਹੀ ਕਤਲ ਕਰਾ ਦਿਤਾ ਗਿਆ। ਇਹ ਘਟਨਾ ਸੰਨ ੧੭੭੪ ਨੂੰ ਹੋਈ। ਜੰਮੂ ਵਲੋਂ ਭੰਗੀ ਸਰਦਾਰਾਂ ਦੇ ਅਧਿਕਾਰਾਂ ਉਤੇ ਕਬਜ਼ਾ ਕਰਕੇ ਰਾਮਗੜ੍ਹੀਆ ਮਿਸਲ ਦੇ ਇਲਾਕਿਆਂ ਤੇ ਕਬਜ਼ਾ ਕਰਨਾ ਅਰੰਭਿਆ। ਆਹਲੂਵਾਲੀਆ ਮਿਸਲ ਨੇ ਵੀ ਮਦਦ ਕੀਤੀ ਕਿਉਂਕਿ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦੇ ਭਰਾਵਾਂ ਮਾਲੀ ਸਿੰਘ ਆਦਿ ਨੇ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੀ ਨਿਰਾਦਰੀ ਕੀਤੀ ਸੀ। ਬਟਾਲਾ ਤੇ ਕਲਾਨੌਰ ਦੇ ਇਲਾਕਿਆਂ ਨੂੰ ਆਪਣੇ ਅਧਿਕਾਰ ਖੇਤਰ ਵਿਚ ਮਿਲਾ ਲਿਆ। ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਨੂੰ ਪੰਜਾਬ ਛੱਡ ਜਾਣ ਉਤੇ ਮਜ਼ਬੂਰ ਕਰ ਦਿੱਤਾ।[1] ਇਸ ਕਾਮਯਾਬੀ ਪਿਛੋਂ ਸਰਦਾਰ ਜੈ ਸਿੰਘ ਨੇ ਸਰਹੰਦ ਉਤੇ ਹੱਲਾ ਬੋਲਿਆ। ਜ਼ੈਨ ਖ਼ਾਨ ਮਾਰਿਆ ਗਿਆ ਤੇ ਕਾਫ਼ੀ ਮਾਲ ਸਰਦਾਰ ਜੈ ਸਿੰਘ ਦੇ ਹੱਥ ਆਇਆ। ਗਰੋਟਾ, ਹਾਜ਼ੀਪੁਰ, ਨੂਰਪੁਰ, ਦਾਤਾਰਪੁਰ ਦੇ ਪਹਾੜੀ ਰਾਜਿਆਂ ਕੋਲੋਂ 'ਰਾਖੀ' ਲਈ। ਆਪਣੀ ਚੜ੍ਹਤ ਨੂੰ ਹੋਰ ਵਧਾਉਣ ਲਈ ਰਾਜਿਆਂ ਨੇ 'ਰਾਖੀ' ਦੇਣ ਵਿਚ ਹੀ ਭਲਾਈ ਸਮਝੀ। ਸਭ ਤੋਂ ਵੱਡੀ ਜਿੱਤ ਰਾਜਾ ਸੰਸਾਰ ਚੰਦ ਕਟੋਚ ਵਾਲੇ ਕੋਲੋਂ 'ਕਾਂਗੜਾ'[2] ਦਾ ਕਿਲ੍ਹਾ ਤੇ ਰਾਖੀ ਲੈਣੀ ਸੀ। ਰਾਜਾ ਸੰਸਾਰ ਚੰਦ ਨੇ ਕਾਂਗੜੇ ਦੇ ਕਿਲ੍ਹਾਦਾਰ ਸੈਫ਼ ਅਲੀ ਖ਼ਾਨ ਵਿਰੁੱਧ ਸਰਦਾਰ ਜੈ ਸਿੰਘ ਦੀ ਮਦਦ ਮੰਗੀ ਸੀ। ਸਰਦਾਰ ਜੈ ਸਿੰਘ ਆਪ ਕਾਂਗੜੇ ਗਏ। ਉਹਨਾਂ ਦੇ ਪੁੱਜਦੇ ਸਾਰ ਹੀ ਸੈਫ਼ ਅਲੀ ਖ਼ਾਂ ਦੀ ਅਚਾਨਕ ਮ੍ਰਿਤੂ ਹੋ ਗਈ। ਕਿਲ੍ਹੇ ਵਾਲਿਆਂ ਤੇ ਭਰਪੂਰ ਹੱਲਾ ਕੀਤਾ ਗਿਆ। ਸਰਦਾਰ ਜੈ ਸਿੰਘ ਕਨ੍ਹਈਆ ਨੇ ਸੈਫ਼ ਅਲੀ ਦੇ ਪੁੱਤਰ ਜੀਵਨ ਖ਼ਾਨ ਨੂੰ ਕਿਲ੍ਹਾ ਖ਼ਾਲੀ ਕਰਨ ਤੇ ਮੰਨਵਾ ਲਿਆ। ਆਪ ਕਿਲ੍ਹੇ ਤੇ ਕਾਬਜ਼ ਹੋ ਗਿਆ। ਸੰਸਾਰ ਚੰਦ ਬਹੁਤ ਤੜਪਿਆ ਪਰ ਬੇਬਸ ਹੋਣ ਕਾਰਨ ਚੁੱਪ ਹੋ ਗਿਆ। ਸੰਸਾਰ ਚੰਦ ਨੇ ਈਨ ਮੰਨਣੀ ਹੀ ਠੀਕ ਸਮਝੀ। ਇਹ ਘਟਨਾ ੧੭੭੫ ਦੀ ਹੈ।

ਜਿਵੇਂ ਭੰਗੀ ਮਿਸਲ ਦੀ ਚੜ੍ਹਤ ਨੂੰ ਕਨ੍ਹਈਆ ਨਹੀਂ ਸਹਾਰ ਸਕੇ ਸਨ, ਇਸੇ ਤਰ੍ਹਾਂ ਸਰਦਾਰ ਮਹਾਂ ਸਿੰਘ ਨੂੰ ਫ਼ਿਕਰ ਹੋਈ। ਪਹਾੜੀ ਰਾਜਿਆਂ ਕੋਲੋਂ ਰਾਖੀ ਲੈਣ ਦੀ ਖ਼ਬਰ

1. ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਨੇ ਖੇਤਰ ਹੀ ਹਾਂਸੀ, ਹਿਸਾਰ ਤੇ ਸਰਸਾ ਬਣਾ ਲਿਆ।
2. ਕਾਂਗੜਾ ਸਾਰੀ ਵਾਦੀ ਦੀ ਚਾਬੀ ਸੀ। ਇਸ ਦੇ ਕਬਜ਼ੇ ਨਾਲ ਕਨ੍ਹਈਆ ਸਰਦਾਰ ਸਰਬ ਸ਼ਕਤੀਮਾਨ ਹੋ ਗਿਆ। ਕਾਂਗੜਾ ਕਿਲ੍ਹਾ ਤਕਰੀਬਨ ਇਕ ਹਜ਼ਾਰ ਸਾਲ ਪੁਰਾਣਾ ਸੀ।

Sri Satguru Jagjit Singh Ji eLibrary NamdhariElibrary@gmail.com

ਨੇ ਤਾਂ ਸ਼ੁਕਰਚਕੀਆ ਦੇ ਆਗੂ ਨੂੰ ਚਿੰਤਾਤੁਰ ਹੀ ਕਰ ਦਿੱਤਾ।[1] ਸਰਦਾਰ ਮਹਾਂ ਸਿੰਘ ਨੇ ਰਾਜਾ ਸੰਸਾਰ ਚੰਦ ਕਟੋਚ ਨਾਲ ਗੱਲਬਾਤ ਕਰਕੇ ਸੰਧੀ ਕਰ ਲਈ ਤੇ ਸਰਦਾਰ ਜੈ ਸਿੰਘ ਦੇ ਇਲਾਕੇ ਤੇ ਹੱਲਾ ਬੋਲ ਦਿੱਤਾ। ਹਮਲਾ ਇਤਨਾ ਸਖ਼ਤ ਸੀ ਕਿ ਕਨ੍ਹਈਆ ਸਰਦਾਰ ਤਾਬ ਹੀ ਨਾ ਲਿਆ ਸਕੇ। ਜੰਗ ਵਿਚ ਹੀ ੧੭੮੪ ਨੂੰ ਉਹਨਾਂ ਦਾ ਪੁੱਤਰ ਸਰਦਾਰ ਗੁਰਬਖਸ਼ ਸਿੰਘ ਸ਼ਹੀਦ ਹੋ ਗਿਆ। ਸਰਦਾਰ ਕਨ੍ਹਈਆ ਨੇ ਆਪਣੇ ਆਪ ਨੂੰ ਗੁਰਦਾਸਪੁਰ ਵਿਚ ਸੀਮਤ ਰੱਖਣਾ ਮੰਨ ਲਿਆ। ਇਤਨੇ ਵਿਚ ਇਕ ਹੋਰ ਸੱਟ ਕਨ੍ਹਈਆ ਮਿਸਲ ਨੂੰ ਸਹਿਣੀ ਪਈ। ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਨੇ ਪੰਜਾਬ ਤੋਂ ਪਰੇ ਜਾ ਕੇ ਤਾਕਤ ਇਕੱਠੀ ਕਰ ਲਈ ਸੀ। ਉਹਨਾਂ ਨੇ ਸ਼ੁਕਰਚਕੀਆ ਦੇ ਆਗੂ ਮਹਾਂ ਸਿੰਘ ਨਾਲ ਸੰਧੀ ਕਰ ਕੇ ਸਿੱਧਾ ਹਮਲਾ ਕਰ ਦਿੱਤਾ। ਰਾਮਗੜ੍ਹੀਆ ਸਰਦਾਰ ਨੇ ਸੰਸਾਰ ਚੰਦ ਨੂੰ ਵੀ ਬਦਲਾ ਲੈਣ ਲਈ ਤਿਆਰ ਕਰ ਲਿਆ। ਤਿੰਨਾਂ ਨੇ ਹੱਲਾ ਬੋਲ ਦਿੱਤਾ ਅਤੇ ਰਾਮਗੜ੍ਹੀਆ ਮਿਸਲ ਨੇ ਬਟਾਲਾ ਤੇ ਕਲਾਨੌਰ ਵਾਪਸ ਲੈ ਲਏ। ਇਸ ਹਾਰ ਨੇ ਲੱਕ ਤੋੜ ਦਿੱਤਾ ਤੇ ਸਿੱਧੇ ਟਾਕਰੇ ਦੀ ਸ਼ਕਤੀ ਇਸ ਮਿਸਲ ਵਿਚ ਘੱਟ ਗਈ। ਸਰਦਾਰ ਜੈ ਸਿੰਘ ਨੇ ਸਰਦਾਰ ਮਹਾਂ ਸਿੰਘ ਨਾਲ ਝਗੜਾ ਮਿਟਾਉਣ ਲਈ ਆਪਣੀ ਪੋਤਰੀ ਮਹਿਤਾਬ ਕੌਰ ਦੀ ਸ਼ਾਦੀ ਬਾਲਕ ਰਣਜੀਤ ਸਿੰਘ ਨਾਲ ਕਰ ਦਿੱਤੀ। ਸਰਦਾਰ ਜੈ ਸਿੰਘ ੧੭੮੯ ਵਿਚ ਚੜ੍ਹਾਈ ਕਰ ਗਏ। ਮਿਸਲ ਦੀ ਸਰਦਾਰੀ ਬੀਬੀ ਸਦਾ ਕੌਰ ਨੇ ਸੰਭਾਲ ਲਈ। ਸਰਦਾਰ ਗੁਰਬਖ਼ਸ਼ ਸਿੰਘ ਸਰਦਾਰ ਜੈ ਸਿੰਘ ਦਾ ਇਕੋ ਇਕ ਪੁੱਤਰ ਸੀ। ਰਾਣੀ ਸਦਾ ਕੌਰ ਇਕ ਯੋਗ ਤੇ ਨੀਤੀਵਾਨ ਔਰਤ ਸੀ। ੧੮੨੦ ਤੱਕ ਉਸ ਨੇ ਇਸ ਮਿਸਲ ਦੇ ਕੰਮਾਂ ਨੂੰ ਸੰਭਾਲੀ ਰੱਖਿਆ। ਉਹ ਮੌਕੇ ਦੀ ਤਲਾਸ਼ ਵਿਚ ਸੀ ਕਿ ਆਪਣੇ ਗਵਾਚੇ ਹੋਏ ਇਲਾਕਿਆਂ ਉਤੇ ਕਬਜ਼ਾ ਕਰੇ ਪਰ ਮਹਾਰਾਜਾ ਰਣਜੀਤ ਸਿੰਘ ਨੇ ਉਸ ਦੇ ਸੁਪਨਿਆਂ ਨੂੰ ਪੂਰਾ ਨਾ ਹੋਣ ਦਿੱਤਾ।

ਇਸ ਮਿਸਲ ਕੋਲ ੫੦੦੦ ਦੇ ਕਰੀਬ ਸਿਪਾਹੀ ਸਨ। ਕਈ ਵਾਰੀ ਗਿਣਤੀ ਵੱਧ ਕੇ ੧੦,੦੦੦ ਹੋ ਜਾਂਦੀ ਸੀ। ਇਸ ਮਿਸਲ ਦੀ ਸੰਧੀ ਜੇ ਸ਼ੁਕਰਚਕੀਆ ਮਿਸਲ ਨਾਲ ਬਣੀ ਰਹਿੰਦੀ ਤਾਂ ਸ਼ਾਇਦ ਇਹ ਮਿਸਲ ਜਲਦੀ ਨਾ ਮਿਟਦੀ। ਇਸ ਮਿਸਲ ਕੋਲ ਇਤਨੀ ਸ਼ਕਤੀ ਨਹੀਂ ਸੀ ਕਿ ਕਿਸੇ ਸਾਂਝੇ ਟਾਕਰੇ ਨੂੰ ਇਕੱਲਿਆਂ ਰੋਕ ਸਕੇ। ਮਿਸਲਾਂ ਦੇ ਇਤਿਹਾਸ ਵਿਚ ਇਹ ਗੱਲ ਦੇਖੀ ਜਾ ਸਕਦੀ ਹੈ ਕਿ ਕਿਸੇ ਮਿਸਲ ਵਿਚ ਇਤਨੀ ਸ਼ਕਤੀ ਨਹੀਂ ਸੀ ਕਿ ਕਿਸੇ ਦੇ ਸਾਂਝੇ ਹਮਲੇ ਦਾ ਟਾਕਰਾ ਕਰ ਸਕੇ। ਭੰਗੀ ਮਿਸਲ, ਕਨ੍ਹਈਆ ਤੇ ਸ਼ੁਕਰਚਕੀਆ ਅਤੇ ਰਾਮਗੜ੍ਹੀਆ ਮਿਸਲਾਂ ਦੇ ਸਾਂਝੇ ਟਾਕਰੇ ਅੱਗੇ ਭਾਂਜ ਖਾ ਗਈ। ਸ਼ੁਕਰਚਕੀਆ ਤੇ ਫਿਰ ਰਣਜੀਤ ਸਿੰਘ ਨੂੰ ਵਧਣ ਲਈ ਕਦੀ ਕਨ੍ਹਈਆ ਤੇ ਕਦੇ ਭੰਗੀ ਸਰਦਾਰਾਂ ਦਾ ਸਹਾਰਾ ਲੈਣਾ ਪਿਆ।

**6. ਸ਼ੁਕਰਚਕੀਆ ਮਿਸਲ :** ਮਿਸਲਾਂ ਦੇ ਟਾਕਰੇ ਅਤੇ ਆਪੋ ਵਿਚ ਦੀ ਖਿਚੋਤਾਣ

1. ਇਕ ਕਥਨ ਅਨੁਸਾਰ ਜੰਮੂ ਦੇ ਕਬਜ਼ੇ ਉਪਰੰਤ ਖ਼ਜ਼ਾਨੇ ਦੀ ਵੰਡ ਵੇਲੇ ਹੀ ਝਗੜਾ ਹੋ ਗਿਆ ਸੀ। ਮਹਾਂ ਸਿੰਘ ਨੇ ਅੰਮ੍ਰਿਤਸਰ ਵਿਖੇ ਹੀ ਜਾ ਕੇ ਗੱਲ ਮੁਕਾਉਣੀ ਵੀ ਚਾਹੀ ਸੀ ਪਰ ਸਰਦਾਰ ਜੈ ਸਿੰਘ ਨੇ ਗੱਲ ਕਰਨ ਦੀ ਥਾਂ ਚਾਦਰ ਵਿਚ ਮੂੰਹ ਲਪੇਟ ਲਿਆ ਸੀ। ਮਹਾਂ ਸਿੰਘ ਗ੍ਰਿਫ਼ਤਾਰੀ ਦੇ ਡਰ ਤੋਂ ਅੰਮ੍ਰਿਤਸਰ ਤੋਂ ਛੇਤੀ ਹੀ ਚਲੇ ਗਏ। (ਇਬਰਤਨਾਮਾ)

ਵਿਚ ਜੇ ਕੋਈ ਮਿਸਲ ਸਫ਼ਲ ਹੋਈ ਤਾਂ ਉਹ[1] ਸ਼ੁਕਰਚਕੀਆ ਮਿਸਲ ਸੀ। ਸਤਲੁਜ ਦੇ ਉਰਾਰ ਸਾਰੇ ਇਲਾਕੇ ਉਤੇ ਕਬਜ਼ਾ ਅਤੇ ਫਿਰ ਸੰਗਠਿਤ ਕਰਕੇ ਰਾਜ ਕਰਨ ਦਾ ਸੁਪਨਾ ਵੀ ਇਸੇ ਪੂਰਿਆਂ ਕੀਤਾ। ਇਸ ਵਿਚ ਕੋਈ ਸ਼ੱਕ ਨਹੀਂ ਕਿ ਸਮੇਂ-ਸਮੇਂ ਕਈ ਮਿਸਲਾਂ ਪ੍ਰਸਿੱਧਤਾ ਖੱਟਦੀਆਂ ਰਹੀਆਂ। ਪਰ ਜਿਸ ਮਿਸਲ ਦੀ ਪ੍ਰਸਿਧੀ ਤੇ ਸਨਮਾਨ ਸਥਿਤ ਰਿਹਾ ਉਹ ਸ਼ੁਕਰਚਕੀਆ ਮਿਸਲ ਹੀ ਸੀ। ੧੭੪੦ ਤੋਂ ਲੈਕੇ ਸਾਰੀ ੧੮ਵੀਂ ਤੇ ੧੯ਵੀਂ ਸਦੀ ਦੇ ਅਰੰਭ ਤੱਕ ਜਿਸ ਮਿਸਲ ਦਾ ਬੋਲ-ਬਾਲਾ ਰਿਹਾ ਉਹ ਇਹ ਹੀ ਮਿਸਲ ਸੀ। ਬਾਕੀ ਮਿਸਲਾਂ ਨੂੰ ਵੱਧ ਤੋਂ ਵੱਧ ਇਕ ਜਾਂ ਦੋ ਪੁਸ਼ਤਾਂ ਵਿਚ ਚੰਗੇ ਆਗੂ ਮਿਲਦੇ ਰਹੇ, ਪਰ ਇਹ ਮਿਸਲ ਕੁਝ ਅਜਿਹੀ ਖ਼ੁਸ਼ਕਿਸਮਤ ਸੀ ਕਿ ਇਸ ਨੂੰ ਅਰੰਭ ਤੋਂ ਲੈ ਕੇ ਰਾਜ ਸਥਾਪਨ ਕਰਨ ਤੱਕ ਸੁਘੜ ਆਗੂਆਂ ਦੀ ਅਗਵਾਈ ਮਿਲਦੀ ਰਹੀ। ਪਹਿਲਾਂ ਸਰਦਾਰ ਚੜ੍ਹਤ ਸਿੰਘ, ਫਿਰ ਸਰਦਾਰ ਮਹਾਂ ਸਿੰਘ ਤੇ ਪਿਛੋਂ (ਮਹਾਰਾਜਾ) ਰਣਜੀਤ ਸਿੰਘ ਇਸ ਮਿਸਲ ਦੇ ਆਗੂ ਰਹੇ। ਇਸ ਮਿਸਲ ਦੇ ਬਾਨੀ ਜਥੇਦਾਰ ਸਰਦਾਰ ਨੌਧ ਸਿੰਘ ਜੀ ਸਨ। ਆਪ ਜੀ ਦੇ ਵਡੇਰੇ ਪਿੰਡ 'ਸ਼ੁਕਰਚਕ' ਦੇ ਸਨ, ਇਸ ਲਈ ਫਿਰ ਮਿਸਲ ਦਾ ਨਾਮ ਵੀ ਸ਼ੁਕਰਚਕੀਆ ਪੈ ਗਿਆ।

## ਸਰਦਾਰ ਚੜ੍ਹਤ ਸਿੰਘ

ਸਰਦਾਰ ਚੜ੍ਹਤ ਸਿੰਘ ਨੇ ਸਿੱਖੀ ਦੀ ਜਦੋ-ਜਹਿਦ ਵਿਚ ਬਹੁਤ ਨਾਮਨਾ ਖੱਟਿਆ। ਕੋਈ ਅਜਿਹੀ ਜੰਗ, ਕੋਈ ਅਜਿਹਾ ਮੌਕਾ ਨਹੀਂ ਸੀ ਜਿਸ ਵਿਚ ਸ਼ੁਕਰਚਕੀਆ ਸਰਦਾਰ ਨੇ ਅੱਗੇ ਵੱਧ ਕੇ ਹਿੱਸਾ ਨਾ ਪਾਇਆ ਹੋਵੇ। ਕਈ ਕਈ ਮਹੀਨੇ ਇਹ ਜੰਗਲਾਂ ਵਿਚ ਵਿਚਰਦੇ ਰਹੇ। ਜਦ ਤੋਂ ਤਰੁਣਾ ਦਲ ਦੀ ਜਥੇਬੰਦੀ ਬਣੀ ਸੀ, ਪੰਜਾਂ ਵਿਚੋਂ ਇਕ ਜਥੇ ਦੇ ਜਥੇਦਾਰ ਸਨ। ਅਬਦਾਲੀ ਦੇ ਚੌਥੇ ਹਮਲੇ ਵੇਲੇ ਅਬਦਾਲੀ ਦਾ ਪਿੱਛਾ ਕਰਨ ਵਾਲੇ ਸਰਦਾਰ ਚੜ੍ਹਤ ਸਿੰਘ ਜੀ ਸਨ। ਅਦੀਨਾ ਬੇਗ ਦੇ ਟਾਕਰੇ ਵਿਚ ਵੀ ਉਹ ਹੀ ਅਗੇਰੇ ਰਹੇ।

ਵੱਡੇ ਘਲੂਘਾਰੇ ਵਿਚ ਜੋ ਕਾਰਨਾਮੇ ਤੇ ਜੁਰਅੱਤ ਸਰਦਾਰ ਨੇ ਦਿਖਾਈ ਸੀ ਉਸ ਦੀ ਉਪਮਾ ਹਰ ਸਿੱਖ ਨੇ ਕੀਤੀ ਸੀ। ਇਨ੍ਹਾਂ ਦੇ ਸਰੀਰ ਤੇ ੧੯ ਫੱਟ ਲੱਗੇ ਸਨ ਪਰ ਇਹ ਅਣਖੀਲਾ ਜਰਨੈਲ ਜੂਝਦਾ ਹੀ ਰਿਹਾ ਸੀ। ਅਬਦਾਲੀ ਦੇ ਪੰਜਾਬ ਵਿਚੋਂ ਖ਼ਤਮ ਹੋ ਜਾਣ ਉਪਰੰਤ ਇਹ ਮਿਸਲ ਬਹੁਤ ਪ੍ਰਸਿੱਧ ਹੋ ਗਈ। ਹਰ ਰੋਜ਼ ਲੋਕ ਚੜ੍ਹਤ ਸਿੰਘ ਕੋਲ ਆਉਂਦੇ ਤੇ ਮਿਸਲ ਵਿਚ ਸ਼ਾਮਲ ਹੋਣ ਲਈ ਬੇਨਤੀ ਕਰਦੇ ਪਰ ਉਹ ਕਹਿੰਦੇ ਕਿ ਅਸੀਂ ਸਵਾਏ

---

1. ਇਹ ਪਿੰਡ ਅੰਮ੍ਰਿਤਸਰ ਜ਼ਿਲ੍ਹੇ ਵਿਚ ਸੀ। ਲਾਹੌਰ ਤੋਂ ੪੦ ਮੀਲ ਦੀ ਵਾਟ ਤੇ ਸੀ। 'ਸ਼ੁਕਰ' ਤੋਂ ਭਾਵ 'ਛੋਟਾ' ਹੁੰਦਾ ਹੈ। ਸਰਦਾਰ ਬੁੱਧ ਸਿੰਘ ਇਕ ਦਲੇਰ ਤੇ ਅਗਾਂਹ ਵਧੂ ਲੀਡਰ ਸਨ। ਇਹਨਾਂ ਦੇ ਸਰੀਰ ਉਤੇ ੪੩ ਘਾਉ (੨੯ ਤਲਵਾਰ ਦੇ, ੭ ਤੀਰ ਨੇਜ਼ੇ ਦੇ ਅਤੇ ਗੋਲੀ ਦੇ ੭) ਸਨ। ਸਾਰੇ ਦਰਿਆ ਉਸ ਨੇ ਘੋੜੀ 'ਦੇਸੀ' ਤੇ ਚੜ੍ਹ ਕੇ ਹੀ ਪਾਰ ਕੀਤੇ ਸਨ। ਦਿਲ ਦੇ ਬੜੇ ਨਰਮ ਸਨ। ਅੰਮ੍ਰਿਤ ਉਹਨਾਂ ਗੁਰੂ ਗੋਬਿੰਦ ਸਿੰਘ ਪਾਸੋਂ ਛਕਿਆ ਸੀ।

   ੧੭੭੨ ਵਿਚ ਉਨ੍ਹਾਂ ਦੇ ਚੜ੍ਹਾਈ ਕਰ ਜਾਣ ਉਪਰੰਤ ਉਹਨਾਂ ਦੇ ਪੁਤਰਾਂ ਚੰਦਾ ਸਿੰਘ ਤੇ ਨੌਧ ਸਿੰਘ ਨੇ ਸ਼ੁਕਰਚੱਕ ਵਿਚ ਡੇਰਾ ਰੱਖ ਕੇ ਜਥਾ ਬਣਾਇਆ। ਇਹ ਜਥਾ ਤਰੁਣਾਦਲ ਦੀ ਹੀ ਸ਼ਾਖ ਸੀ। ਗੁਜ਼ਰਾਂਵਾਲੇ ਤੱਕ ਇਸ ਜੱਥੇ ਨੇ ਮਾਰਾਂ ਕੀਤੀਆਂ। ਸਰਦਾਰ ਨੌਧ ਸਿੰਘ ਅਫ਼ਗਾਨਾਂ ਨਾਲ ਸਿੱਧੇ ਟਾਕਰੇ ਵਿਚ ਮਜੀਠੇ ਕੋਲ ਸ਼ਹੀਦ ਹੋ ਗਏ ਸਨ। ਇਕੋ ਇਕ ਪੁੱਤਰ ਸਰਦਾਰ ਚੜ੍ਹਤ ਸਿੰਘ ਸੀ। ਉਸਦੀ ਉਮਰ ਉਸ ਸਮੇਂ ਪੰਜ ਸਾਲ ਦੀ ਸੀ।

Sri Satguru Jagjit Singh Ji eLibrary NamdhariElibrary@gmail.com

ਸਿੱਖ ਦੇ ਹੋਰ ਕਿਸੇ ਨੂੰ ਵੀ ਮਿਸਲ ਵਿਚ ਸ਼ਾਮਿਲ ਨਹੀਂ ਕਰਾਂਗੇ। ਹਾਂ ਜੋ ਪਹਿਲਾਂ ਸਿੱਖ ਸੱਜ ਜਾਵੇ ਉਸ ਨੂੰ ਮਿਸਲ ਵਿਚ ਸ਼ਾਮਲ ਹੋਣ ਦਾ ਮਾਣ ਪ੍ਰਾਪਤ ਹੋ ਸਕੇਗਾ। ਇਸ ਤਰ੍ਹਾਂ ਦ੍ਰਿੜ ਇਰਾਦੇ ਵਾਲੇ ਸਵਾਰ ਇਸ ਮਿਸਲ ਵਿਚ ਸ਼ਾਮਲ ਹੋ ਗਏ। ਜਿੱਧਰ ਵੀ ਉਹ ਜਾਂਦੇ ਮੁਲਕਾਂ ਦੇ ਮੁਲਕ ਤੇ ਸ਼ਹਿਰਾਂ ਦੇ ਸ਼ਹਿਰ ਹੀ ਲੁੱਟ ਲਿਆਂਦੇ। ਭੰਗੀ ਸਰਦਾਰ ਗੁੱਜਰ ਸਿੰਘ ਨਾਲ ਰਲ ਕੇ ਜਿਹਲਮ ਪਾਰ ਦੇ ਇਲਾਕੇ ਉਤੇ ਕਬਜ਼ਾ ਕੀਤਾ। ਅਵਾਨ, ਜੰਜੂਆ, ਘੇਪਿਆ, ਅਲਪੀਆਲ, ਭੰਡੀਆਲ, ਜੋਦੜ ਤੇ ਸਾਗਰੀ ਕਬੀਲਿਆਂ ਨੂੰ ਵੀ ਈਨ ਮੰਨਵਾਈ। ਮੌਕੇ ਅਨੁਸਾਰ ਸਰਦਾਰ ਚੜ੍ਹਤ ਸਿੰਘ ਮਿਸਲ ਦੀ ਅਗਵਾਈ ਲਈ ਕਦਮ ਉਠਾਉਂਦੇ ਰਹੇ। ਜਦ ਸ਼ੁਕਰਚਕੀਆ ਸਰਦਾਰ ਨੇ ਮਹਿਸੂਸ ਕੀਤਾ ਕਿ ਭੰਗੀ ਮਿਸਲ ਦਾ ਪ੍ਰਭਾਵ ਸਮੁੱਚੇ ਪੰਜਾਬ ਉਤੇ ਵੱਧ ਗਿਆ ਹੈ ਤਾਂ ਕਨ੍ਹਈਆ ਮਿਸਲ ਨਾਲ ਸੰਧੀ ਕਰਕੇ ਠਲ੍ਹ ਪਾਈ। ਰਾਮਗੜ੍ਹੀਆ ਮਿਸਲ ਨਾਲ ਵੀ ਗੱਲਬਾਤ ਰੱਖੀ। ਇਹ ਨਿਰਸੰਦੇਹ ਕਿਹਾ ਜਾ ਸਕਦਾ ਹੈ ਕਿ ਸਰਦਾਰ ਚੜ੍ਹਤ ਸਿੰਘ ਇਕ ਸੁਲਝੇ ਹੋਏ ਅਤੇ ਅਣਖੀਲੇ ਜਰਨੈਲ ਸਨ। ਫ਼ੈਸਲਾ ਕਰਨ ਵਿਚ ਇਹਨਾਂ ਦਾ ਕੋਈ ਸਾਨੀ ਨਹੀਂ ਸੀ। ਨਵਾਬ ਕਪੂਰ ਸਿੰਘ ਤੇ ਫਿਰ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੀ ਅਗਵਾਈ ਹੇਠਾਂ ਇਹ ਤੀਖਣ ਬੁੱਧੀ ਦੇ ਮਾਲਕ ਹੋ ਗਏ ਸਨ। ਜੁਆਨੀ ਵਿਚ ਵੀ ਠਰ੍ਹੰਮਾ ਸੀ। ਕਈ ਬਿਖ਼ੜੀਆਂ ਘਾਟੀਆਂ ਚੜ੍ਹਨ ਕਰਕੇ ਹਰ ਦੁੱਖ ਨੂੰ ਝੱਲਣ ਦੀ ਸ਼ਕਤੀ ਉਹਨਾਂ ਵਿਚ ਸੀ। ਸਿੱਖੀ ਜਜ਼ਬਾਤ ਤੇ ਉਤਸ਼ਾਹ ਵੀ ਆਖ਼ਰਾਂ ਦਾ ਸੀ।

ਆਪ ਜੀ ਨੇ ਆਪਣੀਆਂ ਸਰਗਰਮੀਆਂ ਦਾ ਕੇਂਦਰ ਗੁਜ਼ਰਾਂਵਾਲਾ ਰੱਖਿਆ। ਅਫ਼ਗਾਨਾਂ ਦੇ ਟਾਕਰਿਆਂ ਵਿਚ ਇਹ ਪੇਸ਼ ਪੇਸ਼ ਹੀ ਰਹਿੰਦੇ ਸਨ। ਜਦ ਮਿਸਲਾਂ ਵਿਚ ਮੁਲਕਗੀਰੀ ਦੀ ਦੌੜ ਲੱਗੀ ਤਾਂ ਗੁਜ਼ਰਾਂਵਾਲਾ ਕੇਂਦਰ ਹੋਣ ਕਾਰਨ ਇਹਨਾਂ ਨੂੰ ਕਈ ਲਾਭ ਪੁੱਜੇ। ਭੰਗੀ ਸਰਦਾਰ ਵੀ ਇਹਨਾਂ ਨਾਲ ਟਕਰਾਉਣ ਤੋਂ ਝਿਜਕਦੇ ਸਨ। ਸਰਦਾਰ ਗੁੱਜਰ ਸਿੰਘ ਨੇ ਸੰਧੀ ਕਰਨ ਵਿਚ ਹੀ ਭਲਾ ਸਮਝਿਆ ਸੀ। ਰੁਹਤਾਸ ਕਿਲ੍ਹੇ ਉਤੇ ਸਾਂਝਾ ਹਮਲਾ ਕਰਕੇ ਰੁਹਤਾਸ ਨੂੰ ਆਪਣੇ ਕਬਜ਼ੇ ਵਿਚ ਕਰ ਲਿਆ ਸੀ। ਰੁਹਤਾਸ ਦੀ ਹਿੰਦੁਸਤਾਨ ਅਤੇ ਪੰਜਾਬ ਵਿਚ ਆਪਣੀ ਮਹੱਤਤਾ ਹੈ। ਰੁਹਤਾਸ ਦੇ ਕਬਜ਼ੇ ਨੇ ਆਪ ਜੀ ਨੂੰ ਇਸ ਯੋਗ ਬਣਾ ਦਿੱਤਾ ਸੀ ਕਿ ਵੱਡੀ ਤੋਂ ਵੱਡੀ ਸ਼ਕਤੀ ਨਾਲ ਟਕਰਾ ਕੇ ਜਿੱਤ ਪ੍ਰਾਪਤ ਕਰ ਸਕਣ। ਜੇ ਕਦੀ ਦੁਸ਼ਮਣ ਭਾਂਜ ਦੇ ਵੀ ਦੇਵੇ ਤਾਂ ਮਿਸਲ ਦੀ ਆਪਣੀ ਸਥਿਤੀ ਐਸੀ ਸੀ ਕਿ ਉਸ ਨੂੰ ਕੋਈ ਖ਼ਾਸ ਫ਼ਰਕ ਨਹੀਂ ਸੀ ਪੈਂਦਾ। ਫਿਰ ਹਰ ਮਿਸਲ ਸ਼ੁਕਰਚਕੀਆ ਨੂੰ ਮਦਦ ਦੇਣ ਲਈ ਉਤਾਵਲੀ ਸੀ। ਇਸ ਗੱਲ ਤੋਂ ਮਿਸਲ ਵਾਲੇ ਜਾਣੂ ਸਨ। ਜੰਮੂ ਲਾਗੇ ਜਦ ਆਪ ਜੀ ਦੀ ਬਾਰੂਦ ਫੱਟ ਜਾਣ ਕਰਕੇ ਸ਼ਹੀਦੀ ਹੋ ਗਈ ਤਾਂ ਇਹ ਖ਼ਿਆਲ ਕੀਤਾ ਜਾਂਦਾ ਸੀ ਕਿ ਇਹ ਮਿਸਲ ਵੀ ਬਾਕੀ ਮਿਸਲਾਂ ਵਾਂਗੂੰ ਨਿਰਮੂਲ ਹੋ ਜਾਏਗੀ । ਸਰਦਾਰ ਚੜ੍ਹਤ ਸਿੰਘ ਦੀ ਮੌਤ ਊਦੋ ਚਕ, ਬਸੰਤਰ ਨਦੀ ਜ਼ਫ਼ਰਵਾਲ ਪਰਗਨਾ ਵਿਖੇ ਸੰਨ ੧੭੭੪ ਨੂੰ ਹੋ ਗਈ ਤਾਂ ਇਹ ਮਿਸਲ ਲਈ ਇਕ ਨਾ ਭੁੱਲਣ ਵਾਲੀ ਸੱਟ ਸੀ। ਸਰਦਾਰ ਮਹਾਂ ਸਿੰਘ ਨੇ ਜਿਸ ਸਿਆਣਪ ਤੇ ਸੁਘੜਤਾ ਨਾਲ ਮਿਸਲ ਦੀ ਅਗਵਾਈ ਕੀਤੀ ਤੇ ਫਿਰ ਮਿਸਲ ਦੀ ਮਹਾਨਤਾ ਨੂੰ ਵਧਾਇਆ ਉਹ ਮਹਾਂ ਸਿੰਘ ਦੀ ਵਡੱਤਣ ਦੱਸਣ ਲਈ ਕਾਫ਼ੀ ਹੈ। ਆਪਣੇ ਪਿਤਾ ਵਾਂਗ

1. ਇਹ ਘਟਨਾ ੧੭੭੪ ਦੀ ਹੈ।

Sri Satguru Jagjit Singh Ji eLibrary NamdhariElibrary@gmail.com

ਹੀ ਮਹਾਂ ਸਿੰਘ ਨੇ ਮੌਕੇ ਦਾ ਯੋਗ ਹਥਿਆਰ ਵਰਤਿਆ। ਸਰਦਾਰ ਚੜ੍ਹਤ ਸਿੰਘ ਜੀ ਚੜ੍ਹਾਈ ਕਰਨ ਦੇ ਨਾਲ ਕਨ੍ਹਈਆ ਮਿਸਲ ਮਜ਼ਬੂਤ ਹੋ ਗਈ। ਭੰਗੀ ਮਿਸਲ ਆਪਣਾ ਰੁਹਬ ਗਵਾ ਚੁੱਕੀ ਸੀ। ਕਨ੍ਹਈਆ ਮਿਸਲ ਛੇਤੀ ਨਾਲ ਆਪਣਾ ਪ੍ਰਭਾਵ ਅਤੇ ਅਧਿਕਾਰ ਖੇਤਰ ਵਧਾ ਰਹੀ ਸੀ। ਰਾਮਗੜ੍ਹੀਆ ਸਰਦਾਰ ਨੂੰ ਦੂਰ ਧਕੇਲਣ ਵਿਚ ਉਹ ਸਫਲ ਹੋ ਗਈ ਸੀ। ਪਹਾੜੀ ਰਾਜਿਆਂ ਕੋਲੋਂ ਰਾਖੀ ਲੈਣੀ ਵੀ ਇਕ ਵੱਡਾ ਕਾਰਨਾਮਾ ਸੀ । ਸਰਦਾਰ ਮਹਾਂ ਸਿੰਘ ਨੇ ਰਾਮਗੜ੍ਹੀਆ ਸਰਦਾਰ ਜੱਸਾ ਸਿੰਘ ਦੀ ਮਦਦ ਕਰਨੀ ਠੀਕ ਸਮਝੀ ਤੇ ਗਵਾਚੇ ਹੋਏ ਇਲਾਕੇ ਵਾਪਸ ਦਿਲਵਾਏ। ਸਰਦਾਰ ਜੈ ਸਿੰਘ ਨੇ ਆਪਣੀ ਪੋਤਰੀ ਦੀ ਸ਼ਾਦੀ ਸਰਦਾਰ ਮਹਾਂ ਸਿੰਘ ਦੇ ਲੜਕੇ ਨਾਲ ਕਰ ਦਿੱਤੀ। ਇਸ ਰਿਸ਼ਤੇ ਨੇ ਸਰਦਾਰ ਮਹਾਂ ਸਿੰਘ ਨੂੰ ਕਾਫ਼ੀ ਲਾਭ ਪਹੁੰਚਾਇਆ। ਪਹਾੜੀ ਰਾਜੇ ਸੰਸਾਰ ਚੰਦ ਨਾਲ ਸੰਧੀ ਕਰਕੇ ਸਰਦਾਰ ਜੈ ਸਿੰਘ ਕਨ੍ਹਈਆ ਨੂੰ ਇਕ ਤਗੜੀ ਹਾਰ ਦਿੱਤੀ। ਸ਼ੁਕਰਚਕੀਆ ਸਰਦਾਰ ਨੇ ਆਪ ਉਹ ਗ਼ਲਤੀ ਨਾ ਕੀਤੀ ਜੋ ਬਾਕੀ ਮਿਸਲਾਂ ਵਾਲੇ ਕਰਦੇ ਰਹੇ ਸਨ। ਆਪ ਨੇ ਮਿਸਲ ਦਾ ਪ੍ਰਭਾਵ ਤੇ ਅਧਿਕਾਰ ਖੇਤਰ ਰਾਵੀ ਤੋਂ ਪਾਰ ਲਾਹੌਰ ਵਾਲੇ ਪਾਸੇ ਨਾ ਬਣਾਇਆ, ਸਗੋਂ ਰਾਮਨਗਰ ਤੇ ਗੁਜਰਾਂਵਾਲਾ ਰੱਖਿਆ। ਸਰਦਾਰ ਮਹਾਂ ਸਿੰਘ ਨੇ ਪੀਰ ਮੁਹੰਮਦ ਖ਼ਾਨ ਦੇ ਸਾਰੇ ਇਲਾਕਿਆਂ ਨੂੰ ਤਿੰਨਾਂ ਮਹੀਨਿਆਂ ਵਿਚ ਹੀ ਆਪਣੇ ਅਧੀਨ ਕਰ ਲਿਆ। ਕਈ ਮੁਸਲਮਾਨਾਂ ਦੀਆਂ ਪਵਿੱਤਰ ਵਸਤੂਆਂ ਸਰਦਾਰ ਮਹਾਂ ਸਿੰਘ ਦੇ ਹੱਥ ਆਈਆਂ ਪਰ ਉਹਨਾਂ ਸਤਿਕਾਰ ਨਾਲ ਗੁਜ਼ਰਾਂਵਾਲਾ ਪਹੁੰਚਾ ਦਿੱਤੀਆਂ। ਇਸ ਨਾਲ ਸਾਰੇ ਪਾਸੇ ਉਹਨਾਂ ਦਾ ਨਾਮਨਾ ਹੋ ਗਿਆ। ਜੰਮੂ ਤੇ ਉਸਦੀ ਖ਼ਾਸ ਤੌਰ ਤੇ ਨਜ਼ਰ ਸੀ। ਜਦ ਜੰਮੂ ਦਾ ਰਾਜਾ ਬ੍ਰਿਜਰਾਜ ਦੇਵ ਸ਼ਹਿਰ ਛੱਡ ਕੇ ਨੱਸ ਗਿਆ ਤਾਂ ਵਸਨੀਕ ਬਹੁਤ ਘਬਰਾਏ ਤਾਂ ਆਪ ਜੀ ਨੇ ਉਸ ਸਮੇਂ ਕਹਿਲਾ ਭੇਜਿਆ ਕਿ ਅਸੀਂ ਸ਼ਹਿਰ ਲੁੱਟਣ ਨਹੀਂ ਆਏ, ਤੁਸੀਂ ਨਿਸਚਿੰਤ ਰਹੋ, ਸਾਨੂੰ ਕੇਵਲ ਜੰਮੂ ਦੇ ਰਾਜੇ ਨਾਲ ਮਤਲਬ ਹੈ। ਸਰਦਾਰ ਮਹਾਂ ਸਿੰਘ ਦੀ ਸਿਆਣਪ ਤੇ ਸੂਝ ਦੀ ਸਾਰੇ ਪ੍ਰਸੰਸਾ ਕਰਦੇ ਸਨ। ਸਿੱਧੀ ਟੱਕਰ ਲੈਣ ਯੋਗ ਨਹੀਂ ਸੀ। ਸਮਾਂ ਟਪਾਉਣਾ ਤੇ ਫਿਰ ਸਮੇਂ ਉਤੇ ਹੀ ਸੱਟ ਮਾਰਨੀ ਅਸਲ ਰਾਜਨੀਤੀ ਹੈ। ੧੭੮੧ ਵਿਚ ਇਸ ਮਿਸਲ ਦਾ ਖੇਤਰ ਰਾਵੀ ਤੋਂ ਰੁਹਤਾਸ ਤੱਕ ਬਣ ਗਿਆ। ਅਗਲੇ ਸਾਲ ੧੭੮੨ ਈ. ਨੂੰ ਭਰ ਜੁਆਨੀ ਵਿਚ ਸਰਦਾਰ ਮਹਾਂ ਸਿੰਘ ਚੜ੍ਹਾਈ ਕਰ ਗਏ। ਭਾਵੇਂ ਇਸ ਮੌਤ ਦਾ ਵੀ ਸ਼ੁਕਰਚਕੀਆ ਮਿਸਲ ਨੂੰ ਬਹੁਤ ਨੁਕਸਾਨ ਹੋਇਆ, ਪਰ ਮਹਾਰਾਜਾ ਰਣਜੀਤ ਸਿੰਘ ਨੇ ਪੰਜਾਬ ਉਤੇ ਆਪਣਾ ਰਾਜ ਕਾਇਮ ਕੀਤਾ ਉਹ ਇਕ ਵੱਖਰਾ ਕਾਂਡ ਹੈ।[1] ਕਿਹਾ ਜਾਂਦਾ ਹੈ ਕਿ ਜੇ ਸਰਦਾਰ ਮਹਾਂ ਸਿੰਘ ਕੁਝ ਚਿਰ ਹੋਰ ਜ਼ਿੰਦਾ ਰਹਿੰਦੇ ਤਾਂ ਜੋ ਰਾਜ ੪੦ ਸਾਲ ਹੀ ਆਪਣੀ ਦਿਖ ਦਿਖਾ ਸਕਿਆ ਉਹ ਸ਼ਾਇਦ ਪੱਕੇ ਪੈਰਾਂ ਉਤੇ ਹੋ ਜਾਂਦਾ।

ਇਸ ਮਿਸਲ ਕੋਲ ੭੦੦੦ ਦੇ ਕਰੀਬ ਸਿਪਾਹੀ ਸਨ। ਇਸ ਮਿਸਲ ਦੀ ਗਿਣਤੀ ਤਕਰੀਬਨ ਇਕੋ ਜਿਹੀ ਹੀ ਰਹੀ। ਪੰਜਾਬ ਨੂੰ ਸੰਗਠਿਤ ਤੇ ਫਿਰ ਰਾਜ ਕਾਇਮ ਕਰਨ ਦਾ ਸਿਹਰਾ ਮਿਸਲ ਆਗੂਆਂ ਦੇ ਸਿਰ ਹੈ।

ਨਕਈ ਨਾਂ 'ਨਾਕਾ' ਕਰਕੇ ਹੀ ਪਿਆ। ਦੋ ਪਰਗਨੇ ਸਾਹੀਵਾਲ ਤੇ ਗੂਗੈਰਾ ਰਾਵੀ

1. ਇਹ ਸਾਰਾ ਹਾਲ 'ਸਾਡਾ ਇਤਿਹਾਸ' ਦੇ ਤੀਜੇ ਹਿੱਸੇ ਵਿਚ ਦੇਖੋ।

Sri Satguru Jagjit Singh Ji eLibrary NamdhariElibrary@gmail.com

ਕਿਨਾਰੇ ਸਨ ਤੇ ਦੋ ਪਰਗਨੇ ਦੀਪਾਲਪੁਰ ਤੇ ਪਾਕਪਟਨ ਸਤਲੁਜ ਤੇ।

7. **ਨਕਈ ਮਿਸਲ** : ਲਾਹੌਰ ਅਤੇ ਮੁਲਤਾਨ ਦੇ ਨਾਕਿਆਂ ਦੀ ਪੁਜ਼ੀਸ਼ਨ ਪੰਜਾਬ ਦੇ ਇਤਿਹਾਸ ਵਿਚ ਸਦਾ ਹੀ ਮਹੱਤਵਪੂਰਨ ਰਹੀ ਹੈ। ਅਬਦਾਲੀ ਦੇ ਹਮਲਿਆਂ ਤੇ ਫਿਰ ਤੈਮੂਰ ਦੇ ਹਮਲਿਆਂ ਵੇਲੇ ਇਹਨਾਂ ਨਾਕਿਆਂ ਨੂੰ ਖਾਸ ਥਾਂ ਪ੍ਰਾਪਤ ਹੋ ਗਈ ਸੀ। ਸਿੱਖ ਵੀ ਇਨ੍ਹਾਂ ਨਾਕਿਆਂ ਦੀ ਮਹੱਤਤਾ ਨੂੰ ਸਮਝਦੇ ਸਨ ਤੇ ਪੰਜਾਬ ਦੀ ਸਥਿਤੀ ਨੂੰ ਧਿਆਨ ਵਿਚ ਰੱਖਦੇ ਹੋਏ ਉਹ ਇਹਨਾਂ ਨਾਕਿਆਂ ਤੇ ਕਬਜ਼ਾ ਕਰਨਾ ਜ਼ਰੂਰੀ ਸਮਝਦੇ ਸਨ। ਨਾਕਿਆਂ ਉਤੇ ਸਰਦਾਰ ਹੀਰਾ ਸਿੰਘ ਨੇ ਕਬਜ਼ਾ ਕਰਕੇ ਇਸ ਮਿਸਲ ਦੀ ਬੁਨਿਆਦ ਰੱਖੀ। ਫਿਰ ਇਸ ਨੇ ਅੱਗੇ ਵੱਧ ਕੇ ਦਰਿਆ ਸਤਲੁਜ ਦੇ ਕਿਨਾਰੇ ਕਿਨਾਰੇ ਦੂਰ ਦੂਰ ਤਕ ਮੁਲਕ ਫ਼ਤਿਹ ਕਰ ਲਿਆ।

ਸਰਦਾਰ ਹੀਰਾ ਸਿੰਘ , ਭਰਵਾਲ ਦੇ ਚੌਧਰੀ ਹੇਮਰਾਜ ਦੇ ਪੁੱਤਰ ਸਨ। ਭਾਈ ਮਨੀ ਸਿੰਘ ਪਾਸੋਂ ਸੰਨ ੧੭੩੧ ਵਿਚ ਅੰਮ੍ਰਿਤ ਛਕਿਆ। ਭਰਵਾਲ ਤਹਿਸੀਲ ਚੂਨੀਆਂ ਵਿਚ ਇਕ ਪ੍ਰਸਿੱਧ ਪਿੰਡ ਸੀ, ਜਿਸ ਵਿਚ ਨੱਕਾ ਕਹਿੰਦੇ ਸਨ। ਹੀਰਾ ਸਿੰਘ ਨੇ ਅੰਮ੍ਰਿਤ ਛਕਿਆ ਤੇ ਪਿੰਡ ਦੇ ਹੋਰ ਜਵਾਨਾਂ ਨੂੰ ਇਕੱਤਰ ਕਰਕੇ ਜਥਾ ਬਣਾ ਲਿਆ। ਛੇਤੀ ਹੀ ਮੁਲਕ ਨੱਕਾ ਦਾ ਮਾਲਕ ਹੀ ਬਣ ਗਿਆ। ਸਾਰੇ ਨਾਕਿਆਂ ਤੇ ਕਬਜ਼ਾ ਕਰਕੇ ਸਿੱਖੀ ਜਦੋ ਜਹਿਦ ਵਿਚ ਪੂਰਨ ਹਿੱਸਾ ਪਾਇਆ। ਆਉਣ ਜਾਣ ਵਾਲੀਆਂ ਹਮਲਾਵਰ ਫ਼ੌਜਾਂ ਨੂੰ ਇਹ ਮਿਸਲ ਰੋਕ ਪਾਉਂਦੀ ਸੀ। ਲੋੜ ਸਮੇਂ ਸੀਨਾ ਤਾਣ ਕੇ ਖੜ੍ਹੀ ਹੋ ਜਾਂਦੀ ਤੇ ਬਾਕੀ ਮਿਸਲਾਂ ਨੂੰ ਸੂਚਨਾ ਹੋ ਜਾਂਦੀ ਸੀ। ਵੱਡੇ ਘੱਲੂਘਾਰੇ ਵੇਲੇ ਇਸ ਮਿਸਲ ਨੇ ਹੀ ਖ਼ਬਰ ਪਹੁੰਚਾਈ ਸੀ ਕਿ ਅਬਦਾਲੀ ਮਹੀਨਿਆਂ ਦਾ ਸਫ਼ਰ ਦਿਨਾਂ ਵਿਚ ਕਰਕੇ ਪੁੱਜ ਰਿਹਾ ਹੈ। ੧੭੬੭ ਵਿਚ ਜਦ ਜਥੇਦਾਰ ਹੀਰਾ ਸਿੰਘ ਨੂੰ ਸ਼ਿਕਾਇਤਾਂ ਪੁੱਜੀਆਂ ਕਿ ਬਾਬਾ ਫ਼ਰੀਦ ਦੀ ਗੱਦੀ ਦਾ ਵਾਰਿਸ ਸ਼ੇਖ਼ ਸ਼ੁਜਾਹ (ਸੁਭਾਨ) ਰਵਾਇਤੀ ਰਵਾਦਾਰੀ ਛੱਡ ਕੇ ਹਿੰਦੂਆਂ ਦੇ ਜਜ਼ਬਾਤ ਨਾਲ ਖੇਡ ਰਿਹਾ ਹੈ ਤਾਂ ਜਥੇਦਾਰ ਹੀਰਾ ਸਿੰਘ ਨੇ ਪਾਕਪਟਨ ਉਤੇ ਹੱਲਾ ਬੋਲਿਆ। ਇਹ ਜੰਗ ਸੁਹਾਗ ਨਦੀ ਦੇ ਕਿਨਾਰੇ ਪਿੰਡ ਕੱਤੇਵਾਲਾ ਹੋਈ ਸੀ। ਇਸ ਹੱਲੇ ਵਿਚ ਹੀ ਜਥੇਦਾਰ ਮਾਰੇ ਗਏ ਤੇ ਫ਼ੌਜ ਬੁਹੜਵਾਲ ਨੂੰ ਪਰਤ ਆਈ। ਜਥੇਦਾਰ ਦਾ ਆਪਣਾ ਪੁੱਤਰ ਸਰਦਾਰ ਡਲ ਸਿੰਘ ਨਾਬਾਲਗ ਸੀ, ਸੋ ਜਥੇਦਾਰੀ ਉਨ੍ਹਾਂ ਦੇ ਭਰਾ ਸਰਦਾਰ ਧੰਨਾ ਸਿੰਘ ਦੇ ਪੁੱਤਰ ਸਰਦਾਰ ਨਾਹਰ ਸਿੰਘ ਦੇ ਹੱਥ ਆਈ। ਸਰਦਾਰ ਨਾਹਰ ਸਿੰਘ ਵੀ ਬਹੁਤ ਦੇਰ ਜੀਵਤ ਨਾ ਰਹੇ। ਕੋਟ ਕਮਾਲੀਆ ਦੀ ਲੜਾਈ ਵਿਚ ੧੭੬੮ ਵਿਚ ਸਰਦਾਰ ਨਾਹਰ ਸਿੰਘ ਸ਼ਹੀਦ ਹੋ ਗਏ।

ਜਥੇਦਾਰ ਨਾਹਰ ਸਿੰਘ ਤੋਂ ਬਾਅਦ ਇਸ ਮਿਸਲ ਦੀ ਅਗਵਾਈ ਜਥੇਦਾਰ ਰਣ ਸਿੰਘ ਨੇ ਸੰਭਾਲੀ। ਜਦ ਸਾਰੀਆਂ ਮਿਸਲਾਂ ਨੇ ਆਪਣੇ ਪ੍ਰਭਾਵ ਖੇਤਰ ਵਧਾਉਣੇ ਅਰੰਭੇ ਤਾਂ ਇਸ ਮਿਸਲ ਨੇ ਵੀ ਆਪਣਾ ਧਿਆਨ ਮੁਲਤਾਨ ਤੇ ਕਸੂਰ ਵੱਲ ਕੀਤਾ। ਭੰਗੀ ਮਿਸਲ ਵਾਲੇ ਇਸ ਮਿਸਲ ਦੀ ਮਹੱਤਤਾ ਤੇ ਤਾਕਤ ਤੋਂ ਜਾਣੂ ਸਨ। ਜਥੇਦਾਰ ਗੰਡਾ ਸਿੰਘ ਨੇ ਇਸ ਮਿਸਲ ਦੀ ਮਦਦ ਮੰਗੀ ਤਾਂ ਕਿ ਮੁਲਤਾਨ ਨੂੰ ਜ਼ੇਰ ਕੀਤਾ ਜਾਵੇ। ਮੁਲਤਾਨ ਦੀ ਜਿੱਤ ਤੇ ਫਿਰ ਕਸੂਰ ਨੂੰ ਕਬਜ਼ੇ ਵਿਚ ਕਰਨ ਨਾਲ ਇਸ ਮਿਸਲ ਦਾ ਵੀ ਸਨਮਾਨ ਵਧਿਆ। ਜਥੇਦਾਰ ਰਣ ਸਿੰਘ ਚੰਗੇ ਨੀਤੀਵਾਨ ਸਨ। ਉਹਨਾਂ ਸਾਰੀਆਂ ਮਿਸਲਾਂ ਵਿਚਕਾਰ ਆਪਣਾ

Sri Satguru Jagjit Singh Ji eLibrary NamdhariElibrary@gmail.com

ਤੋਲ ਕਾਇਮ ਰੱਖਿਆ ਹੋਇਆ ਸੀ। ਆਪਣੀ ਇਸ ਮਹੱਤਵਪੂਰਨ ਥਾਂ ਦਾ ਸਦਕਾ ਹੀ ਇਸ ਮਿਸਲ ਦੀ ਜ਼ਰੂਰਤ ਬਣੀ ਰਹੀ ਅਤੇ ਸਤਿਕਾਰ ਬਣਿਆ ਰਿਹਾ। ਇਸ ਮਿਸਲ ਦਾ ਅਧਿਕਾਰ ਚੂਨੀਆਂ, ਕਸੂਰ, ਸ਼ਰਕਪੁਰ, ਗੁਗਰ ਤੇ ਕੋਟ ਕਮਾਲੀਆ ਤੱਕ ਸੀ। ਪਰ ਜਦ ਜਥੇਦਾਰ ਰਣ ਸਿੰਘ ਦੀ ਮ੍ਰਿਤੂ ੧੭੯੦ ਵਿਚ ਹੋ ਗਈ ਤਾਂ ਜਥੇਦਾਰੀ ਗਿਆਨ ਸਿੰਘ ਦੇ ਹੱਥ ਆ ਗਈ।[1] ਇਸ ਮਿਸਲ ਦੀ ਗਿਣਤੀ ਤਕਰੀਬਨ ੩੦੦੦ ਸੀ। ਨਾਕਿਆਂ ਉਤੇ ਹੋਣ ਕਰਕੇ ਹੀ ਸਾਰੇ ਲੜਨ ਨੂੰ ਸ਼ੇਰ ਸਨ।

ਜਥੇਦਾਰ ਰਣ ਸਿੰਘ ਨੇ ਤਾਂ ਇਨ੍ਹਾਂ ਨੂੰ ਇਕ ਲੜੀ ਵਿਚ ਬੰਨ੍ਹੀ ਰੱਖਿਆ ਪਰ ਜਦ ਉਸ ਜੈਸਾ ਯੋਗ ਜਰਨੈਲ ਨਾ ਰਿਹਾ ਤਾਂ ਮਿਸਲ ਦੇ ਸਿਪਾਹੀ ਆਪੋ ਵਿਚ ਹੀ ਲੜਨ ਲੱਗ ਪਏ। ਸਰਦਾਰ ਗਿਆਨ ਸਿੰਘ ਦੀ ਮੌਤ (੧੮੦੪) ਬਾਅਦ ਮਹਾਰਾਜਾ ਰਣਜੀਤ ਸਿੰਘ ਨੇ ੧੮੦੭ ਵਿਚ ਸਾਰੇ ਇਲਾਕੇ ਉਤੇ ਕਬਜ਼ਾ ਕਰ ਲਿਆ। ਸਰਦਾਰ ਗਿਆਨ ਸਿੰਘ ਦੇ ਪੁੱਤਰ ਸਰਦਾਰ ਕਾਹਨ ਸਿੰਘ ਨੂੰ ਮਹਾਰਾਜਾ ਨੇ ਡੇਢ ਲੱਖ ਰੁਪਏ ਦੀ ਜਾਗੀਰ ਦੇ ਦਿੱਤੀ ਸੀ।

ਦੂਜੇ, ਭੰਗੀ ਮਿਸਲ ਤੇ ਸ਼ੁਕਰਚਕੀਆ ਮਿਸਲ ਵਿਚਕਾਰ ਖੜਕ ਪਈ। ਇਸ ਮਿਸਲ ਦੇ ਇਲਾਕੇ ਦੋਹਾਂ ਨਾਲ ਲੱਗਦੇ ਸਨ। ਇਹ ਮਿਸਲ ਸਮਤੋਲ ਰੱਖਣ ਵਿਚ ਨਾਕਾਮਯਾਬ ਰਹੀ। ਇਸ ਲਈ ਇਹ ਮਿਸਲ ਕੁਝ ਪਿੰਡਾਂ ਤੱਕ ਹੀ ਸੀਮਤ ਰਹਿ ਕੇ ਖ਼ਤਮ ਹੋ ਗਈ।

ਤੀਜੇ, ਇਸ ਮਿਸਲ ਦਾ ਕੋਈ ਵੀ ਉਤਰਾਧਿਕਾਰੀ ਇਤਨਾ ਸੁਘੜ ਨਹੀਂ ਸੀ ਕਿ ਨਾਕਿਆਂ ਦੇ ਇਲਾਕਿਆਂ ਨੂੰ ਕਾਬੂ ਰੱਖ ਸਕੇ ਤੇ ਨਾ ਹੀ ਮਿਸਲ ਦੀ ਕੋਈ ਉਚੀ ਖ਼ਾਹਿਸ਼ ਸੀ।

੪. **ਡਲੇਵਾਲੀਆ ਮਿਸਲ** : ੧੭੪੫ ਵਿਚ ਸਰਬਤ ਖ਼ਾਲਸਾ ਨੇ ਇਹ ਗੁਰਮਤਾ ਪਾਸ ਕੀਤਾ ਕਿ ਰਾਵੀ ਦੇ ਕਿਨਾਰੇ ਇਕ ਕਿਲ੍ਹਾ ਬਣਾਇਆ ਜਾਵੇ ਜੋ ਦੁਸ਼ਮਣਾਂ ਨੂੰ ਰੋਕਣ ਦੇ ਕੰਮ ਵੀ ਆ ਸਕੇ ਤੇ ਸਮੇਂ ਸਿਰ ਪਨਾਹ ਵੀ ਬਣ ਸਕੇ। ਇਹ ਕਿਲ੍ਹਾ ਪਿੰਡ ਡਲੇਵਾਲ [2] ਬਣਾਇਆ ਗਿਆ। ਕਿਲ੍ਹਾ ਬਣ ਜਾਣ ਉਪਰੰਤ ਸਰਦਾਰ ਗੁਰਦਿਆਲ ਸਿੰਘ ਨੂੰ ਨਿਗਰਾਨ ਬਣਾਇਆ ਗਿਆ। ਸਰਦਾਰ ਗੁਰਦਿਆਲ ਸਿੰਘ 'ਤਰਨਾ ਦਲ' ਦੇ ਇਕ ਜਥੇ ਦੇ ਜਥੇਦਾਰ ਸਨ। ਇਨ੍ਹਾਂ ਬੜੀ ਯੋਗਤਾ ਨਾਲ ਕਿਲ੍ਹੇ ਦੀ ਨਿਗਰਾਨੀ ਕੀਤੀ ਤੇ ਲੋੜ ਸਮੇਂ ਅੱਗੇ ਵੱਧ ਕੇ ਲੜੇ। ਇਸ ਕਿਲ੍ਹੇ ਦੀ ਰਾਖੀ ਤੇ ਸੰਭਾਲ ਕਰਨ ਕਰ ਕੇ ਉਹਨਾਂ ਦਾ ਨਾਮ ਹੀ 'ਡਲੇਵਾਲੀਆ' ਪੈ ਗਿਆ।

---

1. ਸਰਦਾਰ ਗਿਆਨ ਸਿੰਘ ਨੇ ਆਪਣੀ ਭੈਣ ਮਾਈ ਰਾਜ ਕੌਰ ਦੀ ਸ਼ਾਦੀ ਮਹਾਰਾਜਾ ਰਣਜੀਤ ਸਿੰਘ ਨਾਲ ਕੀਤੀ। ਸ਼ਹਿਜ਼ਾਦਾ ਖੜਕ ਸਿੰਘ, ਰਾਜ ਕੌਰ ਦੀ ਕੁਖੋਂ ਹੋਏ ਸਨ।
2. ਡਲੇਵਾਲ ਰਾਵੀ ਦਰਿਆ ਦੇ ਕਿਨਾਰੇ ਡੇਰਾ ਬਾਬਾ ਨਾਨਕ ਕੋਲ ਇਕ ਮਹੱਤਵ ਪੂਰਨ ਪਿੰਡ ਸੀ। ਇਸ ਪਿੰਡ ਦੇ ਗੁਲਾਬਾ ਖਤਰੀ ਸਨ ਜੋ ਪਰਚੂਨ ਦੀ ਦੁਕਾਨ ਕਰਦੇ ਸਨ, ਜਿਨ੍ਹਾਂ ਅੰਮ੍ਰਿਤ ਛੱਕ ਕੇ ਇਕ ਤਗੜਾ ਜਥਾ ਬਣਾ ਲਿਆ ਤੇ ਨਾਮ ਸਰਦਾਰ ਗੁਲਾਬ ਸਿੰਘ ਹੋ ਗਿਆ। ਆਖਦੇ ਹਨ ਕਿ ਇਲਾਕੇ ਵਿਚ ਇਤਨਾ ਜ਼ੋਰ ਪਾ ਲਿਆ ਕਿ ਸਾਰੇ ਥਰ-ਥਰ ਕੰਬਣ ਲੱਗ ਪਏ। ਇਥੋਂ ਤੱਕ ਕਿ ਲੋਕਾਂ ਡੇਰਾ ਬਾਬਾ ਨਾਨਕ ਦੇ ਮਹੰਤ ਪਾਸ ਫ਼ਰਿਆਦ ਕੀਤੀ। ਮਹੰਤ ਨੇ ਸਰਦਾਰ ਗੁਲਾਬ ਸਿੰਘ ਨੂੰ ਕਿਹਾ, ਘਟੋ ਘਟ ਤੂੰ ਆਂਢ-ਗੁਆਂਢ ਨੂੰ ਨਾ ਲੁੱਟ। ਦੂਰ-ਦੂਰ ਇਲਾਕਿਆਂ ਤੇ ਤੇਰਾ ਅਧਿਕਾਰ ਹੈ, ਜੋ ਮਰਜ਼ੀ ਹੈ ਪਾਇਆ ਕਰ। ਇਨ੍ਹਾਂ ਦਾ ਆਪਣਾ ਪੁੱਤਰ ਕੋਈ ਨਹੀਂ ਸੀ, ਸੋ ਜਥੇਦਾਰੀ ਸਰਦਾਰ ਤਾਰਾ ਸਿੰਘ, "ਘੈਬਾ" ਹੱਥ ਆਈ।

Sri Satguru Jagjit Singh Ji eLibrary NamdhariElibrary@gmail.com

ਜਿਵੇਂ ਸਰਦਾਰ ਜੱਸਾ ਸਿੰਘ ਨਾਲ ਰਾਮਗੜ੍ਹੀਆ ਜੁੜ ਗਿਆ ਸੀ।

ਸਰਦਾਰ ਗੁਰਦਿਆਲ ਸਿੰਘ ਦੀ ਸ਼ਹੀਦੀ ਨੂੰ ਕੌਮ ਸਤਿਕਾਰ ਨਾਲ ਦੇਖਦੀ ਸੀ। ਛੋਟੇ ਘੱਲੂਘਾਰੇ ਵੇਲੇ ਸਿੱਖ ਤਿੰਨਾਂ ਪਾਸਿਆਂ ਤੋਂ ਘਿਰ ਗਏ ਸਨ। ਇਕ ਪਾਸੇ ਰਾਵੀ ਸੀ, ਦੂਸਰੇ ਪਾਸੇ ਬਰੇਤਾ ਤੇ ਪਿੱਛੇ ਲਖਪਤ ਰਾਏ ਅਤੇ ਯਹੀਆ ਖ਼ਾਨ ਦੀਆਂ ਫ਼ੌਜਾਂ ਆ ਰਹੀਆਂ ਸਨ। ਸਿੱਖਾਂ ਇਹ ਵਿਚਾਰ ਬਣਾਈ ਕਿ ਰਾਵੀ ਪਾਰ ਕਰ ਲਈ ਜਾਵੇ। ਮਹੀਨਾ ਜੇਠ ਦਾ ਸੀ ਤੇ ਦਰਿਆ ਆਪਣੇ ਜੋਬਨ ਤੇ ਸੀ ਤੇ ਪਾਣੀ ਵੀ ਰੋਹੜੂ ਸੀ। ਸਰਦਾਰ ਗੁਰਦਿਆਲ ਸਿੰਘ ਨੇ ਸਲਾਹ ਦਿੱਤੀ ਕਿ ਉਹ ਘੋੜਾ ਪਾ ਕੇ ਦੇਖਦਾ ਹੈ ਕਿ ਕਿਤਨੀ ਛਲ ਹੈ ਤੇ ਪਾਣੀ ਕਿਤਨਾ ਡੂੰਘਾ ਹੈ। ਰਾਵੀ ਦੀ ਛੱਲ ਅੱਗੇ ਇਹਨਾਂ ਦੀ ਪੇਸ਼ ਨਾ ਗਈ ਤੇ ਉਹ ਸਮੇਤ ਆਪਣੇ ਭਰਾ ਦੇ ਰਾਵੀ ਵਿਚ ਹੀ ਸ਼ਹੀਦੀਆਂ ਪਾ ਗਏ। ਉਹ ਆਪ ਤਾਂ ਸ਼ਹੀਦ ਹੋ ਗਏ ਪਰ ਕਈ ਹਜ਼ਾਰ ਕੀਮਤੀ ਜਾਨਾਂ ਨੂੰ ਬਚਾਉਣ ਵਿਚ ਸਫ਼ਲ ਹੋ ਗਏ ਸਨ। ਜੇ ਕਾਫ਼ਲਾ ਰਾਵੀ ਵਿਚ ਪੈਰ ਪਾ ਦਿੰਦਾ ਤਾਂ ਸਾਰਿਆਂ ਹੀ ਸ਼ਹੀਦ ਹੋ ਜਾਣਾ ਸੀ। ਇਸ ਤਰ੍ਹਾਂ ਇਸ ਮਿਸਲ ਦੇ ਆਗੂ ਦੇ ਪੂਰਨਿਆਂ ਉਤੇ ਹੀ ਸਾਰੇ ਮਿਸਲ ਦੇ ਸਿਪਾਹੀ ਟੁਰਦੇ ਰਹੇ।

ਸਰਦਾਰ ਗੁਰਦਿਆਲ ਸਿੰਘ ਉਪਰੰਤ ਇਸ ਮਿਸਲ ਦੀ ਅਗਵਾਈ ਜਥੇਦਾਰ ਤਾਰਾ ਸਿੰਘ ਘੇਬਾ ਨੇ ਅਪਣਾਈ। ਸਰਦਾਰ ਤਾਰਾ ਸਿੰਘ ਘੇਬਾ[1] ਵੀ ਸਰਦਾਰ ਗੁਰਦਿਆਲ ਸਿੰਘ ਵਾਂਗ ਅਗਾਂਹ ਵੱਧ ਕੇ ਲੜਨ ਵਾਲੇ ਜ਼ਰਨੈਲ ਸਨ। ਸਰਦਾਰ ਜੱਸਾ ਸਿੰਘ ਆਹਲੂਵਾਲੀਆ, ਸਰਦਾਰ ਹਰੀ ਸਿੰਘ ਭੰਗੀ ਤੇ ਸਰਦਾਰ ਚੜ੍ਹਤ ਸਿੰਘ ਸ਼ੁਕਰਚਕੀਆ ਵਾਂਗੂੰ ਇਹ ਸੁਘੜ ਜਰਨੈਲ ਸਨ ਜੋ ਹਰ ਸਮੇਂ ਜਾਨ ਵਾਰਨ ਲਈ ਤਤਪਰ ਸਨ। ਆਪਣੇ ਸਾਥੀ ਜਰਨੈਲਾਂ ਨਾਲ ਮੋਢਾ ਡਾਹ ਕੇ ਉਹ ਲੜਦੇ ਰਹੇ। ਉਹ ਤੇ ਇਨ੍ਹਾਂ ਦੀ ਮਿਸਲ ਸਤਿਕਾਰ ਨਾਲ ਦੇਖੀ ਜਾਂਦੀ ਸੀ। ਅਹਿਮਦ ਸ਼ਾਹ ਅਬਦਾਲੀ ਦੇ ਹਮਲਿਆਂ ਦਾ ਟਾਕਰਾ ਉਹ ਡੱਟ ਕੇ ਕਰਦੇ ਰਹੇ। ਖ਼ਾਸ ਕਰ ੧੭੫੭ ਈ. ਨੂੰ ਜਦ ਅਬਦਾਲੀ ਦਿੱਲੀ ਤੋਂ ਲੁੱਟ ਕੇ ਖਜ਼ਾਨਾ ਲੈ ਜਾ ਰਿਹਾ ਸੀ ਤਾਂ ਇਹਨਾਂ ਨੇ ੧੨੪ ਮੀਲ ਦਾ ਪੈਂਡਾ ਇਕੋ ਰਾਤ ਕਰਕੇ ਚਨਾਬ ਬੇੜੀਆਂ ਵਿਚ ਲੱਦੇ ਖ਼ਜ਼ਾਨੇ ਨੂੰ ਜਾ ਲਿਆ ਸੀ। ਬੜੇ ਫ਼ੁਰਤੀਲੇ ਜਰਨੈਲ ਸਨ। ਜਹਾਨ ਖ਼ਾਨ ਨਾਲ ਉਹ ਸਭ ਤੋਂ ਪਹਿਲਾਂ ਲੋਹਾ ਲੈਂਦੇ ਸਨ। ਅੰਮ੍ਰਿਤਸਰ ਦੀ ਰੱਖਿਆ ਲਈ ਇਹ ਸਭ ਤੋਂ ਪਹਿਲਾਂ ਜੂਝਦੇ ਸਨ। ਅਬਦਾਲੀ ਦਾ ਟਾਕਰਾ ਕਰਨ ਵਿਚ ਇਸ ਮਿਸਲ ਦਾ ਕਾਫ਼ੀ ਹੱਥ ਹੈ। ਕਸੂਰ ਦੇ ਕਬਜ਼ੇ ਵੇਲੇ ਭੰਗੀ ਮਿਸਲ ਦੇ ਨਾਲ ਰਲ ਕੇ ਹਮਲਾ ਕੀਤਾ। ੪ ਲੱਖ ਰੁਪਿਆ ਸਰਦਾਰ ਤਾਰਾ ਸਿੰਘ ਦੇ ਹੱਥ ਆਇਆ ਸੀ। ਜਦ ਗੋਹਰ ਦਾਸ ਗੰਜ ਦੇ ਪ੍ਰਸਿੱਧ ਸੇਠ ਨੂੰ ਅੰਮ੍ਰਿਤ ਛਕਾ ਕੇ ਸਿੰਘ ਸਜਾਇਆ ਸੀ ਤਾਂ ਇਸ ਮਿਸਲ ਦੀ ਮਹੱਤਤਾ ਹੋਰ ਵੀ ਵੱਧ ਗਈ। ਸਰਹੰਦ ਦੀ ਇੱਟ ਨਾਲ ਇੱਟ ਵਜਾਉਣ ਵੇਲੇ ਆਪ ਵੀ ਅੱਗੇ ਸਨ। ਇਸ ਮਿਸਲ

---

1. "ਘੇਬਾ" ਸ਼ਬਦ ਦਾ ਅਰਥ ਹੈ 'ਬਚਿੱਤਰ'। ਸਰਦਾਰ ਤਾਰਾ ਸਿੰਘ ਹੁਸ਼ਿਆਰੀ ਤੇ ਜੁਰਅੱਤ ਵਿਚ ਵਚਿਤਰ ਸ਼ਕਤੀ ਦੇ ਮਾਲਕ ਸਨ। ਆਖਦੇ ਹਨ ਕਿ ਆਪ ਜੀ ਦਾ ਪਿੰਡ ਨਦੀ ਦੇ ਕਿਨਾਰੇ ਸੀ ਤੇ ਖੇਤ ਤੇ ਘਾਹ ਦੂਜੇ ਪਾਸੇ ਸੀ। ਇਨ੍ਹਾਂ ਲਈ ਭੇਡਾਂ ਪਾਲਣਾ ਮੁਸ਼ਕਿਲ ਸੀ। ਸੋ ਇਹਨਾਂ ਨਦੀ ਤੇ ਰਸਿਆਂ ਦਾ ਪੁਲ ਬਣਾਇਆ ਤੇ ਰੋਜ਼ ਭੇਡਾਂ ਨੂੰ ਰਸਿਆਂ ਦੇ ਪੁਲ ਉਤੋਂ ਖੇਤਾਂ ਵਿਚ ਚਾਰਨ ਲਈ ਲੈ ਜਾਂਦੇ ਸੀ। ਇਸ ਸੁਘੜਤਾ, ਉਚੀ ਸੋਚ ਅਤੇ ਸਿਆਣਪ ਕਰਕੇ ਹੀ ਆਪ ਜੀ ਦਾ ਨਾਮ ਘੇਬਾ (ਗ਼ੈਬਾ ਅਸਚਰਜ) ਪਿਆ ਸੀ।

ਦੇ ਸਿਪਾਹੀਆਂ ਦੀ ਗਿਣਤੀ ੮੦੦੦ ਦੇ ਕਰੀਬ ਸੀ। ਬਘੇਲ ਸਿੰਘ ਦੇ ਦਿੱਲੀ ਦੀ ਜਿੱਤ (੧੭੮੩) ਵੇਲੇ ਨਾਲ ਸਨ। ਨਾਲ ਕਿਲ੍ਹੇ ਤੋਂ ਦੋ ਤੋਪਾਂ ਜਿੱਤ ਦੀ ਨਿਸ਼ਾਨੀ ਦੇ ਤੌਰ ਤੇ ਨਾਲ ਲਿਆਏ ਸਨ।[1] ਅਬਦਾਲੀ ਬਾਅਦ ਇਸ ਮਿਸਲ ਨੇ ਆਪੋ ਵਿਚ ਦੀ ਦੌੜ ਨੂੰ ਰੋਕਣ ਲਈ ਵੀ ਉਪਰਾਲੇ ਕੀਤੇ। (ਮਹਾਰਾਜਾ) ਰਣਜੀਤ ਸਿੰਘ ਨੇ ਸਰਦਾਰ ਤਾਰਾ ਸਿੰਘ ਘੈਬਾ ਦੀ ਬਿਰਧ ਅਵਸਥਾ ਤੋਂ ਲਾਭ ਉਠਾਉਂਦੇ ਹੋਏ ਸਰਦਾਰ ਫਤਿਹ ਸਿੰਘ ਆਹਲੂਵਾਲੀਏ ਨੂੰ ਇਨ੍ਹਾਂ ਦੇ ਇਲਾਕੇ ਉਤੇ ਕਬਜ਼ਾ ਕਰਨ ਲਈ ਭੇਜਿਆ ਸੀ। ਸਰਦਾਰ ਤਾਰਾ ਸਿੰਘ ਮੁਕਾਬਲਾ ਕਰਨ ਦੇ ਯੋਗ ਨਹੀਂ ਸਨ। ਸੋ ਕੁਝ ਪਿੰਡਾਂ ਤੱਕ ਹੀ ਮਿਸਲ ਦਾ ਪ੍ਰਭਾਵ ਸੀਮਤ ਹੋ ਗਿਆ। ਸਰਦਾਰ ਤਾਰਾ ਸਿੰਘ ਤੋਂ ਬਾਅਦ ਸਰਦਾਰ ਦਸਵੰਧਾ ਸਿੰਘ ਤੇ ਸਰਦਾਰ ਚੰਦਾ ਸਿੰਘ ਨੇ ਮਿਸਲ ਦੀ ਅਗਵਾਈ ਸੰਭਾਲੀ ਪਰ ਮਹਾਰਾਜਾ ਰਣਜੀਤ ਸਿੰਘ ਨੇ ਬਹਾਨਾ ਬਣਾ ਕੇ ਪਿੰਡਾਂ ਉਤੇ ਵੀ ਕਬਜ਼ਾ ਕਰ ਲਿਆ। ਇਸ ਮਿਸਲ ਦਾ ਪ੍ਰਭਾਵ ਖੇਤਰ 'ਰਾਵੀ ਦਾ ਬੇਟ' ਹੀ ਰਿਹਾ ਪਰ ਕੁਝ ਅਗਾਂਹ ਵਧੂ ਆਗੂਆਂ ਨੇ ਸਤਲੁਜ ਪਾਰ ਮੱਲਾਂ ਮਾਰ ਕੇ ਰਾਜ ਕਾਇਮ ਕੀਤਾ। ਭਾਈ ਦੇਸੂ ਸਿੰਘ ਤੇ ਉਸਦੀ ਘਰ ਵਾਲੀ ਤੇ ਪੁੱਤਰ ਲਾਲ ਸਿੰਘ ਨੇ ਕੈਥਲ ਦੀ ਰਿਆਸਤ ਕਾਇਮ ਕੀਤੀ। ਹੋਰ ਪ੍ਰਸਿੱਧ ਜ਼ਰਨੈਲ ਭਾਈ ਬੱਖ਼ਤ ਸਿੰਘ, ਬੁੱਧ ਸਿੰਘ, ਦੇਵਾ ਸਿੰਘ, ਧਰਮ ਸਿੰਘ, ਹਰੀ ਸਿੰਘ ਲੰਗ ਤੇ ਮਨਸਾ ਸਿੰਘ ਗੜ੍ਹਦੀਵਾਲਾ ਸਨ।

੯. **ਕਰੋੜਾ ਸਿੰਘ ਮਿਸਲ** : ਇਕ ਕਰੋੜੀ ਮੱਲ [2] ਨਾਮ ਦਾ ਸੇਠ ਨਵਾਬ ਕਪੂਰ ਸਿੰਘ ਹਥੋਂ ਅੰਮ੍ਰਿਤ ਛੱਕ ਕੇ ਕਰੋੜਾ ਸਿੰਘ ਸਜਿਆ। ਸਰਦਾਰ ਕਰੋੜਾ ਸਿੰਘ 'ਤਰੁਣਾ ਦਲ' ਦੇ ਜਥੇਦਾਰ ਬਣੇ ਤੇ ੧੭੪੮ ਵਿਚ ਆਪਣਾ ਜਥਾ ਵੱਖਰਾ ਬਣਾ ਲਿਆ। ਉਸ ਜਥੇ ਦਾ ਨਾਮ ਹੀ ਕਰੋੜਾ ਸਿੰਘ ਦਾ ਜਥਾ ਪੈ ਗਿਆ। ਇਹ ਮਿਸਲ ਵੀ ਸਿੱਖ ਜਦੋ-ਜਹਿਦ ਵਿਚ ਵੱਧ ਚੜ੍ਹ ਕੇ ਹਿੱਸਾ ਪਾਉਂਦੀ ਰਹੀ। ਇਸ ਜਥੇ ਨੇ ਪੰਥ ਦੀ ਬਹੁਤੀ ਸਹਾਇਤਾ ਮਾਇਆ ਤੇ ਰਸਦ ਆਦਿ ਨਾਲ ਕੀਤੀ। ਜਦ ਵੀ ਮਾਇਆ ਦੀ ਔਕੜ ਆਈ, ਇਸ ਮਿਸਲ ਨੇ ਉਸ ਲੋੜ ਨੂੰ ਪੂਰਿਆਂ ਕੀਤਾ। ਇਸ ਮਿਸਲ ਦਾ ਪ੍ਰਭਾਵ ਤੇ ਅਧਿਕਾਰ ਖੇਤਰ ਸਤਲੁਜ ਪਾਰ ਸੀ। ਸਤਲੁਜ ਤੋਂ ਪਾਰ ਇਸ ਮਿਸਲ ਦੀ ਮਰਜ਼ੀ ਤੋਂ ਬਗ਼ੈਰ ਕੋਈ ਅਧਿਕਾਰ ਜਾਂ ਪ੍ਰਭਾਵ ਨਹੀਂ ਸੀ ਫ਼ੈਲਾ ਸਕਦਾ। ਸਰਹੰਦ ਇਸ ਮਿਸਲ ਦਾ ਨਿਸ਼ਾਨਾ ਸੀ ਤੇ ਸਭ ਤੋਂ ਪਹਿਲਾਂ ਇਸ ਮਿਸਲ ਨੇ ਹੀ ਲੁੱਟਿਆ ਸੀ। ਅਬਦਾਲੀ ਦੇ ਚੌਥੇ ਹਮਲੇ ਵੇਲੇ ਅਬਦਾਲੀ ਨੂੰ ਹੈਰਾਨ ਕਰਨ ਵਾਲਾ ਹਮਲਾ ਇਸ ਮਿਸਲ ਨੇ ਹੀ ਕੀਤਾ ਸੀ। ਜਲੰਧਰ ਦੁਆਬੇ ਵਿਚ ਵੀ ਇਸ ਮਿਸਲ ਦਾ ਕਾਫ਼ੀ ਦਬਦਬਾ ਸੀ। ਅਬਦਾਲੀ ਦਾ ਪੰਜਾਬ ਵਲੋਂ ਧਿਆਨ ਹਟ ਜਾਣ ਉਪਰੰਤ ਇਸ ਮਿਸਲ ਨੇ ਆਪਣਾ ਪ੍ਰਭਾਵ ਸਤਲੁਜ ਖੇਤਰ ਤੋਂ ਪਾਰ ਹੀ ਬਣਾਈ ਰੱਖਿਆ। ਵੱਡੀਆਂ-ਵੱਡੀਆਂ ਮਾਰਾਂ ਇਸ ਮਿਸਲ ਨੇ ਮਾਰੀਆਂ। ਜਥੇਦਾਰ ਮਸਤਾਨ ਸਿੰਘ ਤੇ ਸਰਦਾਰ ਕਰਮ ਸਿੰਘ ਜੋ ਇਸ ਜਥੇ ਦੇ ਸਿਰਕੱਢ ਰੁਕਨ ਸਨ, ਨੇ ਵੀ ਵੱਧ ਚੜ੍ਹ ਕੇ ਹਿੱਸਾ ਲਿਆ। ਇਹਨਾਂ ਦੇ ਚੜ੍ਹਾਈ ਕਰ ਜਾਣ ਉਪਰੰਤ ਜਥੇਦਾਰੀ ੧੭੬੧ ਵਿਚ ਸਰਦਾਰ ਬਘੇਲ ਸਿੰਘ [3] ਨੇ

1. ਇਹ ਦੋਵੇਂ ਤੋਪਾਂ ਰਾਹੋਂ (ਲੁਧਿਆਣਾ) ਪਈਆਂ ਹਨ।
2. ਕਰੋੜੀ ਮੱਲ ਪੰਜਗੜ੍ਹ ਦੇ ਸਨ। ਇਸ ਲਈ ਇਸ ਮਿਸਲ ਨੂੰ ਪੰਜ-ਗੜ੍ਹੀਆ ਵੀ ਆਖਿਆ ਜਾਂਦਾ ਹੈ।
3. ਜਥੇਦਾਰ ਕਰੋੜਾ ਸਿੰਘ ਦੀ ਆਪਣੀ ਸੰਤਾਨ ਨਹੀਂ ਸੀ ਇਸ ਲਈ ਯੋਗ ਜਾਣ ਜਥੇਦਾਰੀ ਸਰਦਾਰ ਬਘੇਲ ਸਿੰਘ ਨੂੰ ਦਿੱਤੀ ਗਈ।

Sri Satguru Jagjit Singh Ji eLibrary NamdhariElibrary@gmail.com

ਸੰਭਾਲੀ। ਆਪ ਝਬਾਲ ਅੰਮ੍ਰਿਤਸਰ ਦੇ ਵਸਨੀਕ ਸਨ। ਸਰਦਾਰ ਬਘੇਲ ਸਿੰਘ ਆਪਣੇ ਸਮੇਂ ਦੇ ਪ੍ਰਸਿੱਧ ਆਗੂ ਤੇ ਜਰਨੈਲ ਹੋ ਗੁਜ਼ਰੇ ਹਨ। ਗੰਗ-ਜਮਨ, ਦੁਆਬ[1] ਦਾ ਕੋਈ ਵੀ ਅਜਿਹਾ ਇਲਾਕਾ ਨਹੀਂ ਸੀ ਜਿਸ ਨੂੰ ਸਰਦਾਰ ਨੇ ਨਾ ਲਿਤਾੜਿਆ ਹੋਵੇ। ਪੰਝੀ ਸਾਲ ਪੂਰਨ ਤੌਰ ਤੇ ਜਲੰਧਰ ਤੋਂ ਲੈ ਕੇ ਪੀਲੀ ਭੀਤ ਤੱਕ ਅਤੇ ਅੰਬਾਲੇ ਤੋਂ ਅਲੀਗੜ੍ਹ ਤੱਕ ਇਹਨਾਂ ਦਾ ਸਿੱਕਾ ਚਲਦਾ ਰਿਹਾ। ਇਹਨਾਂ ਦੀ ਸ਼ਖ਼ਸੀਅਤ ਬਾਰੇ ਕਈ ਮਿਥਿਹਾਸਿਕ ਕਹਾਣੀਆਂ ਵੀ ਪ੍ਰਚਲਤ ਹਨ। ਇਹਨਾਂ ਦਾ ਆਚਰਨ ਅਤੇ ਜੁਰਅੱਤ ਅਜੇ ਤੱਕ ਸਿੱਖ ਕੌਮ ਵਿਚ ਅਖਾਣ ਹੈ।

ਪ੍ਰਾਚੀਨ ਪੰਥ ਪ੍ਰਕਾਸ਼ ਦਾ ਲਿਖਾਰੀ ਸਰਦਾਰ ਬਘੇਲ ਸਿੰਘ ਨੂੰ 'ਅਤਿ ਸੂਰੇ ਅਤਿ ਬਡੇ ਦਨਾਉ ਅਤੇ ਫਤੇਦਾਰ ਅਤਿ ਭਲੋ ਅਤਿ ਸੁਭਾਉ ਵਾਲਾ' ਲਿਖਦਾ ਹੈ। ਉਹ ਕਿਹਾ ਕਰਦੇ ਸਨ ਕਿ—

*'ਮੁਲਕ ਲੜੇ ਬਿਨ ਕਿਨ ਛਡ ਦਯੋ।'*

*ਅਤੇ*

*'ਹਮ ਲਰਨੇ ਮਰਨੋਂ ਕਿਮ ਸੰਗੈ,*
*ਯਾਹਿ ਹੈ ਹਮਰਾ ਨਿੱਤ ਖੇਲ।'*

*ਤੇ*

*'ਪੰਥ ਮਧ ਹੈ ਗੁਰੂ ਕੀ ਸ਼ਕਤ,*
*ਪੰਥ ਮੱਧ ਜਪਿ ਤਪੀਏ ਭਗਤ।'*

---

1. ਮੁਗ਼ਲਾਂ ਦਾ ਅਧਿਕਾਰ ਅਲਾਹਾਬਾਦ ਦੇ ਪ੍ਰਾਂਤ ਤਕ ਹੀ ਸੀਮਤ ਸੀ। ਪੂਰਬ ਵੱਲ ਅਵਧ ਦੇ ਨਵਾਬ ਦਾ ਰਾਜ ਸੀ। ਦੱਖਣ ਵੱਲ ਭਰਤਪੁਰ ਦੇ ਜਾਟਾਂ ਦਾ ਹੀ ਅਧਿਕਾਰ ਸੀ। ਪੱਛਮ ਵੱਲ ਰਾਜਪੂਤਾਂ ਦਾ ਹੱਥ ਉਪਰ ਸੀ। ਸ਼ਾਹ ਆਲਮ ਆਪ ਦੂਜਾ ਅਲਾਹਾਬਾਦ ਸੀ। ਦਿਲੀ ਨਜ਼ੀਬ-ਉਲ-ਦਉਲਾ ਦੇ ਅਧਿਕਾਰ ਵਿਚ ਸੀ। ਸ਼ਹਿਰ ਦੀ ਪੁਰਾਣੀ ਸ਼ਾਨੋ-ਸ਼ੌਕਤ ਉਡ ਪੁੱਡ ਗਈ ਸੀ। ਭੁੱਖ ਹੀ ਨਾਚ ਕਰਦੀ ਸੀ। ਜਾਦੂ ਨਾਥ ਸਰਕਾਰ ਨੇ ਠੀਕ ਲਿਖਿਆ ਹੈ—ਦਿਲੀ ਇਤਨੀ ਬਦਕਿਸਮਤ ਸੀ ਕਿ ਅਫ਼ਗਾਨਾਂ, ਮਰਹਟਿਆਂ, ਸਿੱਖਾਂ, ਜਾਟਾਂ, ਗੁਜ਼ਰਾਂ ਤੇ ਪਿੰਡਾਰਿਆਂ ਦੇ ਹੱਥੋਂ ਤਬਾਹ ਹੁੰਦੀ ਰਹੀ। ਕਿਸਾਨਾਂ ਦੀ ਹਾਲਤ ਬੜੀ ਹੀ ਦਰਦਨਾਕ ਸੀ। ਇਸ ਤਰ੍ਹਾਂ ਮਰਹੱਟਿਆਂ ਦਾ ਸਾਮਰਾਜ ਵੀ ਟੁਟ ਗਿਆ। ਗਵਾਲੀਅਰ ਦੇ ਸਿੰਧੀਆ, ਬੜੌਦਾ ਦੇ ਗਾਇਕਵਾੜ, ਇੰਦੌਰ ਦੇ ਹੋਲਕੁਰ ਨਾਮ ਮਾਤਰ ਹੀ ਪੇਸ਼ਵਾ ਦੇ ਅਧੀਨ ਸਨ। ਨਾਗਪੁਰ ਦੇ ਭੌਂਸਲੇ ਨੇ ਆਜ਼ਾਦੀ ਦਾ ਐਲਾਨ ਕਰ ਦਿੱਤਾ ਸੀ। ਪੇਸ਼ਵਾ ਉਤਰੀ ਹਿੰਦੁਸਤਾਨ ਵਿਚ ਪੈਰ ਪਸਾਰ ਰਿਹਾ ਸੀ। ਮਰਹੱਟੇ ਭਾਵੇਂ ਤਗੜੇ ਦਿਖਾਈ ਦਿੰਦੇ ਸਨ ਪਰ ਤਾਕਤ ਘੱਟ ਗਈ ਸੀ। ਜਾਟਾਂ ਨੇ ਆਗਰਾ ਅਤੇ ਜੈਪੁਰ ਦੇ ਵਿਚਕਾਰ ਹਕੂਮਤ ਬਣਾ ਲਈ ਸੀ। ਉਸ ਸਮੇਂ ਜਾਟ ਤਗੜੇ ਸਨ। ਜਾਟ ਰਾਜਾਂ ਦੀ ਪੋਜ਼ੀਸ਼ਨ ਧਨ ਪਦਾਰਥ ਕਰਕੇ ਵੀ ਮਜ਼ਬੂਤ ਸੀ। ਰਾਜਪੂਤਾਂ ਦਾ ਆਗੂ ਮਾਧੋ ਸਿੰਘ ਸੀ, ਉਸ ਦਾ ਅਧਿਕਾਰ ਜੈਨ ਨਗਰ ਵਿਚ ਸੀ। ਜੈਨ ਨਗਰ ਦੇ ਲਾਗੇ ਮਾਰਵਾੜ ਦਾ ਰਾਜਾ ਬਿਜੈ ਸਿੰਘ ਸੀ। ਰੁਹੇਲੇ ਦਿੱਲੀ ਅਤੇ ਹਿਮਾਲਿਆ ਵਿਚਕਾਰ ਆਪਣਾ ਅਧਿਕਾਰ ਜਮਾ ਚੁੱਕੇ ਸਨ। ਬਰੇਲੀ ਉਹਨਾਂ ਦਾ ਕੇਂਦਰ ਸੀ। ਨਜੀਬ-ਉਲ-ਦਉਲਾ, ਹਫ਼ੀਜ਼ ਰਹਿਮਤ ਖ਼ਾਨ ਤੇ ਅਹਿਮਦ ਖ਼ਾਨ ਬੰਗਸ਼ ਪ੍ਰਸਿੱਧ ਆਗੂ ਸਨ। ਉਤਰ ਪੂਰਬ ਗੰਗਾ ਵਿਚ ਸ਼ੁਜਾਹ-ਉੱਲ-ਦਉਲਾ ਦਾ ਰਾਜ ਸੀ। ਸ਼ੁਜਾਹ-ਉਦ-ਦਉਲਾ ਇਕ ਸੁਲਝਿਆ ਤੇ ਸੁਘੜ ਜਰਨੈਲ ਸੀ। ਅੰਗਰੇਜ਼ਾਂ ਨੇ ਕਲਾਈਵ ਦੀ ਅਗਵਾਈ ਵਿਚ ਬੰਗਾਲ, ਬਿਹਾਰ ਤੇ ਉੜੀਸਾ ਦੀ ਦੀਵਾਨੀ ਲੈ ਲਈ ਸੀ। ਉਤਰੀ ਸਰਕਾਰ ਉਤੇ ਕਬਜ਼ਾ ਸੀ ਤੇ ਕਰਨਾਟਕ ਦਾ ਨਵਾਬ ਅੰਗਰੇਜ਼ਾਂ ਦਾ ਪਾਣੀ ਭਰਦਾ ਸੀ।

Sri Satguru Jagjit Singh Ji eLibrary NamdhariElibrary@gmail.com

ਪੰਥ ਦਾ ਸਹਾਰਾ ਵੱਡਾ ਸਹਾਰਾ ਹੈ।

ਸਰਦਾਰ ਬਘੇਲ ਸਿੰਘ ਨੇ ੩੦ ਹਜ਼ਾਰ ਸਿੰਘਾਂ ਦਾ ਦਲ ਬਣਾ ਲਿਆ ਤੇ ਪੂਰਬ ਵੱਲ ਮਾਰਾਂ ਮਾਰਦੇ ਰਹੇ। ਜਲਾਲਾਬਾਦ ਦੇ ਹਾਕਮ ਮੁਹੰਮਦ ਖ਼ਾਨ ਦੇ ਬਾਰੇ ਜਦ ਸੁਣਿਆ ਕਿ ਇਸ ਨੇ ਇਕ ਬ੍ਰਾਹਮਣੀ ਲੜਕੀ ਨੂੰ ਧੱਕੇ ਨਾਲ ਆਪਣੇ ਘਰ ਪਾ ਲਿਆ ਹੈ ਤਾਂ ਪੁੱਜ ਕੇ ਉਸ ਨੂੰ ਸਜ਼ਾ ਦਿੱਤੀ ਤੇ ਲੜਕੀ ਮੋੜ ਕੇ ਲਿਆਂਦੀ ਤੇ ਘਰ ਪਹੁੰਚਾਈ। ਕਈ ਜਥੇਦਾਰ ਕਹਿੰਦੇ ਹਨ ਕਿ ਜਲਾਲਾਬਾਦ ਦਿੱਲੀ ਤੋਂ ਵੀ ਦੂਰ ਹੈ ਤਾਂ ਇਹਨਾਂ ਕਿਹਾ ਇਹ ਵਿਚਾਰਾਂ ਦਾ ਸਮਾਂ ਨਹੀਂ। ਬ੍ਰਾਹਮਣ ਨੇ ਖ਼ਾਲਸੇ ਦੀ ਓਟ ਲਈ ਹੈ। ਨਗਾਰੇ ਵਜਾਂਦੇ ਟੁਰ ਪਏ ਅਤੇ ਕਿਹਾ—

*'ਹਮ ਤੋ ਜ਼ਰੂਰਹਿ ਜਾਇਗੇ।*
*ਔਰ ਕੋਈ ਜਾਇ ਨ ਜਾਇ।'*

ਹੋਰ ਜਥੇ ਵੀ ਨਗਾਰੇ ਵਜਾ ਨਾਲ ਰਲ ਗਏ—

*'ਸੁਨ ਪਰਸੁਆਰਥ ਹਟਯੋ ਨ ਕੋਇ।'*

ਇਸ ਦਲ ਨੇ ਅਲੀਗੜ੍ਹ, ਖੁਰਜਾ, ਚੰਦੋਸੀ, ਹਾਥਰਸ ਤੇ ਇਟਾਵਾ ਨੂੰ ਵੀ ਜਾ ਘੇਰਿਆ। ਉਥੋਂ ਦੇ ਨਵਾਬ ਈਸਾ ਖ਼ਾਂ ਨੇ ਟਾਕਰੇ ਕੀਤੇ ਪਰ ਹਾਰ ਖਾ ਕੇ ਭੱਜ ਗਿਆ।

ਸਰਦਾਰ ਬਘੇਲ ਸਿੰਘ ਉਧਰ ਇਟਾਵਾ ਤੱਕ ਮਾਰਾਂ ਮਾਰ ਆਇਆ। ਇਧਰ ਦੁਆਬ ਬਿਸਤ ਜਲੰਧਰ ਵਿਚ ਮੁਹੰਮਦ ਖਾਨ ਨੂੰ ਹਾਰ ਦੇ ਕੇ ਨੂਰ ਮਹਿਲ ਖ਼ਾਲਸਈ ਸਿੱਕਾ ਚਲਾਇਆ। ਰਾਜਾ ਅਮਰ ਸਿੰਘ ਨੇ ਇਸ ਇਲਾਕੇ ਦੇ ਵਿਚ ਦਖ਼ਲ ਦੇਣਾ ਚਾਹਿਆ। ਦੋਵਾਂ ਫ਼ੌਜਾਂ ਦਾ ਘੁੜਾਮ ਦੇ ਮੁਕਾਮ ਤੇ ਸਾਹਮਣਾ ਹੋ ਗਿਆ, ਪਰ ਛੇਤੀ ਹੀ ਸੁਲਾਹ ਹੋ ਗਈ ਤੇ ਰਾਜਾ ਅਮਰ ਸਿੰਘ ਨੇ ਆਪਣੇ ਲੜਕੇ ਸਾਹਿਬ ਸਿੰਘ ਨੂੰ ਸਰਦਾਰ ਬਘੇਲ ਸਿੰਘ ਪਾਸੋਂ ਅੰਮ੍ਰਿਤ ਛਕਾਇਆ। ਸਰਦਾਰ ਬਘੇਲ ਸਿੰਘ ਦੀ ਮਰਜ਼ੀ ਉਲਟ ਹੁਣ ਕੋਈ ਦਿੱਲੀਉਂ ਪੰਜਾਬ ਵੱਲ ਨਹੀਂ ਸੀ ਆ ਸਕਦਾ। ਕਹਿੰਦੇ ਹਨ ਕਿ ਉਹ ਐਸੇ ਨੀਤੀਵਾਨ ਸਨ ਕਿ ਸਾਰਿਆਂ ਨੂੰ ਉਹਨਾਂ ਦੀ ਹੀ ਗੱਲ ਮੰਨਣੀ ਪੈਂਦੀ ਸੀ। ਇਸ ਦੀਆਂ ਕਈ ਇਕ ਉਦਾਹਰਨਾਂ ਹਨ।

੧੭੮੦ ਈਸਵੀ ਵਿਚ ਜਦ ਦਿੱਲੀ ਦੇ ਵਜ਼ੀਰ ਅਬਦੁਲਾ ਖ਼ਾਨ ਨੇ ਸ਼ਹਿਜ਼ਾਦਾ ਫ਼ਰਜੰਦ ਨੂੰ ਪਟਿਆਲਾ ਦੇ ਅਮਰ ਸਿੰਘ ਵਿਰੁਧ ਭੇਜਿਆ ਤਾਂ ਇਹਨਾਂ ਉਸਨੂੰ ਪਹਿਲਾਂ ਆਪਣੇ ਇਲਾਕੇ ਵਿਚੋਂ ਲੰਘਣ ਦਿਤਾ। ਜਦ ਉਸ ਦੀਆਂ ਫੌਜਾਂ ਪਟਿਆਲਾ ਪੁੱਜੀਆਂ ਤਾਂ ਸਰਦਾਰ ਬਘੇਲ ਸਿੰਘ ਉਸ ਨੂੰ ਸੋਧਣ ਲਈ ਪਟਿਆਲਾ ਟੁਰ ਪਏ। ਸ਼ਹਿਜ਼ਾਦੇ ਕੋਲੋਂ ਈਨ ਮੰਨਵਾਈ।

ਇਸ ਤਰ੍ਹਾਂ ਜਦ ਮਨਾਰਾਉ ਮਰਹੱਟਾ ਨੇ ੧੭੮੮ ਈਸਵੀ ਵਿਚ ਪੰਜਾਬ ਵੱਲ ਅੱਖ ਕੀਤੀ ਤਾਂ ਉਨ੍ਹਾਂ ਘੇਰੇ ਵਿਚ ਲੈ ਕੇ ਮਰਹੱਟਿਆਂ ਦੇ ਆਗੂ ਕੋਲੋਂ ਈਨ ਮੰਨਵਾਈ। ਸਰਦਾਰ ਬਘੇਲ ਸਿੰਘ ਨੇ ਚੰਗੀ ਤਰ੍ਹਾਂ ਦੇਖ ਲਿਆ ਸੀ ਕਿ ਦਿੱਲੀ ਦੇ ਮੁਗ਼ਲਾਂ ਦੇ ਨਾਮ ਮਾਤਰ ਹੀ ਹਕੂਮਤ ਹੈ। ਸੋ ਉਹਨਾਂ ਨੇ ਪੰਜਾਬ ਦੇ ਸਾਰੇ ਜਥੇਦਾਰਾਂ ਨੂੰ ੧੭੮੭ ਵਿਚ ਲਿਖਿਆ ਕਿ ਸਾਰੇ ਜਥੇਦਾਰ ਕੁਝ ਚੋਣਵੇਂ ਸਿੰਘ ਭੇਜਣ ਤਾਂ ਕਿ ਦਿੱਲੀ ਤੇ ਕਬਜ਼ਾ ਕਰ ਲਿਆ ਜਾਵੇ। ਇਸ ਤਰ੍ਹਾਂ ੪੦ ਹਜ਼ਾਰ ਦੇ ਕਰੀਬ ਖ਼ਾਲਸੇ ਦਾ ਲਸ਼ਕਰ ਉਨ੍ਹਾਂ ਪਾਸ ਇਕੱਤਰ ਹੋ ਗਿਆ।

੧੭੮੭ ਦੇ ਚੜ੍ਹਦੇ ਸਾਲ ਨੂੰ ਸਿੱਖ ਮਜਨੂੰ ਟਿੱਲਾ ਜਾ ਪਹੁੰਚੇ। ਅਜਮੇਰੀ ਦਰਵਾਜ਼ੇ

Sri Satguru Jagjit Singh Ji eLibrary NamdhariElibrary@gmail.com

ਵਲੋਂ ਸ਼ਹਿਰ ਅੰਦਰ ਦਾਖ਼ਲ ਹੋ ਕੇ ਆਪਣਾ ਪਹਿਰਾ ਪੱਕਾ ਕਰ ਲਿਆ। ਉਥੋਂ ਕਟੜਾ ਨੀਲਾ ਤੇ ਮੁਗ਼ਲ ਮੁਹੱਲਾ ਤੇ ਹੱਲਾ ਬੋਲਿਆ ਤੇ ਸ਼ਹਿਰ ਦੇ ਲੋਕੀਂ ਨੱਸ ਉਠੇ। ਲਾਲ ਕਿਲ੍ਹਾ ਹੁਣ ਸਿੱਖਾਂ ਦੇ ਪੈਰਾਂ ਹੇਠਾਂ ਸੀ। ਬਾਦਸ਼ਾਹ ਸ਼ਾਹ ਆਲਮ ਨੇ ਵਜ਼ੀਰ ਆਜ਼ਮ ਗੌਹਰ ਨੂੰ ਭੇਜਿਆ ਕਿ ਜਿਵੇਂ ਵੀ ਹੋ ਸਕੇ ਸਿੱਖਾਂ ਨਾਲ ਸੁਲਾਹ ਕੀਤੀ ਜਾਏ। ਸਰਦਾਰ ਬਘੇਲ ਸਿੰਘ ਤੇ ਵਜ਼ੀਰ ਆਜ਼ਮ ਵਿਚਕਾਰ ਇਹ ਨਿਰਣਾ ਹੋਇਆ ਕਿ :

(੧) ਖ਼ਾਲਸੇ ਨੂੰ ਤਿੰਨ ਲੱਖ ਰੁਪਏ ਹਰਜ਼ਾਨੇ ਦੇ ਤੌਰ ਤੇ ਦਿੱਤੇ ਜਾਣ।

(੨) ਸ਼ਹਿਰ ਦੀ ਕੋਤਵਾਲੀ ਤੇ ਚੁੰਗੀ ਵਸੂਲ ਕਰਨ ਦਾ ਅਧਿਕਾਰ ਸਰਦਾਰ ਬਘੇਲ ਸਿੰਘ ਹਵਾਲੇ ਕਰ ਦਿੱਤਾ ਜਾਏ।

(੩) ਜਦ ਤੱਕ ਗੁਰਦੁਆਰਿਆਂ ਦੀ ਸੇਵਾ ਨਾ ਪੂਰਨ ਹੋ ਜਾਏ, ਸਰਦਾਰ ਬਘੇਲ ਸਿੰਘ ੪੦੦੦ ਸਵਾਰ ਆਪਣੇ ਨਾਲ ਰੱਖਣ।

ਸਰਦਾਰ ਬਘੇਲ ਸਿੰਘ ਨੇ ਸਭ ਤੋਂ ਪਹਿਲਾਂ ਮਾਤਾ ਸੁੰਦਰੀ ਤੇ ਮਾਤਾ ਸਾਹਿਬ ਦੇਵਾਂ ਦੇ ਟਿਕਣ ਵਾਲੇ ਅਸਥਾਨ ਤੇ ਗੁਰਦੁਆਰਾ ਬਣਾਇਆ। ਫਿਰ ਮੁਹੱਲਾ ਜੈਪੁਰ ਵਿਚ ਬੰਗਲਾ ਸਾਹਿਬ ਦੇ ਨਾਮ ਤੇ ਗੁਰਦੁਆਰਾ ਬਣਾਇਆ, ਜਿਥੇ ਗੁਰੂ ਹਰਿਕ੍ਰਿਸ਼ਨ ਜੀ ਟਿਕੇ ਰਹੇ ਸਨ ਤੇ ਜੋਤੀ ਜੋਤ ਸਮਾਏ ਸਨ। ਜਿਥੇ ਗੁਰੂ ਹਰਿ ਕ੍ਰਿਸ਼ਨ ਤੇ ਮਾਤਾ ਸੁੰਦਰੀ ਤੇ ਸਾਹਿਬ ਦੇਵਾਂ ਦੇ ਅੰਗੀਠੇ ਸਨ ਉਥੇ ਵੀ ਗੁਰਦੁਆਰੇ ਬਣਾਏ ਗਏ। ਸਰਦਾਰ ਬਘੇਲ ਸਿੰਘ ਨੇ ਗੁਰਦੁਆਰਾ ਰਕਾਬ ਗੰਜ ਉਸ ਥਾਂ ਤੇ ਬਣਾਇਆ ਜਿਥੇ ਭਾਈ ਲੱਖੀ ਨਾਮ ਦੇ ਸਿੱਖ ਨੇ ਗੁਰੂ ਤੇਗ਼ ਬਹਾਦਰ ਸਾਹਿਬ ਦੀ ਧੜ ਰਹਿਤ ਪਾਵਨ ਦੇਹੀ ਨੂੰ ਘਰ ਸਮੇਤ ਅੱਗ ਲਗਾ ਦਿੱਤੀ ਸੀ।

**ਸੀਸ ਗੰਜ**—ਸਭ ਤੋਂ ਮੁਸ਼ਕਿਲ ਕੰਮ ਉਸ ਥਾਂ ਦਾ ਲੱਭਣਾ ਸੀ ਜਿਥੇ ਗੁਰੂ ਤੇਗ਼ ਬਹਾਦਰ ਜੀ ਦਾ ਸਰੀਰ ਸੀਸ ਨਾਲੋਂ ਅੱਡ ਕੀਤਾ ਗਿਆ ਸੀ। ਭਾਲ ਕਰਦਿਆਂ ਉਸ ਮਾਸ਼ਕੀ ਦੀ ਲੜਕੀ ਮਿਲ ਗਈ ਜਿਸ ਨੇ ਗੁਰੂ ਤੇਗ਼ ਬਹਾਦਰ ਸਾਹਿਬ ਦੀ ਸ਼ਹਾਦਤ ਉਪਰੰਤ ਪਾਣੀ ਪਾ ਕੇ ਪਾਵਨ ਥਾਂ ਨੂੰ ਧੋਤਾ ਸੀ। ਉਸ ਬੁੱਢੀ ਔਰਤ ਨੇ ਦਸਿਆ ਕਿ ਬੋਹੜ ਦੇ ਬ੍ਰਿਛ ਪਾਸ ਜਿੱਥੇ ਮਸੀਤ ਬਣੀ ਹੋਈ ਹੈ, ਉਥੇ ਸਾਕਾ ਹੋਇਆ ਸੀ। ਉਨ ਕਹੀ :

*'ਹਮ ਪਤਾ ਬਤਾਈ।*
*ਹਿੰਦੂ ਪੀਰ ਈਹਾਂ ਚੌਕੀ ਡਸਾਈ।*
*ਮਸੀਤ ਕੰਧ ਤਹਿ ਉਪਰ ਚੌਥਾਈ।*
*ਤਹਿ ਸਤਿਗੁਰ ਸਿਰ ਤੇਗ਼ ਲਗਵਾਈ।'*

ਉਸ ਮਾਸ਼ਕਨ ਨੇ ਇਹ ਦਸਿਆ ਕਿ 'ਪੂਰਬ ਵੱਲ ਗੁਰੂ ਜੀ ਦਾ ਮੂੰਹ ਸੀ ਜਦ ਤੇਗ਼ ਚਲੀ। ਮੇਰੇ ਪਿਉ ਨੇ ਮਸ਼ਕ ਭਰ ਕੇ ਥਾਂ ਨੂੰ ਧੋਤਾ ਸੀ।'

ਸਰਦਾਰ ਬਘੇਲ ਸਿੰਘ ਜੀ ਨੇ ਉਸ ਥਾਂ ਤੇ ਇਕ ਨਿੱਕਾ ਜਿਹਾ ਥੜ੍ਹਾ ਬਣਵਾ ਦਿੱਤਾ। ਕੁਝ ਮੁਸਲਮਾਨ ਟਾਕਰੇ ਤੇ ਆ ਗਏ। ਇਕ ਛੋਟੀ ਜਿਹੀ ਝੜਪ ਹੋਣ ਦੇ ਪਿਛੋਂ ਵਜ਼ੀਰ ਆਜ਼ਮ ਆਪੂੰ ਆਇਆ ਪਰ ਸਰਦਾਰ ਬਘੇਲ ਸਿੰਘ ਨੇ ਆਪੂੰ ਕਹਿ ਦਿੱਤਾ ਕਿ ਇਸ ਥਾਂ ਤੇ ਅਧਿਕਾਰ ਕੀਤੇ ਬਗ਼ੈਰ ਖ਼ਾਲਸਾ ਚੁੱਪ ਨਹੀਂ ਹੋਣ ਲੱਗਾ। ਵਜ਼ੀਰ ਨੇ ਸਿਆਣਪ ਵਰਤਦਿਆਂ ਥੋੜ੍ਹੀ-ਥੋੜ੍ਹੀ ਥਾਂ ਦੋਵੇਂ ਪਾਸਿਆਂ ਤੋਂ ਛੁਡਵਾ ਲਈ ਤੇ ਥੜ੍ਹਾ ਕਾਇਮ ਰੱਖਿਆ। ਉਸ ਬਦਲੇ

Sri Satguru Jagjit Singh Ji eLibrary NamdhariElibrary@gmail.com

ਸਿੰਘਾਂ ਨੂੰ ਜ਼ਮੀਨ ਬਾਜ਼ਾਰ ਤੇ ਕੋਤਵਾਲੀ ਵੱਲ ਛੱਡ ਕੇ ਇਕ ਬਾਰਾਂਦਰੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਵਾਸਤੇ ਬਣਾ ਦਿੱਤੀ। ਉਸ ਥਾਂ ਦਾ ਨਾਮ ਸੀਸ ਗੰਜ ਰੱਖਿਆ ਗਿਆ। ਇਕ ਸਿੱਖ ਸੇਵਾ ਸੰਭਾਲ ਲਈ ਨਿਯਤ ਕਰ ਦਿੱਤਾ ਗਿਆ।

੧੮੫੭ ਦੇ ਗ਼ਦਰ ਪਿਛੋਂ ਉਸ ਹੀ ਥਾਂ ਤੇ ਰਾਜਾ ਸਰੂਪ ਸਿੰਘ ਜੀਂਦ ਵਾਲੇ ਨੇ ਹੋਰ ਥਾਂ ਲੈ ਕੇ ਗੁਰਦੁਆਰੇ ਨੂੰ ਵਧਾਇਆ। ਮੁਸਲਮਾਨਾਂ ਕਈ ਕੋਸ਼ਿਸ਼ਾਂ ਕੀਤੀਆਂ ਕਿ ਉਹ ਥਾਂ ਸਿੱਖਾਂ ਨੂੰ ਨਾ ਮਿਲੇ ਪਰ ਰਾਜਾ ਰਘਬੀਰ ਸਿੰਘ ਜੀਂਦ ਵਾਲੇ ਨੇ ਵਲਾਇਤ ਤੋਂ ਮਨਜ਼ੂਰੀ ਲੈ ਕੇ ਹੁਣ ਵਾਲੀ ਥਾਂ ਸੀਸ ਗੰਜ ਉਸਾਰ ਦਿੱਤਾ।[1]

ਸਾਰੇ ਗੁਰਦੁਆਰਿਆਂ ਦੀ ਉਸਾਰੀ ਕਰਵਾ ਕੇ ਸਰਦਾਰ ਬਘੇਲ ਸਿੰਘ ਜੀ ਜਦ ਵਾਪਸ ਮੁੜਨ ਲੱਗੇ ਤਾਂ ਬਾਦਸ਼ਾਹ ਨੇ ਮੁਲਾਕਾਤ ਦੀ ਖ਼ਾਹਿਸ਼ ਪ੍ਰਗਟ ਕੀਤੀ। ਨਿਡਰ ਸਰਦਾਰ ਬਘੇਲ ਸਿੰਘ ਨੇ ਕਿਹਾ—ਸਾਡੀ ਉਸ ਨਾਲ ਮੁਲਾਕਾਤ ਕਿਵੇਂ ਹੋ ਸਕਦੀ ਹੈ। ਸ਼ਾਹ ਨੂੰ ਮਿਲਣਾ ਹੋਵੇ ਤਾਂ ਕਹਿੰਦੇ ਹਨ ਕਿ ਦਸਤੂਰ ਹੈ ਹੱਥ ਜੋੜ ਕੇ ਮਿਲੋ, ਝੁਕ-ਝੁਕ ਸਲਾਮਾਂ ਕਰੋ, ਸ਼ਸਤ੍ਰ ਕੋਊ ਸਾਥ ਨਹੀਂ ਲੈ ਜਾਣ ਦਿੰਦੇ, ਅਸੀਂ ਸ਼ਸਤ੍ਰ ਬਗ਼ੈਰ ਨਹੀਂ ਰਹਿ ਸਕਦੇ। ਇਹ ਵੀ ਸੁਣਿਆ ਹੈ ਕਿ ਉਹ ਬਾਦਸ਼ਾਹ ਹੱਥ ਚੁੱਕ ਅਸੀਸ ਦਿੰਦਾ ਹੈ ਅਤੇ ਇਸ ਨੂੰ ਅਸੀਂ ਧ੍ਰਿਕਾਰ ਜਾਣਦੇ ਹਾਂ।' ਬਾਦਸ਼ਾਹ ਨੇ ਕਹਿਲਾ ਭੇਜਿਆ—'ਜਿਵੇਂ ਮਰਜ਼ੀ ਆਵੋ,[2] ਮੁਲਾਕਾਤ ਜ਼ਰੂਰ ਹੋਵੇ।' ਜਦ ਸਰਦਾਰ ਬਘੇਲ ਸਿੰਘ ਜੀ ਲਾਲ ਕਿਲ੍ਹਾ ਬਾਦਸ਼ਾਹ ਨੂੰ ਮਿਲਣ ਲਈ ਚੱਲੇ ਤਾਂ ਬੜਾ ਵਚਿਤਰ ਦ੍ਰਿਸ਼ ਸੀ। ਅੱਗੇ ਨਕੀਬ ਬੋਲਦਾ ਜਾਂਦਾ ਸੀ—'ਖਾਲਸਾ ਜੀਓ ਆ ਰਹੇ ਹਨ, ਇੰਜ ਲੱਗਦਾ ਸੀ ਕਿ ਸਿੰਘਾਂ ਦੀ ਸ਼ਾਨ ਨਾਲ ਸੂਰਜ ਵੀ ਮੂੰਹ ਛੁਪਾ ਬੈਠਾ ਹੈ। ਹਾਥੀ ਅਤੇ ਵਧੀਆ ਘੋੜੇ ਦਿੱਲੀ ਨੇ ਕਦੇ ਡਿੱਠੇ ਨਹੀਂ ਸਨ। ਕਿਲ੍ਹੇ ਪਾਸ ਪੁੱਜਦੇ ਹੀ ਵੱਡੇ ਵਜ਼ੀਰ ਨੇ ਇਸਤਕਬਾਲ ਕੀਤਾ।[3] ਹਾਥੀ ਛੱਡ ਸਰਦਾਰ ਬਘੇਲ ਸਿੰਘ ਘੋੜੇ ਤੇ ਸਵਾਰ ਹੋਏ।

*'ਚੜ੍ਹੇ ਚੜ੍ਹਾਏ ਵੜੇ ਮਧ ਕਿਲ੍ਹੇ।'*

ਜਦ ਉਤਰੇ ਤਾਂ ਹੋਰ ਵਜ਼ੀਰ ਕਤਾਰ ਵਿਚ ਖੜ੍ਹੇ ਸਨ। ਆਪ ਜੀ ਨਾਲ ਜਥੇਦਾਰ ਦੂਲਚਾ ਸਿੰਘ ਤੇ ਭਾਈ ਸੱਦਾ ਸਿੰਘ ਵੀ ਸਨ। ਆਪ ਜੀ ਨੇ ਦਰਬਾਰ ਪਹੁੰਚ, ਗੱਜ ਕੇ ਫਤਿਹ ਗਜਾਈ। ਬਾਦਸ਼ਾਹ ਨੇ ਸਭ ਨੂੰ ਉਸੇ ਤਰ੍ਹਾਂ ਫਤਿਹ ਬਲਾਉਣ ਲਈ ਆਖਿਆ। ਕੁਰਸੀ ਬਾਦਸ਼ਾਹ ਦੇ ਨਾਲ ਲਗਵਾਈ ਸੀ ਪਰ ਸਰਦਾਰ ਬਘੇਲ ਸਿੰਘ ਨੇ ਸਾਹਮਣੇ ਲਗਵਾਈ। ਬਾਕੀ ਸਰਦਾਰਾਂ ਨੂੰ ਵੀ ਮਾਣ ਦੀਆਂ ਕੁਰਸੀਆਂ ਦਿੱਤੀਆਂ ਗਈਆਂ। ਸ਼ਾਹ ਤੇ ਬਘੇਲ ਸਿੰਘ ਇਵੇਂ ਗੱਲਾਂ ਕਰ ਰਹੇ ਸਨ ਜਿਵੇਂ ਕੋਈ ਪੁਰਾਣੇ ਮਿੱਤਰ ਹੁੰਦੇ ਹਨ। ਕਿਤਨਾ ਚਿਰ ਗੱਲਾਂ ਹੁੰਦੀਆਂ ਰਹੀਆਂ। ਸਿੰਘ ਜੀ ਦੀਆਂ ਵਿਚਾਰਾਂ ਸੁਣ ਸ਼ਾਹ ਨੇ ਕਿਹਾ ਕਿ ਇਹ ਤਾਂ ਇੰਜ ਹੀ ਕਿਸੇ ਉਡਾਈ ਲੱਗਦੀ ਹੈ ਕਿ ਸਿੰਘ ਲੁਟੇਰੇ ਹਨ। ਲੁਟੇਰੇ ਵਾਲੀ ਗੱਲ ਤਾਂ ਕਿਸੇ ਵਿਚ ਇਕ ਵੀ ਦੇਖੀ ਨਹੀਂ।

---

1. ੧੯੬੮ ਵਿਚ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਮੰਗ ਤੇ ਕੋਤਵਾਲੀ ਦਾ ਬਹੁਤ ਹਿੱਸਾ ਗੁਰਦੁਆਰਾ ਸੀਸ ਗੰਜ ਦੇ ਨਾਂ ਲਗਵਾ ਦਿੱਤਾ ਗਿਆ। ਰਹਿੰਦੇ ਹਿੱਸੇ ਵੀ ੧੯੮੪ ਵਿਚ ਮਿਲ ਗਏ।
2. ਜਿਸ ਮਨ ਮਾਨੈ ਤਿਮ ਚੜਿਓ ਧਾਇ। (ਪ੍ਰਾਚੀਨ ਪੰਥ ਪ੍ਰਕਾਸ਼)
3. ਵਜ਼ੀਰ ਸੁ ਅਗਯੋਂ ਸ਼ਾਹ ਘਲਯੋ, ਇਸਤਕਬਾਲ ਕਰਨ ਖਾਸ।੧੭। (ਪ੍ਰਾਚੀਨ ਪੰਥ ਪ੍ਰਕਾਸ਼)

Sri Satguru Jagjit Singh Ji eLibrary NamdhariElibrary@gmail.com

ਇਥੇ ਇਹ ਲਿਖਣਾ ਕੁਥਾਂ ਨਹੀਂ ਹੋਵੇਗਾ ਕਿ ੧੭੩੭ ਤੋਂ ੧੭੮੮ ਤੱਕ ਦਿੱਲੀ ੫੧ ਸਾਲਾਂ ਵਿਚ ੫੨ ਵਾਰੀ ਲੁੱਟੀ ਉਜਾੜੀ ਗਈ। ੧੭੬੫ ਤੋਂ ੧੭੮੭ ਤੱਕ ਪੰਦਰਾਂ ਵਾਰੀ ਸਿੰਘਾਂ ਦਿੱਲੀ ਜਿੱਤੀ। ੧੭੬੫ ਦੀ ਪਹਿਲੀ ਜਨਵਰੀ ਨੂੰ ਸਿੰਘ ਦਿੱਲੀ ਪੁੱਜੇ ਸਨ ਤੇ ਨਜੀਬ-ਉਦ-ਦਉਲਾ ਨੂੰ ਹਾਰ ਦਿੱਤੀ ਸੀ। ਜਦ ਸੂਰਜ ਮੱਲ ਦਾ ਪੁੱਤਰ ਜਵਾਹਰ ਸਿੰਘ ਸਿੰਘਾਂ ਦੀ ਮਦਦ ਲੈਣ ਲਈ ਪੈਦਲ ਆਇਆ ਸੀ, ਖ਼ਾਲਸਾ ਜੀਓ ਨੇ ਮਦਦ ਦਿੱਤੀ।

ਫਿਰ *ਦੂਜੀ ਵਾਰ*–੧੭ ਅਪ੍ਰੈਲ ੧੭੬੬, ਤੀਜੀ ਵਾਰ–ਜਨਵਰੀ ੧੭੭੦, ਚੌਥੀ ਵਾਰ–ਫ਼ਰਵਰੀ ੧੭੭੦, ਪੰਜਵੀਂ ਵਾਰ–੧੮ ਜਨਵਰੀ ੧੭੭੪, ਛੇਵੀਂ ਵਾਰੀ–ਅਕਤੂਬਰ ੧੭੭੪, ਸੱਤਵੀਂ ਵਾਰੀ–੧੫ ਜੁਲਾਈ ੧੭੭੫, ਅੱਠਵੀਂ ਵਾਰੀ–ਅਗਸਤ-ਨਵੰਬਰ ੧੭੭੬, ਨੌਵੀਂ ਵਾਰੀ–ਮਾਰਚ ਅਪ੍ਰੈਲ ੧੭੭੮, ਦੱਸਵੀਂ ਵਾਰੀ–ਅਗਸਤ ੧੭੭੮, ਗਿਆਰਵੀ ਵਾਰੀ–੨੩ ਸਤੰਬਰ ੧੭੭੮, ਬਾਰ੍ਹਵੀਂ ਵਾਰੀ–ਜਨਵਰੀ ੧੭੭੯, ਤੇਰ੍ਹਵੀਂ ਵਾਰੀ–ਅਪ੍ਰੈਲ ੧੭੮੧, ਚੌਧਵੀਂ ਵਾਰੀ–ਮਾਰਚ ੧੭੮੩, ਜਦ ਸਰਦਾਰ ਬਘੇਲ ਸਿੰਘ ਜੀ ਨੇ ਦਿੱਲੀ ਜਿੱਤੀ। ੧੧ ਮਾਰਚ ਲਾਲ ਕਿਲ੍ਹਾ ਜਿੱਤਿਆ ਅਤੇ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਤਖ਼ਤ ਤੇ ਬੈਠੇ। ਪੰਦਰ੍ਹਵੀਂ ਵਾਰੀ–੨੩ ਅਗਸਤ, ੧੭੮੭।

ਬਾਦਸ਼ਾਹ ਨੇ ਉਹਨਾਂ ਨੂੰ ਹਾਥੀ, ਸੋਨੇ ਦੀ ਇਕ ਜੰਜੀਰ, ਪੰਜ ਘੋੜੇ ਤੇ ਹੋਰ ਬਹੁਤ ਸਾਰੇ ਤੁਹਫੇ ਦੇ ਕੇ ਵਿਦਾ ਕੀਤਾ। ਬਾਦਸ਼ਾਹ ਨੇ ਇਹ ਵੀ ਪੁਛਿਆ ਕਿ ਸਿੰਘਾਂ ਦੇ ਇਤਨੇ ਵੱਖ ਵੱਖ ਜਥੇ ਹਨ, ਝਗੜੇ ਵੀ ਹੁੰਦੇ ਹਨ ਪਰ ਫਿਰ ਇਕੱਠੇ ਕਿਵੇਂ ਹੋ ਜਾਂਦੇ ਹਨ? ਸਰਦਾਰ ਬਘੇਲ ਸਿੰਘ ਨੇ ਕਿਹਾ ਕਿ 'ਰਾਵਾਂ ਦਾ ਅੱਡਰਾ-ਪਣ ਹੋਣਾ ਸੁਭਾਵਕ ਗੱਲ ਹੈ। ਸਿੱਖ ਭਾਵੇਂ ਕਿਤਨੇ ਵੀ ਜਥੇ ਬਣਾ ਕੇ ਰਹਿਣ ਫਿਰ ਵੀ ਉਹ ਖਾਲਸਾ ਹੈ ਤੇ ਦੁਸ਼ਮਣ ਦੇ ਟਾਕਰੇ ਲਈ ਇਕ ਹੈ। ਘਰ ਵਿਚ ਅੱਡ-ਅੱਡ ਹੋ ਸਕਦੇ ਹਨ ਪਰ ਜਦ ਕੌਮ ਦਾ ਸਵਾਲ ਆਵੇ ਤਦ ਇਹ ਅੱਡਰਾਪਣ ਭੁੱਲ ਕੇ ਇਕ ਦੂਜੇ ਨਾਲੋਂ ਅੱਗੇ ਵੱਧ ਕੇ ਜਾਨ ਦੇਣ ਨੂੰ ਤਿਆਰ ਹਨ। ਜਦ ਤੱਕ (੧੮੦੨ ਈਸਵੀ) ਸਰਦਾਰ ਬਘੇਲ ਸਿੰਘ ਜੀ ਜਿਊਂਦੇ ਰਹੇ ਦਿੱਲੀ ਸ਼ਹਿਰ ਦੀ ਚੂੰਗੀ ਦਾ ਚੋਥਾ ਹਿੱਸਾ ਉਨ੍ਹਾਂ ਨੂੰ ਘਰ ਬੈਠਿਆਂ ਪੁੱਜਦਾ ਰਿਹਾ।

ਗ਼ੁਲਾਮ ਕਾਦਰ ਰੁਹੇਲਾ, ਜਿਸ ਨੂੰ ਗੁਰੂ ਦਾ ਅਜਿਹਾ ਚੇਲਾ ਕਿਹਾ ਜਾਂਦਾ ਹੈ 'ਜੋ ਅੱਧਾ ਸਿੱਖ ਤੇ ਅੱਧਾ ਰੁਹੇਲਾ' ਹੈ। ਗ਼ੁਲਾਮ ਕਾਦਰ ਰੁਹੇਲਾ ਦੇ ਬਾਪ ਜ਼ਾਬਤਾ ਖ਼ਾਨ ਨੂੰ ਬਘੇਲ ਸਿੰਘ ਨੇ ਹੀ ਸਿੱਖੀ ਦੇ ਦਾਇਰੇ ਵਿਚ ਲਿਆਂਦਾ ਸੀ।[1] ਗੁਲਾਮ ਕਾਦਰ ਰੁਹੇਲਾ ਉਸ ਸਮੇਂ ੧੧ ਸਾਲਾਂ ਦਾ ਸੀ ਤੇ ਉਸਦਾ ਨਾਮ ਪਿਆਰਾ ਸਿੰਘ ਸੀ। ਇਹ ਯਕੀਨ ਨਾਲ ਕਿਹਾ ਜਾ ਸਕਦਾ ਹੈ ਕਿ ਉਤਰੀ ਹਿੰਦੁਸਤਾਨ ਵਿਚ ਸਿੱਖ ਪੂਰਨ ਸਵਰਾਜ ਕਾਇਮ ਕਰ ਲੈਂਦੇ ਜੇ 'ਦਲ ਖ਼ਾਲਸਾ' ਤੇ ਬਾਕੀ ਮਿਸਲਾਂ ਸਰਦਾਰ ਬਘੇਲ ਸਿੰਘ ਦੀ ਮਦਦ ਕਰਦੀਆਂ। ਰੁਹੇਲੇ ਸਿੱਖਾਂ ਦੇ ਸਾਥੀ ਬਣ ਗਏ ਸਨ। ਅੰਗਰੇਜ਼ ਦੂਰ ਬੈਠੇ ਸਨ ਅਤੇ ਅਵਧ ਦੇ ਨਵਾਬ ਕਮਜ਼ੋਰ ਸਨ। ਮਰਹੱਟੇ ਉਠਣ ਯੋਗ ਨਹੀਂ ਸਨ। ਇਸ ਮਿਸਾਲ ਲਈ ਇਕ ਹੋਰ ਬਦਕਿਸਮਤੀ ਇਹ ਹੋਈ ਕਿ ਪਟਿਆਲੇ ਦੇ ਅਮਰ ਸਿੰਘ ਨੇ ਸਿੱਧੀ ਟੱਕਰ ਲੈਣੀ ਅਰੰਭ ਕਰ ਦਿੱਤੀ। ਇਸ ਟਾਕਰੇ ਦੇ ਕਾਰਨ ਬਹੁਤ ਨੁਕਸਾਨ ਹੋਇਆ। ਸਰਦਾਰ ਬਘੇਲ ਸਿੰਘ ਤੱਕ[2] ਤਾਂ ਇਸ

---

1. ਜ਼ਾਬਤਾ ਖ਼ਾਨ ਦਾ ਨਾਮ ਧਰਮ ਸਿੰਘ ਰੱਖਿਆ ਗਿਆ ਸੀ।

2. ਸੰਨ ੧੭੯੦।

ਮਿਸਲ ਦਾ ਝਗੜਾ ਹੀ ਪਿਆ ਰਿਹਾ। ਸਿੱਖਾਂ ਵਿਚ ਸਗੋਂ ਇਹ ਗੱਲ ਚਲਾ ਦਿੱਤੀ ਗਈ ਕਿ ਸਰਦਾਰ ਬਘੇਲ ਸਿੰਘ ਇਸ ਰਾਜ ਨੂੰ ਕਾਇਮ ਰੱਖਣ ਵਿਚ ਰੁਕਾਵਟ ਪਾ ਰਿਹਾ ਸੀ। ਉਹ ਤਾਂ ਦੂਰ-ਦ੍ਰਿਸ਼ਟੀ ਨਾਲ ਦੇਖ ਰਹੇ ਸਨ। ਉਨ੍ਹਾਂ ਦਾ ਖ਼ਿਆਲ ਸੀ ਕਿ ਦਿੱਲੀ ਦੇ ਮਰਹੱਟਿਆਂ ਨਾਲ ਰਲ ਕੇ ਤੁਰਿਆ ਜਾਵੇ। ਮਰਹੱਟੇ ਅਤੇ ਦਿੱਲੀ ਦੀ ਸ਼ਕਤੀ ਮਰ ਰਹੀ ਹੈ, ਉਸ ਸੂਰਤ ਵਿਚ ਸਿੱਖ ਰਾਜ ਕਾਇਮ ਹੋਣਾ ਕੋਈ ਅਸੰਭਵ ਨਹੀਂ ਹੋਵੇਗਾ, ਪਰ ਪਟਿਆਲਾ ਨਾਲ ਝਗੜੇ ਨੇ ਇਸ ਮਿਸਲ ਉਤੇ ਕਾਫ਼ੀ ਸੱਟਾਂ ਮਾਰੀਆਂ। ਸਰਦਾਰ ਬਘੇਲ ਸਿੰਘ ਉਪਰੰਤ ਇਸ ਮਿਸਲ ਦੀ ਜਥੇਦਾਰੀ ਸਰਦਾਰ ਜੋਧ ਸਿੰਘ 'ਕਲਸੀਆ' ਵਾਲੇ ਹੱਥ ਆਈ। ਸਰਦਾਰ ਜੋਧ ਸਿੰਘ, ਸਰਦਾਰ ਗੁਰਬਖ਼ਸ਼ ਸਿੰਘ ਕਲਸੀਆ ਦੇ ਸਪੁੱਤਰ ਸਨ। ਫੂਲਕੀਆਂ ਮਿਸਲ ਵੀ ਇਨ੍ਹਾਂ ਦੀ ਸ਼ਕਤੀ ਅੱਗੇ ਨਾ ਟਿੱਕ ਸਕੀ। ਸਰਦਾਰ ਜੋਧ ਸਿੰਘ ਨੇ ਇਕ ਵੱਡਾ ਇਲਾਕਾ ਕਬਜ਼ੇ ਵਿਚ ਕਰ ਲਿਆ। ਫੂਲਕੀਆਂ ਦੇ ਰਾਜੇ ਅਮਰ ਸਿੰਘ ਨੇ ਆਪਣੀ ਲੜਕੀ ਦੀ ਸ਼ਾਦੀ ਸਰਦਾਰ ਜੋਧ ਸਿੰਘ ਜੀ ਦੇ ਪੁੱਤਰ ਨਾਲ ਕਰ ਦਿੱਤੀ। ਮਹਾਰਾਜਾ ਰਣਜੀਤ ਸਿੰਘ ਵੇਲੇ ਵੀ ਮਹੱਤਤਾ ਬਣੀ ਰਹੀ। ਇਸ ਮਿਸਲ ਦੇ ਸਿਪਾਹੀਆਂ ਦੀ ਗਿਣਤੀ ਕਦੀ ਵੀ ਸਥਿਰ ਨਹੀਂ ਰਹੀ। ਇਕ ਵਾਰ ਵੱਧ ਕੇ ੧੫੦੦੦ ਤੱਕ ਹੋ ਗਈ। ਆਮ ਤੌਰ ਤੇ ੫੦੦੦ ਹੀ ਰਹਿੰਦੀ ਸੀ।

**10. ਸ਼ਹੀਦ ਸਿੰਘੀ ਮਿਸਲ** : ਸਾਹਿਬ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤੋਂ ਸਿੱਖ ਕੌਮ ਵਿਚ ਅਜਿਹਾ ਜਥਾ ਪੈਦਾ ਹੋ ਗਿਆ ਸੀ ਜੋ ਮਰਨ ਲਈ ਸਦਾ ਹੀ ਤਿਆਰ ਰਹਿੰਦਾ ਸੀ। ਬਾਬਾ ਦੀਪ ਸਿੰਘ ਜੀ ਜਿਨ੍ਹਾਂ ਗੁਰੂ ਗੋਬਿੰਦ ਸਿੰਘ ਹੱਥੋਂ ਹੀ ਅੰਮ੍ਰਿਤ ਛੱਕਿਆ ਸੀ, ਇਸ ਜਥੇ ਦੇ ਨਾਲ ਹੀ ਸਬੰਧ ਰੱਖਦੇ ਸਨ। ਗੁਰੂ ਜੀ ਨੇ ਇਸ ਜਥੇ ਨੂੰ ਨਿਹੰਗ ਸਿੰਘ ਦਾ ਖ਼ਿਤਾਬ ਦਿੱਤਾ ਸੀ। ਨਿਹੰਗ ਸਿੰਘ ਆਪਣਾ ਘੱਟ ਤੇ ਦੂਸਰੇ ਦਾ ਬਹੁਤਾ ਖ਼ਿਆਲ ਰੱਖਦੇ ਸਨ। ਜੋ ਚੜ੍ਹਦੀ ਕਲਾ ਦੇ ਬੋਲ ਸਿੱਖਾਂ ਵਿਚ ਪ੍ਰਚਲਤ ਹੋਏ, ਅਸਲ ਵਿਚ ਇਸ ਜਥੇ ਦੀ ਹੀ ਕਾਢ ਸਨ। ਬਾਕੀ ਜਥਿਆਂ ਵਾਲੇ ਵੀ ਇਸ ਜਥੇ ਦੀ ਜੁਰਅੱਤ ਤੇ ਸਿਦਕਦਿਲੀ ਦਾ ਸਤਿਕਾਰ ਕਰਦੇ ਸਨ। ਬਾਬਾ ਬਿਨੋਦ ਸਿੰਘ ਬਾਅਦ ਇਸ ਜਥੇ ਦੀ ਅਗਵਾਈ ਬਾਬਾ ਦੀਪ ਸਿੰਘ ਜੀ ਨੇ ਸੰਭਾਲੀ। ਆਪ ਜੀ ਜਿੱਥੇ ਸੂਰਮੇ, ਆਗੂ ਜਰਨੈਲ ਤੇ ਸਿਪਾਹੀ ਸਨ, ਉਥੇ ਵਿਦਵਾਨ ਵੀ ਸਨ। ਆਪ ਜੀ ਨੇ ਗੁਰੂ ਗ੍ਰੰਥ ਸਾਹਿਬ ਜੀ ਦੇ ਕਈ ਉਤਾਰੇ ਦਮਦਮੇ ਬੈਠ ਕੇ ਕੀਤੇ ਸਨ। 'ਦਮਦਮਾ' ਜਦੋ-ਜਹਿਦ ਦੇ ਕੇਂਦਰ ਤੋਂ ਦੂਰ ਹੋਣ ਕਾਰਨ ਭਾਵੇਂ ਨਵੇਕਲਾ ਸੀ, ਪਰ ਭੀੜਾਂ ਸਮੇਂ ਆਪ ਇਥੋਂ ਮਦਦ ਕਰਦੇ ਤੇ ਅੱਗੇ ਹੋ ਕੇ ਕੁਰਬਾਨੀ ਦਿੰਦੇ। ਸਰਦਾਰ ਗੁਰਬਖ਼ਸ਼ ਸਿੰਘ ਜਿਹਨਾਂ ਨੇ ਅਕਾਲ ਤੱਖ਼ਤ ਦੀ ਰਖਿਆ ਲਈ ੩੦ ਸਾਥੀਆਂ ਸਮੇਤ ਜਾਨ ਵਾਰੀ ਸੀ, [1] ਇਸ ਜਥੇ ਦੇ ਸਨ। ਬਾਬਾ ਨੋਧ ਸਿੰਘ, ਬਾਬਾ ਫਤਿਹ ਸਿੰਘ ਵੀ ਇਸ ਜਥੇ ਦੇ ਉੱਘੇ ਸਰਦਾਰ ਸਨ। ਅਹਿਮਦ ਸ਼ਾਹ ਅਬਦਾਲੀ ਦੇ ਹੁਕਮ ਨਾਲ ਜਦ ਹਰਿਮੰਦਰ ਸਾਹਿਬ ਵੀ ਉਡਾ ਦਿੱਤਾ ਗਿਆ ਸੀ ਤੇ ਅੰਮ੍ਰਿਤਸਰ ਦੀ ਬੇਅਦਬੀ ਕੀਤੀ ਗਈ ਸੀ ਤਾਂ ਬਾਬਾ ਦੀਪ ਸਿੰਘ ਜੀ ਨੇ ੧੭੫੭ ਵਿਚ ਦਮਦਮੇ ਸਾਹਿਬ ਤੋਂ 'ਮਰਾਂ ਤਾਂ

---

1. ਕਾਜ਼ੀ ਨੂਰ ਮੁਹੰਮਦ ਨੇ ਇਸ ਸ਼ਹਾਦਤ ਦਾ ਜ਼ਿਕਰ ਕੀਤਾ ਹੈ। ਵੇਰਵਾ ਪਿਛਲੇ ੧੩ਵੇਂ ਅਧਿਆਇ ਵਿਚ ਹੈ।

Sri Satguru Jagjit Singh Ji eLibrary NamdhariElibrary@gmail.com

ਹਰਿ ਕੇ ਦੁਆਰ' ਦਾ ਪ੍ਰਣ ਕਰਕੇ ਦਰਬਾਰ ਸਾਹਿਬ ਦੀਆਂ ਪ੍ਰਕਰਮਾ ਵਿਚ ੧੧ ਨਵੰਬਰ, ੧੭੫੭ ਨੂੰ ਸ਼ਹੀਦੀ ਪਾਈ ਸੀ। ਇਸ ਮਿਸਲ ਦੇ ਬਾਅਦ ਦੇ ਆਗੂਆਂ ਨੇ ਆਪਣਾ ਪ੍ਰਭਾਵ-ਖੇਤਰ ਸਤਲੁਜ ਤੋਂ ਪਾਰ ਦਮਦਮਾ ਸਾਹਿਬ ਗਿਰਦ ਹੀ ਰੱਖਿਆ। 'ਦਮਦਮਾ ਸਾਹਿਬ' ਹੁਣ ਤੱਕ ਸਿੰਘਾਂ ਦੀ ਛਾਵਣੀ ਕਰਕੇ ਪ੍ਰਸਿੱਧ ਹੈ। ਬਾਬਾ ਦੀਪ ਸਿੰਘ ਉਪਰੰਤ ਜਥੇਦਾਰ ਕਰਮ ਸਿੰਘ ਇਸ ਮਿਸਲ ਦੇ ਆਗੂ ਰਹੇ ਸਨ। ਉਪਰੰਤ ਅਕਾਲੀ ਫੂਲਾ ਸਿੰਘ ਤੇ ਸਰਦਾਰ ਸਾਧੂ ਸਿੰਘ ਜੀ ਨੇ ਇਸ ਮਿਸਲ ਦੀ ਸ਼ਾਨ ਕਾਇਮ ਰੱਖੀ। ਇਸ ਮਿਸਲ ਦੇ ਸਿਪਾਹੀਆਂ ਦੀ ਗਿਣਤੀ ਬਹੁਤ ਹੀ ਘੱਟ ਸੀ। ਮੁਸ਼ਕਿਲ ਨਾਲ ਇਸ ਦੀ ਗਿਣਤੀ ਕਿਧਰੇ ਜਾ ਕੇ ੨੦੦੦ ਹਜ਼ਾਰ ਨੂੰ ਪੁੱਜੀ ਸੀ। ਇਸ ਮਿਸਲ ਦਾ ਨਾਂ ਬਹਾਦਰੀ ਅਤੇ ਜੁਰਅੱਤ ਕਰਕੇ ਸਦਾ ਹੀ ਕਾਇਮ ਰਿਹਾ। ਮਹਾਰਾਜਾ ਰਣਜੀਤ ਸਿੰਘ ਵੇਲੇ ਵੀ ਇਸ ਮਿਸਲ ਨੂੰ ਛੇੜਨਾ ਠੀਕ ਨਾ ਸਮਝਿਆ ਗਿਆ। ਉਹ ਸਦਾ ਇਸ ਮਿਸਲ ਦਾ ਸਤਿਕਾਰ ਹੀ ਕਰਦਾ ਰਿਹਾ। ਅਕਾਲੀ ਫੂਲਾ ਸਿੰਘ ਜੀ ਨੇ ਇਕ ਵਾਰੀ ਮਹਾਰਾਜਾ ਰਣਜੀਤ ਸਿੰਘ ਨੂੰ ਡਾਂਟਿਆ ਤਾਂ ਮਹਾਰਾਜ ਨੇ ਕਿਹਾ ਸੀ–'ਆਪ ਜੀ ਦਾ ਡਾਂਟਣਾ ਮੇਰੇ ਲਈ ਗੁਣਕਾਰੀ ਹੈ। ਰਾਜ ਦੇ ਧੰਦਿਆਂ ਵਿਚ ਗ਼ਾਫ਼ਲ ਹੋ ਕੇ ਆਪ ਨੂੰ ਕਈ ਵਾਰੀ ਭੁੱਲ ਬੈਠਦਾ ਹਾਂ। ਇਹ ਆਪ ਜੀ ਦੀ ਤਾੜਨਾ ਦਾ ਫ਼ਲ ਹੈ ਕਿ 'ਮੈਂ ਫਿਰ ਸੁਚੇਤ ਹੋ ਜਾਂਦਾ ਹਾਂ। ਤੁਸੀਂ ਗੁਰੂ ਕੀ ਨਗਰੀ ਤੇ ਸਿੱਖੀ ਦੇ ਰਾਖੇ ਹੋ।'

**11. ਨਿਸ਼ਾਨ ਵਾਲੀਆ ਮਿਸਲ** : ਹਰ ਫ਼ੌਜ ਵਿਚ 'ਨਿਸ਼ਾਨ' ਦੀ ਮਹੱਤਤਾ ਗਿਣੀ ਜਾਂਦੀ ਹੈ । ਨਿਸ਼ਾਨ ਦੇ ਡਿੱਗਣ ਨਾਲ ਫ਼ੌਜ ਦੇ ਹੌਸਲੇ ਹੀ ਨਹੀਂ ਟੁਟਦੇ ਸਗੋਂ ਈਨ ਵੀ ਮੰਨੀ ਜਾਂਦੀ ਹੈ। 'ਨਿਸ਼ਾਨ ਨਾ ਡਿੱਗਣ ਦੇਣਾ' ਹੀ ਜੰਗੀ ਨਾਅਰਾ ਹੋਇਆ ਕਰਦਾ ਹੈ। ਸੋ ਸਾਰੀਆਂ ਸਿੱਖ ਮਿਸਲਾਂ ਵਿਚੋਂ ਚੋਣਵੇਂ ਸਿੱਖ ਕੱਢ ਕੇ ਇਸ ਜਥੇ ਵਿਚ ਸ਼ਾਮਿਲ ਕੀਤੇ ਜਾਂਦੇ ਸਨ। ਜਦ ਨਿਸ਼ਾਨ ਉਠਾਉਣ ਵਾਲਾ ਜੰਗ ਵਿਚ ਸ਼ਹੀਦ ਹੋ ਜਾਂਦਾ ਸੀ ਤਾਂ ਨਿਸ਼ਾਨ ਡਿੱਗਣ ਤੋਂ ਪਹਿਲਾਂ ਹੀ ਦੂਜਾ ਅੱਗੇ ਵੱਧ ਕੇ ਨਿਸ਼ਾਨ ਨੂੰ ਚੁੱਕ ਲੈਂਦਾ ਸੀ। ਇਸ ਜਥੇ ਦੀਆਂ ਬਹਾਦਰੀ ਅਤੇ ਸੂਰਮਗਤੀ ਦੀਆਂ ਕਈ ਕਥਾਵਾਂ ਪ੍ਰਚਲਤ ਸਨ। ਇਕ ਉਦਾਹਰਨ ਇਸ ਪ੍ਰਕਾਰ ਹੈ–ਭਾਈ ਆਲਮ ਸਿੰਘ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਝੰਡਾ ਬਰਦਾਰ ਸਨ। ਉਹਨਾਂ ਨੂੰ ਮੁਗ਼ਲਾਂ ਨੇ ਪਕੜ ਲਿਆ। ਭਾਈ ਆਲਮ ਸਿੰਘ ਨੂੰ ਝੰਡਾ ਸੁਟਣ ਲਈ ਮੁਗ਼ਲਾਂ ਨੇ ਕਿਹਾ ਤਾਂ ਉਹ ਡਟੇ ਰਹੇ। ਗਰਜਵੀਂ ਆਵਾਜ਼ ਨਾਲ ਫ਼ੌਜਦਾਰ ਨੇ ਕਿਹਾ–ਝੰਡਾ ਸੁੱਟ ਦੇ ਨਹੀਂ ਤਾਂ ਹੱਥ ਕੱਟ ਦਿੱਤੇ ਜਾਣਗੇ।' ਭਾਈ ਆਲਮ ਸਿੰਘ ਨੇ ਕਿਹਾ ਕਿ 'ਪੈਰਾਂ ਨਾਲ ਪਕੜ ਲਵਾਂਗਾ। ਪੈਰ ਵੀ ਵੱਢ ਦਿੱਤੇ ਜਾਣਗੇ।' ਤਾਂ ਆਲਮ ਨੇ ਜੋਸ਼ ਵਿਚ ਕਿਹਾ ਕਿ 'ਮੂੰਹ ਨਾਲ ਪਕੜ ਲਵਾਂਗਾ।' 'ਸਿਰ ਵੱਢ ਦਿੱਤਾ ਜਾਵੇਗਾ' ਤਾਂ ਉਚੀ ਜੈਕਾਰਾ ਛੱਡਦੇ ਹੋਏ ਭਾਈ ਸਾਹਿਬ ਨੇ ਕਿਹਾ ਕਿ 'ਫਿਰ ਉਹ ਹੀ ਰੱਖਿਆ ਕਰੇਗਾ, ਜਿਸ ਦਾ ਝੰਡਾ ਹੈ।' ਸੰਨ ੧੭੪੮ ਵਿਚ ਪੰਥ ਨੇ ਨਿਰਣਾ ਕਰ ਲਿਆ ਕਿ ਜਦ ਵੀ ਦਲ ਖ਼ਾਲਸਾ ਚੜ੍ਹਾਈ ਕਰੇ, ਹੁਣ ਇਕ ਨਿਸ਼ਾਨ ਸਾਹਿਬ ਦੀ ਥਾਵੇਂ ਪੰਜ ਨਿਸ਼ਾਨ ਸਾਹਿਬ ਹੋਣ ਅਤੇ ਚੋਣਵੇਂ ਘੋੜ-ਸਵਾਰਾਂ ਦੇ ਹੱਥ ਹੋਣ। ਇਹ ਮਾਣ ਸਭ ਤੋਂ ਪਹਿਲਾਂ ਪੰਜ ਸਿਰਕੱਢ ਸਿੰਘਾਂ ਬਾਬਾ ਦਸਵੰਧਾ ਸਿੰਘ, ਭਾਈ ਸੰਗਤ ਸਿੰਘ, ਭਾਈ ਜੈ ਸਿੰਘ, ਭਾਈ ਕੋਇਰ ਸਿੰਘ ਕੈਰੋਂ ਅਤੇ ਭਾਈ ਮਾਨ ਸਿੰਘ ਨੂੰ ਮਿਲਿਆ। ਚੜ੍ਹਾਈ ਕਰਨ ਵੇਲੇ ਅਤੇ ਮੁਹਿੰਮ ਦੀ ਜਿੱਤ ਪਿਛੋਂ ਨਿਸ਼ਾਨ ਸਾਹਿਬ

Sri Satguru Jagjit Singh Ji eLibrary NamdhariElibrary@gmail.com

ਨੂੰ ਸਲਾਮੀ ਦਿੱਤੀ ਜਾਂਦੀ ਸੀ ਅਤੇ ਸਭ ਜਥੇ ਇਹਨਾਂ ਨੂੰ ਆਪਣੀ ਭੇਟਾ ਦੇਂਦੇ ਸਨ।

ਬਾਬਾ ਦਸਵੰਧਾ ਸਿੰਘ ਫ਼ਿਰੋਜ਼ਪੁਰ ਜ਼ਿਲ੍ਹੇ ਦੇ ਪਿੰਡ ਸਿੰਘਾਂਵਾਲਾ ਦੇ ਵਸਨੀਕ ਸਾਹਿਬ ਰਾਇ ਦੇ ਸਪੁੱਤਰ ਸਨ। ਛੋਟੀ ਉਮਰ ਵਿਚ ਹੀ ਕੇਸ ਚਿੱਟੇ ਹੋ ਜਾਣ ਕਾਰਨ ਸਾਰੇ 'ਬਾਬਾ' ਕਹਿੰਦੇ ਸਨ ਅਤੇ ਅਲ 'ਧੌਲਮੁਛੀਆ' ਵੀ ਪੈ ਗਈ। ਅੰਮ੍ਰਿਤ ਉਨ੍ਹਾਂ ਭਾਈ ਮਨੀ ਸਿੰਘ ਜੀ ਕੋਲੋਂ ਹੀ ਛਕਿਆ ਸੀ। ਉਨ੍ਹਾਂ ਆਪਣਾ ਜਥਾ ਬਣਾ ਲਿਆ ਸੀ ਅਤੇ ਸੰਨ ੧੮੪੮ ਵਿਚ ਜਦ 'ਦਲ ਖਾਲਸਾ' ਦੀ ਜਥੇਬੰਦੀ ਕਾਇਮ ਹੋਈ ਤਾਂ ਇਹ 'ਨਿਸ਼ਾਨਵਾਲੀਆ ਮਿਸਲ' ਦੇ ਆਗੂ ਬਣੇ। ਇਹਨਾਂ ਦੀ ਮਿਸਲ ਦੇ ਚੋਣਵੇਂ ਸਿੰਘ ਹੀ ਨਿਸ਼ਾਨ ਸਾਹਿਬ ਲੈ ਕੇ ਚੜ੍ਹਾਈ ਵੇਲੇ ਅੱਗੇ ਹੁੰਦੇ ਸਨ। ਅੰਮ੍ਰਿਤਸਰ ਵਿਚ ਵੀ ਇਹਨਾਂ ਦੀ ਰਾਖਵੀਂ ਟੁਕੜੀ ਹੁੰਦੀ ਸੀ। ੧੭੬੪ ਵਿਚ ਇਨ੍ਹਾਂ ਸਤਲੁਜ ਤੋਂ ਪਾਰ ਆਪਣੀ ਸਲਤਨਤ ਕਾਇਮ ਕਰ ਲਈ ਸੀ ਜਿਸ ਦੇ ਘੇਰੇ ਵਿਚ ਸਾਹਨੇਵਾਲ, ਖੰਨਾ, ਦੋਰਾਹਾ, ਅਮਲੋਹ, ਜ਼ੀਰਾ, ਅੰਬਾਲਾ ਆਉਂਦਾ ਸੀ। ੧੭੬੭ ਵਿਚ ਇਹ ਜੰਗ ਕਰਦੇ ਹੀ ਸ਼ਹੀਦ ਹੋ ਗਏ।

ਉਨ੍ਹਾਂ ਪਿਛੋਂ ਇਹਨਾਂ ਦੇ ਬੇਟੇ ਭਾਈ ਸੰਗਤ ਸਿੰਘ ਜਥੇਦਾਰ ਬਣੇ। ਅੰਬਾਲਾ ਸ਼ਹਿਰ ਦੀ ਇਨ੍ਹਾਂ ਫਸੀਲ ਬਣਾਈ। ਪਾਣੀ ਦੀ ਥੁੜ੍ਹ ਕਾਰਨ ਉਹ ਤਾਂ ਫ਼ਿਰੋਜ਼ਪੁਰ ਚਲੇ ਗਏ ਤੇ ਉਥੇ ਹੀ ਉਨ੍ਹਾਂ ਦਾ ਅਕਾਲ ਚਲਾਣਾ ਹੋ ਗਿਆ। ਚਾਚੇ ਦੇ ਪੁੱਤਰਾਂ ਭਾਈ ਲਾਲ ਸਿੰਘ ਤੇ ਗੁਰਬਖ਼ਸ ਸਿੰਘ ਨੇ ਅਗਵਾਈ ਸੰਭਾਲੀ।

ਭਾਈ ਲਾਲ ਸਿੰਘ ਦੇ ਤਿੰਨ ਬੇਟੇ ਭਾਈ ਮੋਹਰ ਸਿੰਘ, ਭਾਈ ਕਪੂਰ ਸਿੰਘ ਅਤੇ ਅਨੂਪ ਸਿੰਘ ਸਨ। ਉਹਨਾਂ ਤਿੰਨਾਂ ਨੇ ਚਾਚੇ ਗੁਰਬਖ਼ਸ਼ ਸਿੰਘ ਨੂੰ ਇਲਾਕੇ ਵਿਚੋਂ ਖਦੇੜ ਬਾਹਰ ਕੱਢ ਦਿੱਤਾ। ਉਸ ਨੇ ਮੁਰਿੰਡਾ ਵਿਚ ਟਿਕਾਣਾ ਕਰ ਲਿਆ। ਪਰ ਜਦ ਮੋਹਰ ਸਿੰਘ ਨੇ ਲੋਕਾਂ ਨੂੰ ਤੰਗ ਕਰਨਾ ਅਰੰਭ ਕੀਤਾ ਤਾਂ ਲੋਕਾਂ ਨੇ ਗੁਰਬਖ਼ਸ਼ ਸਿੰਘ ਨੂੰ ਫਿਰ ਕਮਾਨ ਸੰਭਾਲਣ ਲਈ ਕਿਹਾ। ਮੋਹਰ ਸਿੰਘ ਦੀ ਜੰਗ ਵਿਚ ਹੀ ਮ੍ਰਿਤੂ ਹੋ ਗਈ ਅਤੇ ਗੁਰਬਖ਼ਸ਼ ਸਿੰਘ ਮਿਸਲ ਦੇ ਜਥੇਦਾਰ ਬਣੇ। ਉਹਨਾਂ ਦੇ ਅਕਾਲ ਚਲਾਣੇ ਪਿਛੋਂ ਉਹਨਾਂ ਦੀ ਵਿਧਵਾ ਰਾਣੀ ਦਇਆ ਕੌਰ ਨੇ ਕਮਾਨ ਸੰਭਾਲੀ ਕਿਉਂਕਿ ਭਾਈ ਜੀ ਦੀ ਕੋਈ ਸੰਤਾਨ ਨਹੀਂ ਸੀ।

ਉਧਰ ਲਾਲ ਸਿੰਘ ਦੇ ਦੋਵੇਂ ਬਾਕੀ ਪੁੱਤਰਾਂ ਦੀ ਮ੍ਰਿਤੂ ਹੋ ਜਾਣ ਤੇ ਅਨੂਪ ਸਿੰਘ ਦੀ ਵਿਧਵਾ ਸੋਭਾ ਰਾਇ ਦੇ ਇਲਾਕੇ ਤੇ ਜ਼ੀਰੇ ਨੂੰ ਮਹਾਰਾਜਾ ਰਣਜੀਤ ਸਿੰਘ ਜੀ ਨੇ ਦੀਵਾਨ ਮੋਹਕਮ ਚੰਦ ਨੂੰ ਫ਼ੌਜਾਂ ਭੇਜ ਕੇ ਨਾਲ ਮਿਲਾ ਲਿਆ।

ਰਾਣੀ ਦਇਆ ਕੌਰ ਨੇ ਅੰਬਾਲੇ ਤੇ ਹੋਰ ਇਲਾਕੇ ਤੇ ਤਕਰੀਬਨ ੩੭ ਸਾਲ ਬੜੀ ਸੁਘੜਤਾ ਨਾਲ ਹਕੂਮਤ ਕੀਤੀ। ਲੈਪਲ ਗ੍ਰਿਫਨ ਦਾ ਕਹਿਣਾ ਹੈ ਕਿ 'ਉਸ ਦਾ ਰਾਜ ਪ੍ਰਬੰਧ ਇਕ ਨਮੂਨੇ ਦਾ ਸੀ।' ਮਹਾਰਾਜਾ ਰਣਜੀਤ ਸਿੰਘ ਨੇ ਉਸ ਦੇ ਇਲਾਕੇ ਤੇ ਕਬਜ਼ਾ ਕਰ ਲਿਆ ਪਰ ੧੮੦੯ ਦੀ ਅੰਗਰੇਜ਼ਾਂ ਨਾਲ ਸੰਧੀ ਹੋ ਜਾਣ ਤੇ ਦਇਆ ਕੌਰ ਨੇ ਅਖਤਰ ਲੂਨੀ ਅੱਗੇ ਅਪੀਲ ਕਰਕੇ ਰਾਜ ਵਾਪਸ ਲਿਆ।

੧੮੨੩ ਵਿਚ ਉਸ ਦੀ ਮ੍ਰਿਤੂ ਪਿਛੋਂ ਅੰਗਰੇਜ਼ਾਂ ਉਸ ਦਾ ਇਲਾਕਾ ਆਪਣੇ ਕਬਜ਼ੇ ਹੇਠ ਕਰ ਲਿਆ।

ਮਿਸਲ ਦੇ ਹੋਰ ਪ੍ਰਸਿੱਧ ਸਰਦਾਰ ਜਰਨੈਲਾਂ ਵਿਚੋਂ ਭਾਈ ਧਰਮ ਸਿੰਘ ਮੁਰਿੰਡਾ, ਜੈ

ਸਿੰਘ ਲਿਧੜਾਂ, ਕਰਮ ਸਿੰਘ ਨਿਰਮਲਾ (ਸ਼ਾਹਬਾਦ ਮਾਰਕੰਡਾ), ਨੌਧ ਸਿੰਘ ਖੇੜੀ, ਰਾਇ ਸਿੰਘ ਧੀਰੂ ਮਾਜਰਾ, ਸਾਵਣ ਸਿੰਘ ਸੌਣੀ ਅਤੇ ਸੁੱਚਾ ਸਿੰਘ ਬਾਜਵਾ ਸਨ।

**12. ਫੂਲਕੀਆਂ ਮਿਸਲ** : ਸਤਲੁਜ ਪਾਰ ਮਿਸਲਾਂ ਵਿਚੋਂ ਕਰੋੜਾ ਸਿੰਘੀ ਮਿਸਲ ਤੋਂ ਇਲਾਵਾ ਸਿਰਫ਼ ਫੂਲਕੀਆ ਮਿਸਲ ਹੀ ਇਕ ਐਸੀ ਹੈ ਜਿਸ ਦੀ ਪ੍ਰਸਿਧਤਾ ਕਾਇਮ ਰਹੀ। ਕਰੋੜਾ ਸਿੰਘੀ ਮਿਸਲ ਤਾਂ ਸਰਦਾਰ ਬਘੇਲ ਸਿੰਘ ਦੇ ਚੜ੍ਹਾਈ ਕਰਨ ਨਾਲ ਅਲੋਪ ਹੀ ਹੋ ਗਈ ਪਰ ਇਹ ਮਿਸਲ ਬਹੁਤ ਦੇਰ ਤੱਕ ਕਾਇਮ ਰਹੀ। ਮਹਾਰਾਜਾ ਰਣਜੀਤ ਸਿੰਘ ਵੇਲੇ ਵੀ ਇਸ ਮਿਸਲ ਨੇ ਆਪਣੀ ਹੋਂਦ ਨੂੰ ਖ਼ਤਮ ਨਾ ਹੋਣ ਦਿਤਾ। ਇਹ ਮਿਸਲ ਸਿੱਧੀ ਦਲ ਖ਼ਾਲਸੇ ਦੇ ਪ੍ਰਭਾਵ ਜਾਂ ਝੰਡੇ ਥੱਲੇ ਕਦੇ ਵੀ ਨਹੀਂ ਆਈ। ਭਾਵੇਂ ਇਸ ਮਿਸਲ ਦੇ ਆਗੂ ਬਾਨੀ ਬਾਬਾ ਆਲਾ ਸਿੰਘ ਸਤਿਕਾਰ ਵਜੋਂ ਦਲ ਖ਼ਾਲਸਾ ਦੀ ਸਰਪ੍ਰਸਤੀ ਮੰਨਦੇ ਸਨ।

ਬਾਬਾ ਆਲਾ ਸਿੰਘ ਦਾ ਜਨਮ ਸੰਨ ੧੬੯੦ ਵਿਚ ਹੋਇਆ। ਕਾਲੇਕੇ ਪਿੰਡ ਦੇ ਚੌਧਰੀ ਕਾਲੇ ਦੀ ਬੇਟੀ ਨਾਲ ਨਾਲ ਛੋਟੀ ਉਮਰੇ ਹੀ ਆਲਾ ਸਿੰਘ ਦਾ ਰਿਸ਼ਤਾ ਹੋ ਜਾਣ ਨਾਲ ਰਾਮ ਚੰਦ ਨੇ ਕਈ ਹੋਰ ਪਿੰਡਾਂ ਵਿਚ ਵੀ ਆਪਣੀ ਧਾਕ ਜਮਾ ਲਈ। ਜਦ ੧੭੧੪ ਨੂੰ ਆਲਾ ਸਿੰਘ ਨੇ ਕਮਾਨ ਸੰਭਾਲੀ ਤਾਂ ਉਸ ਪਾਸ ੨੨ ਪਿੰਡਾਂ ਦੀ ਮਾਲਕੀ ਬਠਿੰਡਾ ਵਿਚ ਸੀ। ਭਾਵੇਂ ਉਹ ਉਤਰ ਵੱਲ ਈਸਾ ਖ਼ਾਨ ਮੰਜ, ਦੱਖਣ ਵੱਲ ਭਟੀਆਂ ਤੇ ਪੂਰਬ ਵੱਲ ਸਰਹੰਦ ਤੇ ਦੱਖਣ ਵੱਲ ਮਾਰਖੋਰ ਬਰਾੜਾਂ ਵਿਚ ਹੀ ਘਿਰਿਆ ਹੋਇਆ ਸੀ ਪਰ ਉਸ ਆਪਣੀ ਸਿਆਣਪ, ਚਾਤੁਰੀ ਤੇ ਜੁਰਅੱਤ ਨਾਲ ਪੂਰੀ ਰਿਆਸਤ ਬਣਾ ਲਈ।

ਪਹਿਲਾ ਕੰਮ ਆਲਾ ਸਿੰਘ ਨੇ ਇਹ ਕੀਤਾ ਕਿ ਕੁਝ ਢਾਡੀਆਂ ਦੀਆਂ ਸੇਵਾਵਾਂ ਹਾਸਲ ਕਰਕੇ ਇਲਾਕੇ ਵਿਚ ਅਜਿਹਾ ਪ੍ਰਚਾਰ ਕੀਤਾ ਕਿ ਨੌਜੁਆਨ ਹੱਲ ਛੱਡ ਉਸ ਨਾਲ ਰਲ ਖਲੋਤੇ। ਦੇਖਦੇ ਹੀ ਦੇਖਦੇ ਕਈ ਹੋਰ ਪਿੰਡ ਉਹਨਾਂ ਨੇ ਕਬਜ਼ੇ ਵਿਚ ਕਰ ਲਏ ਅਤੇ ੧੭੨੨ ਵਿਚ ਬਰਨਾਲਾ ਵਿਚ ਹੈਡਕੁਆਟਰ ਬਣਾ ਲਿਆ।

ਇਹਨਾਂ ਦੀ ਬਹਾਦਰੀ ਦੇ ਕਾਰਨਾਮੇ ਤੱਕ ਸੰਘੇੜਾ ਪਿੰਡ ਦਾ ਚੌਧਰੀ ਵੀਰ ਭਾਨ ਇਸ ਨਾਲ ਆ ਰਲਿਆ। ਈਸਾ ਖਾਨ ਦੇ ਮਰਨ ਨਾਲ ਇਸ ਨੂੰ ਉਤਰ ਵੱਲ ਵਧਣ ਦਾ ਮੌਕਾ ਮਿਲ ਗਿਆ। ਰਾਏਕੋਟ ਤੋਂ ਜਗਰਾਉਂ ਵੱਲ ਉਸ ਪੈਰ ਵਧਾਉਣੇ ਅਰੰਭੇ। ਰਾਇ ਕੱਲ੍ਹਾ ਦੀ ਬੇਗ਼ਮ ਦੇ ਭਰਾ ਸੌਂਧ ਖ਼ਾਨ ਦੇ ਗੁਜ਼ਰਨ ਉਪਰੰਤ ਉਸਨੇ ਮੀਨਾ ਤੇ ਵੀ ਕਬਜ਼ਾ ਕਰ ਲਿਆ। ਰਾਇ ਕੱਲ੍ਹਾ ਨੇ ਹਲਵਾੜਾ ਦੇ ਦਲੇਰ ਖਾਨ ਜ਼ਮਾਲ ਖ਼ਾਨ ਮਲੇਰਕੋਟਲਾ ਤੇ ਜਲੰਧਰ ਦੁਆਬੇ ਦੇ ਨਵਾਬ ਅਸਦ ਖ਼ਾਨ ਦੀ ਮਦਦ ਨਾਲ ਬਰਨਾਲਾ ਤੇ ਹਮਲਾ ਕਰਨ ਦੀ ਵਿਉਂਤ ਬਣਾਈ। ਆਲਾ ਸਿੰਘ ਨੂੰ ਖ਼ਬਰ ਪੁੱਜ ਗਈ। ਉਸ ਨੇ ਠੀਕਰੀ ਵਾਲੇ ਦੇ ਅਸਥਾਨ ਤੇ ਜਾ ਕੇ ਅਚਾਨਕ ਟਾਕਰਾ ਕੀਤਾ ਤੇ ਅਸਦ ਖਾਨ ਥਾਂ ਤੇ ਹੀ ਮਾਰਿਆ ਗਿਆ। ਬਾਕੀ ਸਾਰੇ ਭੱਜ ਗਏ ਤੇ ਆਲਾ ਸਿੰਘ ਇਕ ਤਾਕਤ ਬਣ ਗਿਆ। ਨਵਾਬ ਕਪੂਰ ਸਿੰਘ ਹੱਥੋਂ ਉਸ ਅੰਮ੍ਰਿਤ ਛੱਕ ਲਿਆ। ਉਸ ਜਾਣ ਲਿਆ ਕਿ ਉਤਰ ਵੱਲ ਹੋਰ ਵੱਧਣਾ ਮੁਸ਼ਕਿਲ ਹੋਵੇਗਾ ਕਿਉਂਕਿ ਉਧਰ ਦਲ ਖ਼ਾਲਸਾ ਦਾ ਪਹਿਰਾ ਹੈ। ਸੋ ਉਸ ਪੂਰਬ ਵੱਲ ਸਨੇਰ ਤੇ ਧਾਵਾ ਬੋਲਿਆ। ਮੁਹੰਮਦ ਸਾਹ ਖੋਖਰ ਨੇ ਈਨ ਮੰਨੀ ਤੇ ਅਮਰੂਦ ਤੇ ਬੇਰੀਆਂ ਦੇ ਝੁੰਡ ਦੇਖ ਸੋਢੀਆਂ ਦੀ

Sri Satguru Jagjit Singh Ji eLibrary NamdhariElibrary@gmail.com

ਪੱਟੀ ਤੇ ਕਿਲ੍ਹੇ, ਸੋਢੀਆਂ ਦੀ ਗੜ੍ਹੀ ਤੇ ਕਬਜ਼ਾ ਕਰ ਲਿਆ ਤੇ ਪਿਛੋਂ ਇਥੋਂ ਹੀ ਗਿਆਨੀ ਗਿਆਨ ਸਿੰਘ ਦੇ ਲਿਖਣ ਅਨੁਸਾਰ ੮ ਨਵੰਬਰ, ੧੭੫੯ (ਕੱਤਕ ਦੀ ੧੩, ਸੰਮਤ ੧੮੧੬) ਨੂੰ ਪਟਿਆਲਾ ਦੀ ਨੀਂਹ ਰੱਖੀ।

ਫਿਰ ਉਸ ਨੇ ਦਲ ਖ਼ਾਲਸਾ ਦੀ ਮਦਦ ਨਾਲ ਭੱਟੀਆਂ ਨੂੰ ਜ਼ੇਰ ਕਰਨਾ ਅਰੰਭਿਆ ਅਤੇ ਪਹਿਲਾਂ ਸਮਾਣਾ, ਫਿਰ ਬੁਢਲਾਡਾ, ਬਰਸੂਲ, ਜਮਾਲਪੁਰ, ਸ਼ਿਕਾਰਪੁਰ ਤੇ ਟੋਹਾਣਾ ਤੱਕ ਮਾਰਾਂ ਮਾਰੀਆਂ ਤੇ ਇਲਾਕੇ ਕਬਜ਼ੇ ਕੀਤੇ। ਮੁਹੰਮਦ ਈਮਾਨ ਖ਼ਾਨ ਨੇ ਦੁਰਾਨੀ ਜਰਨੈਲ ਦੀ ਮਦਦ ਨਾਲ ਆਲਾ ਸਿੰਘ ਤੇ ਹਮਲਾ ਬੋਲਿਆ ਪਰ ਬਾਬਾ ਦੀਪ ਸਿੰਘ ਜੀ ਦੀ ਸਹਾਇਤਾ ਨਾਲ ਭੱਟੀ ਮੈਦਾਨੋਂ ਭੱਜ ਗਏ ਤੇ ਇਕ ਵੱਡੀ ਜਿੱਤ ਆਲਾ ਸਿੰਘ ਜੀ ਦੇ ਹੱਥ ਆਈ। ਸਰਹੰਦ ਦੇ ਨਵਾਬ ਅਬਸਦ-ਸਮਦ ਖ਼ਾਨ ਨੇ ਹੁਣ ਪਟਿਆਲਾ ਵੱਲ ਹੱਲੇ ਬੋਲੇ ਪਰ ਉਹ ਸਫ਼ਲ ਨਾ ਹੋਇਆ ਤੇ ਸਿੰਘਾਂ ਦੀ ਇਮਦਾਦ ਨਾਲ ਆਲਾ ਸਿੰਘ ਨੇ ਸਰਹੰਦ ਤੇ ਹੀ ਹੱਲਾ ਬੋਲ ਦਿੱਤਾ ਅਤੇ ੮ ਮਾਰਚ ੧੭੫੮ ਨੂੰ ਅਬਦਸ-ਸਮਦ ਖ਼ਾਨ ਨੂੰ ਕੈਦੀ ਬਣਾ ਲਿਆ।

ਆਲਾ ਸਿੰਘ ਦੀ ਵਧਦੀ ਤਾਕਤ ਨੂੰ ਪਹਿਲਾਂ ਤਾਂ ਦਿੱਲੀ ਦੀ ਮੁਗ਼ਲ ਹਕੂਮਤ ਨਾ ਸਹਾਰ ਸਕੀ ਤੇ ਗ੍ਰਿਫਤਾਰ ਵੀ ਕੀਤਾ ਪਰ ਜਦ ਅਬਦਾਲੀ ਦੇ ਹੱਲੇ ਹੋਣੇ ਸ਼ੁਰੂ ਹੋਏ ਤਾਂ ਉਹਨਾਂ ਨੂੰ ਹੀ ਆਲਾ ਸਿੰਘ ਦੀ ਮਦਦ ਲੈਣੀ ਪਈ। ਮਰਹੱਟਿਆਂ ਨਾਲ ਉਸ ਬਣਾ ਲਈ ਤੇ ਪਾਣੀਪਤ ਦੀ ਜੰਗ ਵਿਚ ਪਹਿਲਾਂ ਤਾਂ ਮਰਹੱਟਿਆਂ ਨੂੰ ਰਸਦ ਪਾਣੀ ਪਹੁੰਚਾਉਂਦੇ ਰਹੇ ਪਰ ਪਿਛੋਂ ਜਦ ਅਬਦਾਲੀ ਨੇ ਪਟਿਆਲਾ ਦੇ ਇਲਾਕੇ ਤਬਾਹੀ ਮਚਾਣੀ ਸ਼ੁਰੂ ਕੀਤੀ ਤਾਂ ਦੁਰਾਨੀ ਨੂੰ ਰਸਦ ਪਹੁੰਚਾਉਣ ਲੱਗ ਪਏ। ਹਾਰ ਪਿਛੋਂ ਕਿਤਨੇ ਹੀ ਮਰਹੱਟਿਆਂ ਨੇ ਪਟਿਆਲਾ ਦੀ ਰਿਆਸਤ ਵਿਚ ਪਨਾਹ ਲਈ ਤੇ ਜਾਨ ਬਚਾਈ। ਹੁਣ ਵੀ ਕਈ ਨਰਵਾਨਾ ਤੇ ਕੈਂਥਲ ਦੇ ਕਈ ਪਿੰਡ ਵਿਚ ਉਹਨਾਂ ਮਰਹੱਟਿਆਂ ਦੀ ਔਲਾਦ ਹੈ।

ਬਾਬਾ ਆਲਾ ਸਿੰਘ ਨੇ ਪਹਿਲਾਂ ਤਾਂ ਇਹ ਨੀਤੀ ਅਪਣਾਈ ਰੱਖੀ ਕਿ ਮੁਗ਼ਲ ਹਕੂਮਤ ਵਿਰੁੱਧ ਨਾਦਰ ਸ਼ਾਹ ਦੀ ਮਦਦ ਕੀਤੀ ਪਰ ਪਿਛੋਂ ਅਹਿਮਦਸ਼ਾਹ ਅਬਦਾਲੀ ਵਿਰੁੱਧ ਪਹਿਲੇ ਹਮਲੇ ਵੇਲੇ ਮੁਗ਼ਲਾਂ ਦੀ ਮਦਦ ਕੀਤੀ ਅਤੇ ਅਹਿਮਦ ਸ਼ਾਹ ਨੂੰ ਮੁੜਦੇ ਨੂੰ ਲੁਟਦੇ ਵੀ ਰਹੇ। ਪਾਣੀਪਤ ਦੀ ਤੀਜੀ ਜੰਗ ਵੇਲੇ ਉਤੋਂ ਤਾਂ ਰਸਦ ਅਬਦਾਲੀ ਨੂੰ ਭੇਜਦਾ ਰਿਹਾ ਪਰ ਮਰਹੱਟਿਆਂ ਨੂੰ ਵੀ ਰਸਦਾਂ ਵੇਚਦਾ। ਵੱਡੇ ਘੱਲੂਘਾਰੇ ਵੇਲੇ ਪੰਥ ਦੀ ਮਦਦ ਕੀਤੀ ਤੇ ਵਹੀਰ ਨੂੰ ਪਨਾਹ ਵੀ ਦਿੱਤੀ। ਅਬਦਾਲੀ ਨੇ ਬੜਾ ਗੁੱਸਾ ਮਨਾਇਆ ਪਰ ਆਲਾ ਸਿੰਘ ਨੇ ਨਜ਼ਰਾਨੇ ਦੇ ਉਸ ਨੂੰ ਸ਼ਾਂਤ ਕੀਤਾ। ਅਬਦਾਲੀ ਨੇ ਆਲਾ ਸਿੰਘ ਨੂੰ ਰਾਜਾ ਦਾ ਖ਼ਿਤਾਬ ਤੇ ਸਰਹੰਦ ਦੀ ਨਵਾਬੀ ਵੀ ਦਿੱਤੀ।

ਨਜੀਬ-ਉਦ-ਦੌਲਾ ਨਾਲ ਆਲਾ ਸਿੰਘ ਦੇ ਸਬੰਧ ਚੰਗੇ ਰਹੇ। ਪੰਥ ਨਾਲ ਵੀ ਉਹਨਾਂ ਕਦੇ ਨਾ ਵਿਗਾੜੀ। ਗਿਆਨੀ ਗਿਆਨ ਸਿੰਘ ਨੇ ਤਵਾਰੀਖ਼ ਗੁਰੂ ਖਾਲਸਾ ਦੀ ਜਿਲਦ ਤੀਜੀ, ਪੰਨਾ ੬੮੦ ਤੇ ਖ਼ੂਬ ਲਿਖਿਆ ਹੈ ਕਿ ਉਹ ਇਤਨਾ ਚਤੁਰ ਸੀ ਕਿ ਸਮੇਂ ਨੂੰ ਸੰਭਾਲਣ ਦਾ ਉਸ ਨੂੰ ਵੱਲ ਆਉਂਦਾ ਸੀ। ਉਸ ਨੇ ਦੋ ਮੁਹਰਾਂ ਬਣਾ ਰੱਖੀਆਂ ਸਨ। ਇਕ ਤੇ 'ਸੁਲਤਾਨ ਸਹਾਇ ਆਲਾ' ਤੇ ਦੂਜੀ ਤੇ 'ਅਕਾਲ ਸਹਾਇ ਆਲਾ ਸਿੰਘ' ਉਕਰਿਆ ਹੋਇਆ ਸੀ। ਹੋਰ ਭਾਵੇਂ ਕਿਸੇ ਮਿਸਲ ਦੇ ਆਗੂ ਨਾਲ ਉਸ ਦੀ ਵਿਗੜ ਜਾਏ ਪਰ ਸਰਦਾਰ ਜੱਸਾ

Sri Satguru Jagjit Singh Ji eLibrary NamdhariElibrary@gmail.com

ਸਿੰਘ ਆਹਲੂਵਾਲੀਆ ਦੀ ਕਦੇ ਨਾ ਉਨ੍ਹਾਂ ਮੋੜੀ। ਇਕ ਵਾਰੀ ਤਾਂ ਪੰਥ ਨੇ ਫ਼ੈਸਲਾ ਹੀ ਕਰ ਦਿੱਤਾ ਕਿ ਆਲਾ ਸਿੰਘ ਨੂੰ ਸਜ਼ਾ ਦਿੱਤੀ ਜਾਵੇ ਪਰ ਉਸ ਨੇ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੀ ਸਹਾਇਤਾ ਨਾਲ ਪੰਥ ਕੋਲੋਂ ਖ਼ਿਮਾ ਮੰਗ ਲਈ ਅਤੇ ਸਰਦਾਰ ਜੱਸਾ ਸਿੰਘ ਜੀ ਪਾਸੋਂ ਅੰਮ੍ਰਿਤ ਛਕਿਆ। ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਵੀ ਉਨ੍ਹਾਂ ਦੀ ਮਦਦ ਤੇ ਰਹੇ। ਭਾਵੇਂ ਅਬਦਾਲੀ ਨਾਲ ਆਲਾ ਸਿੰਘ ਨੇ ਕਦੇ ਨਾ ਵਿਗਾੜੀ ਤੇ ਕਾਜ਼ੀ ਨੂਰ ਮੁਹੰਮਦ ਕਹਿੰਦਾ ਹੈ ਕਿ ਅਬਦਾਲੀ ਵੀ ਉਸ ਦੀ ਗੱਲ ਬੜੇ ਧਿਆਨ ਨਾਲ ਸੁਣਦਾ ਸੀ ਪਰ ਉਹ ਗੱਲ ਮੂੰਹ ਤੇ ਵੀ ਕਹਿ ਦਿੰਦੇ ਸਨ। ਅਬਦਾਲੀ ਨੇ ਇਕ ਵਾਰੀ ਪੁੱਛਿਆ ਸੀ ਕਿ ਸਿੱਖ ਮਾਰਿਆਂ ਵੀ ਕਿਉਂ ਨਹੀਂ ਮਰਦੇ ਤਾਂ ਉਨ੍ਹਾਂ ਕਿਹਾ ਕਿ ਤੂੰ ਨਹੀਂ ਜਾਣਦਾ ਕਿ ਗੁਰੂ ਗੋਬਿੰਦ ਸਿੰਘ ਜੀ ਸਿੱਖਾਂ ਨੂੰ ਵਰ ਦੇ ਗਏ ਹਨ ਕਿ ਜਿਥੇ ਵੀ ਧਰਮ ਦੇ ਰਾਹ ਇਕ ਸਿੱਖ ਸ਼ਹੀਦ ਹੋਏਗਾ ਉਥੇ ਹੀ ਦੋ ਹੋਰ ਦੂਣੇ ਉਤਸ਼ਾਹ ਤੇ ਜਜ਼ਬੇ ਨਾਲ ਜਨਮ ਲੈ ਥਾਂ ਲੈ ਲੈਣਗੇ।

***ਅਗਰ ਯਕ ਸਗੇ ਮੁਰਦ ਪਰ ਜਾਇ ਊ।***
***ਦੋ ਸਗ ਦੀਗਰ ਸ਼ਵਦ ਕੀਨਾ ਜੂ।***
***ਕਿ ਹਸਤ ਈਂ, ਦੁਆਇ ਗੁਰੂ-ਏ ਸਗਾਂ।***
***ਕਿ ਯਕ ਸਗ ਰੂਦ, ਦੋ ਸਗ ਆਇਦ ਅਜ਼ਾਂ।*** (ਬਿਆਨ ਪੈਂਤੀਵਾਂ, ਜੰਗਨਾਮਾ)

ਇਕ ਹੋਰ ਕਾਰਨ ਵੀ ਹੈ ਕਿ ਤੂੰ ਦੋਹਾਂ ਜੱਸਾ ਸਿੰਘਾਂ (ਆਹਲੂਵਾਲੀਆ ਤੇ ਰਾਮਗੜ੍ਹੀਆ) ਨੂੰ ਲੜਾ ਨਹੀਂ ਸਕਿਆ। ਉਹ ਦੋਵੇਂ ਪੱਕੇ ਯਾਰ ਹਨ।

***"ਹਰ ਦੋ ਜਸਾ ਬਹਮ ਗਸ਼ਤਾ ਯਾਰ"***

ਬਾਬਾ ਆਲਾ ਸਿੰਘ ਦਾ ਅਕਾਲ ਚਲਾਣਾ ੭੫ ਸਾਲ ਦੀ ਉਮਰ ਵਿਚ ੨੨ ਅਗਸਤ, ੧੬੬੫ ਨੂੰ ਹੋਇਆ।

ਆਲਾ ਸਿੰਘ ਲੰਮੇ ਕੱਦ ਵਾਲੇ ਰਿਸ਼ਟ-ਪੁਸ਼ਟ ਇਨਸਾਨ ਸਨ। ਬੜਾ ਸਾਦਾ ਪਹਿਰਾਵਾ ਰੱਖਦੇ। ਗਰਮੀਆਂ ਵਿਚ ਇਕ ਚਾਦਰ ਤੇ ਸਰਦੀਆਂ ਵਿਚ ਇਕ ਕੰਬਲ ਕੁਲ ਕੱਪੜੇ ਸਨ। ਖਾਣ ਵਿਚ ਪਕਵਾਨ ਨਾ ਹੁੰਦੇ। 'ਏਕਾ ਨਾਰੀ ਜਤੀ' ਸਨ। ਘਰਵਾਲੀ ਮਾਈ ਫਤੋ ਬੜੀ ਸੁਘੜ ਸਿਆਣੀ ਸੀ। ਆਪਣੇ ਗੁਣਾਂ ਨਾਲ ਹੀ ਇਕ ਛੋਟੇ ਜਿਹੇ ਜ਼ਿਮੀਂਦਾਰ ਤੋਂ ਉਠ ਕੇ ਇਕ ਵੱਡੀ ਰਿਆਸਤ ਦੇ ਬਾਨੀ ਤੇ ਮਾਲਕ ਬਣੇ। ਇਹ ਉਹਨਾਂ ਦੀ ਹੁਸ਼ਿਆਰੀ ਦੀ ਹੀ ਉਦਾਹਰਨ ਹੈ ਕਿ ਇਕੋ ਵੇਲੇ ਅਬਦਾਲੀ ਅਤੇ ਖਾਲਸੇ ਨੂੰ ਕਿਵੇਂ ਰਾਜ਼ੀ ਰੱਖ ਸਕੇ। ਇਸ ਤੋਂ ਵੱਡੀ ਗੱਲ ਕਿ ਘਰ, ਫੂਲਕੀਆਂ ਮਿਸਲ ਵਿਚ ਕਦੇ ਫੁੱਟ ਨਾ ਪੈਣ ਦਿੱਤੀ। ਇਸੇ ਲਈ ਕਈ ਇਤਿਹਾਸਕਾਰ ਉਨ੍ਹਾਂ ਨੂੰ ਪੰਜਾਬ ਦਾ ਬਿਸਮਾਰਕ ਕਹਿੰਦੇ ਹਨ।

ਔਰਤ ਦੀ ਬੜੀ ਇੱਜ਼ਤ ਕਰਦੇ। ਜਵਾਨੀ ਸਮੇਂ ਹੀ ਇਕ ਵਾਰੀ ਲੌਂਗੋਵਾਲ ਦੇ ਪਿੰਡ ਕੋਠੇ ਤੇ ਚੜ੍ਹ, ਆਰਾਮ ਕਰਨ ਜਾ ਰਹੇ ਸਨ ਤਾਂ ਉਨ੍ਹਾਂ ਦੀ ਨਜ਼ਰ ਇਕ ਲੜਕੀ ਤੇ ਅਚਨਚੇਤ ਜਾ ਪਈ ਤਾਂ ਉਸੇ ਵੇਲੇ ਲੜਕੀ ਦੇ ਬਾਪ ਨੂੰ ਬੁਲਾ ਕੇ ਲੜਕੀ ਨੂੰ ਗੋਦ ਲਿਆ ਤੇ ਪਾਲਤ ਬੱਚੀ ਬਣਾਈ ਅਤੇ ਲੜਕੀ ਦੇ ਵਿਆਹ ਲਈ ਸਾਰਾ ਖ਼ਰਚ ਵੀ ਕੀਤਾ।

ਸਾਧੂ ਸੰਤ ਮਹਾਤਮਾਵਾਂ ਦੀ ਬੜੀ ਕਦਰ ਕਰਦੇ। ਉਨ੍ਹਾਂ ਦੇ ਤਿੰਨ ਲੜਕੇ ਤੇ ਇਕ ਲੜਕੀ ਸੀ। ਲੜਕੀ ਪ੍ਰਧਾਨ ਕੌਰ ਚੌਧਰੀ ਸ਼ਾਮ ਸਿੰਘ ਨਾਲ ਵਿਆਹੀ ਸੀ। ਵੱਡਾ ਲੜਕਾ

Sri Satguru Jagjit Singh Ji eLibrary NamdhariElibrary@gmail.com

ਭੂਮੀਆ ਸਿੰਘ ੧੭੩੧ ਵਿਚ ਹੀ ਗੁਜ਼ਰ ਗਿਆ ਸੀ। ਉਸ ਦੀ ਇਕੋ ਲੜਕੀ ਰਾਜਿੰਦਰ ਕੌਰ ਸੀ ਜੋ ਫਗਵਾੜੇ ਦੇ ਚੌਧਰੀ ਨਾਲ ਵਿਆਹੀ ਹੋਈ ਸੀ। ਦੂਜੇ ਲੜਕੇ ਸਰਦੂਲ ਸਿੰਘ ਨਾਲ ਉਨ੍ਹਾਂ ਭੂਮੀਆ ਦੀ ਵਿਧਵਾ ਔਰਤ ਦਾ ਅਨੰਦ ਕਾਰਜ ਕਰਵਾ ਦਿੱਤਾ ਤੇ ਉਸ ਵਿਚੋਂ ਹਿੰਮਤ ਸਿੰਘ ਹੋਇਆ। ਸਰਦੂਲ ਸਿੰਘ ਦਾ ਇਕ ਹੋਰ ਬੇਟਾ ਅਮਰ ਸਿੰਘ ਸੀ ਜੋ ਪਹਿਲੀ ਵਹੁਟੀ ਵਿਚੋਂ ਸੀ। ਇਹ ਹੀ ਆਲਾ ਸਿੰਘ ਪਿਛੋਂ ਮਿਸਲ ਦਾ ਮੁਖੀ ਬਣਿਆ, ਕਿਉਂਕਿ ਸਰਦੂਲ ਸਿੰਘ ਦੀ ਮੌਤ ਸੰਨ ੧੭੬੩ ਨੂੰ ਹੋ ਗਈ ਸੀ। ਤੀਜੇ ਲੜਕੇ ਦਾ ਨਾਂ ਲਾਲ ਸਿੰਘ ਸੀ।

ਉਨ੍ਹਾਂ ਉਪਰੰਤ ਉਹਨਾਂ ਦਾ ਪੋਤਰਾ ਸਰਦਾਰ ਅਮਰ ਸਿੰਘ ਇਸ ਮਿਸਲ ਦਾ ਸਰਦਾਰ ਬਣਿਆ। ਉਸ ਦਾ ਜਨਮ ੧੭੪੭ ਵਿਚ ਬਰਨਾਲਾ ਵਿਖੇ ਹੋਇਆ ਸੀ। ੧੭੬੭ ਦੇ ਹੱਲੇ ਵੇਲੇ ਦੁਰਾਨੀ ਨੇ ਅਮਰ ਸਿੰਘ ਨੂੰ ਰਾਜਾ-ਏ-ਰਾਜਗਾਨ ਦਾ ਖ਼ਿਤਾਬ, ਨਗਾਰਾ ਤੇ ਝੰਡਾ ਦੇ ਕੇ ਆਪਣੇ ਨਾਂ ਦੇ ਸਿੱਕੇ ਜਾਰੀ ਕਰਨ ਦਾ ਵੀ ਅਧਿਕਾਰ ਦਿੱਤਾ ਸੀ। ਅਮਰ ਸਿੰਘ ਨੇ ਵੀ ਇਸ ਵਿਚ ਭਲਾ ਸਮਝਿਆ ਤੇ ਅਬਦਾਲੀ ਨੇ ਵੀ ਦਖ਼ਲ-ਅੰਦਾਜ਼ੀ ਕਰਨਾ ਠੀਕ ਨਾ ਜਾਣਿਆ। ਉਸ ਦਾ ਖ਼ਿਆਲ ਸੀ ਕਿ 'ਮਾਝੇ ਤੇ ਮਾਲਵੇ' ਵਿਚ ਜੋ ਪਾੜ ਆਲਾ ਸਿੰਘ ਵੇਲੇ ਨਹੀਂ ਪਾਇਆ ਜਾ ਸਕਿਆ, ਅਮਰ ਸਿੰਘ ਰਾਹੀਂ ਪਾਇਆ ਜਾ ਸਕੇਗਾ। ਅਮਰ ਸਿੰਘ ਨੇ ਕੁਝ ਹੀ ਸਾਲਾਂ ਵਿਚ ਮਲੇਰਕੋਟਲਾ, ਸੈਦਾਬਾਦ, ਸਰਸਾ, ਮਨੀਮਾਜਰਾ, ਕੋਟਕਪੂਰਾ, ਫ਼ਰੀਦਕੋਟ ਅਤੇ ਬਠਿੰਡੇ ਦੇ ਇਲਾਕਿਆਂ ਤੇ ਕਬਜ਼ਾ ਕਰ ਲਿਆ। ਅਮਰ ਸਿੰਘ ਨੇ ਸਤਲੁਜ ਤੋਂ ਉਰਾਰ ਦਖ਼ਲ ਨਾ ਦਿੱਤਾ। ਨਾ ਹੀ ਉਸ ਜਮਨਾ ਪਾਰ ਵੱਲ ਧਿਆਨ ਦਿੱਤਾ। ਅਮਰ ਸਿੰਘ ਦੀ ਮਿਸਲ ਵਿਚ ੧੦੪੦ ਦੇ ਕਰੀਬ ਸਿਪਾਹੀ ਸਨ। ਜਿਸ ਤੇਜ਼ੀ ਨਾਲ ਅਮਰ ਸਿੰਘ ਨੇ ਇਲਾਕੇ ਜਿੱਤੇ ਤੇ ਆਪਣਾ ਪ੍ਰਭਾਵ ਖੇਤਰ ਵਧਾਇਆ, ਉਹ ਉਸਨੂੰ ਇਕ ਚੰਗਾ ਜੰਗਜੂ ਦਰਸਾਉਣ ਲਈ ਕਾਫ਼ੀ ਹੈ। ਅਮਰਗੜ੍ਹ ਦਾ ਕਿਲ੍ਹਾ ਉਸ ਹੀ ਉਸਾਰਿਆ ਸੀ। ਮਾਰਚ ੧੭੮੨ ਵਿਚ ਅਮਰ ਸਿੰਘ ਵੀ ਚੜ੍ਹਾਈ ਕਰ ਗਿਆ। ਅਮਰ ਸਿੰਘ ਤੋਂ ਬਾਅਦ ਉਸਦਾ ਪੁੱਤਰ ਸਾਹਿਬ ਸਿੰਘ ਮੁਖੀ ਬਣਿਆ। ਉਹ ਛੋਟੀ ਉਮਰ ਦਾ ਸੀ ਇਸ ਲਈ ਮਿਸਲ ਦਾ ਕੰਮ-ਕਾਜ ਬੀਬੀ ਰਾਜਿੰਦਰ ਕੌਰ ਤੇ ਸਾਹਿਬ ਕੌਰ ਹੱਥ ਆਇਆ। ਮਰਹੱਟਿਆਂ ਅਤੇ ਜਾਰਜ ਥਾਮਸ ਨੇ ਇਸ ਮਿਸਲ ਦੇ ਇਲਾਕੇ ਤੇ ਕਬਜ਼ਾ ਕਰਨਾ ਚਾਹਿਆ, ਪਰ ਉਹ ਸਫ਼ਲ ਨਾ ਹੋ ਸਕੇ। ਮਹਾਰਾਜਾ ਰਣਜੀਤ ਸਿੰਘ ਦੇ ਪੰਜਾਬ ਤੇ ਕਬਜ਼ੇ ਨਾਲ ਸਥਿਤੀ ਬਦਲ ਗਈ। ਨਾਭਾ, ਜੀਂਦ, ਕੈਥਲ ਦੀਆਂ ਰਿਆਸਿਤਾਂ ਵੀ ਇਸ ਮਿਸਲ ਦੀਆਂ ਹੀ ਸ਼ਾਖ਼ਾਂ ਸਨ ਭਾਵੇਂ ਉਹਨਾਂ ਦੇ ਮਿਸਲਦਾਰ ਵੱਖ-ਵੱਖ ਸਨ। ਇਸ ਮਿਸਲ ਦੀ ਮਹਾਰਾਜਾ ਰਣਜੀਤ ਸਿੰਘ ਨਾਲ ਖੜਕ ਪਈ ਤੇ ਇਨ੍ਹਾਂ ਨੇ ਅੰਗਰੇਜ਼ਾਂ ਦੀ ਪਨਾਹ ਲਈ। ਅੰਗਰੇਜ਼ਾਂ ਨੇ ਮਹਾਰਾਜਾ ਰਣਜੀਤ ਸਿੰਘ ਨੂੰ ੧੮੦੯ ਵਿਚ ਅੰਮ੍ਰਿਤਸਰ ਦੀ ਸੰਧੀ ਤੇ ਦਸਤਖ਼ਤ ਕਰਨ ਲਈ ਮਜਬੂਰ ਕਰ ਦਿੱਤਾ ਤੇ ਇਹ ਰਿਆਸਤਾਂ ਆਪਣੀ ਵੱਖ ਹੈਸੀਅਤ ਬਣਾ ਕੇ ਜ਼ਿੰਦਾ ਰਹੀਆਂ। ਹਿੰਦ-ਪਾਕਿਸਤਾਨ ਦੀ ਵੰਡ ਪਿਛੋਂ ਇਨ੍ਹਾਂ ਦੀ ਹੋਂਦ ਮੁੱਕੀ ਅਤੇ ਇਹ ਰਹਿੰਦੇ ਪੰਜਾਬ ਦਾ ਹਿੱਸਾ ਬਣ ਗਈਆਂ।

*****

Sri Satguru Jagjit Singh Ji eLibrary NamdhariElibrary@gmail.com

# ਤੈਮੂਰ ਸ਼ਾਹ ਦੇ ਹਮਲੇ

## ੧੯

ਅਹਿਮਦ ਸ਼ਾਹ ਅਬਦਾਲੀ ਦੀ ਮ੍ਰਿਤੂ ਪਿਛੋਂ ਸਿੱਖਾਂ ਦੀ ਮਿਸਲਾਂ ਦੀ ਜਥੇਬੰਦੀ ਨੇ ਪੰਜਾਬ ਨੂੰ ਪੂਰਨ ਅਧਿਕਾਰ ਵਿਚ ਕਰ ਲਿਆ। ਹਰ ਮਿਸਲ ਨੇ ਆਪਣਾ ਪ੍ਰਭਾਵ-ਖੇਤਰ ਤੇ ਅਧਿਕਾਰ ਖੇਤਰ ਨੀਅਤ ਕਰ ਲਿਆ ਸੀ। ਇਸ ਵਿਚ ਕੋਈ ਸ਼ੱਕ ਨਹੀਂ ਸੀ ਕਿ ਮਿਸਲਾਂ ਦੀ ਆਪੋ ਵਿਚ ਖਿੱਚੋਤਾਣੀ ਅਰੰਭ ਹੋ ਗਈ ਸੀ ਤੇ ਕਈ ਵਾਰੀ ਤਾਂ ਵੈਰ ਵਿਰੋਧ ਖ਼ਤਰਨਾਕ ਸੂਰਤ ਵੀ ਅਖਤਿਆਰ ਕਰ ਜਾਂਦੇ ਸਨ, ਪਰ ਵਿਰੋਧੀ ਤਾਕਤਾਂ ਇਹ ਜਾਣਦੀਆਂ ਸਨ ਕਿ ਬਾਹਰਲੇ ਖ਼ਤਰੇ ਵੇਲੇ ਫ਼ਿਰ ਇਹ ਇਕ ਹੋ ਜਾਂਦੇ ਸਨ ਇਸ ਲਈ ਉਹ ਸਿੱਖਾਂ ਤੇ ਸਿੱਧਾ ਹਮਲਾ ਕਰਨ ਦੀ ਸੋਚ ਵੀ ਨਹੀਂ ਸਕਦੇ ਸਨ। ਤੈਮੂਰ ਸ਼ਾਹ, ਜੋ ਅਹਿਮਦਸ਼ਾਹ ਬਾਅਦ ਅਫ਼ਗਾਨਿਸਤਾਨ ਦਾ ਸ਼ਾਹ ਬਣਿਆ, ਸਿੱਖਾਂ ਦੇ ਇਸ ਸੁਭਾਅ ਤੋਂ ਜਾਣੂ ਸੀ।

ਤੈਮੂਰ ਸੰਨ ੧੭੭੩ ਵਿਚ ਤਖ਼ਤ ਤੇ ਬੈਠਾ। ਅਹਿਮਦਸ਼ਾਹ ਪੰਜਾਬ ਨੂੰ ਆਪਣੇ ਸਾਮਰਾਜ ਦਾ ਹਿਸਾ ਬਣਾਉਣ ਵਿਚ ਸਫਲ ਹੋਇਆ ਸੀ। ਉਸ ਦੇ ਨਿਤ ਨਵੇਂ ਹਮਲਿਆਂ ਨੇ ਮੁਗ਼ਲਾਂ ਅਤੇ ਮਰਹੱਟਿਆਂ ਨੂੰ ਤਾਂ ਖ਼ਤਮ ਹੁੰਦਾ ਦੇਖ ਲਿਆ, ਪਰ ਸਿੱਖਾਂ ਨੂੰ ਦਬਾਉਣ ਵਿਚ ਸਫ਼ਲਤਾ ਨਾ ਮਿਲੀ। ਤੈਮੂਰ ਨੇ ਅਰੰਭ ਵਿਚ ਹੀ ਪੰਜਾਬ ਤੇ ਸਿੱਧਾ ਹਮਲਾ ਕਰਨ ਵਾਲੀ ਵਿਅਰਥ ਨੀਤੀ ਨੂੰ ਪਰਖ ਲਿਆ ਸੀ। ਉਸ ਇਹ ਮਹਿਸੂਸ ਕੀਤਾ ਕਿ ਸਿੱਖਾਂ ਵਿਰੁਧ ਪੰਜਾਬ ਤੇ ਮੁਹਿੰਮ ਚਾੜ੍ਹਨੀ ਜਿਥੇ ਅਸਫ਼ਲ ਰਹੇਗੀ ਉਥੇ ਉਹ ਅਫ਼ਗ਼ਾਨ ਸਾਮਰਾਜ ਲਈ ਵੀ ਮਾਰੂ ਸਾਬਤ ਹੋਵੇਗੀ। ਹੁਣ ਉਸ ਨੀਤੀ ਇਹ ਅਪਣਾਈ ਕਿ ਸਿੱਖਾਂ ਦੇ ਅਧਿਕਾਰ ਤੇ ਬਹੁਗਿਣਤੀ ਵਾਲੇ ਇਲਾਕੇ ਉਤੇ ਹਮਲਾ ਕਰਨਾ ਠੀਕ ਨਹੀਂ । ਤੈਮੂਰ ਦੇ ਇਹ ਸਿੱਟੇ ਕੱਢਣੇ ਠੀਕ ਸਨ ਕਿਉਂ ਜੋ ਉਹ ਅਹਿਮਦਸ਼ਾਹ ਅਬਦਾਲੀ ਨਾਲ ਕਈ ਹਮਲਿਆਂ ਵਿਚ ਸਿੱਧਾ ਭਾਗ ਲੈ ਚੁੱਕਾ ਸੀ। ਤੈਮੂਰ ਪੰਜਾਬ ਤੇ ਸਿੱਧਾ ਹਮਲਾ ਕਰਨ ਦੀ ਅਗਾਂਹ-ਵਧੂ ਨੀਤੀ ਨੂੰ ਆਪਣੀ ਤਾਕਤ ਘਟਾਉਣਾ ਅਤੇ ਫ਼ਜ਼ੂਲ ਗਿਣਦਾ ਸੀ। ਤੈਮੂਰ ਨੇ ਜਿਤਨੇ ਵੀ ਹਮਲੇ ਕੀਤੇ ਉਹ ਜਾਂ ਤਾਂ ਪੰਜਾਬ ਦੀਆਂ ਬਾਹਰਲੀਆਂ ਸੀਮਾਵਾਂ ਤੇ ਸਨ ਤੇ ਜਾਂ ਜਿੱਥੇ ਸਿੱਖਾਂ ਦੀ ਜਥੇਬੰਦੀ ਇਕ ਜਾਨ ਹੋ ਕੇ ਨਹੀਂ ਸੀ ਪੁੱਜ ਸਕਦੀ।

**ਕਾਜ਼ੀ ਫ਼ੈਜ਼ੁੱਲਾ ਦਾ ਅਫ਼ਗ਼ਾਨਾਂ ਨੂੰ ਸਿੱਖਾਂ ਵਿਰੁੱਧ ਭੜਕਾਉਣਾ** : ਤੈਮੂਰ ਨੇ ਜਦ ਆਪਣੀ ਇਸ ਪਾਲਿਸੀ ਦਾ ਦੱਬੇ ਸ਼ਬਦਾਂ ਵਿਚ ਤੇ ਫਿਰ ਸਪੱਸ਼ਟ ਤੌਰ 'ਤੇ ਐਲਾਨ ਕਰ ਦਿਤਾ ਤਾਂ ਮਜ਼ਹਬੀ ਜਨੂੰਨ ਰੱਖਣ ਵਾਲਿਆਂ ਨੇ ਅਫ਼ਗ਼ਾਨਾਂ ਨੂੰ ਭੜਕਾਉਣਾ ਸ਼ੁਰੂ ਕਰ ਦਿਤਾ। ਕਾਜ਼ੀ ਫ਼ੈਜ਼ੁੱਲ ਖਾਨ ਨੇ ਤੈਮੂਰ ਨੂੰ ਕਮਜ਼ੋਰ ਜਾਨਸ਼ੀਨ ਦੱਸ ਕੇ ਲੋਕਾਂ ਵਿਚ ਤੈਮੂਰ ਦੇ ਵਿਰੁੱਧ ਨਫਰਤ ਫੈਲਾਉਣੀ ਸ਼ੁਰੂ ਕਰ ਦਿਤੀ। ਸਿੱਖਾਂ ਨੂੰ ਅਧੀਨ ਕਰਨਾ ਉਸ ਜਹਾਦ ਦਾ ਹਿੱਸਾ ਅਤੇ ਇਲਾਹੀ ਫ਼ਰਮਾਨ ਦੱਸਿਆ। ਅਫ਼ਗਾਨਾਂ ਨੂੰ ਜਹਾਦੀ ਝੰਡੇ ਹੇਠਾਂ ਇਕੱਠਾ ਕਰਨ ਦੇ ਪ੍ਰੋਗ੍ਰਾਮ ਦਾ ਐਲਾਨ ਤੱਕ



Sri Satguru Jagjit Singh Ji eLibrary NamdhariElibrary@gmail.com

ਕਰ ਦਿਤਾ। ਰਜ਼ਾਕਾਰ ਵੀ ਭਰਤੀ ਕਰਨੇ ਅਰੰਭ ਕਰ ਦਿਤੇ। ਕੁਝ ਚਿਰ ਤਾਂ ਤੈਮੂਰ ਇਹ ਤਮਾਸ਼ਾ ਦੇਖਦਾ ਰਿਹਾ ਪਰ ਉਹ ਛੇਤੀ ਹੀ ਕਾਜ਼ੀ ਫ਼ੈਜ਼ੁੱਲਾ ਦੇ ਅੰਦਰਲੇ ਭਾਵ ਨੂੰ ਭਾਂਪ ਗਿਆ। ਕਾਜ਼ੀ ਫ਼ੈਜ਼ੁੱਲਾ ਕਿਸੇ ਵਡੀ ਮਾਰ ਤੇ ਸੀ। ਕਾਜ਼ੀ ਸਿੱਖਾਂ ਦਾ ਹਊਆ ਦੱਸ ਕੇ ਫ਼ੌਜਾਂ ਨੂੰ ਆਪਣੀ ਕਮਾਨ ਹੇਠਾਂ ਇਕੱਠਿਆਂ ਕਰਨਾ ਚਾਹੁੰਦਾ ਸੀ ਤੇ ਇਕੱਠੀ ਫ਼ੌਜ ਨੂੰ ਤੈਮੂਰ ਵਿਰੁੱਧ ਭੜਕਾ ਕੇ ਗੱਦੀ ਤੋਂ ਉਤਾਰਨਾ ਲੋੜਦਾ ਸੀ। ਤੈਮੂਰ ਨੇ ਕਾਜ਼ੀ ਫ਼ੈਜ਼ੁੱਲਾ ਦੇ ਮਨਸੂਬੇ ਪੂਰੇ ਹੋਣ ਤੋਂ ਪਹਿਲਾਂ ਹੀ ਉਸ ਨੂੰ ਪਕੜ ਲਿਆ ਤੇ ਸਾਰੇ ਸ਼ਾਜ਼ਿਸ਼ੀਆਂ ਸਮੇਤ ਛੇ ਹਜ਼ਾਰ ਵਲੰਟੀਅਰਾਂ ਦੇ ਨਾਲ ਕਾਜ਼ੀ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਇਸ ਘਟਨਾ ਨੇ ਤੈਮੂਰ ਨੂੰ ਸਾਜਸ਼ੀਆਂ ਕੋਲੋਂ ਤਾਂ ਬਚਾ ਲਿਆ ਪਰ ਇਤਨਾ ਅਸਰ ਜ਼ਰੂਰ ਹੋਇਆ ਕਿ ਉਸ ਹਮਲਾ ਕਰਨ ਦੀ ਨੀਤੀ ਨੂੰ ਅਪਣਾ ਲਿਆ। ਅਫ਼ਗਾਨਾਂ ਨੂੰ ਚੁੱਪ ਕਰਾਉਣਾ ਜ਼ਰੂਰੀ ਸੀ। ਉਸ ਇਤਨੀ ਇਹਤਿਆਤ ਜ਼ਰੂਰ ਵਰਤੀ ਕਿ ਨਿਸ਼ਾਨਾ ਅੰਮ੍ਰਿਤਸਰ, ਲਾਹੌਰ ਜਾਂ ਮਾਝਾ ਨਾ ਬਣਾਇਆ ਸਗੋਂ ਮੁਲਤਾਨ ਨੂੰ ਹਮਲੇ ਲਈ ਚੁਣਿਆ। ਮੁਲਤਾਨ ਤੇ ਸਿੱਖਾਂ ਦੇ ਕਬਜ਼ੇ ਨੂੰ ਉਹ ਆਪਣੀ ਹੋਂਦ ਨੂੰ ਚੈਲੰਜ ਗਿਣਨ ਲੱਗ ਪਿਆ ਸੀ। ਘਰ ਦੇ ਹਾਲਾਤ, ਕਾਜ਼ੀ ਦੀ ਬਗ਼ਾਵਤ, ਅਫ਼ਗਾਨਾਂ ਦੇ ਇਕੱਠ ਅਤੇ ਮੁਲਤਾਨ ਤੇ ਸਿੱਖਾਂ ਦੇ ਕਬਜ਼ੇ ਨੇ ਤੈਮੂਰ ਨੂੰ ਹਮਲਾ ਕਰਨ ਦੀ ਨੀਤੀ ਅਪਣਾਉਣ ਤੇ ਮਜਬੂਰ ਕਰ ਦਿਤਾ।

**ਮੁਲਤਾਨ ਤੇ ਹਮਲਾ ੧੭੮੧ :** ਤੈਮੂਰ ਪੰਜਾਬ ਤੇ ਸਿੱਖਾਂ ਦੇ ਕਬਜ਼ੇ ਕਾਰਨ ਦੁਖੀ ਤਾਂ ਬਹੁਤ ਸੀ ਪਰ ਮਜਬੂਰ ਹੋਣ ਕਾਰਨ ਕੁਝ ਕਰ ਨਹੀਂ ਸੀ ਸਕਦਾ। ਉਸ ਇਕ ਵਾਰੀ ਇਕ ਚਿਠੀ ਦੇ ਜੁਆਬ ਵਿਚ, ਜਿਸ ਵਿਚ ਪੰਜਾਬ ਤੇ ਹਮਲੇ ਕਰਨ ਲਈ ਪ੍ਰੇਰਿਆ ਗਿਆ ਸੀ, ਲਿਖਿਆ ਸੀ, ''ਮੇਰੇ ਪਿਉ (ਅਹਿਮਦਸ਼ਾਹ ਅਬਦਾਲੀ) ਨੇ ਕੀ ਖੱਟਿਆ ਸਿੱਖਾਂ ਨਾਲ ਲੜ-ਲੜ ਕੇ।'' ਪਰ ਜਦ ਭੰਗੀ ਸਰਦਾਰਾਂ ਨੇ ਮੁਲਤਾਨ ਤੇ ੧੭੭੮ ਨੂੰ ਕਬਜ਼ਾ ਕਰ ਲਿਆ ਤਾਂ ਉਸ ਨੂੰ ਆਪਣੀ ਹੋਂਦ ਖ਼ਤਮ ਹੁੰਦੀ ਦਿਸੀ ਤੇ ਉਸ ਦੀ ਅਣਖ ਨੇ ਤੈਮੂਰ ਨੂੰ ਵੰਗਾਰਿਆ। ਭੰਗੀ ਸਰਦਾਰ ਡੇਰਾ ਅਸਮਾਈਲ ਖ਼ਾਨ ਤੇ ਡੇਰਾ ਗ਼ਾਜ਼ੀ ਖ਼ਾਨ ਵੱਲ ਵੀ ਵੱਧ ਰਹੇ ਸਨ। ਤੈਮੂਰ ਨੇ ਮੁਲਤਾਨ ਤੇ ਹਮਲਾ ਕਰਨ ਦਾ ਮਨ ਬਣਾਇਆ। ਤੈਮੂਰ ਨੇ ਗ਼ਾਜ਼ੀ ਫ਼ੈਜ਼ੁੱਲਾ ਵਾਲਾ ਹੀ ਹਥਿਆਰ ਵਰਤਣਾ ਅਰੰਭਿਆ। ਅਫ਼ਗ਼ਾਨਾਂ ਦੀ ਅਣਖ ਨੂੰ ਟੁੰਬਿਆ। ਯੂਸਫ਼ਜ਼ਈ, ਦੁਰਾਨੀਆਂ ਤੇ ਕਜ਼ਲਬਾਸ਼ਾਂ ਨੂੰ ਇਕ ਝੰਡੇ ਹੇਠ ਇਕੱਠੇ ਕਰ ਲਿਆ। ਜਹਾਦ ਦਾ ਇਤਨਾ ਉਚਾ ਢੰਡੋਰਾ ਉਸ ਪਿਟਿਆ ਕਿ ਮੁਗ਼ਲਾਂ ਨੇ ਵੀ ਸਾਥ ਦੇਣ ਦਾ ਐਲਾਨ ਕਰ ਦਿਤਾ। ੧੬,੦੦੦ ਦੇ ਕਰੀਬ ਫ਼ੌਜ ਉਸ ਤਿਆਰ ਕਰ ਲਈ। ਜੰਗੀ ਖ਼ਾਨ ਦੁਰਾਨੀ ਨੂੰ ਫ਼ੌਜ ਦਾ ਕਮਾਂਡਰ ਨੀਅਤ ਕੀਤਾ। ਸਿੱਖ ਕਾਬਲ ਵਿਚ ਹੋ ਰਹੀਆਂ ਇਹਨਾਂ ਤਿਆਰੀਆਂ ਤੋਂ ਅਣਜਾਨ ਸਨ। ਉਹਨਾਂ ਫ਼ੈਜ਼ੁੱਲਾ ਦੀ ਮੌਤ ਪਿਛੋਂ ਇਹ ਖ਼ਿਆਲ ਕੀਤਾ ਕਿ ਤੈਮੂਰ ਨੇ ਅਬਦਾਲੀ ਵਾਲੀ ਨੀਤੀ ਛੱਡ ਦਿਤੀ ਹੈ। ਫਿਰ ਤੈਮੂਰ ਨੇ ਆਪਣੀ ਫ਼ੌਜ ਦੀ ਪੇਸ਼-ਕਦਮੀ ਵੀ ਭੇਦ ਵਿਚ ਰੱਖੀ। ਸਿੱਖਾਂ ਦੇ ਸੂਹੀਏ ਵੀ, ਜੋ ਟੋਹ ਲਗਾਉਣ ਵਿਚ ਸਭ ਤੋਂ ਅੱਗੇ ਹੁੰਦੇ ਸਨ, ਇਸ ਹਮਲੇ ਤੋਂ ਅਣਜਾਣ ਹੀ ਰਹੇ। ਗੱਲ ਇਹ ਹੀ ਜਾਪਦੀ ਹੈ ਕਿ ਸੂਹੀਏ ਆਪਣਾ ਕੰਮ ਛੱਡ ਚੁੱਕੇ ਸਨ ਤੇ ਤੈਮੂਰ ਵਲੋਂ ਅਵੇਸਲੇ ਸਨ। ਤੈਮੂਰ ਦੀਆਂ ਫ਼ੌਜਾਂ ਚੁੱਪ ਚੁਪੀਤੇ ਆਪਣਾ ਸਫਰ ਮੁਲਤਾਨ ਵੱਲ ਕਰ ਰਹੀਆਂ ਸਨ। ਬੜੀ ਪਿਛੋਂ ਜਾ ਕੇ ਪਤਾ ਲੱਗਾ ਕਿ ਫ਼ੌਜਾਂ ਨੇ ਕੂਚ ਕਰ ਦਿੱਤਾ ਹੈ ਪਰ ਭੰਗੀ ਸਰਦਾਰ ਇਹ ਸਮਝਦੇ ਸਨ ਕਿ ਮੁਲਤਾਨ ਕਿਥੇ ਪੁੱਜਣ ਹੋਣ ਲੱਗਾ ਹੈ। ਇਸ ਤਰ੍ਹਾਂ ਜੰਗੀ ਖ਼ਾਨ ਫ਼ੌਜਾਂ ਸਮੇਤ ਮੁਲਤਾਨ ਤੋਂ ਅੱਠ ਕੋਹ ਤੇ ਪੁੱਜ ਗਿਆ। ਮੁਲਤਾਨ ਵਿਚ ਭੰਗੀ ਸਰਦਾਰਾਂ ਲਈ ਇਹ ਹੈਰਾਨੀ ਵਾਲੀ ਖ਼ਬਰ ਸੀ। ਉਹ ਤਾਂ ਖ਼ਿਆਲ ਕਰੀ ਬੈਠੇ ਸਨ ਕਿ ਫ਼ੌਜਾਂ ਅਜੇ ਅਟਕ ਵੀ ਪਾਰ ਨਹੀਂ ਸਨ ਕਰ ਸਕੀਆਂ ਹੋਣਗੀਆਂ, ਪਰ ਫ਼ੌਜਾਂ ਤਾਂ ਮੁਕਾਬਲੇ ਲਈ ਡਟੀਆਂ ਪਈਆਂ ਸਨ।

ਤੈਮੂਰ ਨੇ ਹਮਲੇ ਦੀ ਵਿਉਂਤ ਬਣਾਈ। ਮੁਗ਼ਲਾਂ ਤੇ ਕਜ਼ਲਬਾਸ਼ੀਆਂ ਨੂੰ ਸੱਜੇ ਪਾਸੇ ਕੀਤਾ।

Sri Satguru Jagjit Singh Ji eLibrary NamdhariElibrary@gmail.com

ਕੰਧਾਰੀਆਂ ਤੇ ਦੁਰਾਨੀਆਂ ਨੂੰ ਖੱਬੇ ਪਾਸੇ ਅਤੇ ਆਪ੍ਰੂ-ਆਪਣੇ ਜਥੇ ਨਾਲ ਅੱਗੇ ਹੋਇਆ। ਦਿਨ ਚੜ੍ਹਦੇ ਹੀ ਫ਼ੌਜਾਂ ਨੇ ਮੁਲਤਾਨ ਨੇ ਹੱਲਾ ਬੋਲ ਦਿਤਾ। ਮੁਲਤਾਨ ਵਿਚ ਕਾਬਜ਼ ਭੰਗੀ ਸਰਦਾਰ ਨੂੰ ਭਾਜੜ ਪੈ ਗਈ, ਪਰ ਉਹ ਬਗ਼ੈਰ ਲੜੇ ਕਿਲੇ ਤੇ ਮੁਲਤਾਨ ਨੂੰ ਛੱਡਣਾ ਵੀ ਹੇਠੀ ਸਮਝਦੇ ਸਨ। ਜੰਗ ਲਈ ਭੰਗੀ ਸਰਦਾਰ ਵੀ ਤਿਆਰ ਹੋ ਗਏ। ਕਈ ਘੰਟੇ ਲਗਾਤਾਰ ਜੰਗ ਹੁੰਦੀ ਰਹੀ। ਤਕਰੀਬਨ ੧੦੦੦ ਸਿੱਖ ਹਮਲੇ ਵਿਚ ਮਾਰੇ ਗਏ। ਇਹ ਭੰਗੀ ਮਿਸਲ ਤੇ ਕਰਾਰੀ ਸੱਟ ਸੀ। ਭੰਗੀ ਮਿਸਲ ਲਈ ਉਹ ਦਿਹਾੜਾ ਖ਼ੂਨੀ ਦਿਨ ਸਾਬਤ ਹੋਇਆ। ਉਸ ਦਿਨ ਤੋਂ ਭੰਗੀ ਸਰਦਾਰਾਂ ਦਾ ਨਾ ਸਿਰਫ਼ ਸਨਮਾਨ ਡਿੱਗਣਾ ਅਰੰਭ ਹੋਇਆ ਸਗੋਂ ਕਾਫ਼ੀ ਇਲਾਕੇ ਵੀ ਹੱਥੋਂ ਖੁੱਸ ਗਏ। ਤੈਮੂਰ ਨੇ ਮੁਲਤਾਨ ਸ਼ਹਿਰ ਉਤੇ ਕਬਜ਼ਾ ਕਰ ਲਿਆ। ਭੰਗੀ ਸਰਦਾਰਾਂ ਨੇ ਕਿਲ੍ਹੇ ਦੀ ਓਟ ਲੈ ਕੇ ਮੁਕਾਬਲਾ ਕਰਨਾ ਅਰੰਭਿਆ ਪਰ ਕਾਮਯਾਬੀ ਨਾ ਮਿਲੀ। ਹੁਸੈਨ ਸ਼ਾਹੀ ਤਾਰੀਖ਼ ਦੇ ਲਿਖਾਰੀ ਨੇ ਮੁਲਤਾਨ ਵਿਚ ਮਰੇ ਸਿੱਖਾਂ ਦੀ ਗਿਣਤੀ ਬਹੁਤ ਜਿਆਦਾ ਲਿਖੀ ਹੈ, ਪਰ ਤੈਮੂਰ ਸ਼ਾਹ ਨੇ ਆਪ ਹੀ ਲਿਖਿਆ ਹੈ ਕਿ ਅੱਠ ਸੌ ਦੇ ਕਰੀਬ ਸਿੱਖ ਥਾਂ ਤੇ ਮਰੇ। ਤੈਮੂਰ ਨੇ ਕਿਲ੍ਹੇ ਨੂੰ ਘੇਰ ਲਿਆ। ਕਿਲ੍ਹੇ ਵਿਚ ਘਿਰੇ ਸਿੱਖਾਂ ਨੇ ਮੁਕਾਬਲਾ ਕੀਤਾ, ਪਰ ਜੇਤੂ ਫ਼ੌਜਾਂ ਅੱਗੇ ਉਹ ਟਿਕ ਨਾ ਸਕੇ। ਤੈਮੂਰ ਆਪ ਹਮਲੇ ਦੀ ਅਗਵਾਈ ਕਰ ਰਿਹਾ ਸੀ। ਭੰਗੀ ਸਰਦਾਰਾਂ ਨੇ ਕਿਲ੍ਹਾ ਛਡਣਾ ਹੀ ਠੀਕ ਸਮਝਿਆ। ਉਹ ਕਿਲ੍ਹਾ ਤੈਮੂਰ ਦੇ ਹਵਾਲੇ ਕਰਕੇ ਲਾਹੌਰ ਵੱਲ ਨੱਸ ਆਏ ਤੇ ਮੁਲਤਾਨ ਤੇ ਤੈਮੂਰ ਦਾ ਕਬਜ਼ਾ ਹੋ ਗਿਆ। ਤੈਮੂਰ ਨੇ ਸ਼ੁਜਾਹ ਖ਼ਾਨ ਸ਼ਦਜ਼ਈ ਨੂੰ ਮੁਲਤਾਨ ਦਾ ਗਵਰਨਰ ਥਾਪਿਆ। ਇਸ ਮੁਲਤਾਨ ਦੀ ਜਿਤ ਨੇ ਪੰਜਾਬ ਵਿਚ ਸਿਖਾਂ ਦੀ ਸਥਿਤੀ ਵਿਚ ਕੋਈ ਖ਼ਾਸ ਤਬਦੀਲੀ ਨਾ ਲਿਆਂਦੀ ਅਤੇ ਨਾ ਹੀ ਤੈਮੂਰ ਨੂੰ ਇਸ ਯੋਗ ਬਣਾ ਦਿਤਾ ਕਿ ਉਹ ਸਿਖਾਂ ਤੇ ਸਿੱਧਾ ਹਮਲਾ ਕਰ ਸਕੇ। ਪਰ ਨਿਰਸੰਦੇਹ ਕਿਹਾ ਜਾ ਸਕਦਾ ਹੈ ਕਿ ਮਿਸਲਾਂ ਦੇ ਆਪੋ ਵਿਚ ਦੇ ਮੇਲ ਨੂੰ ਤੋੜ ਕੇ ਰੱਖ ਦਿਤਾ। ਭੰਗੀ ਮਿਸਲ ਜੋ ਪੰਜਾਬ ਨੂੰ ਕਬਜ਼ੇ ਵਿਚ ਕਰਨ ਦੀ ਸੋਚ ਰਹੀ ਸੀ, ਸਨਮਾਨ ਗਵਾ ਬੈਠੀ। ਆਉਂਦੇ ਸਾਲਾਂ ਵਿਚ ਘਨ੍ਹਈਆ ਤੇ ਸ਼ੁਕਰਚਕੀਆ ਸਰਦਾਰਾਂ ਨੇ ਭੰਗੀ ਮਿਸਲ ਨੂੰ ਲਾਹੌਰ ਤੇ ਅੰਮ੍ਰਿਤਸਰ ਤੱਕ ਹੀ ਸੀਮਤ ਕਰ ਦਿਤਾ। ਮੁਲਤਾਨ ਦੀ ਹਾਰ ਨੇ ਭੰਗੀ ਮਿਸਲ ਦੇ ਸਰਦਾਰਾਂ ਨੂੰ ਆਪਣੇ ਦੂਜੇ ਮਿਸਲ ਭਰਾਵਾਂ ਵਿਚ ਹੀਣਾ ਕਰ ਲਿਆ ਖੜ੍ਹਾ ਕਰ ਦਿਤਾ। ਸੋ ਤੈਮੂਰ ਦੇ ਹਮਲੇ ਨੇ ਸਿੱਖਾਂ ਤੇ ਭਾਵੇਂ ਸਿੱਧਾ ਅਸਰ ਤਾਂ ਨਾ ਪਾਇਆ, ਪਰ ਸ਼ੁਕਰਚਕੀਆ ਮਿਸਲ ਦੇ ਵਾਧੇ ਵਿਚ ਜ਼ਰੂਰ ਹਿੱਸਾ ਪਾ ਦਿਤਾ।

**ਬਹਾਵਲਪੁਰ ਤੇ ਤੈਮੂਰ ਦਾ ਕਬਜ਼ਾ**—ਮੁਲਤਾਨ ਦੀ ਜਿੱਤ ਨੇ ਤੈਮੂਰ ਦੇ ਹੌਂਸਲੇ ਬਹੁਤ ਵਧਾ ਦਿਤੇ ਪਰ ਫਿਰ ਵੀ ਅੰਮ੍ਰਿਤਸਰ ਤੇ ਹਮਲਾ ਕਰਨਾ ਮੁਨਾਸਬ ਨਾ ਸਮਝਿਆ। ਇਰਦ-ਗਿਰਦ ਦੇ ਇਲਾਕਿਆਂ ਨੂੰ ਕਬਜ਼ੇ ਵਿਚ ਕਰਨ ਵਿਚ ਹੀ ਉਸ ਵੱਡੀ ਕਾਮਯਾਬੀ ਸਮਝੀ। ਬਹਾਵਲਪੁਰ ਦਾ ਸਰਦਾਰ ਬਹਾਵਲਖਾਨ ਤੈਮੂਰ ਨੂੰ ਪਿਛਲੇ ਕਈ ਸਾਲਾਂ ਤੋਂ ਖ਼ਿਰਾਜ ਨਹੀਂ ਸੀ ਦੇ ਰਿਹਾ। ਉਸ ਦਾ ਖ਼ਿਆਲ ਸੀ ਕਿ ਤੈਮੂਰ ਵਿਚ ਹੁਣ ਇਤਨੀ ਸ਼ਕਤੀ ਨਹੀਂ ਰਹੀ ਕਿ ਹਮਲਾ ਕਰਕੇ ਖ਼ਿਰਾਜ ਉਗਰਾਹ ਸਕੇਗਾ। ਤੈਮੂਰ ਦਾ ਪੰਜਾਬ ਵੱਲ ਆਉਣਾ ਸੁਣ ਕੇ ਉਹ ਘਬਰਾਇਆ ਅਤੇ ਮੁਲਤਾਨ ਦੀ ਖ਼ਬਰ ਦੀ ਜਿਤ ਸੁਣ ਕੇ ਤਾਂ ਉਹ ਸਿੰਧ ਦੇ ਰੇਗਿਸਤਾਨ ਵੱਲ ਭਜ ਉਠਿਆ। ਤੈਮੂਰ ਨੇ ਬਹਾਵਲਪੁਰ ਸ਼ਹਿਰ ਉਤੇ ਹੱਲਾ ਬੋਲ ਦਿਤਾ। ਥੋੜ੍ਹੀ ਜਿਹੀ ਝੜਪ ਬਾਅਦ ਬਹਾਵਲਪੁਰ ਕਬਜ਼ੇ ਵਿਚ ਆ ਗਿਆ। ਫ਼ੌਜਾਂ ਨੇ ਬਹਾਵਲਪੁਰ ਸ਼ਹਿਰ ਨੂੰ ਖ਼ੂਬ ਲੁੱਟਿਆ ਤੇ ਕਈ ਮੁਹੱਲੇ ਸਾੜ ਫੂਕ ਦਿਤੇ। ਤੈਮੂਰ ਬਹਾਵਲ ਖਾਨ ਨੂੰ ਪਕੜਨਾ ਜ਼ਰੂਰੀ ਸਮਝਦਾ ਸੀ। ਇਸ ਲਈ ਉਸ ਨੇ ਸਾਦਤ ਖ਼ਾਨ ਨੂੰ ਤਿੰਨ ਹਜ਼ਾਰ ਫ਼ੌਜੀ ਦੇ ਕੇ ਬਹਾਵਲ ਖਾਨ ਨੂੰ ਪਕੜਨ ਲਈ ਪਿਛੇ ਭੇਜਿਆ। ਉਸ ਪਿੱਛਾ ਕਰਨਾ ਅਰੰਭਿਆ। ਬਹਾਵਲ ਖਾਨ ਕਿਲ੍ਹੇ ਵਿਚ ਜਾ ਛੁਪਿਆ। ਫ਼ੌਜਾਂ ਨੇ ਗੋਲਾ-ਬਾਰੀ ਅਰੰਭ ਕਰ ਦਿਤੀ। ਗੋਲਾਬਾਰੀ ਉਸ ਦਾ ਕੁਝ ਵਿਗਾੜ ਨਾ ਸਕੀ। ਪਰ ਦੇਵਨੇਤ ਨੂੰ ਇਕ ਗੋਲਾ

Sri Satguru Jagjit Singh Ji eLibrary NamdhariElibrary@gmail.com

ਰੌਸ਼ਨਦਾਨ ਵਿਚੋਂ ਨਿਕਲ ਕੇ ਬਾਰੂਦ ਖ਼ਾਨੇ ਵਿਚ ਜਾ ਪਿਆ। ਗੋਲਾ ਡਿੱਗਦੇ ਸਾਰ ਬਾਰੂਦ ਫੱਟ ਗਿਆ ਤੇ ਕਿਲ੍ਹਾ ਟੁਕੜੇ-ਟੁਕੜੇ ਹੋ ਗਿਆ। ਕਿਲ੍ਹੇ ਦਾ ਟੁੱਟਣਾ ਸੀ ਕਿ ਬਹਾਵਲ ਖ਼ਾਨ ਦੇ ਹੌਂਸਲੇ ਵੀ ਟੁੱਟ ਗਏ। ਬਹਾਵਲ ਖਾਨ ਸਿੱਧਾ ਤੈਮੂਰ ਦੇ ਕੈਂਪ ਵਿਚ ਪੁੱਜਾ ਤੇ ਮੁਆਫ਼ੀ ਮੰਗੀ। ਤੈਮੂਰ ਨੇ ਈਨ ਮੰਨਵਾ ਕੇ ਮੁਆਫ਼ੀ ਦੇ ਦਿਤੀ ਅਤੇ ਤੈਮੂਰ ਦੀਆਂ ਸ਼ਰਤਾਂ ਅਨੁਸਾਰ ਉਸ ਸੰਧੀ ਕਰ ਲਈ। ਉਸ ਸੰਧੀ ਦੀ ਇਕ ਸ਼ਰਤ ਇਹ ਸੀ ਕਿ ਤੈਮੂਰ ਉਤੇ ਸਿੱਖਾਂ ਦੇ ਹਮਲਾ ਕਰਨ ਦੀ ਸੂਰਤ ਵਿਚ ਬਹਾਵਲਪੁਰ ਦਾ ਨਵਾਬ ਫ਼ੌਜ, ਰਕਮ ਤੇ ਰਸਦ ਨਾਲ ਮਦਦ ਕਰੇਗਾ। ਇਸ ਸੰਧੀ ਦਾ ਭਾਵੇਂ ਅਮਲੀ ਲਾਭ ਤਾਂ ਕੋਈ ਨਾ ਹੋਇਆ ਪਰ ਤੈਮੂਰ ਦਾ ਅੰਦਰਲਾ ਪ੍ਰਗਟ ਹੋ ਗਿਆ ਕਿ ਉਹ ਸਿੱਖਾਂ ਦੀ ਵੱਧਦੀ ਤਾਕਤ ਨੂੰ ਮਿਟਾਉਣਾ ਲੋੜਦਾ ਸੀ। ਹਾਲਾਤ ਦੀ ਮਜ਼ਬੂਰੀ ਹੀ ਉਸ ਨੂੰ ਰੋਕੀ ਬੈਠੀ ਸੀ। ਅਬਦਾਲੀ ਦਾ ਪਿਛਲਾ ਇਤਿਹਾਸ ਉਸ ਨੂੰ ਅਗਾਂਹ ਪੈਰ ਨਹੀਂ ਸੀ ਚੁੱਕਣ ਦੇਂਦਾ। ਸਿੱਖਾਂ ਵਲੋਂ ਧਿਆਨ ਹਟਾ ਕੇ ਉਸ ਸਿੰਧ ਦੇ ਅਮੀਰਾਂ ਵੱਲ ਮੂੰਹ ਕੀਤਾ।

**ਸਿੰਧ ਦੇ ਅਮੀਰਾਂ ਨੂੰ ਹਰਾਉਣਾ** : ਸਿੰਧ ਦੀ ਭੂਗੋਲਿਕ ਬਣਤਰ ਐਸੀ ਹੈ ਕਿ ਉਹ ਰਾਜਨੀਤਕ ਤੌਰ ਤੇ ਬਹੁਤ ਮਹੱਤਤਾ ਰੱਖਦਾ ਹੈ। ਅਫ਼ਗਾਨਿਸਤਾਨ ਦੀ ਸੁਰੱਖਿਆ ਲਈ ਸਿੰਧ ਕਬਜ਼ੇ ਵਿਚ ਰੱਖਣਾ ਜ਼ਰੂਰੀ ਹੈ। ਅੰਗਰੇਜ਼ਾਂ ਨੇ ਉਸ ਸਮੇਂ ਤੱਕ ਅਫ਼ਗਾਸਿਤਾਨ ਉਤੇ ਹੱਲਾ ਨਹੀਂ ਸੀ ਬੋਲਿਆ ਜਦ ਤੱਕ ਸਿੰਧ ਦੇ ਅਮੀਰਾਂ ਨਾਲ ਸੰਧੀ ਨਹੀਂ ਸੀ ਕਰ ਲਈ। ਤੈਮੂਰ ਨੇ ਵੀ ਸਿੰਧ ਦੀ ਮਹੱਤਤਾ ਨੂੰ ਜਾਣਿਆ ਤੇ ਸਮਝਿਆ। ਸਿੰਧ ਦੇ ਅਮੀਰਾਂ ਕੋਲੋਂ ਈਨ ਦੀ ਸੰਧੀ ਤੇ ਦਸਤਖਤ ਕਰਾਉਣੇ ਜ਼ਰੂਰੀ ਸਨ। ਤੈਮੂਰ ਨੇ ਸਾਦਤ ਖ਼ਾਨ ਨੂੰ ਸਿੰਧ ਦੀ ਮੁਹਿੰਮ ਤੇ ਭੇਜਿਆ। ਸਿੰਧ ਦੇ ਅਮੀਰਾਂ ਨੇ ਈਨ ਮੰਨਣ ਵਿਚ ਹੀ ਭਲਾ ਜਾਣਿਆ ਤੇ ਖ਼ਿਰਾਜ ਦੇਣਾ ਮੰਨ ਲਿਆ। ਸਾਦਤ ਖ਼ਾਨ ਨੂੰ ਸਿੰਧ ਦਾ ਗਵਰਨਰ ਨਿਯਤ ਕਰ ਦਿਤਾ ਗਿਆ। ਤੈਮੂਰ ਦਾ ਅਗਲਾ ਨਿਸ਼ਾਨਾ ਕਸ਼ਮੀਰ ਸੀ।

**ਕਸ਼ਮੀਰ ਤੇ ਹਮਲਾ** : ਸਿੰਧ ਦੀਆਂ ਮੁਹਿੰਮਾਂ ਤੋਂ ਵਿਹਲਿਆਂ ਹੋ ਕੇ ਤੈਮੂਰ ਨੇ ਆਪਣਾ ਸਾਰਾ ਧਿਆਨ ਕਸ਼ਮੀਰ ਵੱਲ ਲਗਾਇਆ। ਅਹਿਮਦਸ਼ਾਹ ਅਬਦਾਲੀ ਕਸ਼ਮੀਰ ਦੀ ਰਾਜਨੀਤਕ ਮਹੱਤਤਾ ਤੋਂ ਜਾਣੂ ਸੀ। ਇਸੇ ਲਈ ਉਸ ਨੇ ਕਸ਼ਮੀਰ ਤੇ ਕਬਜ਼ਾ ਕਰਨ ਲਈ ਵੱਖਰਾ ਉਦਮ ਕੀਤਾ ਸੀ। ਕਸ਼ਮੀਰ ਦੀ ਜਿਤ ਉਪਰੰਤ ਅਬਦਾਲੀ ਨੇ ਹਾਜ਼ੀ ਕਰੀਮ ਦਾਦ ਖ਼ਾਨ ਨੂੰ ਗਵਰਨਰ ਥਾਪ ਦਿੱਤਾ ਸੀ। ਹਾਜ਼ੀ ਕਰੀਮ ਦਾਦ ਖ਼ਾਨ ਇਕ ਵਫ਼ਾਦਾਰ ਗਵਰਨਰ ਸੀ। ਜਦ ਤੱਦ ਉਹ ਜੀਵਤ ਰਿਹਾ, ਅਫ਼ਗ਼ਾਨ ਸਾਮਰਾਜ ਦੀ ਵਫ਼ਾਦਾਰੀ ਦਾ ਦਮ ਭਰਦਾ ਰਿਹਾ। ਉਸ ਦੀ ਮ੍ਰਿਤੂ ਉਪਰੰਤ ਆਜ਼ਾਦ ਖ਼ਾਨ ਨੇ ਗਵਰਨਰੀ ਦਾ ਅਹੁਦਾ ਸੰਭਾਲਿਆ। ਤੈਮੂਰ ਦੀ ਪਿਛਾਂਹ-ਖਿੱਚੂ ਪਾਲਿਸੀ ਤੋਂ ਆਜ਼ਾਦ ਖ਼ਾਨ ਜਾਣੂ ਸੀ। ਉਸ ਨੇ ਅਹੁਦਾ ਸੰਭਾਲਦੇ ਹੀ ਅਫ਼ਗਾਨ ਸਾਮਰਾਜ ਨਾਲੋਂ ਵੱਖ ਹੋਣ ਦਾ ਐਲਾਨ ਕਰ ਦਿਤਾ ਅਤੇ ਟਾਕਰੇ ਲਈ ਤਿਆਰੀਆਂ ਵੀ ਕਰ ਲਈਆਂ। ਆਜ਼ਾਦ ਖ਼ਾਨ ਨੇ ਅਫ਼ਗ਼ਾਨਾਂ ਦਾ ਟਾਕਰਾ ਕਰਨ ਲਈ ਕਰਨ ਲਈ ਸਿੱਖ ਸਰਦਾਰਾਂ ਨਾਲ ਵੀ ਗੱਲਬਾਤ ਕੀਤੀ। ਆਪਣੀ ਫ਼ੌਜ ਦੇ ਨਾਲ ਸਿੱਖਾਂ ਦੀ ਇਕ ਵੱਖਰੀ ਫ਼ੌਜ ਵੀ ਭਰਤੀ ਕਰ ਲਈ। ਆਜ਼ਾਦ ਖ਼ਾਨ ਨੂੰ ਦੋਵੇਂ ਪਾਸਿਉਂ ਹਿਮਾਇਤ ਮਿਲ ਰਹੀ ਸੀ। ਸਿੱਖ ਹਿਮਾਇਤ ਉਸ ਦੇ ਨਾਲ ਸੀ ਤੇ ਮੁਸਲਮਾਨ ਕਸ਼ਮੀਰ ਨੂੰ ਆਜ਼ਾਦ ਦੇਖਣਾ ਚਾਹੁੰਦੇ ਸਨ। ਆਜ਼ਾਦ ਖ਼ਾਨ ਨੇ ਮੁਕੰਮਲ ਆਜ਼ਾਦੀ ਦਾ ਐਲਾਨ ਕਰ ਦਿਤਾ।

ਤੈਮੂਰ ਨੇ ਵੀ ਕਸ਼ਮੀਰ ਵਲੋਂ ਖ਼ਤਰੇ ਨੂੰ ਅਨੁਭਵ ਕੀਤਾ ਅਤੇ ਸੰਨ ੧੭੮੬ ਨੂੰ ਫ਼ੌਜਕਸ਼ੀ ਕੀਤੀ। ਅਫ਼ਗਾਨ ਫ਼ੌਜਾਂ ਦੀ ਸਿੱਖ ਸਿਪਾਹੀਆਂ ਨੇ ਪੇਸ਼ ਨਾ ਜਾਣ ਦਿਤੀ। ਤੈਮੂਰ ਨੇ ਜਦ ਸਾਂਝੀ ਤਾਕਤ ਅੱਗੇ ਪੇਸ਼ ਨਾ ਜਾਂਦੀ ਡਿੱਠੀ ਤਾਂ 'ਪਾੜੋ ਤੇ ਖ਼ਤਮ ਕਰੋ' ਦੀ ਨੀਤੀ ਨੂੰ ਅਪਣਾਇਆ। ਮੁਸਲਮਾਨ ਸਿਪਾਹੀਆਂ ਨੂੰ ਇਸਲਾਮ ਤੇ ਸ਼ਰਹ ਦਾ ਵਾਸਤਾ ਪਾਇਆ। ਜਹਾਦੀ ਝੰਡਾ

Sri Satguru Jagjit Singh Ji eLibrary NamdhariElibrary@gmail.com

ਲਹਿਰਾਇਆ ਤੇ ਸਾਰਿਆਂ ਨੂੰ ਝੰਡੇ ਹੇਠਾਂ ਇਕੱਤਰ ਹੋਣ ਲਈ ਪ੍ਰੇਰਿਆ। ਤੈਮੂਰ ਦਾ ਹਥਿਆਰ ਚੱਲ ਗਿਆ। ਮੁਸਲਮਾਨ ਫ਼ੌਜੀ ਆਜ਼ਾਦ ਖ਼ਾਨ ਨੂੰ ਇਸਲਾਮ ਦਾ ਦੁਸ਼ਮਣ ਸਮਝਣ ਲੱਗ ਪਏ। ਮੁਸਲਮਾਨ ਸਿਪਾਹੀਆਂ ਨੇ ਖੁਲ੍ਹੇ ਤੌਰ ਤੇ ਤੈਮੂਰ ਦਾ ਸਾਥ ਦੇਣ ਦਾ ਐਲਾਨ ਕਰ ਦਿਤਾ। ਤੈਮੂਰ ਦੀ ਜਿੱਤ ਸਹਿਜੇ ਹੀ ਹੋ ਗਈ। ਆਜ਼ਾਦ ਖ਼ਾਨ ਨੇ ਤੈਮੂਰ ਕੋਲੋਂ ਈਨ ਮੰਨਣ ਦੀ ਥਾਂ ਆਤਮਘਾਤ ਕਰ ਲਿਆ। ਉਸ ਦੀ ਉਮਰ ਉਸ ਵੇਲੇ ਕੇਵਲ ੨੭ ਸਾਲ ਦੀ ਸੀ। ਤੈਮੂਰ ਲਈ ਕਸ਼ਮੀਰ ਦੀ ਜਿੱਤ ਦਾ ਰਸਤਾ ਸਾਫ਼ ਸੀ। ਸਿੱਖ ਸਿਪਾਹੀਆਂ ਨੇ ਵੀ ਅਜਾਈਂ ਮਰਨਾ ਯੋਗ ਨਾ ਸਮਝ ਕੇ ਜੰਮੂ ਵੱਲ ਹੱਟਣਾ ਹੀ ਮੁਨਾਸਬ ਸਮਝਿਆ। ਤੈਮੂਰ ਨੇ ਕਸ਼ਮੀਰ ਨੂੰ ਜਿੱਤ ਲਿਆ। ਇਸ ਜਿੱਤ ਨੇ ਤੈਮੂਰ ਦੇ ਹੱਥ ਮਜ਼ਬੂਤ ਕੀਤੇ।

**ਖ਼ੈਬਰ ਪਾਸ (ਦੱਰੇ) ਦੇ ਇਲਾਕਿਆਂ ਤੇ ਕਬਜ਼ਾ :** ਤੈਮੂਰ ਨੂੰ ਆਪਣੀਆਂ ਘਰੇਲੂ ਉਲਝਵਾਂ ਤੇ ਫਿਰ ਮੁਲਤਾਨ ਵੱਲ ਰੁਝਿਆ ਦੇਖ ਕੇ ਖ਼ੈਬਰ ਦੇ ਸੂਬੇਦਾਰ ਅਰਸਲਾਮ ਖਾਨ ਨੇ ਵੀ ਅਫ਼ਗਾਨ ਸਾਮਰਾਜ ਨਾਲੋਂ ਸਬੰਧ ਤੋੜ ਲਏ ਸਨ। ਤੈਮੂਰ ਨੇ ਕਈ ਛੋਟੇ ਹਮਲੇ ਕੀਤੇ ਪਰ ਉਹ ਕਾਬੂ ਨਾ ਆ ਸਕਿਆ। ਖ਼ੈਬਰ ਦਾ ਇਲਾਕਾ ਬਿਖੜਾ ਤੇ ਮੁਕਾਬਲਾ ਕਠਿਨ ਸੀ। ਦੂਜੇ, ਤੈਮੂਰ ਦਾ ਧਿਆਨ ਹੋਰ ਵੱਡੀਆਂ ਮੁਹਿੰਮਾਂ ਨੇ ਖਿਚਿਆ ਹੋਇਆ ਸੀ। ਤੈਮੂਰ ਨੇ ਅਰਸਲਾਮ ਖ਼ਾਨ ਵੱਲ ਆਪ ਹੀ ਦੋਸਤੀ ਦਾ ਹੱਥ ਵਧਾਇਆ ਤੇ ਲਿਖਿਆ ਕਿ ਉਸ ਦੇ ਈਨ ਮੰਨਣ ਦੀ ਸ਼ਕਲ ਵਿਚ ਉਸ ਦਾ ਇਲਾਕਾ ਖੋਹਿਆ ਨਹੀਂ ਜਾਵੇਗਾ ਤੇ ਉਸ ਨੂੰ ਸਦੀਵੀ ਗਵਰਨਰ ਥਾਪ ਦਿਤਾ ਜਾਵੇਗਾ। ਅਰਸਲਾਮ ਖ਼ਾਨ ਨੇ ਈਨ ਮੰਨਣ ਵਿਚ ਹੀ ਭਲਾ ਸਮਝ ਕੇ ਤੈਮੂਰ ਦੀਆਂ ਸ਼ਰਤਾਂ ਮੰਨ ਲਈਆਂ, ਪਰ ਤੈਮੂਰ ਤਾਂ ਡੰਗ ਟਪਾ ਕੇ ਖ਼ਾਨ ਨੂੰ ਖ਼ਤਮ ਕਰਨਾ ਚਾਹੁੰਦਾ ਸੀ। ਉਹ ਖ਼ੈਬਰ ਤੇ ਕਿਸੇ ਹੋਰ ਦੇ ਕਬਜ਼ੇ ਨੂੰ ਆਪਣੇ ਜਿਸਮ ਤੇ ਫੋੜੇ ਨਿਆਈਂ ਸਮਝਦਾ ਸੀ। ਸੰਧੀ ਤੇ ਦਸਤਖਤ ਕਰਨ ਲਈ ਤੈਮੂਰ ਨੇ ਅਰਸਲਾਮ ਖ਼ਾਨ ਨੂੰ ਕੋਲ ਬੁਲਾਇਆ ਤੇ ਧੋਖੇ ਨਾਲ ਕਤਲ ਕਰਕੇ ਖ਼ੈਬਰ ਪਾਸ ਦੇ ਸਾਰੇ ਇਲਾਕਿਆਂ ਤੇ ਕਬਜ਼ਾ ਕਰ ਲਿਆ। ਇਸੇ ਤਰ੍ਹਾਂ ਮੁਜ਼ੱਫਰਾਬਾਦ ਦੇ ਫਤਿਹ ਖ਼ਾਨ ਯੂਸਫ਼ਜ਼ਈ ਨਾਲ ਤੈਮੂਰ ਨੇ ਕੀਤੀ। ਜਦ ਫਤਿਹ ਖ਼ਾਨ ਨੇ ਬਗ਼ਾਵਤ ਕਰਕੇ ਆਜ਼ਾਦੀ ਦਾ ਐਲਾਨ ਕੀਤਾ ਤਾਂ ਉਸ ਨੂੰ ਵੀ ਧੋਖੇ ਨਾਲ ਕਤਲ ਕਰਕੇ ਮੌਤ ਦੇ ਘਾਟ ਉਤਾਰ ਦਿੱਤਾ। ਤੈਮੂਰ ਨੇ ਐਸੇ ਹੱਥਕੰਡੇ ਵਰਤ ਕੇ ਆਪਣੇ ਸਾਮਰਾਜ ਨੂੰ ਮਜ਼ਬੂਤ ਕਰ ਲਿਆ। ਸਿੰਧ, ਮੁਲਤਾਨ, ਕਸ਼ਮੀਰ ਅਤੇ ਖ਼ੈਬਰ ਪਾਸ ਦੀਆਂ ਜਿੱਤਾਂ ਨੇ ਤੈਮੂਰ ਨੂੰ ਭੀ ਇਕ ਜੇਤੂ ਦੇ ਤੌਰ ਤੇ ਸੰਸਾਰ ਸਾਹਮਣੇ ਪੇਸ਼ ਕੀਤਾ।

**ਤੈਮੂਰ ਦੀ ਮ੍ਰਿਤੂ :** ਤੈਮੂਰ ਨੇ ਕੁਲ ਰਲਾ ਕੇ ਹਿੰਦੁਸਤਾਨ ਤੇ ਛੇ ਹਮਲੇ ਕੀਤੇ। ਭਾਵੇਂ ਹਮਲਾ ਕਰੂ-ਨੀਤੀ ਤਾਂ ਬਾਪ ਵਾਂਗ ਹੀ ਸੀ, ਪਰ ਉਸ ਨੇ ਸਿੱਖਾਂ ਉਤੇ ਸਿੱਧਾ ਕੋਈ ਹਮਲਾ ਨਾ ਕੀਤਾ। ਛੇਵੇਂ ਹਮਲੇ ਉਪਰੰਤ ੨੦ ਮਈ, ੧੭੯੩ ਨੂੰ ਉਸ ਦੀ ਮੌਤ ਹੋ ਗਈ। ਸੰਭਵ ਸੀ ਕਿ ਤੱਖ਼ਤ ਲਈ ਝਗੜਾ ਵੱਧ ਜਾਂਦਾ, ਪਰ ਰਾਜ ਦੀ ਵਾਗ ਡੋਰ ਉਸਦੇ ਪੁੱਤਰ ਜ਼ਮਾਨ ਸ਼ਾਹ ਨੇ ਤੱਖ਼ਤ ਉਤੇ ਬੈਠ ਕੇ ਸੰਭਾਲ ਲਈ। ਜ਼ਮਾਨ ਸ਼ਾਹ ਨੇ ਫਿਰ ਇਕ ਵਾਰੀ ਅਗਾਂਹ ਵਧੂ ਨੀਤੀ ਅਪਣਾਈ ਤੇ ਮਿਸਲਾਂ ਦੀ ਜਥੇਬੰਦੀ ਨੂੰ ਵੱਡਾ ਚੈਲੰਜ ਸੁਟਿਆ।

**ਤੈਮੂਰ ਦੇ ਹਮਲਿਆਂ ਦੀ ਮਹੱਤਤਾ ਤੇ ਪ੍ਰਭਾਵ :** ਤੈਮੂਰ ਦੇ ਸਾਰੇ ਹਮਲੇ ਤੇ ਜਿੱਤਾਂ ਜੋ ਉਸ ਨੇ ਜਿੱਤੀਆਂ, ਉਹ ਇਹ ਪ੍ਰਗਟਾਉਣ ਲਈ ਕਾਫ਼ੀ ਹਨ ਕਿ ਉਸਦੀ ਹਮਲਾ ਕਰੂ ਨੀਤੀ ਇਹਤਿਆਤ ਭਰੀ ਤੇ ਸੋਚ ਸਮਝ ਵਾਲੀ ਸੀ। ਕਸ਼ਮੀਰ, ਖ਼ੈਬਰ, ਮੁਲਤਾਨ, ਬਹਾਵਲਪੁਰ ਤੇ ਸਿੰਧ ਉਸ ਦੀ ਆਪਣੀ ਹੋਂਦ ਲਈ ਖ਼ਤਰਨਾਕ ਸਨ। ਇਸ ਲਈ ਉਸਦਾ ਨਿਸ਼ਾਨਾ ਉਹੋ ਹੀ ਸਨ। ਦੂਸਰੇ, ਇਹ ਸਾਰੇ ਇਲਾਕੇ ਸਾਰੇ ਮੁਸਲਿਮ ਬਹੁ-ਗਿਣਤੀ ਦੇ ਸਨ। ਇਸ ਲਈ ਉਹਨਾਂ ਉਪਰ ਹੱਕ ਕਰਨਾ ਉਹ ਖ਼ੁਦਾਈ ਹੱਕ ਸਮਝਦਾ ਸੀ। ਫੇਰ ਇਹ ਸਾਰੇ ਇਲਾਕੇ ਐਸੇ ਸਨ ਜਿਥੇ ਸਿੱਖ ਇਕੱਠੇ ਹੋ ਕੇ ਤਗੜੀ ਰੋਕ ਨਹੀਂ ਸਨ ਪਾ ਸਕਦੇ, ਸਗੋਂ ਸਿੱਖ ਕਈ ਕਾਰਨਾਂ

ਕਰਕੇ ਹਾਨੀ ਵਿਚ ਹੀ ਰਹਿੰਦੇ ਸਨ। ਮੁਲਤਾਨ ਦੇ ਘੇਰੇ ਵੇਲੇ ਸਿੱਖ ਜਥੇਬੰਦੀ ਦੂਰ ਸੀ ਤੇ ਤੈਮੂਰ ਨੇ ਇਸ ਦਾ ਬਹੁਤ ਹੀ ਲਾਭ ਉਠਾਇਆ। ਕਸ਼ਮੀਰ ਦੇ ਹਮਲੇ ਵੇਲੇ ਵੀ ਸਿੱਖ ਰੋਕ ਨਾ ਪਾ ਸਕੇ। ਇਕੱਲੀ ਕੋਈ ਵੀ ਮਿਸਲ ਇਸ ਯੋਗ ਨਹੀਂ ਸੀ ਕਿ ਅਫ਼ਗਾਨਾਂ ਦੇ ਹਮਲੇ ਨੂੰ ਰੋਕ ਸਕੇ। ਠੀਕ ਗੱਲ ਤਾਂ ਇਹ ਹੈ ਕਿ ਤੈਮੂਰ ਜੇ ਕਿਧਰੇ ਪੰਜਾਬ ਵਿਚ ਟਕਰਾਇਆ ਵੀ ਤਾਂ ਸਿਰਫ਼ ਭੰਗੀ ਸਰਦਾਰਾਂ ਨਾਲ। ਅਫ਼ਗਾਨਿਸਤਾਨ ਦੇ ਅੰਦਰਲੇ ਹਾਲਾਤ ਇਹ ਪ੍ਰਗਟ ਕਰਦੇ ਹਨ ਕਿ ਤੈਮੂਰ ਆਪ ਮੁਲਤਾਨ ਤੇ ਹਮਲਾ ਕਰਕੇ ਵੀ ਖ਼ੁਸ਼ ਨਹੀਂ ਸੀ। ਹਾਜੀ ਫ਼ੈਜ਼ੁੱਲਾ ਖ਼ਾਨ ਦੀ ਬਗ਼ਾਵਤ ਨੇ ਉਸ ਨੂੰ ਕਦਮ ਚੁੱਕਣ ਤੇ ਮਜਬੂਰ ਕਰ ਦਿਤਾ ਸੀ। ਜੇ ਉਹ ਹੋਰ ਢਿੱਲ ਵਿਖਾਉਂਦਾ ਤਾਂ ਉਸ ਦੀ ਆਪਣੀ ਹੋਂਦ ਖ਼ਤਰੇ ਵਿਚ ਸੀ। ਮੁਲਤਾਨ ਕਬਜ਼ੇ ਵਿਚ ਕਰਕੇ ਵੀ ਉਸ ਅਹਿਮਦ ਸ਼ਾਹ ਅਬਦਾਲੀ ਵਾਲੀ ਨੀਤੀ ਨੂੰ ਪੂਰਨ ਤੌਰ ਤੇ ਨਾ ਅਪਣਾਇਆ। ਉਹ ਮੁਲਤਾਨ ਤੋਂ ਲਾਹੌਰ ਜਾਂ ਅੰਮ੍ਰਿਤਸਰ ਵੱਲ ਨਾ ਵਧਿਆ। ਉਹ ਪੰਜਾਬ ਨੂੰ ਅਫ਼ਗ਼ਾਨ ਸਾਮਰਾਜ ਨਾਲੋਂ ਟੁੱਟਾ ਮਿੱਥ ਚੁੱਕਾ ਸੀ। ਸਦੀਆਂ ਤੋਂ ਇਹ ਹੀ ਜਦੋ-ਜਹਿਦ ਚੱਲ ਰਹੀ ਸੀ ਕਿ ਪੰਜਾਬ ਅਫ਼ਗ਼ਾਨ ਸਾਮਰਾਜ ਦਾ ਹਿੱਸਾ ਹੈ ਜਾਂ ਹਿੰਦੁਸਤਾਨ ਦਾ ਇਕ ਅਟੁੱਟਵਾਂ ਅੰਗ। ਤੈਮੂਰ ਨੇ ਉਸ ਜਦੋ-ਜਹਿਦ ਦੀ ਅਸਫ਼ਲਤਾ ਅਹਿਮਦਸ਼ਾਹ ਅਬਦਾਲੀ ਵੇਲੇ ਹੀ ਦੇਖ ਲਈ ਸੀ, ਪਰ ਉਹ ਆਪਣੇ ਹਮ-ਮਜ਼ਹਬ, ਹਮ ਵਤਨ ਭਰਾਵਾਂ ਵਿਚ ਕਿਸੇ ਵੀ ਕਮਜ਼ੋਰੀ ਨੂੰ ਜ਼ਾਹਿਰ ਨਹੀਂ ਸੀ ਹੋਣ ਦੇਣਾ ਚਾਹੁੰਦਾ। ਸੋ ਉਹ ਸਿੱਖਾਂ ਤੇ ਹਮਲੇ ਕਰਨ ਦੀਆਂ ਅਵਾਈਆਂ ਉਡਾਂਦਾ ਰਹਿੰਦਾ ਸੀ। ਬਹਾਵਲਪੁਰ ਦੇ ਸਰਦਾਰ ਨਵਾਬ ਬਹਾਵਲ ਖ਼ਾਨ ਨਾਲ ਜੋ ਸੰਧੀ ਉਸ ਨੇ ਕੀਤੀ, ਉਸ ਦੀ ਇਕ ਧਾਰਾ ਕਿ ''ਸਿੱਖਾਂ ਤੇ ਹਮਲਾ ਕਰਨ ਵੇਲੇ, ਨਵਾਬ ਰਸਦ, ਰਕਮ ਤੇ ਫ਼ੌਜ ਨਾਲ ਸਹਾਇਤਾ ਕਰੇਗਾ, ''ਜਾਣ ਬੁੱਝ ਕੇ ਪਾਈ ਗਈ ਸੀ ਤਾਂ ਕਿ ਅਫ਼ਗ਼ਾਸਿਤਾਨ ਦੇ ਜਹਾਦੀ ਲੋਕ ਤੈਮੂਰ ਦੀ ਸੱਚਾਈ ਨੂੰ ਮੰਨ ਜਾਣ। ਸਾਧਾਰਨ ਲੋਕ ਤੈਮੂਰ ਵਲੋਂ ਹੋ ਰਹੀਆਂ ਤਿਆਰੀਆਂ ਤੇ ਯਕੀਨ ਕਰ ਜਾਂਦੇ ਸਨ, ਕਿਉਂਕਿ ਉਹਨਾਂ ਨੂੰ ਵਿਸ਼ਵਾਸ ਸੀ ਕਿ ਅਬਦਾਲੀ ਦਾ ਪੁੱਤਰ ਪੰਜਾਬ ਨੂੰ ਆਪਣੇ ਸਾਮਰਾਜ ਨਾਲ ਮਿਲਾਏ ਬਗੈਰ ਆਰਾਮ ਨਾਲ ਨਹੀਂ ਟਿਕੇਗਾ, ਪਰ ਤੈਮੂਰ ਆਪਣੀ ਥਾਵੇਂ ਸਪੱਸ਼ਟ ਸੀ। ਉਹ ਸਮਝਦਾ ਸੀ ਤੇ ਉਸ ਨੇ ਕਈ ਵਾਰੀ ਇਸ ਗੱਲ ਦਾ ਪ੍ਰਗਟਾਵਾ ਵੀ ਕੀਤਾ ਸੀ। ਜਿਹਨਾਂ ਸਿੱਖਾਂ ਨੇ ਉਸ ਦੇ ਪਿਤਾ (ਅਬਦਾਲੀ) ਨੂੰ ਤੰਗ ਕਰਨ ਤੋਂ ਨਹੀਂ ਸੀ ਛੱਡਿਆ, ਉਹ ਤੈਮੂਰ ਨੂੰ ਕਿਵੇਂ ਛੱਡਣਗੇ। ਫੇਰ ਬਾਪ ਕਾਮਯਾਬ ਨਹੀਂ ਹੋਇਆ, ਪੁਤਰ ਉਸ ਦੀ ਥਾਵੇਂ ਕਿਵੇਂ ਸਫ਼ਲ ਹੋ ਸਕਦਾ ਹੈ। ਭਾਵੇਂ ਸਿੱਖ ਮਿਸਲਾਂ ਵਿਚ ਤੈਮੂਰ ਦੇ ਸਮੇਂ ਆਪੋ-ਧਾਪੀ ਜ਼ੋਰਾਂ ਤੇ ਸੀ, ਪਰ ਸਿੱਖਾਂ ਦੇ ਸੁਭਾਅ ਤੋਂ ਜਾਣੂ ਤੈਮੂਰ ਜਾਣਦਾ ਸੀ ਕਿ ਬਾਹਰਲੇ ਹੱਲੇ ਵੇਲੇ ਇਹ ਫਿਰ ਇਕੱਠੇ ਹੋ ਜਾਣਗੇ। ''ਖਾਣ ਪੀਣ, ਵੰਡਣ ਨੂੰ ਭਾਵੇਂ ਸਿੱਖ ਵੱਖ-ਵੱਖ ਹਨ, ਪਰ ਲੜਨ-ਭਿੜਨ ਨੂੰ ਇਕੱਠੇ ਹੀ ਹਨ'' ਇਹ ਸਮੇਂ ਦਾ ਅਖਾਣ ਸੀ। ਸੋ ਸਿੱਖ ਇਲਾਕੇ ਤੇ ਹਮਲਾ ਨਾ ਕਰਨਾ ਤੈਮੂਰ ਦੀ ਇਕ ਸਿਆਣਪ ਭਰਪੂਰ ਨੀਤੀ ਸੀ। ਸਿੱਖਾਂ ਦਾ ਹਊਆ ਦਿਖਾ ਕੇ ਉਸ ਆਪਣੇ ਸਾਮਰਾਜ ਨੂੰ ਮਜ਼ਬੂਤ ਕੀਤਾ। ਮੈਲੇਸਨ ਨੇ ਇਹ ਦੇਖ ਹੀ ਲਿਖਿਆ ਸੀ ਕਿ ਉਸ ਨੇ ਜਿਸ ਤਗੜਾਈ ਨਾਲ ਜੰਗਜੂ ਅਫ਼ਗ਼ਾਨਾਂ ਨੂੰ ਕਾਬੂ ਵਿਚ ਰੱਖਿਆ, ਇਹ ਤੈਮੂਰ ਦਾ ਹੀ ਕਮਾਲ ਸੀ। ਜੀ. ਟੀ. ਵਿਘਨ ਲਿਖਦਾ ਹੈ ਕਿ ਅਫ਼ਗ਼ਾਨ ਅੱਜ ਤੱਕ ਤੈਮੂਰ ਦੀ ਹਕੂਮਤ ਨੂੰ ਯਾਦ ਕਰਦੇ ਹਨ ਜਿਵੇਂ ਉਸ ਨੇ ਖ਼ੁਸ਼ਹਾਲੀ ਲਿਆਂਦੀ। ਹਰ ਉਸ ਇਲਾਕੇ ਨੂੰ ਆਪਣੇ ਨਾਲ ਮਿਲਾਇਆ ਜੋ ਰਾਜ ਲਈ ਥੰਮ੍ਹੀ ਬਣ ਸਕਦਾ ਸੀ। ਕਸ਼ਮੀਰ, ਸਿੰਧ ਤੇ ਖ਼ੈਬਰ ਨੂੰ ਮਿਲਾਉਣਾ ਤੈਮੂਰ ਦੀ ਇਸ ਦੂਰ-ਦ੍ਰਿਸ਼ਟੀ ਦਾ ਹੀ ਸਿੱਟਾ ਸੀ।

ਦੂਜੇ, ਕਈ ਇਕ ਇਤਿਹਾਸਕਾਰਾਂ[1] ਵਲੋਂ ਇਹ ਰਾਇ ਦਿਤੀ ਜਾ ਰਹੀ ਹੈ ਕਿ ਤੈਮੂਰ ਦਾ

1. Keene

Sri Satguru Jagjit Singh Ji eLibrary NamdhariElibrary@gmail.com

ਪੰਜਾਬ ਉਤੇ ਹਮਲਾ ਨਾ ਕਰਨ ਦਾ ਕਾਰਨ ਮਰਹੱਟੇ ਸਨ। ਉਹਨਾਂ ਦਾ ਕਹਿਣਾ ਹੈ ਕਿ ਮਰਹੱਟੇ ਮਹਾਦੀ ਸਿੰਧੀਆ ਦੀ ਅਗਵਾਈ ਹੇਠਾਂ ਦਿੱਲੀ ਆਗਰੇ ਦੇ ਸੂਬਿਆਂ ਤੇ ਇਲਾਕਿਆਂ ਤੇ ਕਾਬਜ਼ ਹੋ ਗਏ ਸਨ। ਨਾਲ ਹੀ ਮਰਹੱਟੇ ਇਤਨੇ ਮਜ਼ਬੂਤ ਹੋ ਗਏ ਸਨ ਕਿ ਤੈਮੂਰ ਹਮਲਾ ਕਰਨ ਦੀ ਸੋਚ ਹੀ ਨਹੀਂ ਸਕਦਾ ਸੀ। ਕੀਨ ਦਾ ਕਥਨ ਹੈ ਕਿ ''ਦੱਖਣ ਵਿਚ ਮਰਹੱਟਿਆਂ ਦੀ ਜਿੱਤ ਅਤੇ ਰੁਹੇਲਿਆਂ ਨੂੰ ਹਰਾਉਣ ਦੇ ਪ੍ਰਭਾਵਾਂ ਦਾ ਅਸਰ ਦੂਰ ਤੱਕ ਸੀ। ਇਸ ਦਾ ਅਸਰ ਦੂਰ ਤੈਮੂਰ ਤੱਕ ਹੋਇਆ ਅਤੇ ਉਸ ਹਮਲਾ ਨਾ ਕਰਨ ਦੀ ਵਿਚਾਰ ਬਣਾਈ।'' ਇਹ ਦੂਰ ਦਾ ਸਿੱਟਾ ਕੱਢਣ ਵਾਲੀ ਗੱਲ ਹੀ ਸੀ। ਇਤਿਹਾਸਕ ਸਿੱਟਾ ਇਸਦੇ ਉਲਟ ਹੈ। ਤੈਮੂਰ ਨੂੰ ਮਰਹੱਟਿਆਂ ਦੀ ਜਿੱਤ ਜਾਂ ਅਸਰ ਨੇ ਨਹੀਂ ਰੋਕਿਆ, ਰੋਕ ਪਾਉਣ ਵਾਲੀ ਉਹ ਹੀ ਸ਼ਕਤੀ ਸੀ ਜੋ ੧੭੬੨ ਦੇ ਘੱਲੂਘਾਰੇ ਬਾਅਦ ਵੀ ਜ਼ੇਰ ਨਾ ਹੋਈ। ਇਸ ਗੱਲ ਨੂੰ ਕਿਵੇਂ ਝੁਠਲਾਇਆ ਜਾ ਸਕਦਾ ਹੈ ਕਿ ੧੭੮੬ ਵਿਚ ਅਸਮਾਈਲ ਬੇਗ ਨੇ, ਫਿਰ ੧੭੮੮ ਵਿਚ ਰਾਜਪੂਤਾਂ ਨੇ ਮਰਹੱਟਿਆਂ ਨੂੰ ਕਰੜੀ ਹਾਰ ਦਿਤੀ ਸੀ। ਉਹਨਾਂ ਹੀ ਸਾਲਾਂ ਵਿਚ ਤੈਮੂਰ, ਬਹਾਵਲਪੁਰ ਤੇ ਸਿੰਧ ਤੇ ਕਬਜ਼ਾ ਕਰ ਰਿਹਾ ਸੀ। ਜੇ ਮਰਹੱਟਿਆਂ ਜਾਂ ਮਹਾਦੀ ਸਿੰਧੀਆਂ ਦਾ ਉਸ ਨੂੰ ਡਰ ਹੁੰਦਾ ਤਾਂ ਉਸ ਨੇ ਇਨ੍ਹਾਂ ਹਾਰਾਂ ਤੋਂ ਲਾਭ ਕਿਉਂ ਨਾ ਉਠਾਇਆ? ਉਨ੍ਹਾਂ ਹਾਰਾਂ ਉਪਰੰਤ ਪੰਜਾਬ ਉਤੇ ਹਮਲਾ ਕਰਨਾ ਠੀਕ ਨੀਤੀ ਹੋ ਸਕਦੀ ਸੀ ਪਰ ਤੈਮੂਰ ਨੇ ਐਸਾ ਨਾ ਕੀਤਾ। ਤੈਮੂਰ ਫਿਰ ਕੀਨ ਦੇ ਆਪਣੇ ਕਥਨ ਅਨੁਸਾਰ ਹੀ ਇਕ ਸਿਆਣਾ ਤੇ ਦੂਰ-ਦਰਸ਼ੀ ਜਰਨੈਲ ਸੀ। ਅਸਲ ਗੱਲ ਇਹ ਹੈ ਕਿ ਖਿਚ-ਧੂਹ ਕੇ ਵੀ ਤੈਮੂਰ ਦੀ ਹਮਲਾ ਕਰੂ ਨੀਤੀ ਨੂੰ ਮਰਹੱਟਿਆਂ ਦੀ ਹੋਂਦ ਨਾਲ ਨਹੀਂ ਜੋੜਿਆ ਜਾ ਸਕਦਾ। ਅਵਲ ਤਾਂ ਮਰਹੱਟੇ ਇਤਨੇ ਬਲਵਾਨ ਨਹੀਂ ਸਨ ਰਹੇ ਕਿ ਪੰਜਾਬ ਵਿਚ ਵਾਪਰ ਰਹੇ ਹਾਲਾਤ ਨੂੰ ਰੋਕ ਪਾਉਂਦੇ।

ਦੂਜੇ, ਤੈਮੂਰ ਦੇ ਹਮਲਾ ਕਰਨ ਵੇਲੇ ਉਹਨਾਂ ਦਾ ਜੰਗ ਦੇ ਖੇਤਰ ਵਿਚ ਪੁੱਜਣਾ ਅਸੰਭਵ ਸੀ। ਤੀਜੇ, ਤੈਮੂਰ ਵਿਚ ਪੰਜਾਬ ਤੇ ਕਾਬਜ਼ ਹੋਣ ਦੀ ਸ਼ਕਤੀ ਹੁੰਦੀ ਤਾਂ ਮਰਹੱਟੇ ਉਸ ਦੇ ਮਨਸੂਬਿਆਂ ਵਿਚ ਕੋਈ ਰੁਕਾਵਟ ਨਹੀਂ ਸਨ। ਡਾਕਟਰ ਸਿਨ੍ਹਾ ਦਾ ਕਥਨ ਠੀਕ ਹੈ–''ਤੈਮੂਰ ਦਾ ਪੰਜਾਬ ਤੇ ਹਮਲਾ ਨਾ ਕਰਨ ਦਾ ਠੀਕ ਕਾਰਨ ਇਹੋ ਇਕ ਹੀ ਲੱਗਦਾ ਹੈ ਕਿ ਸਿੱਖਾਂ ਨੂੰ ਅਧੀਨ ਕਰਨਾ ਉਹ ਅਸੰਭਵ ਸਮਝਦਾ ਸੀ ਅਤੇ ਤੈਮੂਰ ਵਰਗਾ ਜ਼ਰਨੈਲ ਫ਼ਜ਼ੂਲ ਸਮਾਂ ਤੇ ਜਾਨਾਂ ਜ਼ਾਇਆ ਕਰਨਾ ਵੀ ਭੁਲ ਖ਼ਿਆਲ ਕਰਦਾ ਸੀ।''

ਤੈਮੂਰ ਦੇ ਹਮਲਿਆਂ ਨੇ ਜਿਥੇ ਸਿੱਖਾਂ ਦੀ ਤਾਕਤ ਦਾ ਸਿੱਕਾ ਬਿਠਾ ਦਿਤਾ ਉਥੇ ਇਹ ਵੀ ਪ੍ਰਗਟ ਕਰ ਦਿਤਾ ਸੀ ਕਿ ਪੰਜਾਬ ਦੇ ਹੋਣ ਵਾਲੇ ਮਾਲਕ ਸਿੱਖ ਹਨ ਅਤੇ ਪੰਜਾਬ ਨੂੰ ਉਹਨਾਂ ਦੇ ਹੱਥੋਂ ਖੋਹਣ ਲਈ ਉਪਰਾਲੇ ਕਰਨੇ ਵੀ ਬੇਕਾਰ ਹਨ।

ਤੀਸਰੇ, ਮਿਸਲਾਂ ਤੇ ਇਹ ਵੀ ਪ੍ਰਗਟ ਹੋ ਗਿਆ ਕਿ ਕੇਂਦਰਤ ਜਥੇਬੰਦੀ ਤੋਂ ਬਗ਼ੈਰ ਬਾਹਰਲੇ ਹਮਲੇ ਦਾ ਟਾਕਰਾ ਕਰਨਾ ਵੀ ਮੁਸ਼ਕਿਲ ਹੈ, ਇਸੇ ਲਈ ਮਿਸਲਾਂ ਦੇ ਗੱਠ-ਜੋੜ ਅਰੰਭ ਹੋ ਗਏ।

ਚੌਥੇ, ਤੈਮੂਰ ਦੇ ਹਮਲਿਆਂ ਨੇ ਸਿੱਧਾ ਪ੍ਰਭਾਵ ਤਾਂ ਭਾਵੇਂ ਪੰਜਾਬ ਤੇ ਤਾਂ ਕੋਈ ਨਾ ਪਾਇਆ ਪਰ ਭੰਗੀ ਮਿਸਲ ਦਾ ਪਤਨ ਅਰੰਭ ਹੋ ਗਿਆ। ਮੁਲਤਾਨ ਦੀ ਹਾਰ ਨੇ ਭੰਗੀ ਮਿਸਲ ਦੇ ਸਨਮਾਨ ਨੂੰ ਕਰੜੀ ਸੱਟ ਮਾਰੀ।

ਪੰਜਵੇਂ, ਤੈਮੂਰ ਦੀ ਨੀਤੀ ਨੇ ਅਫ਼ਗਾਨ ਸਾਮਰਾਜ ਨੂੰ ਖੇਰੂੰ-ਖੇਰੂੰ ਹੋਣ ਤੋਂ ਬਚਾਈ ਰੱਖਿਆ। ਜਦ ਉਸਦੇ ਪੁਤਰ ਜ਼ਮਾਨ ਸ਼ਾਹ ਨੇ ਫਿਰ ਅਬਦਾਲੀ ਵਾਲੀ ਨੀਤੀ ਅਪਣਾਈ ਤਾਂ ਪੰਜਾਬ ਨੂੰ ਉਹ ਜਿੱਤਣ ਵਿਚ ਅਸਫ਼ਲ ਤਾਂ ਹੋਇਆ ਹੀ, ਪਰ ਅਫ਼ਗਾਨਿਸਤਾਨ ਦਾ ਰਾਜ ਵੀ ਗਵਾ ਬੈਠਾ।

*****

Sri Satguru Jagjit Singh Ji eLibrary NamdhariElibrary@gmail.com

# ਜ਼ਮਾਨ ਸ਼ਾਹ ਦੇ ਹਮਲੇ

# ੧੯

**ਜ਼ਮਾਨ ਸ਼ਾਹ ਦੀਆਂ ਪੰਜਾਬ ਨੂੰ ਕਬਜ਼ੇ ਵਿਚ ਕਰਨ ਦੀਆਂ ਕੋਸ਼ਿਸ਼ਾਂ :** ਸ਼ਾਹ ਜਹਾਨ ਤੈਮੂਰ ਦਾ ਛੋਟਾ ਪੁੱਤਰ ਸੀ। ਜ਼ਮਾਨ ਬੜਾ ਉਤਸ਼ਾਹੀ ਤੇ ਅਗਾਂਹ ਵਧੂ ਨੌਜੁਆਨ ਸੀ । ਤੈਮੂਰ ਦੇ ਦਿਹਾਂਤ ਪਿੱਛੋਂ ਉਸਦੇ ਵੱਡੇ ਪੁਤਰ ਹਮਾਯੂੰ ਨੇ ਆਪਣਾ ਹੱਕ ਜਤਾਇਆ ਤੇ ਆਪਣੇ ਬਾਦਸ਼ਾਹ ਹੋਣ ਦਾ ਐਲਾਨ ਵੀ ਕਰਵਾ ਦਿਤਾ, ਪਰ ਫੋਜਾਂ ਨੇ ਉਸ ਨੂੰ ਕਮਜ਼ੋਰ ਆਗੂ ਸਮਝ ਕੇ ਸਵੀਕਾਰ ਨਾ ਕੀਤਾ। ਫ਼ੌਜਾਂ ਆਪਣਾ ਭਵਿੱਖਤ 'ਜ਼ਮਾਨ ਖ਼ਾਨ' ਦੇ ਹਥ ਹੀ ਸੁਰਿਖਅਤ ਸਮਝਦੀਆਂ ਸਨ। ਫ਼ੌਜਾਂ ਨੇ ਹਮਾਯੂੰ ਦੀ ਥਾਂ ਜ਼ਮਾਨ ਨੂੰ ਆਪਣਾ ਜਰਨੈਲ ਮਿੱਥ ਲਿਆ ਤੇ ਬਾਦਸ਼ਾਹ ਹੋਣ ਦਾ ਐਲਾਨ ਕਰ ਦਿਤਾ। ੧੭੯੩ ਨੂੰ ਤਖ਼ਤ ਤੇ ਬੈਠਣ ਵੇਲੇ ਜ਼ਮਾਨ ਦੀ ਉਮਰ ੨੩ ਸਾਲ ਦੀ ਸੀ। ਜਵਾਨੀ ਦਾ ਖ਼ੂਨ ਉਸਨੂੰ ਅਗਾਂਹ ਵਧੂ ਨੀਤੀ ਅਪਨਾਣ ਲਈ ਪ੍ਰੇਰ ਰਿਹਾ ਸੀ। ਤਖ਼ਤ ਉਤੇ ਬੈਠਦੇ ਸਾਰ ਹੀ ਉਸ ਨੇ ਆਪਣੇ ਪਿਤਾ ਤੈਮੂਰ ਦੀ ਨੀਤੀ ਛੱਡਣ ਦਾ ਐਲਾਨ ਕੀਤਾ ਤੇ ਆਪਣੇ ਦਾਦੇ ਅਹਿਮਦ ਸ਼ਾਹ ਅਬਦਾਲੀ ਵਾਲੀ ਪੰਜਾਬ ਤੇ ਹਮਲਾਕਰੂ ਨੀਤੀ ਨੂੰ ਅਪਣਾਉਣ ਦਾ ਫ਼ੈਸਲਾ ਸੁਣਾ ਦਿਤਾ। ਹਮਲਾਕਰੂ ਨੀਤੀ ਅਪਣਾਉਣ ਨਾਲ ਅਫ਼ਗਾਨਿਸਤਾਨ ਦੇ ਲੋਕਾਂ ਦੀ ਆਮ ਹਿਮਾਇਤ ਉਸ ਨਾਲ ਹੋ ਗਈ। ਜੋ ਅਫ਼ਗਾਨ ਤੈਮੂਰ ਦਾ ਸਾਥ ਇਸ ਕਰਕੇ ਨਹੀਂ ਸਨ ਦਿੰਦੇ ਕਿ ਉਸ ਪੰਜਾਬ ਤੇ ਸਿੱਧਾ ਹਮਲਾ ਕਿਉਂ ਨਹੀਂ ਸੀ ਕੀਤਾ, ਉਹ ਇਸ ਨੀਤੀ ਦੇ ਐਲਾਨ ਨਾਲ ਹੀ ਹਮਾਇਤ ਤੇ ਆ ਖੜੋਤੇ।

**ਹਮਲਾ-ਕਰੂ ਨੀਤੀ ਅਪਣਾਉਣ ਦੇ ਕਾਰਨ :** ਜ਼ਮਾਨ ਸ਼ਾਹ ਦੀ ਇਹ ਨੀਤੀ ਅਪਣਾਉਣ ਦੇ ਕਈ ਕਾਰਨ ਸਨ। ਸਭ ਤੋਂ ਪਹਿਲਾ ਤੇ ਵੱਡਾ ਕਾਰਨ ਇਹ ਸੀ ਕਿ ਉਹ ਉਤਸ਼ਾਹੀ ਨੌਜੁਆਨ ਸੀ ਤੇ ਆਪਣੇ ਬਾਪ ਦੀ ਨੀਤੀ ਨੂੰ ਕਮਜ਼ੋਰ ਤੇ ਅਫ਼ਗਾਨ-ਮਾਰੂ ਨੀਤੀ ਗਿਣਦਾ ਸੀ। ਉਹ ਅਹਿਮਦ ਸ਼ਾਹ ਅਬਦਾਲੀ ਦਾ ਹਮ-ਖ਼ਿਆਲ ਸੀ ਕਿ ਜੇ ਕੋਈ ਤਾਕਤ ਪੰਜਾਬ ਨੂੰ ਅਫ਼ਗਾਨ ਸਾਮਰਾਜ ਨਾਲੋਂ ਤੋੜਨਾ ਚਾਹੁੰਦੀ ਹੈ ਤਾਂ ਉਸਦਾ ਟਾਕਰਾ ਕਰਨਾ ਜ਼ਰੂਰੀ ਹੈ, ਨਾਲ ਹੀ ਉਹ ਇਹ ਵੀ ਖ਼ਿਆਲ ਕਰਦਾ ਸੀ ਕਿ ਪੰਜਾਬ ਉਤੇ ਸਿੱਖਾਂ ਦਾ ਕਬਜ਼ਾ ਅਫ਼ਗਾਨਾਂ ਦੀ ਅਣਖ ਨੂੰ ਵੰਗਾਰ ਹੈ।

ਦੂਸਰੇ, ਉਹ ਆਪਣੇ ਦਾਦੇ ਵਾਂਗ ਹੀਆ-ਭਰੀ ਬਦੇਸ਼ ਨੀਤੀ (Spirited Foreign Policy) ਦਾ ਹਾਮੀ ਸੀ। ਉਸ ਉਤੇ ਟੁਰਨ ਵਿਚ ਹੀ ਉਹ ਸਾਮਰਾਜ ਦੀ ਹੋਂਦ ਸਮਝਦਾ ਸੀ।



Sri Satguru Jagjit Singh Ji eLibrary NamdhariElibrary@gmail.com

*ਤੀਸਰੇ*, ਉਸ ਨੇ ਹਮਾਯੂੰ ਕੋਲੋਂ ਤਖ਼ਤ ਇਕ ਪਰਕਾਰ ਦਾ ਖੋਹ ਕੇ ਹੀ ਲਿਆ ਸੀ ਤੇ ਉਹ ਸਮਝਦਾ ਸੀ ਕਿ ਉਭਾਰ ਨੀਤੀ ਅਪਣਾਉਣ ਨਾਲ ਹੀ ਉਹ ਅਫ਼ਗਾਨਿਸਤਾਨ ਵਿਚ ਮਾਣ ਪ੍ਰਾਪਤ ਕਰ ਸਕਦਾ ਸੀ। ਤਖਤ ਦਾ ਯੋਗ ਵਾਰਿਸ ਗਿਣਿਆ ਜਾਏ ਇਸ ਲਈ ਇਹ ਪੰਜਾਬ ਤੇ ਹਮਲਾ ਕਰਨ ਵਾਲੀ ਨੀਤੀ ਸਭ ਤੋਂ ਵੱਧ ਸਹਾਇਤਾ ਕਰ ਸਕਦੀ ਸੀ।

*ਚੌਥੇ*, ਪੰਜਾਬ ਤੋਂ ਇਲਾਵਾ ਹੋਰ ਕੋਈ ਐਸਾ ਇਲਾਕਾ ਨਹੀਂ ਸੀ ਜਿਥੇ ਹਮਲਾ-ਕਰੂ ਨੀਤੀ ਨੂੰ ਅਮਲੀ ਜਾਮਾ ਪਹਿਨਾਇਆ ਜਾ ਸਕੇ। ਈਰਾਨ ਦਾ ਸ਼ਾਹ ਇਤਨਾ ਮਜ਼ਬੂਤ ਸੀ ਕਿ ਉਸ ਨਾਲ ਟਾਕਰਾ ਲੈਣਾ ਅਫ਼ਗਾਨ ਸਾਮਰਾਜ ਨੂੰ ਮਹਿੰਗਾ ਪੈਣਾ ਸੀ। ਪੰਜਾਬ ਤੇ ਅਜੇ ਤੱਕ ਇਕ ਸਰਦਾਰ ਦਾ ਕਬਜ਼ਾ ਨਹੀਂ ਸੀ ਤੇ ਜ਼ਮਾਨ ਆਪਣੀ ਤਾਕਤ ਦਾ ਬਹੁਤ ਮਾਣ ਕਰਦਾ ਸੀ।

*ਪੰਜਵੇਂ*, ਦਿਲੀ ਤੋਂ ਭੱਜ ਗਏ ਸ਼ਹਿਜ਼ਾਦਾ ਮਿਰਜ਼ਾ ਅਹਿਸਾਨ ਬੱਖਤ ਨੇ ਹਿੰਦੁਸਤਾਨ ਦੀ ਵਿਗੜੀ ਹੋਈ ਰਾਜਨੀਤਕ ਦਸ਼ਾ ਨੂੰ ਦਸਿਆ ਤੇ ਸੁਝਾਅ ਦਿਤਾ ਕਿ ਹਮਲਾ ਕਰਨ ਵਿਚ ਜ਼ਮਾਨ ਨਾਮਣਾ ਦੇ ਨਾਲ ਨਾਲ ਧਨ ਦੌਲਤ ਵੀ ਕਮਾਏਗਾ। ਜ਼ਮਾਨ ਸ਼ਾਹ ਸਮਝ ਗਿਆ ਕਿ ਹਮਲਾ ਕਰਨਾ ਉਸ ਲਈ ਹਰ ਪਾਸਿਉਂ ਹੀ ਲਾਹੇਵੰਦ ਸਾਬਤ ਹੋਵੇਗਾ।

**ਜ਼ਮਾਨ ਸ਼ਾਹ ਦਾ ਪਿਸ਼ਾਵਰ ਵਾਪਸ ਮੁੜਨਾ** : ਇਹਨਾਂ ਕਾਰਨਾਂ ਕਰਕੇ ਜ਼ਮਾਨ ਸ਼ਾਹ ਨੇ ਪੰਜਾਬ ਤੇ ਹਮਲਾ ਕਰਨ ਦਾ ਮਨਸੂਬਾ ਬਣਾ ਲਿਆ। ਤਖਤ ਤੇ ੧੮ ਮਈ ੧੭੯੩ ਨੂੰ ਬੈਠਿਆ ਸੀ ਤੇ ਦਸੰਬਰ ੧੭੯੩ ਨੂੰ ਹਿੰਦੁਸਤਾਨ ਉਤੇ ਹਮਲਾ ਕਰਨ ਦਾ ਐਲਾਨ ਕਰ ਦਿਤਾ। ਫ਼ੌਜਾਂ ਲੈਕੇ ਉਹ ਪਿਸ਼ਾਵਰ ਤਕ ਪੁਜਾ ਸੀ ਕਿ ਅਫ਼ਗਾਨਿਸਤਾਨ ਤੋਂ ਭੈੜੀਆਂ ਖ਼ਬਰਾਂ ਪੁਜਣ ਲੱਗ ਪਈਆਂ। ਉਸ ਨੂੰ ਆਪਣੀ ਹੋਂਦ ਹੀ ਖਤਰੇ ਵਿਚ ਜਾਪਣ ਲੱਗ ਪਈ। ਉਸਨੇ ਮੁੜਨਾ ਹੀ ਠੀਕ ਜਾਣਿਆ। ਉਸਨੂੰ ਇਹ ਵੀ ਮਹਿਸੂਸ ਹੋਇਆ ਕਿ ਉਤਨੀ ਦੇਰ ਤੱਕ ਘਰ ਛੱਡਣਾ ਠੀਕ ਨਹੀਂ ਤਦ ਤੱਕ ਉਸ ਦੀ ਸ਼ਹਿਸ਼ਾਹੀਅਤ ਪੱਕੀ ਨਹੀਂ। ਉਸ ਦਾ ਇਹ ਯਕੀਨ ਸੀ ਕਿ ਪੰਜਾਬ ਤੇ ਹਮਲਾ ਕਰਨ ਵੇਲੇ ਅਫ਼ਗਾਨਿਸਤਾਨ ਭਰ ਵਿਚ ਉਸ ਦਾ ਸਨਮਾਨ ਵਧੇਗਾ। ਵਿਰੋਧੀ ਤਾਕਤਾਂ ਸਿਰ ਨਹੀਂ ਉਠਾਣਗੀਆਂ ਅਤੇ ਉਸ ਦੇ ਝੰਡੇ ਥੱਲੇ ਲੋਕੀਂ ਇਕੱਠੇ ਹੋ ਜਾਣਗੇ ਪਰ ਇਹਨਾਂ ਤਿੰਨਾਂ ਗੱਲਾਂ ਵਿਚੋਂ ਇਕ ਵੀ ਨਾ ਹੋਈ। ਪਿਸ਼ਾਵਰ ਪੁੱਜ ਕੇ ਉਸ ਨੂੰ ਆਪਣੀ ਫੋਕੀ ਨੀਤੀ ਦੇ ਪ੍ਰਭਾਵਾਂ ਦਾ ਗਿਆਨ ਹੋਇਆ। ਅਗਲੇ ਦੋ ਸਾਲਾਂ ੧੭੯੩ ਅਤੇ ੧੭੯੪ ਵਿਚ ਪੁਰਾਣੇ ਇਲਾਕਿਆਂ ਨੂੰ ਹੀ ਅਧੀਨ ਕਰਨਾ ਮੁਨਾਸਿਬ ਸਮਝਿਆ। ਸਿੰਧ ਦੇ ਅਮੀਰ ਖ਼ਰਾਜ ਦੇਣ ਵਿਚ ਢਿੱਲ ਦਿਖਾ ਰਹੇ ਸਨ। ਉਹਨਾਂ ਕੋਲੋਂ ਖ਼ਿਰਾਜ ਵਸੂਲ ਕੀਤਾ। ਕਸ਼ਮੀਰ ਵੀ ਹੱਥੋਂ ਨਿਕਲ ਰਿਹਾ ਸੀ। ਕਸ਼ਮੀਰ ਵਿਰੁਧ ਚੜ੍ਹਾਈ ਕਰਕੇ ਆਪਣੀ ਤਾਕਤ ਦਾ ਪ੍ਰਗਟਾਵਾ ਕੀਤਾ। ਅਫ਼ਗਾਨਿਸਤਾਨ ਵਿਚ ਉਸਦਾ ਆਪਣਾ ਵੱਡਾ ਭਰਾ ਸਾਜ਼ਿਸ਼ਾਂ ਕਰ ਰਿਹਾ ਸੀ। ਹਮਾਯੂੰ ਨੂੰ ਅਫ਼ਗਾਨਿਸਤਾਨ ਵਿਚੋਂ ਕੱਢਣ ਵਿਚ ਉਹ ਸਫਲ ਹੋ ਗਿਆ। ਆਪਣੇ ਪੈਰ ਪੱਕੇ ਕਰਕੇ ਫਿਰ ਉਸ ਪੰਜਾਬ ਵੱਲ ਮੂੰਹ ਕੀਤਾ।

**ਪੰਜਾਬ ਤੇ ਪਹਿਲਾ ਹਮਲਾ** : ਪੰਜਾਬ ਨੂੰ ਅਫ਼ਗਾਨ ਸਾਮਰਾਜ ਨਾਲ ਮਿਲਾਉਣਾ ਉਹ ਮੁੱਖ ਮੰਤਵ ਸਮਝਦਾ ਸੀ। ਇਸ ਲਈ ਘਰ ਪੱਕਾ ਕਰਕੇ ਉਹ ੩ ਨਵੰਬਰ, ੧੭੯੫ ਨੂੰ ਪੰਜਾਬ ਵੱਲ ਵਧਿਆ । ਅਟਕ ਪਾਰ ਕਰਕੇ ਉਸ ਆਪਣਾ ਪਹਿਲਾ ਪੜਾਅ ਹਸਨ ਅਬਦਾਲ (ਪੰਜਾ ਸਾਹਿਬ) ਕੀਤਾ। ਉਸਦਾ ਪਹਿਲਾ ਨਿਸ਼ਾਨਾ ਰੁਹਤਾਸ ਦਾ ਕਿਲ੍ਹਾ ਸੀ।

ਪੰਜਾਬ ਦੇ ਕਬਜ਼ੇ ਲਈ ਰੁਹਤਾਸ ਇਕ ਕੁੰਜੀ ਸੀ। ਰੁਹਤਾਸ ਦਾ ਕਿਲ੍ਹਾ ਉਸ ਸਮੇਂ ਸ਼ੁਕਰਚਕੀਆ ਮਿਸਲ ਦੇ ਕਬਜ਼ੇ ਵਿਚ ਸੀ। ਸ਼ੁਕਰਚਕੀਆ ਮਿਸਲ ਦੇ ਆਗੂ ਸਰਦਾਰ ਮਹਾਂ ਸਿੰਘ ੧੭੯੨ ਵਿਚ ਚੜ੍ਹਾਈ ਕਰ ਗਏ ਸਨ ਇਸ ਲਈ ਕਿਲ੍ਹਾ ਕਿਸੇ ਯੋਗ ਹੱਥ ਵਿਚ ਨਹੀਂ ਸੀ। ਕਿਲ੍ਹੇ ਤੇ ਕਬਜ਼ਾ ਕਰਨਾ ਆਸਾਨ ਸੀ। ਇਕੋ ਹੀ ਹੱਲੇ ਵਿਚ ਜ਼ਮਾਨ ਖਾਨ ਨੇ ਰੁਹਤਾਸ ਤੇ ਕਬਜ਼ਾ ਕਰ ਲਿਆ ਤੇ ਉਥੋਂ ਹੀ ੭੦੦੦ ਦੇ ਕਰੀਬ ਹੋਰ ਫ਼ੌਜ ਤਿਆਰ ਕਰ ਲਈ। ਨਵੀਂ ਬਣੀ ਫ਼ੌਜ ਦੀ ਅਗਵਾਈ ਉਸ ਅਹਿਮਦ ਸ਼ਾਹਨਚੀ ਅਤੇ ਬਹਾਦਰ ਖਾਨ ਮੁਹੰਮਦ ਜ਼ਈ ਨੂੰ ਸੌਂਪੀਂ ਤੇ ਉਹਨਾਂ ਨੂੰ ਜਿਹਲਮ ਤੇ ਚਨਾਬ ਦੇ ਇਲਾਕਿਆਂ ਤੇ ਕਬਜ਼ਾ ਕਰਨ ਲਈ ਭੇਜਿਆ। ਚਨਾਬ ਤੇ ਜਿਹਲਮ ਵਿਚਕਾਰ ਇਲਾਕੇ ਭੰਗੀ ਤੇ ਸ਼ੁਕਰਚਕੀਆ ਮਿਸਲ ਕੋਲ ਸਨ।

**ਸਿੱਖਾਂ ਨਾਲ ਸਿੱਧੀ ਟੱਕਰ** : ਅਹਿਮਦ ਖ਼ਾਨ ਤੇ ਬਹਾਦਰ ਖ਼ਾਨ ਦੀਆਂ ਫ਼ੌਜਾਂ ਨੇ ਜਿਹਲਮ ਪਾਰ ਕਰ ਲਿਆ। ਅਜੇ ਸਿੱਖਾਂ ਦੇ ਇਲਾਕੇ ਪੈਰ ਪਾਇਆ ਹੀ ਸੀ ਕਿ ਸਿੱਖਾਂ ਨਾਲ ਸਿੱਧੀ ਟੱਕਰ ਹੋ ਗਈ। ਸਿੱਖ ਬਹੁਤੀ ਦੇਰ ਤਕ ਅਵੇਸਲੇ ਨਹੀਂ ਸਨ ਰਹਿ ਸਕਦੇ। ਟਾਕਰੇ ਵੇਲੇ ਸਿੱਖਾਂ ਆਪਣਾ ਪੁਰਾਣਾ ਤਰੀਕਾ ਹੀ ਅਪਣਾਇਆ। ਸਿੱਖ ਟਾਕਰੇ ਲਈ ਅੱਗੇ ਵਧੇ, ਫਿਰ ਪਿੱਛੇ ਹੱਟ ਗਏ। ਫ਼ੌਜਾਂ ਨੇ ਪਿੱਛਾ ਕੀਤਾ ਤੇ ਸਿੱਖਾਂ ਨੇ ਇਕ ਦਮ ਰੁਕ ਕੇ ਹਮਲਾ ਕਰ ਦਿਤਾ। ਇਸ ਅਚਾਨਕ ਹਮਲੇ ਨੂੰ ਫ਼ੌਜਾਂ ਸਹਾਰ ਨਾ ਸਕੀਆਂ। ਅਹਿਮਦ ਖ਼ਾਨ ਦੌਲਾ ਪਿੰਡ ਵਿਖੇ ਦਿਲੋਂ ਜਾਨ ਨਾਲ ਲੜ ਰਿਹਾ ਸੀ, ਪਰ ਉਸ ਛੇਤੀ ਹੀ ਮਹਿਸੂਸ ਕਰ ਲਿਆ ਕਿ ਫ਼ੌਜਾਂ ਬੇ-ਦਿਲ ਲੜ ਰਿਹਾ ਸਨ ਅਤੇ ਦੁਰਾਨੀ ਤੇ ਹਿੰਦੁਸਤਾਨੀ ਫ਼ੌਜਾਂ ਵਿਚ ਮੇਲ ਵੀ ਨਹੀਂ ਹੈ। ਅਹਿਮਦ ਖ਼ਾਨ ਨੇ ਅਜਾਈਂ ਜਾਨਾਂ ਗੁਆਣ ਨਾਲੋਂ ਭੱਜ ਉਠਣਾ ਹੀ ਠੀਕ ਸਮਝਿਆ। ਫ਼ੌਜਾਂ ਜਿਹਲਮ ਵੱਲ ਭੱਜ ਉਠੀਆਂ ਤੇ ਰੁਹਤਾਸ ਜਾ ਕੇ ਸਾਹ ਲਿਆ। ਜਿਹਲਮ ਦਰਿਆ ਤੱਕ ਸਿੱਖ ਪਿੱਛਾ ਕਰਦੇ ਰਹੇ।

**ਜ਼ਮਾਨ ਸ਼ਾਹ ਦੀ ਵਾਪਸੀ** : ਉਧਰ ਦੌਲਾ ਦੇ ਅਸਥਾਨ ਤੇ ਫੌਜਾਂ ਸਿੱਖਾਂ ਨਾਲ ਟਾਕਰਾ ਕਰ ਰਹੀਆਂ ਸਨ ਕਿ ਜ਼ਮਾਨ ਖਾਨ ਨੂੰ ਖ਼ਬਰ ਪੁੱਜੀ ਕਿ ਹਮਾਯੂੰ ਅਫ਼ਗਾਨਿਸਤਾਨ ਤੋਂ ਨੱਸ ਕੇ ਕਸਬਾ ਲਹਿ ਵਿਚ ਪਨਾਹ ਲੈ ਰਿਹਾ ਹੈ, ਲਹਿ ਦੇ ਮੁਹੰਮਦ ਖ਼ਾਨ ਸਦਜ਼ਈ ਨੇ ਹਮਾਯੂੰ ਨੂੰ ਗ੍ਰਿਫ਼ਤਾਰ ਕੀਤਾ ਹੋਇਆ ਹੈ। ਸ਼ਾਹ ਜ਼ਮਾਨ ਨੇ ਮੁਹੰਮਦ ਖ਼ਾਨ ਨੂੰ ਹਮਾਯੂੰ ਦੀਆਂ ਅੱਖਾਂ ਕੱਢਣ ਦਾ ਹੁਕਮ ਭੇਜਿਆ ਤੇ ਨਾਲ ਹੀ ਇਹ ਕਹਿਲਾਇਆ ਕਿ ਉਸ ਨੂੰ ਕਾਬਲ ਪਹੁੰਚਾ ਦਿਤਾ ਜਾਏ। ਹਮਾਯੂੰ ਦੇ ਕਾਬਲ ਪੁੱਜਣ ਨਾਲ ਹੀ ਲੋਕਾਂ ਵਿਚ ਗੁੱਸਾ ਭੜਕ ਉਠਿਆ। ਸ਼ਾਹ ਜ਼ਮਾਨ ਦੇ ਮਤਰਏ ਭਰਾ ਸੁਲਤਾਨ ਮਹਿਮੂਦ ਨੇ ਬਗਾਵਤ ਕਰ ਦਿਤੀ ਤੇ ਹਮਾਯੂੰ ਦਾ ਬਦਲਾ ਲੈਣ ਦਾ ਪ੍ਰਣ ਕੀਤਾ। ਸ਼ਾਹ ਜ਼ਮਾਨ ਨੂੰ ਇਹ ਵੀ ਖ਼ਬਰਾਂ ਪੁੱਜ ਗਈਆਂ ਕਿ ਹਰਾਤ ਦੇ ਲੋਕਾਂ ਨੇ ਸੁਲਤਾਨ ਮਹਿਮੂਦ ਦੀ ਹਿਮਾਇਤ ਵਿਚ ਝੰਡੇ ਵੀ ਉਠਾ ਲਏ ਹਨ। ਦੂਰਦਸ਼ਾ ਦੀ ਸੂਅ ਪਾਇਆਂ ਹੀ ਉਸਨੇ ਵਾਪਸ ਕਾਬਲ ਮੁੜਨਾ ਉਚਿਤ ਸਮਝਿਆ। ਅਹਿਮਦ ਖ਼ਾਨ ਦੀ ਖ਼ਬਰ ਸੂਰਤ ਲਏ ਬਗ਼ੈਰ ਹੀ ਉਹ ਕਾਬਲ ਚਲਾ ਗਿਆ। ਅਹਿਮਦ ਖ਼ਾਨ ਦੀ ਹਾਰ ਦੀ ਖ਼ਬਰ ਉਸ ਨੂੰ ਕਾਬਲ ਹੀ ਪੁੱਜੀ।

**ਦੂਜਾ ਹਮਲਾ** : ਸ਼ਾਹ ਜ਼ਮਾਨ ਦੇ ਪੁੱਜਦੇ ਤੱਕ ਸੁਲਤਾਨ ਮਹਿਮੂਦ ਨੇ ਚੰਗੇ ਪੈਰ ਪਸਾਰ ਲਏ ਸਨ ਤੇ ਲੋਕਾਂ ਵਿਚ ਜ਼ਮਾਨ ਸ਼ਾਹ ਲਈ ਨਫ਼ਰਤ ਭਰੀ ਜਾ ਚੁੱਕੀ ਸੀ। ਸੁਲਤਾਨ ਮਹਿਮੂਦ ਦੀ ਤਾਕਤ ਨੂੰ ਦਬਾਉਂਦਿਆਂ ਜ਼ਮਾਨ ਸ਼ਾਹ ਦੀ ਆਸ ਨਾਲੋਂ ਵੱਧ ਸਮਾਂ ਲੱਗ ਗਿਆ।

Sri Satguru Jagjit Singh Ji eLibrary NamdhariElibrary@gmail.com

ਇਸੇ ਦੌਰਾਨ (੧੭੯੬ ਮਈ) ਦਿੱਲੀ ਦੇ ਮੁਗ਼ਲ ਬਾਦਸ਼ਾਹ ਸ਼ਾਹ ਆਲਮ ਦਾ ਇਕ ਪੱਤਰ ਲੈ ਕੇ ਮਿਰਜ਼ਾ ਗ਼ੁਲਾਮ ਮੁਹੰਮਦ ਕਾਬਲ ਜਾ ਪੁੱਜਾ। ਜ਼ਮਾਨ ਸ਼ਾਹ ਕੋਲੋਂ ਉਸ ਮਦਦ ਮੰਗੀ ਕਿ ਉਹ ਫ਼ੌਜਾਂ ਲੈ ਕੇ ਦਿਲੀ ਪੁੱਜੇ । ਜ਼ਮਾਨ ਸ਼ਾਹ ਆਪੂੰ ਨਿੱਜੀ ਝਗੜਿਆਂ ਵਿਚ ਰੁਝਾ ਹੋਇਆ ਸੀ। ਸੁਲਤਾਨ ਮਹਿਮੂਦ ਨੇ ਇਸ ਦਾ ਸਾਰਾ ਧਿਆਨ ਖਿਚਿਆ ਹੋਇਆ ਸੀ । ਉਸ ਉੱਤਰ ਵਜੋਂ ਲਿਖ ਭੇਜਿਆ ਕਿ ਗਰਮੀ ਕਾਰਨ ਦੁਰਾਨੀ ਫ਼ੌਜਾਂ ਪੰਜਾਬ ਪਾਰ ਨਹੀਂ ਕਰ ਸਕਦੀਆਂ। ਇਹ ਗਰਮੀਆਂ ਤਾਂ ਇਕ ਬਹਾਨਾ ਹੀ ਸੀ। ਉਹ ਕਾਬਲ ਨੂੰ ਦੁਸ਼ਮਣਾਂ ਦੇ ਹੱਥ ਛੱਡ ਕੇ ਨਹੀਂ ਸੀ ਜਾਣਾ ਚਾਹੁੰਦਾ। ਜ਼ਮਾਨ ਨੇ ਦੂਤ ਨੂੰ ਇਤਨਾ ਯਕੀਨ ਦਿਵਾਇਆ ਕਿ ੧੭੯੬ ਦੇ ਅੰਤ ਵਿਚ ਉਹ ਪੰਜਾਬ ਵੱਲ ਆਏਗਾ ਤੇ ਦਿੱਲੀ ਪੁਜ ਕੇ ਮਦਦ ਕਰੇਗਾ। ਸੁਲਤਾਨ ਨੇ ਵੀ ਆਪਣੀ ਥਾਂ ਮਹਿਸੂਸ ਕਰ ਲਿਆ ਸੀ ਕਿ ਹੋਰ ਜੰਗ ਕਰਨੀ ਵਿਅਰਥ ਹੈ, ਸੋ ਉਸ ਈਨ ਮੰਨ ਲਈ। ਸੁਲਤਾਨ ਮਹਿਮੂਦ ਦੇ ਈਨ ਮੰਨਣ ਸਾਰ ਹੀ ਜ਼ਮਾਨ ਨੇ ਹਿੰਦੁਸਤਾਨ ਤੇ ਹਮਲਾ ਕਰ ਦਿਤਾ।

ਜ਼ਮਾਨ ਸ਼ਾਹ ਇਸ ਵਾਰੀ ਆਪ ਅਗਵਾਈ ਕਰਕੇ ਪੰਜਾਬ ਨੂੰ ਅਧੀਨ ਕਰਨਾ ਚਾਹੁੰਦਾ ਸੀ। ਪਿਸ਼ਾਵਰ ਪਹੁੰਚ ਕੇ ਉਸ ਨੇ ਇਕ ਵੱਖਰੀ ਫ਼ੌਜ ਤਿਆਰ ਕੀਤੀ ਜੋ ਅੱਗੇ ਵੱਧ ਕੇ ਟਾਕਰਾ ਕਰੇਗੀ ਤੇ ਜ਼ਮਾਨ ਸ਼ਾਹ ਲੋੜ ਵੇਲੇ ਮਦਦ ਪਹੁੰਚਾਂਦਾ ਰਹੇਗਾ। ਇਹ ਖ਼ਿਆਲ ਕੀਤਾ ਜਾਂਦਾ ਹੈ ਕਿ ੨੦,੦੦੦ ਦੇ ਕਰੀਬ ਫ਼ੌਜ ਉਸ ਤਿਆਰ ਕਰ ਲਈ। ਅਗਲੇ ਦਸਤੇ ਲਈ ਹਾਫ਼ਜ਼ ਸ਼ੇਰ ਮੁਹੰਮਦ ਖ਼ਾਨ ਨੂੰ ਸਿਪਾਹ-ਸਾਲਾਰ ਨੀਅਤ ਕਰ ਦਿਤਾ। ਫ਼ੌਜਾਂ ਛੇਤੀ ਛੇਤੀ ਲਾਹੌਰ ਵੱਲ ਵੱਧ ਰਹੀਆਂ ਸਨ। ਪਹਿਲਾ ਪੜਾਅ ਉਸਨੇ ਪੰਜਾ ਸਾਹਿਬ ਕੀਤਾ। ਫਿਰ ਰਾਵਲਪਿੰਡੀ ਟਿਕ ਕੇ ਰੁਹਤਾਸ ਉਤੇ ਕਬਜ਼ਾ ਕੀਤਾ। ਰੁਹਤਾਸ ਤੋਂ ਗੁਜਰਾਤ, ਫਿਰ ਸ਼ਾਹ ਦਉਲਾ, ਗੁਜਰਾਂਵਾਲਾ ਅਤੇ ਐਮਨਾਬਾਦ ਕਬਜ਼ਾ ਕਰਕੇ ਜ਼ਮਾਨ ਸ਼ਾਹ ਲਾਹੌਰ ਪੁੱਜਾ। ਸਿੱਖਾਂ ਨੇ ਥਾਂ ਥਾਂ ਟਾਕਰੇ ਕੀਤੇ, ਪਰ ਜ਼ਮਾਨ ਸ਼ਾਹ ਸਿਧੇ ਟਾਕਰੇ ਵਿਚ ਵਧੀ ਹੀ ਜਾ ਰਿਹਾ ਸੀ। ਸਿੱਖਾਂ ਨੇ ਲਾਹੌਰ ਛੱਡ ਦੇਣਾ ਹੀ ਮੁਨਾਸਿਬ ਸਮਝਿਆ ਤੇ ਅੰਮ੍ਰਿਤਸਰ ਨੂੰ ਮਜ਼ਬੂਤ ਪਨਾਹ ਬਣਾ ਕੇ ਲੜਨ ਦਾ ਮਨ ਬਣਾਇਆ। ਕੁਝ ਜਥੇ ਜਲੰਧਰ ਦੁਆਬ ਵੱਲ ਚੱਲ ਪਏ।

**ਜ਼ਮਾਨ ਸ਼ਾਹ ਲਾਹੌਰ ਵਿਚ :** ਜ਼ਮਾਨ ਸ਼ਾਹ ਨੇ ਲਾਹੌਰ ਪੁੱਜ ਕੇ ਆਪਣਾ ਸੁਪਨਾ ਸਾਕਾਰ ਹੁੰਦਾ ਦੇਖਿਆ। ਅਹਿਮਦਸ਼ਾਹ ਅਬਦਾਲੀ ਦੀ ਨੀਤੀ ਦੇ ਉਲਟ ਉਸ ਆਪ ਟਿਕਣ ਦਾ ਮਨ ਬਣਾਇਆ। ਲਾਹੌਰ ਦੀ ਸੁਰੱਖਿਅਤਾ ਵੱਲ ਖਾਸ ਧਿਆਨ ਦਿਤਾ ਤਾਂਕਿ ਫਿਰ ਸਿੱਖ ਕਾਬਜ਼ ਨਾ ਹੋ ਜਾਣ। ਕਿਲ੍ਹੇ ਨੂੰ ਮਜ਼ਬੂਤ ਬਣਾਉਣ ਲਈ ਉਸ ਖਾਸ ਵਿਉਂਤਾਂ ਸੋਚੀਆਂ। ਫ਼ੌਜਾਂ ਨੂੰ ਕਿਲ੍ਹੇ ਦੀਆਂ ਦੀਵਾਰਾਂ ਬਣਾਉਣ ਲਈ ਲਗਾਇਆ। ਟਾਕਰੇ ਲਈ ਨਵੀਆਂ ਬੰਦੂਕਾਂ ਤੇ ਤੋਪਖਾਨੇ ਤਿਆਰ ਕੀਤੇ। ਲਾਹੌਰ ਨੂੰ ਛਾਉਣੀ ਬਣਾ ਕੇ ਮਜ਼ਬੂਤ ਕੀਤਾ। ਇਰਦ-ਗਿਰਦ ਦੀਆਂ ਕਾਬਜ਼ ਰਿਆਸਤਾਂ ਨੂੰ ਸਿਪਾਹੀ, ਘੋੜੇ, ਰਸਦ ਸਾਮਾਨ ਭੇਜਣ ਲਈ ਆਖਿਆ। ਮੁਲਤਾਨ ਦੇ ਸੂਬੇਦਾਰ ਨੂੰ ੧੦੦ ਘੋੜ-ਸਾਵਾਰ, ੧੦੦੦ ਊਂਠ ਤੇ ਖ਼ਜ਼ਾਨਾ ਭੇਜਣ ਲਈ ਲਿਖਿਆ। ਬਹਾਵਲ ਪੁਰ ਦੇ ਦਾਊਦ ਦੇ ਪੋਤਰੇ ਤੇ ਸਿੰਧ ਦੇ ਅਮੀਰਾਂ ਨੂੰ ਵੀ ਫ਼ੌਜਾਂ ਲੈ ਕੇ ਲਾਹੌਰ ਪੁੱਜਣ ਲਈ ਕਿਹਾ ਗਿਆ।

ਜ਼ਮਾਨ ਸ਼ਾਹ ਨੇ ਆਪਣੇ ਕਬਜ਼ੇ ਦੀ ਖੁਸ਼ੀ ਵਿਚ ਸ਼ਹਿਰ ਵਿਖੇ ਦੀਪ ਮਾਲਾ ਕਰਨ ਦਾ ਹੁਕਮ ਵੀ ਦਿਤਾ ਤਾਂ ਕਿ ਲਾਹੌਰ ਦੇ ਵਸਨੀਕਾਂ ਨੂੰ ਇਹ ਗਿਆਤ ਕਰਾਇਆ ਜਾਏ ਕਿ ਜ਼ਮਾਨ ਸ਼ਾਹ ਹੁਣ ਲਾਹੌਰ ਛੱਡ ਕੇ ਨਹੀਂ ਜਾਇਗਾ। ਲਾਹੌਰ ਦੇ ਵਸਨੀਕਾਂ ਨੇ ਇਕ

ਲੱਖ ਰੁਪਿਆ ਇਕੱਠਾ ਕਰ ਨਜ਼ਰਾਨੇ ਜੋ ਭੇਟ ਕੀਤਾ। ਮੁਸਲਮਾਨ ਜ਼ਿਮੀਂਦਾਰਾਂ ਨੇ ਜ਼ਮਾਨ ਸ਼ਾਹ ਦੀ ਹੋਂਦ ਨੂੰ ਆਪਣਾ ਰਾਜ ਸਮਝਿਆ। ਕਸੂਰ ਦੇ ਸਰਦਾਰ ਨਜ਼ਾਮਦੀਨ ਖ਼ਾਨ ਅਤੇ ਜਲਾਲ ਭੱਟੀ ਨੇ ਆਪ ਆ ਕੇ ਹਾਜ਼ਰੀ ਭਰੀ ਅਤੇ ਹਰ ਕਿਸਮ ਦੀ ਮਦਦ ਦਾ ਯਕੀਨ ਦਿਲਵਾਇਆ। ਜ਼ਮਾਨ ਨੇ ਸਿੱਖ ਸਰਦਾਰਾਂ ਨੂੰ ਹਥਿਆਰ ਸੁੱਟਣ ਲਈ ਆਖਿਆ। ਜ਼ਮਾਨ ਦਾ ਚਿਤ ਸੀ ਕਿ ਲਾਹੌਰ ਪੈਰ ਜਮਾ ਕੇ ਦਿੱਲੀ ਵੱਲ ਹਮਲਾ ਕਰੇ।

ਸਿੱਖਾਂ ਨੇ ਜ਼ਮਾਨ ਦੇ ਹੁੰਦਿਆਂ ਆਪਣੀ ਤਾਕਤ ਨਾ ਟੁੱਟਣ ਦਿਤੀ—ਜ਼ਮਾਨ ਸ਼ਾਹ ਦੇ ਲਾਹੌਰ ਪੁਜਣ ਤੱਕ ਸਿੱਖ ਉਸ ਨੂੰ ਰੋਕਾਂ ਪਾਉਂਦੇ ਰਹੇ। ਟਾਕਰੇ ਵੀ ਕੀਤੇ ਪਰ ਜ਼ਮਾਨ ਅੱਗੇ ਹੀ ਅੱਗੇ ਵੱਧਦਾ ਜਾ ਰਿਹਾ ਸੀ। ਸਿੱਖ ਵੀ ਕਈ ਵਾਰੀ ਜਾਣ ਬੁਝ ਕੇ ਰਸਤਾ ਦੇ ਦਿੰਦੇ ਸਨ। ਜ਼ਮਾਨ ਸਿੱਖਾਂ ਦੀ ਲੜਨ ਨੀਤੀ ਤੋਂ ਅਣਜਾਣ ਸੀ, ਉਹ ਇਹ ਖ਼ਿਆਲ ਕਰੀ ਬੈਠਾ ਸੀ ਕਿ ਜਿਹਲਮ, ਚਨਾਬ ਤੇ ਰਾਵੀ ਵਿਚਕਾਰ ਉਹਨਾਂ ਦੀ ਤਾਕਤ ਖ਼ਤਮ ਕਰ ਦਿਤੀ ਗਈ ਹੈ। ਜ਼ਮਾਨ ਸ਼ਾਹ ਨੇ ਲਾਹੌਰ ਪੁੱਜ ਕੇ ਇਹਨਾਂ ਇਲਾਕਿਆਂ ਵਿਚ ਵੱਖ-ਵੱਖ ਦਸਤੇ ਵੀ ਭੇਜੇ। ਪਰ ਸਿੱਖਾਂ ਨੇ ਤਾਕਤ ਇਕੱਠੀ ਕਰਕੇ ਰਾਮਨਗਰ ਤੇ ਗੁਜਰਾਤ ਤੇ ਕਬਜ਼ਾ ਕਰ ਲਿਆ। ਜ਼ਮਾਨ ਸ਼ਾਹ ਨੇ ਟਾਕਰੇ ਲਈ ਗਸ਼ਤੀ ਫ਼ੌਜਾਂ ਭੇਜੀਆਂ, ਪਰ ਸਿੱਖਾਂ ਦੀ ਤਾਕਤ ਅੱਗੇ ਉਹ ਟਿੱਕ ਨਾ ਸਕੀਆਂ। ਜ਼ਮਾਨ ਨੇ ਜਦ ਟਾਕਰੇ ਵਾਲਾ ਹਥਿਆਰ ਫੇਲ੍ਹ ਹੁੰਦਾ ਦੇਖਿਆ ਤਾਂ ਨਰਮ ਨੀਤੀ ਦਾ ਸਹਾਰਾ ਲਿਆ। ਕਈ ਸਿੱਖਾਂ ਨੂੰ ਨਜ਼ਰਾਨੇ ਤੇ ਸਨਦਾਂ ਭੇਜੀਆਂ। ਸਿੱਖ ਖੁਲਮ-ਖੁੱਲ੍ਹਾ ਫਿਰ ਰਹੇ ਸਨ। ਕਈ ਸਰਦਾਰਾਂ ਨੂੰ ਆਪਣੇ ਵੱਲ ਕਰਨ ਦਾ ਯਤਨ ਵੀ ਉਸ ਕੀਤਾ ਪਰ ਜ਼ਮਾਨ ਆਪਣੇ ਇਸ ਮੰਤਵ ਵਿਚ ਕਾਮਯਾਬ ਨਾ ਹੋਇਆ। ''ਪਾੜੋ ਤੇ ਰਾਜ ਕਰੋ'' ਦੀ ਨੀਤੀ ਵੀ ਸਫ਼ਲ ਨਾ ਹੋਈ।

ਸਿੱਖ ਸਗੋਂ ਲਾਹੌਰ ਛੱਡ ਕੇ ਅੰਮ੍ਰਿਤਸਰ ਹੀ ਇਕੱਠੇ ਹੋਣ ਲੱਗੇ। ਅੰਮ੍ਰਿਤਸਰ ਵਿਚ ਫ਼ੌਜ ਦੀ ਗਿਣਤੀ ਵੱਧ ਗਈ। ੭੦੦੦ ਦੇ ਕਰੀਬ ਘੋੜ-ਸਵਾਰ ਤੇ ੧੦੦੦ ਅਕਾਲੀ ਸਦਾ ਮਰਨ ਮਾਰਨ ਲਈ ਤਤਪਰ ਸਨ। ਸਿੱਖਾਂ ਦਾ ਖ਼ਿਆਲ ਸੀ ਕਿ ਜ਼ਮਾਨ ਜੋ ਅਬਦਾਲੀ ਦੀ ਨੀਤੀ ਨੂੰ ਇਨਬਿਨ ਅਪਣਾ ਰਿਹਾ ਹੈ ਉਹ ਅੰਮ੍ਰਿਤਸਰ ਤੇ ਹਮਲਾ ਜ਼ਰੂਰ ਕਰੇਗਾ, ਪਰ ਉਸ ਨੇ ਲਾਹੌਰ ਵਿਖੇ ਰਹਿੰਦਿਆਂ ਨੀਤੀ ਨੂੰ ਨਵਾਂ ਰੰਗ ਦੇ ਦਿਤਾ। ਅੰਮ੍ਰਿਤਸਰ ਤੇ ਹਮਲਾ ਕਰ ਕੇ ਉਹ ਸਿੱਖਾਂ ਦੇ ਧਾਰਮਕ ਜਜ਼ਬਾਤ ਭੜਕਾਉਣ ਦੇ ਹੱਕ ਵਿਚ ਨਹੀਂ ਸੀ। ਉਹ ਤਾਂ ਪੰਜਾਬ ਵਿਚ ਰਾਜਨੀਤਕ ਕਬਜ਼ੇ ਲਈ ਆਇਆ ਸੀ। ਉਹ ਸਿੱਖਾਂ ਤੇ ਅਤਿਆਚਾਰ ਕਰਨ ਦੇ ਵੀ ਵਿਰੁਧ ਸੀ। ਲਾਹੌਰ ਪੁੱਜਦੇ ਸਾਰ ਹੀ ਉਸ ਨੇ ਅੰਮ੍ਰਿਤਸਰ ਤੇ ਫ਼ੌਜੀ ਟੁਕੜੀ ਭੇਜ ਕੇ ਦੇਖ ਵੀ ਲਿਆ ਸੀ ਕਿ ਸਿੱਖਾਂ ਨੇ ਟਾਕਰਾ ਕਰਕੇ ਫ਼ੌਜਾਂ ਨੂੰ ਭਾਜੜ ਪਾ ਦਿਤੀ ਸੀ।

**ਜ਼ਮਾਨ ਦਾ ਵਾਪਸ ਮੁੜਨਾ** : ਜ਼ਮਾਨ ਸ਼ਾਹ ਨੇ ਦਿੱਲੀ ਤੇ ਹਮਲਾ ਕਰਨ ਦੀਆਂ ਤਿਆਰੀਆਂ ਮੁਕੰਮਲ ਕਰ ਲਈਆਂ। ਉਸ ਦਾ ਖ਼ਿਆਲ ਸੀ ਕਿ ਮਰਹੱਟਿਆਂ ਨੂੰ ਸ਼ਾਹਜਹਾਨਾਬਾਦ ਪੁਰ ਹਾਰ ਦਿਤੀ ਜਾ ਸਕਦੀ ਹੈ। ਇਸ ਮੰਤਵ ਲਈ ਉਹ ਸ਼ਾਹਜ਼ਹਾਨਾਬਾਦ ਵਿਚ ਵਾਪਰ ਰਹੇ ਹਾਲਾਤ ਦੀ ਪੂਰੀ ਖ਼ਬਰ ਰੱਖ ਰਿਹਾ ਸੀ। ਅੰਗਰੇਜ਼ਾਂ ਨੂੰ ਵੀ ਖ਼ਬਰਾਂ ਪੁਜ ਗਈਆਂ ਸਨ ਕਿ ਜ਼ਮਾਨ ਸ਼ਾਹ ਦਿਲੀ ਵੱਲ ਵੱਧ ਰਿਹਾ ਹੈ। ਪਰ ਇਹ ਸਾਰੀਆਂ ਸਕੀਮਾਂ, ਵਿਉਂਤਾਂ ਵਿਅਰਥ ਹੋ ਗਈਆਂ, ਜਦ ਕਾਬਲ ਤੋਂ ਇਸ ਪ੍ਰਕਾਰ ਦੀ ਖ਼ਬਰ ਪੁਜੀ ਕਿ ਸੁਲਤਾਨ ਮਹਿਮੂਦ ਨੇ ਫਿਰ ਬਗ਼ਾਵਤ ਕਰ ਦਿਤੀ ਹੈ ਅਤੇ ੨੦,੦੦੦ ਦੇ ਕਰੀਬ ਵਲੰਟੀਅਰ ਵੀ ਭਰਤੀ ਕਰ ਲਏ ਹਨ ਤੇ ਉਸ ਵਿਚ ਬਹੁਤੇ ਖੁਰਾਸਾਨੀ ਤੇ ਈਰਾਨੀ ਹਨ। ਸੁਲਤਾਨ ਮਹਿਮੂਦ

Sri Satguru Jagjit Singh Ji eLibrary NamdhariElibrary@gmail.com

ਦੇ ਕੰਧਾਰ ਤੇ ਹਮਲਾ ਕਰਨ ਦੀ ਵੀ ਖ਼ਬਰ ਪੁੱਜ ਗਈ। ਜ਼ਮਾਨ ਸਾਰੇ ਕੰਮ ਛੱਡ ਕੇ ਕਾਬਲ ਵੱਲ ਚਲਾ ਗਿਆ। ਜੇ ਥੋੜ੍ਹੀ ਜਿਹੀ ਹੋਰ ਦੇਰੀ ਹੋ ਜਾਂਦੀ ਤਾਂ ਕੰਧਾਰ ਹੱਥੋਂ ਖੁੱਸ ਜਾਣਾ ਸੀ।

ਕਾਬਲ ਮੁੜਦੇ ਵੇਲੇ ਉਹ ਸਿੱਖਾਂ ਨੂੰ ਕਾਬੂ ਕਰਨ ਲਈ ਹਫੀਜ਼ ਸ਼ੇਰ ਮੁਹੰਮਦ ਖਾਨ ਨੂੰ ਕਮਾਨ ਸੰਭਾਲ ਗਿਆ। ਸ਼ੇਖੂਪੁਰਾ ਤੇ ਕਬਜ਼ਾ ਕਰਨਾ ਮੁਹੰਮਦ ਖ਼ਾਨ ਦਾ ਮੁੱਖ ਨਿਸ਼ਾਨਾ ਸੀ। ਸ਼ੇਖੂਪੁਰਾ ਨੂੰ ਵੀ ਘੇਰ ਲਿਆ ਗਿਆ ਪਰ ਜ਼ਮਾਨ ਦੀ ਫ਼ੌਜ ਵਿਚ ਬੇਦਿਲੀ ਤੇ ਘਬਰਾਹਟ ਪੈਦਾ ਹੋ ਰਹੀ ਸੀ। ਫ਼ੌਜਾਂ ਦਿਲ ਲਗਾ ਕੇ ਲੜ ਹੀ ਨਹੀਂ ਸਨ ਸਕਦੀਆਂ। ਸੋ ਮੁਹੰਮਦ ਖਾਨ ਨੇ ਘੇਰਾ ਉਠਾਉਣਾ ਹੀ ਠੀਕ ਸਮਝਿਆ ਤੇ ਰੁਹਤਾਸ ਵੱਲ ਮੂੰਹ ਕੀਤਾ। ਸਿੱਖ ਇਕੋ ਸਾਹ ਵਿਚ ਹੀ ਪੰਜਾਬ ਤੇ ਛਾ ਗਏ।

**ਸ਼ਾਹ ਜ਼ਮਾਨ ਦੇ ਜਾਣ ਪਿਛੋਂ :** ਸ਼ਾਹ ਜ਼ਮਾਨ ਦੇ ਪੰਜਾਬ ਤੋਂ ਜਾਣ ਦੀ ਦੇਰ ਹੀ ਸੀ ਕਿ ਸਿੱਖਾਂ ਨੇ ਸਾਰੇ ਪੰਜਾਬ ਤੇ ਫੇਰ ਤੋਂ ਕਬਜ਼ਾ ਜਮਾ ਲਿਆ। ਜ਼ਮਾਨ ਦਾ ਹੱਲਾ ਵਾਊ-ਵਰੋਲੇ ਵਾਂਗ ਹੀ ਸੀ। ਜਿਵੇਂ ਸੂਰਜ ਨੂੰ ਕੁਝ ਚਿਰ ਗ੍ਰਹਿਣ ਲੱਗ ਜਾਏ ਜਾਂ ਸੂਰਜ ਅੱਗੇ ਕੁਝ ਚਿਰ ਲਈ ਬਦਲੀ ਆ ਜਾਏ। ਉਂਜ ਜ਼ਮਾਨ ਪੱਛਮੀ ਪੰਜਾਬ ਦਾ ਅਹਿਮਦ ਖ਼ਾਨ ਸ਼ਾਹਨਚੀ ਨੂੰ ਗਵਰਨਰ ਨੀਅਤ ਕਰ ਗਿਆ ਸੀ ਤੇ ਜਲੰਧਰ ਦੁਆਬ ਦੀ ਗਵਰਨਰੀ ਹਸਦ ਖਾਨ ਕਜ਼ਲਬਾਸ਼ ਨੂੰ ਸੌਂਪ ਗਿਆ ਸੀ। ਪਰ ਜਦ ਅਹਿਮਦ ਖਾਨ ਸ਼ਾਹਨਚੀ ਨੇ ਸਿੱਖਾਂ ਨਾਲ ਟੱਕਰ ਲਈ ਤਾਂ ਉਹ ਇਕ ਛੋਟੇ ਜਿਹੇ ਟਾਕਰੇ ਵਿਚ ਹੀ ਮਾਰਿਆ ਗਿਆ। ਉਹ ਜ਼ਮਾਨ ਉਤੇ ਕਰੜੀ ਸੱਟ ਸੀ। ਉਸ ਦਾ ਬਹੁਤਾ ਨਿਰਭਰ ਅਹਿਮਦ ਖਾਨ ਉਤੇ ਹੀ ਸੀ। ਰਾਮਨਗਰ ਵਿਚ ਚੰਗੀ ਕੱਟਾ-ਵੱਢੀ ਹੋਈ। ਉਸ ਸਮੇਂ ਰਾਮਨਗਰ ਵਿਚ ਪਟਿਆਲੇ ਦੇ ਸਾਹਿਬ ਸਿੰਘ ਦੀ ਭੈਣ ਸਾਹਿਬ ਕੌਰ ਵੀ ਸੀ। ਉਸਨੇ ਪਟਿਆਲਾ ਨੂੰ ਚਿੱਠੀ ਲਿਖੀ—''ਸਿੱਖਾਂ ਨੇ ਅਹਿਮਦ ਖਾਨ ਸ਼ਾਹਨਚੀ ਦਾ ਸਿਰ ਵੱਢ ਲਿਆ ਹੈ ਤੇ ੨੦੦੦ ਦੁਰਾਨੀ ਥਾਂ ਤੇ ਹੀ ਮਾਰੇ ਗਏ ਹਨ। ਬਾਕੀਆਂ ਨੂੰ ਭੱਜਦਿਆਂ ਵਾਰ ਵੀ ਨਹੀਂ ਮਿਲ ਰਹੀ। ਸਿੱਖ ਵੀ ਉਹਨਾਂ ਦਾ ਪਿੱਛਾ ਕਰ ਰਹੇ ਹਨ। ਸਿੱਖ ਜਲਦੀ ਹੀ ਸਾਰਾ ਖੋਹਿਆ ਹੋਇਆ ਇਲਾਕਾ ਵਾਪਸ ਲੈ ਲੈਣਗੇ ਤੇ ਸਾਰਾ ਇਲਾਕਾ ਨਿਸਚੇ ਹੀ ਇਹਨਾਂ ਦਾ ਹੀ ਹੋਵੇਗਾ।'' ਇਹ ਚਿੱਠੀ ਆਉਣ ਵਾਲੇ ਹਾਲਾਤ ਦੀ ਸੂਚਕ ਸੀ ਕਿ ਪੰਜਾਬ ਉਤੇ ਸਿੱਖਾਂ ਤੋਂ ਬਗ਼ੈਰ ਕੋਈ ਤਾਕਤ ਕਾਬਜ਼ ਨਹੀਂ ਹੋ ਸਕਦੀ। ਹਰ ਯਤਨ ਅਸਫ਼ਲ ਹੋਵੇਗਾ ਤੇ ਹਰ ਹੱਲਾ ਨਾਕਾਮਯਾਬ।

**ਜ਼ਮਾਨ ਸ਼ਾਹ ਦਾ ਤੀਜਾ ਹਮਲਾ :** ਕਾਬਲ ਪੁਜਦੇ ਸਾਰ ਹੀ ਉਸ ਨੇ ਕੰਧਾਰ ਦੇ ਹੱਲੇ ਨੂੰ ਰੋਕਿਆ। ਸੁਲਤਾਨ ਮਹਿਮੂਦ ਨੂੰ ਠੱਲ੍ਹ ਪਾਈ ਤੇ ਆਪਣੇ ਯੋਗ ਜਰਨੈਲਾਂ ਦੇ ਹੱਥ ਵਾਗ ਡੋਰ ਸੌਂਪੀ।ਪੰਜਾਬ ਵਲੋਂ ਆ ਰਹੀਆਂ ਖ਼ਬਰਾਂ ਉਸ ਨੂੰ ਰੋਹ ਚੜ੍ਹਾਉਣ ਲਈ ਕਾਫ਼ੀ ਸਨ। ਅਹਿਮਦ ਖ਼ਾਨ ਦੀ ਮੌਤ, ਮੁਹੰਮਦ ਖਾਨ ਦੀ ਹਾਰ ਉਸ ਦੀਆਂ ਅੱਖਾਂ ਦੇ ਸਾਹਮਣੇ ਸੀ। ਪੰਜਾਬ ਨੂੰ ਹਰ ਕੀਮਤ ਤੇ ਆਪਣੇ ਸਾਮਰਾਜ ਦੇ ਨਾਲ ਹੀ ਰਖਣਾ ਚਾਹੁੰਦਾ ਸੀ। ਉਸ ਪੰਜਾਬ ਵੱਲ ਫ਼ਿਰ ਮੂੰਹ ਕੀਤਾ। ਜ਼ਮਾਨ ਗੁੱਸੇ ਸਮੇਂ ਭੁੱਲ ਗਿਆ ਕਿ ਉਸ ਦਾ ਕਾਬਲ ਛੱਡਣਾ ਕਿਸੇ ਵੇਲੇ ਵੀ ਹਾਨੀਕਾਰਕ ਤੇ ਮਾਰੂ ਹੋ ਸਕਦਾ ਹੈ। ਸੁਲਤਾਨ ਮਹਿਮੂਦ ਹਰ ਬਗ਼ਾਵਤ ਦੇ ਬਾਅਦ ਕਮਜ਼ੋਰ ਨਹੀਂ ਹੁੰਦਾ, ਸਗੋਂ ਤਗੜਿਆਂ ਹੋ ਕੇ ਫਿਰ ਤੋਂ ਬਗ਼ਾਵਤ ਕਰਦਾ ਹੈ। ਜ਼ਮਾਨ ਲਈ ਠੀਕ ਨੀਤੀ ਇਹ ਸੀ ਕਿ ਉਹ ਪੰਜਾਬ ਦਾ ਖ਼ਿਆਲ ਛੱਡ ਕੇ ਆਪਣੇ ਰਾਜ ਨੂੰ ਸੁਰਿਖਅਤ ਕਰਦਾ ਪਰ ਜੁਆਨੀ ਦਾ ਜ਼ੋਸ਼ ਤੇ ਚੜ੍ਹਿਆ ਰੋਹ ਉਸ ਨੂੰ ਕਾਬਲ ਨਹੀਂ ਸੀ ਟਿਕਣ ਦਿੰਦਾ। ਅਕਤੂਬਰ ੧੭੯੮ ਨੂੰ ਉਸ ਪੰਜਾਬ ਵੱਲ ਕੂਚ ਕੀਤਾ। ਇਸ

Sri Satguru Jagjit Singh Ji eLibrary NamdhariElibrary@gmail.com

ਹਮਲੇ ਵਿਚ ਉਸ ਨੇ ਅਲੀ ਖ਼ਾਨ ਮੁਹੰਮਦ ਖਾਨ ਰੁਹੇਲੇ ਨੂੰ ਸਾਥੀ ਬਣਾਇਆ। ਰੁਹੇਲਾ ਸਰਦਾਰ ਕਾਬਲ ਪੁੱਜਾ ਸੀ ਤਾਂ ਕਿ ਜ਼ਮਾਨ ਨੂੰ ਮਰਹੱਟਿਆਂ ਦੇ ਟਾਕਰੇ ਲਈ ਵਰਤਿਆ ਜਾਏ। ਰੁਹੇਲੇ ਸਰਦਾਰ ਦੀ ਖ਼ਾਹਿਸ਼ ਸੀ ਕਿ ਸਿੱਖਾਂ ਦੇ ਨਾਲ ਨਜਿੱਠ ਕੇ ਸ਼ਾਹ ਜ਼ਮਾਨ ਉਸ ਦੇ ਨਾਲ ਸ਼ਾਹਜ਼ਹਾਨਾਬਾਦ (ਦਿੱਲੀ) ਮਰਹੱਟਿਆਂ ਨੂੰ ਖ਼ਤਮ ਕਰਨ ਲਈ ਪੁੱਜੇ। ਸ਼ਾਹ ਜ਼ਮਾਨ ਮਾਰੋ ਮਾਰ ਕਰਦਾ, ਸ਼ਹਿਰ ਲਿਤਾੜਦਾ, ਇਨਾਮ ਵੰਡਦਾ, ਕਿਲ੍ਹਿਆਂ ਨੂੰ ਫ਼ੌਜਾਂ ਦੇ ਹਵਾਲੇ ਕਰਦਾ ਲਾਹੌਰ ਪੁੱਜ ਗਿਆ। ਜ਼ਮਾਨ ਲਈ ਇਹ ਹੈਰਾਨੀ ਹੁੰਦੀ ਕਿ ਉਸ ਦੇ ਆਉਂਦੇ ਸਾਰ ਹੀ ਸਿੱਖ ਕਿਥੇ ਲੋਪ ਹੋ ਜਾਂਦੇ ਸਨ। ਖ਼ੁਸ਼ਾਮਦੀਆਂ ਨੇ ਜ਼ਮਾਨ ਦੀ ਤਾਕਤ ਦਾ ਜ਼ੋਰ ਦੱਸਿਆ, ਪਰ ਉਹ ਜਾਣਦਾ ਨਹੀਂ ਸੀ ਕਿ ਸਿੱਖਾਂ ਦੀ ਤਾਂ ਇਹ ਜੰਗ ਨੀਤੀ ਸੀ। ਸਿੱਖ ਅਜਾਈਂ ਜਾਨਾਂ ਗੁਆਉਣ ਦੇ ਹੱਕ ਵਿਚ ਨਹੀਂ ਸਨ, ਪਰ ਲਾਹੌਰ ਪੁੱਜਦੇ ਸਾਰ ਹੀ ਉਸ ਨੂੰ ਇਕ ਅਨੋਖਾ ਤਜਰਬਾ ਹੋਇਆ।

**(ਮਹਾਰਾਜਾ) ਰਣਜੀਤ ਸਿੰਘ ਦੀ ਲਲਕਾਰ :** ਸ਼ਾਹੀ ਕਿਲ੍ਹੇ ਉਤੇ ਜ਼ਮਾਨ ਦਾ ਕਬਜ਼ਾ ਸੀ। ਉਸ ਨੇ ਆਪਣੇ ਸਾਥੀਆਂ ਨੂੰ ਹੈਂਕੜ ਨਾਲ ਆਖਿਆ—''ਸਿੱਖਾਂ ਦੀ ਕੀ ਮਜਾਲ ਹੈ ਕਿ ਇਥੇ ਠਹਿਰ ਸਕਣ। ਉਹ ਤਾਂ ਦੁਰਾਨੀਆਂ ਦੇ ਘੋੜਿਆਂ ਦੀ ਧੂੜ ਉਠਦੀ ਦੇਖ ਕੇ ਹੀ ਦੂਰ ਭੱਜ ਨਿਕਲਦੇ ਹਨ।'' ਇਹ ਖ਼ਬਰਾਂ ਤੇ ਹੈਂਕੜ ਦੀਆਂ ਹੋਰ ਗੱਲਾਂ ਵੀ ਬਾਹਰ ਫੈਲੀਆਂ ਕਿ ਇਸ ਵਾਰ ਸਿੱਖਾਂ ਦਾ ਵਾਹ ਜਿਸ ਨਾਲ ਹੈ ਉਹ ਇਹਨਾਂ ਨੂੰ ਈਨ ਮਨਾ ਕੇ ਹੀ ਇਥੋਂ ਜਾਏਗਾ। ਜਦ ਇਸ ਪ੍ਰਕਾਰ ਦੀਆਂ ਖ਼ਬਰਾਂ ਸਿੱਖਾਂ ਤੇ ਉਹਨਾਂ ਦੇ ਆਗੂਆਂ ਤੱਕ ਪਹੁੰਚੀਆਂ ਤਾਂ ਉਹਨਾਂ ਦੀ ਅਣਖ ਤੇ ਜੋਸ਼ ਨੇ ਉਬਾਲਾ ਖਾਧਾ। ਸਰਦਾਰ ਰਣਜੀਤ ਸਿੰਘ ਨੇ ਆਪਣੀ ਮਿਸਲ ਦੀ ਅਗਵਾਈ ਸੰਭਾਲ ਲਈ ਹੋਈ ਸੀ ਤੇ ਉਹ ਦਿਨੋ ਦਿਨ ਚੜ੍ਹਦੀ ਕਲਾ ਵਿਚ ਜਾ ਰਿਹਾ ਸੀ। ਰਾਵੀ ਦੇ ਪਾਰ ਉਸਦਾ ਚੰਗਾ ਦਬਦਬਾ ਹੋ ਗਿਆ ਸੀ। ਉਸ ਇਕ ਵੱਡੇ ਇਲਾਕੇ ਨੂੰ ਆਪਣੇ ਕਬਜ਼ੇ ਵਿਚ ਕਰ ਲਿਆ ਸੀ। ਜਦ ਸ਼ਾਹ ਜ਼ਮਾਨ ਦੀਆਂ ਹੈਂਕੜ ਦੀਆਂ ਖ਼ਬਰਾਂ ਸਰਦਾਰ ਰਣਜੀਤ ਸਿੰਘ ਤੱਕ ਪੁੱਜੀਆਂ ਤਾਂ ਉਸਦੀ ਅਣਖ ਨੇ ਉਬਾਲਾ ਖਾਧਾ। ਆਪਣੇ ਸਾਥੀਆਂ ਨੂੰ ਵੰਗਾਰ ਪਾਈ ਤੇ ਆਖਿਆ—''ਖ਼ਾਲਸਾ ਜੀ! ਸ਼ਾਹ ਜ਼ਮਾਨ ਨੂੰ ਭੁਲੇਖਾ ਪੈ ਗਿਆ ਹੈ। ਉਹ ਸਮਝਣ ਲੱਗ ਪਿਆ ਹੈ ਕਿ ਖਾਲਸਾ ਡਰ ਗਿਆ ਹੈ। ਹੁਣ ਸੁਆਦ ਇਸੇ ਗੱਲ ਵਿਚ ਹੈ ਕਿ ਅਸੀਂ ਉਸ ਦੇ ਹੰਕਾਰ ਨੂੰ ਤੋੜੀਏ। ਖ਼ਾਲਸੇ ਦੀ ਪ੍ਰਮੁਖਤਾ ਦਾ ਨਗਾਰਾ ਲਾਹੌਰ ਜਾ ਕੇ ਵਜਾਈਏ।'' ਜਥੇ ਦੇ ਸਿੱਖਾਂ ਨੇ ਜੈਕਾਰਿਆਂ ਨਾਲ ਹਾਮੀ ਭਰੀ ਤੇ ਲਾਹੌਰ ਵਲ ਧਾਵੇ ਬੋਲ ਦਿਤੇ। ਘੰਟਿਆਂ ਵਿਚ ਹੀ ਸਿੱਖ ਲਾਹੌਰ ਦੇ ਨੇੜੇ ਪੁੱਜ ਗਏ। ਲਾਹੌਰ ਦੀਆਂ ਬਾਹਲੀਆਂ ਕੰਧਾਂ ਕੋਲ ਜਾ ਕੇ ਸਿੱਖ ਕੁਝ ਦੇਰ ਰੁਕੇ ਤੇ ਫਿਰ ਸਰਦਾਰ ਰਣਜੀਤ ਸਿੰਘ ਨੇ ਜਥੇ ਨੂੰ ਲਲਕਾਰ ਕੇ ਆਖਿਆ—''ਹੋ ਸਕਦਾ ਹੈ ਕਿ ਸੰਮਨ ਬੁਰਜ ਤਕ ਪੁੱਜਣ ਤੋਂ ਪਹਿਲਾਂ ਹੀ ਟਾਕਰਾ ਹੋ ਜਾਏ। ਇਸ ਲਈ ਤੱਤਪਰ ਰਹਿਣਾ। ਰਸਤੇ ਵਿਚ ਜੇ ਕੋਈ ਮੁੱਠ ਭੇੜ ਹੋ ਜਾਏ ਤਾਂ ਤੇਗ਼ਾਂ ਨਾਲ ਸ਼ਤਰੂ ਨੂੰ ਹੰਝੂ ਕੇ ਲਾਂਭੇ ਕਰ ਦੇਣਾ। ਬੁਰਜ ਤੋਂ ਉਰੇ ਕਿਧਰੇ ਖੜੋਣ ਦਾ ਨਾਮ ਨਾ ਲੈਣਾ।''

ਰਣਜੀਤ ਸਿੰਘ ਅਤੇ ਸਦਾ ਕੌਰ ਦੀ ਅਗਵਾਈ ਹੇਠਾਂ ਸਿੱਖ ਸੰਮਨ ਬੁਰਜ ਤੱਕ ਬਗ਼ੈਰ ਟਾਕਰੇ ਦੇ ਪੁੱਜ ਗਏ। ਪੁੱਜਦੇ ਸਾਰ ਹੀ ਸਿੱਖਾਂ ਨੇ ਗੋਲੀਆਂ ਚਲਾ ਦਿਤੀਆਂ। ਸ਼ਾਹ ਜ਼ਮਾਨ ਨੂੰ ਸੁਪਨੇ ਵਿਚ ਵੀ ਇਹ ਖਿਆਲ ਨਹੀਂ ਆਇਆ ਸੀ ਕਿ ਖਾਲਸਾ ਬਿਨਾਂ ਰੋਕ ਟੋਕ ਦੇ ਹੀ ਲਾਹੌਰ ਕਿਲ੍ਹੇ ਤੱਕ ਪੁਜ ਜਾਏਗਾ ਤੇ ਉਹ ਵੀ ਐਨ ਕਿਲ੍ਹੇ ਦੇ ਹੇਠਾਂ। ਸ਼ਾਹ ਜ਼ਮਾਨ

Sri Satguru Jagjit Singh Ji eLibrary NamdhariElibrary@gmail.com

ਨੂੰ ਰਣਜੀਤ ਸਿੰਘ ਨੇ ਕੜਕ ਕੇ ਵੰਗਾਰਿਆ–"ਓ ਅਹਿਮਦ ਸ਼ਾਹ ਦੇ ਪੋਤਰੇ! ਆ ਕੇ ਸਰਦਾਰ ਚੜ੍ਹਤ ਸਿੰਘ ਦੇ ਪੋਤਰੇ ਨਾਲ ਦੋ ਤਿੰਨ ਬਹਾਦਰੀ ਦੇ ਹੱਥ ਕਰ ਦੇਖ।"[1] ਸਿੱਖਾਂ ਨੇ ਕਈ ਤਕੜੇ ਵਾਰ ਕੀਤੇ ਤੇ ਨਾਲ ਨਾਲ ਵੰਗਾਰੀ ਗਏ। ਕਿਲ੍ਹੇ ਦੇ ਅੰਦਰੋਂ ਕੋਈ ਵੀ ਜੁਆਬ ਨਾ ਆਇਆ ਤਾਂ ਰਣਜੀਤ ਸਿੰਘ ਨੇ ਲਲਕਾਰਿਆ–"ਓ ਫੜ੍ਹਾਂ ਤਾਂ ਬੜੀਆਂ ਮਾਰਦਾ ਸੈਂ, ਹੁਣ ਡਰਦਾ ਮੂੰਹ ਵੀ ਨਹੀਂ ਦਿਖਾਉਂਦਾ ਜਾਂ ਤਾਂ ਚੁੱਪ ਕਰਕੇ ਇਥੋਂ ਚਲਿਆ ਜਾਹ ਤੇ ਜੇ ਕੋਈ ਦਿਲ ਵਿਚ ਗੁਮਾਨ ਹੈ ਈ ਤਾਂ ਦੋ ਹੱਥ ਕਰਕੇ ਵੇਖ ਲੈ।" ਮੁਹੰਮਦ ਖਾਂ ਦੁਰਾਨੀ ਇਸੇ ਸੰਬੰਧ ਵਿਚ ਲਿਖਦਾ ਹੈ ਕਿ "ਜਦ ਸ਼ਾਹ ਜ਼ਮਾਨ ਨੇ ਪੰਜਾਬ ਸਿੱਖਾਂ ਦੇ ਹੱਥੋਂ ਖ਼ਰਾਬ ਹੁੰਦਾ ਡਿੱਠਾ ਤਾਂ ਹੈਰਾਨ ਹੋ ਗਿਆ ਕਿ ਕੀ ਕਰੇ। ਕਿਉਂਕਿ ਜਦ ਉਹ ਫਿਰ ਆਪਣੇ ਮੁਲਕ ਨੂੰ ਮੁੜੇਗਾ ਤਾਂ ਇਹ ਫਿਰ ਆ ਖ਼ਰਾਬੀ ਕਰਨਗੇ, ਇਸ ਲਈ ਉਹ ਹੁਣ ਇਸ ਵਿਚਾਰ ਦਾ ਹੋ ਗਿਆ ਕਿ ਕੋਈ ਉਪਰਾਲਾ ਕੀਤਾ ਜਾਏ। ਪਰ ਉਸ ਦੇ ਉਪਰਾਲੇ ਨਿਸਫ਼ਲ ਤੇ ਫ਼ਜ਼ੂਲ ਹੀ ਸਨ।"

**ਕਸੂਰ ਦੇ ਫ਼ੌਜਦਾਰ ਦੀ ਪੇਸ਼ਕਸ਼** : ਜਦ ਸ਼ਾਹ ਜ਼ਮਾਨ ਨੇ ਆਪਣੇ ਆਪ ਨੂੰ ਇਸ ਦੁਰਦਸ਼ਾ ਵਿਚ ਪਾਇਆ ਤਾਂ ਸਿੱਖਾਂ ਨੂੰ ਹਰਾਉਣ ਦੇ ਉਪਰਾਲੇ ਬਾਰੇ ਸੋਚਣ ਲੱਗਾ। ਦੇਵਨੇਤ ਨੂੰ ਕਸੂਰ ਦੇ ਫ਼ੌਜਦਾਰ ਨਾਜ਼ਮ ਦੀਨ ਨੇ ਪੇਸ਼ਕਸ਼ ਕੀਤੀ ਕਿ ਉਹ ਸਿੱਖਾਂ ਨਾਲ ਟਾਕਰਾ ਕਰਨ ਲਈ ਤਿਆਰ ਹੈ। ਉਸ ਸੁਝਾਅ ਦਿਤਾ–"ਜੇ ਸ਼ਾਹ ਜ਼ਮਾਨ ਉਸ ਨੂੰ 'ਸਿਪਾਹੀ ਤੇ ਪੈਸੇ' ਦੇਵੇ ਤਾਂ ਉਹ ਸਿੱਖਾਂ ਕੋਲੋਂ ਪੰਜਾਬ ਵਾਪਸ ਲੈ ਕੇ ਦੇ ਸਕਦਾ ਹੈ। ਸਿਪਾਹੀਆਂ ਨੂੰ ਉਹ ਵਾਪਿਸ ਕਰ ਦੇਵੇਗਾ ਜਦ ਉਸਦੀ ਆਪਣੀ ਜਹਾਦੀ ਫ਼ੌਜ ਤਿਆਰ ਹੋ ਜਾਵੇਗੀ ਤੇ ਰੁਪਏ ਹਰ ਸਾਲ ਪੰਜ ਲੱਖ ਰੁਪਏ ਖ਼ਿਰਾਜ ਦੇ ਕੇ ਮੋੜ ਦੇਵੇਗਾ।" ਜ਼ਮਾਨ ਨੂੰ ਇਹ ਪੇਸ਼ਕਸ਼ ਨਾ ਜਚੀ ਤੇ ਉਸ ਆਪ ਹੀ ਟਾਕਰਾ ਕਰਨ ਦੀ ਠਾਣੀ।

**ਜ਼ਮਾਨ ਸ਼ਾਹ ਦਾ ਵਾਪਸ ਮੁੜਨਾ ਤੇ ਮਹਿਮੂਦ ਹੱਥੋਂ ਹਾਰ** : ਅਜੇ ਜ਼ਮਾਨ ਇਸ ਸੋਚ ਵਿਚ ਹੀ ਸੀ ਕਿ ਕੋਈ ਉਪਰਾਲਾ ਕਰੇ ਕਿ ਉਸ ਨੂੰ ਖ਼ਬਰ ਪੁੱਜੀ ਕਿ ਸੁਲਤਾਨ ਮਹਿਮੂਦ ਈਰਾਨ ਦੇ ਸ਼ਾਹਾਂ ਦੀ ਮਦਦ ਨਾਲ ਫੇਰ ਹਮਲਾ ਕਰ ਰਿਹਾ ਹੈ। ਜ਼ਮਾਨ ਪੰਜਾਬ ਨੂੰ ਉਸੇ ਹਾਲ ਛਡ ਕੇ ਵਾਪਸ ਮੁੜਿਆ। ਸੁਲਤਾਨ ਮਹਿਮੂਦ ਭਾਰੀ ਫ਼ੌਜ ਨਾਲ ਕਾਬਲ ਵੱਲ ਵੱਧ ਰਿਹਾ ਸੀ। ਸ਼ਾਹ ਜ਼ਮਾਨ ਇਸ ਵਾਰ ਟਾਕਰੇ ਵਿਚ ਹਾਰ ਗਿਆ। ਸੁਲਤਾਨ ਮਹਿਮੂਦ ਨੇ ਜ਼ਮਾਨ ਸ਼ਾਹ ਨੂੰ ਹਮਾਯੂੰ ਵਾਂਗੂੰ ਹੀ ਅੰਨ੍ਹਿਆਂ ਕਰਕੇ ਨਕਾਰਾ ਕਰ ਦਿਤਾ। ਸ਼ਾਹ ਜ਼ਮਾਨ ਦੀ ਮੁਕੰਮਲ ਹਾਰ ਹੋਈ। ਜ਼ਮਾਨ ਦਾ ਨਾ ਸਿਰਫ਼ ਪੰਜਾਬ ਨੂੰ ਅਫ਼ਗਾਨ ਸਾਮਰਾਜ ਨਾਲ ਮਿਲਾਉਣ ਦਾ ਸੁਪਨਾ ਟੁੱਟਾ, ਸਗੋਂ ਆਪਣਾ ਸਾਮਰਾਜ ਵੀ ਗੁਆ ਲਿਆ। ਅਬਦਾਲੀ ਦੀਆਂ ਮਾਰੀਆਂ ਤੇਗ਼ਾਂ ਨਾਲ ਇਕੱਠਾ ਹੋਇਆ ਸਾਮਰਾਜ ਖੇਰੂੰ-ਖੇਰੂੰ ਕਰ ਦਿਤਾ। ਪੰਜਾਬ ਉਤੇ ਸਿੱਖਾਂ ਦਾ ਕਬਜ਼ਾ ਹੋ ਗਿਆ। ਕੁਦਰਤ ਦਾ ਮਜ਼ਾਕ ਦੇਖੋ ਕਿ ਉਹ ਹੀ ਸ਼ਾਹ ਜ਼ਮਾਨ ਹੱਥ ਡੰਗੋਰੀ ਲਈ ਮਹਾਰਾਜਾ ਰਣਜੀਤ ਸਿੰਘ ਦੀ ਪਨਾਹ ਲੈਣ ਲਈ ਆਇਆ। ਰਾਜ ਹੋਆ ਖਾਲਸੇ ਦਾ। ਇਕ ਸਦੀ ਪਹਿਲਾਂ ਛੱਡੇ ਜੈਕਾਰੇ ਨੂੰ ਗੁਰੂ ਮਿਹਰ ਸਦਕਾ ਫ਼ਲ ਲੱਗਾ।

*****

---

1. "ਐ ਨਬੀ ਰਾਇ ਅਹਿਮਦ ਸ਼ਾਹ ਬਾ ਨਬੀਰਾਇ ਸਰਦਾਰ ਜ਼ਊਲ ਇਕਤਦਾਰ ਵਅ ਸ਼ੌਕਤ ਚੜ੍ਹਤ ਸਿੰਘ ਆਮਦਹ ਦੋ ਸੇ ਹਦਸਤ, ਮਰਦਾਨਾ ਬਾਇਦ ਸਾਖ਼ਤ।" —ਖ਼ੁਸ਼ਵਕਤ ਰਾਇ

Sri Satguru Jagjit Singh Ji eLibrary NamdhariElibrary@gmail.com

# ਅੰਤਿਕਾ

ਸਿੱਟਾ : ਇਕ ਸੌ ਸਾਲ ਦੀ ਜਦੋ-ਜਹਿਦ ਦਾ ਸਿੱਟਾ ੧੭੯੯ ਨੂੰ ਸਾਰੇ ਲੋਕਾਂ ਦੇ ਸਾਹਮਣੇ ਆਇਆ। ਸਿੱਖਾਂ ਨੇ ਜੋ ਗੁਰਮਤਾ ੧੭੪੮ ਵਿਚ ਅੰਮ੍ਰਿਤਸਰ ਵਿਖੇ ਕੀਤਾ ਸੀ ਉਸ ਦੀ ਪੂਰਤੀ ਹੋਈ। ਇਹ ਸਾਬਤ ਹੋ ਗਿਆ ਕਿ ''ਪੰਜਾਬ ਨਾ ਹਿੰਦੂ, ਨਾ ਮੁਸਲਮਾਨ ਪੰਜਾਬ ਜਿਊਂਦਾ ਸਾਰਾ ਗੁਰਾਂ ਦੇ ਨਾਮ ਉੱਤੇ।'' ਜੋ ਸੁਪਨਾ ਅਹਿਮਦ ਸ਼ਾਹ ਅਬਦਾਲੀ ਨੇ ਪੰਜਾਬ ਨੂੰ ਅਫ਼ਗਾਨ ਸਾਮਰਾਜ ਨਾਲ ਮਿਲਾਉਣ ਦਾ ਲਿਆ ਸੀ, ਉਹ ਚੂਰ-ਚੂਰ ਹੋ ਗਿਆ। ਕਰਨਲ ਪੋਲੀਅਰ ਨੇ ਠੀਕ ਲਿਖਿਆ ਹੈ ਕਿ ਪੰਜਾਬ ਸਿੱਖਾਂ ਦਾ ਹਿੰਦੁਸਤਾਨ ਨੂੰ ਇਕ ਤੋਹਫ਼ਾ ਹੈ ਤੇ ਉਹ ਤੋਹਫ਼ਾ ਸਿੱਖਾਂ ਨੇ ਜਾਨਾਂ ਹੂਲ ਕੇ, ਚਰਖੜੀਆਂ ਤੇ ਚੜ੍ਹ ਕੇ ਹਿੰਦੁਸਤਾਨ ਨੂੰ ਦਿੱਤਾ। ਉਹ ਇਸ ਤੋਹਫ਼ੇ ਨੂੰ ਇਕ 'ਕਰਾਮਾਤ' ਗਿਣਦਾ ਹੈ। ਕਰਾਮਾਤ ਇਸ ਲਈ ਵੀ ਕਿ 'ਇਹ ਦਿਲ ਤੇ ਦਿਮਾਗ਼' ਗਿਆਨ ਤੇ ਕਰਮ, ਕਰਨੀ ਤੇ ਕਥਨੀ, ਜੋਸ਼ ਤੇ ਹੋਸ਼, ਮੁਰਦਾ ਤੇ ਜ਼ਿੰਦਾ ਯਕੀਨ ਵਿਚਕਾਰ ਫ਼ਰਕ ਨੂੰ ਖੋਲ੍ਹ ਕੇ ਪ੍ਰਗਟ ਕਰਦਾ ਹੈ।

ਕਰਾਮਾਤ ਇਸ ਭਾਵ ਵਿਚ ਵੀ ਕਿ ਅੱਗੇ ਅਫ਼ਗਾਨਿਸਤਾਨ ਵਲੋਂ ਹਿੰਦੁਸਤਾਨ 'ਤੇ ਹਮਲੇ ਹੁੰਦੇ ਸਨ, ਹੁਣ ਆਉਣ ਵਾਲੇ ਕਾਲ (ਮਹਾਰਾਜਾ ਰਣਜੀਤ ਸਿੰਘ ਕਾਲ) ਵਿਚ ਪੰਜਾਬ ਵਲੋਂ ਅਫ਼ਗਾਨਿਸਤਾਨ 'ਤੇ ਹਮਲੇ ਹੋਏ। ਸਿੱਖਾਂ 'ਉਲਟੀ ਗੰਗਾ' ਵਹਾ ਦਿੱਤੀ ਜੋ ਹੁਣ ਤੱਕ ਵਗ ਰਹੀ ਹੈ।

**ਸਤਿ ਸ੍ਰੀ ਅਕਾਲ**

Sri Satguru Jagjit Singh Ji eLibrary NamdhariElibrary@gmail.com